ਅਠਾਰਵੀਂ ਸਦੀ ਵਿਚ ਬੀਰ ਪਰੰਪਰਾ ਦਾ ਵਿਕਾਸ

ਪ੍ਰਿੰਸੀਪਲ ਸਤਿਬੀਰ ਸਿੰਘ

ਪੰਜਾਬੀ ਯੂਨੀਵਰਸਿਟੀ ਪਟਿਆਲਾ

ਪਹਿਲੀ ਵਾਰ : 1100
1971

ਸਰਦਾਰ ਅਮ੍ਰੀਕ ਸਿੰਘ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ
ਪ੍ਰਕਾਸ਼ਿਤ ਅਤੇ ਮਾਡੈਸਟ ਪ੍ਰਿੰਟਰਜ਼, ਸੈਂਟਰਲ ਮਿਲਜ਼,
ਪੁਰਾਣੀ ਰੇਲਵੇ ਰੋਡ, ਜਲੰਧਰ ਦੁਆਰਾ ਮੁਦ੍ਰਿਤ ।

3

ਤਤਕਰਾ

ਕੀ ? **ਕਿਥੇ ?**

ਅਧਿਆਇ ਸੋਲ੍ਹਵਾਂ

ਵੱਡਾ ਘਲੂਘਾਰਾ ਤੇ ਹੋਰ ਟੱਕਰਾਂ 181

ਅਧਿਆਇ ਸਤਾਰਵਾਂ

ਪੰਜਾਬ ਦੇ ਮਾਲਕ ਸਿੱਖ

ਅਧਿਆਇ ਪਹਿਲਾ

ਬੀਰਤਾ ਦੇ ਵਿਕਾਸ ਦਾ ਸਿਖਰ

੧੬੯੯ ਦੀ ਵੈਸਾਖੀ : ਜਪੁ (ਸਾਹਿਬ) ਦੀ ਆਖ਼ਰੀ ਪਉੜੀ ਦਾ ਪਹਿਲਾ ਸ਼ਬਦ ਹੈ 'ਜਤ' ਤੇ ਜਤ ਵਾਲੀ ਆਖ਼ਰੀ ਪਉੜੀ ਦਾ ਅੰਤਲਾ ਪੜਾ ਹੈ 'ਅੰਮ੍ਰਿਤ'। ਕੁਝ ਇਸੇ ਤਰ੍ਹਾਂ ਸਿੱਖ ਇਤਿਹਾਸ ਤੇ ਪੰਜਾਬ ਵਿਚ ਹੋਇਆ ਲੱਗਦਾ ਹੈ। ਜਪ, ਸਿਮਰਨ ਤੇ ਨਾਮ ਨਾਲ ਸਵਾਰੀ, ਤੇ ਢਾਲੀ ਹੋਈ ਸ਼ਖ਼ਸੀਅਤ ਆਚਰਨ ਵਾਲੀ ਬਣੀ। ਧੀਰਜ ਦੀ ਮੂਰਤ ਹੋਈ। ਨਿਰਮਲ ਬੁਧੀ ਵਾਲੀ ਹੋਈ। ਮਰਿਆਦਾ ਪ੍ਰਸਤ ਬਣੀ। ਪ੍ਰੇਮ (ਭਉ) ਖੇਲਣ ਦੇ ਚਾਉ ਵਿਚ ਸਿਰ ਧਰ ਤਲੀ ਨਿਕਲਣ ਲੱਗੀ। ਗੁਰੂ ਦੇ ਸ਼ਬਦਾਂ ਤੇ ਆਪਾ ਵਾਰਨ ਲੱਗੀ ਤੇ ਉਸ ਨੂੰ ਸੱਚ-ਮੁੱਚ ਸਰੀਰ ਦੀ ਸੁਧ ਬੁੱਧ ਹੀ ਨਾ ਰਹੀ। ਉਸ ਨੂੰ ਅੰਮ੍ਰਿਤ ਮਿਲ ਗਇਆ। ਸਰੀਰ ਦਾ ਖ਼ਿਆਲ ਹਟ ਗਇਆ। ਗੁਰ ਹੁਕਮ ਤੋਂ ਮੁਖ ਨਾ ਮੋੜਨ ਦੀਆਂ ਕਈ ਵਾਰਤਾਵਾਂ ਸਿੱਖ ਇਤਿਹਾਸ ਵਿਚ ਹੋ ਚੁੱਕੀਆਂ ਸਨ। ਮੁਹਸਨ ਫ਼ਾਨੀ ਨੇ ਕਈਆਂ ਦਾ ਵਰਣਨ ਕੀਤਾ ਹੈ। ਉਸ ਦੀ ਲਿਖੀ ਇਕ ਵਾਰਤਾ ਤਾਂ ਸੁਣਨ ਵਾਲੀ ਹੈ। ਗੁਰੂ ਹਰਗੋਬਿੰਦ ਜੀ ਨੇ ਕਾਬਲ ਦੀ ਸੰਗਤ ਨੂੰ ਲਿਖਿਆ ਕਿ ਉਨ੍ਹਾਂ ਲਈ ਇਕ ਸੁੰਦਰ ਇਰਾਕੀ ਘੋੜਾ ਖਰੀਦ ਕੇ ਭੇਜਿਆ ਜਾਏ। ਭਾਈ ਸਾਧ ਜੀ ਘੋੜਾ ਖਰੀਦਣ ਲਈ ਇਰਾਕ ਵਲ ਚੱਲ ਪਏ। ਅਜੇ ਉਹ ਇਕ ਪੜਾ ਹੀ ਗਏ ਸਨ ਕਿ ਪਿਛੋਂ ਖ਼ਬਰ ਪੁੱਜੀ ਕਿ ਉਨ੍ਹਾਂ ਦਾ ਪੁੱਤਰ ਸਖ਼ਤ ਬੀਮਾਰ ਹੈ ਅਤੇ ਬਚਣ ਦੀ ਕੋਈ ਆਸ ਨਹੀਂ, ਸੋ ਉਹ ਵਾਪਸ ਮੁੜ ਆਉਣ। ਭਾਈ ਸਾਹਿਬ ਨੇ ਕਹਿਆ ਕਿ ਉਹ ਹੁਣ ਗੁਰੂ (ਦੇ ਬਚਨਾਂ) ਵਲ ਮੂੰਹ ਕਰ ਚੁੱਕੇ ਹਨ, ਪਿਛਾਂਹ ਨਹੀਂ ਮੁੜ ਸਕਦੇ। ਘਰ ਲੱਕੜੀਆਂ ਬਹੁਤ ਹਨ, ਜੇ ਲੜਕਾ ਮਰ ਗਇਆ ਤਾਂ ਪਾ ਕੇ ਅੰਤਮ ਸੰਸਕਾਰ ਕਰ ਦੇਣਾ। ਗੁਰੂ ਤੇਗ ਬਹਾਦਰ ਸਮੇਂ ਉਹ ਹੀ ਸਿਖ ਪ੍ਰਵਾਨ ਹੁੰਦਾ ਸੀ ਜੋ ਆ ਕੇ ਇਹ ਆਖਦਾ ਸੀ ਕਿ 'ਮੇਰਾ ਪ੍ਰਯੋਜਨ ਸੀਸ ਸਾਥਿ ਕੁਝ ਨਹੀਂ', ਜਦ ਆਪ ਜੀ ਨੇ ਭਾਈ ਕਨ੍ਹਿਯਾ ਨੂੰ ਸੇਵਾ ਵਲ ਪ੍ਰੇਰਿਆ ਸੀ ਤਾਂ ਉਸ ਸਮੇਂ ਵੀ ਉਸ ਨੂੰ 'ਸਰੀਰ ਮੇਂ ਅਸਰੀਰ' ਹੀ ਦਿਖਾਇਆ ਸੀ। ਗੁਰੂ ਤੇਗ ਬਹਾਦਰ ਦੀ ਸ਼ਹਾਦਤ (੧੧ ਨਵੰਬਰ, ੧੬੭੫) ਤੋਂ ਕੁਝ ਚਿਰ ਹੀ ਬਾਅਦ ਸਿਖਾਂ ਵਿਚ ਔਰੰਗਜ਼ੇਬ ਤਕ ਨੂੰ ਵੰਗਾਰਨ ਦੀ ਸ਼ਕਤੀ ਆ ਗਈ ਸੀ, ਪਰ ਇਹ ਸੱਭ ਵਿਚ ਨਹੀਂ ਸੀ, ਕਿਸੇ ਇਕ ਇਕ ਵਿਚ ਸੀ। ਪਰ ੧੬੯੯ ਦੀ ਵੈਸਾਖੀ ਉਪ੍ਰੰਤ ਐਸੇ ਸਿਖਾਂ ਦੀ ਜਥੇਬੰਦੀ ਹੀ ਬਣ ਗਈ ਜੋ ਧਰਮ ਜੁੱਧ ਕੇ ਚਾਇ 'ਹਰ ਸਮੇਂ ਰਣ-ਤੱਤੇ' ਵਿਚ ਜੂਝਨ ਲਈ ਤਤਪਰ ਸਨ।

ਸੰਗਤ ਨਹੀਂ ਲੁੱਟਦੀ : ਅਨੰਦਪੁਰ ਵਿਚ ਇਕ ਹੋਈ ਵਾਰਤਾ ਸ਼ਾਇਦ ਉਪਰਲੇ ਕਥਨ ਨੂੰ ਹੋਰ ਸਪਸ਼ਟ ਕਰ ਦੇਵੇ। ਲਿਖਿਆ ਹੈ ਕਿ ਜੋ ਵੀ ਸੰਗਤ ਅਨੰਦਪੁਰ ਆਵੇ, ਇਹ ਹੀ ਆ ਕੇ ਆਖੇ, "ਮਹਾਰਾਜ ! ਹੁਸ਼ਿਆਰਪੁਰ ਦੇ ਹਾਕਮ ਨੇ ਸੰਗਤ ਨੂੰ ਲੁੱਟ ਲਇਆ ਹੈ, ਜਾਂ

ਸਰਹੰਦ ਨੇ ਨਵਾਬ ਨੇ ਸੰਗਤ ਨੂੰ ਲੁੱਟ ਲਇਆ ਹੈ ਜਾਂ ਫਲਾਂ ਕਰਮਚਾਰੀ ਨੇ ਲੁੱਟ ਲਇਆ ਹੈ।" ਮਹਾਰਾਜ ਕੁਝ ਚਿਰ ਤਾਂ ਸੁਣਦੇ ਰਹੇ। ਇਕ ਵਾਰੀ ਗੱਜ ਕੇ ਕਹਣ ਲਗੇ ਕਿ ਇਹ ਕੋਈ ਨਹੀਂ ਆ ਕੇ ਆਖਦਾ ਕਿ ਸੰਗਤ ਨੇ ਨਵਾਬ ਨੂੰ ਲੁੱਟ ਲਇਆ ਹੈ। ਭਾਈ ਸੇਵਾ ਰਾਮ ਜੀ ਆਪਣੀਆਂ ਪਰਚੀਆਂ ਵਿਚ ਲਿਖਦੇ ਹਨ ਕਿ **'ਜੋ ਸਿਖ ਮਾਇਆ ਭੇਟ ਲਿਆਵੇ ਤਿਸ ਕਉ ਐਸੀ ਖੁਸ਼ੀ ਨਾ ਮਿਲੈ ਜੈਸੀ ਖੁਸ਼ੀ ਸ਼ਸਤ੍ਰ ਭੇਟ ਲਿਆਵੇ ਤਿਸ ਕਉ ਮਿਲੈ। ਸਸਤ੍ਰ ਦੇਖ ਪ੍ਰਸੰਨ ਹੋਵਹਿ।** ਸੋ ਸੰਗਤ ਵਿਚ ਵੀਰਤਾ ਦੀ ਸ਼ਕਤੀ ਭਰਨ ਲਈ ਵੈਸਾਖੀ ਵਾਲਾ ਦਿਨ ਚੁਣਿਆ।

ਪੰਥ ਦੀ ਸਾਜਣਾ : ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰ-ਗੱਦੀ ਦੀ ਜ਼ਿੰਮੇਂਵਾਰੀ ਸੰਭਾਲਿਆਂ ੨੩ ਸਾਲ ਹੋ ਗਏ ਸਨ। ਉਨ੍ਹਾਂ ੨੩ ਸਾਲਾਂ ਦੇ ਸਮੇਂ ਵਿਚ ਗੁਰੂ ਜੀ ਨੂੰ ਅਨੇਕਾਂ ਝੱਖੜਾਂ, ਬੇਅੰਤ ਹੱਲਿਆਂ ਅਤੇ ਕਠਿਨਾਈਆਂ ਦਾ ਟਾਕਰਾ ਕਰਨਾ ਪਇਆ। ਅਰੰਭ ਵਿਚ ਹੀ ਪਹਾੜੀ ਰਾਜੇ ਵੈਰ ਵਿਰੋਧ ਕਰਨ ਲੱਗ ਪਏ। ਉਨ੍ਹਾਂ ਨੇ ਜਾਂ ਮਾਖੋਵਾਲ, ਅਨੰਦਪੁਰ ਸਾਹਿਬ ਦੀ ਧਰਤੀ ਖਾਲੀ ਕਰਨ ਜਾਂ ਚੁਪ ਕਟੀ ਕਰਨ ਲਈ ਆਖਿਆ। ਪਹਾੜੀ ਰਾਜਿਆਂ ਨੇ ਆਪਣੀ ਰਾਜਨੀਤਿਕ ਵਿਸ਼ੇਸ਼ਤਾ, ਸਮਾਜਿਕ ਉਚਿਤਾ ਤੇ ਕੌਮੀ ਹੈਂਕੜ ਨੂੰ ਹਥਿਆਰ ਬਣਾ ਕੇ ਦਸ਼ਮੇਸ਼ ਪਿਤਾ ਨੂੰ ਜ਼ੇਰ ਕਰਨਾ ਚਾਹਿਆ। ਭੰਗਾਣੀ ਦੇ ਯੁੱਧ ਸਮੇਂ ਜਦ ਉਹ ਆਪਣੇ ਭੈੜੇ ਮਨਸੂਬਿਆਂ ਵਿਚ ਸਫ਼ਲ ਨਾ ਹੋਏ ਤਾਂ ਪਹਾੜੀ ਰਾਜਿਆਂ ਨੇ ਸ਼ਾਹੀ ਅਤਾਬ ਦਾ ਡਰ ਦਿਤਾ। ਸਮੇਂ ਦੀ ਸਰਕਾਰ ਨੇ ਦਿਲ ਖੋਲ੍ਹ ਕੇ ਸਹਾਇਤਾ ਕੀਤੀ। ਜਿਸ ਔਰੰਗਜ਼ੇਬ ਨੂੰ ਆਪਣੇ ਪੁੱਤਰ ਸ਼ਹਿਜ਼ਾਦਾ ਮੁਅਜਮ ਦਾ ਕਾਬਲ ਵਿਖੇ ਦਰਬਾਰ ਲਗਾਉਣ ਵੇਲੇ ਨਗਾਰੇ ਵਜਾਉਣਾ ਚੰਗਾ ਨਹੀਂ ਸੀ ਲੱਗਾ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਰਣਜੀਤ ਨਗਾਰੇ ਨੂੰ ਕਿਵੇਂ ਬਰਦਾਸ਼ਤ ਕਰ ਸਕਦਾ ਸੀ। ਕਾਬਲ ਤੋਂ ਖੁਫ਼ੀਆਂ ਨੇ ਦਿੱਲੀ ਖਬਰ ਭੇਜੀ ਸੀ ਕਿ ਜਦ 'ਮੁਅਜ਼ਮ' ਨੇ ਦਰਬਾਰ ਲਗਾਇਆ ਤਾਂ ਚਾਰ ਨਗਾਰੇ ਵਜਾਏ। ਔਰੰਗਜ਼ੇਬ ਨੇ ਗੁੱਸੇ ਵਿਚ ਭੜਕ ਕੇ ਲਿਖਿਆ ਸੀ, 'ਚਾਰ ਨਗਾਰਿਆਂ ਦੀ ਥਾਂ ਤੈਨੂੰ ਕੇਵਲ ਚਾਰ ਢੋਲ ਵਜਾਉਣੇ ਚਾਹੀਦੇ ਸਨ, ਕਿਉਂ ਜੋ ਨਗਾਰਾ ਵਜਾਉਣ ਦਾ ਹੱਕ, ਦਰਬਾਰ ਲੱਗਣ ਸਮੇਂ ਕੇਵਲ ਸ਼ਹਿਨਸ਼ਾਹ ਨੂੰ ਹੀ ਹੈ। ਜਦ ਅੱਲਾਹ-ਪਾਕ ਤੈਨੂੰ ਤਖ਼ਤ-ਨਸ਼ੀਨ ਕਰੇਗਾ ਤਾਂ ਤੂੰ ਖੁਸ਼ੀ ਨਾਲ ਇਨ੍ਹਾਂ ਸ਼ਾਹੀ ਹੱਕਾਂ ਦੀ ਵਰਤੋਂ ਕਰ ਸਕਦਾ ਹੈਂ।' ਰਣਜੀਤ ਨਗਾਰੇ ਦੀ ਗੂੰਜਦੀ ਆਵਾਜ਼ ਨੂੰ ਰੋਕਣ ਲਈ ਔਰੰਗਜ਼ੇਬ ਨੇ ਪਹਲਾਂ ਸਰਹੰਦ ਦੇ ਨਵਾਬ ਫੇਰ ਹੁਸੈਨ ਖਾਨ ਤੇ ਉਪ੍ਰੰਤ ਆਪਣੇ ਬੇਟੇ ਸ਼ਹਿਜ਼ਾਦਾ ਮੁਅਜ਼ਮ ਨੂੰ ਵੀ ਭੇਜਿਆ। ਇਨ੍ਹਾਂ ਨਿੱਤ ਦੀਆਂ ਰੁਕਾਵਟਾਂ ਦੇ ਬਾਵਜੂਦ ਲਹਰ ਵੱਧਦੀ ਗਈ। ਗੁਰੂ ਜੀ ਨੇ ਕੌਮ ਉਸਾਰੀ ਦੇ ਕੰਮ ਨੂੰ ਹੱਥੋਂ ਖਿਨ ਪਲ ਲਈ ਵੀ ਨਾ ਛੱਡਿਆ। ਮਸੰਦਾਂ ਨੇ ਵੀ ਰੋਕ ਪਾਉਣੀ ਚਾਹੀ, ਪਰ ਗੁਰੂ ਗੋਬਿੰਦ ਸਿੰਘ ਜੀ ਨੇ ਸਮੇਂ ਸਿਰ ਹੀ ਕਰੜੇ ਹੱਥਾਂ ਨਾਲ ਮਸੰਦਾਂ ਦੀ ਸਾਜ਼ਸ਼ ਨੂੰ ਦਬਾ ਦਿੱਤਾ। ਗੁਰੂ ਜੀ ਗੱਦੀ ਦੀ ਜ਼ਿੰਮੇਂਵਾਰੀ ਸੰਭਾਲਣ ਸਮੇਂ ਤੋਂ ਹੀ ਇਹ ਮਹਿਸੂਸ ਕਰ ਰਹੇ ਸਨ ਕਿ ਜਬਰ ਵਾਲੀਆਂ ਵਿਰੋਧੀ ਤਾਕਤਾਂ ਦਾ ਸਦੀਵੀ ਟਾਕਰਾ ਕਰਨ ਲਈ ਇਕ ਤਗੜੀ ਜਥੇਬੰਦ ਕੌਮ ਦੀ ਲੋੜ ਹੈ। ਜੋ ਇਕ ਖਿਆਲ ਦੀ ਤਾਰ ਨਾਲ ਬੱਝੀ ਹੋਵੇ। ਗੁਰੂ ਨਾਨਕ ਦੇਵ ਜੀ ਤੇ ਬਾਕੀ ਗੁਰੂ ਸਾਹਿਬਾਨ ਨੇ ਬਾਣੀ, ਵਿਚਾਰ, ਵਿਵੇਕ, ਸੇਵਾ, ਸੁੱਚੀ ਕਿਰਤ, ਨਿਰਮਲ ਕਰਮ, ਸਿਮਰਨ ਤੇ ਨਾਮ ਦੇ ਨਾਲ ਨਾਲ ਮਨੁੱਖ ਦੀ ਉੱਤਮਤਾ, ਇਨਸਾਨੀ ਅਧਿਕਾਰਾਂ ਦੀ ਮਹੱਤਤਾ, ਸਰਬ-ਸਾਂਝੀਵਾਲਤਾ ਦੇ ਆਦਰਸ਼ਾਂ ਨੂੰ ਖੂਬ ਦ੍ਰਿੜ੍ਹ ਕਰ ਦਿੱਤਾ ਸੀ, ਪਰ ਜੀਵਨ ਆਸ਼ਾ ਕੁਝ ਹੋਰ ਉਚੇਰਾ ਕਰਨ ਦੀ ਲੋੜ ਗੁਰੂ ਗੋਬਿੰਦ ਸਿੰਘ ਜੀ ਨੂੰ ਭਾਸੀ। ਪਵਿੱਤਰ ਤੇ ਉੱਜਲ ਹੋ ਚੁੱਕੀ ਸ਼ਖਸੀਅਤ ਨੂੰ ਜੀਵਨ ਸੰਗਰਾਮ ਵਿਚ ਧਰਮ ਯੁੱਧ ਦੀ ਕਠਿਨ ਖੇਡ ਖੇਡਣ ਵਿਚ ਪਾਇਆ ਜਾਏ। **ਭਗਤ ਦੀ ਥਾਂ ਸ਼ਹੀਦ ਲਵੇ।** ਸਿਖ ਸਿੰਘ ਬਣ ਵਿਸ਼ੇਸ਼ ਮਨੁੱਖ ਹੋ ਨਿਤਰੇ ਤੇ ਰਣ-ਭੂਮੀ

ਹੈ ਐਸੇ ਹੀ ਧਰਮ ਖੇਤਰ ਮੰਨੇ ਜੈਸੇ ਉਹ ਧਰਮਸਾਲ ਨੂੰ ਮੰਨਦਾ ਹੈ । ਸ਼ਬਦ ਦੇ ਨਾਲ ਨਾਲ ਸ਼ਸਤ੍ਰ ਦਾ ਵੀ ਸਤਿਕਾਰ ਹੋਵੇ । ਦੂਜੇ ਸ਼ਬਦਾਂ ਵਿਚ ਸਿੰਘ ਨੂੰ ਉੱਚੀ ਪੱਧਰ ਦੀ ਸਿਆਸਤ ਵੀ ਦਿੱਤੀ ਜਾਏ । ਉਸ ਦੀ ਸਿਆਸਤ ਜਬਰ ਤੇ ਗਿਰਾਵਟ ਵਿਰੁੱਧ ਯੁੱਧ ਦੀ ਸਿਆਸਤ ਹੋਵੇ । ਨਿਸ਼ਕਾਮ ਘਾਲਣਾ ਦੀ ਸਿਆਸਤ ਹੋਵੇ, ਜਿਸ ਦਾ ਸ੍ਵਾਰਥ ਨਿਜੀ ਧੜੇਬੰਦੀ ਤੇ ਸੰਸਾਰਕ ਸਫਲਤਾਵਾਂ ਨਾਲ ਕੋਈ ਸਬੰਧ ਨ ਹੋਵੇ । 'ਸ਼ੁਭ ਕਰਮਨ ਤੇ' 'ਉਹ ਕਬਹੂੰ ਨਾ ਟਰੇ' ਅਤੇ 'ਅਤਿ ਹੀ ਰਣ ਮਹਿ ਤਬ ਜੂਝ ਮਰੇ' ਉਸ ਦਾ ਕੌਮੀ ਤਰਾਨਾ ਹੋਵੇ । 'ਸੁਖ ਸੰਤਹ ਕਰਣ', 'ਦੁਰਮਤ ਦਰਣ' ਵਗਦੀਆਂ ਤੇਗਾਂ ਵਿਚ ਵੀ ਉਸ ਦੀ ਧੁਨੀ ਹੋਵੇ, ਉਸ ਦੇ 'ਗਗਨ ਦਮਾਮੇ' ਸਦਾ ਚੋਟ ਵਜਦੀ ਰਵੇ ਤਾਂ ਕਿ ਮਾਇਆ ਦੀ ਖਿੱਚ ਉਸ ਨੂੰ ਪੋਹ ਨਾ ਸਕੇ । ਦੀਨ (ਗਰੀਬ) ਦੇ ਹੇਤ' ਪੁਰਜਾ ਪੁਰਜਾ ਕਟ ਮਰਨ ਦੀ ਸਮਰਥਾ ਉਹ ਰੱਖਦਾ ਹੋਵੇ । 'ਮੁਖ ਮਹਿ ਹਰਿ ਚਿਤ ਮਹਿ ਜੁਧ ਬੀਚਾਰੈ' । ਐਸੇ ਆਦਰਸ਼ਾਂ ਉਤੇ ਕੁਰਬਾਨ ਹੋਣ ਵਾਲੀ ਜਮਾਤ ਦਾ ਨਿਰਮਾਣ ਕੀਤਾ ਜਾਏ । ਕਨਿੰਘਮ ਵੀ ਕੁਝ ਇਸੇ ਹੀ ਭਾਵ ਦੀ ਗੱਲ ਲਿਖਦਾ ਹੈ ਕਿ ਅਸਲ ਵਿਚ (ਗੁਰੂ) ਤੇਗ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਦੇ ਦਿਲ ਵਿਚ ਇਹ ਖ਼ਿਆਲ ਘਰ ਕਰ ਗਇਆ ਸੀ ਕਿ ਲਿਤਾੜੇ ਤੇ ਮੁਰਦਾ ਹੋ ਚੁੱਕੇ ਲੋਕਾਂ ਨੂੰ ਨਵੇਂ ਸਿਰਿਉਂ ਉਤਸ਼ਾਹ ਵਾਲੀ ਕੌਮ ਬਨਾਉਣ ਦੀ ਲੋੜ ਹੈ ।

ਪਹਾੜੀ ਰਾਜਿਆਂ ਨਾਲ ਯੁੱਧ ਤੇ ਜਿੱਤਾਂ, ਮੁਗ਼ਲ ਫ਼ੌਜਾਂ ਦੀ ਹਾਰ ਤੇ ਸਿਖਾਂ ਦੇ ਚੜ੍ਹਦੀ ਕਲਾਂ ਵਾਲੇ ਜਜ਼ਬੇ ਨੂੰ ਦੇਖ ਗੁਰੂ ਜੀ ਨੇ ਪੰਥ ਦੇ ਵਿਚਾਰ ਨੂੰ ਅੰਤਮ ਸ਼ਕਲ ਦੇਣ ਦਾ ਫੈਸਲਾ ਕਰ ਲਇਆ ਸੀ । ਸਮਿਗ੍ਰੀ ਤਿਆਰ ਹੋ ਚੁੱਕੀ ਸੀ, ਸਿਰਫ ਕਲਾਕਾਰੀ ਹੱਥਾਂ ਦੀ ਲੋੜ ਸੀ, ਜੋ ਇਕ ਜੀਉਂਦਾ ਕੌਮੀ ਮੰਦਰ ਤਿਆਰ ਕਰ ਸਕੇ । ਗੁਰੂ ਗੋਬਿੰਦ (ਸਿੰਘ) ਜੀ ਨੇ ਪਾਉਂਟਾ ਸਾਹਿਬ ਵਿਖੇ ਹੀ ਇਹ ਅਨੁਭਵ ਕਰ ਲਇਆ ਸੀ ਕਿ ਬਿਰਾਦਰੀ ਤੋਂ ਛੇਕੇ ਤੇ ਲਿਤਾੜੇ ਲੋਕਾਂ ਵਿਚ ਜਜ਼ਬਾ ਭਰਕੇ ਵੱਡੀ ਤੋਂ ਵੱਡੀ ਸੰਸਾਰਕ ਤਾਕਤ ਨਾਲ ਟਕਰਾਣਾ ਤੇ ਜਿੱਤ ਪ੍ਰਾਪਤ ਕਰਨੀ ਕੋਈ ਅਸੰਭਵ ਕੰਮ ਨਹੀਂ । ਗੁਰੂ ਜੀ ਨੇ ਇਹ ਵੀ ਅਨਭਵ ਕਰ ਲਇਆ ਸੀ ਕਿ ਜਿਸ ਬੀਰ ਜਥੇਬੰਦੀ ਦੀ ਉਹ ਉਸਾਰੀ ਵਿਚ ਲਗੇ ਹੋਏ ਹਨ, ਉਸ ਦੇ ਹਰ ਅੰਸ਼ ਵਿਚ ਸੰਤ-ਸਿਪਾਹੀ ਵਾਲਾ ਗੁਣ ਹੋਣਾ ਲਾਜ਼ਮੀ ਹੈ । ਸੰਤ ਹੋ ਕੇ ਉਹ ਆਚਰਣ ਦੀ ਮੂਰਤ ਬਣੇ ਤੇ ਸਿਪਾਹੀ ਬਣ ਕੇ ਨਾ ਸਿਰਫ ਆਦਰਸ਼ਾਂ ਦਾ ਪਹਰੇਦਾਰ ਰਵੇ, ਸਗੋਂ 'ਸਦਾ ਸਦ ਜਾਗਤ' ਹੋ ਜਬਰ, ਜਾਬਰ ਅਤੇ ਗਿਰਾਵਟ ਵਿਰੁੱਧ ਡਟੇ । ਹਰ ਕਿਸੇ ਧਰਮ ਤੇ ਹਰ ਅਨਿਆਈ ਹਮਲੇ ਦਾ ਡਟ ਕੇ ਮੁਕਾਬਲਾ ਕਰਨ ਦੀ ਸ਼ਕਤੀ ਉਸ ਵਿਚ ਹੋਵੇ । ਪੰਥ ਸੇਵਕ ਸੰਸਥਾ ਹੋਵੇ, ਇਸਲਾਮ ਦੀ ਮਿਲਤ ਵਾਂਗੂ ਜਬਰ ਦੀ ਜਮਾਤ ਨਾ ਬਣੇ । ਹਰ ਲਿਤਾੜਿਆ ਜਾ ਰਹਿਆ ਲੋੜ ਵੇਲੇ ਪੰਥ ਕੋਲੋਂ ਸਹਾਇਤਾ ਦੀ ਆਸ ਰੱਖ ਸਕੇ ।

ਪੰਥ ਦੀ ਸੰਸਥਾ ਦੇ ਤੁਲ ਦਾ ਕੋਈ ਸ਼ਬਦ ਭਾਰਤੀ ਸਾਹਿਤ ਜਾਂ ਦਰਸ਼ਨ ਵਿਚੋਂ ਲਭਿਆ ਨਹੀਂ ਜਾ ਸਕਦਾ । ਜੇ ਕੋਈ ਐਸੀ ਕੋਸ਼ਿਸ਼ ਕਰੇ ਵੀ ਤਾਂ ਉਸ ਨੂੰ ਪੂਰਨ ਨਿਰਾਸਤਾ ਹੋਵੇਗੀ । ਹਿੰਦੁਸਤਾਨੀ ਸੂਝ ਤੋਂ ਪੰਥ ਦਾ ਖ਼ਿਆਲ ਬਹੁਤ ਦੁਰੇਡਾ ਤੇ ਚੋੜੇਰਾ ਹੈ । ਭਾਰਤੀ ਫ਼ਲਸਫ਼ਾ ਭੇਖ, ਵਰਨ ਤੇ ਉਸ ਦੇ ਆਧਾਰ ਉਤੇ ਰਚੀ ਵੱਧ ਤੋਂ ਵੱਧ ਜਾਤੀ ਨੂੰ ਹੀ ਜਾਣਦਾ ਹੈ । ਇਸ ਤੋਂ ਅਗੇਰੇ ਨਾ ਉਹ ਜਾ ਸਕਿਆ ਹੈ ਤੇ ਨਾ ਉਸ ਵਿਚ ਜਾਣ ਦੀ ਸਮਰਥਾ ਹੈ । ਇਸੇ ਭੇਖ ਵਰਣ ਦੀ ਘੁੰਮਣ-ਘੇਰੀ ਵਿਚ ਪੈ ਸਦੀਆਂ ਤਕ ਗੋਤੇ ਖਾਂਦੇ ਰਹਿਆ ਹੈ । ਇਹ ਦਸਮੇਸ਼ ਪਿਤਾ ਜੀ ਦੇ ਹੀ ਹਿੱਸੇ ਆਇਆ ਹੈ ਕਿ ਪੰਥ ਦੇ ਅਛੂਤੇ ਵਿਚਾਰਾਂ ਦਾ ਨਿਰਮਾਣ ਕਰਨ ਤੇ ਵੱਖਰੀ ਰੂਪ-ਰੇਖਾ ਦੇ ਕੇ ਇਸ ਦੀ ਸਾਜਣਾ ਵੀ ਕਰਨ । **ਸਿਖ ਧਰਮ ਦੀ ਸਿਆਸੀ ਤੇ ਧਾਰਮਿਕ ਰੁਚੀ ਦੇ ਸੰਗਮ**

ਦਾ ਨਾਂ ਪੰਥ ਹੈ, ਪੰਥ ਕੋਈ ਨਿਰੋਲ ਧਾਰਮਕ ਸੰਸਥਾ ਦਾ ਨਾਂ ਨਹੀਂ ਤੇ ਨਾ ਹੀ ਕੇਵਲ ਵਿਹਲ ਸਮਾਂ ਟਪਾਉਣ ਲਈ ਉਸਾਰਿਆ ਕੋਈ ਹੱਥ-ਠੋਕਾ ਹੈ। ਪੰਥ ਉਨ੍ਹਾਂ ਮਰਜੀਵੜਿਆਂ ਦਾ ਇਕੱਠ ਹੈ ਜਿਨ੍ਹਾਂ ਦੀਨ ਤੇ ਦੁਨੀ ਦੇ ਗੁਰੂ ਸਾਹਿਬਾਨ ਵਲੋਂ ਦਰਸਾਏ ਆਸ਼ਿਆਂ ਤੇ ਨਿਸ਼ਾਨਿਆਂ ਨੂੰ ਪ੍ਰਵਾਨ ਕਰ ਲਇਆ ਤੇ ਉਨ੍ਹਾਂ ਨਿਸ਼ਾਨਿਆਂ ਤੇ ਆਸ਼ਿਆਂ ਦੀ ਪੂਰਤੀ ਲਈ ਆਪਾ ਵਾਰਨ ਲਈ ਤਤਪਰ ਹੋ ਗਏ। ਉਹ ਨਿਜੀ ਘਾਲਣਾ ਦੇ ਨਾਲ ਨਾਲ ਸੂਮਹਕ ਘਾਲਣਾ ਕਰਨਾ ਵੀ ਫ਼ਰਜ਼ ਸਮਝਣ ਲੱਗ ਪਏ। ਇਕਲਿਆਂ ਤੁਰਨਾ ਤੇ ਜੂਝਨਾ ਆਸਾਨ ਹੈ, ਪਰ ਜੇ ਇਕ ਹੋਰ ਨੂੰ ਨਾਲ ਲੈ ਕੇ ਤੁਰਨਾ ਹੋਵੇ ਤਾਂ ਜ਼ੋਰ ਬੇਸ਼ਕ ਘੱਟ ਲੱਗਦਾ ਹੈ ਪਰ ਸਾਵਧਾਨੀ ਦੀ ਲੋੜ ਵਧ ਜਾਂਦੀ ਹੈ, ਨਾਲ ਹੀ ਦੂਹਰਾ ਕੰਮ ਹੋ ਜਾਂਦਾ ਹੈ, ਇਕ ਆਪਣੇ ਆਪ ਨੂੰ ਤੋਰੀ ਰਖਣਾ ਤੇ ਦੂਜੇ ਸਾਥ ਨੂੰ ਲੈ ਕੇ ਤੁਰਨਾ। ਜੇ ਇਕ ਤੋਂ ਵੱਧ ਹੋ ਜਾਣ ਤਾਂ ਜ਼ਰਾ ਕੁ ਖੁੰਝਾਈ ਵੀ ਠੇਢੇ ਲਵਾ ਕੇ ਕਾਫ਼ਲੇ ਨੂੰ ਕੁਰਾਹੇ ਪਾ ਸਕਦੀ ਹੈ। ਸੋ ਗੁਰੂ ਸਾਹਿਬ ਨੇ ਪੰਥ ਦੀ ਸਾਜਣਾ ਧਰਮ ਤੇ ਮਾਨਵਤਾ ਦਿਆਂ ਆਦਰਸ਼ਾਂ ਦੀ ਰੱਖਿਆ ਲਈ ਕੀਤੀ। ਇਹ ਰੱਖਿਆ ਕੋਈ ਭੇਖ, ਵਰਣ ਜਾਂ ਜਾਤੀ ਨਹੀਂ ਸੀ ਕਰ ਸਕਿਆ। ਇਸ ਆਸ਼ੇ ਦੀ ਪੂਰਤੀ ਲਈ ਕਿਸੇ ਜੀਵਤ, ਚਲਣ ਹਿਲਣ ਵਾਲੇ, ਸਦਾ ਤੁਰੇ ਰਹਿਣ ਵਾਲੇ (ਡਾਇਨੈਮਕ), ਸ਼ਕਤੀ ਭਰਪੂਰ ਉਤਸਾਹੀ ਵਿਚਾਰ ਦੀ ਲੋੜ ਸੀ ਜੋ ਸਮਾਜ ਵਿਚ ਨਵੀਂ ਗਰਮੀ, ਜੋਸ਼ ਤੇ ਸਾਹਸ ਲਿਆਵੇ। ਇਸੇ ਲਈ ਪੰਥ ਦੀ ਸਾਜਣਾ ਕੀਤੀ ਗਈ।

ਇਸ ਮੰਤਵ ਨੂੰ ਮੁਖ ਰਖਕੇ ਗੁਰੂ ਗੋਬਿੰਦ (ਸਿੰਘ) ਜੀ ਨੇ ਚਾਰੇ ਪਾਸੇ ਹੁਕਮਨਾਮੇ ਭੇਜੇ ਕਿ ਪਹਲੀ ਵੈਸਾਖੀ ੧੭੫੬ (੩੦ ਮਾਰਚ, ੧੬੯੯) ਨੂੰ ਸਿਖ ਵਡੀ ਗਿਣਤੀ ਵਿਚ ਅਨੰਦਪੁਰ ਪੁਜਣ। ਵੈਸਾਖ ਦੀ ਪਹਲੀ ਚੁਣਨ ਦਾ ਵੀ ਖਾਸ ਕਾਰਨ ਸੀ। ਪਹਲੀ ਵੈਸਾਖ ਨੂੰ ਹੀ ਗੁਰੂ ਨਾਨਕ ਦੇਵ ਜੀ ਨੇ 'ਮਨੁੱਖ ਦੀ ਉਤਮੱਤਾ' ਤੇ ਭੇਖ ਭਰਮਾਂ ਦੀ ਵਿਅਰਥੱਤਾ ਦੇ ਪਰਚਾਰ ਦਾ ਹਰਦੁਆਰ ਤੋਂ ਅਰੰਭ ਕੀਤਾ ਸੀ। ਫੇਰ ਪਹਲੀ ਵੈਸਾਖ ਨੂੰ ਹੀ ਗੋਇੰਦਵਾਲ ਵਿਖੇ ਬਾਉਲੀ ਸਾਹਿਬ ਦਾ ਕੜ ਟੁੱਟਾ ਸੀ ਤੇ ਜਲ ਬਾਉਲੀ ਵਿਚ ਭਰਿਆ ਸੀ। ਹਿੰਦੁਸਤਾਨ ਵਿਚ ਪਹਲੀ ਵਾਰੀ ਲਿਤਾੜੇ ਜਾ ਰਹੇ, ਦੁਰੇ ਦੁਰੇ ਕੀਤੇ ਹੋਏ ਮਨੁੱਖਾਂ ਨੇ ਅਖੌਤੀ ਉਚੀ ਜਾਤੀਆਂ ਨਾਲ ਰਲ ਕੇ ਇਸ਼ਨਾਨ ਕੀਤਾ ਸੀ ਤੇ ਜਲ ਛਕਿਆ ਸੀ। ਭਿਟ-ਸੁੱਚ ਦਾ ਭਰਮ ਬਾਉਲੀ ਸਾਹਿਬ ਨੇ ਹੀ ਭੰਨਿਆ ਸੀ। ਵੈਸਾਖੀ ਵਾਲੇ ਦਿਨ ਹੀ ਗੁਰੂ ਹਰਿ ਕ੍ਰਿਸ਼ਨ ਜੀ ਜੋਤੀ ਜੋਤ ਸਮਾਏ ਸਨ। ਉਨ੍ਹਾਂ ਦਾ ਪਵਿਤ੍ਰ ਜੀਵਨ ਸਿਖਾਂ ਲਈ ਪ੍ਰੇਰਨਾ ਸੀ ਕਿ ਸ਼ਾਹਾਂ ਸਾਮ੍ਹਣੇ ਨਹੀਂ ਝੁਕਣਾ, ਆਦਰਸ਼ਾਂ ਦਾ ਪਹਰਾ ਦਿੰਦੇ ਹੋਏ ਕੁਰਬਾਨ ਹੋ ਜਾਣਾ ਹੀ ਠੀਕ ਜ਼ਿੰਦਗੀ ਹੈ। ਬਾਬਾ ਰਾਮ ਰਾਇ ਵਾਲਾ ਖ਼ੁਸ਼ਾਮਦੀ ਤੇ ਲਾਲਚੀ ਜੀਵਨ ਦੇਖਣ ਨੂੰ ਕਿਤਨਾ ਸੁਖਾਵਾਂ ਤੇ ਪਧਰਾ ਹੋਵੇ, ਨਹੀਂ ਅਪਨਾਉਣਾ। ਅਠਵੇਂ ਪਾਤਸ਼ਾਹ ਦੇ ਅੰਤਲੇ ਮਹਾਂਵਾਕਾਂ, 'ਬਾਬਾ ਬਕਾਲਾ' ਨੇ ਕੁਝ ਚਿਰ ਜ਼ਰੂਰ ਮੁਸ਼ਕਲ ਪੈਦਾ ਕਰ ਦਿੱਤੀ ਸੀ ਪਰ ਸਿਖਾਂ ਨੂੰ ਇਕ ਨਵਾਂ ਉਤਸ਼ਾਹ ਵੀ ਉਸੇ ਮਹਾਂਵਾਕ ਨੇ ਹੀ ਦਿਤਾ ਸੀ। ਸਿਖਾਂ ਦਾ ਇਕ ਤਰਾਂ ਦਾ ਇਮਤਹਾਨ ਸੀ ਕਿ ਓਹ ਭਰਮ ਵਿਚ ਫਸਦੇ ਹਨ ਕਿ ਨਹੀਂ। ਸਿਖਾਂ ਨੇ ਆਪਣਾ ਇਸ਼ਟ ਗੁਰੂ ਤੇਗ਼ ਬਹਾਦਰ ; ਮਖਣ ਸ਼ਾਹ ਲੁਬਾਣਾ ਬਣਕੇ ਲੱਭ ਲਇਆ। ਉਹ ਪ੍ਰੀਖਿਆ ਵਿਚ ਫੇਲ੍ਹ ਨਾ ਹੋਏ। ਕੁਝ ਐਸਾ ਹੀ ਪਰਚਾ ਵੈਸਾਖੀ ਵਾਲੇ ਦਿਨ ਪੈਣ ਵਾਲਾ ਸੀ। ਵੈਸਾਖੀ ਵਾਲੇ ਦਿਨ ਸੂਰਜ ਆਪਣੇ ਸਿਖਰ ਤੇ ਚਮਕਦਾ ਹੈ ਅਤੇ ਇਸ ਵੈਸਾਖੀ ਨੂੰ ਵੀ ਸਿਖਰ ਦੀ ਘਟਨਾ ਹੋਣ ਵਾਲੀ ਸੀ। ਵੈਸਾਖੀ ਵਾਲੇ ਦਿਨ ਹੀ ਸਰਦੀਆਂ ਦੀ ਜੰਮੀ ਹੋਈ ਬਰਫ ਪਿਘਲਕੇ ਮੈਦਾਨਾਂ ਵਲ ਵਹਿ ਟੁਰਦੀ ਹੈ ਤੇ ਪਿਆਸਿਆਂ ਦੀ ਰੂਹ ਮਿਟਾਂਦੀ ਹੈ। ਕੁਝ ਐਸਾ ਹੀ ਵੈਸਾਖ ਨੂੰ ਹੋਇਆ। ਸਦੀਆਂ ਤੋਂ ਪਿਆਸੀਆਂ ਰੂਹਾਂ ਦੀ ਆਤਮਕ ਪਿਆਸ ਬੁਝੀ ਤੇ ਮੁਰਦਾ ਹੋ ਚੁਕੀਆਂ

ਰੂਹਾਂ ਵਿਚ ਨਵੀਂ ਜ਼ਿੰਦਗੀ ਦੀ ਲਹਰ ਦੌੜੀ। ਸੋ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਸਾਹਿਬਾਨ ਦੇ ਆਦਰਸ਼ਾਂ ਨੂੰ ਪੂਰਨ ਸ਼ਕਲ ਦੇਣ ਲਈ ਵੈਸਾਖ ਵਾਲਾ ਮਹਾਨ ਦਿਨ ਹੀ ਚੁਣਿਆ। ਭਾਵੇਂ ਵੈਸਾਖੀ ਵਾਲੇ ਦਿਨ; ਸਿਖਾਂ ਦਾ ਜੁੜਨ ਦਾ ਸੁਭਾ ਬਣਿਆ ਹੋਇਆ ਸੀ। ਪਰ ਫਿਰ ਵੀ ਗੁਰੂ ਜੀ ਨੇ ਉਚੇਚੇ ਸੱਦੇ ਭੇਜੇ ਤਾਂ ਕਿ ਉਚੇਚਾ ਇਕੱਠਾ ਹੋ ਸਕੇ।

੩੦ ਮਾਰਚ ਨੂੰ ਇਕ ਉਚੇ ਪਧਰੇ ਥਾਂ ਉਤੇ ਜਿਸ ਨੂੰ ਕਿਲ੍ਹੇ ਦੀ ਸ਼ਕਲ ਪਹਲਾਂ ਹੀ ਦਿਤੀ ਹੋਈ ਸੀ, ਭਾਰੀ ਇਕੱਠ ਹੋਆ। ਔਰੰਗਜ਼ੇਬ ਦੇ ਖੁਫ਼ੀਏ ਵੀ ਉੱਥੇ ਪੁਜੇ ਹੋਏ ਸਨ। ਵਡੇ ਦੀਵਾਨ ਅਸਥਾਨ ਦੇ ਨਾਲ ਇਕ ਛੋਟਾ ਜਹਿਆ ਤੰਬੂ ਵੀ ਲਗਾਇਆ ਗਇਆ। ਆਸਾ ਦੀ ਵਾਰ ਦੇ ਕੀਰਤਨ ਉਪ੍ਰੰਤ ਗੁਰੂ ਜੀ ਨੇ ਆਪਣੀ ਕ੍ਰਿਪਾਨ ਮਿਆਨ ਵਿਚੋਂ ਕੱਢ ਕੇ ਇਕੱਠ ਨੂੰ ਬੁਲਾਉਣ ਦਾ ਮੰਤਵ ਗੱਜ ਕੇ ਦਸਿਆ ਤੇ ਫ਼ਿਰ ਕਹਿਆ, 'ਕੋਈ ਹੈ ਜੋ ਇਨ੍ਹਾਂ ਆਸ਼ਿਆਂ ਤੇ ਨਿਸ਼ਾਨਿਆਂ ਲਈ ਜਾਨ ਵਾਰਨ ਲਈ ਤਿਆਰ'। ਸਾਰੇ ਪਾਸੇ ਪਹਲਾਂ ਚੁਪ ਚਾਂ ਛਾ ਗਈ, ਪਰ ਛੇਤੀ ਹੀ ਭਾਈ ਦਇਆ ਰਾਮ ਜੀ ਲਾਹੌਰ ਵਾਲੇ ਉਠੇ ਤੇ ਉਨ੍ਹਾਂ ਆਪਣਾ ਸੀਸ ਭੇਟ ਕੀਤਾ। ਇਸੇ ਤਰ੍ਹਾਂ ਚਾਰ ਵਾਰੀ ਪੁਕਾਰਨ ਉਤੇ ਵਾਰੋ ਵਾਰੀ ਚਾਰ ਹੋਰ, ਭਾਈ ਧਰਮ ਦਾਸ ਜੀ ਦਿਲੀ, ਭਾਈ ਹਿੰਮਤ ਰਾਇ ਜੀ ਜਗਨ ਨਾਥਪੁਰੀ, ਭਾਈ ਮੁਹਕਮ ਚੰਦ ਜੀ ਦੁਆਰਕਾ ਤੇ ਭਾਈ ਸਾਹਿਬ ਚੰਦ ਜੀ ਬਿਦਰ ਦੇ ਰਹਣ ਵਾਲਿਆਂ ਨੇ ਸੀਸ ਭੇਟ ਕੀਤੇ। ਗੁਰੂ ਜੀ ਹਰ ਇਕ ਨੂੰ ਛੋਟੇ ਤੰਬੂ ਵਿਚ ਲੈ ਜਾਂਦੇ। (ਇਥੇ ਇਤਨਾ ਹੀ ਕਹਣਾ ਕਾਫ਼ੀ ਹੈ ਕਿ ਕੋਈ ਪ੍ਰੀਖਿਆਕਾਰ ਆਪਣਾ ਪਰਚਾ ਪਹਲਾਂ ਨਹੀਂ ਦਸ ਦਿੰਦਾ, ਉਸ ਦਿਨ ਪ੍ਰੀਖਿਆ ਵਾਲਾ ਦਿਨ ਸੀ ਤੇ ਪ੍ਰੀਖਆ ਕਰਕੇ ਪਿਆਰੇ ਚੁਣੇ ਜਾ ਰਹੇ ਸਨ) ਗੁਰੂ ਜੀ ਪੰਜਾਂ ਨੂੰ ਨਵੇਂ ਪੋਸ਼ਾਕੇ ਪਹਿਣਾ ਸੰਗਤਾਂ ਵਿਚ ਲਿਆਏ ਤੇ ਉਨ੍ਹਾਂ ਨੂੰ ਪਿਆਰੇ ਕਹਿਆ। ਪੰਜਾਂ ਨੂੰ ਅੰਮ੍ਰਿਤ ਛਕਾ ਕੇ ਸਿੰਘਾਂ ਦਾ ਨਾਮ ਦਿਤਾ ਤੇ ਕਕਾਰ, ਰਹਤ ਬਹਤ ਦਾ ਸਪਸ਼ਟ ਸ਼ੱਬਦਾਂ ਵਿਚ ਵਰਣਨ ਕੀਤਾ ਅਤੇ ਪੰਥ ਦੀ ਸਾਜਣਾ ਦਾ ਐਲਾਨ ਕੀਤਾ। ਫਿਰ ਪੰਜਾਂ ਪਿਆਰਿਆਂ ਕੋਲੋਂ ਆਪ ਅੰਮ੍ਰਿਤ ਛਕਿਆ। ਜੁੜੀਆਂ ਸੰਗਤਾਂ ਨੂੰ ਕਹਿਆ 'ਤੁਸੀਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਣਾ, ਕੇਸ ਰਖਣੇ, ਇਹ ਸਾਡੀ ਮੋਹਰ ਹੈ। ਕਛ, ਕਿਰਪਾਨ ਦਾ ਵਿਸਾਹ ਨਹੀਂ ਕਰਨਾ। ਸਰਬਲੋਹ ਦਾ ਕੜਾ ਹੱਥ ਰਖਣਾ, ਦੋਨੋਂ ਵਕਤ ਕੇਸਾਂ ਦੀ ਕੰਘੇ ਸੇ ਪਾਲਣਾ ਕਰਨੀ, ਸਰਬਤ ਸੰਗਤ ਅਭਾਖਿਆ ਦਾ ਕੁੱਠਾ ਖਾਵੈ ਨਾਹੀ। ਜਗਤ ਜੂਠ ਤੰਮਾਕੂ ਨ ਸੇਵਨਾ, ਪਰਤਨ ਗਾਮੀ ਨ ਹੋਣਾ। ਗੁਰਬਾਨੀ ਪੜ੍ਹਣੀ। (ਇਸ ਭਾਵ ਦਾ ਹੁਕਮਨਾਮਾ ਆਪ ਜੀ ਨੇ ਕਾਬਲ ਦੀ ਸੰਗਤ ਦੇ ਨਾਂ ਲਿਖਿਆ ਸੀ)। ਫਿਰ ਫੁਰਮਾਇਆ ਮੈਂ ਚਾਹੁੰਦਾ ਹਾਂ, ਤੁਸੀਂ ਸਾਰੇ ਇਕ ਰਾਹ ਤੇ ਟੁਰੋ ਤੇ ਇਕ ਹੀ ਧਰਮ ਅਪਣਾਓ। ਵੱਖ ਵੱਖ ਜਾਤਾਂ ਦਾ ਜਿਨ੍ਹਾਂ ਦਾ ਵਰਣਨ ਸ਼ਾਸਤ੍ਰਾਂ ਵਿਚ ਆਇਆ ਹੈ, ਮੁੱਢ ਤੋਂ ਹੀ ਖਤਮ ਕਰ ਦਿਉ ਤੇ ਇਕ ਦੂਜੇ ਨਾਲ ਖੁੱਲ ਕੇ ਮਿਲੋ ਜੁਲੋ। ਕੋਈ ਵੀ ਆਪਣੇ ਆਪ ਨੂੰ ਇਕ ਦੂਜੇ ਨਾਲੋਂ ਆਪਣੇ ਆਪ ਨੂੰ ਵੱਡਾ ਨ ਸਮਝੇ। ਪੁਰਾਣੇ ਗ੍ਰੰਥਾਂ ਦੀ ਕੈਦ ਵਿਚੋਂ ਨਿਕਲੋ।' ਪੁਰਾਤਨਤਾ ਦੇ ਚਕਰਾਂ ਵਿਚ ਪਏ ਹੋਏ ਲੋਕਾਂ ਨੇ ਇਸ ਕਰਮ ਨੂੰ ਧਰਮ ਤੋਂ ਬੇਮੁਖ ਹੋਣਾ ਜਾਣਿਆ ਤੇ ਸਤਿਗੁਰ ਦੇ ਕਰਤਵ ਨੂੰ ਨਾ ਸਮਝ ਵਿਰੋਧੀ ਪਰਚਾਰ ਵੀ ਕੀਤਾ। ਜਿਸ ਸੱਚੇ ਨੂੰ ਉਹ ਜਾਣਦੇ ਸਨ—ਮਹੰਤ, ਜੋਗੀ, ਵਿਰਕੱਤ, ਸੰਨਿਆਸੀ ਦਾ ਸੱਚਾ, ਉਸ ਵਿਚ ਨਵੀਂ ਜੀਵਨ ਘਾਲਣਾ ਸਮਾਉਂਦੀ ਨਹੀਂ ਸੀ। ਕਈਆਂ ਨੇ ਗੁਰੂ ਜੀ ਨੂੰ ਕੂਦਕ (ਅਲ੍ਹੜ) ਆਖ, ਉਨ੍ਹਾਂ ਦੀ ਗੱਲ ਨਾ ਸੁਣਨ ਲਈ ਸੰਗਤ ਨੂੰ ਕਹਿਆ। ਗੁਲਾਮ ਮੁਹੀਨ-ਉਦ-ਦੀਨ ਲਿਖਦਾ ਹੈ, "ਭਾਵੇਂ ਕਈਆਂ ਨੇ ਇਕ ਬਾਟੇ ਵਾਲਾ ਅੰਮ੍ਰਿਤ ਛਕਣ ਤੋਂ ਇਨਕਾਰ ਕੀਤਾ, ਪਰ ਫਿਰ ਵੀ ੩੦,੦੦੦ ਪ੍ਰਾਨੀਆਂ ਨੇ ਆਪਣੇ ਆਪ ਨੂੰ ਪੇਸ਼ ਕੀਤਾ ਤੇ ਗੁਰੂ ਦੇ ਦੱਸੇ ਹੋਏ ਹੁਕਮਾਂ ਉਤੇ ਤੁਰਨ ਦਾ ਪ੍ਰਣ ਲਇਆ ਪੰਥ ਸਾਜਣਾ ਦੀ ਇਹ ਘਟਨਾ ਹਰ ਪੱਖੋਂ ਅਲੌਕਿਕ ਤੇ ਨਿਰਾਲੀ

ਸੀ। ਲੈਪਲ ਗ੍ਰਿਫਨ ਨੇ ਇਸ ਇਕ ਮਾਤ੍ਰ ਘਟਨਾ ਨੂੰ ਪੜ੍ਹ ਕੇ ਹੀ ਲਿਖਾਇਆ ਸੀ ਕਿ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਇਵੇਂ ਸਾਜਿਆ ਜਿਵੇਂ ਜੁਪੀਟਰ ਨੇ ਮਿਨਰਵਾ ਆਪਣੇ ਪੱਟਾਂ ਵਿਚੋਂ ਕੱਢੀ ਸੀ, ਜਾਂ ਜਿਵੇਂ ਦੁਰਗਾ ਨੇ ਆਪਣੇ ਮੱਥੇ ਵਿਚੋਂ ਚੰਡੀ ਨਿਕਾਲੀ। ਇਸ ਮਿਨਰਵਾ (ਸਿੰਘ) ਜਾਂ ਚੰਡੀ (ਖਾਲਸਾ) ਨੇ ਜਬਰ ਨੂੰ ਬੀਰਤਾ ਨਾਲ ਰੋਕਿਆ ਤੇ ਜ਼ਾਲਮਾਂ ਦਾ ਖੂਨ ਪੀਤਾ ਤੇ ਜ਼ੁਲਮ ਟਾਕਰੇ ਹਮੇਸ਼ਾਂ ਡਟਣ ਦਾ ਪ੍ਰਣ ਲਇਆ ਤੇ ਨਿਭਾਇਆ। ਇਸ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ ਕਿ ਪੰਥ ਤੋਂ ਵੈਰੀ ਸਦਾ ਭੈ ਖਾਂਦੇ ਰਹੇ ਹਨ ਤੇ ਉਸ ਦਾ ਲੋਹਾ ਮਣਦੇ ਰਹੇ। ਪੰਥ ਦੀ ਸਾਜਣਾ ਬਿਨਾਂ ਆਜ਼ਾਦੀ ਤੇ ਬੀਰਤਾ ਦਾ ਖ਼ਿਆਲ ਮੂਰਤੀ ਮਾਨ ਹੀ ਨਹੀਂ ਸੀ ਹੋ ਸਕਦਾ।

ਫਿਰ ਇਹ ਘਟਨਾ ਇਸ ਕਾਰਨ ਵੀ ਅਲੌਕਿਕ ਹੈ ਕਿ ਕਿਸੇ ਕੌਮ ਦਾ ਜਨਮ ਦਿਨ ਨਿਯਤ ਨਹੀਂ ਹੋ ਸਕਦਾ ਪਰ ਇਸ ਕੌਮ ਦਾ ਜਨਮ ਦਿਨ ਨਿਯਤ ਹੈ, ਸਗੋਂ ਸਮਾਂ ਵੀ।

ਅੰਮ੍ਰਿਤ ਛਕਣ ਸਾਰ ਹੀ ਸਾਰੇ ਪਾਸੇ ਹਲ ਚਲ ਮਚ ਗਈ। ਪਹਾੜੀ ਰਾਜਿਆਂ ਨੇ ਆਪਣੀ ਉੱਚਤਾ ਦਾ ਭਰਮ ਟੁੱਟਦਾ ਦੇਖਿਆ ਤੇ ਜ਼ਾਲਮਾਂ ਨੇ ਆਪਣੇ ਗੜ੍ਹਾਂ ਵਿਚ ਦ੍ਰਾੜਾਂ ਪੈਂਦੀਆਂ ਦੇਖੀਆਂ। ਖਾਲਸਾ ਬਿਜਲੀ ਵਾਂਗ ਕੜਕਿਆ ਤੇ ਜ਼ੁਲਮ ਵਿਰੁਧ ਡੱਟ ਖਲੋਤਾ।

ਗੁਰ ਸੰਗਤ ਕੀਨੀ ਖਾਲਸਾ : ਭਾਈ ਗੁਰਦਾਸ ਜੀ (ਦੂਜੇ) ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਨੂੰ ਹੀ ਖਾਲਸਾ ਰੂਪ ਦਿਤਾ ਹੈ ਤੇ ਐਸੀ ਸ਼ਕਤੀ ਭਰ ਦਿਤੀ ਕਿ 'ਹੁਣ ਕਾਂਪਤ ਤੁਰਕਾਨਾ'। ਗੁਰ-ਚੇਲੇ ਦੀ ਵਾਰ ਦੀ ਪੰਦਰਵੀਂ ਪਉੜੀ ਵਿਚ ਉਹ ਲਿਖਦੇ ਹਨ :

"ਓਹ ਗੁਰ ਗੋਬਿੰਦ ਹੋਇ ਪਰਗਟਿਆ ਦਸਵੇਂ ਅਵਤਾਰਾ।
ਜਿਨ ਅਲਖ ਅਕਾਲ ਨਿਰੰਜਨਾ ਜਪਿਓ ਕਰਤਾਰਾ।
ਜਿਨ ਪੰਥ ਚਲਾਇਓ ਖਾਲਸਾ ਧਰ ਤੇਜ ਕਰਾਰਾ।
ਸਿਰ ਕੇਸ ਧਾਰ ਮਹਿ ਖ਼ੜਗ ਕੋ ਸਭ ਦੁਸ਼ਟ ਪਛਾਰਾ।
ਸੀਲ ਜਤ ਕੀ ਕਛ ਪਹਰ ਪਕੜੇ ਹਥਿਆਰਾ"।

ਨਿਜਵਾਦ ਪੂਰਨ ਤੌਰ ਤੇ ਸਿਖਾਂ ਵਿਚੋਂ ਮੁੱਕ ਗਇਆ। ਫਿਰ ਕ੍ਰਿਪਾਨ ਪਹਿਨਣ ਦਾ ਹੁਕਮ ਦੇ ਕੇ ਸਿਖ ਨੂੰ ਸੁਤੰਤਰ ਰਾਜਨੀਤੀ ਵੀ ਦੇ ਦਿਤੀ ਸਿਖ ਇਹ ਆਖਣ ਲਗ ਪਏ :

ਸਿੰਘ ਹੋਇ ਰਾਖਹਿ ਕਿਮ ਕਾਨ।
ਐਰੇ ਗੈਰੇ ਕਾ ਮੰਗਹਿ ਫਰਮਾਨ।
ਧੁਰ ਦਰਗਾਹੋਂ ਲਈ ਪਾਤਸ਼ਾਹੀ।
ਸ੍ਰੀ ਸਤਿਗੁਰ ਕੇ ਮੁਖ ਤੇ ਪਾਈ।

ਇਤਿਹਾਸਕਾਰ ਇਬਟਸਨ ਲਿਖਦਾ ਹੈ ਕਿ ਹਿੰਦੁਸਤਾਨ ਦੇ ਇਤਿਹਾਸ ਵਿਚ ਪਹਲੀ ਵਾਰ ਕੋਈ ਧਰਮ ਸਿਆਸੀ ਤਾਕਤ ਬਣਿਆ ਅਤੇ ਐਸੀ ਕੌਮ ਦਾ ਜਨਮ ਹੋਇਆ ਜੋ ਆਪਣੇ ਆਪ ਵਿਚ ਇਕ ਵਖਰੀ ਕਿਸਮ ਦੀ ਸੀ। ਹਿੰਦੁਸਤਾਨ ਨੇ ਐਸੀ ਕੌਮ ਨਹੀਂ ਦੇਖੀ ਸੀ। ਨੀਵੀਂ ਜਾਤ ਵਾਲਿਆਂ, ਜਿਨ੍ਹਾਂ ਕਦੇ ਸ਼ਸਤ੍ਰਾਂ ਨੂੰ ਹੱਥ ਨਹੀਂ ਲਗਾਇਆ ਸੀ ਤੇ ਜੋ ਉਚੀਆਂ ਜਾਤਾਂ ਦੇ ਪੈਰਾਂ ਥਲੇ ਲਿਤਾੜੇ ਜਾਂਦੇ ਰਹੇ ਸਨ, ਨੇ ਗੁਰੂ ਜੀ ਦੀ ਅਗਵਾਈ ਹੇਠਾਂ ਨਿਰੇ ਬਹਾਦਰੀ ਦੇ ਗੁਣ ਹੀ ਨ ਗ੍ਰਹਣ ਕੀਤੇ, ਸਗੋਂ ਹਰ ਦੁਖੀ ਇਨਸਾਨ ਵਾਸਤੇ ਆਪਾ ਵਾਰਨ ਲਈ ਤਿਆਰ ਹੋਏ। ਗੁਰੂ ਜੀ ਨੇ ਸਿਖਾਂ ਵਿਚੋਂ ਵਿਅਕਤੀਗਤ ਦਾ ਖ਼ਿਆਲ ਮੁਕਾ ਕੇ ਦੂਜਿਆਂ ਲਈ ਮਰਨ ਦਾ ਚਾਅ ਪੈਦਾ

ਕੀਤਾ । ਰੋਂਦੂ, ਮੁਰਦਾ, ਨਿਰਾਸ਼ਾਵਾਦੀ ਪੁਰਸ਼ ਨੂੰ ਗੁਰੂ ਜੀ ਨੇ ਖੁਸ਼ ਰਹਣਾ, ਆਸ਼ਾਵਾਦੀ, ਜੁਅਰਤ ਵਾਲਾ ਤੇ ਚੜ੍ਹਦੀ ਕਲਾ ਦਾ ਪੁੰਜ ਬਣਾ ਦਿਤਾ । ਸਿਖ ਵਿਚ ਐਸੇ ਗੁਣ ਭਰ ਦਿਤੇ ਕਿ ਉਹ ਟੁੱਟ ਭਾਵੇਂ ਜਾਏ, ਲਿਫੇਗਾ ਕਦੇ ਨਹੀਂ । ਕਿਨਿੰਘਮ ਦੇ ਸ਼ਬਦਾਂ ਵਿਚ "ਸਿਖਾਂ ਦੇ ਅੰਤਮ ਗੁਰੂ ਨੇ ਮੁਰਦਾ ਤੇ ਨਿਰਜਿੰਦ ਲੋਕਾਂ ਦੀਆਂ ਦਬੀਆਂ ਕਲਾਂ ਜਗਾ ਕੇ ਉਨ੍ਹਾਂ ਦੇ ਮਨਾਂ ਵਿਚ ਸਮਾਜਕ ਸੁਤੰਤਰਤਾ ਅਤੇ ਰਾਜਨੀਤਕ ਵਿਲਖਣਤਾ ਪੈਦਾ ਕਰਨ ਲਈ (ਗੁਰੂ) ਨਾਨਕ ਦੇ ਦਸੇ ਪਵਿੱਤ੍ਰ ਭਗਤੀ ਆਸ਼ੇ ਲਈ ਸਦੀਵੀ ਚਾਅ ਭਰਿਆ ।"

ਅਧਿਆਇ ਦੂਜਾ

ਜੰਗਾਂ ਤੇ ਸ਼ਹੀਦੀਆਂ

ਪਹਲਾ ਚਮਤਕਾਰ : ਅੰਮ੍ਰਿਤ ਛਕਣ ਉਪ੍ਰੰਤ ਸੈਨਪਤਿ ਲਿਖਦਾ ਹੈ ਕਿ ਪਹਲੀ ਟਕਰ ਦਿੱਲੀ ਵਿਖੇ ਹੀ ਹੋ ਗਈ। ਜਿਨ੍ਹਾਂ ਨੇ ਧਰਮ ਵਿਚ ਸੱਭ ਕੁਝ ਅਰਪਣ ਕਰਨ ਦਾ ਰਾਹ ਅਪਣਾਇਆ, ਉਨ੍ਹਾਂ ਨੂੰ ਤਸੀਹੇ ਝਲਣੇ ਹੀ ਪੈਣੇ ਸਨ। ਜਿਹੜੇ ਦਿਨ ਕਟੀ ਦੇ ਅਸੂਲ ਤੇ ਟੁਰਦੇ ਸਨ ਉਨ੍ਹਾਂ ਰਾਹ ਵਿਚ ਕਾਂਟੇ ਖਿਲਾਰਨੇ ਅਰੰਭ ਕਰ ਦਿਤੇ। ਪਹਲਾਂ ਝੜਪਾਂ ਹੋਈਆਂ, ਫ਼ਿਰ ਗੱਲ ਇਥੋਂ ਤਕ ਵੱਧ ਗਈ ਕਿ ਮੁਕੰਮਲ ਹੜਤਾਲ ਹੋ ਗਈ।[1] ਦਿਲੀ ਵਿਚ ਲੂਣ ਤਕ ਮਿਲਣਾ ਮੁਸ਼ਕਲ ਹੋ ਗਇਆ। ਚਾਂਦਨੀ ਚੌਕ ਸੁੰਨਾ ਸੁੰਨਾ ਹੋ ਗਇਆ। ਸਭ ਪਾਸੇ ਹਾਹਾਕਾਰ ਮਚੀ ਤਾਂ ਸ਼ਾਹੀ ਕਰਮਚਾਰੀਆਂ ਨੇ ਅੰਮ੍ਰਤੀਆਂ ਤੇ ਬੇਅੰਮ੍ਰਤੀਆਂ ਨੂੰ ਇਕ ਥਾਵੇਂ ਬਿਠਾਲ ਕੇ ਸਮਝੌਤਾ ਕਰਾਉਣਾ ਚਾਹਿਆ। ਦੁਕਾਨਾਂ ਖੁਲ੍ਹ ਗਈਆਂ ਪਰ ਇਹ ਗੱਲ ਸੱਭ ਲੋਕਾਂ ਤੇ ਪ੍ਰਗਟ ਹੋ ਗਈ ਕਿ ਹੁਣ ਸਮੇਂ ਹੋਰ ਗਏ ਹਨ, ਸਿਰ ਝੁਕਾ ਕੇ ਬੁਜ਼ਦਿਲਾਂ ਵਾਂਗ ਹੁਣ ਕਿਸੇ ਨਹੀਂ ਜੀਣਾ। ਮੇਰੀ ਜਾਚੇ ਇਤਿਹਾਸ ਵਿਚ ਇਹ ਪਹਲੀ ਜਥੇਬੰਦਕ ਹੜਤਾਲ ਜਾਂ ਮੋਰਚਾ ਸੀ।[2]

ਸਦਕੇ : ਉੱਧਰ ਦਿਲ ਵਿਚ ਜਥੇਬੰਦਕ ਕੌਤਕ ਹੋਇਆ ਤਾਂ ਇਧਰ ਅਨੰਦਪੁਰ ਵਿਚ ਵੀ ਐਸੀਆਂ ਕਈ ਸਾਖੀਆਂ ਹੋਈਆ। ਗੁਰੂ ਗੋਬਿੰਦ ਸਿੰਘ ਜੀ ਨੇ ਇਕ ਸਿਖ ਨੂੰ ਕਹਿਆ ਕਿ ਉਹ ਕਿਲ੍ਹੇ ਦੀ ਦੀਵਾਰ ਉਤੇ ਖੜਾ ਹੋ ਜਾਏ ਤੇ ਪਹਰਾ ਦੇਵੇ। ਕੁਝ ਚਿਰ ਬਾਅਦ ਇਕ ਸਿਖ ਦੌੜਦਾ ਆਇਆ ਤੇ ਆ ਕੇ ਕਹਿਣ ਲੱਗਾ, "ਮਹਾਰਾਜ ! ਮਹਾਰਾਜ ! ਜਿਹੜਾ ਸਿਖ ਤੁਸਾਂ ਕਿਲੇ ਦੀ ਦੀਵਾਰ ਤੇ ਖੜਾ ਕੀਤਾ ਸੀ ਉਹ ਉਥੇ ਨਹੀਂ ।" ਮਹਾਰਾਜ ਕਹਿਣ ਲੱਗੇ ਕਿ '[illegible] ਨਹੀਂ ਹੋ ਸਕਦਾ, ਕਦੇ ਨਹੀਂ ਹੋ ਸਕਦਾ।" 'ਮਹਾਰਾਜ, ਮੈਂ ਝੂਠ ਬੋਲਦਾ ਹਾਂ ?' ਗੁਰੂ ਜੀ ਉਸੇ ਵਿਸ਼ਵਾਸ ਵਿਚ ਬੋਲੇ, "ਇਹ ਵੀ ਕਦੇ ਨਹੀਂ ਹੋ ਸਕਦਾ, ਇਹ ਵੀ ਕਦੇ ਨਹੀਂ ਹੋ ਸਕਦਾ।" ਜੋ ਮੂਰਤ ਗੁਰੂ ਗੋਬਿੰਦ ਸਿੰਘ ਜੀ ਨੇ ਬਣਾਈ ਸੀ ਉਹ ਛਲ-ਰਹਿਤ ਸੀ ਤੇ ਭੈ ਰਹਤ ਸੀ। ਖੋਜ ਕੀਤਿਆਂ ਪਤਾ ਲੱਗਾ ਕਿ ਉਸ ਸਿਖ ਨੂੰ ਬਾਹਰੋਂ ਕਿਸੇ ਸ਼ਤਰੂ ਨੇ ਗੋਲੀ ਮਾਰੀ ਸੀ ਤੇ ਉਹ ਕਿਲੇ ਦੀ ਦੀਵਾਰ ਦੇ ਬਾਹਰ ਜਾ ਪਇਆ ਸੀ।

---

੧. ਗੁਰ ਸੋਭਾ—ਤਬ ਉਨ ਹੀ ਬਿਚਾਰ ਯਹ ਕੀਨਾ
ਸਬ ਬਾਜ਼ਾਰ ਬੰਦ ਕਰ ਦੀਨਾ।੧੨॥੨੭੧

੨. ਗੁਰ ਸੋਭਾ ਕ੍ਰਿਤ ਸੈਨਿਪਤਾ : ਸਤਵਾਂ ਅਧਿਆਇ

ਵਿਰੋਧ : ਬੀਰਤਾ ਦਾ ਜਥੇਬੰਦ ਹੋਣਾ ਸੁਣ ਕੇ ਪੰਜਾਬ ਦੇ ਹੁਕਮਰਾਨਾਂ ਵਿਚ ਘਬਰਾਹਟ ਫੈਲਣੀ ਕੁਦਰਤੀ ਸੀ। ਪਹਾੜੀ ਰਾਜੇ ਤਾਂ ਪਹਿਲਾਂ ਹੀ ਬਹੁਤ ਦੁਖੀ ਸਨ, ਹੁਣ ਸਰਹੰਦ, ਲਾਹੌਰ ਤੇ ਜੰਮੂ ਦੇ ਨਵਾਬਾਂ ਨੇ ਅੱਗੇ ਵਧ ਹਿੱਸਾ ਲੈਣਾ ਅਰੰਭ ਕਰ ਦਿੱਤਾ। ਵਿਰੋਧ ਨੂੰ ਧਾਰਮਿਕ ਰੰਗਣ ਦੇਣ ਲਈ ਜਹਾਦ ਦਾ ਨਾਅਰਾ ਵੀ ਲਗਾਇਆ। ਇਕ ਪਾਸੇ ਪਹਾੜੀ ਰਾਜੇ ਤੇ ਦੂਜੇ ਪਾਸੇ ਸਮੇਂ ਦੇ ਹਾਕਮ ਅਨੰਦਪੁਰ ਤੇ ਚੜ੍ਹ ਆਏ। ਅਨੰਦਪੁਰ ਦੇ ਮੈਦਾਨਾਂ ਵਿਚ ਟੱਕਰਾਂ ਹੋਈਆਂ।

ਅਨੰਦਪੁਰ ਸਾਹਿਬ ਦੀ ਪਹਿਲੀ ਲੜਾਈ : ਪਹਾੜੀ ਰਾਜਿਆਂ, ਅਜਮੇਰ ਚੰਦ ਕਹਿਲੂਰੀਏ, ਬੀਰ ਸਿੰਘ ਜਸਵਾਲੀਏ ਤੇ ਮਦਨ ਲਾਲ ਮਿਰਮੌਰ, ਗੁਰੂ ਜੀ ਦੇ ਅੰਮ੍ਰਿਤ ਛਕਾਉਣ ਤੋਂ ਦੁਖੀ ਸਨ ਤੇ ਉਸ ਸਮੇਂ ਦੀ ਭਾਲ ਵਿਚ ਸਨ ਜਦ ਅਨੰਦਪੁਰ ਉਤੇ ਕਰਾਰੀ ਚੋਟ ਕੀਤੀ ਜਾਏ। ਉਨ੍ਹਾਂ ਸਰਹੰਦ ਦੇ ਨਵਾਬ ਨੂੰ ਇਮਦਾਦ ਲਈ ਲਿਖਿਆ ਤੇ ਉਸ ਨੇ ਅੱਗੋਂ ਔਰੰਗਜ਼ੇਬ ਕੋਲੋਂ ਆਗਿਆ ਮੰਗੀ। ਫ਼ੌਜਾਂ ਅਨੰਦਪੁਰ ਵਲ ਚੱਲ ਪਈਆਂ।

ਗੁਰੂ ਗੋਬਿੰਦ ਸਿੰਘ ਜੀ ਵੀ ਤਗੜੇ ਹੱਲਿਆਂ ਦੀ ਸੰਭਾਵਨਾ ਕਰ ਰਹੇ ਸਨ, ਸੋ ਉਨ੍ਹਾਂ ਕਿਲ੍ਹਿਆਂ ਨੂੰ ਮਜ਼ਬੂਤ ਕੀਤਾ। ਅਨੰਦਪੁਰ ਦੀ ਪਹਿਲੀ ਜੰਗ ਅਰੰਭ ਹੋ ਗਈ।

ਦੀਨ ਬੇਗ ਤੇ ਪੈਂਦੇ ਖ਼ਾਨ ਦੀ ਅਗਵਾਈ ਹੇਠ ਫ਼ੌਜ ਆ ਪੁੱਜੀ। ਅਨੰਦਪੁਰ ਦੀਆਂ ਪਹਾੜੀਆਂ ਵਿਚ ਖੂਬ ਰਣ ਹੋਇਆ। ਬਾਬਾ ਅਜੀਤ ਸਿੰਘ ਜੀ ਨੇ ਜੰਗ ਵਿਚ ਚੰਗੇ ਹੱਥ ਦਿਖਾਏ। ਮੁੱਗਲਾਂ ਦੇ ਟਾਕਰੇ ਗਿਣਤੀ ਵਿਚ ਸਿਖ ਜ਼ਰੂਰ ਥੋੜ੍ਹੇ ਸਨ, ਪਰ ਜਜ਼ਬੇ ਵਿਚ ਉਨ੍ਹਾਂ ਦੇ ਤੁਲ ਕੋਈ ਨਹੀਂ ਸੀ। ਪੈਂਦੇ ਖ਼ਾਨ ਨੇ ਅੱਗੇ ਆ ਕੇ ਗੁਰੂ ਜੀ ਵੰਗਾਰਿਆ ਕਿ ਉਹ ਸਿੱਧੇ ਮੁਕਾਬਲੇ ਲਈ ਮੈਦਾਨ ਵਿਚ ਆਵੇ। ਪੈਂਦੇ ਖ਼ਾਨ ਦਾ ਸਾਰਾ ਸਰੀਰ ਸੰਜੋਅ ਨਾਲ ਢਕਿਆ ਹੋਇਆ ਸੀ। ਸਿਰਫ਼ ਉਸ ਦੇ ਕੰਨ ਹੀ ਬਾਹਰ ਦਿਖਾਈ ਦਿੰਦੇ ਸਨ। ਗੁਰੂ ਜੀ ਨੂੰ ਜਦ ਵੰਗਾਰ ਪਈ ਤਾਂ ਉਹ ਆਪੂੰ ਟਾਕਰੇ ਤੇ ਆਏ। ਪੈਂਦੇ ਖ਼ਾਨ ਨੇ ਦੋ ਤੀਰ ਚਲਾਏ, ਪਰ ਗੁਰੂ ਜੀ ਦੋਵਾਂ ਨੂੰ ਬਚਾ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਕੰਨਾਂ ਦੀ ਸੇਧ ਲੈ ਐਸਾ ਤੀਰ ਚਲਾਇਆ ਕਿ ਪੈਂਦੇ ਖ਼ਾਨ ਉਥੇ ਹੀ ਚਿਤ ਹੋ ਗਇਆ। ਦੀਨ ਬੇਗ ਵੀ ਸਖ਼ਤ ਜ਼ਖਮੀ ਹੋਇਆ ਤੇ ਫ਼ੌਜਾਂ ਨੱਠ ਗਈਆਂ। ਸਿਖਾਂ ਨੇ ਰੋਪੜ ਤਕ ਪਿੱਛਾ ਕੀਤਾ। ਇਹ ਲੜਾਈ ੧੭੦੦ ਦੇ ਅਰੰਭ ਵਿਚ ਹੋਈ ਸੀ।

ਅਨੰਦਪੁਰ ਦੀ ਦੂਜੀ ਲੜਾਈ : ਪਹਾੜੀ ਰਾਜੇ ਤਾਂ ਇਹ ਸਮਝੀ ਬੈਠੇ ਸਨ ਕਿ ਅਨੰਦਪੁਰ ਦੇ ਸਿੱਧੇ ਟਾਕਰੇ ਵਿਚ ਗੁਰੂ ਜੀ ਨੂੰ ਐਸੀ ਹਾਰ ਹੋਵੇਗੀ ਕਿ ਕਾਂਟਾ ਨਿਕਲ ਜਾਏਗਾ, ਪਰ ਪੈਂਦੇ ਖ਼ਾਨ ਦੀ ਮੌਤ ਤੇ ਦੀਨ ਬੇਗ ਦੀ ਹਾਰ ਨੇ ਉਨ੍ਹਾਂ ਨੂੰ ਚਿੰਤਾਤੁਰ ਕੀਤਾ। ਉਨ੍ਹਾਂ ਸਾਰਿਆਂ ਨੇ ਸਾਂਝਾ ਹਮਲਾ ਕਰਨ ਦੀ ਵਿਉਂਤ ਬਣਾਈ। ਪਹਿਲਾਂ ਅਨੰਦਪੁਰ ਛੱਡਣ ਦੀ ਸੂਰਤ ਵਿਚ ਕੁਝ ਨਾ ਕਹਿਣ ਦਾ ਯਕੀਨ ਦਿਲਵਾਇਆ। ਗੁਰੂ ਜੀ ਨੇ ਡਟਕੇ ਉੱਤਰ ਦਿੱਤਾ ਕਿ ਇਹ ਧਰਤੀ ਕਿਸੇ ਦੀ ਨਹੀਂ, ਉਨ੍ਹਾਂ ਦੇ ਪਿਤਾ ਨੇ ਮੁੱਲ ਤਾਰ ਕੇ ਲਈ ਹੈ। ਪਹਾੜੀ ਰਾਜਿਆਂ ਨੇ ਗੁਜਰਾਂ ਤੇ ਰੰਘੜਾਂ ਨੂੰ ਵੱਡੀ ਗਿਣਤੀ ਵਿਚ ਫ਼ੌਜ ਵਿਚ ਸ਼ਾਮਲ ਕੀਤਾ, ਪਰ ਉਹ ਭੁੱਲ ਗਏ ਕਿ 'ਭਾੜੇ ਦੇ ਟੱਟੂ' ਬਹੁਤੀ ਦੇਰ ਤਕ ਟਿਕ ਨਹੀਂ ਸਕਦੇ। ਦੂਜੇ ਪਾਸੇ ਜਦ ਸਿੰਘਾਂ ਨੂੰ ਅਨੰਦਪੁਰ ਤੇ ਨਵੇਂ ਹਮਲੇ ਦੀ ਸੂਹ ਮਿਲੀ ਤਾਂ ਉਨ੍ਹਾਂ ਅਨੰਦਪੁਰ ਵਲ ਵਹੀਰਾਂ ਪਾ ਦਿੱਤੀਆਂ। ਮਾਝੇ ਤੇ ਮਾਲਵੇ ਵਿਚੋਂ ਹਜ਼ਾਰਾਂ ਲੋਕੀ ਜਾਨਾਂ ਵਾਰਨ ਪੁੱਜ ਗਏ। ਅਨੰਦਪੁਰ ਦੀ ਦੂਜੀ ਜੰਗ ਅਰੰਭ ਹੋ ਗਈ। ਭਾਈ ਦਇਆ ਸਿੰਘ, ਭਾਈ ਆਲਮ ਸਿੰਘ ਤੇ ਭਾਈ ਉਦੇ ਸਿੰਘ ਨੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਵਿਚ ਵੜਕੇ ਭਾਜੜ ਹੀ ਪਾ ਦਿੱਤੀ।

ਭਾਈ ਆਲਮ ਸਿੰਘ ਜੀ ਦੇ ਜੁਅਰਤਮਈ ਬਚਨ : ਭਾਈ ਆਲਮ ਸਿੰਘ ਸਿਖ ਫ਼ੌਜਾਂ ਦੇ ਝੰਡਾ ਬਰਦਾਰ ਸਨ। ਉਨ੍ਹਾਂ ਦੀ ਜੁਅਰਤ ਦੀ ਸਾਖੀ ਸਿਖ ਇਤਿਹਾਸ ਨੇ ਸਾਂਭੀ ਹੋਈ ਹੈ। ਉਹ ਜਦ ਫ਼ੌਜਾਂ ਚੀਰਦੇ ਬਹੁਤ ਅੱਗੇ ਨਿਕਲ ਗਏ ਤਾਂ ਵਿਰੋਧੀ ਫ਼ੌਜਾਂ ਨੇ ਪਕੜ ਕੈਦ ਪਾ ਲਇਆ ਤੇ ਝੰਡਾ ਹੱਥੋਂ ਛੱਡਣ ਦਾ ਹੁਕਮ ਦਿੱਤਾ। ਭਾਈ ਆਲਮ ਸਿੰਘ ਜੀ ਨੇ ਐਸਾ ਕਰਨ ਤੋਂ ਨਾਂਹ ਕਰ ਦਿੱਤੀ। ਵਿਰੋਧੀਆਂ ਕੜਕ ਕੇ ਆਖਿਆ, 'ਝੰਡਾ ਹੱਥੋਂ ਸੁੱਟ ਦੇ ਨਹੀਂ ਤਾਂ ਹੱਥ ਕੱਟ ਦਿੱਤੇ ਜਾਣਗੇ।' ਭਾਈ ਜੀ ਨੇ ਗੱਜ ਕੇ ਕਹਿਆ, "ਪੈਰਾਂ ਨਾਲ ਫੜ ਲਵਾਂਗਾਂ।" ਗੁੱਸੇ ਵਿਚ ਭਰੇ ਫ਼ੌਜਦਾਰ ਨੇ ਕਹਿਆ, "ਪੈਰ ਵੀ ਕੱਟ ਦਿਤੇ ਜਾਣਗੇ।" ਭਾਈ ਜੀ ਦਾ ਉਸੇ ਸਾਹ ਉੱਤਰ ਸੀ, "ਮੂੰਹ ਨਾਲ ਪਕੜ ਲਵਾਂਗਾ।" "ਤੇਰਾ ਸਿਰ ਉਡਾ ਦਿਤਾ ਜਾਏਗਾ" ਫ਼ੌਜਦਾਰ ਦਾ ਅਗਲਾ ਵਾਕ ਸੀ। ਭਾਈ ਜੀ ਨੇ ਉਸੇ ਦ੍ਰਿੜ੍ਹਤਾ ਨਾਲ ਕਹਿਆ, "ਐਸੀ ਸੂਰਤ ਵਿਚ ਕਲਗੀਆਂ ਵਾਲਾ ਆਪੇ ਰਖਿਆ ਕਰੇਗਾ।" ਸਿਰ ਬੇਸ਼ਕ ਉੜਾ ਦਿਤਾ ਗਇਆ, ਪਰ ਭਾਈ ਸਾਹਿਬ ਨੇ ਝੰਡੇ ਨੂੰ ਨੀਵਾਂ ਨਾ ਹੋਣ ਦਿਤਾ।

ਅਨੰਦਪੁਰ ਦੀ ਜੰਗ ਕਈ ਦਿਨ ਚਲਦੀ ਰਹੀ ਤੇ ਸੂਰਮਗਤੀ ਦੀਆਂ ਕਈ ਉਦਾਹਰਨਾਂ ਸਾਹਮਣੇ ਆਈਆਂ। ਜਦ ਲੜਦੇ ਕਈ ਦਿਨ ਹੋ ਗਏ ਤਾਂ ਪਹਾੜੀ ਰਾਜਿਆਂ ਨੇ ਨਵੀਂ ਵਿਉਂਤ ਬਣਾ ਕੇ ਅਨੰਦਪੁਰ ਦੇ ਵੱਡੇ ਕਿਲ੍ਹੇ ਦਾ ਦਰਵਾਜ਼ਾ ਤੋੜਨ ਲਈ ਇਕ ਮਸਤ ਹਾਥੀ ਨੂੰ ਸੱਤ ਲੋਹੇ ਦੇ ਤਵੇ ਬੰਨ੍ਹ ਤੇ ਅੱਗੇ ਨੇਜ਼ੇ ਲਗਾ ਕੇ ਕਿਲ੍ਹੇ ਦੇ ਦੁਆਰ ਵਲ ਭੇਜ ਦਿੱਤਾ ਤੇ ਪਿੱਛੇ ਫ਼ੌਜਾਂ ਚੱਲ ਪਈਆਂ।

ਭਾਈ ਬਚਿਤ੍ਰ ਸਿੰਘ ਜੀ ਦਾ ਕਮਾਲ : ਇਧਰ ਮਸਤ ਹਾਥੀ ਕਿਲ੍ਹੇ ਵਲ ਭੇਜਿਆ ਤੇ ਉਧਰੋਂ ਅਨੰਦਪੁਰ ਦਾ ਘੇਰਾ ਪਾ ਲਇਆ ਤਾਂ ਕਿ ਰਸਦ-ਪਾਣੀ ਆਉਣ ਜਾਣ ਤੋਂ ਰੋਕ ਦਿਤੀ ਜਾਏ।

ਜਦ ਹਾਥੀ ਨੂੰ ਮਸਤ ਕਰ ਕਿਲ੍ਹਾ ਤੋੜਨ ਦੀ ਖ਼ਬਰ ਗੁਰੂ ਜੀ ਪਾਸ ਆਈ ਤਾਂ ਉਨ੍ਹਾਂ ਨੇ ਭਾਈ ਮਨੀ ਸਿੰਘ ਜੀ ਦੇ ਸਪੁਤ੍ਰ ਭਾਈ ਬਚਿਤ੍ਰ ਸਿੰਘ ਨੂੰ ਥਾਪੀ ਦੇ ਕੇ ਹਾਥੀ ਦਾ ਮੁਕਾਬਲਾ ਕਰਨ ਲਈ ਤਿਆਰ ਕਰ ਦਿਤਾ। ਆਪਣੀ ਹੱਥੀਂ ਨਾਗਣੀ ਬਰਛਾ ਦਿਤਾ ਤੇ ਆਉਂਦੇ ਹਾਥੀ ਦੇ ਟਾਕਰੇ ਲਈ ਪਹਲਾਂ ਹੀ ਵਡੇ ਦਰਵਾਜ਼ੇ ਤੋਂ ਬਾਹਰ ਭੇਜ ਦਿਤਾ। ਭਾਈ ਜੀ ਨੇ ਆਉਂਦੇ ਹਾਥੀ ਤੇ ਐਸਾ ਵਾਰ ਕੀਤਾ ਕਿ ਉਹ ਘਾਇਲ ਹੋ ਗਇਆ। ਫ਼ੱਟੜ ਹਾਥੀ ਪਿਛਾਂ ਵਲ ਨੱਸਿਆ ਤੇ ਮਸਤ ਹਾਥੀ ਨੇ ਪਹਾੜੀ ਫ਼ੌਜਾਂ ਨੂੰ ਲਿਤਾੜ ਲਿਤਾੜ ਸੁੱਟਿਆ। ਇਹ ਜੰਗ ੧੭੦੧ ਦੀ ਨਵੰਬਰ ਨੂੰ ਹੋਈ।

ਨਿਰਮੋਹੀ ਦੀ ਜੰਗ : ਜਦ ਸਾਰੇ ਹਥਿਆਰ ਅਸਫ਼ਲ ਹੋ ਗਏ ਤਾਂ ਉਨ੍ਹਾਂ ਧੋਖੇ ਨੂੰ ਆਪਣਾ ਹਥਿਆਰ ਬਣਾਇਆ। ਨਿਰਮੋਹੀ ਇਕ ਉਚੇ ਟਿਲੇ ਤੇ ਕੱਚੀ ਗੜ੍ਹੀ ਸੀ। ਗੁਰੂ ਜੀ ਨੇ ਟਿਕਾਣਾ ਕੀਤਾ ਹੀ ਸੀ ਕਿ ਪਹਾੜੀ ਰਾਜਿਆਂ ਨੇ ਆਪਣੀਆਂ ਕਸਮਾਂ ਨੂੰ ਛਿਕੇ ਤੇ ਟੰਗ ਦਿੱਤਾ ਤੇ ਗੁਰੂ ਜੀ ਨੂੰ ਇਕੱਲਿਆਂ ਜਾਣ ਕੇ ਹਮਲਾ ਕਰ ਦਿੱਤਾ, ਪਰ ਗੁਰੂ ਜੀ ਦੇ ਤੀਰਾਂ ਅਤੇ ਸਿਖਾਂ ਦੀ ਜੁਅਰਤ ਅਗੇ ਉਨ੍ਹਾਂ ਦੀ ਇਕ ਵੀ ਪੇਸ਼ ਨਾ ਗਈ। ਪਹਾੜੀ ਰਾਜਿਆਂ ਨੇ ਮੁਸਲਮਾਨ ਬੰਦੂਕਚੀ ਨੂੰ ਤਿਆਰ ਕੀਤਾ ਕਿ ਉਹ ਗੁਰੂ ਜੀ ਨੂੰ ਗੋਲੀ ਮਾਰੇ। ਬੰਦੂਕਚੀ ਨੇ ਨਿਸ਼ਾਨਾ ਬੰਨ੍ਹਿਆ ਤੇ ਗੋਲੀ ਗੁਰੂ ਜੀ ਦੇ ਸੇਵਾਦਾਰ ਨੂੰ ਜੋ ਪੱਖਾ ਝੱਲਣ ਦੀ ਸੇਵਾ ਕਰ ਰਹਿਆ ਸੀ, ਜਾ ਵੱਜੀ। ਦੂਜੀ ਗੋਲੀ ਭਰਨ ਦੀ ਉਹ ਅਜੇ ਤਿਆਰੀ ਕਰ ਹੀ ਰਹਿਆ ਸੀ ਕਿ ਗੁਰੂ ਜੀ ਨੇ ਉਸ ਨੂੰ ਤੀਰ ਨਾਲ ਮਾਰ ਮੁਕਾਇਆ।

ਪਹਾੜੀ ਰਾਜਿਆਂ ਨੇ ਸਰਹੰਦ ਦੇ ਨਵਾਬ ਨੂੰ ਇਕ ਦਰਦ ਭਰੀ ਅਪੀਲ ਭੇਜੀ ਕਿ ਉਨ੍ਹਾਂ

ਦੀ ਮਦਦ ਕਰੇ। ਸਰਹੰਦ ਦੇ ਨਵਾਬ ਨੂੰ ਔਰੰਗਜ਼ੇਬ ਨੇ ਵੀ ਲਿਖਿਆ ਸੀ ਕਿ ਉਹ ਅਨੰਦਪੁਰ ਤੇ ਚੜ੍ਹਾਈ ਕਰੇ। ਵਜ਼ੀਰ ਖਾਨ ਆਪ ਚੜ੍ਹਾਈ ਕਰਕੇ ਅਨੰਦਪੁਰ ਪੁੱਜਾ। ਇਹ ਸਾਂਝਾ ਹਮਲਾ ਸਤੰਬਰ-ਅਕਤੂਬਰ ਸੰਨ ੧੭੦੨ ਵਿਚ ਕੀਤਾ ਗਇਆ। ਗੁਰੂ ਜੀ ਅਨੰਦਪੁਰ ਤੋਂ ਕੁਝ ਹੀ ਮੀਲ ਦੂਰ ਸਨ। ਵਜ਼ੀਰ ਖਾਨ ਤੇ ਪਹਾੜੀ ਰਾਜੇ ਨਿਰਮੋਹੀ ਦੇ ਟਿੱਲੇ ਦੇ ਨੇੜੇ ਆ ਗਏ। ਗੁਰੂ ਜੀ ਫ਼ੌਜ ਦੀ ਗਿਣਤੀ ਘਟ ਜਾਣ ਕਾਰਣ ਇਕ ਤਗੜਾ ਹੱਲਾ ਬੋਲਿਆ, ਪਰ ਗੁਰੂ ਮਹਾਰਾਜ ਦੇ ਤੀਰਾਂ ਅਤੇ ਸਿਖਾਂ ਦੇ ਜਾਨ ਮਾਰੂ ਹੌਂਸਲਿਆਂ ਅੱਗੇ ਉਨ੍ਹਾਂ ਸਾਰਿਆਂ ਦੀ ਪੇਸ਼ ਨਾ ਗਈ। ਸਰਦੀ ਨੇੜੇ ਪੁਜਦੀ ਜਾਣ ਕੇ ਵਜ਼ੀਰ ਖਾਨ ਵਾਪਸ ਮੁੜਨਾ ਚਾਹੁੰਦਾ ਸੀ। ਸੋ ਉਨ੍ਹਾਂ ਨੇ ਗੁਰੂ ਜੀ ਤਕ ਇਤਨੀ ਬੇਨਤੀ ਭੇਜੀ ਕਿ ਦੋਵੇਂ ਧਿਰਾਂ ਪਹਾੜੀ ਰਾਜੇ ਤੇ ਗੁਰੂ ਜੀ ਵਿਚਕਾਰ ਅਮਨ ਹੋ ਸਕਦਾ ਹੈ ਜੇ ਉਹ ਕੁਝ ਚਿਰ ਲਈ ਬਸਾਲੀ ਚਲੇ ਜਾਣ। ਗੁਰੂ ਜੀ ਬਸਾਲੀ ਜਾਣਾ ਮੰਨ ਗਏ ਪਰ ਉਹ ਜਾਣਦੇ ਸਨ ਕਿ ਇਕ ਹੋਰ ਹੱਲੇ ਦਾ ਟਾਕਰਾ ਕਰਨਾ ਪੈਣਾ ਹੈ।

ਬਸਾਲੀ ਦਾ ਜੰਗ : ਸੰਧੀ ਅਨੁਸਾਰ ਦਸ਼ਮੇਸ਼ ਗੁਰੂ ਬਸਾਲੀ ਵਲ ਚਲ ਪਏ। ਗੁਰੂ ਜੀ ਨੇ ਕੁਝ ਚੋਣਵੇਂ ਸਰਦਾਰ ਨਾਲ ਹੀ ਰਖੇ। ਫ਼ੌਜਾਂ ਸਤਲੁਜ ਪਾਰ ਪਈਆਂ ਕਰਦੀਆਂ ਸਨ ਕਿ ਮੁਗ਼ਲ ਫ਼ੌਜਾਂ ਨੇ ਹੱਲਾ ਬੋਲ ਦਿੱਤਾ, ਪਰ ਸਿਖ ਬਚ ਕੇ ਸਤਲੁਜ ਪਾਰ ਹੋ ਗਏ। ਕਹਿਲੂਰ ਦੇ ਰਾਜੇ ਨੇ ਵੀ ਗੁਰੂ ਜੀ ਤੇ ਮਾਰੂ ਹੱਲਾ ਬੋਲਿਆ, ਪਰ ਉਸ ਨੂੰ ਵੀ ਮੂੰਹ ਦੀ ਖਾਣੀ ਪਈ। ਪਹਾੜੀ ਰਾਜਿਆਂ ਖ਼ੁਸ਼ੀ ਮਨਾਈ ਕਿ ਗੁਰੂ ਜੀ ਤੋਂ ਛੁਟਕਾਰਾ ਮਿਲ ਗਇਆ ਹੈ ਤੇ ਉਹ ਅਨੰਦਪੁਰ ਤੋਂ ਦੂਰ ਬਸਾਲੀ ਟੁਰ ਗਏ ਹਨ।

ਵਾਪਸ ਅਨੰਦਪੁਰ ਤੇ ਅਨੰਦਪੁਰ ਦੀ ਤੀਜੀ ਲੜਾਈ : ਥੋੜ੍ਹੀ ਦੇਰ ਬਸਾਲੀ ਤੇ ਫ਼ਿਰ ਬਭੋਰ ਸਾਹਿਬ ਰਹਿਕੇ ਗੁਰੂ ਜੀ ਵਾਪਸ ਅਨੰਦਪੁਰ ਮੁੜ ਆਏ। ਪਹਾੜੀ ਰਾਜਿਆਂ ਨੇ ਵੀ ਕੁਝ ਚਿਰ ਚੁੱਪ ਰਹਣਾ ਹੀ ਮੁਨਾਸਬ ਸਮਝਿਆ ਅਤੇ ਗੁਰੂ ਜੀ ਨੇ ਖਿਮਾਂ ਦਿੰਦੇ ਹੋਇਆਂ ਕਹਿਆ ਕਿ ਉਹ (ਗੁਰੂ ਜੀ) ਅੱਗੇ ਹੀ ਸ਼ਾਂਤੀ ਚਾਹੁੰਦੇ ਹਨ। ਗੁਰੂ ਜੀ ਇਹ ਜਾਣਦੇ ਸਨ ਕਿ ਪਹਾੜੀ ਰਾਜੇ ਸਮੇਂ ਦੀ ਭਾਲ ਵਿਚ ਹਨ ਜਦੋਂ ਫਿਰ ਹਮਲਾ ਕੀਤਾ ਜਾ ਸਕੇ। ਕੁਰਕੁਸ਼ੇਤ੍ਰ ਤੋਂ ਰਾਹ ਮੁੜਦਿਆਂ ਗੁਰੂ ਜੀ ਤੇ ਉਹ ਭਰਪੂਰ ਵਾਰ ਕਰ ਵੀ ਚੁਕੇ ਸਨ, ਪਰ ਕਾਮਯਾਬ ਨਾ ਹੋਏ।

ਲਾਹੌਰ ਦੇ ਹਾਲਾਤ ਵੀ ਠੀਕ ਨਹੀਂ ਸਨ। ਜ਼ਬਰਦਸਤ ਖਾਨ ਕਾਬਲ ਦੀ ਮੁਹਿੰਮ ਤੇ ਗਇਆ ਹੋਇਆ ਸੀ। ਹਿਫ਼ਜ਼ਲਾਤ ਖਾਨ (ਮੀਆ ਖਾਨ) ਵੀ ਸਿੰਧ ਤੋਂ ਆਉਂਦਾ ਰਾਹ ਵਿਚ ਹੀ ਮਰ ਗਇਆ। ਨਵਾਂ ਨਾਇਬ ਲਭਦਿਆਂ ਬਹੁਤ ਦੇਰੀ ਲਗਣੀ ਸੀ ਅਤੇ ਲਾਹੌਰ ਦਾ ਕੰਮ ਕਾਜ ਅਬੂ ਨਾਸਰ ਨੇ ਸੰਭਾਲਿਆ, ਪਰ ਉਸ ਨੇ ਹਿੰਦੂਆਂ ਸਿਖਾਂ-ਮੁਸਲਮਾਨਾਂ ਤੇ ਜ਼ੁਲਮਾਂ ਦੀ ਹੱਦ ਹੀ ਕਰ ਦਿੱਤੀ। ਜ਼ੋਰ ਨਾਲ ਕਰ ਉਗ੍ਰਾਹੁੰਦਾ ਤੇ ਨਿਤ ਨਵੇਂ ਕਰ ਲਗਾਉਂਦਾ। ਇਤਨੇ ਨੂੰ ਜ਼ਬਰਦਸਤ ਖਾਨ ਵੀ ਪੁੱਜ ਗਇਆ। ੪ ਨਵੰਬਰ ੧੭੦੨ ਨੂੰ ਉਸ ਨੇ ਲਾਹੌਰ ਅਤੇ ਲੱਖੀ ਜੰਗਲ ਦਾ ਫ਼ੌਜਦਾਰ ਥਾਪਿਆ ਗਇਆ। ਲੱਖੀ ਜੰਗਲ ਦੀ ਫ਼ੌਜਦਾਰੀ ਦੇਣ ਦਾ ਕਾਰਨ, ਗੁਰੂ ਮਹਾਰਾਜ ਦਾ ਲੱਖੀ ਜੰਗਲ ਤੇ ਪ੍ਰਭਾਵ ਦਾ ਬਹੁਤ ਵਧ ਜਾਣਾ ਸੀ। ਉਸ ਨੇ ਵੀ ਜ਼ੁਲਮਾਂ ਦਾ ਚੱਕਰ ਚਲਾਇਆ।

ਪਹਾੜੀ ਰਾਜਿਆਂ ਨੇ ਜ਼ਬਰਦਸਤ ਖਾਨ ਤੇ ਮੀਆ ਖਾਨ ਨੂੰ ਲਿਖਿਆ ਕਿ ਗੁਰੂ ਵਿਰੁਧ ਮਦਦ ਭੇਜੇ। ਦਿੱਲੀ ਤੋਂ ਸਯਦ ਬੇਗ ਤੇ ਅਲਫ਼ ਖਾਨ ਲਾਹੌਰ ਵਲ ਜਾ ਰਹੇ ਸਨ। ਮੀਆ ਖਾਨ ਨੇ ਉਨ੍ਹਾਂ ਦੋਨਾਂ ਨੂੰ ਅਨੰਦਪੁਰ ਤੇ ਹੱਲਾ ਕਰਨ ਲਈ ਮਨਵਾ ਲਇਆ ਤੇ ਰਾਜਿਆਂ ਨੇ ਉਨ੍ਹਾਂ ਨੂੰ ਰੋਜ਼ ਦਾ ਦੋ ਦੋ ਹਜ਼ਾਰ ਰੁਪੈ ਦੇਣੇ ਵੀ ਕਰ ਲਏ।

ਅਨੰਦਪੁਰ ਦੀ ਤੀਜੀ ਲੜਾਈ ਅਰੰਭ ਹੋ ਗਈ। ਕੁਝ ਦਿਨ ਚੰਗੀ ਲੜਾਈ ਹੁੰਦੀ ਰਹੀ। ਸਯਦ ਬੇਗ ਇਕ ਵਾਰੀ ਪਹਿਲਾਂ ਗੁਰੂ ਜੀ ਦੇ ਦਰਸ਼ਨ ਕਰ ਚੁਕਾ ਸੀ। ਉਹ ਸੋਚਣ ਲੱਗ ਪਇਆ ਕਿ ਥੋੜ੍ਹੇ ਜਹੇ ਪੈਸਿਆਂ ਲਈ ਅਲਾਹ ਦੇ ਫਕੀਰ ਵਿਰੁਧ ਲੜਨਾ ਮੋਮਨ-ਪੁਣਾ ਨਹੀਂ। ਉਸ ਲੜਾਈ ਛੱਡ ਦਿਤੀ ਤੇ ਹਥਿਆਰ ਹੀ ਸੁਟ ਦਿਤੇ। ਉਸ ਸਿਰਫ ਹਥਿਆਰ ਸੁਟਣਾ ਹੀ ਠੀਕ ਨਾ ਸਮਝਿਆ ਸਗੋਂ ਗੁਰੂ ਜੀ ਵਲੋਂ ਹੋ ਕੇ ਲੜਨਾ ਵੀ ਅਰੰਭ ਕਰ ਦਿੱਤਾ। ਇਸ ਤੋਂ ਪਹਿਲਾਂ ਮੈਮੂ ਖਾਨ ਵੀ ਗੁਰੂ ਜੀ ਦੀ ਫ਼ੌਜ ਵਿਚ ਹਥਿਆਰ ਸੁੱਟ ਕੇ ਸ਼ਾਮਲ ਹੋ ਗਇਆ ਸੀ। ਅਲਫ਼ ਖਾਨ ਬੁਰੀ ਤਰ੍ਹਾਂ ਜ਼ਖ਼ਮੀ ਹੋਇਆ ਤੇ ਆਪਣੀਆਂ ਰਹਿੰਦੀਆਂ ਫ਼ੌਜਾਂ ਨੂੰ ਲੈ ਕੇ ਵਾਪਸ ਮੁੜ ਗਇਆ। ਸਯਦ ਬੇਗ ਗੁਰੂ ਜੀ ਦੀਆਂ ਫ਼ੌਜਾਂ ਵਿਚ ਟਿਕ ਗਇਆ ਤੇ ਅੰਤਲੇ ਸੁਆਸਾਂ ਤਕ ਗੁਰੂ ਜੀ ਵਲੋਂ ਹੋਕੇ ਲੜਦਾ ਰਹਿਆ।

ਪਹਾੜੀ ਰਾਜਿਆਂ ਨੇ ਇਤਨੀ ਸੱਟ ਖਾ ਕੇ ਵੀ ਚੁੱਪ ਕਟੀ ਨਾ ਕੀਤੀ ਤੇ ਔਰੰਗਜ਼ੇਬ ਕੋਲੋਂ ਸਿੱਧੀ ਮਦਦ ਮੰਗੀ। ਔਰੰਗਜ਼ੇਬ ਨੇ ਸੈਦ ਖਾਨ ਨੂੰ ਗੁਰੂ ਜੀ ਵਿਰੁੱਧ ਚੜ੍ਹਾਈ ਕਰਨ ਲਈ ਭੇਜਿਆ। ਸੈਦ ਖਾਨ ਇਕ ਸੁਘੜ ਜਰਨੈਲ ਸੀ ਤੇ ਪੀਰ ਬੁਧੂ ਸ਼ਾਹ ਦਾ ਵੀ ਸਾਲਾ ਸੀ। ਮੁਸਲਮਾਨਾਂ ਦੀ ਹਮਾਇਤ ਖਿਚਣ ਲਈ ਇਹ ਉਪਰਾਲਾ ਕੀਤਾ ਗਿਆ ਲਗਦਾ ਹੈ। ਪੀਰ ਬੁਧੂ ਸ਼ਾਹ ਨੇ ਉਸ ਨੂੰ ਰੋਕਣਾ ਚਾਹਿਆ, ਪਰ ਉਹ ਸਗੋਂ ਹੋਰ ਤਿੱਖਾ ਹੋ ਕੇ ਫ਼ੌਜਾਂ ਸਮੇਤ ਅਨੰਦਪੁਰ ਪੁਜ ਗਿਆ। ਜੰਗ ਅਰੰਭ ਹੋਈ। ਦੋਵੇਂ ਧਿਰਾਂ ਜੰਮ ਕੇ ਲੜੀਆਂ। ਸੈਦ ਖਾਨ ਗੁਰੂ ਜੀ ਦੀ ਅਜ਼ਮਤ ਦੀਆਂ ਕਹਾਣੀਆਂ ਸੁਣ ਚੁਕਾ ਸੀ। ਉਸ ਮਨ ਵਿਚ ਇਹ ਸੋਚਿਆ ਕਿ ਜੇ ਗੁਰੂ ਅੰਤਰ-ਜਾਮੀ ਹੈ ਤਾਂ ਮੇਰੇ ਸਾਮ੍ਹਣੇ ਇਕਲਿਆਂ ਦੁਵਲੀ ਲੜਾਈ ਲੜੇ। ਗੁਰੂ ਜੀ ਵੀ ਦੁਵਲੀ ਹੀ ਲੜਾਈ ਚਾਹੁੰਦੇ ਸਨ, ਪਰ ਜਦ ਉਹ ਸਾਮ੍ਹਣੇ ਹੋਏ ਤਾਂ ਸੈਦ ਖਾਨ ਪੁਕਾਰ ਉਠਿਆ:

'ਖ਼ੁਦਾ ਆਇਦ ਖ਼ੁਦਾ ਆਇਦ ਕਿ ਮੇ ਆਇਦ ਖ਼ੁਦਾਬੰਦਾ।
ਹਕੀਕਤ ਦਰ ਮਜਾਜ਼ ਆਇਦ, ਕਿ ਮੁਰਦਾ ਰਾ ਕੁਨਦ ਜ਼ਿੰਦਾ।

"ਲੋਕੋ ਰੱਬ ਆਇਆ ਹੈ ਕਿ ਰੱਬ ਦਾ ਬੰਦਾ ਆਇਆ ਹੈ, ਰੱਬੀ ਨੂਰ ਸਰੀਰਕ ਜਾਮੇ ਵਿਚ ਆ ਗਿਆ ਹੈ, ਜਿਸ ਨੇ ਮੈਨੂੰ ਮੁਰਦੇ ਨੂੰ ਜਿਵਾਲ ਦਿੱਤਾ ਹੈ।"

ਸੈਦ ਖਾਨ ਨੇ ਵੀ ਹਥਿਆਰ ਸੁਟ ਦਿਤੇ ਤੇ ਗੁਰੂ ਜੀ ਦੀ ਫ਼ੌਜ ਵਿਚ ਸ਼ਾਮਲ ਹੋਣਾ ਚਾਹਿਆ। ਗੁਰੂ ਜੀ ਨੇ ਉਸ ਨੂੰ ਅਲਾਹ ਦੀ ਯਾਦ ਵਿਚ ਜੁੜਨ ਲਈ ਹੀ ਕਹਿਆ। ਉਹ ਕਾਂਗੜਾ ਟੁਰ ਗਿਆ। ਪਿਛੋਂ ਜਦ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਤੋਂ ਮੁਕਤਸਰ ਵਲ ਗਏ ਤਾਂ ਸੈਦ ਖਾਨ ਗੁਰੂ ਜੀ ਪਾਸ ਆ ਗਇਆ ਤੇ ਅੰਤ ਸਮੇਂ ਤਕ ਗੁਰੂ ਜੀ ਪਾਸ ਰਿਹਾ।

ਅਨੰਦਪੁਰ ਦੀ ਚੌਥੀ ਲੜਾਈ: ਜਦ ਸਰਹੰਦ ਦੇ ਨਵਾਬ ਨੇ ਇਹ ਡਿਠਾ ਕਿ ਔਰੰਗਜ਼ੇਬ ਦਾ ਖਾਸ ਜਰਨੈਲ ਵੀ ਨਹੀਂ ਟਿਕ ਸਕਿਆ ਤਾਂ ਜਹਾਦ ਦਾ ਨਾਅਰਾ ਬੋਲਿਆ ਗਿਆ। ਸਿਖਾਂ ਵਿਚ ਐਸੀ ਬੀਰਤਾ ਭਰੀ ਜਾ ਚੁਕੀ ਸੀ ਕਿ ਉਹ ਇਕ ਦੂਜੇ ਹੱਲੇ ਨੂੰ ਕੁਝ ਜਾਣਦੇ ਹੀ ਨਹੀਂ ਸਨ। ਲਾਹੌਰ, ਜੰਮੂ, ਸਰਹੰਦ, ਰੰਘੜ, ਗੁਜਰ ਇਕ ਪਾਸੇ ਹੈਦਰੀ ਝੰਡੇ ਲੈ ਕੇ ਉਠੇ। ਦੂਜੇ ਪਾਸੇ ਕਹਿਲੂਰ ਦੇ ਅਜਮੇਰ ਚੰਦ, ਕਾਂਗੜ ਦੇ ਘੁਮੰਡ ਚੰਦ, ਜਸਵਾਲ ਦੇ ਬੀਰ ਸਿੰਘ, ਨਾਲਾ ਗੜ੍ਹ, ਕੁਲੂ, ਕੈਂਥਲ, ਮੰਡੀ, ਜੰਮੂ, ਨੂਰ, ਚੰਬਾ, ਗੜ੍ਹਵਾਲ, ਬੁਸਹਿਰ, ਬਿਜਰਵਾਲ, ਦਦਵਾਲ ਦੇ ਰਾਜੇ ਫ਼ੌਜਾਂ ਲੈ ਮੈਦਾਨ ਵਿਚ ਆਏ। ਉਧਰੋਂ ਸਿਖ ਵੀ ਵਹੀਰਾਂ ਪਾ ਅਨੰਦਪੁਰ ਚਲ ਪਏ। ਗੁਰੂ ਜੀ ਨੇ ਹਰ ਕਿਲ੍ਹੇ ਲਈ ਇਕ ਇਕ ਜੱਥਾ ਨਿਯਤ ਕੀਤਾ।

ਇਸ ਵਾਰੀ ਵਿਰੋਧੀ ਫ਼ੌਜਾਂ ਨੇ ਆਪਣੀ ਯੁੱਧ-ਨੀਤੀ ਵਿਚ ਤਬਦੀਲੀ ਕੀਤੀ। ਸਿਧੇ ਹਮਲੇ ਦੀ ਥਾਵੇਂ ਘੇਰਾ ਪਾ ਲਇਆ। ਘੇਰੇ ਵਿਚ ਘਿਰਿਆਂ ਹੋਇਆਂ ਨਾਲ ਸਦਾ ਸੌਖੀ ਹੋ ਜਾਂਦੀ

ਹੈ। ਦੂਜੇ ਪਾਸੇ ਘੇਰੇ ਪਾਉਣ ਵਾਲਿਆਂ ਨੂੰ ਵੱਧ ਖੇਚਲ ਉਠਾਣੀ ਪੈਂਦੀ ਹੈ। ਸਭ ਤੋਂ ਵੱਡੀ ਤਕਲੀਫ਼ ਅੰਨ ਤੇ ਪਾਣੀ ਦੀ ਆਉਂਦੀ ਹੈ। ਅੰਨ-ਰਸਦ ਲਈ ਉਹ ਇਰਦ-ਗਿਰਦ ਦੇ ਇਲਾਕਿਆਂ ਵਿਚ ਲੁੱਟ ਵੀ ਮਚਾ ਦਿੰਦੇ ਹਨ। ਇਸ ਲਈ ਇਥੇ ਵੀ ਥੋੜ੍ਹੇ ਜਹੇ ਚਿਰ ਪਿਛੋਂ ਹਰ ਪ੍ਰਾਣੀ ਦੀ ਹਮਦਰਦੀ ਗੁਰੂ ਜੀ ਨਾਲ ਹੋਣ ਲੱਗੀ। ਪੰਜਾਬ ਵਿਚ ਇਕ ਤੂਫ਼ਾਨ ਹੀ ਉੱਠ ਖਲੋਤਾ। ਇਹ ਡਰ ਭਾਸਣ ਲੱਗਾ ਕਿ ਮਤਾਂ ਪੰਜਾਬ ਵਿਚ ਇਕ ਵੱਡਾ ਹੱਲਾ ਹੀ ਨਾ ਹੋ ਜਾਏ। ਸੋ ਉਨ੍ਹਾਂ ਕੁਰਾਨ ਤੇ ਗਊ ਦੀਆਂ ਕਸਮਾਂ ਉਠਾ ਗੁਰੂ ਜੀ ਨੂੰ ਕਿਲ੍ਹਾ ਛੱਡ ਜਾਣ ਲਈ ਕਹਿਆ।

ਕਿਲ੍ਹੇ ਦੇ ਅੰਦਰ ਦੀ ਹਾਲਤ ਵੀ ਚਿੰਤਾਜਨਕ ਹੋ ਗਈ ਸੀ। ਸਿਖ ਭਾਵੇਂ ਡਟ ਕੇ ਮੁਕਾਬਲਾ ਕਰ ਰਹੇ ਸਨ, ਪਰ ਅੰਦਰ ਖਾਣ ਪੀਣ ਦਾ ਸਾਮਾਨ ਮੁਕਦਾ ਜਾ ਰਹਿਆ ਸੀ। ਘਾਹ, ਪੱਠੇ ਤੇ ਪਾਣੀ ਦੀ ਥੁੜ੍ਹ ਕਾਰਨ ਜਾਨਵਰ ਮਰਨੇ ਸ਼ੁਰੂ ਹੋ ਗਏ ਸਨ। ਅੰਨ ਦਾ ਜੋ ਭੰਡਾਰ ਸੀ, ਉਹ ਤਕਰੀਬਨ ਮੁਕ ਹੀ ਗਇਆ ਸੀ। ਦੂਰੋਂ ਜੇ ਕਿਧਰੇ ਮਿਲਦਾ ਵੀ ਸੀ ਤਾਂ ਸੈਨਾਪਤਿ ਦੇ ਲਿਖਣ ਅਨੁਸਾਰ "**ਏਕ ਰੁਪੀਐ ਸੇਰ ਵਿਕਾਵੈ। ਸੋ ਭੀ ਢੂੰਢਤ ਹਾਥ ਨਾ ਆਵੈ।**" ਸਿੰਘਾਂ ਛਾਪੇ ਵੀ ਮਾਰਨੇ ਅਰੰਭੇ, ਪਰ ਇਹ ਤਰੀਕਾ ਵੀ ਬਹੁਤੀ ਦੇਰ ਸਫਲ ਨਾ ਹੋ ਸਕਿਆ। ਵੈਰੀਆਂ ਨੇ ਉਸ ਨਾਲੇ ਦਾ ਮੂੰਹ ਵੀ ਦੂਜੇ ਪਾਸੇ ਮੋੜ ਦਿਤਾ ਜਿਸ ਰਾਹੀਂ ਕਿਲ੍ਹੇ ਵਿਚ ਪਾਣੀ ਪੁੱਜਦਾ ਸੀ। ਪ੍ਰਸ਼ਾਦੀ ਹਾਥੀ ਵਰਗੇ ਕਈ ਬਹੁਮੁੱਲੇ ਪਸ਼ੂ ਅੰਨ-ਪਾਣੀ ਨਾ ਮਿਲਣ ਕਾਰਨ ਮਰ ਗਏ। ਨੀਤੀ ਇਹ ਹੀ ਮੰਗ ਕਰਦੀ ਸੀ ਕਿ ਜੇ ਸਮਾਂ ਮਿਲੇ ਤਾਂ ਬਚਕੇ ਕਿਲ੍ਹੇ ਵਿਚੋਂ ਨਿਕਲ ਜਾਣਾ ਠੀਕ ਹੈ। ਪਰ ਇਹ ਸਚਾਈ ਨਹੀਂ ਕਿ ਕਿਸੇ ਨੇ ਭੁੱਖ ਤੋਂ ਤੰਗ ਆ ਕੇ ਕਦੇ ਬੇਦਾਵਾ ਦਿੱਤਾ ਹੋਵੇ। ਸਮਕਾਲੀ ਸੈਨਾਪਤਿ ਇਹ ਲਿਖਦਾ ਹੈ ਕਿ ਜਦ ਭੁੱਖ ਦੀ ਅਤਿ ਹੋ ਗਈ ਤਾਂ ਨਗਰ ਦੇ ਲੋਕ ਤੇ ਸਾਰੇ ਸਿਖਾਂ ਨੇ ਮਿਲ ਕੇ ਗੁਰੂ ਮਹਾਰਾਜ ਪਾਸ ਅਨੰਦਪੁਰ ਛੱਡ ਦੇਣ ਵਾਸਤੇ ਬੇਨਤੀ ਕੀਤੀ। ਸਗੋਂ ਇਸ ਗੱਲ ਉਤੇ ਜ਼ੋਰ ਦੇਣ ਲਗੇ :

ਦਰ ਕੇ ਆਗੈ ਕਰੀ ਪੁਕਾਰਾ।
ਅੰਨ ਬਿਨਾ ਜੀਉ ਜਾਇ ਹਮਾਰਾ ।੪੭।੪੬੦।
ਦੇਖਹੁ ਬਹ ਹਵਾਲ ਅਬਭਯੋ।
ਰਹੇ ਸੁ ਹਾਡ ਚਾਮਿ ਉਜਿ ਗਯੋ ।੫੮।੪੬੨। **(ਗੁਰੂ ਸੋਭਾ)**

ਗੁਰੂ ਜੀ ਨੇ ਇਤਨੀ ਗੱਲ ਕਹੀ ਕਿ ਕੁਝ ਦਿਨ ਹੋਰ ਕਟੋ ਤਾਂ ਸਭ ਕੁਝ ਠੀਕ ਹੋ ਜਾਏਗਾ।

'ਕੇਤਕ ਦਿਨ ਤੁਮ ਔਰ ਬਿਤਾਵੋ।
ਫਿਰ ਮਨ ਇਛੇ ਭੋਜਨ ਪਾਵੋ।'੫੯।੪੬੨।

ਗੁਰੂ ਜੀ ਨੇ ਇਹ ਵੀ ਕਹਿਆ ਕਿ ਜਦ ਵੀ ਅਨੰਦਪੁਰ ਛਡਿਆ ਬੜੀਆਂ ਸ਼ਹੀਦੀਆਂ ਹੋਣਗੀਆਂ। ਲੋਕਾਂ ਨੇ ਇਹ ਵੀ ਕਹਿਆ ਜਦ ਉਹ ਕਸਮਾਂ ਉਠਾਂਦੇ ਹਨ ਤਾਂ ਕੁਝ ਵੀ ਬੁਰਾ ਨਹੀਂ ਹੁੰਦਾ।[1]

ਗੁਰੂ ਜੀ ਭਾਵੇਂ ਸਿਖਾਂ ਨੂੰ ਸਭ ਕੁਝ ਸੌਂਪ ਚੁਕੇ ਸਨ ਤੇ ਲੋਕ ਰਾਇ ਇਹ ਹੀ ਮੰਗ ਕਰਦੀ ਸੀ ਕਿ ਉਨ੍ਹਾਂ ਦੀ ਗੱਲ ਸੁਣੀ ਜਾਏ, ਪਰ ਫਿਰ ਵੀ ਗੁਰੂ ਜੀ ਨੇ ਕਹਿਆ ਕਿ ਤੁਸੀਂ ਹੀ ਭਲੇ ਬੁਰੇ ਦੇ ਜ਼ਿੰਮੇਂਵਾਰ ਹੋਵੋਗੇ। ਸਤਿਗੁਰੂ ਕਹੀ :

---

੧. ਸਬ ਸਿਖਨ ਐਸੇ ਕਹਯੋ, ਬੁਰਾ ਹੋਤ ਨਹੀਂ ਕੋਇ।
ਛਾਡਿ ਚਲੋ ਅਨੰਦਗੜ੍ਹ, ਭਲੀ ਬਾਤ ਹੈ ਸੋਈ।

"ਸੁਨੋ ਬਿਧਿ ਸਾਈ।
ਬੁਰਾ ਹੋਤ ਤੁਮਰੇ ਸਿਰ ਭਾਈ।"

ਬਸ ਗੁਰੂ ਜੀ ਨੇ ਸਾਰਿਆਂ ਕੋਲੋਂ ਅਹਿਦਨਾਮਾ ਲਿਖਵਾਇਆ ਕਿ ਸਾਰੀ ਜ਼ਿੰਮੇਂਵਾਰੀ ਉਨ੍ਹਾਂ ਦੀ ਹੋਵੇਗੀ। ਇਹ ਲਿਖਵਾ ਕੇ ਗੁਰੂ ਜੀ ਆਪ ਵੀ ਤਿਆਰ ਹੋ ਗਏ। ਅਸਲ ਸ਼ਬਦ ਇਹ ਹਨ :

"ਯੋਂ[1], ਸਬ ਸੋ ਤਉਹਦ[2] ਲਿਖਵਾਏ।
ਹੋਹੁ ਤਯਾਰ, ਤਬੈ ਫੁਰਮਾਏ ॥੬੨॥੪੬੫॥ (ਗੁਰੂ ਸੋਭਾ)

"ਸਿਖੀ ਗੁਰੂ ਬਿਦਾਵ ਕਰਾਈ" ਜਿਸ ਦਾ ਸਮਕਾਲੀ ਨੇ ਕੋਈ ਜ਼ਿਕਰ ਤਕ ਨਹੀਂ ਸੀ ਕੀਤਾ। ਸੋ ਕਿਲ੍ਹਾ ਛੱਡ ਦਿਤਾ ਗਇਆ ਤੇ ਸੰਸਾਰ ਦੇ ਇਤਿਹਾਸ ਵਿਚ ਸਭ ਤੋਂ ਅਨੋਖੀ ਜੰਗ ਚਮਕੌਰ ਵਿਖੇ ਹੋਈ।

ਚਮਕੌਰ ਜੀ ਜੰਗ : ਗੁਰੂ ਜੀ ਆਪਣੇ ਸਪੁਤਰਾਂ, ਪੰਜਾਂ ਪਿਆਰਿਆਂ, ਮਾਤਾ ਗੁਜਰੀ, ਮਾਤਾ ਸੁੰਦਰੀ ਤੇ ਰਹਿੰਦੇ ਸਿਖਾਂ ਸਮੇਤ ਰੋਪੜ ਵਲ ਚਲ ਪਏ। ਪ੍ਰੋਗਰਾਮ ਇਹ ਸੀ ਕਿ ਮਾਲਵੇ ਲੱਖੀ ਜੰਗਲ ਜਾਂ ਕਾਂਗੜ ਦੇਸ਼ ਟਿਕਾਣਾ ਕਰਾਂਗੇ। ਜਦ ਮੁਗਲ ਫ਼ੌਜਾਂ ਨੂੰ ਗੁਰੂ ਜੀ ਦੇ ਨਿਕਲ ਜਾਣ ਦਾ ਪਤਾ ਲਗਾ ਤਾਂ ਉਨ੍ਹਾਂ ਨੇ ਪਿੱਛਾ ਕੀਤਾ। ਸਰਸਾ ਕਿਨਾਰੇ ਜੰਗ ਸ਼ੁਰੂ ਹੋ ਗਈ। ਸਰਸਾ ਵਿਚ ਹੜ੍ਹ ਆਇਆ ਹੋਇਆ ਸੀ।

ਭਾਈ ਉਦੇ ਸਿੰਘ ਭਾਈ ਜੀਵਨ ਸਿੰਘ ਦੀ ਸ਼ਹੀਦੀ : ਭਾਈ ਉਦੇ ਸਿੰਘ, ਜਿਨ੍ਹਾਂ ਰਾਜਾ ਕੇਸਰੀ ਚੰਦ ਦਾ ਸਿਰ ਉਤਾਰਿਆ ਸੀ, ਪਿਛੇ ਹੱਟ ਕੇ ਫੌਜਾਂ ਦੇ ਹੜ ਰੋਕ ਰਹੇ ਸਨ। ਭਾਈ ਉਦੇ ਸਿੰਘ ਫੌਜਾਂ ਨੂੰ ਰੋਕਦੇ ਰੋਕਦੇ ਉਥੇ ਹੀ ਸ਼ਹੀਦ ਹੋ ਗਏ। ਭਾਈ ਜੀਵਨ ਸਿੰਘ ਜੀ, ਜਿਨ੍ਹਾਂ ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿਲੀਉਂ ਆਂਦਾ ਸੀ, ਡੱਟ ਕੇ ਮੁਕਾਬਲਾ ਕਰ ਰਹੇ ਸਨ। ਜਦ ਉਨ੍ਹਾਂ ਡਿਠਾ ਕਿ ਬਾਬਾ ਅਜੀਤ ਸਿੰਘ ਘੇਰੇ ਵਿਚ ਆ ਗਏ ਹਨ ਤਾਂ ਓਹ ਉਨ੍ਹਾਂ ਦੀ ਸਹਾਇਤਾ ਲਈ ਪੁਜੇ। ਬਾਬਾ ਅਜੀਤ ਸਿੰਘ ਜੀ ਤਾਂ ਸਰਸਾ ਪਾਰ ਹੋ ਗਏ ਪਰ ਭਾਈ ਜੀਵਨ ਸਿੰਘ ਉਥੇ ਹੀ ਸ਼ਹੀਦ ਹੋ ਗਏ।

ਗੁਰੂ ਜੀ ਰੋਪੜ ਤੋਂ ਬਾਰੂ ਮਾਜਰਾ ਪੁਜੇ ਹੀ ਸਨ ਕਿ ਖਬਰ ਪੁਜੀ ਕਿ ਫੌਜਾਂ ਸਾਮ੍ਹਣਿਓਂ ਵੀ ਆ ਰਹੀਆਂ ਹਨ। ਆਪ ਜੀ ੨੧ ਦਸੰਬਰ ੧੭੦੪ ਦੀ ਰਾਤ ਨੂੰ ਚਮਕੌਰ ਜਾ ਪੁਜੇ। ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਦੇਵਾਂ ਜੀ, ਭਾਈ ਮਨੀ ਸਿੰਘ ਜੀ ਨਾਲ ਹਰਦੁਆਰ ਚਲੇ ਗਏ। ਮਾਤਾ ਗੁਜਰੀ ਜੀ, ਬਾਬਾ ਜੋਰਾਵਰ ਸਿੰਘ ਤੇ ਫਤਹ ਸਿੰਘ ਜੀ ਗੰਗੋ ਬ੍ਰਾਹਮਣ ਨਾਲ ਖੇੜੀ ਚਲੇ ਗਏ।

ਜੁਅਰਤ ਦੀ ਝਾਕੀ : ਚਮਕੌਰ ਵਿਖੇ ਆਪ ਜੀ ਨੇ ਇਕ ਜ਼ਿਮੀਂਦਾਰ ਦੀ ਹਵੇਲੀ ਵਿਚ ਉਤਾਰਾ ਕੀਤਾ। ਕੈਸੀ ਜੁਅਰਤ ਭਰੀ ਜਾ ਚੁਕੀ ਸੀ ਪੰਜਾਬ ਵਿਚ ਕਿ ਹਰ ਕੋਈ ਜਾਨ ਨੂੰ ਅਸੂਲ ਨਾਲੋਂ ਹੇਠ ਸਮਝਦਾ ਸੀ। ਜ਼ਿਮੀਂਦਾਰ ਨੇ ਕਹਿਆ, "ਮਹਾਰਾਜ ਤੁਸੀਂ ਸਾਡੇ ਲਈ ਇਤਨੇ ਤਸੀਹੇ ਝਲ ਰਹੇ ਹੋ। ਆਪ ਜੀ ਲਈ ਜਿਤਨੇ ਜੋਗੇ ਹਾਂ ਹਾਜ਼ਰ ਹਾਂ। ਪੁਲ੍ਹੀ ਥਾਂ ਨਾਲੋਂ ਹਵੇਲੀ ਵਿਚ ਕੁਝ ਬੱਚਾ ਹੋ ਜਾਵੇਗਾ। ਸੈਨਾਪਤਿ ਲਿਖਦੀ ਹੈ ਕਿ ਜ਼ਿਮੀਂਦਾਰ ਗੁਰੂ ਜੀ ਨੂੰ

---

੧. ਇਸ ਤਰ੍ਹਾਂ।
੨. ਅਹਿਨਦਨਾਮਾ।

ਆਪਣੀ ਹਵੇਲੀ ਵਿਚ ਲੈ ਗਇਆ ।[੧] ਉਸ ਬੀਰ-ਜੋਧੇ ਜ਼ਿਮੀਂਦਾਰ ਦਾ ਨਾਂ **ਚੌਧਰੀ ਬੁਧੀ ਚੰਦ** ਲਿਖਿਆ ਹੈ ।

ਸੰਸਾਰ ਦਾ ਅਨੋਖਾ ਯੁੱਧ : ਜੇ ਸਕਤਾ ਸਕਤੇ ਨਾਲ ਲੜੇ ਤਾਂ ਤੇ ਕੁਝ ਲੜਾਈ ਸਮਝ ਆ ਸਕਦੀ ਹੈ, ਪਰ ਇਹ ਅਜੀਬ ਤੇ ਅਨੋਖਾ ਯੁੱਧ ਸੀ । ਇਕ ਪਾਸੇ ਚਾਲ੍ਹੀ ਭੁਖੇ ਤਿਹਾਈ ਸਨ ਦੂਜੇ ਪਾਸੇ ਦਸ ਲੱਖ । ਪਰ ਬੀਰਤਾ ਐਸੀ ਦ੍ਰਿੜ੍ਹ ਹੋ ਚੁਕੀ ਸੀ ਕਿ ਗਿਣਤੀ ਤੇ ਸ਼ਕਤੀ ਡਰ ਨਹੀਂ ਸੀ ਸਕਦਾ । ਗੁਰੂ ਮਹਾਰਾਜ ਦੀ ਗਵਾਹੀ ਹੈ :

ਗੁਰਸਨਾਹ ਚਿ ਕਾਰੇ ਕੁਨੰਦ ਚਿਹਲਨਰ ।
ਕਿ ਦਹ ਲਕ ਬਰ ਆਇਦ ਬਰੋ ਬੇਖਬਰ ॥੧੯॥

(ਜਫਰਨਾਮਾ)

ਦਿਨ ਚੜ੍ਹਦੇ ਸਾਰ ਪਹਲਾਂ ਤਾਂ ਨਵਾਬ ਨੇ ਢੰਡੋਰਾ ਦਿਲਵਾਇਆ ਕਿ ਗੁਰੂ ਜੀ ਆਪਣੇ ਆਪ ਨੂੰ ਪੇਸ਼ ਕਰ ਦੇਣ ਤਾਂ ਹਮਲਾ ਨਹੀਂ ਹੋਵੇਗਾ । ਪਰ ਅੰਦਰੋਂ ਜਦ ਤੀਰਾਂ ਦੀ ਬਾਰਸ਼ ਨਾਲ ਜੁਆਬ ਦਿਤਾ ਗਇਆ ਤਾਂ ਦੁਸ਼ਮਣਾਂ ਨੇ ਵੀ ਜਥੇ ਬਣਾਕੇ ਹੱਲਾ ਬੋਲ ਦਿੱਤਾ, ਪਰ ਹਵੇਲੀ ਦੇ ਨੇੜੇ ਆਉਣ ਦੀ ਕੋਈ ਜੁਅਰਤ ਹੀ ਨਾ ਕਰੇ । ਨਾਹਰ ਖਾਂ ਨੇ ਛੁਪ ਕੇ ਪਉੜੀ ਲਗਾ ਕੇ ਹਵੇਲੀ ਉਤੇ ਚੜ੍ਹਨਾ ਚਾਹਿਆ । ਜਦ ਉਸ ਨੇ ਦੀਵਾਰ ਤੋਂ ਜ਼ਰਾ ਕੁ ਸਿਰ ਉੱਚਾ ਕੀਤਾ ਤਾਂ ਮਹਾਰਾਜ ਨੇ ਤੀਰ ਨਾਲ ਹੀ ਉਸ ਨੂੰ ਮੁਕਾ ਦਿੱਤਾ । ਉਸ ਦੇ ਡਿਗਦੇ ਸਾਰ ਗਨੀ ਖਾਨ ਨੇ ਸਿਰ ਕਢਿਆ ਤਾਂ ਗੁਰੂ ਜੀ ਨੇ ਗੁਰਜ ਨਾਲ ਸਿਰ ਪੀਸ ਦਿੱਤਾ । ਤੀਜਾ ਖੁਆਜਾ ਮਹਮੂਦ ਅਲੀ (ਜਿਸ ਨੂੰ ਗੁਰੂ ਮਹਾਰਾਜ ਨੇ ਡਰਪੋਕ ਹੋਣ ਕਾਰਨ ਮਰਦੂਦ ਲਿਖਿਆ ਹੈ) ਨੇ ਸਾਰਿਆਂ ਨੂੰ ਮਰਦੇ ਦੇਖ ਕੰਧ ਦਾ ਓਹਲਾ ਲੈ ਕੇ ਨੱਸ ਗਇਆ । ਇਕ ਪਾਸੇ ਸਿੰਘਾਂ ਦੀ ਬੀਰਤਾ ਦੂਜੇ ਪਾਸੇ ਫ਼ੌਜੀ ਜਰਨੈਲਾਂ ਦੀ ਕਾਇਰਤਾ ਦੇਖਣ ਵਾਲੀ ਹੈ । ਗੁਰੂ ਮਹਾਰਾਜ ਲਿਖਦੇ ਹਨ ਕਿ ਉਹ ਕਾਇਰ ਦੀਵਾਰ ਓਹਲੇ ਹੀ ਲੁਕਿਆ ਰਹਿਆ । ਸੂਰਮਿਆਂ ਵਾਂਗ ਮੈਦਾਨ ਵਿਚ ਨਾ ਆਇਆ । ਅਫ਼ਸੋਸ ਜੇ ਮੈਂ ਉਸ ਦਾ ਮੂੰਹ ਦੇਖ ਲੈਂਦਾ ਤਾਂ ਇਕ ਤੀਰ ਉਸ ਨੂੰ ਵੀ ਬਖ਼ਸ਼ ਦੇਂਦਾ ।[੨]

ਆਪਣੇ ਕਮਾਂਡਰ ਜਰਨੈਲਾਂ ਨੂੰ ਮਰਦਿਆਂ ਦੇਖ ਵਜ਼ੀਰ ਖਾਨ ਨੇ ਹਵੇਲੀ ਦੀ ਬਾਰੀ ਨੂੰ ਤੋੜਨ ਲਈ ਭਰਪੂਰ ਹੱਲਾ ਬੋਲ ਦਿੱਤਾ ।

ਬਾਬਾ ਅਜੀਤ ਸਿੰਘ ਦੀ ਸ਼ਹਾਦਤ : ਗੁਰੂ ਜੀ ਨੇ ਕਿਲ੍ਹੇ ਦੀ ਰਖਿਆ ਲਈ ਪੰਜ ਪੰਜ ਸਿੰਘਾਂ ਦੇ ਜਥੇ ਬਣਾਏ ਤੇ ਹਵੇਲੀ ਦੀ ਹਰ ਦੀਵਾਰ ਤੇ ਪਹਿਰੇ ਪੱਕੇ ਕਰ ਦਿੱਤੇ ।

---

੧. ਖਬਰਿ ਸੁਨੀ ਜਿਮੀਂਦਾਰ ਨੇ, ਮਧੇ ਬਸੇ ਚਮਕੌਰ ।
ਸੁਨਤ ਬਚਨ ਤਤਕਾਲ ਹੀ, ਵਹ ਆਯੋ ਉਡਿ ਦੌਰ ।੯।੪੭੩।
ਹਾਥ ਜੋਰਿ ਐਸੇ ਕਹਯੋ, 'ਬਿਨਤੀ ਸੁਨੋ ਕਰਤਾਰ' ।
ਬਸੋ ਮਧਿ ਚਮਕੌਰ ਕੇ, ਅਪਨੀ ਕ੍ਰਿਪਾ ਧਾਰ ।੬।੪੭੪।
ਤਬੈ ਸ੍ਵਾਰ ਸਾਹਿਬ ਭਏ, ਛਾਡਿ ਬਾਗ ਕੀ ਠਉਰ ।
ਸਿੰਘ ਸਾਥ ਸਬਹੀ ਲਿਯੇ ਆਇ ਬਸੇ ਚਮਕੌਰ ।

੨. ਕਿਆ ਖ੍ਵਾਜਹ ਮਰਦੂਦ ਸਾਯਰ ਦੀਵਾਰ ।
ਬਮੈਦਾਂ ਨਿਯਾਮਦ ਬ ਮਰਦਾਨਾ ਵਾਰ ।੩੦।
ਦਰੇਗ ਅਗਰ ਰੂਇ ਊ ਦੀਦਮੇ ।
ਬਯਕ ਤੀਰ ਲਾਚਾਰ ਬਕਸ਼ੀਦਨੇ ।੩੫।

ਗੁਰੂ ਜੀ ਵੀ ਜਾਣਦੇ ਸਨ ਕਿ ਬਹੁਤੀ ਦੇਰ ਇਤਨਾ ਵੱਡਾ ਹੱਲਾ ਰੋਕਣਾ ਸੰਭਵ ਨਹੀਂ। ਸਿੰਘਾਂ ਗੁਰੂ ਜੀ ਪਾਸ ਆ ਬੇਨਤੀ ਕੀਤੀ ਕਿ ਉਹ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਨਿਕਲ ਜਾਣ। ਗੁਰੂ ਜੀ ਨੇ ਸੁਣੀ ਅਨਸੁਣੀ ਕਰ ਦਿੱਤੀ ਤੇ ਹੁੰਦੀ ਜੰਗ ਵਲ ਇਸ਼ਾਰਾ ਕੀਤਾ ਤੇ ਗਿਰਜਾਂ ਤੇ ਚੀਲਾਂ ਦਾ ਉੱਡ ਉੱਡ ਮਾਸ ਖਾਣ ਵਲ ਦੇਖਣ ਨੂੰ ਕਹਿਆ। ਸਿਖਾਂ ਫਿਰ ਆਖਿਆ "ਮਹਾਰਾਜ ਤੁਹਾਡਾ ਸਾਹਿਬਜ਼ਾਦਿਆਂ ਨਾਲ ਹਵੇਲੀ ਛੱਡ ਜਾਣਾ ਹੀ ਠੀਕ ਹੈ।" ਤਾਂ ਗੁਰੂ ਜੀ ਨੇ ਕਹਿਆ ਕਿ ਕਿਹੜੇ ਸਾਹਿਬਜ਼ਾਦਿਆਂ ਦੀ ਗੱਲ ਕਰਦੇ ਹੋ, ਤੁਸੀਂ ਸਾਰੇ ਹੀ ਮੇਰੇ ਸਾਹਿਬਜ਼ਾਦੇ ਹੋ। ਸਿੰਘ ਚੁਪ ਕਰ ਗਏ। ਬਾਬਾ ਅਜੀਤ ਸਿੰਘ ਨੇ ਜੰਗ ਵਿਚ ਆਪਣਾ ਫ਼ੈਸਲਾ ਸੁਣਾਇਆ। ਗੁਰੂ ਜੀ ਨੇ ਖੁਸ਼ੀ ਨਾਲ ਕਬੂਲ ਕੀਤਾ[1] ਤੇ ਅੱਠ ਸਿਖ, ਭਾਈ ਮੋਹਕਮ ਸਿੰਘ (ਜੋ ਪੰਜਾਂ ਪਿਆਰਿਆਂ ਵਿਚੋਂ ਇਕ ਸਨ), ਭਾਈ ਈਸ਼ਰ ਸਿੰਘ, ਭਾਈ ਲਾਲ ਸਿੰਘ, ਭਾਈ ਨੰਦ ਸਿੰਘ, ਭਾਈ ਕੇਸਰ ਸਿੰਘ, ਦੇਵਾ ਸਿੰਘ, ਕੀਰਤੀ ਸਿੰਘ ਤੇ ਮੋਹਰ ਸਿੰਘ ਜੀ ਨੂੰ ਨਾਲ ਦੇ ਕੇ ਜੰਗ ਦੇ ਮੈਦਾਨ ਭੇਜਿਆ।[1] ਬਾਬਾ ਅਜੀਤ ਸਿੰਘ ਜੀ ਦੀ ਉਮਰ ੧੯ ਕੁ ਸਾਲ ਸੀ, ਪਰ ਜਿਸ ਬਹਾਦਰੀ ਨਾਲ ਉਨ੍ਹਾਂ ਵੈਰੀਆਂ ਦਾ ਮੁਕਾਬਲਾ ਕੀਤਾ ਤੇ ਜੂਝੇ ਉਹ ਇਤਿਹਾਸ ਵਿਚ ਇਕ ਅਮਿਟ ਘਟਨਾ ਬਣ ਗਈ ਹੈ।[3]

ਹਵੇਲੀ ਤੋਂ ਬਾਹਰ ਨਿਕਲਦੇ ਹੀ ਸਿੰਘਾਂ ਨੇ ਗੱਜ ਕੇ ਜੈਕਾਰਾ ਛੱਡਿਆ। ਸਿੰਘ ਵੀ ਵੱਖ ਹੀ ਮਾਣ ਪ੍ਰਤੀਤ ਕਰ ਰਹੇ ਸਨ ਕਿਉਂਕਿ ਉਨ੍ਹਾਂ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਜਥੇਦਾਰੀ ਹੇਠ ਸ਼ਹੀਦੀ ਪ੍ਰਾਪਤ ਕਰਨ ਦਾ ਸਮਾਂ ਮਿਲਣ ਵਾਲਾ ਸੀ। ਬਾਬਾ ਅਜੀਤ ਸਿੰਘ ਜੀ ਨੂੰ ਅਗੇ ਵੱਧਦਾ ਦੇਖ ਕੇ ਪਲ ਕੁ ਵੈਰੀ ਠਠੰਬਰੇ। ਕਿਉਂਕਿ ਉਨ੍ਹਾਂ ਦੀਆਂ ਪੁਸਤਕਾਂ ਵਿਚ ਕੋਈ ਪਿਤਾ ਐਸਾ ਨਹੀਂ ਸੀ ਜੋ ਪਹਲਾਂ ਪੁੱਤਰ ਨੂੰ ਸ਼ਹੀਦੀ ਲਈ ਭੇਜੇ। ਉਨ੍ਹਾਂ ਨੇ ਚਾਰੇ ਪਾਸਿਉਂ ਸਾਹਿਬਜ਼ਾਦੇ ਨੂੰ ਘੇਰ ਲਇਆ, ਪਰ ਸਾਹਿਬਜ਼ਾਦੇ ਦੇ ਤਿੱਖੇ ਤੀਰਾਂ ਨੇ ਕਈਆਂ ਦੀਆਂ ਛਾਤੀਆਂ ਵਿੰਨ੍ਹ ਸੁਟੀਆਂ। ਬਾਬਾ ਅਜੀਤ ਜੀ ਨੇ ਗਰਜ ਕੇ ਕਹਿਆ ਕਿ ਉਹ ਸਾਮ੍ਹਣੇ ਆਏ ਜਿਸ ਦੇ ਮਨ ਵਿਚ ਕੋਈ ਅਰਮਾਨ ਹੈ। ਸੈਨਾਪਤਿ ਲਿਖਦਾ ਹੈ :

> "ਕਰੀ ਆਵਾਜ਼, ਅਬ ਆਉ ਅਰਮਾਨ ਜਿਹ
> ਸਕਲ ਦਲ ਦੇਖਿ ਦਉਰੇ ਅਪਾਰੇ।
> ਘੇਰ ਚਹੂ ਦਿਸ ਲਿਯੋ ਆਨਿ ਤੁਰਕਾਨ ਨੇ
> ਕਰਤ ਸੰਗ੍ਰਾਮ ਰਣਜੀਤ ਭਾਰੇ" ॥੩੦॥੪੯੮॥

---

੧. ਕਹੀ ਸਿੰਘ ਰਣਜੀਤ ਸੋ, "ਦੁਤਮ ਦੇਹੁ ਸਜਾਇ।
ਬਿਨਉ ਕਰੀ ਕਰਿ ਜੋਰਿ ਕੈ, 'ਖੁਸੀ ਕਰਉ ਕਰਤਾਰ।
ਕਰਉ ਬੀਰ ਸੰਗ੍ਰਾਮ ਮੈ, ਦੇਖਉ ਆਪਿ ਨਿਹਰਿ।"

੨. ਤ੍ਵਾਰੀਖ ਗੁਰੂ ਖਾਲਸਾ ਗਿਃ ਗਿਆਨ ਸਿੰਘ ੧੨੬੯ ਪੰਨਾ

੩. ਲੜਦੇ ਭਿੜਦੇ ਜਾਇ ਚਮਕਉੜ ਵੜੇ।
ਗਿਰਦੇ ਪਾਏ ਘੇਰਾ ਤੁਰਕ ਰਾਜੇ ਸਭ ਚੜ੍ਹੇ।
ਜੁਧ ਹੋਆ ਲੋਕ ਦੋਹਾਂ ਤਰਫ਼ਾਂ ਦੇ ਮਾਰੇ।
ਤੁਰਕਾਂ ਦੇ ਦੁਇ ਸਿਰਦਾਰ ਮਾਰਿ ਉਤਾਰੇ।
ਦੂਜੇ ਦਿਨ ਜੀਤ ਸਿੰਘ ਜੀ ਜਾਇ ਪਏ।
ਸਿੰਘ ਸੂਰਮੇ ਨਾਲਿ ਲੇ ਲਏ ।੫੬੧।

(ਬੰਸਾਵਲੀ ਨਾਮਾ ਕੇਸਰ ਸਿੰਘ)

ਫਿਰ ਸੈਨਾਪਤਿ ਲਿਖਦਾ ਹੈ ਕਿ ਬਾਬਾ ਅਜੀਤ ਸਿੰਘ ਨੇ ਐਸੀ ਮਾਰ ਦਿੱਤੀ ਕਿ ਸਭ ਅਲਾਹ ਅਲਾਹ ਪੁਕਾਰਨ ਲੱਗ ਪਏ :

"ਲੇਤ ਪਰੋਇ ਪਠਾਨ ਕੋ, ਸਭ ਹਨ ਸਾਂਗ ਦਿਖਲਾਏ ।
ਦੇਖਤ ਹੀ ਸਭ ਕਰਤ ਹੈਂ, ਅਰੇ ਖੁਦਾਇ ਖੁਦਾਇ ।"

ਸਿੰਘਾਂ ਦੇ ਤੀਰ ਛੇਤੀ ਹੀ ਮੁਕ ਗਏ । ਉਨ੍ਹਾਂ ਨੇ ਤਲਵਾਰਾਂ ਸੰਭਾਲ ਲਈਆਂ । ਬਾਬਾ ਜੀ ਨੇਜ਼ੇ ਨਾਲ ਵਾਰ ਕਰਦੇ ਰਹੇ । ਸੰਜੋਅ ਨਾਲ ਢਕੇ ਇਕ ਮੁਗ਼ਲ ਸਰਦਾਰ ਦੇ ਸੀਨੇ ਵਿਚ ਜਦ ਬਾਬਾ ਜੀ ਨੇ ਨੇਜ਼ੇ ਨਾਲ ਵਾਰ ਕੀਤਾ ਤਾਂ ਨੇਜ਼ਾ ਵਾਪਸ ਖਿਚਣ ਵੇਲੇ ਉਹ ਵਿਚੇ ਹਾਂ ਖੁੱਭਿਆ ਰਹਿਆ । ਆਪ ਜੀ ਨੇ ਤਲਵਾਰ ਸੰਭਾਲੀ[1] ਤੇ ਘੋੜੇ ਉਤੇ ਸਵਾਰ ਹੀ ਦੁਸ਼ਮਣ ਦੀਆਂ ਫ਼ੌਜਾਂ ਵਿਚ ਘੁਸ ਗਏ । ਉਸ ਸਮੇਂ ਉਨ੍ਹਾਂ ਦੀ ਛਬਿ ਦੇਖਣ ਵਾਲੀ ਸੀ । ਪੰਥ ਪ੍ਰਕਾਸ਼ ਵਿਚ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

ਗੁਰ ਬਾਲਕ ਬਾਲਕ ਰੂਪ ਅਨੁਪਮ
ਅੰਗਨ ਪੇਖ ਅਨੰਗ ਸੁ ਲਾਜੈ ।
ਅਤਿ ਛੈਲ ਛਬੀਲੇ ਛਟੇ ਛਪ ਛੰਗਨ
ਛੋਭ ਛਕੇ ਛਿ ਛਤ੍ਰੀ ਛਿਤ ਛਾਜੈ ।
ਰਖ ਤਾਲਕ ਖਾਲਕ ਮਾਲਕ ਸੋ,
ਅਰਿ ਗਾਲਕ ਪਾਲਕ ਹਿੰਦਨ ਲਾਜੈ ।
ਜਨ ਕੰਦਰ ਅੰਦਰ ਤੇ ਨਿਕਸੇ ;
ਮਰ ਗਿੰਦ ਨਿਹਾਰ ਗਜਿੰਦ ਸਮਾਜੈ ।

ਲੜਦੇ ਲੜਦੇ ਨਾਲ ਦੇ ਅੱਠੇ ਸਿੰਘ ਸ਼ਹੀਦ ਹੋ ਚੁਕੇ ਸਨ । ਬਾਬਾ ਜੀ ਨੂੰ ਇਕ ਮੁੱਗ਼ਲ ਸਰਦਾਰ ਨੇ ਨੇਜ਼ਾ ਮਾਰਿਆ, ਆਪ ਜੀ ਵਾਰ ਬਚਾ ਗਏ, ਪਰ ਘੋੜਾ ਜ਼ਖ਼ਮੀ ਹੋ ਗਇਆ । ਫਿਰ ਆਪ ਜੀ ਪੈਦਲ ਹੋ ਗਏ ਤੇ ਤਲਵਾਰ ਦੇ ਜੌਹਰ ਦਿਖਾਣ ਲਗੇ । ਉਨ੍ਹਾਂ ਦੀ ਤਲਵਾਰ ਦਾ ਜ਼ਿਕਰ ਵੀ ਸੈਨਾਪਤਿ ਨੇ ਬਹੁਤ ਸੋਹਣਾ ਕੀਤਾ ਹੈ :

"ਟੂਟ ਕੈ ਸਾਂਗ ਦੁਇ ਟੂਕ ਹੁਇ ਭੁਈ ਪਰੀ ।
ਗਹੀ ਤਲਵਾਰ ਦਲ ਦਲ ਬਹੁਤ ਮਾਰੇ ।
ਏਕ ਕੇ ਸੀਸ ਧਰਿ ਦੁਇ ਟੂਕਰੇ ਕਰੈ,
ਦੁਇ ਕੇ ਸੀਸ ਧਰਤ ਕਰਤ ਚਾਰੇ ।
ਭਾਂਤਿ ਇਹ ਪੂਰ ਪਰਵਾਹ ਦੀਨੇ ਕਈ,
ਰਕਤ ਦਰੀਆਉ ਮੇ ਪਰੇ ਸਾਰੇ ।

ਇਕਲਿਆਂ ਦੇਖ ਸਾਰੇ ਹੀ ਉਨ੍ਹਾਂ ਤੇ ਟੁੱਟ ਪਏ ਤੇ ਥਾਂ ਉਤੇ ਹੀ ਸ਼ਹੀਦ ਕਰ ਦਿੱਤਾ । ਗੁਰੂ ਗੋਬਿੰਦ ਸਿੰਘ ਜੀ ਨੇ ਇਹ ਸਾਰਾ ਹਾਲ ਆਪਣੀ ਅੱਖੀਂ ਡਿੱਠਾ ਤੇ ਸਾਹਿਬਜ਼ਾਦੇ ਦੀ ਸ਼ਹਾਦਤ ਉਤੇ ਆਪੂੰ ਜੈਕਾਰਾ ਛਡਿਆ ।

ਬਾਬਾ ਜੁਝਾਰ ਸਿੰਘ ਦੀ ਸ਼ਹਾਦਤ : ਆਪਣੇ ਵਡੇ ਭਾਈ ਨੂੰ ਸ਼ਹੀਦੀ ਪ੍ਰਾਪਤ ਕਰਦਿਆਂ ਦੇਖ ਕੇ ਬਾਬਾ ਜੁਝਾਰ ਸਿੰਘ ਜੀ ਨੂੰ ਚਾਅ ਚੜ੍ਹਿਆ । ਉਨ੍ਹਾਂ ਨੇ ਵੀ ਆਪਣੇ ਆਪ ਨੂੰ

---

੧. ਸਾਂਗ ਤਜੀ ਕਰਿ ਤੇ ਤਬੈ, ਮਹਿ ਲੀਨੀ ਤਰਵਾਰ । ਪੰਨਾ ੪੦੯ ।

ਜੰਗ ਵਿਚ ਸ਼ਹੀਦ ਹੋਣ ਲਈ ਪੇਸ਼ ਕੀਤਾ।[1] ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਖਿੜੇ ਮੱਥੇ ਜੰਗ ਵਿਚ ਕੁੱਦਣ ਦੀ ਆਗਿਆ ਦਿੱਤੀ।[2] ਪੰਜਾਂ ਪਿਆਰਿਆਂ ਵਿਚੋਂ ਦੋ ਭਾਈ ਹਿੰਮਤ ਸਿੰਘ ਤੇ ਭਾਈ ਸਾਹਿਬ ਸਿੰਘ ਜੀ ਜੁਝਾਰ ਸਿੰਘ ਜੀ ਨਾਲ ਭੇਜੇ। ਬਾਬਾ ਜੀ ਦੀ ਉਮਰ ਉਸ ਸਮੇਂ ਕੇਵਲ ੧੪ ਸਾਲ, ਅੱਠ ਮਹੀਨੇ ਤੇ ਸਤਾਰਾਂ ਦਿਨ ਦੀ ਸੀ। ਫਿਰ ਦੁਬਾਰਾ ਰਣ ਗਰਮ ਹੋ ਗਿਆ। ਲੋਥਾਂ ਤੇ ਲੋਥਾਂ ਡਿਗਣ ਲੱਗ ਪਈਆਂ। ਫ਼ੌਜਾਂ ਦੇ ਵੀ ਹੌਸਲੇ ਵਧੇ ਹੋਏ ਸਨ। ਉਨ੍ਹਾਂ ਬਾਬਾ ਜੁਝਾਰ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਘੇਰ ਲਇਆ। ਬਾਬਾ ਜੀ ਨੇ ਵੀ ਨੇਜ਼ਾ ਹੱਥੀਂ ਸੰਭਾਲ ਲਇਆ।[3] ਜਿਥੇ ਵੀ ਉਨ੍ਹਾਂ ਦਾ ਨੇਜ਼ਾ ਲੱਗਦਾ, ਉਹ ਵੈਰੀ ਨੂੰ ਮਾਰ ਮੁਕਾਂਦਾ,[4] ਦੁਸ਼ਮਣਾਂ ਘੇਰਾ ਬਹੁਤ ਹੀ ਛੋਟਾ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਜਦ ਦੇਖਿਆ ਕਿ ਸਾਰੇ ਹੀ ਸਾਹਿਬਜ਼ਾਦੇ ਗਿਰਦ ਘੇਰਾ ਪਾ ਰਹੇ ਹਨ ਤਾਂ ਉਨ੍ਹਾਂ ਨੇ ਤੀਰਾਂ ਦੀ ਬਾਰਸ਼ ਸ਼ੁਰੂ ਕਰ ਦਿੱਤੀ। ਤੀਰਾਂ ਦੀ ਛਾਵੇਂ ਬਾਬਾ ਜੀ ਤੇ ਪੰਜ ਸਿੰਘ ਅਗੇ ਵਧੇ। ਬਾਬਾ ਜੀ ਨੇ ਤੀਰ ਤਲਵਾਰ ਚਲਾ ਕੇ ਕਈ ਮੁੱਗਲਾਂ ਦੇ ਆਹੂ ਲਾਹੇ, ਪਰ ਫ਼ੌਜਾਂ ਦੇ ਯਲਗਾਰਾਂ ਸਾਮ੍ਹਣੇ ਪੰਜ ਜਾਂ ਛੇ ਕਿੰਨੀ ਕੁ ਦੇਰ ਤਕ ਟਿਕ ਸਕਦੇ ਸਨ। ਪਰ ਇਕ ਗੱਲ ਉਹ ਪ੍ਰਗਟਾ ਗਏ ਕਿ ਸਵਾ ਲੱਖ ਨਾਲ ਇਕ ਲੜ ਸਕਦਾ ਹੈ। ਬਾਬਾ ਜੀ ਘੇਰੇ ਵਿਚ ਐਸੇ ਆਏ ਕਿ ਫਿਰ ਨਿਕਲ ਨਾ ਸਕੇ। ਉਧਰ ਸੂਰਜ ਨੇ ਮੂੰਹ ਛੁਪਾਇਆ ਇਧਰ ਗੁਰੂ ਗੋਬਿੰਦ ਸਿੰਘ ਜੀ ਦੇ ਚੰਨ ਬਾਬਾ ਜੁਝਾਰ ਸਿੰਘ ਜੀ ਦੀ ਸ਼ਹਾਦਤ ਹੋਈ। ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫਰਨਾਮਾ ਵਿਚ ਵੀ ਲਿਖਿਆ ਹੈ ਕਿ ਜਦੋਂ ਸੂਰਜ ਅਲੋਪ ਹੋ ਗਇਆ ਤੇ ਰਾਤ ਦਾ ਰਾਜਾ ਸ਼ਾਨ ਨਾਲ ਨਿਕਲਿਆ, ਉਸ ਸਮੇਂ ਉਸ ਦਿਨ ਦੀ ਜੰਗ ਬੰਦ ਹੋਈ।[5] ਉਸ ਅਤਿ ਦੁਖਾਂਤ ਵੇਲੇ ਵੀ ਕੁਦਰਤ ਤੋਂ ਸਦਕੇ ਜਾਣਾ ਦਸਮੇਸ਼ ਪਿਤਾ ਦਾ ਹੀ ਕੰਮ ਹੈ।

ਚਮਕੌਰ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੀ ਤਕਰੀਰ: ਰਾਤ ਪੈਂਦੇ ਸਾਰ, ਗੁਰੂ ਜੀ ਨੇ ਕਲ੍ਹ ਦਾ ਪ੍ਰੋਗਰਾਮ ਸੁਣਾਇਆ। ਪਹਲਾ ਜੱਥਾ ਉਨ੍ਹਾਂ ਲੈ ਜਾਣ ਦੀ ਗੱਲ ਆਖੀ।

ਅਹਿਮਦਸ਼ਾਹ ਬਟਾਲਵੀ ਲਿਖਦਾ ਹੈ ਕਿ ਗੁਰੂ ਮਹਾਰਾਜ ਨੇ ਬਾਕੀ ਸਿਖਾਂ ਨੂੰ ਸੰਬੋਧਨ ਕਰਦੇ ਕਹਿਆ, "ਸਾਡੇ ਸਾਮ੍ਹਣੇ ਹੁਣ ਸੂਰਮਿਆਂ ਵਾਂਗ ਜਾਨ ਵਾਰ ਦੇਣ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ। ਸਾਡੇ ਲਹੂ ਦੀ ਇਕ ਬੂੰਦ ਵੀ ਵਿਅਰਥ ਨਾ ਡੁਲ੍ਹੇਗੀ। ਜਦ ਤਕ ਸਾਡਾ ਨਾਂ-ਨਿਸ਼ਾਨ ਬਾਕੀ ਰਹੇਗਾ, ਵੈਰੀਆਂ ਤੋਂ ਇਸ ਖ਼ੂਨ ਦਾ ਬਦਲਾ ਖ਼ੂਨ ਲੈਂਦਾ ਰਵ੍ਹੇਗਾ।" ਸਿੰਘਾਂ ਨੇ ਬਥੇਰਾ ਜਤਨ ਕੀਤਾ ਕਿ ਆਪ ਜੀ ਐਸਾ ਵਿਚਾਰ ਨਾ ਬਣਾਉਣ, ਫਿਰ ਉਨ੍ਹਾਂ ਬੇਨਤੀਆਂ ਵੀ ਕੀਤੀਆਂ, ਪਰ ਗੁਰੂ ਪਾਤਸ਼ਾਹ ਆਪਣੇ ਨਿਰਣੇ ਉਤੇ ਅੜੇ ਰਹੇ।

---

੧. ਜਬ ਦੇਖਯੋ ਜੁਝਾਰ ਸਿੰਘ, ਸਮਾਂ ਪਹੁੰਚਯੋ ਆਨ।
ਦੋ ਰਯੋ ਦਲ ਮੇਂ ਧਾਇਕੇ, ਕਹ ਮੈਂ ਗਹੀ ਕਮਾਨ। ੫੫੫੨੩
(ਸੈਨਾਪਤੀ)

੨. ਜੋਗੀ ਅਲਾਹ ਯਾਰ ਦੀ ਇਕ ਟੂਕ ਹੈ—'ਕਹਾ ਥਾ ਬਾਪ ਕੋ ਜਾਂ ਦੀਜੇ ਧਰਮ ਪਰ। ਅਬ ਕਹਤੇ ਹੈਂ ਬੇਟਾ ਆਪ ਕੋ, ਜਾਂ ਦੀਜੈ ਧਰਮ ਪਰ।

੩. ਚਹੁੰ ਓਰ ਦਲ ਦੇਖ ਕੇ, ਨਿਕਟਿ ਪਹੁੰਚੇ ਆਇ।
ਤਬ ਨੇਜ਼ ਕਰ ਮੈਂ ਲਿਯੋ. ਨਿਮਖ ਬਿਲਮ ਨਹੀਂ ਲਾਇ। ੫੮। ੫੨੬।

੪. ਬਰਛਾ ਲਗਾਵੈ ਜਾਹਿ। ਲੇਤ ਹੈ ਪਰੋਇ ਤਾਹਿ। ੫੯।।੫੨੭

੫. ਚਰਾਗ ਜਹਾਂ ਚੁ ਸ਼ੁਦ ਬੁਰਕਾ ਪੋਸ਼। ਸ਼ਾਹਿ ਸ਼ਬ ਬਰਾਮਦ [illegible] ਜਲਵਾ ਜੋਸ਼। ੪੨

ਚਮਕੌਰ ਦੀ ਹਵੇਲੀ ਛੱਡਣ ਦਾ ਹੁਕਮ : ਸਿੰਘਾਂ ਵੀ ਬੈਠ ਮਤਾ ਪਕਾਇਆ ਕਿ ਜੇ ਗੁਰੂ ਗੋਬਿੰਦ ਸਿੰਘ ਜੀ ਦੀ ਹੋਂਦ ਰਹੀ ਤਾਂ ਉਹ ਬਿਖੜੇ ਸਮੇਂ ਅਗਵਾਈ ਦੇ ਕੇ ਪੰਥ ਨੂੰ ਫਿਰ ਸੁਰਜੀਤ ਕਰ ਲੈਣਗੇ। ਬੇਵਕਤੀ ਦਿੱਤੀ ਸ਼ਹਾਦਤ ਪੰਥ ਨੂੰ ਨੁਕਸਾਨ ਪੁਚਾਏਗੀ। ਬਾਕੀ ਰਹਿੰਦੇ ਦਸ ਸਿੰਘਾਂ ਨੇ ਪੰਜ ਪਿਆਰੇ ਚੁਣੇ ਤੇ ਭਾਈ ਦਇਆ ਸਿੰਘ ਨੇ ਅਗਵਾਈ ਕਰਦੇ ਹੁਕਮ ਦਿੱਤਾ ਕਿ ਉਹ ਉਸੇ ਰਾਤ ਹਵੇਲੀ ਛੱਡ ਜਾਣ। 'ਆਪੇ ਚੇਲਾ' ਬਣਨ ਵਾਲੇ ਗੁਰੂ ਨੇ ਹੁਕਮ ਅਗੇ ਸਿਰ ਝੁਕਾਇਆ ਤੇ ਹਵੇਲੀ ਛੱਡ ਜਾਣਾ ਪ੍ਰਵਾਨ ਕੀਤਾ, ਪਰ ਇਕ ਸ਼ਰਤ ਲਗਾਈ ਕਿ ਉਹ ਗੜ੍ਹੀ ਛੱਡਦਿਆਂ ਦੁਸ਼ਮਣਾਂ ਨੂੰ ਵੰਗਾਰ ਜ਼ਰੂਰ ਪਾਉਣਗੇ। ਉਨ੍ਹਾਂ ਆਪਣੇ ਨਾਲ ਤਿੰਨ ਸਿੰਘ; ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਜੀ ਲੈ ਜਾਣ ਦੀ ਵਿਉਂਤ ਦੱਸੀ ਤੇ ਬਾਕੀ ਸੱਤਾਂ[1] ਵਿਚੋਂ ਆਪਣੇ ਮੂੰਹ ਮੁਹਾਂਦਰੇ ਵਾਲੇ ਭਾਈ ਸੰਗਤ ਸਿੰਘ ਜੀ ਨੂੰ ਕਲਗੀ ਦੇ ਕੇ, ਆਪਣਾ ਪੋਸ਼ਾਕਾ ਪਹਨਾ ਕੇ ਉਸੇ ਸਿੰਘਾਸਨ ਉਤੇ ਬਿਠਾ ਦਿੱਤਾ।

ਅੱਧੀ ਰਾਤ ਤੋਂ ਕੁਝ ਸਮਾਂ ਪਿਛੋਂ ਗੁਰੂ ਜੀ ਨੇ ਬੁਰਜ ਉਪਰ ਖੜ੍ਹੋ ਕੇ ਨਰਸਿੰਙਾ ਵਜਵਾਇਆ ਤਾਂਕਿ ਇਹ ਪਤਾ ਲੱਗ ਜਾਏ ਕਿ ਗੜ੍ਹੀ ਤੋਂ ਹਮਲਾ ਹੋਣ ਵਾਲਾ ਹੈ। ਫਿਰ ਗੁਰੂ ਜੀ ਛਾਲ ਮਾਰ ਕੇ ਹਵੇਲੀ ਦੀ ਕੰਧ ਟੱਪ ਗਏ ਤੇ ਹਨੇਰੇ ਵਿਚ ਟੁਰਦੇ ਹੋਏ ਇਕ ਟਿਬੇ ਉਤੇ ਜਾ ਪੁੱਜੇ ਤੇ ਤਿੰਨ ਵਾਰ ਕਹਿਆ 'ਪੀਰੇ ਹਿੰਦ ਮੇਂ ਰਵਦ'। ਵਿਰੋਧੀਆਂ ਦੇ ਕੈਂਪ ਵਿਚ ਖਲਬਲੀ ਮਚੀ। ਕਈ ਉਬੜ ਵਾਹ ਉਠੇ। ਗੁਰੂ ਮਹਾਰਾਜ ਵਲ ਕਈ ਵਧੇ, ਪਰ ਮਹਾਰਾਜ ਨੇ ਮਿਸ਼ਾਲਚੀ ਦੇ ਹੱਥ ਦਾ ਨਿਸ਼ਾਨਾ ਬਣਾਇਆ ਤੇ ਉਸ ਦੀ ਮਿਸਾਲ ਗਿਰਾ ਦਿੱਤੀ। ਪਰ ਇਸ ਹਲਚਲ ਵਿਚ ਗੁਰੂ ਜੀ ਦੀ ਇਕ ਉਂਗਲ ਚੋਟ ਲੱਗਣ ਨਾਲ ਕੱਟੀ ਗਈ।[2] ਤਿੰਨੇ ਸਾਥੀ ਵੀ ਵੱਖ ਹੋ ਗਏ, ਪਰ ਆਪ ਜੀ ਦਿਨ ਚੜ੍ਹਦੇ ਬਹੁਤ ਦੂਰ ਤਕ ਨਿਕਲ ਗਏ।

ਸ਼ਹੀਦੀਆਂ : ਅਗਲੇ ਦਿਨ ਨੂੰ ਵੈਰੀ ਨੇ ਦਿਨ ਚੜ੍ਹਦੇ ਨਾਲ ਹੀ ਹਵੇਲੀ ਉਤੇ ਧਾਵਾ ਬੋਲਿਆ। ਅਠੇ ਸਿੰਘ ਬਾਹਰ ਨਿਕਲ ਆਏ ਤੇ ਲੜਦੇ ਲੜਦੇ ਮੈਦਾਨ ਵਿਚ ਸ਼ਹੀਦ ਹੋ ਗਏ। ਅਹਿਮਦਸ਼ਾਹ ਬਟਾਲਵੀ ਲਿਖਦਾ ਹੈ ਕਿ ਪਿਛੇ ਰਹੇ ਬਾਕੀ ਸਿੰਘਾਂ ਨੇ ਕਿਲ੍ਹੇ ਦੇ ਦਰਵਾਜ਼ੇ ਖੋਲ੍ਹ ਦਿਤੇ। ਇਹ ਤਲਵਾਰਾਂ ਸੂਤ ਕੇ ਵੈਰੀਆਂ ਉਤੇ ਅਚਨਚੇਤ ਟੁੱਟ ਪਏ ਤੇ ਬਹਾਦਰੀ ਦੇ ਅਜੇਹੇ ਕਾਰਨਾਮੇ ਦਿਖਾਏ ਕਿ ਰੁਸਤਮ ਦੀ ਯਾਦ ਦਿਲਾਂ ਵਿਚ ਤਾਜ਼ਾ ਹੋ ਗਈ। ਅਣਗਿਣਤ ਵੈਰੀਆਂ ਨੂੰ ਨਾਸ ਕਰਨ ਉਪ੍ਰੰਤ ਆਪ ਵੀ ਸਾਰੇ ਸ਼ਹੀਦ ਹੋ ਗਏ। ਗੁਰੂ ਗੋਬਿੰਦ ਸਿੰਘ ਜੀ ਵੀ ਸਫ਼ਾਂ ਨੂੰ ਚੀਰਦੇ ਬਾਹਰ ਨਿਕਲ ਗਏ ਸਨ। ਗੁਰੂ ਜੀ ਵਾਲੇ ਬਸਤ੍ਰ ਤੇ ਕਲਗੀ ਦੇਖਕੇ ਦੁਸ਼ਮਣ ਭੁਲੇਖਾ ਖਾ ਗਇਆ ਤੇ ਸਾਰੀ ਫ਼ੌਜ ਵਿਚ ਰੌਲਾ ਪੈ ਗਇਆ ਕਿ ਗੁਰੂ ਜੀ ਸ਼ਹੀਦ ਹੋ ਗਏ ਹਨ।

---

੧. ਸਤਾਂ ਸੂਰਬੀਰਾਂ ਦੇ ਨਾਂ ਇਹ ਹਨ—ਭਾਈ ਸੰਗਤ ਸਿੰਘ
ਭਾਈ ਕਹਿਰ ਸਿੰਘ
ਭਾਈ ਸੰਤੋਖ ਸਿੰਘ
ਭਾਈ ਦੇਵਾ ਸਿੰਘ
ਭਾਈ ਰਾਮ ਸਿੰਘ
ਭਾਈ ਜੀਵਨ ਸਿੰਘ
ਭਾਈ ਲੱਧਾ ਸਿੰਘ

੨. ਇਕ ਦੂਤ ਨੇ ਚੋਟ ਕਰੀ ਖੁਨਸਾਏ। ਜੌਂ ਪ੍ਰਭ ਜੀ ਕਰਨੀ ਇਵ ਹੀ,
ਇਕ ਉਂਗਲ ਪੋਰਾ ਰਹੀ ਤਿਹ ਠਾਏ। ੭੧।।੫੩੯। (ਗੁਰ ਸੋਭਾ)

ਇਹ ਭੁਲੇਖਾ ਕਾਫੀ ਦਿਨ ਤੱਕ ਪਇਆ ਰਹਿਆ।

ਮਾਛੀਵਾੜੇ ਵਿਚ : ਗੁਰੂ ਜੀ ਸਾਰੀ ਰਾਤੀਂ ਹੀ ਸਫ਼ਰ ਕਰਦੇ ਕਰਦੇ ਸਰਗੀ ਵੇਲੇ ਕਿੜ੍ਹੀ ਪੁਜੇ। ਪਹੁ ਫੁਟਾਲਾ ਹੋ ਗਇਆ ਸੀ। ਅਲਫੂ ਤੇ ਮਾਮੂ ਨਾਵਾਂ ਦੇ ਦੋ ਗੁਜਰਾਂ ਗੁਰੂ ਜੀ ਨੂੰ ਪਛਾਣ ਲਇਆ। ਗੁਰੂ ਮਹਾਰਾਜ ਨੂੰ ਦੇਖਕੇ ਉਨ੍ਹਾਂ ਸ਼ੋਰ ਮਚਾ ਦਿਤਾ। ਗੁਰੂ ਜੀ ਨੇ ਸਮਝਾਇਆ ਤੇ ਚੁਪ ਰਹਣ ਲਈ ਦੋ ਮੁਹਰਾਂ ਦਿਤੀਆਂ ਪਰ ਉਹ ਚੁੱਪ ਨਾਹ ਹੋਏ। ਜਦ ਰੌਲਾ ਪਾਉਣ ਤੋਂ ਨ ਰੁਕੇ ਤਾਂ ਮਹਾਰਾਜ ਨੇ ਇਕ ਇਕ ਚਪੇੜ ਮਾਰ ਕੇ ਦੋਨਾਂ ਦੀ ਜ਼ਬਾਨ ਹੀ ਬੰਦ ਕਰ ਦਿਤੀ। ਪਿੰਡ ਬਹਿਲੋਲ ਤਕ ਚੰਗਾ ਦਿਨ ਚੜ੍ਹ ਗਇਆ। ਆਪ ਸਾਰਾ ਦਿਨ ਵੀ ਟੁਰੀ ਹੀ ਗਏ। ਨੰਗੇ ਪੈਰੀ ਟੁਰਦੇ ਟੁਰਦੇ ਛਾਲੇ ਪੈ ਗਏ। ਕਪੜੇ ਵੀ ਲੀਰੋ ਲੀਰ ਹੋ ਗਏ। ਮਾਛੀਵਾੜੇ ਦੇ ਜੰਗਲਾਂ ਤਕ ਪੁੱਜਦਿਆਂ ਕਾਫ਼ੀ ਰਾਤ ਪੈ ਗਈ। ਕਈ ਦਿਨਾਂ ਬਾਹਦ ਗੁਰੂ ਜੀ ਨੇ ਅੱਕ ਤੇ ਡੋਡੇ ਦਾ ਰਸ ਪੀਤਾ। ਉਸੇ ਹੀ ਬਾਗ਼ ਪਾਸ ਆਪ ਜੀ ਸਿਰ੍ਹਾਣੇ ਸਖਣੀ ਟਿੰਡ ਰਖ ਲੇਟ ਗਏ। ਉਥੇ ਹੀ ਭਾਲ ਕਰਦੇ, ਤਾਰਿਆਂ ਦੀ ਸੇਧ ਵਿਚ ਭਾਈ ਦਇਆ ਸਿੰਘ ਜੀ ਆਂਣ ਪੁਜੇ। ਪਿਛੋਂ ਭਾਈ ਧਰਮ ਸਿੰਘ ਜੀ ਤੇ ਭਾਈ ਮਾਨ ਸਿੰਘ ਜੀ ਵੀ ਆ ਗਏ। ਤਿੰਨ ਦਿਨਾਂ ਬਾਹਦ ਗੁਰੂ ਜੀ ਦਾ ਕਮਰ ਕਸਾ ਖੋਲਿਆ ਗਇਆ ਜੋ ਅਧੀ ਉਂਗਲ ਅੰਦਰ ਸਰੀਰ ਵਿਚ ਧੱਸ ਗਇਆ ਸੀ। ਚਰਨ ਪੱਛੇ ਹੋਏ ਸਨ ਪਰ ਚਿਹਰੇ ਤੇ ਉਹ ਹੀ ਮੁਸਕਾਨ ਤੇ ਸ਼ੁੱਕਰ ਸੀ। ਮੁਖ ਵਿਚੋਂ 'ਮਿਤ੍ਰ ਪਿਆਰੇ ਨੂੰ ਹਾਲ' ਸੁਣਾ ਰਹੇ ਸਨ।

ਗੁਲਾਬਾ ਜੋ ਇਲਾਕੇ ਦਾ ਮਸੰਦ ਰਹ ਚੁਕਾ ਸੀ, ਗੁਰੂ ਜੀ ਨੂੰ ਆਪਣੇ ਘਰ ਲੈ ਗਇਆ ਪਰ ਰਾਤ ਪੈਣ ਤੇ ਡਰ ਗਇਆ। ਗੁਰੂ ਜੀ ਭਾਂਪ ਗਏ ਤੇ ਆਪੂ ਹੀ ਵਿਦਾ ਹੋਣ ਲਗੇ। ਨਬੀ ਖ਼ਾਨ ਤੇ ਗ਼ਨੀ ਖਾਨ ਜੋ ਗੁਰੂ ਮਹਾਰਾਜ ਪਾਸ ਦੂਰ ਇਰਾਕ ਤੋਂ ਘੋੜੇ ਲਿਆ ਵੇਚਿਆ ਕਰਦੇ ਸਨ, ਸੂਹ ਸੁਣਕੇ ਗੁਲਾਬੇ ਦੇ ਘਰ ਆ ਗਏ ਤੇ ਆਪਣੇ ਪਾਸ ਲੈ ਗਏ। ਉੱਥੇ ਹੀ ਨਿਹਾਲੇ ਖਤਰੀ ਦੀ ਮਾਂ ਨੇ ਖਦਰ ਦਾ ਥਾਨ ਪੇਸ਼ ਕੀਤਾ। ਸਾਰਿਆਂ ਨੇ ਚੋਲੇ ਨੀਲੇ ਰੰਗ ਲਏ ਤੇ ਨਬੀ ਖਾਂ ਤੇ ਗ਼ਨੀ ਖਾਂਨ ਤੇ ਤਿੰਨੇ ਸਿੰਘ ਗੁਰੂ ਮਹਾਰਾਜ ਨੂੰ 'ਉਚ ਦਾ ਪੀਰ' ਬਣਾਕੇ ਅਗੇਰੇ ਚੱਲ ਪਏ। ਰਾਹ ਵਿਚ ਇਕ ਦਸਤੇ ਰੋਕਿਆ ਵੀ ਪਰ ਸਲੋਹ ਵਾਲੇ ਕਾਜ਼ੀ ਪੀਰ ਮੁਹੰਮਦ, ਜਿਸ ਪਾਸੋਂ ਸਤਿਗੁਰੂ ਨੇ ਫ਼ਾਰਸੀ ਅੱਖਰ ਪੜ੍ਹੇ ਸਨ, ਨੇ ਫ਼ੌਜੀ ਦਸਤੇ ਦੀ ਤਸੱਲੀ ਕਰਾ ਦਿਤੀ। ਆਪ ਜੀ ਨੇ ਰਾਤ ਕਨੇਚ ਕਟੀ। ਗੁਰੂ ਜੀ ਨੇ ਛੋਟੇ ਸਾਹਿਬਜ਼ਾਦਿਆਂ ਦਾ ਹਾਲ ਤੇ ਪਤਾ ਜਾਣਨ ਲਈ ਇਕ ਹਲਕਾਰਾ ਸੂਹ ਕਢਨ ਲਈ ਵੀ ਭੇਜ ਦਿਤਾ। ਸੂਹੀਆ ਚੌਥੇ ਦਿਨ ਖ਼ਬਰ ਲੈ ਆਇਆ ਕਿ ਛੋਟੇ ਸਾਹਿਬਜ਼ਾਦਿਆਂ ਨੂੰ ਸਰਹੰਦ ਦੇ ਨਵਾਬ ਨੇ ਨੀਹਾਂ ਵਿਚ ਚਿਣਕੇ ਸ਼ਹੀਦ ਕਰ ਦਿਤਾ ਹੈ। ਗੁਰੂ ਜੀ ਨੇ ਕਾਹੀ ਦੇ ਬੂਟੇ ਨੂੰ ਤੀਰ ਦੀ ਨੋਕ ਨਾਲ ਉਖੇੜਦਿਆਂ ਫ਼ੁਰਮਾਇਆ, "ਇਹ ਰਾਜ ਹੁਣ ਜੜ੍ਹੋਂ ਪੁਟਿਆ ਗਇਆ ਹੈ।"

ਬਾਬਾ ਜ਼ੋਰਾਵਰ ਸਿੰਘ ਤੇ ਫ਼ਤਹ ਸਿੰਘ ਜੀ ਦੀ ਸ਼ਹਾਦਤ : ਸਰਸਾ ਨਦੀ ਤੋਂ ਵਿਛੜੇ ਮਾਤਾ ਗੁਜਰੀ ਜੀ ਕੁੰਮੇ ਮਾਸ਼ਕੀ ਦੇ ਘਰ ਠਹਰੇ ਹੋਏ ਸਨ। ਉਥੇ ਲਛਮੀ ਨਾਂ ਦੀ ਬ੍ਰਾਹਮਣੀ ਇਨ੍ਹਾਂ ਨੂੰ ਰੋਟੀ ਪਾਣੀ ਪਹੁੰਚਾਉਂਦੀ ਰਹੀ। ਉਥੋਂ ਸਹੇੜੀ[1] ਦਾ ਬ੍ਰਾਹਮਣ ਗੰਗੂ ਉਨ੍ਹਾਂ ਨੂੰ ਨਾਲ ਲੈ ਆਇਆ। ਰੁਪਿਆਂ ਦੀ ਭਰੀ ਖੁਰਜੀ ਦੇਖਕੇ ਉਸ ਦੀ ਨੀਯਤ ਬਦਲ ਗਈ। ਮੋਹਰਾਂ ਉਸ ਛੁਪਾ ਲਈਆਂ ਤੇ ਬਾਹਰ ਸ਼ੋਰ ਪਾਉਣ ਲਗਾ। ਮਾਤਾ ਜੀ ਨੇ ਬਥੇਰਾ ਚੁੱਪ ਕਰਨ

1. ਸਹੇੜੀ ਦਾ ਨਾਂ ਸਿੰਘਾਂ 'ਸਹੇੜੀ ਉਖੇੜੀ' ਪਾ ਦਿਤਾ ਤੇ ਹੁਣ ਉਸ ਦਾ ਨਾਂ ਖੇੜ੍ਹੀ ਹੀ ਪੈ ਗਇਆ।

ਲਈ ਕਹਿਆ ਪਰ ਉਸ ਨੇ ਜਾਕੇ ਕੋਤਵਾਲ ਨੂੰ ਖਬਰ ਕਰ ਦਿੱਤੀ ।[੧] ਮੁਰਿੰਡੇ ਦੇ ਥਾਨੇਦਾਰ ਨੇ ਗ੍ਰਿਫਤਾਰ ਕਰਕੇ ਸਾਰੀ ਰਾਤ ਥਾਨੇ ਵਿਚ ਰਖਿਆ । ਸਵੇਰੇ ਇਕ ਬੈਲਗੱਡੀ ਤੇ ਸਾਹਿਬਜ਼ਾਦਿਆਂ ਨੂੰ ਬਿਠਾਲ ਕੇ ਬਸੀ ਦੇ ਥਾਨੇ ਲੈ ਗਇਆ । ਸਾਹਿਬਜ਼ਾਦਿਆਂ ਤੇ ਮਾਤਾ ਜੀ ਦੇ ਹਥੀਂ ਹੱਥਕੜੀਆਂ ਤੇ ਪੈਰੀਂ ਜ਼ੰਜੀਰਾਂ ਪਾਕੇ ਥਾਨੇਦਾਰ ਬਸੀ ਤੋਂ ਸਰਹੰਦ ਲੈ ਗਇਆ । ਸਵੇਰ ਹੋਈ ਤਾਂ ਮਾਤਾ ਗੁਜਰੀ ਜੀ ਪਾਸੋਂ ਅੱਡ ਕਰਕੇ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿਚ ਪੇਸ਼ ਕੀਤਾ ਗਿਆ । ਉਸ ਸਮੇਂ ਗੋਰੇ ਗੋਰੇ ਸਰੀਰ ਉਤੇ ਨੀਲੀਆਂ ਨੀਲੀਆਂ ਝੱਗੀਆਂ[੨] ਨਾਲ ਦੱਖ ਹੀ ਨਿਰਾਲੀ ਸੀ । ਮਾਤਾ ਜੀ ਬਚਿਆਂ ਨੂੰ ਸਿਖੀ ਤੇ ਸਿਖ ਇਤਿਹਾਸ ਸੁਣਾਂਦੇ ਰਹਿੰਦੇ ਸਨ । ਗੁਰੂ ਬਿਲਾਸ ਵਿਚ ਇਹ ਵੀ ਲਿਖਿਆ ਹੈ ਕਿ ਤਿੰਨੇ ਦਿਨ ਖਾਣ ਨੂੰ ਕੁਝ ਨਾਹ ਦਿਤਾ ਗਇਆ । ਜਦ ਸਰਹੰਦ ਦੇ ਲੋਕਾਂ ਨੂੰ ਪਤਾ ਲਗਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਕਚਹਿਰੀ ਵਿਚ ਪੇਸ਼ ਕਰਨ ਲਈ ਲਿਆਂਦੇ ਜਾ ਰਹੇ ਹਨ ਤਾਂ ਸਾਰਿਆਂ ਨੂੰ ਚਿੰਤਾ ਹੋਈ । ਸੰਗਤਾ ਸੋਨੇ ਨਾਲ ਤੋਲਕੇ ਸਾਹਿਬਜ਼ਾਦੇ ਛੁਡਾਉਣ ਲਈ ਤਿਆਰ ਹੋ ਗਈਆਂ ਪਰ ਫੇਰ ਇਹ ਸੋਚਿਆ ਕਿ ਸੋਨਾ ਵੀ ਖੋਹ ਲੈਣਗੇ ਤੇ ਸਾਹਿਬਜ਼ਾਦਿਆਂ ਨੂੰ ਵੀ ਨਹੀਂ ਛੱਡਣਗੇ । ਸੋ ਇਹ ਸਲਾਹ ਰਹਿਣ ਦਿਤੀ ਗਈ ।

ਬਚਿਆਂ ਨੂੰ ਭੈ ਭੀਤ ਕਰਨ ਲਈ ਪਹਿਲਾਂ ਕੈਦ ਵਿਚ ਸੁਚਾ ਨੰਦ ਵੀ ਆਇਆ ਪਰ ਸਾਹਿਬਜ਼ਾਦੇ ਦ੍ਰਿੜ ਹੀ । ਸਾਹਿਬਜ਼ਾਦਿਆਂ ਉਤੇ ਸਹਮ ਪਾਉਣ ਲਈ ਕਚਹਿਰੀ ਦਾ ਵੱਡਾ ਦਰਵਾਜ਼ਾਂ ਬੰਦ ਕਰ ਦਿਤਾ ਗਇਆ ਤੇ ਉਨ੍ਹਾਂ ਨੂੰ ਛੋਟੀ ਬਾਰੀ ਰਾਹੀਂ ਅੰਦਰ ਜਾਣ ਦਾ ਹੁਕਮ ਦਿਤਾ ਗਇਆ । ਰਾਹ ਵਿਚ ਸਮਝਾਇਆ ਵੀ ਗਇਆ ਕਿ ਕਚਹਿਰੀ ਅੰਦਰ ਜਾਂਦੇ ਸਿਰ ਝੁਕਾਉਣਾ । ਪਰ ਗੁਰੂ ਗੋਬਿੰਦ ਸਿੰਘ ਦੇ ਬਚਿਆਂ ਨੂੰ ਕਉਣ ਭਰਮਾਏ । ਸਾਹਿਬਜ਼ਾਦਿਆਂ ਨੂੰ ਆਪਣੇ ਪਿਛੇ ਲਗਾਉਣ ਲਈ, ਇਕ ਸਿਪਾਹੀ ਨੇ ਬਾਰੀ ਰਾਹੀਂ ਅੰਦਰ ਜਾਕੇ ਵੀ ਦਿਖਾਇਆ । ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹ ਸਿੰਘ ਜੀ ਨੇ ਪਹਿਲਾਂ ਆਪਣੇ ਚਰਨ ਅੰਦਰ ਕੀਤੇ ਤੇ ਫਿਰ ਸਿਰ ਤੇ ਅੰਦਰ ਜਾ ਕੇ ਗੱਜ ਕੇ 'ਵਾਹਿਗੁਰੂ ਜੀ ਫਤਹ ਬੁਲਾਈ ।' ਸਾਹਿਬਜ਼ਾਦਿਆਂ ਨੇ ਸਿਰ ਕੀ ਨਿਵਾਉਣੇ ਸਨ, ਸਗੋਂ ਉਨ੍ਹਾਂ ਦੇ ਆਪਣੇ ਸਿਰ ਸ਼ਰਮ ਨਾਲ ਝੁੱਕ ਗਏ ।

ਵਜ਼ੀਰ ਖਾਨ ਨੇ ਸਾਹਿਬਜ਼ਾਦਿਆਂ ਨੂੰ ਕਈ ਲਾਲਚ ਦਿਤੇ ਅਤੇ ਇਸਲਾਮ ਕਬੂਲ ਕਰਨ ਲਈ ਪ੍ਰੇਰਿਆ । ਸਾਹਿਬਜ਼ਾਦਿਆਂ ਨੇ ਬਹੁਤ ਉਚੀ ਆਵਾਜ਼ ਨਾਲ ਇਸਲਾਮ ਕਬੂਲ ਕਰਨ ਤੋਂ ਇਨਕਾਰ ਕੀਤਾ । ਜਦ ਨਵਾਬ ਨੇ ਫਤਵਾ ਦੇਣ ਲਈ ਕਾਜੀ ਕੋਲੋਂ ਪੁਛਿਆ ਤਾਂ ਉਸ ਨੇ ਕਹਿਆ ਕਿ ਕੁਰਾਨ ਮੁਤਾਬਕ ਬਚਿਆਂ ਨੂੰ ਮਾਰਨਾ ਨਹੀਂ ਲਿਖਿਆ ਸੋ ਬਚਿਆਂ ਨੂੰ ਛੱਡ ਦੇਣ ਦਾ ਹੁਕਮ ਦਿਤਾ ਗਇਆ । ਉਸੇ ਵਕਤ ਸੁਚਾ ਨੰਦ ਆਪਣੀ ਵਫ਼ਾਦਾਰੀ ਦਾ ਸਬੂਤ ਦੇਣ ਲਈ ਉਠਿਆ ਤੇ ਕਹਿਆ, 'ਬਚਿਓ ਤੁਹਾਨੂੰ ਛੱਡ ਦਿਤਾ ਗਇਆ ਹੈ, ਕਿਥੇ ਜਾਓਗੇ ।' 'ਵੱਡਾ ਬੋਲਿਆ,[੩] 'ਜਾਣਾ ਕਿਥ ਹੈ, ਜੰਗਲਾਂ ਵਿਚ ਜਾਵਾਂਗੇ । ਸਿਖ ਇਕਠੇ ਕਰਾਂਗੇ, ਘੋੜੇ ਇਕਠੇ ਕਰਾਂਗੇ, ਤੇਰੇ ਮੁਕਾਬਲੇ ਆਕੇ ਲੜਾਂਗੇ ।' ਸੁਚਾ ਨੰਦ ਨੇ ਕਹਿਆ ਕਿ 'ਤੁਹਾਨੂੰ ਪਤਾ ਹੈ, ਕਿ ਤੁਹਾਡਾ

---

੧. ਭਾਈ ਰਤਨ ਸਿੰਘ ਜੀ ਭੰਗੂ ਲਿਖਦੇ ਹਨ ਕਿ ਗੰਗੂ ਧਨ ਦੇਖਕੇ ਲੋਭ ਵਿਚ ਫੱਸ ਗਇਆ । ਮੁਰਿੰਡੇ ਤੋਂ ਜਾਨੀ ਖ਼ਾਨ ਤੇ ਮਾਨੀ ਖ਼ਾਨ ਦੋਹਾਂ ਰੰਘੜ ਭਰਾਵਾਂ ਨੂੰ ਲੈ ਆਇਆ । ਜੋ ਮਾਤਾ ਜੀ ਤੇ ਸ਼ਾਹਿਬ-ਜ਼ਾਦਿਆ ਨੂੰ ਫੜ੍ਹ ਕੇ ਸਰਹੰਦ ਲੈ ਗਏ ।

੨. ਕਮੀਜ਼ਾਂ

੩. ਜ਼ੋਰਾਵਰ ਸਿੰਘ ਜੀ

ਪਿਤਾ ਮਾਰਿਆ ਗਇਆ ਹੈ' ਵਿਚੋਂ ਹੀ ਸਾਹਿਬਜ਼ਾਦਿਆਂ ਗੁਸੇ ਨਾਲ ਗੱਜ ਕੇ ਕਹਿਆ 'ਸਾਡੇ ਪਿਤਾ ਨੂੰ ਮਾਰਨ ਵਾਲਾ ਕੌਣ ਹੈ'। ਪਰ ਸੁਚਾ ਨੰਦ ਆਪਣੀ ਗੱਲ ਆਖੀ ਗਇਆ ਕਿ ਤੁਸੀਂ ਪਕੜੇ ਜਾਓਗੇ। ਫਿਰ ਤੁਸੀਂ ਇਥੇ ਜਾਓਗੇ' ਫਿਰ ਤੁਹਾਨੂੰ ਛੱਡ ਦਿਤਾ ਜਾਏਗਾਂ। ਫਿਰ ਤੁਸੀਂ ਕਿਥੇ ਜਾਓਗੇ' ਜਦ ਸੁਚਾ ਨੰਦ ਨੇ ਕਹਿਆ ਤਾਂ ਦੋਵੇਂ ਗੱਜ ਕੇ ਬੋਲੇ, "ਸੁਣ ਲੈ ਕੰਨ ਖੋਲ ਕੇ', ਜਦ ਜਦ ਤਕ ਅਸੀਂ ਜੁਆਨ ਨਹੀਂ ਹੋ ਜਾਂਦੇ ਜਾਂ ਇਹ ਰਾਜ ਨਸ਼ਟ ਨਹੀਂ ਹੋ ਜਾਂਦਾ, ਅਸੀਂ ਲੜਦੇ ਹੀ ਰਵਾਂਗੇ[1]। ਸੁਚਾ ਨੰਦ ਨੇ ਹੁਣ ਵਜੀਰ ਖਾਨ ਵਲ ਮੂੰਹ ਕਰਕੇ ਕਹਿਆ ਕਿ ਸੁਣੋ ਸਪ ਦੇ ਬਚੇ ਕੀ ਆਖ ਰਹੇ ਹਨ, ਫ਼ਿਰਦੌਸੀ ਦਾ ਇਕ ਸ਼ਿਅਰ ਪੜ੍ਹਦੇ ਹੋਇਆ ਕਹਿਆ। ਸਪ ਨੂੰ ਮਾਰਨਾ ਤੇ ਉਸ ਦੇ ਬਚੇ ਨੂੰ ਪਾਲਣਾ ਸਿਆਣਪ ਨਹੀਂ ਹੈ, ਇਹ ਸਚ ਜਾਣੋ ਕਿ ਭੇੜੀਏ ਦਾ ਬੱਚਾ ਭੇੜੀਆ ਹੀ ਹੁੰਦਾ ਹੈ[2]। 'ਕਥਾ ਗੁਰੂ ਜੀ ਦੇ ਸੁਤਨ ਕੀ' ਕ੍ਰਿਤ ਭਾਈ ਦੁਨਾ ਸਿੰਘ ਹੰਡੂਰੀਆ ਲਿਖਦੇ ਹਨ ਕਿ ਵਜ਼ੀਰ ਖ਼ਾਨ ਨੂੰ ਕਹਿਆ ਗਇਆ।

"ਨੀਕੇ ਬਾਲਕ ਤੁਮ ਮਤ ਜਾਨਹੁ, ਨਾਗਹੁ ਕੇ ਇਹ ਪੂਤ ਬਖਾਨਉ।
ਤੁਮਰੇ ਹਾਥ ਆਜ ਯਹ ਆਏ, ਕਰਹੁ ਅਬੈ ਅਪਨੇ ਮਨ ਭਾਏ।੬੨।

ਕਾਜ਼ੀ ਨੇ ਉਸ ਸਮੇਂ ਫੱਤਵਾ ਦਿਤਾ ਕਿ ਬੱਚੇ ਹੁਣ ਕਸੂਰਵਾਰ ਹਨ। ਇਨ੍ਹਾਂ ਨੂੰ ਨੀਂਹਾਂ ਵਿਚ ਚਿਣਕੇ ਸ਼ਹੀਦ ਕਰ ਦਿਤਾ ਜਾਏ। ਇਹ ਵੀ ਇਕ ਸੁਲਹ ਬਣੀ ਕਿ ਇਨ੍ਹਾਂ ਬਚਿਆਂ ਨੂੰ ਮਲੇਰ ਦੇ ਨਵਾਬ ਦੇ ਸਪੁਰਦ ਕਰ ਦੇਵੇ। ਉਨ੍ਹਾਂ ਦੇ ਭਰਾ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਮਾਰਿਆ ਹੈ ਸੋ ਉਹ ਤਸੀਹੇ ਦੇ ਦੇ ਮਾਰ ਦੇਣਗੇ। ਸ਼ੇਰ ਮੁਹੰਮਦਖ਼ਾਨ ਮਲੇਰੀਏ ਨੂੰ ਬੁਲਾਇਆ ਗਇਆ। ਉਸ ਦੇ ਨਾਲ ਹੀ ਖ਼ਿਜ਼ਰ ਖਾਂ ਵੀ ਆਇਆ, ਜਿਸ ਦੇ ਭਰਾ ਨਾਹਰ ਖਾਨ ਨੂੰ ਗੁਰੂ ਜੀ ਨੇ ਜੰਗ ਵਿਚ ਮਾਰਿਆ ਸੀ। ਵਜ਼ੀਰ ਖਾਨ ਨੇ ਕਹਿਆ, "ਜਿਸ ਦੇ ਪਿਤਾ ਨੇ ਤੁਹਾਡੇ ਭਰਾ ਨੂੰ ਮਾਰਿਆ ਹੈ, ਉਨ੍ਹਾਂ ਨੂੰ ਹਵਾਲੇ ਕਰਦਾ ਹਾਂ, ਇਨ੍ਹਾਂ ਨੂੰ ਮਾਰਕੇ ਆਪਣਾ ਬਦਲਾ ਲੈ ਲਵੋ।"[3] ਸ਼ੇਰ ਮੁਹੰਮਦ ਨੇ ਆਪਣਾ ਸਿਰ ਹਿਲਾਇਆ ਤੇ ਕਹਿਆ ਕਿ ਸਾਡਾ ਭਰਾ ਤਾਂ ਲੜਾਈ ਵਿਚ ਲੜਦੇ ਮੋਇਆ ਹੈ। ਗੁਰੂ ਮਿਲ ਜਾਂਦਾ ਤਾਂ ਬਦਲਾ ਲੈ ਲੈਂਦੇ। ਇਨ੍ਹਾਂ ਸ਼ੀਰ ਖ਼ੋਰਾਂ ਨੂੰ ਮਾਰ ਕੇ ਸਾਡੀ ਕੀ ਵਡਿਆਈ ਹੋਵੇਗੀ।[4] ਇਹ ਆਖਕੇ ਉਹ ਉਠ ਬਾਹਰ ਚਲੇ ਗਏ। ਇਹ ਹੀ

---

੧. 'ਭਾਰੀ ਜਵਾਬ ਜੁਝਾਰ ਦਏ, ਸੁਣ ਕੈ ਦੂਤਨ ਅੰਗ ਪਿਰਾਏ।
(ਸੈਨਾਪਤੀ ਗੁਰ ਸੋਭਾ) ੧੩॥੫੪੫।

ਤਾਰੀਖ਼ੇ ਪੰਜਾਬ ਵਾਲਾ ਲਿਖਦਾ ਹੈ ਕਿ ਉਧਰ ਸਰਹੰਦ ਦੇ ਸੂਬੇ ਸਾਮ੍ਹਣੇ ਸਾਹਿਬਜ਼ਾਦੇ ਜੋਰਾਵਰ ਸਿੰਘ ਤੇ ਫਤਹ ਸਿੰਘ ਗ੍ਰਿਫ਼ਤਾਰ ਕਰ ਕੇ ਲਿਆਂਦੇ ਗਏ। ਵਜ਼ੀਰ ਖਾਨ, ਸੂਬਾ ਸਰਹੰਦ ਦਾ ਇਹ ਮਨਸ਼ਾ ਅਸਲੋਂ ਨਹੀਂ ਸੀ ਕਿ ਉਨ੍ਹਾਂ ਭੋਲੇ ਬਚਿਆਂ ਨੂੰ ਕਤਲ ਕੀਤਾ ਜਾਵੇ, ਪ੍ਰੰਤੂ ਦੀਵਾਨ ਸੁਚਾ ਨੰਦ ਖਤਰੀ ਦੇ ਯਤਨ ਕਰ ਕੇ ਸਾਹਿਬਜ਼ਾਦਿਆਂ ਨੂੰ ਕਤਲ ਕਰਵਾ ਦਿਤਾ ਕਿਉਂਕਿ ਉਨ੍ਹਾਂ ਨੇ ਉਸ ਦੇ ਰੂਬਰੂ ਸਖਤ ਬਚਨ ਕੀਤੇ ਸਨ। ਭਾਵੇਂ ਨਾਇਬ ਨਾਜ਼ਮ ਸ਼ੇਰ ਮੁਹੰਮਦ ਖਾਨ ਨੇ ਨਾਬਾਲਗ਼ ਬਚਿਆਂ ਦੇ ਕਤਲ ਨੂੰ ਸ਼ਰ੍ਹਾ ਦੇ ਖ਼ਿਲਾਫ਼ ਦਸਿਆ ਸੀ ਅਤੇ ਟੋਡਰ ਮਲ ਖਤਰੀ ਰਈਸ ਸਰਹੰਦ ਨੇ ਸਾਹਿਬਜ਼ਾਦਿਆਂ ਦੇ ਕਤਲ ਬਦਲੇ ਰਕਮ ਦੇਣੀ ਪ੍ਰਵਾਨ ਕੀਤੀ ਸੀ। ਪਰ ਸਾਹਿਬਜ਼ਾਦੇ ਕਤਲ ਹੋਵਣ ਤੋਂ ਬਚ ਨਾ ਸਕੇ।

੨. ਅਫ਼ੀਅ ਰਾ ਕੁਸਤਨ ਵ ਬਚਾ ਅਸ਼ ਰਾ ਸਗਾਂ ਦਾਸ਼ਤਨ।
ਕਾਰ ਖ਼ਿਰਦ ਮੰਦਾਂ ਨੇਸਤ ਜਹਿਦਾਂ ਗੁਰਗ ਜ਼ਾਦਾ ਗੁਰਗ ਸ਼ਵਦ।

੩. ਸ਼ੀਰ ਖੋਰ ਯਹਿ ਬਾਨ ਹੈਂ, ਇਨਕੋ ਮਾਰਹੁ ਨਾਹਿ।

ਹਾਹਾ ਦਾ ਨਾਅਰਾ ਸੀ ਜੋ ਉਨ੍ਹਾਂ ਦੋਵਾਂ ਭਰਾਵਾਂ ਨੇ ਭਰੀ ਕਚਹਰੀ ਮਾਰਿਆ ਸੀ। ਸਿਖ ਕੌਮ ਅਜ ਤਕ ਨਹੀਂ ਭੁਲੀ। ਇਹ ਵੀ ਬੀਰਾਂ ਦੀ ਇਕ ਕਰਣੀ ਹੈ ਕਿ ਓਹ ਕਿਸੇ ਦਾ ਰਤਾ ਭਰ ਅਹਿਸਾਨ ਵੀ ਨਾ ਭੁਲਾਏ।[1]

ਹੁਣ ਅਜੀਬ ਖੇਡ ਇਹ ਬਣੀ ਕਿ ਨੀਹਾਂ ਵਿਚ ਚਿਣਨ ਵਾਲਾ ਹੀ ਕੋਈ ਨ ਮਿਲੇ। ਬਚਿਆਂ ਨੂੰ ਮਾਤਾ ਜੀ ਨਾਲੋਂ ਅੱਡ ਹੀ ਰਖਿਆ ਗਇਆ ਤੇ ਬਚਿਆਂ ਨੂੰ ਠੰਢੇ ਬੁਰਜ ਵਿਚ ਭੇਜ ਦਿਤਾ ਗਇਆ।[2]

ਸਾਹਿਬਜ਼ਾਦਿਆਂ ਨੂੰ ਅਗਲੇ ਦਿਨ ੨੬ ਦਸੰਬਰ ੧੭੦੪ ਨੂੰ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਬਚੇ ਉਸੇ ਤਰ੍ਹਾਂ ਦ੍ਰਿੜ ਸਨ। ਸਾਰਾ ਸ਼ਹਿਰ ਦੇਖਣ ਲਈ ਇੱਕਠਾ ਹੋ ਗਇਆ। ਬਚੇ ਉਸੇ ਤਰ੍ਹਾਂ ਖਿੜੇ ਹੋਏ ਸਨ। ਕਈ ਵਾਰੀ ਕੋਸ਼ਿਸ਼ ਕੀਤੀ ਗਈ ਕਿ **ਸਾਹਿਬਜ਼ਾਦੇ ਸਿਰ ਝੁਕਾਉਣ ਪਰ ਉਹ ਸਗੋਂ ਅਗੋਂ ਪਿਠ ਕਰ ਦੇਣ**। ਸੱਭ ਨੇ ਕਹਿਆ ਕਿ ਇਤਨੀ ਅਣਖ ਹੋਰ ਕਿਸੇ ਵਿਚ ਨਹੀਂ ਹੈ।[3] ਉਸ ਦਿਨ ਕਚਹਿਰੀ ਵਿਚ ਸ਼ਿਸ਼ਾਲ ਬੇਗ ਤੇ ਵਿਸ਼ਾਲ ਬੇਗ ਜੋ ਦਿਲੀ ਦੇ ਸਰਕਾਰੀ ਜਲਾਦ ਸਨ, ਦਾ ਮੁਕਦਮਾ ਸਰਹੰਦ ਵਿਚ ਪੇਸ਼ ਸੀ। ਉਹ ਆਪਣੀ ਪੇਸ਼ੀ ਉਤੇ ਆਏ ਹੋਏ ਸਨ। ਉਨ੍ਹਾਂ ਨੇ ਬਚਿਆਂ ਨੂੰ ਨੀਹਾਂ ਵਿਚ ਚਿਣਨ ਲਈ ਆਪਣੀਆਂ 'ਸੇਵਾਵਾਂ' ਪੇਸ਼ ਕੀਤੀਆਂ। ਬਚੇ ਉਨ੍ਹਾਂ ਦੇ ਹਵਾਲੇ ਕੀਤੇ ਗਏ। ਨੀਹਾਂ ਵਿਚ ਚਿਣਨੇ ਅਰੰਭ ਕਰ ਦਿਤੇ ਗਏ। ਪਰ ਧਨ ਧਨ ਉਨ੍ਹਾਂ ਗੁਰੂ ਦੇ ਪੁਤਰਾਂ ਦੇ ਜਿਗਰੇ ਕਿ ਉਹ ਹੱਸੂ ਹੱਸੂ ਧਰਮ ਤੋਂ ਵਾਰਨੇ ਜਾ ਰਹੇ ਸਨ। ਹਰ ਲਗਦੀ ਇਟ ਨਾਲ ਉਨ੍ਹਾਂ ਨੂੰ ਧਰਮ ਤਿਆਗਨ ਲੀ ਕਹਿਆ ਜਾਂਦਾ ਤਾਂ ਓਹ ਇਕ ਦੂਜੇ ਨੂੰ ਇਹ ਕਹਿੰਦੇ ਕਿ ਐਸਾ ਕਰਨ ਨਾਲ "**ਦਸ ਪਾਤਸ਼ਾਹੀ ਹੋਵੈ ਹਾਨ।**"

'ਸੀਸ ਜੁ ਦੇਨੇ ਹੈ ਸਹੀ, ਏਹ ਨ ਮਾਨੋ ਬਾਤ।
ਧਰਮ ਜਾਇ ਤਬ ਕਉਨ ਗਤਿ, ਇਹ ਪ੍ਰਗਟ ਬਿਖਆਤ।'

ਦੁਖਾਂ ਤੇ ਅਨੇਕਾਂ ਕਸ਼ਟਾਂ ਤੇ ਤਸੀਹੇ ਨੂੰ ਝਲਦੇ ਵੀ ਉਹ ਦ੍ਰਿੜ ਰਹੇ।[4] ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰ ਨੀਹਾਂ ਵਿਚ ਚਿਣੇ ਜਾਣ ਵੇਲੇ ਦਸ਼ਮੇਸ਼ ਦੇ ਸਾਹਿਬਜ਼ਾਦੇ ਇਹ ਹੀ ਗਲਾਂ ਕਰ ਰਹੇ ਸਨ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਪੁਤਰ ਹਾਂ ਨਾ', ਅਤੇ ਛੋਟਾ ਵਡੇ ਨੂੰ ਕਹਿੰਦਾ ਸੀ ਕਿ 'ਅਸੀਂ ਗੁਰੂ ਤੇਗ ਬਹਾਦਰ ਦੇ ਪੋਤਰੇ ਹਾਂ'। ਜਦ ਨੀਹਾਂ ਛਾਤੀਆਂ ਤਕ ਪੁਜ ਗਈਆਂ ਤਾਂ ਦੋਵੇਂ ਸਾਹਿਬਜ਼ਾਦੇ ਬੇਹੋਸ਼ ਹੋ ਗਏ ਤੇ ਦੀਵਾਰ ਡਿਗ ਪਈ। ਮਾਸੂਮਾਂ ਨੂੰ ਫਿਰ ਵਾਪਸ ਠੰਢੇ ਬੁਰਜ ਵਿਚ ਭੇਜ ਦਿਤਾ

---

੧. ਜਦ ਪੰਜਾਬ ਵਿਚ ੧੯੪੭ ਦੇ ਫ਼ਸਾਦ ਜ਼ੋਰਾਂ ਤੇ ਸਨ, ਉਸ ਵੇਲੇ ਵੀ ਜੇ ਕੋਈ ਮੁਸਲਮਾਨ 'ਮਲੇਰੀਆ' ਆਖ ਦਿੰਦਾ ਸੀ ਤਾਂ ਉਸ ਨੂੰ ਕੁਝ ਨਹੀਂ ਸੀ ਆਖਿਆ ਜਾਂਦਾ।

੨. ਮਾਤਾ ਜੀ ਨਿਜ ਸੁਤਨ ਤੇ, ਤਬੈ ਜੁਦਾ ਕਰ ਦੀਨਾ
ਜਾਇ ਬੁਰਜ ਭੀਤਰ ਦਈ, ਇਉਂ ਦਰਸ਼ਨ ਤਬ ਕੀਨਾ।੬੩।
(ਕਥਾ ਗੁਰੂ ਜੀ ਕੇ ਸੁਤਨ ਕੀ)

੩. ਤਬੈ ਦੁਸ਼ਤ ਐਸੇ ਫੁਨ ਕਹੇ। ਮਸਤਕ ਸਨਮੁਖ ਟੇਕਹੁ ਅਹੇ।
ਨਹਿ ਜਬ ਮਸਤਕ ਸਨਮੁਖ ਟੇਕਹਿ। ਸੀਸ ਉਲਟ ਮੁੜ ਪਾਛੇ ਪੇਖਹਿ।
ਬਹੁਰੋ ਕਹੀ ਦੁਸ਼ਟ ਵਹ ਬਾਨੀ, ਦੇਖੇ ਬਾਲਕ ਯਹ ਅਭਿਮਾਨੀ। ੬੯।
(ਕਥਾ ਗੁਰੂ ਜੀ ਕੇ ਸੁਤਨ ਕੀ)

੪. ਸੋ ਨਹਿ ਮੰਨੇ ਦੁਖ ਸੀਸ ਸਹੇ।
ਦ੍ਰਿੜਤਾ ਹਰਿ ਆਪ ਦਈ ਤਿਨ ਆਏ। ੬੪।

ਗਿਆ । ਰਾਤ ਨੂੰ ਤ੍ਰੈਉੜ, ਮਮੀਰਾਂ ਤੇ ਗਰਮ ਵਸਤੂਆਂ ਖੁਆਈਆਂ ਗਈਆਂ । ਤਲੀਆ ਵਿਚ ਮਾਲਸ਼ ਵੀ ਕੀਤੀ ਗਈ। ਜਦ ਹੋਸ਼ ਆਈ ਤਾਂ ਫਿਰ ਲਾਲਚ ਤੇ ਡਰ ਦਿਤੇ ਗਏ ਪਰ ਪਹਾੜਾਂ ਨੂੰ ਵੀ ਕੋਈ ਝੁਕਾ ਸਕਿਆ ਹੈ। ੨੭ ਦਸੰਬਰ ੧੭੦੪ ਨੂੰ ਜਲਾਦਾਂ ਨੇ ਗੋਡੇ ਹੇਠ ਦੇ ਕੇ ਜ਼ਿਬਾ ਕਰ ਦਿਤਾ।[1] ਮਾਤਾ ਜੀ ਨੇ ਵੀ ਇਹ ਸਾਕਾ ਸੁਣਕੇ ਪ੍ਰਾਣ ਤਿਆਗ ਦਿਤੇ। ਸਸਕਾਰ ਲਈ ਥਾਂ ਬਹੁਤ ਮੁਲ ਤਾਰਕੇ ਟੋਡਰ ਮਲ ਜੌਹਰੀ ਨੇ ਲਈ ਅਤੇ ਸ਼ਾਮ ਨੂੰ ਸਸਕਾਰ ਹੋਇਆ। ਬਾਬਾ ਜ਼ੋਰਾਵਰ ਸਿੰਘ ਜੀ ਦੀ ਸ਼ਹੀਦੀ ਵੇਲੇ ਉਮਰ ਸੱਤ ਸਾਲ ਗਿਆਰਾਂ ਮਹੀਨੇ ਅਠ ਦਿਨ ਸੀ, ਤੇ ਬਾਬਾ ਫਤਹ ਸਿੰਘ ਦੀ ਕੁਲ ਆਯੂ ਪੰਜ ਸਾਲ ਦਸ ਮਹੀਨੇ ਤੇ ਦਸ ਦਿਨ ਸੀ। ਇਸ ਸ਼ਹੀਦੀ ਦਾ ਅਸਰ ਇਹ ਹੋਇਆ ਕਿ ਇਕ ਵਾਰੀ ਚਾਰੇ ਪਾਸੇ ਹਾਹਾਕਾਰ ਮਚੀ। ਲੋਕਾਂ ਵਿਚ ਬੀਰਤਾ ਦੀ ਨਵੀਂ ਭਾਵਨਾ ਜਾਗੀ ਤੇ ਉਨ੍ਹਾਂ ਕਹਿਣਾ ਅਰੰਭ ਕਰ ਦਿਤਾ ਕਿ ਇਸ ਅਣਖ ਹੀਣ ਜੀਵਨ ਨਾਲੋਂ ਸ਼ਹੀਦ ਹੋ ਜਾਣਾ ਹੀ ਚੰਗਾ ਹੈ। ਬਾਬਾ ਬੰਦਾ ਸਿੰਘ ਜੀ ਨੂੰ ਜਿਸ ਸਾਕੇ ਨੇ ਬਹੁਤਾ ਟੁੰਬਿਆ ਉਹ ਸਰਹੰਦ ਦਾ ਹੀ ਸਾਕਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਕਾਰਨਾਮਿਆਂ ਨੂੰ ਲੋਕੀ ਗੁਰੂ ਦੇ ਕਾਰਨਾਮੇ ਕਹਿੰਦੇ ਸਨ ਪਰ ਇਨ੍ਹਾਂ ਦੀ ਸ਼ਹਾਦਤ ਨੇ ਪੰਜਾਬ, ਰਾਜਪੂਤਾਨੇ ਵਿਚ ਇਕ ਭਾਂਬੜ ਹੀ ਮੱਚਾ ਦਿਤਾ। ਐਸੀ ਜੁਆਲਾ ਭੜਕੀ ਕਿ ਮੁਗ਼ਲ ਰਾਜ ਹੀ ਖ਼ਤਮ ਹੋ ਗਇਆ। ਮੈਥਲੀ ਸ਼ਰਨ ਗੁਪਤ ਨੇ ਭਾਰਤ ਭਾਰਤੀ ਵਿਚ ਕੈਸਾ ਸੋਹਣਾ ਲਿਖਿਆ ਹੈ।

"ਜਿਸ ਕੁਲ ਜਾਤ ਕੌਮ ਕੇ ਬਚੇ
ਦੇ ਸਕਤੇ ਯੂੰ ਬਲੀਦਾਨ।
ਉਸ ਕਾ ਵਰਤਮਾਨ ਕੁਛ ਭੀ ਹੋ
ਭਵਿਸ਼ ਹੈ ਮਹਾ ਮਹਾਨ।

---

੧. ਧੰਨਿ ਧੰਨਿ ਗੁਰਦੇਵ ਸੁਤ, ਤਨ ਕੋ ਲੋਭ ਨਾ ਕੀਨਾ
ਧਰਮ ਰਾਖ ਕਲ ਸੌ ਗਏ। ਦਾਦੇ ਸੋ ਜਸ ਲੀਨ।੭੪।੫੪੬।

(ਗੁਰੂ ਸੋਭਾ)

ਅਧਿਆਇ ਤੀਜਾ

ਫ਼ਤਹਨਾਮਾ ਤੇ ਜ਼ਫ਼ਰਨਾਮਾ

ਗੁਰੂ ਗੋਬਿੰਦ ਸਿੰਘ ਦਾ ਫ਼ਤਹ ਨਾਮਾ ਲਿਖਣਾ : ਗੁਰੂ ਗੋਬਿੰਦ ਸਿੰਘ ਜੀ ਨੇ ਕਨੇਚ ਤੋਂ ਹੀ ਪਹਿਲੀ ਆਈ ਚਿਠੀ ਦਾ ਜੁਆਬ ਲਿਖਿਆ । ਭਾਈ ਦਇਆ ਸਿੰਘ ਜੀ ਚਿਠੀ ਪੰਹੁਚਾਣ ਲਈ ਔਰੰਗਜ਼ੇਬ ਵਲ ਦਖਣ ਗਏ । ਨਬੀ ਖ਼ਾਨ ਤੇ ਗ਼ਾਨੀ ਖ਼ਾਨ ਨੇ ਪੰਜਾਬ ਤੋਂ ਬਾਹਰ ਤਕ ਸਹਾਇਤਾ ਕੀਤੀ । ਉਸ ਚਿਠੀ ਦੀ ਅਸਲ ਤਾਂ ਨਹੀਂ ਮਿਲਦੀ ਪਰ ਉਸ ਵਿਚੋਂ ਕੁਝ ਸ਼ਿਅਰ ਬਾਬਾ ਸੁਮੇਰ ਸਿੰਘ ਜੀ ਨੇ ਆਪਣੀ ਯਾਦ ਵਿਚੋਂ ਸੁਣਾਏ ਸਨ । ਉਸ ਚਿੱਠੀ ਵਿਚ ਔਰੰਗਜੇਬ ਨੂੰ ਉਸ ਦੀਆਂ ਫ਼ਰੇਬ ਕਾਰੀਆਂ ਦਾ ਗਿਆਨ ਕਰਾਇਆ ਗਇਆ । ਗੁਰੂ ਜੀ ਨੇ ਲਿਖਿਆ''—

ਔਰੰਗਜੇਬ ਤੈਨੂੰ ਇਹ ਔਰੰਗਜੇਬ ਵਾਲਾ ਨਾਂ ਨਹੀਂ ਫੱਬਦਾ ।[1] ਤੇਰੀ ਤਸੱਬੀ ਮਣਕਿਆਂ ਤੇ ਧਾਗੇ ਤੋਂ ਵੱਧ ਕੋਈ ਹੈਸੀਅਤ ਨਹੀਂ ਰੱਖਦੀ, ਕਿਉਂਕਿ ਤੂੰ ਮਣਕਿਆਂ ਨੂੰ ਦਾਣਾ ਤੇ ਧਾਗੇ ਨੂੰ ਜਾਲ ਬਣਾਇਆ ਹੋਇਆ ਹੈ । ਆਪਣੀ ਭੈੜੀ ਕਰਤੂਤ ਨਾਲ ਤੂੰ ਆਪਣੇ ਪਿਤਾ ਦੀ ਮਿਟੀ ਨੂੰ ਆਪਣੇ ਭਰਾ ਦੇ ਖੂਨ ਨਾਲ ਗੁੰਨ੍ਹਿਆ ਹੈ । ਤੈਨੂੰ ਮਾਣ ਆਪਣੇ ਰਾਜ ਉਤੇ ਹੈ ਤੇ ਮੈਨੂੰ ਆਪਣੇ ਕਰਤਾਰ ਉਤੇ ਹੈ । ਕੀ ਹੋਇਆ ਜੇ ਗਿਦੜ ਨੇ ਆਪਣੀ ਚਾਲਾਕੀ ਤੇ ਧੋਖੇ ਨਾਲ ਸ਼ੇਰ ਦੇ ਦੋ ਬਚਿਆਂ ਨੂੰ ਮਾਰ ਦਿਤਾ ਹੈ ।[2] ਇੰਝ ਲਗਦਾ ਹੈ ਕਿ ਅਜੇ ਦੋ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖ਼ਬਰ ਨਹੀਂ ਪੁਜੀ ਸੀ । ਅਜੇ ਬਿਠਰਿਆ ਹੋਇਆ ਸ਼ੇਰ ਜ਼ਿੰਦਾ ਹੈ ਆਪੇ ਤੇਰੇ ਕੋਲੋਂ ਬਦਲਾ ਲੈ ਲਵੇਗਾ ।[3] ਮੈਨੂੰ ਤੇਰੀਆਂ ਕਸਮਾਂ ਉਤੇ ਰਤਾ ਵੀ ਇਤਬਾਰ ਨਹੀਂ, ਇਸ ਲਈ ਤਲਵਾਰ ਤੋਂ ਵਰਣਨ ਦੇ ਸਿਵਾ ਮੇਰੇ ਕੋਲ ਹੋਰ ਕੋਈ ਚਾਰਾ ਨਹੀਂ, । ਜੇ ਤੂੰ ਤਜਰਬੇਕਾਰ ਬਘਿਆੜ ਹੈਂ ਤਾਂ ਮੈਂ ਵੀ ਇਧਰੋਂ ਸ਼ੇਰ

---

੧. ਨ ਜ਼ੇਬਦ ਤੁਠਾ ਨਾਮੇ ਔਰੰਗਜ਼ੇਬ
ਕਿ ਔਰੰਗਜ਼ੇਬਾਂ ਨ ਆਯਦ ਫ਼ਰੇਬ

੨. ਚਿ ਸ਼ੁਦ ਗਰ ਸ਼ਿਗਾਲੇ ਜ਼ਿ ਮਕਰੋ ਰਿਆ ।
ਹਮੀਂ ਕੁਸ਼ਤ ਦੋ ਬਚਾ ਏ ਸ਼ੇਰ ਰਾ ।

੩. ਚੂੰ ਸ਼ੇਰ ਯਿਆਂ ਜ਼ਿੰਦਾ ਮਾਨਦ ਹਮੀਂ ।
ਜ਼ਿਤੋ ਇੰਤਕਾਮੇ ਸਿਤਾਨਦ ਹਮੀਂ ।

ਛੱਡ ਸਕਦਾ ਹਾਂ।[1] ਫਿਰ ਅੰਤ ਵਿਚ ਗੁਰੂ ਜੀ ਨੇ ਵੰਗਾਰ ਪਾਈ ਕਿ ਅਜੇ ਵੀ ਤੇਰੀ ਲੜਨ ਦੀ ਇਛਾ ਹੈ ਤਾਂ ਮੈਦਾਨ ਵਿਚ ਆ, ਦੋਵਾਂ ਦਾ ਮੁਕਾਬਲਾ ਹੋ ਜਾਏਗਾ। ਤੂੰ ਨਾਜ ਨਿਆਮਤ ਵਿਚ ਪਲਦਾ ਰਹਿਆ ਹੈਂ ਅਤੇ ਅਜੇ ਤਕ ਤੈਨੂੰ ਕੋਈ ਜੰਗੀ ਜੁਆਨ ਨਹੀਂ ਟਕਰਿਆ।[2] ਇਕ ਗੱਲ ਯਾਦ ਰਖੀਂ ਕਿ ਪੱਥਰ ਬੇਸ਼ਕ ਸੋਨੇ ਦੇ ਕਾਸੇ (ਬਰਤਨ) ਨੂੰ ਤੋੜ ਦੇਵੇ ਪਰ ਪਥਰ ਪਥਰ ਹੀ ਹੈ ਤੇ ਸੋਨਾ ਸੋਨਾ ਹੀ ਭਾਂਵੇ ਉਹ ਟੁੱਟ ਗਇਆ ਹੈ। ਇਸ ਫ਼ਤਹਨਾਮੇ ਦੇ ਕੁਲ ਸਾਢੇ ਤੇਈ ਸ਼ਿਅਰ ਹੀ ਮਿਲ ਸਕੇ ਹਨ।

ਬੀਰਤਾ ਦਾ ਇਕ ਹੋਰ ਨਮੂਨਾ : 'ਉਚ ਦੇ ਪੀਰ' ਹੀ ਬਣੇ ਹੋਏ ਆਪ ਜੀ ਜਟਪੁਰੇ ਪੁਜੇ ਸਨ। ਰਾਇ ਕਲਾ ਉਨ੍ਹਾਂ ਨੂੰ ਆਪਣੇ ਪਾਸ ਲੈ ਗਇਆ। ਉਥੇ ਗੁਰੂ ਜੀ ਕੁਛ ਚਿਰ ਟਿਕੇ। ਉਥੋਂ ਸਲਿਆਣੀ, ਚਕਰ, ਤਖਤੂ ਪੂਰਾ ਤੇ ਮਸ਼ੇਲ ਪਿੰਡਾਂ ਵਿਚੋਂ ਹੁੰਦੇ ਹੋਏ ਰਾਇਜੋਧ ਦੇ ਪੋਤਰੇ ਸ਼ਮੀਰ ਪਾਸ ਜਾ ਪੁਜੇ। ਦੀਨੇ ਪਿੰਡ ਆਪ ਜੀ ਨੇ ਟਿਕਾਣਾ ਭਾਈ ਦੇਸੂ ਤਰਖਾਣ ਦੇ ਚੁਬਾਰੇ ਵਿਚ ਕੀਤਾ। ਦੇਸੂ ਨੇ ਨਵਾਂ ਨਵਾਂ ਚੁਬਾਰਾ ਪਾਇਆ ਸੀ ਰਾਇਜੋਧ ਗੁਰੂ ਹਰਿਗੋਬਿੰਦ ਜੀ ਦਾ ਇਕ ਸ਼ਰਧਾਲੂ ਸਿਖ ਸੀ। ਗੁਰੂ ਸਰ ਦੀ ਲੜਾਈ ਵਿਚ ਉਸਨੇ ਛੇਵੇਂ ਗੁਰੂ ਜੀ ਦੀ ਬੜੀ ਸੇਵਾ ਕੀਤੀ ਸੀ। ਰਾਇ ਜੋਧ ਦੀ ਔਲਾਦ ਨੇ ਕਾਂਗੜ ਪਿੰਡ ਵਿਚੋਂ ਉਠਕੇ ਨਵਾਂ ਪਿੰਡ, 'ਦੀਨਾ' ਵਸਾਇਆ ਸੀ। ਤਿੰਨੇ ਭਰਾਵਾਂ ਸ਼ਮੀਰਾ, ਲਖਮੀਰ, ਤੇ ਤੱਖਤ ਮਲ ਨੇ ਨਾਂਹ ਸਿਰਫ ਪੂਰੀ ਰਾਖੀ ਰਖੀ ਸਗੋਂ ਗੁਰੂ ਪਾਤਸ਼ਾਹ ਦੀ ਚੰਗੀ ਆਓ ਭਗਤ ਵੀ ਕੀਤੀ। ਸਰਹੰਦ ਦੇ ਨਵਾਬ ਨੂੰ ਜਦ ਇਸ ਗੱਲ ਦੀ ਸੂਹ ਮਿਲੀ ਕਿ ਉਨ੍ਹਾਂ ਤਿੰਨਾਂ ਭਰਾਵਾਂ ਨੇ ਗੁਰੂ ਜੀ ਨੂੰ ਪਾਸ ਰਖਿਆ ਹੋਇਆ ਹੈ ਤਾਂ ਉਸਨੇ ਧਮਕੀ ਭਰਿਆ ਪਤ੍ਰ ਲਿਖਿਆ। ਪੱਤਰ ਇਸ ਪ੍ਰਕਾਰ ਸੀ ਕਿ "ਤੁਸਾਂ ਪਰਜਾ ਤੇ ਬਾਦਸ਼ਾਹ (ਹਜਰਤ) ਦੇ ਵੈਰੀ ਨੂੰ ਪਨਾਹ ਦਿਤੀ ਹੈ। ਉਸ (ਗੁਰੂ ਗੋਬਿੰਦ ਸਿੰਘ) ਨੂੰ ਬੰਨ੍ਹਕੇ ਸਰਹੰਦ ਪਹੁੰਚਾ ਦਿਓ ਨਹੀਂ ਤਾਂ ਤੁਹਾਡੇ ਉਤੇ ਵੀ ਫੌਜ ਚੜ੍ਹਕੇ ਆਏਗੀ ਤੇ ਗੁਰੂ ਸਮੇਤ ਤੁਹਾਡਾ ਖ਼ਾਤਮਾ ਕੀਤਾ ਜਾਵੇਗਾ।[3] ਪਰ ਤਿੰਨੇ ਭਰਾ ਡੱਟੇ ਰਹੇ ਤੇ ਸਰਹੰਦ ਦੇ ਨਵਾਬ ਨੂੰ ਮੋੜਵਾਂ ਉਤਰ ਭੇਜਿਆ ਕਿ 'ਜਿਵੇਂ ਤੁਸੀਂ ਆਪਣੇ ਪੀਰਾਂ ਮੁਰਸ਼ਦਾਂ ਨੂੰ ਮੰਨਦੇ, ਸੇਵਦੇ ਹੋ, ਤਿਵੇਂ ਅਸੀਂ ਭੀ ਸਤਿਗੁਰੂ ਜੀ ਦੀ ਸੇਵਾ ਪੂਜਾ ਇਸ਼ਟ ਜਾਣ ਹੀ ਕਰਦੇ ਹਾਂ। ਅਸੀਂ ਬਾਬੇ ਨਾਨਕ ਦੇ ਮੁਰੀਦ ਤੇ ਆਪਣੇ ਪੀਰ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਸ ਤਰ੍ਹਾਂ ਤੁਹਾਡੇ ਹਵਾਲੇ ਕਰ ਸਕਦੇ ਹਾਂ। ਸਾਥੋਂ ਇਹ ਗੱਲ ਤਿਨ ਕਾਲ ਵੀ ਨਹੀਂ ਹੋ ਸਕਦੀ।' ਪਰ ਗੁਰੂ ਜੀ ਨੇ ਉਥੋਂ ਜਾਣ ਦਾ ਸੰਕਲਪ ਦੱਸ ਦਿਤਾ। ਤਿੰਨੇ ਭਰਾਵਾਂ ਨੇ ਕਾਫ਼ੀ ਚਿਰ ਗੁਰੂ ਜੀ ਨੂੰ ਟਿਕਾਈ ਰਖਿਆ, ਗੁਰੂ ਜੀ ਨੇ ਉਥੋਂ ਹੀ ਥਾਂ ਥਾਂ ਹੁਕਮਨਾਮੇ ਭੇਜੇ। ਚੋਹਲੇ ਦੀ ਸੰਗਤ ਦੇ ਨਾਂ ਲਿਖਿਆ ਹੁਕਮਨਾਮਾ ਪ੍ਰਸਿਧ ਹੈ। ਉਥੇ ਹੀ ਫਿਰ ਤਗੜੀ ਫੌਜ ਵੀ ਬਣਾ ਲਈ। ਜਿਸ ਵੇਲੇ ਸਰਹੰਦ ਦੇ ਨਵਾਬ ਦਾ ਫੌਜਾਂ ਚੜ੍ਹਾਉਣ ਦਾ ਪਤਾ ਲਗਾ ਤਾਂ ਆਪ 'ਦੀਨਾ' ਤੋਂ ਕਾਂਗੜੇ ਵਲ ਚਲ ਪਏ।

ਜ਼ਫਰਨਾਮਾ : ਗੁਰੂ ਜੀ ਦਾ ਇਹ ਵਿਚਾਰ ਬਣਿਆ ਵੀ ਲਗਦਾ ਸੀ ਕਿ ਬਹਾਦਰ

---

੧. ਤੁਈ ਗੁਰਗੇ ਬਾਰਾਂ ਬਾਰਾਂ ਕਸ਼ੀਦਾ ਅਗਰ।
ਨਿਹਮ ਨੀਜ਼ ਸ਼ੇਰੇ ਜ਼ਿੰਦਾ ਮੇ ਬਦਰ।

੨. ਤੂੰ ਅਜ਼ ਨਿਆਮਤ ਸਮਰ ਖ਼ੁਰਦਾ ਈ।
ਜਿ ਜੰਗੀ ਜਵਾਨਾਂ ਨ ਬਰ ਖ਼ੁਰਦਾ ਈ।

੩. ਸ੍ਰੀ ਗੁਰੂ ਪਦ ਪ੍ਰੇਮ ਪਰ ਪਰਕਾਸ਼—ਦਸਮ ਮੰਡਲ।

ਸ਼ਾਹ ਦੇ ਨਾਇਬ ਨਵਾਬ ਮੁਨਇਮ ਖ਼ਾਨ ਨੂੰ ਵੀ ਇਤਲਾਹ ਦੇ ਦਿਤੀ ਜਾਇ ਤਾਂਕਿ ਔਰੰਗਜ਼ੇਬ ਨੂੰ ਸਭ ਗੱਲ ਤੋਂ ਜਾਣੂ ਕਰਾਇਆ ਜਾ ਸਕੇ ਪਰ ਦੂਜੇ ਪਾਸੇ ਸਰਹੰਦ ਦਾ ਨਵਾਬ ਛੇਤੀ ਹੀ ਟਾਕਰਾ ਕਰਕੇ ਗੁਰੂ ਜੀ ਨੂੰ ਰਾਹ ਤੋਂ ਹਟਾਉਣਾ ਚਾਹੁੰਦਾ ਸੀ । ਉਥੋਂ ਹੀ ਗੁਰੂ ਜੀ ਨੇ ਸੰਸਾਰ ਪ੍ਰਸਿਧ ਚਿਠੀ ਜ਼ਫਰਨਾਮਾ ਲਿਖੀ । ਇੰਜ ਪ੍ਰਤੀਤ ਹੁੰਦਾ ਹੈ ਕਿ ਔਰੰਗਜ਼ੇਬ ਨੂੰ ਜਦ ਪਹਿਲਾ ਫਤਹਨਾਮਾ ਮਿਲ ਗਇਆ ਸੀ ਤਾਂ ਉਸ ਨੇ ਖ਼ਾਸ ਆਦਮੀਆਂ ਹੱਥੀਂ ਆਪਣੀ ਦੂਜੀ ਚਿਠੀ ਭੇਜੀ । ਸਰਹੰਦ ਦੇ ਨਵਾਬ ਨੂੰ ਪੂਰੀ ਸੂਹ ਮਿਲ ਗਈ ਸੀ । ਮਹਾਰਾਜ ਨੇ ਜ਼ਫ਼ਰਨਾਮਾ ਵੀ ਔਰੰਗਜ਼ੇਬ ਨੂੰ ਸੰਬੋਧਨ ਕਰਕੇ ਲਿਖਿਆ । ਗੁਰੂ ਜੀ ਨੇ ਜ਼ਫ਼ਰਨਾਮਾ ਵਿਚ ਆਪਣੀ ਤਲਵਾਰ ਉਠਾਉਣ ਦਾ ਕਾਰਨ ਲਿਖਿਆ । ਆਪ ਜੀ ਨੇ ਆਪਣਾ ਮਤ ਦਸਿਆ ਕਿ ਉਨ੍ਹਾਂ ਤਲਵਾਰ ਮਜਬੂਰ ਹੋਕੇ ਉਠਾਈ ਸੀ । ਜਦੋਂ ਸਾਰੇ ਹੀਲੇ ਕੰਮ ਨ ਕਰਨ ਤਾਂ ਤਲਵਾਰ ਉਠਾਉਣਾ ਠੀਕ ਹੀ ਨਹੀਂ ਸਗੋਂ ਧਰਮ ਵੀ ਹੈ ।[1] ਇਹ ਸਮਝਣਾ ਕਿ ਚਾਰ ਬੱਚੇ ਮਾਰਨ ਨਾਲ ਅਗ ਬੁਝਾ ਦਿਤੀ ਹੈ, ਭੁਲ ਹੈ । ਇਹ ਯਾਦ ਕਰਾਇਆ ਅਜੇ (ਪੇਚੀਦਾ ਮਾਰ) ਖਾਲਸਾ ਜ਼ਿੰਦਾ ਹੈ । ਉਸ ਚਿਠੀ ਵਿਚ ਗੁਰੂ ਜੀ ਨੇ ਔਰੰਗਜ਼ੇਬ ਨੂੰ ਦਖਣ ਜਾ ਕੇ ਨ ਮਿਲਣ ਦੀ ਗੱਲ ਵੀ ਆਖੀ ਸੀ । ਉਸ ਦੇ ਉਲਟ ਸਗੋਂ ਇਹ ਕਹਿਆ ਕਿ ਔਰੰਗਜ਼ੇਬ ਕਾਂਗੜੇ ਦੇਸ਼ ਆਏ । ਉਸਦੀਆਂ ਕਸਮਾਂ ਨੂੰ ਫਰੇਬ ਦੀ ਨਵੀਂ ਚਾਲ ਕਹਿਆ । ਇਹ ਚਿਠੀ ਗੁਰੂ ਜੀ ਦੀ ਚੜ੍ਹਦੀ ਕਲਾ ਦੀ ਇਕ ਮੂੰਹ ਬੋਲਦੀ ਤਸਵੀਰ ਹੈ । ਭਾਈ ਸੇਵਾ ਰਾਮ ਜੀ ਆਪਣੀਆਂ ਪਰਚੀਆਂ[2] ਵਿਚ ਲਿਖਦੇ ਹਨ ਕਿ ਗੁਰੂ ਜੀ ਨੇ ਲਿਖਿਆ :—

"ਜਦ ਦਾ ਤੂੰ ਬਾਦਸ਼ਾਹ ਹੋਇਆ ਹੈਂ, ਤਦ ਦਾ ਤੂੰ ਬੇਇਨਸਾਫ਼ੀ ਕਰਦਾ ਹੈ, ਇਨਸਾਫ਼ ਦਾ ਕੋਈ ਫ਼ੇਲ (ਕੰਮ) ਤੂੰ ਨਹੀਂ ਕੀਤਾ । ਮੈਂ ਇਕ ਪੱਥਰ (ਅਨੰਦਪੁਰ ਦੀ ਪਹਾੜੀ) ਉਪਰ ਬਸੇਰਾ ਰਖਦਾ ਸਾਂ ਅਤੇ ਨਿਰਦਾਵੇ ਕਰ ਬਸੇਰਾ ਕਰਦਾ ਸਾਂ । ਕਊ ਤੇਰਾ ਗਾਂਵ (ਇਲਾਕਾ) ਨਾ ਖਾਵਤਾ ਥਾਂ । ਰਾਜਿਆਂ ਸਾਥ ਰਲਕੇ ਤੂੰ ਮੇਰੀ ਆਉਰ (ਵਲ) ਫੌਜਾਂ ਭੇਜੀਆਂ । ਜੈਸਾ ਤੂੰ ਬੇਇਨਸਾਫ਼ ਤੈਸੇ ਤੇਰੇ ਰਾਜੇ ਬੇਇਨਸਾਫ਼ । ਰਲ ਮਿਲ ਤੁਮਹੁ 'ਨੇ ਮੇਰੇ ਬੇਟੇ ਮਾਰੇ, ਅਉਰਤਾਂ ਮਾਰੀਆਂ, ਸਿਖ ਸੰਗਤੀ ਮਾਰੀਆਂ, ਘੋੜੇ ਲੁਟੇ, ਸੋ ਤੇਰੀ ਬੇਇਨਸਾਫ਼ੀ ਕਰ ਐਸਾ ਹੋਇਆ ਹੈ । ਪਰ ਨ ਭੁਲ ਕਿ ਇਹ ਬੇਇਨਸਾਫ਼ੀ ਤੇਰੇ ਘਰ ਹੀ ਹੈ, ਸਾਹਿਬ (ਵਾਹਿਗੁਰੂ) ਕੇ ਘਰ ਤੋਂ ਐਸਾ ਇਨਸਾਫ਼ ਹੈ, ਨਾਹ ਤਿਲ ਜਿਤਨੀ ਭਲਾਈ ਕਿਸੀ ਕੀ ਗਵਾਵਤਾ ਹੈ, ਨਾਹ ਤਿਲ ਜਿਤਨੀ ਬੁਰਾਈ ਕਿਸੀ ਕੀ ਗਵਾਵਤਾ ਹੈ । ਜਦ ਪਰਵਰਦਗਾਰ ਅਦਾਲਤ ਪੁਰ ਬੈਸੇਗਾ । ਅਰ ਤੁਮ ਸਿਉ ਪੁਛੇਗਾ ਜੋ ਰਾਮਦਾਸ (ਪਰਮ ਪੁਰਖ ਕਾ ਦਾਸਾ-ਗੋਬਿੰਦ ਸਿੰਘ ਗੁਰੂ) ਤੇਰਾ ਕੀ ਵਿਗਾੜਿਆ ਸੀ ਜੋ ਉਸਕੇ ਸਾਥ ਤੋਂ ਐਸੀ ਤਾਦੀ (ਲੜਾਈ) ਕੀਤ੍ਰੀ । ਤਬ ਤੂੰ ਕਿਆ ਜਵਾਬ ਕਰੇਗਾ । ਖਬਰਦਾਰ ਹੋਹੁ, ਉਹ ਵਕਤ ਆਇਆ ਤੇ ਆਇਆ । ਜਿਤਨੇ ਦੋਜ਼ਕ ਬਣਾਏ ਹਨ ਤਿਤਨੇ ਬੇਇਨਸਾਫ਼ਾਂ ਦੇ ਨਮਿਤ ਬਣਾਏ ਹਨ । ਉਹਾਂ ਬਾਦਸ਼ਾਹ ਅਰ ਕੀੜਾ ਬਰਾਬਰ ਹੈ । ਕੀੜੇ ਦੀ ਪੁਕਾਰ ਪਹਲੇ ਸੁਨਤਾ ਹੈ ।

"ਤੈਨੂੰ ਜੋ ਇਹ ਗੁਮਾਨ ਹੈ ਕਿ ਤੂੰ ਮੇਹਨਤ ਕਰਕੇ ਖਾਵਤਾ ਹੈ ਤਾਂ ਸਭ ਘੋੜੇ, ਪਸ਼ੂ ਮੇਹਨਤ, ਘਾਲ ਕਰਕੇ ਖਾਂਦੇ ਹਨ । ਜੇ ਤੈਨੂੰ ਇਹ ਗੁਮਾਨ ਹੈ ਕਿ ਕੁਰਾਨ ਪੜ੍ਹਣ ਕਰ

---

੧. ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ ।
ਹਲਾਲ ਅਸਤ ਬੁਰਦਨ ਬਸ਼ਮਸ਼ੇਰ ਦਸਤ ।

੨. "ਸਾਖੀਆਂ ਦਸਵੇਂ ਮਹਲ ਦੀਆਂ ।

ਬਖਸ਼ਿਆ ਜਾਏਂਗਾ। ਜ਼ਬਾਨ ਸਾਥ ਕੁਰਾਨ ਪੜ੍ਹਿਆ ਤਾਂ ਕਿਆ ਹੂਆ। ਅਮਲਾਂ ਬਿਨਾਂ ਨਿਬੇੜਾ ਨਹੀਂ। ਦਗਰਾ ਪੰਖੀ ਉਪਰ ਕੁਰਾਨ ਲਿਖਿਆ ਕਹਿਆ ਜਾਂਦਾ ਹੈ। ਉਹ ਕੌਉਨ ਅਓਲ੍ਹਿਆ ਹੋ ਗਇਆ। (ਯਾਦ ਰਵੇ ਕਿ ਹੁਣੇ ਹੀ ਪਿਛੇ ਜਹੇ ਇਕ ਮਛੀ ਹਿੰਦੁਸਤਾਨ ਵਿਚ ਪਰਦਰਸ਼ਨੀ ਖਾਤਰ ਆਈ ਹੈ ਜਿਸ ਦੀ ਪੂਛ ਉਤੇ ਕਲਮਾਂ ਲਿਖਿਆ ਹੋਇਆ ਹੈ।

"ਜੇ ਤੈਨੂੰ ਇਹ ਗੁਮਾਨ ਹੈ ਕਿ ਬੰਦਗੀ ਕਰਦਾ ਰਹਿਆ ਹੈਂ। ਬੰਦਗੀ ਇਸ ਦਾ ਨਾਮ ਨਹੀਂ ਜੋ ਚਾਰ ਰਵਾਇਤਾ ਮੁੱਖ ਤੇਂ ਪੜ੍ਹ ਛਡੀਆਂ। ਖਾਸ ਬੰਦਗੀ ਨਫ਼ਸ ਦੀ ਮੁਖਾਲਫ਼ਤ ਹੈ। ਮਨ ਸਿਉ ਉਲਟਾ ਬਰਤਨਾ ਠੀਕ ਬੰਦਗੀ ਹੈ। ਮਨ ਕਾ ਕਹਿਆ ਨ ਕਰਨਾ। ਸੋ ਤੂੰ ਉਲਟਾ ਆਪਣੇ ਮਨ ਦਾ ਕਰਦਾ ਰਹਿਆ ਹੈ। ਮਨ ਕੀ ਖੁਸ਼ੀ ਦੇ ਨਮਿਤ ਆਪਣਾ ਬਾਪ ਮਾਰਿਆ। ਮਨ ਦੀ ਖੁਸ਼ੀ ਨਮਿਤ ਆਪਣੇ ਭਾਈ ਮਾਰੇ। ਦਾਰਾ, ਸੁਜਹ ਅਰ ਮੁਰਾਦ ਮੁਕਾਇਆ। ਸੋ ਤੈਂ ਬੰਦਗੀ ਕਉਨ ਸੀ ਕੀਤੀ ਹੈ। ਦੁਨੀਆਂ ਦੇ ਪਿਆਰ ਵਾਲੇ ਨੂੰ ਕੁਰਾਨ ਵਿਚ ਕੁਤਾ ਕਹਿਆ ਹੈ। 'ਜੁ ਆਲ ਦੁਨੀਆਂ ਜ਼ੀਫ਼ਤਨ ਵ ਤਾਲਬਹਾ ਕਿ ਲਾਬਨ।' ਇਹ ਦੁਨੀਆਂ ਮੁਰਦਾਰ ਹੈ, ਤਿਸ ਦਾ ਤਾਲਬ ਕੁਤਾ ਹੈ! ਤਾਂ ਤੇ ਕੁਤਿਆਂ ਦੀ ਸਿਫ਼ਾਤ (ਸਿਫ਼ਾਰਸ਼-ਹਾਮਾ) ਪੈਗੰਬਰ ਕਿਉਕਰ ਭਰਤਾ ਹੈ।

"ਜੇ ਤੈਨੂੰ ਇਹ ਗੁਮਾਨ ਹੈ ਕਿ ਬੁਤ ਪ੍ਰਸਤੀ ਦੂਰ ਕੀਤੀ ਹੈ। ਇਹ ਗੁਮਾਨ ਵੀ ਝੂਠਾ ਹੈ। ਸੋ ਜਿਸ ਵਕਤ ਤੈਂ ਬੁਤ ਢਾਹੇ, ਮੰਦਰ ਗਿਰਾਏ ਘਰ ਘਰ ਬੁਤ ਹੋਰ ਬੰਨਿਆਂ। ਕਿਨਹੂ ਆਟੇ ਕੇ ਬੁਤ ਬਣਾਏ। ਕਿਨਹੂੰ ਮੋਮ ਕੇ ਬੁਤ ਬਣਾਏ। ਕਿਨਹੁ ਮਾਟੀ ਕੇ ਬੁਤ ਬਣਾਏ। ਆਪਣਾ ਨੇਮ ਸਾਧ ਕਰ ਰੋਟੀ ਖਾਈ। ਸੋ ਜਦ ਤੂੰ ਇਕ ਬੁਤ ਨ ਤੋੜਦਾ ਤਾਂ ਲੱਖਾਂ-ਬੁੱਤ ਆਰਾਸਤਾ ਨਾਹ ਹੁੰਦੇ। ਖਾਸਾ ਬੁਤ ਖੁਦੀ ਹੈ। ਸੱਭ ਬੁੱਤਾਂ ਦੀ ਮਾਂ ਖੁਦੀ ਹੈ। ਜਿਨ੍ਹਾਂ ਨੇ ਖੁਦੀ ਮਾਰਿਆ ਹੈ, ਖਾਸਾ ਬੁਤ ਉਨ੍ਹਾਂ ਹੀ ਨੇ ਢਾਹਿਆ।

> "ਭੰਨ ਆਪਣੇ ਆਪ ਨੂੰ ਜੋ ਬੁਤ ਦਾ ਭੰਨਣਾ ਇਹੋ ਹਈ।
> ਤੇ ਉਪਰਤ ਹੋਵਹੁ ਇਸ ਹਉਮੇ ਥੀ, ਜੋ ਕੈਦ ਤੇ ਛੁਟਣਾ ਇਹੋ ਹਈ।
> ਤੇ ਸਾਹਿਬ ਲੋਕਾਂ ਦੇ ਹਿਰਦੇ ਸਾਧ ਹਿਰਦਾ ਮਿਲਾਇ।
> ਜੋ ਗੋਸ਼ੇ ਬਹਣ ਵਿਚ ਅਸਾਡਾ ਪੰਥ ਇਹੋ ਹਈ।"
> (ਬਿਸ਼ਕੰਨ ਖੁਦਰਾ ਕਿ ਬੁਤ ਸ਼ਿਕਸਤਨ ਈਸ਼ਾ।
> ਬਗਜ਼ਰਜ਼ਿ ਖੁਦੀ ਜ਼ਿ ਕੈਦ ਰਸਤਨ ਈਸ਼ਾਂ।
> ਦਰਿ ਗੋਸ਼ੇ ਖਾਤਰੈ ਅਜੀਜਾਜ ਕੰਨ।
> ਦੂਰਿ ਮਜਹਬ ਗੋਸ਼ੇ ਖਾਤਰੇ ਨਿਸ਼ਸ਼ਤਨ ਈਸ਼ਾ।

"ਜੇ ਤੈਨੂੰ ਗੁਮਾਨ ਹੈ ਕਿ ਤੂੰ ਸ਼ਰਹ ਉਪਰ ਕਾਇਮ ਹੈਂ। ਸੋ ਸਭ ਹੀ ਪੰਥਹੁ ਕੇ ਸ਼ਰਹ ਇੱਕ ਸਮਾਨ ਹਨ। ਜਦ ਪੰਥਹੁ ਕੇ ਸ਼ਰਾਹ ਕਰਕੇ ਬਖਸ਼ੇ ਜਾਤੇ ਤਬ ਸਾਹਿਬ ਦਾ ਭਜਨ ਕਉਨ ਕਰਦਾ। ਜੋ ਸਾਹਿਬ ਦੇ ਭਜਨ ਬਿਨਾ, ਅਰ ਸਾਹਿਬ ਲੋਕਾਂ ਦੀ ਖੁਸ਼ੀ ਬਿਨਾ ਹੀ ਮੁਕਤਿ ਹੋਣਾ ਚਾਹੁੰਦਾ ਹੈ, ਤਿਸ ਦਾ ਦਾਵਾ ਝੂਠਾ ਹੈ।

"ਜੇ ਤੈਨੂੰ ਇਹ ਗੁਮਾਨ ਹੈ ਕਿ ਲੋਕ ਤੇਰਾ ਜਸ ਕਰਦਾ ਹੈ। ਜਸ **ਪ੍ਰੋਯਜਨ ਨਮਿਤ ਲੋਕ ਫ਼ਿਰਾਊਨ ਦਾ ਵੀ ਕਰਦਾ ਸੀ।** ਸੋ ਤਿਸ ਫ਼ਰਾਊਨ ਨੂੰ ਪਰਵਰਦਗਾਰ ਦੋਜ਼ਕ ਵਿਚ ਜਲਾਇਆ ਹੈ ਤੇ ਖਾਸ ਜਸ ਇਹ ਹੈ, ਜਿਸ ਦਾ ਹਿਰਦਾ ਸਾਹਿਬ ਲੋਕਾਂ ਕੇ ਹਜ਼ੂਰ ਹੋਇਆ ਹੈ, ਜਿਸ ਵਿਚ ਨਿੰਮ੍ਰਤਾ ਹੈ ਤੇ ਲੋਕ ਭਲਾਈ ਹੈ।

"ਜੇ ਤੈਨੂੰ ਇਹ ਖ਼ਿਆਲ ਹੈ ਕਿ ਅਲਾਹ ਸਤਾਰ ਹੈ। ਪੜਦਾ ਪਾਉਂਦਾ ਹੈ। ਪਰ ਇਹ ਵੀ ਯਾਦ ਰੱਖ ਸਤਾਰੀ ਉਨ੍ਹਾਂ ਨੂੰ ਹੀ ਮਿਲਦੀ ਹੈ ਜਿਨ੍ਹਾਂ ਸਤਾਰੀ ਦਿਖਾਈ ਹੈ। ਫਿਰ ਮਸਕੀਨਾਂ ਉਪਰ ਸਤਾਰੀ ਹੁੰਦੀ ਹੈ। ਜਿਸ ਦੇ ਹਿਰਦੇ ਵਿਚ ਖ਼ੁੱਦੀ ਦਾ ਸੁਭਾਉ ਨਹੀਂ ਪਾਇਆ ਜਾਂਦਾ। ਸਤਾਰੀ ਉਨ੍ਹਾਂ ਉਤੇ ਹੀ ਹੁੰਦੀ ਹੈ। ਖ਼ੁਦਾ ਦੇ ਹੱਥ ਵਿਚ ਸਤਾਰੀ ਤੇ ਕਹਾਰੀ ਦੀਆਂ ਕੜਛੀਆਂ ਹਨ, ਜਬ ਤੂੰ ਕਿਸੇ ਉਤੇ ਸਤਾਰੀ ਕੀਤੀ ਹੋਏਗੀ ਤਾਂ ਤੇਰੇ ਉਪਰ ਵੀ ਸਤਾਰੀ ਦੀ ਕੜਛੀ ਤਾਰੇਗਾ। ਪਰ ਜੇ ਤੂੰ ਕਿਸੇ ਉਪਰ ਕਹਾਰੀ ਕੀਤੀ ਹੋਏਗੀ ਤਾਂ ਤੇਰੇ ਉਪਰ ਵੀ ਕਹਾਰੀ ਕੀ ਕੜਛੀ ਡਾਰੇਗਾ। ਅੰਤ ਵਿਚ ਲਿਖਿਆ, **ਤੂੰ ਖਬਰਦਾਰ ਹੋ ਖਾਲਸਾ ਪੈਦਾ ਹੋਇਆ ਹੈ, ਤੇਰੇ ਵਰਗੇ ਬੁਤਾਂ ਨੂੰ ਢਾਉਣ ਵਾਲਾ ਖਾਲਸਾ ਪੈਦਾ ਹੋਇਆ ਹੈ।** ਤੈਨੂੰ ਛਡੇਗਾ ਨਹੀਂ।" ਬਸ, ਇਹ ਜੁਅਰਤ ਤੇ ਦਲੇਰੀ ਦੀ ਇਕ ਚਿਠੀ ਸੀ।

ਤ੍ਵਾਰੀਖ ਪੰਜਾਬ ਵਾਲਾ ਲਿਖਦਾ ਹੈ ਕਿ ਇਕ ਖੱਤ ਜਿਸ ਨੂੰ 'ਜ਼ਫ਼ਰਨਾਮਾ' ਕਹਿੰਦੇ ਹਨ ਔਰੰਗਜ਼ੇਬ ਬਾਦਸ਼ਾਹ ਨੂੰ ਲਿਖਆ। ਜਿਸ ਵਿਚ ਬਾਦਸ਼ਾਹ ਲਈ ਬੜੇ ਕਰਾਰੇ ਤੇ ਕਰੜੇ ਸ਼ਬਦ ਵਰਤੇ, ਉਹ ਖੱਤ ਆਪਣੇ ਖਾਸ ਸੇਵਾਦਾਰ ਦਯਾ ਸਿੰਘ ਹੱਥ ਬਾਦਸ਼ਾਹ ਤਕ ਪਹੁੰਚਾਇਆ ਜਦ ਦਯਾ ਸਿੰਘ ਖੱਤ ਲੈਕੇ ਔਰੰਗਜ਼ੇਬ ਕੋਲ ਔਰੰਗਾਬਾਦ ਵਿਖੇ ਪੁੱਜਾ ਤਾਂ ਉਸਨੇ ਗੱਜ ਕੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਕਹਿਆ। ਬਾਦਸ਼ਾਹ ਬੋਲਿਆ ਕਿ 'ਖ਼ਾਲਸੇ ਨੇ ਏਨੀ ਜਲਦੀ ਕਿਉਂ ਕੀਤੀ ? ਉਤਰ ਮਿਲਿਆ 'ਤੇਰੀ ਜਲਦੀ ਕਰਨ ਕਰਕੇ', ਫ਼ਿਰ ਬਾਦਸ਼ਾਹ ਪੁਛਿਆ ਕਿ 'ਕੀ ਗੁਰੂ ਜੀ ਕੋਈ ਕਰਾਮਾਤ ਵੀ ਰਖਦੇ ਹਨ ? ਦਯਾ ਸਿੰਘ ਨੇ ਮੋੜਵਾਂ ਕਹਿਆ, 'ਉਨ੍ਹਾਂ ਦੇ ਤਾਂ ਕੁਤਿਆਂ ਵਿਚ ਵੀ ਕਰਾਮਾਤਾਂ ਹਨ। 'ਗੁਰੂ ਜੀ ਦਾ ਪਤ੍ਰ ਪੜ੍ਹਨ ਨਾਲ ਔਰੰਗਜ਼ੇਬ ਬੀਮਾਰ ਹੋ ਗਇਆ ਤੇ ਪੰਜਾਬ ਦੇ ਨਾਜ਼ਮਾਂ ਨੂੰ ਹੁਕਮ ਜਾਰੀ ਕੀਤੇ ਕਿ ਗੁਰੂ ਜੀ ਨਾਲ ਸਿਦਕ ਸਫ਼ਾਈ ਨਾਲ ਪੇਸ਼ ਆਵਣ।

ਅਹਿਮਦਸ਼ਾਹ ਬਟਾਲਵੀ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਜਦ ਪਹਲੀ ਚਿਠੀ ਦਾ ਉਤਰ ਆਇਆ ਤਾਂ ਉਨ੍ਹਾਂ ਦੂਜੀ ਲਿਖੀ ਜਿਸਦਾ ਭਾਵ ਸੀ :

"ਸਾਡੇ ਆਗੂ ਬਾਬਾ ਨਾਨਕ ਨੇ ਸਾਡੇ ਧਰਮ ਦੀ ਨੀਂਹ ਰਬ ਦੀ ਏਕਤਾ ਵਾਲੇ ਸਿਧਾਂਤਾਂ ਉਤੇ ਰਖੀ ਹੈ, ਅਤੇ ਹੋਰ ਕਿਸੇ ਧਰਮ ਦੀ ਨਕਲ ਨਹੀਂ ਕੀਤੀ ਤੇ ਨ ਹੀ ਕਿਸੇ ਧਰਮ ਦੀ ਮਰਯਾਦਾ ਅਪਣਾਈ ਹੈ। **ਹਿੰਦੂਆਂ ਦਾ ਇਕ ਟੋਲਾ ਸਦਾ ਸਾਡੇ ਨਾਲ ਵੈਰ ਕਰਦਾ ਰਹਿਆ ਹੈ।**

"ਅਸਾਂ ਜੀਵਨ ਵਿਚ ਸਿਵਾਇ ਸੰਗਰਾਮ ਤੇ ਕਸ਼ਟਾਂ ਦੇ ਹੋਰ ਕੁਝ ਨਹੀਂ ਦੇਖਿਆ। ਅਕਾਲ ਪੁਰਖ ਤੋਂ ਬਗ਼ੈਰ ਕੋਈ ਆਸਰਾ ਨਹੀਂ। ਵਾਹਿਗੁਰੂ ਅਕਾਲ ਪੁਰਖ ਨੇ ਵੈਰੀਆਂ ਉਤੇ ਸਾਨੂੰ ਵਿਜੈ ਬਖ਼ਸ਼ੀ ਹੈ ਪਰ ਕੀਨੇ ਦੀ ਅੱਗ ਹੋਰ ਭੜਕ ਉਠੀ। ਸਰਹੰਦ ਦੇ ਨਿਰਦਈ ਹਾਕਮ ਨੂੰ ਨ ਰੱਬ ਦਾ ਖੌਫ਼, ਨ ਕਿਸੇ ਦੀ ਲਜਿਆ ਤੇ ਨਾ ਹੀ ਬਾਦਸ਼ਾਹ ਦੀ ਪ੍ਰਵਾਹ ਸੀ। **ਉਸ ਨੇ ਦੋਵਾਂ ਬਚਿਆਂ ਨੂੰ ਪਕੀਆਂ ਇਟਾਂ ਦੀ ਕੰਧ ਵਿਚ ਚਿਣਵਾ ਦਿਤਾ।** ਦੋਵੇਂ ਬਚੇ ਵੀ ਆਪੂੰ ਭੇਜੇ। (ਚਮਕੌਰ ਦੀ ਗੜ੍ਹੀ ਵਿਚ) ਅਸੀਂ ਇਕਲਿਆਂ ਰਹਿ ਗਏ। ਅਸੀਂ ਵੀ ਬਾਹਰ ਆਏ ਤੇ ਜਾਣ ਵਾਰਨ ਲਈ ਤੁਲ ਪਏ ਪਰ ਸਾਡਾ ਸਮਾਂ ਅਜੇ ਨਹੀਂ ਸੀ ਪੁਜਾ। ਇਸ ਲਈ ਕਿਸੇ ਦੀ ਕੀ ਮਜਾਲ ਸੀ ਕਿ ਸਾਡਾ ਵਾਲ ਵੀ ਵਿੰਗਾ ਕਰਦਾ. ਵੈਰੀ ਸਾਡੇ ਸਾਮ੍ਹਣਿਓਂ ਇਸ ਤਰ੍ਹਾਂ ਨਠੇ ਜਿਵੇਂ ਭੇਡ ਸ਼ੇਰ ਸਾਮ੍ਹਣਿਓਂ ਨਠਦੀ ਹੈ। ਸਰਹੰਦ ਦੀਆਂ ਫ਼ੌਜਾਂ ਨੇ ਪਿੱਛਾ ਕੀਤਾ ਪਰ ਸਾਡੇ ਇਕ ਹਲੇ ਅਗੇ ਵੀ ਨ ਟਿਕ ਸਕੇ। ਪੁਤਰ ਤੇ ਸਰਬੰਸ ਵਾਰਿਆ ਹੈ। ਬਿਨਾਂ ਅਕਾਲ ਪੁਰਖ ਦੇ

ਸਾਨੂੰ ਕਿਸੇ ਤੋਂ ਕੋਈ ਭੈ ਨਹੀਂ ਪਰ ਸਾਨੂੰ ਵਿਸ਼ਵਾਸ ਹੈ ਕਿ ਸਾਡੇ ਡੁਲੇ ਲਹੂ ਦਾ ਇਕ ਕਤਰਾ ਵੀ ਵਿਅਰਥ ਨਹੀਂ ਜਾਵੇਗਾ।

"ਜੋ ਬੀਤੀ ਹੈ ਅਨਿਆਇ ਹੈ। ਜਿਸ ਦਿਨ ਸਚੇ ਪਾਤਸ਼ਾਹ ਦੀ ਦਰਗਾਹ ਵਿਚ ਪੇਸ਼ੀ ਹੋਵੇਗੀ ਤੁਹਾਨੂੰ ਇਸ ਦਾ ਜੁਆਬ ਦੇਣਾ ਪਵੇਗਾ। ਉਸ ਸਮੇਂ ਤੁਸੀਂ ਕੀ ਮੂੰਹ ਦਿਓਗੇ। ਸਾਨੂੰ ਤੁਹਾਡੇ ਪਾਸ ਆਉਣ ਵਿਚ ਕੋਈ ਇਨਕਾਰ ਨਹੀਂ ਪਰ ਨਵੀਂ ਚਿਠੀ ਦੀ ਉਡੀਕ ਜ਼ਰੂਰ ਕਰਾਂਗੇ। ਸ਼ਾਹੀ ਅਹਿਲਕਾਰਾਂ ਨੂੰ ਗੁਰੂ ਜੀ ਨੇ ਤੁਹਫ਼ੇ ਦਿਤੇ। ਇਸ ਤਰ੍ਹਾਂ ਔਰੰਗਜ਼ੇਬ ਨੇ ਵੀ ਸਿੰਘਾਂ ਨੂੰ ਤੋਹਫ਼ੇ ਦਿਤੇ। ਫਿਰ ਇਕ ਪਿਆਰ ਭਰਿਆ ਪਤਰ ਵੀ ਲਿਖਿਆ ਕਿ ਸਾਰੀਆਂ ਵਿਰੋਧੀ ਕਾਰਵਾਈਆਂ ਬੰਦ ਕਰ ਦਿਤੀਆਂ ਜਾਣ।"

ਬੀਰ ਪਰੰਪਰਾ ਦੇ ਵਿਕਾਸ ਵਿਚ ਜ਼ਫ਼ਰਨਾਮਾ ਇਕ ਉੱਘਾ ਮੀਲ ਪੱਥਰ ਹੈ। ਸ਼ਾਹਾਂ ਨਾਲ ਟਕਰਾਉਣ ਦੀ ਜੁਅਰਤ ਇਸੇ ਜ਼ਫ਼ਰਨਾਮਾ ਨੇ ਪੈਦਾ ਕੀਤੀ। ਜਦ ਔਰੰਗਜ਼ੇਬ ਨੇ ਇਹ ਜਾਨਿਆ ਕਿ ਗੁਰੂ ਗੋਬਿੰਦ ਸਿੰਘ, ਪਿਤਾ, ਪੁਤਰ ਤੇ ਪਿਆਰੇ ਗਵਾਕੇ ਈਨ ਮੰਨ ਲਵੇਗਾ ਤਾਂ ਉਸ ਸਮੇਂ ਜ਼ਫ਼ਰਨਾਮਾ ਲਿਖਕੇ ਗੁਰੂ ਜੀ ਨੇ ਬੀਰਤਾ ਦੇ ਨਵੇਂ ਪੂਰਨੇ ਪਾਏ। ਸਚਮੁਚ ਇਕ ਮਰਦ ਕਾ ਚੇਲਾ ਉਠਿਆ ਜਿਸ ਬਾਬਰਵਾਣੀ ਨੂੰ ਜੜ੍ਹੋਂ ਮੁਕਾਉਣ ਦੀ ਸੇਧ ਦੇ ਦਿਤੀ। ਭਾਈ ਦਇਆ ਸਿੰਘ ਜੀ ਨੇ ਵੀ ਔਰੰਗਜ਼ੇਬ ਸਾਮ੍ਹਣੇ ਬੀਰਤਾ ਦੇ ਲਕਸ਼ ਦਿੜ੍ਹਾਏ, ਜਦ ਪੁਛਿਆ ਕਿ ਸਚਮੁਚ ਖ਼ਾਲਸਾ ਪੈਦਾ ਹੋ ਗਇਆ ਹੈ ਤਾਂ ਭਾਈ ਦਇਆ ਸਿੰਘ ਜੀ ਨੇ ਕਹਿਆ ਸੀ, ਹਾਂ ਪੈਦਾ ਹੋ ਗਇਆ ਹੈ। ਔਰੰਗਜ਼ੇਬ ਦਾ ਰੰਗ ਪੀਲਾ ਪਇਆ ਸੀ।[੧] ਤਖ਼ਤਾਂ ਦੇ ਮਾਲਕਾਂ ਵਿਚ ਹਲਚਲ ਖਾਲਸੇ ਨੇ ਮਚਾ ਦਿਤੀ ਸੀ।

---

੧. ਜ਼ਫ਼ਰਨਾਮੇ ਦਾ ਕਿਤਨਾ ਕੁ ਅਸਰ ਔਰੰਗਜ਼ੇਬ ਤੇ ਹੋਇਆ ਉਸ ਦਾ ਪ੍ਰਮਾਣ ਉਸੇ ਦੇ ਲਿਖੇ 'ਸ਼ਿਕਸ਼ਤਨਾਮੇ' ਤੋਂ ਪ੍ਰਗਟ ਹੁੰਦਾ ਹੈ ਜੋ ਉਸ ਨੇ ਆਪਣੇ ਬੇਟੇ ਆਜ਼ਮ ਨੂੰ ਲਿਖਿਆ। ਜਾਦੂਨਾਥ ਸਰਕਾਰ ਦੇ ਕਥਨ ਅਨੁਸਾਰ ਉਸ ਲਿਖਿਆ 'ਪਿਛਲੀ ਉਮਰ ਬੁਢਾਪੇ ਦੀ ਕਮਜ਼ੋਰੀ ਨੇ ਢਾਹ ਲਿਆ ਹੈ। ਮੇਰੇ ਅੰਗ ਤੇ ਨੈਣ ਸ਼ਕਤੀ ਹੀਣ ਹੋ ਗਏ ਹਨ। ਮੈਂ ਇਕੱਲਾ ਆਇਆ ਸਾਂ ਤੇ ਇਕੱਲਾ ਹੀ ਜਾ ਰਿਹਾ ਹਾਂ। ਮੈਨੂੰ ਇਤਨਾ ਵੀ ਗਿਆਨ ਨਹੀਂ ਕਿ ਮੈਂ ਕਉਨ ਹਾਂ, ਕੀ ਕਰਦਾ ਰਿਹਾ ਹਾਂ, ਤੇ ਕਿਥੇ ਜਾਣਾ ਹੈ। ਜੋ ਸਮਾਂ ਮੈਂ ਬੰਦਗੀ ਤੋਂ ਬਿਨਾਂ ਗੁਜ਼ਾਰ ਲਿਆ ਹੈ। ਉਸ ਦਾ ਮੈਨੂੰ ਪਛਤਾਵਾ ਹੈ। ਮੈਂ ਆਪਣੇ ਰਾਜ ਵਿਚ ਚੰਗੀ ਹਕੂਮਤ ਨਹੀਂ ਕਰ ਸਕਿਆ ਤੇ ਨਾ ਹੀ ਲੋਕਾਂ ਦਾ ਪਿਆਰ ਜਿੱਤ ਸਕਿਆ ਹਾਂ। ਮੈਂ ਦੁਨੀਆਂ ਵਿਚ ਖ਼ਾਲੀ ਹਥੀਂ ਆਇਆ ਸਾਂ ਪਰ ਜਾਂਦੀ ਵਾਰੀ ਪਾਪਾਂ ਦਾ ਭਾਰ ਨਾਲ ਲੈ ਕੇ ਜਾ ਰਿਹਾ ਹਾਂ। ਪਤਾ ਨਹੀਂ ਕਿ ਕੀਤੇ ਗੁਨਾਹਾਂ ਬਦਲੇ ਮੈਨੂੰ ਕਿਤਨੀ ਕੁ ਸਜ਼ਾ ਮਿਲੇਗੀ"

ਅਧਿਆਇ ਚੌਥਾ

ਮੁਕਤਸਰ ਤੇ ਮੁਕਤੇ

ਮੁਕਤਸਰ ਦੀ ਜੰਗ : ਗੁਰੂ ਗੋਬਿੰਦ ਸਿੰਘ ਜੀ ਨੇ ਦੀਨਾ ਪਿੰਡ ਬਹੁਤੀ ਦੇਰ ਰਹਣਾ ਖਤਰੇ ਤੋਂ ਖਾਲੀ ਨਾ ਜਾਣਿਆ। ਉਥੋਂ ਆਪ ਕੋਟ ਕਪੂਰੇ ਵਲ ਚਲ ਪਏ। ਕਪੂਰਾ ਉਤੋਂ ਉਤੋਂ ਤਾਂ ਗੁਰੂ ਜੀ ਦੇ ਵਲ ਦੀ ਵੀ ਗੱਲ ਕਰਦਾ ਸੀ, ਪਰ ਅੰਦਰੋਂ ਡਰਦਾ ਵੀ ਸੀ। ਕਪੂਰੇ ਨੇ ਉਥੇ ਹੀ ਸ਼ਸਤ੍ਰਾਂ ਉਤੇ ਚੌਰੀ ਹੁੰਦੇ ਦੇਖ ਪੁਛਿਆ ਸੀ ਕਿ ਸ਼ਸਤ੍ਰਾਂ ਦੀ ਪੂਜਾ ਕਿਉਂ ਕਰਦੇ ਹੋ ਤਾਂ ਮਹਾਰਾਜ ਨੇ ਫੁਰਮਾਇਆ ਸੀ ਕਿ ਸ਼ਸਤ੍ਰ ਬਿਨਾਂ ਨਰ ਭੇਡ ਸਮਾਨ ਹੀ ਹੈ। ਜਿਸ ਨੇ ਮਰਦ ਬਨਾਉਣਾ ਹੈ, ਉਸ ਦਾ ਆਦਰ ਹੋਣਾ ਚਾਹੀਦਾ ਹੈ। ਗੁਰੂ ਜੀ ਨੇ ਉਸ ਕੋਲੋਂ ਸਿਰਫ਼ ਇਤਨੀ ਸਹਾਇਤਾ ਮੰਗੀ ਕਿ ਉਹ ਰਾਹ ਦੱਸ ਦੇਵੇ ਤੇ ਮੁਗਲਾਂ ਦੀਆਂ ਫ਼ੌਜਾਂ ਕਿਸ ਪਾਸਿਉਂ ਆਂਦੀਆਂ ਹਨ ਦਾ ਸੰਕੇਤ ਪੁਜਾ ਦੇਵੇ। ਉਸ ਨੇ ਮੂੰਹ ਰੱਖਣ ਲਈ ਆਪਣੇ ਭਤੀਜੇ ਖਾਨ ਬਰਾੜ ਨੂੰ ਗੁਰੂ ਜੀ ਨਾਲ ਕਰ ਦਿੱਤਾ। ਉਥੋਂ ਗੁਰੂ ਜੀ ਜੈਤੋ ਦੀ ਜੂਹ ਵਿਚ ਪੁਜੇ। ਉਥੇ ਗੁਰੂ ਜੀ ਸਿਖਾਂ ਨੂੰ ਤੀਰ-ਅੰਦਾਜ਼ੀ ਦਾ ਅਭਿਆਸ ਕਰਾਂਦੇ ਰਹੇ ਤੇ ਲੜਨ ਦੇ ਵਲ ਸਿਖਾਂਦੇ ਰਹੇ। ਜੈਤੋ ਤੋਂ ਗੁਰੂ ਜੀ ਚੋਂਤੜਾ ਪਿੰਡ ਪੁਜੇ। ਸਿੱਖਾਂ ਨੂੰ ਕਹਿਆ ਕਿ ਇਹ ਤਾਲ ਵੱਡਾ ਤੀਰਥ ਹੈ। ਗੰਗਾ ਤੋਂ ਵੀ ਅਧਿਕ ਹੈ। ਅਗਲਾ ਪੜਾ ਗੁਰੂ ਜੀ ਨੇ ਸੁਨੀਅਰ ਪਿੰਡ ਦੀ ਜੂਹ ਵਿਚ ਕੀਤਾ। ਉਥੇ ਸਾਮੂੰ ਤੇ ਫ਼ਤੇ ਨੇ ਬਹੁਤ ਸੇਵਾ ਕੀਤੀ। ਉਥੇ ਹੀ ਫਿਰ ਕਪੂਰਾ ਆ ਮਿਲਿਆ ਤੇ ਉਸ ਯਕੀਨ ਦਿਲਵਾਇਆ ਕਿ ਉਹ ਹਰ ਪਰਕਾਰ ਦੀ ਮਦਦ ਕਰੇਗਾ, ਪਰ ਗੁਰੂ ਜੀ ਉਸ ਦਾ ਕਾਇਰਪੁਣਾ ਜਾਣ ਗਏ ਸਨ।

ਜਦ ਦੀਨੇ ਤੋਂ ਲਿਖੇ ਹੁਕਮਨਾਮੇ ਸਿੰਘਾਂ ਨੂੰ ਪੁੱਜੇ ਤਾਂ ਸਿੰਘਾਂ ਨੇ ਗੁਰ ਦਰਸ਼ਨਾਂ ਲਈ ਵਹੀਰਾਂ ਹੀ ਪਾ ਦਿਤੀਆ। ਤ੍ਵਾਰੀਖ ਗੁਰ ਖਾਲਸਾ ਦੇ ਲਿਖਾਰੀ ਨੇ ਲਿਖਆ ਹੈ ਕਿ ਮਾਲਵਾ ਦੇਸ ਦੇ ਕਈ ਸੂਰਬੀਰ ਗੁਰੂ ਜੀ ਦੀ ਟਹਲ ਵਿਚ ਹਾਜ਼ਰ ਹੋ ਗਏ। ਮਾਝੇ ਦੇ ਸਿੰਘ ਵੀ ਗੁਰੂ ਜੀ ਵਲ ਕਾਂਗੜ ਦੇਸ਼ ਚਲ ਪਏ। ਉਨ੍ਹਾਂ ਵਿਚ ਉਹ ਵੀ ਸਨ ਜਿਨ੍ਹਾਂ ਮਸੰਦ ਦੁਨੀ ਚੰਦ ਦੇ ਆਖੇ ਲਗਕੇ ਅਨੰਦਪੁਰ ਛੱਡ ਦਿਤਾ ਸੀ। ਮੈਕਾਲਫ਼ ਲਿਖਦਾ ਹੈ ਕਿ ਮਾਝੇ ਦੇ ਸਿੰਘ ਆਪਣੇ ਆਪ ਨੂੰ ਕੋਸਦੇ ਕਿ ਉਹ ਦੁਨੀ ਚੰਦ ਦੇ ਆਖੇ ਲਗ ਕੇ ਅਨੰਦਪੁਰ ਵਿਚੋਂ ਗੁਰੂ ਜੀ ਨੂੰ ਛੱਡ ਕੇ ਕਿਉਂ ਆ ਗਏ ਸਨ। (ਸਿਖ ਰਿਲੀਜਨ—ਜਿਲਦ ਪੰਜਵੀਂ, ਪੰਨਾ 211)

ਉਨ੍ਹਾਂ ਵਿਚ ਮਾਝੇ ਦੀ ਪੰਚਾਇਤ ਵੀ ਸੀ ਜੋ ਇਹ ਮਤਾ ਪਕਾ ਕੇ ਆਈ ਸੀ ਕਿ ਗੁਰੂ ਜੀ ਨੂੰ ਹੋਰ ਜੰਗਾਂ ਤੋਂ ਵਰਜਾਂਗੇ ਤੇ ਉਨ੍ਹਾਂ ਨੂੰ ਆਰਾਮ ਨਾਲ ਦਿਨ ਕਟੀ ਕਰਨ ਲਈ ਆਖਾਂਗੇ।

ਗੁਰੂ ਜੀ ਨੂੰ ਸੁਨੀਅਰ ਪਿੰਡ ਹੀ ਖ਼ਬਰ ਪੁੱਜ ਗਈ ਸੀ ਕਿ ਕਸੂਰ ਦਾ ਨਵਾਬ ਹਸਨ ਖਾਨ ਅਗੋਂ ਹਮਲੇ ਲਈ ਆ ਰਹਿਆ ਹੈ ਤੇ ਪਿਛੋਂ ਸਰਹੰਦ ਦਾ ਵਜ਼ੀਰ ਖਾਨ ਵੀ ਪੁੱਜ ਰਹਿਆ ਹੈ। ਗੁਰੂ ਜੀ ਨੇ ਪਾਣੀ ਵਾਲੀ ਥਾਂ ਖਿਦਰਾਣੇ ਦੀ ਢਾਬ ਬਾਰੇ ਸੁਣਿਆ ਤੇ ਉਸ ਵਲ ਵਹੀਰ ਦਾ ਮੂੰਹ ਮੋੜ ਦਿਤਾ। ਸੁਨੀਅਰ ਤੋਂ ਗੁਰੂ ਜੀ ਰੂਪਾਣੇ ਵਲ ਚਲੇ। ਉਥੇ ਹੀ ਜਦ ਭਾਈ ਦਾਨ ਸਿੰਘ ਜੀ ਨੇ ਘੋੜੇ 'ਜਾਨ ਭਾਈ' ਨੂੰ ਤੇਜ਼ ਕਰਨ ਲਈ ਚਾਬਕ ਮਾਰੀ ਤਾਂ ਗੁਰੂ ਜੀ ਨੇ ਕਹਿਆ 'ਕਿਮ ਭਰਾਤਾ ਕੋ ਛਮਕੀ ਮਾਰੀ'। ਭਾਈ ਦਾਨ ਸਿੰਘ ਜੀ ਨੇ ਖਿਮਾ ਮੰਗੀ। ਅਜੇ ਥੋੜਾ ਜਹਿਆ ਹੀ ਗਏ ਸਨ ਕਿ ਮਾਝੇ ਦੇ ਸਿਆਣੇ, ਸਿਖ, ਸੂਰਬੀਰ ਤੇ ਸੰਗਤ ਆਣ ਮਿਲੀ। ਸਿਆਣਿਆਂ ਨੇ ਆਪਣਾ ਮਤਾ ਦਸਿਆ ਤੇ ਕਹਿਆ, "ਮਹਾਰਾਜ ਤੁਸੀਂ ਵੀ ਆਦਿ ਗੁਰੂ ਸਾਹਿਬਾਨ ਦੀ ਸ਼ਾਂਤੀ ਵਾਲਾ ਰਾਹ ਅਪਨਾਈ ਰਖੋ। ਸਾਡੇ ਲਈ ਸਿਖੀ ਨਿਭਾਉਣੀ ਮੁਸ਼ਕਲ ਹੋ ਰਹੀ ਹੈ। ਜੇ ਇਸੇ ਤਰ੍ਹਾਂ ਤੁਰਕ ਹਾਕਮਾਂ ਨਾਲ ਰੋਜ਼ ਹੀ ਜੁੱਧ ਤੇ ਝਗੜੇ ਜਾਰੀ ਰਖੋਗੇ ਤਾਂ ਸਾਥੋਂ ਸਿਖੀ ਨਹੀਂ ਨਿਭ ਸਕੇਗੀ। ਕਿਉਂ ਜੋ ਸਾਰੇ ਦੇਸ਼ ਵਿਚ ਅਸੀਂ ਖਿੰਡੇ ਹੋਏ ਬਾਦਸ਼ਾਹ ਦੀ ਰਯਤ ਬਣ ਕੇ ਵਧ ਰਹੇ ਹਾਂ। ਜਿਸ ਬਾਦਸ਼ਾਹ ਦੀ ਕਮਾਨ ਵਿਚ ਲੱਖਾਂ ਦੀ ਫ਼ੌਜ ਤੇ ਸਾਜ਼ੋ ਸਮਾਨ ਹੈ, ਉਸ ਨਾਲ ਲੜ ਕੇ ਭਲਾ ਕੌਣ ਸਫ਼ਲ ਹੋ ਸਕਦਾ ਹੈ। ਸੋ ਜੇ ਤੁਸੀਂ ਆਖੋ ਤਾਂ ਹਾਕਮਾਂ ਨਾਲ ਵਿਚ ਪੈ ਕੇ ਸਾਰੀ ਗੱਲ ਨਿਬੇੜ ਦਈਏ। ਤੁਸੀਂ ਸਾਰੀ ਜ਼ਿੰਮੇਂਵਾਰੀ ਸਾਡੇ ਉਤੇ ਸੁਟੋ, ਫ਼ੈਸਲਾ ਅਸੀਂ ਕਰਵਾਵਾਂਗੇ। ਤੁਸੀਂ ਨਿਸਚਿੰਤ ਹੋ ਕੇ ਸੁਖੀ ਵਸੋ ਤੇ ਸਿਖਾਂ ਦੀ ਪ੍ਰੀਤ ਪਾਲੋ। ਅਸੀਂ ਸਿਖ ਰਵਾਂਗੇ ਤੇ ਤੁਸੀਂ ਸਾਡੇ ਗੁਰੂ ਬਣੇ ਰਵੋ। ਹਾਕਮਾਂ ਨਾਲ ਰੁਖ-ਰਸੂਖ ਬਣਾਈ ਰੱਖਣਾ ਹੀ ਸਮੇਂ ਦੀ ਮੰਗ ਹੈ।"

ਗੁਰੂ ਜੀ ਧੀਰਜ ਤੇ ਠਰੰਮੇ ਨਾਲ 'ਸਿਆਣਿਆਂ ਦੀਆਂ ਵਿਚਾਰਾਂ ਸੁਣਦੇ ਰਹੇ। ਫਿਰ ਉਨ੍ਹਾਂ ਨੂੰ ਸੰਬੋਧਨ ਕਰਕੇ ਬੋਲੇ, "ਸਿਖ ਤਾਂ ਹੁੰਦੇ ਹਨ ਗੁਰੂ ਉਪਦੇਸ਼ ਲੈਣ ਵਾਸਤੇ, ਤੁਸੀਂ ਉਲਟ ਸਿਖਮਤ ਦੇਣ ਲੱਗ ਪਏ। ਅੱਜ ਸਾਡੇ ਝਗੜੇ ਨਿਬੇੜਨ ਆਏ ਹੋ। ਉਸ ਸਮੇਂ ਕਿਥੇ ਸਾਓ ਜਦੋਂ ਪੰਜਵੇਂ ਸਤਿਗੁਰ ਨਾਲ ਸਾਕਾ ਵਰਤਿਆ ਸੀ। ਉਦੋਂ ਜਾ ਕੇ ਕੁਝ ਨਾ ਬੋਲੇ। ਘਰਾਂ ਵਿਚ ਹੀ ਬੈਠੇ ਰਹੇ। ਫਿਰ ਨਾਵੇਂ ਪਾਤਸ਼ਾਹ ਦਿੱਲੀ ਗਏ ਸੀਸ ਵਾਰਨ ਉਦੋਂ ਤਾਂ ਅਡੋਪਲੇ ਹੀ ਬੈਠ ਰਹੇ; ਤੁਸਾਂ ਤਾਂ ਇਤਨਾ ਵੀ ਨਾ ਕਹਿਆ ਕਿ ਅਸੀਂ ਗੁਰੂ ਦੇ ਸਿਖ ਹਾਂ। ਹੁਣ ਉਪਦੇਸ਼ ਕਰਦੇ ਲੱਜਾ ਆਉਣੀ ਚਾਹੀਦੀ ਹੈ। ਐਸੇ ਪੁਰਸ਼ਾਂ ਨੂੰ ਸਿਖ ਬਣਾ ਕੇ ਕੀ ਸਵਾਰਨਾ ਹੈ? ਕ੍ਰਿਪਾ ਕਰੋ ਤੇ ਘਰਾਂ ਨੂੰ ਮੁੜ ਜਾਓ।"[੧] ਕਰੜੀ ਗੱਲ ਸੁਣ ਕੇ ਕਈਆਂ ਤਾਂ ਉਥੇ ਹੀ ਖਿਮਾਂ ਮੰਗੀ, ਪਰ ਕਈਆਂ ਨੇ ਗੁਰੂ ਜੀ ਨੂੰ ਇਹ ਦੱਸਣ ਲਈ ਕਿ ਉਨ੍ਹਾਂ ਨਾਲ ਕੋਈ ਨਹੀਂ, ਲਿਖ ਦਿਤਾ ਕਿ ਅਸੀਂ ਗੁਰੂ ਦੇ ਸਿਖ ਨਹੀਂ। ਇੰਝ ਪ੍ਰਤੀਤ ਹੁੰਦਾ ਹੈ ਕਿ ਇਲਾਕੇ ਦੇ ਚੌਧਰੀ ਲਾਹੌਰ ਹਕੂਮਤ ਨੂੰ ਇਹ ਆਖ ਆਏ ਸਨ ਕਿ ਜਾਂ ਤਾਂ ਉਹ ਗੁਰੂ ਜੀ ਨੂੰ ਆਪਣਾ ਪਕੜਾਇਆ ਹੋਇਆ

---

੧. ਭਾਈ ਰਤਨ ਸਿੰਘ ਜੀ ਭੰਗੂ ਲਿਖਦੇ ਹਨ ਗੁਰੂ ਜੀ ਨੇ ਕਿਹਾ

"ਕਿਆ ਗੁਰੂ ਅਰਜਨ ਦਰਿਆਗਿਨ ਬੋੜਿਓ।

ਕਿਹਾ ਤੇਗ ਬਹਾਦਰ ਸੀਸਨ ਤੋਰਿਓ।

ਕਿਆ ਬਚੇ ਨਹਿ ਮਰਵਾਇ।

ਸੀਰ ਖੋਰ ਤੈ ਨ ਕੁਹਾਏ।"

ਜਦ ਉਨ੍ਹਾਂ ਕਿਹਾ ਕਿ ਲੋਕੀ ਤੁਹਾਨੂੰ ਮਰ੍ਹੇਲ (ਲੜਾਕੂ) ਤੇ ਕੂਦਕ (ਅਲੂੜ) ਕਹਿੰਦੇ ਹਨ ਤਾਂ ਗੁਰੂ ਜੀ ਨੇ ਕਿਹਾ ਕਿ ਮਰੂੈਲਾ ਅਖਵਾਉਣ ਤੋਂ ਉਹ ਨਹੀਂ ਝਿਜਕਦੇ।

ਮਤਾ ਮੰਨਵਾ ਆਉਣਗੇ ਜਾਂ ਉਹ ਗੁਰੂ ਨਾਲੋਂ ਸਦੀਵੀ ਸਬੰਧ ਤੋੜ ਆਉਣਗੇ। ਸੂਰਜ ਪ੍ਰਕਾਸ਼ ਦਾ ਕਰਤਾ ਲਿਖਦਾ ਹੈ :

> "ਜੋ ਜੋ ਬੇਮੁਖ ਸਿਦਕ ਬਿਨ, ਸਿਮਰਿ ਪੰਚਾਇਤ ਬਾਤ।
> ਲਿਖਯੋ ਬਿਦਾਵਾ ਦੇਰਿ ਬਿਨ, ਗੁਰ ਸਿਖ ਨਹੀਂ ਕਦਾਤ।
>
> ।ਅੱਸੂ ੪, ਰੁਤ ੯।।

ਅਜੇ ਗੁਰੂ ਜੀ ਉਨ੍ਹਾਂ ਦੀ ਲਿਖਤ ਜੇਬ ਵਿਚ ਪਾ ਕੇ ਉਠੇ ਹੀ ਸਨ ਕਿ ਸੂਹੀਏ ਨੇ ਸੂਹ ਦਿੱਤੀ ਕਿ ਦੁਸ਼ਮਣਾਂ ਦੀ ਸੈਨਾ ਨਜ਼ਦੀਕ ਆਣ ਪਹੁੰਚੀ ਹੈ। ਗੁਰੂ ਜੀ ਉਸ ਸਮੇਂ ਹੀ ਖਿਦਰਾਣੇ ਦੀ ਢਾਬ ਉਤੇ ਕਬਜ਼ਾ ਕਰਨ ਲਈ ਚੱਲ ਪਏ। ਆਪ ਜੀ ਨੇ ਆਪਣਾ ਟਿਕਾਣਾ ਇਕ ਉਚੇ ਟਿਬੇ ਉਤੇ ਕਰ ਲਇਆ, ਜਿਥੋਂ ਸਾਰਾ ਕੁਝ ਹੀ ਦਿਖਾਈ ਦਿੰਦਾ ਸੀ। ਇਸ ਦਸ਼ਾ ਨੂੰ ਦੇਖਕੇ ਅਣਖੀਲੇ ਸਿੰਘ ਜਾਨਾਂ ਵਾਰਨ ਲਈ ਤਿਆਰ ਹੋ ਗਏ। ਕੁਝ ਘਬਰਾਹਟ ਵਿਚ ਉਥੇ ਹੀ ਬੈਠ ਰਹੇ। ਭਾਈ ਰਾਇ ਸਿੰਘ ਨੇ ਲਕੀਰ ਪਾਈ ਤੇ ਵੰਗਾਰ ਕੇ ਕਹਿਆ ਕਿ ਜੋ ਗੁਰੂ ਤੋਂ ਕੁਰਬਾਨ ਹੋਣ ਲਈ ਤਿਆਰ ਹਨ, ਲਕੀਰ ਟੱਪ ਆਉਣ। ਦੇਖਦੇ ਹੀ ਦੇਖਦੇ ੪੫ ਸਿਖ ਲਕੀਰ ਟੱਪ ਆਏ। ਭਾਈ ਰਾਇ ਸਿੰਘ, ਭਾਈ ਮਨੀ ਸਿੰਘ ਜੀ ਦੇ ਭਾਈ ਸਨ। ਭਾਈ ਰਾਇ ਸਿੰਘ ਜੀ ਦੀ ਅਗਵਾਈ ਹੇਠ ਉਨ੍ਹਾਂ ਸੂਰਬੀਰਾਂ ਨੇ ਖਿਦਰਾਣੇ ਦੀ ਢਾਬ ਦੀ ਹੇਠਲੀ ਥਾਂ ਮਲ ਲਈ। ਬਾਕੀ ਸਿਖਾਂ ਨੇ ਝੂਰੇ ਤੇ ਕਛਹਿਰੇ ਤਾਣ ਛਾਉਣੀਆਂ ਵਾਂਙ ਥਾਂ ਬਣਾ ਦਿਤੀ।

ਗੁਰੂ ਜੀ ਨੇ ਵੀ ਮੋਰਚਾ ਲਗਾ ਲਇਆ। ਪਾਣੀ ਤੇ ਉਨ੍ਹਾਂ ਦਾ ਕਬਜ਼ਾ ਹੋ ਚੁੱਕਾ ਸੀ। ਯੁੱਧ ਆਰੰਭ ਹੋ ਗਇਆ। ਫ਼ੌਜਾਂ ਦਾ ਪਹਲਾ ਟਾਕਰਾ ਭਾਈ ਰਾਇ ਸਿੰਘ ਦੇ ਸਿੰਘਾਂ ਨਾਲ ਹੋਇਆ। ਉਨ੍ਹਾਂ ੪੫ ਸਿੰਘਾਂ ਨੇ ਐਸੀ ਵਿਉਂਤ ਬਣਾਈ ਕਿ ਇਕ ਇਕ ਹੀ ਅਗਾਂਹ ਟਾਕਰੇ ਤੇ ਨਿਕਲੇ। ਉਸ ਪਿਛੇ ਪੰਜ ਹੋਰ ਉਸ ਦੀ ਸਹਾਇਤਾ ਲਈ ਨਿਕਲਣ। ਗੁਰੂ ਜੀ ਇਕ ਉੱਚੇ ਟਿੱਬੇ ਉਤੇ ਇਹ ਸਾਰਾ ਯੁੱਧ ਦੇਖ ਰਹੇ ਸਨ। ਸਿੰਘ ਜਾਨਾਂ ਹੂਲ ਰਹੇ ਸਨ। ਗੁਰੂ ਜੀ ਵੀ ਤਿੱਖੇ ਤੀਰਾਂ ਦੀ ਵਰਖਾ ਕਰਦ ਰਹੇ ਤਾਂ ਕਿ ਦੁਸ਼ਮਣਾਂ ਨੂੰ ਭਾਜੜ ਪਈ ਰਹੇ। ਦੁਸ਼ਮਣਾਂ ਨੂੰ ਸਿਖ ਇਕ ਇਕ ਕਰਕੇ ਹਫਾ ਮਾਰਦੇ ਰਹੇ। ਸਿੰਘਾਂ ਦਾ ਪਾਣੀ ਤੇ ਕਬਜ਼ਾ ਹੋਣ ਕਾਰਣ ਦੁਸ਼ਮਣਾਂ ਦਾ ਬਹੁਤੇ ਚਿਰ ਲਈ ਇਸ ਟਾਕਰੇ ਟਿਕਣਾ ਅਸੰਭਵ ਸੀ। ਜਦ ਲੜਾਈ ਲੜਦੇ ਦੁਪਹਰ ਹੋ ਗਈ ਤਾਂ ਦੁਸ਼ਮਣਾਂ ਨੇ ਵੀ ਤੱਗੜਾ ਹੱਲਾ ਬੋਲਿਆ ਤੇ ਗੋਲੀਆਂ ਤੇ ਗੋਲੇ ਸੁਟੇ। ਸਿਖ ਵੱਡੀ ਗਿਣਤੀ ਵਿਚ ਸ਼ਹੀਦ ਹੋ ਗਏ। ਸ਼ਹੀਦ ਹੋਣ ਵਾਲਿਆਂ ਦੀ ਗਿਣਤੀ ੩੦੦ ਤਕ ਲਿਖੀ ਹੈ। ਭਾਈ ਰਾਇ ਸਿੰਘ ਜੀ ਵੀ ਗੋਲੀ ਲੱਗਣ ਨਾਲ ਥਾਂ ਉਤੇ ਹੀ ਸ਼ਹੀਦ ਹੋ ਗਏ। ਉਨ੍ਹਾਂ ਦੀ ਥਾਂ ਭਾਈ ਮਹਾਂ ਸਿੰਘ ਨੇ ਲੈ ਲਈ। ਗੁਰੂ ਜੀ ਲਗਾਤਾਰ ਤੀਰ ਚਲਾ ਰਹੇ ਸਨ। ਦੁਸ਼ਮਣਾਂ ਇਹ ਹੀ ਜਾਣਿਆ ਕਿ ਸਿਖ ਅਜੇ ਵੱਡੀ ਗਿਣਤੀ ਵਿਚ ਹਨ। ਇਹ ਵਿਚਾਰ ਕੇ ਨਵਾਬ ਨੇ ਇਕ ਵਾਰੀ ਫੇਰ ਹੱਲਾ ਬੋਲਣ ਲਈ ਕਹਿਆ। ਇਸ ਹੱਲੇ ਦੇ ਟਾਕਰੇ ਤੇ ੧੧ ਸਿਖ ਨਿਤਰੇ ਜੋ ਲੜਦੇ ਲੜਦੇ ਸ਼ਹੀਦੀਆਂ ਪਾ ਗਏ। ਜਦ ਰਾਇ ਸਿੰਘ ਦੇ ਜਥੇ ਦੇ ਸਾਰੇ ਸਿੰਘ ਹੀ ਸ਼ਹੀਦ ਹੋ ਗਏ ਤਾਂ ਗੁਰੂ ਜੀ ਦੀ ਫ਼ੌਜ ਦੇ ਸਿਖ ਅਗੇਰੇ ਵਧੇ। ਪਾਣੀ ਦਾ ਕਿਨਾਰਾ ਸਿੰਘਾਂ ਨੇ ਨਾ ਛਡਿਆ। ਤੁਰਕੀ ਫ਼ੌਜ ਤ੍ਰੇਹ ਨਾਲ ਹਉਕਣ ਲੱਗੀ। ਉਨ੍ਹਾਂ ਪਿਛੇ ਮੁੜਨਾ ਹੀ ਠੀਕ ਸਮਝਿਆ। ਗੁਰੂ ਜੀ ਤਲਾਬ ਦੇ ਲਾਗੇ ਆ ਗਏ ਸਨ ਤੇ ਫ਼ੌਜਾਂ ਭੱਜ ਉਠੀਆਂ। ਭੱਜਦੀਆਂ ਫ਼ੌਜਾਂ ਨੇ ਜਦ 'ਕਪੂਰੇ' ਕੋਲੋਂ ਪਾਣੀ ਦਾ ਪੁਛਿਆ ਤਾਂ ਉਨ੍ਹਾਂ ਕਹਿਆ ਘੱਟ ਤੋਂ ਘੱਟ ਤ੍ਰੀਹ ਕੋਹ ਦੂਰ ਪਾਣੀ ਮਿਲੇਗਾ। ਫ਼ੌਜ ਨੇ ਇਹ ਕਹਿ ਕੇ ਆਪਣੇ ਆਪ ਨੂੰ ਤਸੱਲੀ ਦਿਤੀ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਮਾਰ ਹੀ

ਮੁਕਾ ਆਏ ਹਾਂ ਕਿਉਂਕਿ ਉੱਚੇ ਟਿਬੇ ਉਤੇ ਇਹ ਦਿਖਾਈ ਨਹੀਂ ਸਨ ਦੇ ਰਹੇ। ਕਪੂਰੇ ਵੀ ਢਾਰਸ ਦਿਤੀ ਕਿ ਜੇ ਗੁਰੂ ਮਾਰਿਆ ਗਇਆ ਤਾਂ ਮਨੋਰਥ ਪੂਰਾ ਹੀ ਹੋ ਗਇਆ। ਜੇ ਪਹਲਾਂ ਵਾਂਙ (ਚਮਕੌਰ ਦੀ ਜੰਗ) ਚਤਰਾਈ ਖੇਲ ਬਚ ਨਿਕਲਿਆ ਤਾਂ ਵੀ ਤੁਸੀਂ ਉਸ ਨੂੰ ਦੇਸੋਂ ਦੂਰ ਖਦੇੜ ਚਲੇ ਹੋ। ਫ਼ਕੀਰ ਦਾ ਪਿੱਛਾ ਕਰਕੇ ਉਸ ਤੋਂ ਕੀ ਛਕ ਲੈਣ ਜੇ ਜਾਂ ਕੋਈ ਰਾਜ ਸੰਭਾਲਣਾ ਜੇ। ਇਸ ਤਰ੍ਹਾਂ ਹਾਰ ਮੰਨਦੇ ਹੋਏ ਨਵਾਬ ਤੇ ਉਸ ਦੀ ਫ਼ੌਜ ਦੂਰ ਚਲੀ ਗਈ।

ਟੁੱਟੀ-ਗੰਢੀ : ਗੁਰੂ ਜੀ ਜਾਨ ਭਾਈ ਉਤੇ ਸਵਾਰ ਹੋ ਕੇ ਨਿਕਟੀ ਸਮੇਤ ਜੁੱਧ ਵਾਲੀ ਥਾਂ ਤੇ ਪੁਜੇ। ਪਵਿਤ੍ਰ ਹੱਥਾਂ ਨਾਲ ਲਾਸ਼ਾਂ ਚੁੱਕਦੇ, ਰੁਮਾਲ ਨਾਲ ਮੁੱਖੜਾ ਸਾਫ਼ ਕਰਕੇ ਤੇ ਸੀਸ ਗੋਦ ਵਿਚ ਰਖ ਕੇ ਹਰ ਇਕ ਦੇ ਕਾਰਨਾਮੇ ਸੁਣ ਸੁਣ ਕੇ ਬਖ਼ਸ਼ਸ਼ਾਂ ਕਰਦੇ ਹੋਏ ਆਖਦੇ ਇਹ ਮੇਰਾ ਪੰਜ ਹਜ਼ਾਰੀ ਹੈ, ਇਹ ਮੇਰਾ ਦਸ ਹਜ਼ਾਰੀ ਹੈ। ਜਿਤਨੇ ਕਦਮ ਕਿਸੇ ਸਿੰਘ ਨੇ ਮੋਰਚੇ ਤੋਂ ਅਗਾਂਹ ਵਧ ਕੇ ਜੁੱਧ ਕੀਤਾ ਸੀ ਤੇ ਸ਼ਹੀਦੀ ਪਾਈ ਸੀ, ਉਤਨਾ ਹੀ ਮਨਸਬ ਉਸ ਨੂੰ ਬਖ਼ਸ਼ਦੇ। ਜਿਤਨਿਆਂ ਵੈਰੀਆਂ ਨੂੰ ਉਹ ਮਾਰ ਸ਼ਹੀਦ ਹੋਇਆ ਸੀ ਉਸ ਮੁਤਾਬਕ ਹੀ ਮਨਸਬ ਬਖ਼ਸ਼ਦੇ। ਆਪਣੇ ਪਾਵਨ ਹਸਤਾਂ ਨਾਲ ਸ਼ਹੀਦ ਸਿਖਾਂ ਦੇ ਮ੍ਰਿਤਕ ਸਰੀਰਾਂ ਨੂੰ ਚਿਖਾਂ ਤੇ ਟਿਕਾਈ ਜਾਂਦੇ। ਜਦ ੩੯ ਸਿੰਘਾਂ ਨੂੰ ਬਖਸ਼ਸ਼ਾਂ ਵੰਡ ਚੁਕੇ ਤਾਂ ਸਭ ਤੋਂ ਅਖੀਰ ਭਾਈ ਰਾਇ ਸਿੰਘ ਜੀ ਦੇ ਸਪੁਤ੍ਰ ਭਾਈ ਮਹਾਂ ਸਿੰਘ ਜੀ ਪਏ ਹੋਏ ਸਨ। ਨਬਜ਼ ਉਤੇ ਹੱਥ ਰਖਿਆ, ਉਹ ਚਲਦੀ ਦਿਖਾਈ ਦਿਤੀ। ਸਾਹ ਭੀ ਹੈ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਬੀਰ ਆਸਨ ਲਗਾਕੇ ਸਿੰਘ ਦਾ ਸੀਸ ਪਾਵਨ ਪੱਟ ਉਤੇ ਟਿਕਾ ਕੇ ਭਾਈ ਮਹਾਂ ਸਿੰਘ ਦਾ ਮੁੱਖੜਾ ਜੋ ਲਹੂ ਨਾਲ ਭਰਿਆ ਹੋਇਆ ਸੀ ਪੂੰਝਿਆ। ਉਸ ਦੇ ਮੂੰਹ ਵਿਚ ਜਲ ਪਾਇਆ। ਭਾਈ ਸਾਹਿਬ ਨੇ ਨੈਣ ਉਘੇੜੇ ਤੇ 'ਵਾਹ ਗੁਰੂ' 'ਧੰਨ ਗੁਰੂ' ਦੀ ਆਵਾਜ਼ ਕੱਢੀ। ਮਹਾਰਾਜ ਨੇ ਫ਼ੁਰਮਾਇਆ :—

'ਹੋਸ਼ ਸੰਭਾਲ, ਧਰਮੀ ਬੀਰਾ।
ਤੂੰ ਅਸਾਡਾ, ਮਹਾਨ ਸਿੰਘ ਹੈਂ' ।
ਤੂੰ ਸਿੰਘੋਤੀ ਦਿਖਾਲੀ ਹੈ, ਤੇ ਸਾਰੇ
ਮਝੈਲਾਂ ਦੀ ਰੱਖ ਵਿਖਾਲੀ ਹੈ।
ਗੁਰੂ ਤੁਠਾ ਹੈ, ਕੁਝ ਮੰਗ।
ਮੁਕਤਿ ਜੁਗਤਿ ਭੁਗਤਿ, ਸਭ ਕੁਝ ਤੇਰੇ ਲਈ ਹਾਜ਼ਰ ਹੈ।"

ਭਾਈ ਮਹਾਂ ਸਿੰਘ ਨੇ ਕਹਿਆ, 'ਤੁਹਾਡੇ ਦੀਦਾਰ ਨਾਲ ਸਭ ਕੁਝ ਪ੍ਰਾਪਤ ਹੋ ਗਇਆ ਹੈ, ਕਿਸੇ ਵਸਤੂ ਦੀ ਲੋੜ ਨਹੀਂ।' ਗੁਰੂ ਜੀ ਨੇ ਕਹਿਆ, 'ਕੁਝ ਜ਼ਰੂਰ ਮੰਗ, ਇਹ ਸਾਡੀ ਖ਼ੁਸ਼ੀ ਹੈ।' ਭਾਈ ਮਹਾਂ ਸਿੰਘ ਜੀ ਨੇ ਕਹਿਆ, 'ਜੇ ਤੁਠੇ ਹੋ ਤਾਂ ਟੁੱਟੀ ਮਿਲੇ।' ਗੁਰੂ ਜੀ ਨੇ ਬਖਸ਼ਸ਼ ਕਰਕੇ ਫੁਰਮਾਇਆ, 'ਮਹਾਂ ਸਿੰਘ ਕੁਝ ਹੋਰ ਮੰਗ, ਟੁੱਟੀ ਨਿਖੁੱਟੀ।' ਮਹਾਂ ਸਿੰਘ ਜੀ ਨੇ ਕਹਿਆ, 'ਪਾਤਸ਼ਾਹ ਇਸ ਤੋਂ ਇਲਾਵਾ ਹੋਰ ਕੁਝ ਨਹੀਂ ਲੋੜੀਂਦਾ, ਬਸ ਟੁੱਟੀ ਮਿਲੇ।' ਸਾਹਿਬ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵਾਹ, ਵਾਹ ਖ਼ਾਲਸਾ ਧੰਨ! ਖ਼ਾਲਸਾ ਧੰਨ! ਟੁੱਟੀ ਮੇਲੀ ਖਾਲਸੇ ਨੇ।' ਇਤਨਾ ਆਖ ਕੇ ਭਾਈ ਮਹਾਂ ਸਿੰਘ ਸੁਰਗਵਾਸ ਹੋ ਗਏ। ਥੋੜ੍ਹਾ ਜੇਹਾ ਦੂਰ ਮਾਈ ਭਾਗੋ ਜੀ ਪਏ ਹੋਏ ਸਨ। ਮਹਾਰਾਜ ਉਸ ਪਾਸ ਵੀ ਪੁਜੇ ਤੇ ਰਹਿਮਤਾਂ ਵੰਡੀਆਂ। ਮਾਈ ਭਾਗੋ ਬਾਅਦ ਵਿਚ ਢੇਰ ਚਿਰ ਤਕ ਗੁਰੂ ਮਹਾਰਾਜ ਨਾਲ ਵਿਚਰਦੀ ਰਹੀ ਤੇ ਸਿਖ ਜਗਤ ਦੇਵੀ ਜਾਣ ਸਤਿਕਾਰ ਕਰਦਾ ਰਹਿਆ।

ਸ਼ਾਮ ਤਕ ਚਿੱਖਾ ਤਿਆਰ ਹੋ ਗਈ। ਸੱਭ ਸ਼ਹੀਦ ਸਿੰਘਾਂ ਦੀਆਂ ਲੋਥਾਂ ਇਕ ਵੱਡੇ ਅੰਗੀਠੇ

ਉਥੇ ਚਿਣਵਾ ਦਿਤੀਆਂ ਤੇ ਆਪਣੀ ਹੱਥੀਂ ਹੀ ਅੰਗੀਠੇ ਨੂੰ ਲਾਂਬੂ ਲਾਇਆ। ਜਦ ਤਕ ਅੰਗੀਠਾ ਬਲਦਾ ਰਹਿਆ ਮਹਾਰਾਜ ਉਥੇ ਹੀ ਬਿਰਾਜਮਾਨ ਰਹੇ ਤੇ ਗੁਰਬਾਣੀ ਦਾ ਕੀਰਤਨ ਹੁੰਦਾ ਰਹਿਆ। ਗੁਰੂ ਗੋਬਿੰਦ ਸਿੰਘ ਜੀ ਨੇ ਉਥੇ ਹੀ ਬਚਨ ਕੀਤਾ, 'ਇਹ ਚਾਲੀ ਹੀ ਮੁਕਤੇ ਹੋਏ, ਜਨਮ ਮਰਨ ਤੇ ਰਹਿਤ ਹੋਏ। ਇਨ੍ਹਾਂ ਉੱਚੀ ਪਦਵੀ ਪਾਈ। ਉਹ ਪਦਵੀ ਜੋ ਰਿਖੀਸਰਾਂ, ਤਪੀਸਰਾਂ, ਸਿਧ, ਮੁਨੀਸਰਾਂ ਨੂੰ ਪ੍ਰਾਪਤ ਨਹੀਂ, ਪਦਵੀ ਮੁਕਤਿਆਂ ਨੂੰ ਮਿਲੀ।' ਫਿਰ ਸੋਹਿਲਾ ਦੇ ਪਾਠ ਉਪ੍ਰੰਤ ਬਚਨ ਕੀਤਾ, **'ਇਹ ਸਾਡਾ ਦੀਵਾਨ ਕਾ ਅਸਥਾਨ ਤੇ ਮੁਕਤਿਆਂ ਦਾ 'ਸ਼ਹੀਦ ਗੰਜ'** ਇਕ ਸਮਾਨ ਹੈ ਕੋਈ ਭਾਵਨੀ ਕਰੇ ਪੂਰੀ ਹੋਊ।' ਇਹ ਯੁੱਧ ੧੮ ਅਪ੍ਰੈਲ, ੧੭੦੫ ਨੂੰ ਹੋਇਆ ਬੀਰਤਾ ਦੇ ਜੋ ਪੂਰਨੇ ਮੁਕਤੇ ਪਾ ਗਏ, ਉਨ੍ਹਾਂ ਨੇ ਬੀਰ ਪ੍ਰੰਪਰਾ ਦੇ ਵਿਕਾਸ ਵਿਚ ਐਸਾ ਹਿੱਸਾ ਪਾਇਆ ਕਿ ਆਉਣ ਵਾਲੀ ਨਸਲ ਨੇ ਰੌਸ਼ਨੀ ਲਈ।

ਸਨਮਾਨਾਂ ਦਾ ਵੇਰਵਾ : ਗੁਰੂ ਗੋਬਿੰਦ ਜੀ ਨੇ ਜੋ ਜੋ ਸਨਮਾਨ, ਬਖਸ਼ਸ਼ਾਂ ਤੇ ਖ਼ਿਤਾਬ ਚਾਲੀ ਮੁਕਤਿਆਂ ਨੂੰ ਦਿਤੇ ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :—

੧. ਸਭ ਤੋਂ ਪਹਲਾਂ ਭਾਈ ਭਾਗ ਸਿੰਘ ਜੀ ਨੂੰ ਪੰਜ ਹਜ਼ਾਰੀ ਦੀ ਪਦਵੀ ਦਿਤੀ।

੨. ਨਾਲ ਹੀ ਭਾਈ ਦਿਲਬਾਗ ਸਿੰਘ ਦਾ ਮਿਰਤਕ ਸਰੀਰ ਪਇਆ ਸੀ ਉਸ ਨੂੰ ਵੀ ਪੰਜ ਹਜ਼ਾਰੀ ਦਾ ਖ਼ਿਤਾਬ ਦਿਤਾ।

੩. ਭਾਈ ਮਾਨ ਸਿੰਘ ਨੂੰ 'ਕਸ਼ਮੀਰ ਦਾ ਰਾਜਾ' ਕਹਿਆ।

੪. ਸਰਦਾਰ ਨਿਧਾਨ ਸਿੰਘ ਨੂੰ ਬੀਸ ਹਜ਼ਾਰੀ ਦੀ ਪਦਵੀ ਦਿਤੀ।

ਅਗੇਰੇ ਪੰਜ ਹੋਰ ਸਿੰਘ ਭਾਈ ਘਰਬਾਰਾ ਸਿੰਘ, ਭਾਈ ਦਰਬਾਰਾ ਸਿੰਘ, ਭਾਈ ਦਯਾਲ ਸਿੰਘ, ਭਾਈ ਨਿਹਾਲ ਸਿੰਘ ਤੇ ਭਾਈ ਖ਼ੁਸ਼ਾਲ ਸਿੰਘ, ਇਕੱਠੇ ਹੀ ਸ਼ਹੀਦ ਪਏ ਹੋਏ ਸਨ। ਇਨ੍ਹਾਂ ਸਾਰਿਆਂ ਨੂੰ ਤੀਹ ਹਜ਼ਾਰੀ ਦੀ ਪਦਵੀ ਦਿਤੀ। ਭਾਈ ਘਰਬਾਰਾ ਸਿੰਘ ਤੇ ਭਾਈ ਦਰਬਾਰਾ ਸਿੰਘ, **ਬਾਬਾ ਮੋਹਰੀ ਜੀ ਦੇ ਸਪੁੱਤ੍ਰ ਗੁਰੂ ਅਮਰਦਾਸ ਜੀ ਦੀ ਸੰਤਾਨ ਵਿਚੋਂ ਸਨ।** ਬਾਬਾ ਮੋਹਰੀ ਜੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਮੋਹਰੀ ਪੁਤੁ ਸਨਮੁੱਖ ਹੋਆ ਕਹਿਕੇ ਸਤਿਕਾਰਿਆ ਗਇਆ ਹੈ।

ਹੋਰ ਅਗੇਰੇ ਚਾਰ ਸੂਰਬੀਰਾਂ, ਭਾਈ ਗੰਡਾ ਸਿੰਘ, ਭਾਈ ਸ਼ਮੇਰ ਸਿੰਘ, ਭਾਈ ਸਿੰਘਾਂ ਸਿੰਘ ਭਲਾ ਤੇ ਭਾਈ ਸੁਹੇਲ ਸਿੰਘ ਦੀਆਂ ਪਾਵਨ ਲਾਸ਼ਾਂ ਪਈਆਂ ਸਨ। ਉਨ੍ਹਾਂ ਨੂੰ ਮਹਾਰਾਜ ਨੇ 'ਚਾਲੀਸ ਹਜ਼ਾਰੀ' ਦਾ ਮਨਸਬ ਬਖਸ਼ਿਆ।

ਉਸ ਦੇ ਅਗੇਰੇ ਭਾਈ ਚੰਬਾ ਸਿੰਘ (੧੪) ਨੂੰ ਲਾਹੌਰ ਦਾ ਸੂਬੇਦਾਰ ਤੇ (੧੫) ਭਾਈ ਗੰਗਾ ਸਿੰਘ ਨੂੰ 'ਸੂਰਤ ਬੰਦਰ' ਦਾ ਬਾਦਸ਼ਾਹ ਬਣਾਇਆ। ਭਾਈ ਸੁਮੇਰ ਸਿੰਘ, ਭਾਈ ਸੁਲਤਾਨ ਸਿੰਘ (੧੬, ੧੭) ਦੋਵੇਂ ਹੀ ਸ਼ਹੀਦ ਪਏ ਸਨ। ਉਨ੍ਹਾਂ ਦੋਵਾਂ ਨੂੰ 'ਫ਼ਰਖ਼ਾਬਾਦ' (ਉਤਰ ਪ੍ਰਦੇਸ਼) ਦੀ ਸੂਬੇਦਾਰੀ ਦਿਤੀ। ਭਾਈ ਮਇਆ ਸਿੰਘ (੧੮) ਨੂੰ ਪੰਜ ਹਜ਼ਾਰੀ ਮਨਸਬ ਦਿਤਾ ਤੇ ਭਾਈ ਮੱਸਾ ਸਿੰਘ (19) ਨੂੰ ਕੰਧਾਰ ਦਾ ਰਾਜ-ਸਾਜ ਸੌਂਪਿਆ, ਤੇ ਉਸ ਤੋਂ ਅਗੇਰੇ ਭਾਈ ਸਰਜਾ ਸਿੰਘ ਜੀ (੨੦) ਦੀ ਮ੍ਰਿਤਕ ਮੜੋਲੀ ਪਈ ਸੀ, ਉਸ ਨੂੰ ਪੰਜਾਹ ਹਜ਼ਾਰੀ ਮਨਸਬ ਦਾ ਲਕਬ ਦਿਤਾ। ਭਾਈ ਸਾਧੂ ਸਿੰਘ (੨੧) ਨੂੰ ਮੁਲਤਾਨ ਸੂਬਾ ਦਾ ਰਾਜ ਤੇ ਭਾਈ ਗੁਲਾਬ ਸਿੰਘ ਤੇ ਭਾਈ ਹਰਸਾ ਸਿੰਘ (੨੨, ੨੩) ਨੂੰ ਸਵਾ ਲੱਖੀ ਪਦਵੀ ਦਿਤੀ। ਭਾਈ ਸੰਗਤ ਸਿੰਘ ਜੀ (੨੪) ਨੂੰ 'ਦਿੱਲੀ ਦਾ ਪਾਤਸ਼ਾਹ' ਕਹਿਆ। ੨੫, ੨੬ ਭਾਈ ਹਰੀ ਸਿੰਘ ਤੇ ਭਾਈ ਧੰਨਾ ਸਿੰਘ ਨੂੰ 'ਮੈਨ ਦੁਆਬ ਦੀ ਮਾਲਕੀ ਬਖਸ਼ੀ।' ਭਾਈ ਕਰਨ ਸਿੰਘ (੨੭) ਨੂੰਸਰ ਹੰਦ ਦੀ ਸਰਦਾਰੀ

ਤੇ ਭਾਈ ਕੀਰਤ ਸਿੰਘ (੨੮) ਨੂੰ ਬਿਬੇਕੀ ਦੀ ਪਦਵੀ ਦਿਤੀ। ਭਾਈ ਲਛਮਣ ਸਿੰਘ ਤੇ ਭਾਈ ਬੁੱਧਾ ਸਿੰਘ ਜੀ (੨੯, ੩੦) ਨੂੰ ਪਰਬਤਾਂ ਦਾ ਰਾਜਾ ਬਣਾਇਆ। ਭਾਈ ਕੇਸੋ ਸਿੰਘ ਤੇ ਭਾਈ ਜਾਦੋ ਸਿੰਘ (੩੧, ੩੨) ਦੋਵਾਂ ਨੂੰ ਪੇਸ਼ਾਵਰ ਦਾ ਹੁਕਮਰਾਨ ਹੋਇਆ ਕਹਿਆ। ਭਾਈ ਸੋਭਾ ਸਿੰਘ (੩੩), ਕਾਬਲ ਦੇ ਭਾਈ ਜੋਗਾ ਸਿੰਘ (੩੪) ਨੂੰ ਰੂਮ ਤੇ ਸ਼ਾਮ ਦਾ ਸ਼ਾਹ ਤੇ ਭਾਈ ਭੰਗਾ ਸਿੰਘ (੩੫) ਨੂੰ ਈਰਾਨ ਦਾ ਬਾਦਸ਼ਾਹ ਕਹਿਆ। ਭਾਈ ਜੰਗਾ ਸਿੰਘ (੩੬) ਨੂੰ ਕਾਂਸ਼ੀ-ਪਤੀ, ਭਾਈ ਧਰਮ ਸਿੰਘ ਜੀ (੩੯) ਨੂੰ ਬਲਖ਼ ਬੁਖ਼ਾਰਾ, ਭਾਈ ਕਰਮ ਸਿੰਘ (੩੮) ਨੂੰ ਮੱਕੇ ਮਦੀਨੇ ਦਾ ਰਾਜ ਤੇ ਭਾਈ ਕਲਾ ਸਿੰਘ (੩੯) ਨੂੰ ਤੁਰਕੀ ਦਾ ਤਖ਼ਤ ਪ੍ਰਦਾਨ ਕੀਤਾ।

ਦਮਦਮਾ ਸਾਹਿਬ ਵਿਚ : ਖਿਦਰਾਣੇ ਦੀ ਢਾਬ ਤੋਂ ਆਪ ਜੀ ਫ਼ੀਰੋਜ਼ਪੁਰ ਦੇ ਲਾਗੇ ਵਜੀਦਪੁਰ ਪੁਜੇ। ਉਥੋਂ ਵਾਪਸ 'ਮੁਕਤਸਰ' ਹੋ ਕੇ ਰੂਪਾਣੇ ਚਲੇ ਗਏ। ਰੂਪਾਣੇ ਤੋਂ ਗੁਰੂ ਜੀ ਸਾਬੋਕੀ ਤਲਵੰਡੀ ਪੁੱਜੇ। ਉਥੇ ਗੁਰੂ ਜੀ ਸਾਲ ਦੇ ਕਰੀਬ ਰਹੇ। ਪੰਥ ਨੂੰ ਉਥੇ ਹੀ ਫਿਰ ਸੁਰਜੀਤ ਕੀਤਾ। ਇਕ ਕਥਨ ਅਨੁਸਾਰ ਆਪ ਜੀ ਨੇ ੮੦,੦੦੦ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ ਤੇ ਬਾਟੇ ਵਿਚੋਂ ਬਚੇ ਅੰਮ੍ਰਿਤ ਨੂੰ ਝਾੜ ਝਾੜ ਵਿਚ ਡੋਲ ਦਿਤਾ ਤਾਂ ਸਿੰਘਾਂ ਕਹਿਆ 'ਮਹਾਰਾਜ ਇਹ ਕੀ ਕੌਤਕ ਹੈ ?' ਤਾਂ ਆਪ ਜੀ ਨੇ ਫੁਰਮਾਇਆ ਕਿ 'ਅੰਮ੍ਰਿਤ ਦੀ ਸ਼ਕਤੀ ਦੁਆਰਾ ਝਾੜ ਝਾੜ ਵਿਚੋਂ ਬੀਰ ਨਿਕਲਣਗੇ।' ਉਥੇ ਹੀ (ਗੁਰੂ) ਗ੍ਰੰਥ ਸਾਹਿਬ ਨੂੰ ਵੀ ਨਵੀਂ ਤਰਤੀਬ ਦਿਤੀ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਰਜ ਕਰਕੇ ਸੰਪੂਰਣ ਕੀਤਾ।

ਅਧਿਆਇ ਪੰਜਵਾਂ

ਔਰੰਗਜ਼ੇਬ ਦੀ ਮ੍ਰਿਤੂ ਤੇ ਬਹਾਦਰ ਸ਼ਾਹ ਨਾਲ ਮੁਲਾਕਾਤਾਂ

ਦਿੱਲੀ ਵੱਲ :—ਦਮਦਮਾ ਸਾਹਿਬ ਹੀ ਔਰੰਗਜ਼ੇਬ ਦੀ ਇਕ ਹੋਰ ਚਿਠੀ ਮਿਲੀ ਜਿਸ ਵਿਚ ਉਸਨੇ ਪਛਤਾਵਾ ਕੀਤਾ ਸੀ ਤੇ ਸੱਚੇ ਦਿਲੋਂ ਗੁਰੂ ਜੀ ਨੂੰ ਮਿਲਣ ਦੀ ਚਾਹ ਬਣਾ ਦਸੀ। ਦਮਦਮਾ ਸਾਹਿਬ ਹੀ ਗੁਰੂ ਜੀ ਨੂੰ ਉਸ ਦੀ ਬੀਮਾਰੀ ਦਾ ਪਤਾ ਲਗਾ। ਗੁਰੂ ਜੀ ਦੱਖਣ ਵੱਲ ਚਲ ਪਏ। ਬੈਰਾੜਾਂ ਦੀ ਸੰਗਤ ਵੱਲ ਲਿਖਿਆ ਹੋਇਆ ਹੁਕਮਨਾਮਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ। ਹੁਕਮਨਾਮੇ ਦੇ ਸ਼ਬਦ ਹਨ :

੧ੴ ਸਿਰੀ ਸਤਿਗੁਰੁ ਜੀ

ਸਿਰੀ ਗੁਰੂ ਕੀ ਆਗਿਆ ਹੈ, ਸਰਬਤਿ ਸੰਗਤ ਬੈਰਾੜ ਕੀ ਗੁਰੂ ਰਖੇਗਾ ।੪। ਬੈਲ ਚਾਰ ਹਛੇ, ਬਹਿਲਾਂ ਨੂੰ ਭੇਜਣੇ, ਹੁਕਮ ਦੇਖਦਿਆਂ, ਮੇਰਾ ਤੁਸਾਂ ਉਪਰਿ ਖ਼ੁਸ਼ੀ ਹੈ, **ਅਸਾਂ ਦੱਖਣ ਨੂੰ ਕੂਚ ਕੀਤਾ ਹੈ** । ਜਿਨ ਸਿਖ ਸਾਡੇ ਨਾਲਿ ਚਲਨਾ ਹੋਇ ਤਿਨਿ ਹੁਕਮ ਦੇਖਦਿਆਂ ਹਜੂਰ ਆਵਣਾ ਮੇਰਾ ਤੁਸਾਂ ਉਪਰਿ ਖੁਸ਼ੀ ਹੈ। ਗੁਰੂ ਜੀ ਤੁਸਾਡੇ ਰਖੇਗਾ, ਸੰਮਤ ੧੭੬੩ ਮਿਤੀ ਕਤਕ ੨੦, ਸਤਰਾਂ ੯॥

ਜਦ ਗੁਰੂ ਜੀ ਨੇ ਦੱਖਣ ਵੱਲ ਨੂੰ ਜਾਣ ਦੀ ਗੱਲ ਕਹੀ ਤਾਂ ਸਿੰਘਾਂ ਨੇ 'ਦੱਖਣ ਦੋਜ਼ਖ', ਭੱਠ ਪਈ ਦੱਖਣ ਆਖਕੇ ਗੁਰੂ ਜੀ ਨੂੰ ਵੀ ਰੋਕਣਾ ਚਾਹਿਆ। ਗੁਰੂ ਜੀ ਨੇ ਫਰਮਾਇਆ ਐਸਾ ਨਾ ਆਖੋ ਉਹ ਵੀ ਮੈਨੂੰ ਪਿਆਰਾ ਹੈ, ਉਥੇ ਕਈ ਕੰਮ ਸਵਰਨਗੇ। ਅਜੇ ਤਿਆਰੀਆਂ ਕਰ ਹੀ ਰਹੇ ਸਨ ਕਿ ਦੂਜੀ ਖ਼ਬਰ ਵੀ ਪੁਜ ਗਈ ਕਿ ਔਰੰਗਜ਼ੇਬ ਦੀ ਮ੍ਰਿਤੂ ਹੋ ਗਈ। ੩ ਮਾਰਚ, ੧੭੦੭ ਨੂੰ ਔਰੰਗਜ਼ੇਬ ਦੀ ਮ੍ਰਿਤੂ ਹੋਈ। ੨੦ ਦਿਨਾਂ ਬਾਅਦ ਖ਼ਬਰ ਬਹਾਦਰ ਸ਼ਾਹ ਨੂੰ ਜਮਰੋਦ ਵਿਖੇ ਮਿਲੀ।

ਬਹਾਦਰ ਸ਼ਾਹ ਦਾ ਦਿੱਲੀ ਵੱਲ ਕੂਚ : ਬਹਾਦਰ ਸ਼ਾਹ ਨੇ ਭਾਵੇਂ ਕਿਤਨੀ ਛੇਤੀ ਕੀਤੀ ਪਰ ਫਿਰ ਵੀ ਬੜੀ ਮੁਸ਼ਕਲ ਨਾਲ ੩ ਮਈ, ੧੭੦੭ ਨੂੰ ਰਾਵੀ ਪਾਰ ਕੀਤਾ। ਦੋ ਦਿਨ ਲਾਹੌਰ ਰਹਿਣ ਉਪਰੰਤ ੫ ਮਈ ਨੂੰ ਉਥੋਂ ਚਲਿਆ। ਸਤਲੁਜ ਤੋਂ ਉਹ ੧੧ ਮਈ ਨੂੰ ਪਾਰ ਹੋਇਆ। ਗੁਰੂ ਗੋਬਿੰਦ ਸਿੰਘ ਜੀ ਦਾ ਇਲਾਕੇ ਵਿਚ ਹੋਣਾ ਸੁਣ ਕੇ ਉਸ ਨੇ ਮੁਲਾਕਾਤ ਦੀ ਇੱਛਾ ਪਰਗਟ ਕੀਤੀ।[1] ਦੋਵਾਂ ਦੀ ਮੁਲਾਕਾਤ ਸਤਲੁਜ ਦੇ ਕੰਢੇ ਹੀ ਹੋਈ।

੧. ਭਾਈ ਨੰਦ ਨਾਲ ਜੀ ਮੁਲਤਾਨ ਤੋਂ ਖ਼ਾਸ ਸਦੇ ਉਤੇ ਪੁਜ ਗਏ ਸਨ।

ਗੁਰੂ ਸੋਭਾ ਦੀ ਗਵਾਹੀ ਹੈ ਕਿ ਜਦ ਬਹਾਦਰ ਸ਼ਾਹ ਕੈਦ ਵਿਚ ਸੀ ਤਾਂ ਉਸ ਨੇ ਕਈ ਫ਼ਕੀਰ ਪੀਰ ਤੇ ਓਲਿਆ ਬਣਾਏ ਸਨ । ਭਾਈ ਨੰਦ ਲਾਲ ਜੀ ਜੋ ਬਹਾਦਰ ਸ਼ਾਹ ਦੇ ਮੀਰ ਮੁਨਸ਼ੀ ਰਹਿ ਚੁਕੇ ਸਨ ਤੇ ਉਸ ਦੇ ਖੁਲ੍ਹੇ ਸੁਭਾਅ ਤੋਂ ਵਾਕਫ਼ ਸਨ, ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਅਰਦਾਸ ਕਰਨ ਲਈ ਬੇਨਤੀ ਕੀਤੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਬਖਸ਼ਸ਼ ਕਰਦੇ ਹੋਏ ਨਾ ਸਿਰਫ਼ ਬਹਾਦਰ ਸ਼ਾਹ ਦੀ ਰਿਹਾਈ ਦਾ ਹੀ ਜ਼ਿਕਰ ਕੀਤਾ ਸੀ ਸਗੋਂ ਫ਼ਰਮਾਇਆ ਸੀ ਕਿ ਉਹ ਬਾਪ ਦੀ ਗੱਦੀ ਉਤੇ ਬੈਠੇਗਾ । ਮਾਰਚ ੧੬੯੫ ਨੂੰ ਜਦ ਸਤ ਸਾਲਾਂ ਬਾਅਦ ਔਰੰਗਜ਼ੇਬ ਨੇ ਬਹਾਦਰ ਸ਼ਾਹ ਨੂੰ ਰਿਹਾ ਕੀਤਾ ਸੀ ਤਾਂ ਉਸ ਨੇ ਰਿਹਾ ਹੁੰਦੇ ਸਾਰ ਗੁਰੂ ਗੋਬਿੰਦ ਸਿੰਘ ਜੀ ਨੂੰ ਕਈ ਤੋਹਫ਼ੇ ਭੇਜੇ ਸਨ। ਇਹ ਵੀ ਲਿਖਿਆ ਮਿਲਦਾ ਹੈ ਕਿ ਗੁਰੂ ਜੀ ਤੇ ਸ਼ਹਿਜ਼ਾਦੇ ਵਿਚਕਾਰ ਬਕਾਇਦਾ ਚਿਠੀ ਪਤ੍ਰ ਵੀ ਅਰੰਭ ਹੋ ਗਇਆ ਸੀ ।

ਪਹਲੀ ਮੁਲਾਕਾਤ : ਬਹਾਦਰ ਸ਼ਾਹ ਨੇ ਗੁਰੂ ਜੀ ਕੋਲੋਂ ਅਸ਼ੀਰਵਾਦ ਤੇ ਫ਼ੌਜੀ ਇਮਦਾਦ ਮੰਗੀ। ਗੁਰੂ ਜੀ ਉਸ ਵੇਲੇ ਉਸ ਇਲਾਕੇ ਵਿਚ ਸਨ ਜਿਸ ਨੂੰ ਲੱਖੀ ਜੰਗਲ ਤੇ ਕਾਂਗੜ ਦੇਸ਼ ਆਖਿਆ ਜਾਂਦਾ ਸੀ। ਸਾਰਾ ਕਾਂਗੜ ਦੇਸ਼ ਗੁਰੂ ਜੀ ਦਾ ਸਿੱਖ ਸੀ ਤੇ ਲੱਖੀ ਜੰਗਲ ਵਿਚ ਤਾਂ ਉਨ੍ਹਾਂ ਦਾ ਹੋਣਾ ਸੁਣਕੇ ਸੰਗਤਾਂ ਨੇ ਵਹੀਰਾਂ ਹੀ ਪਾ ਦਿੱਤੀਆਂ ਸਨ। ਮਹਾਰਾਜ ਦੇ ਆਪਣੇ ਸ਼ਬਦਾਂ ਵਿਚ ਜਦ ਲੱਖੀ ਜੰਗਲ ਸਿੱਖਾਂ ਉਨ੍ਹਾਂ ਦਾ ਆਉਣਾ ਸੁਣਿਆ ਤਾਂ ਇਸ ਤਰ੍ਹਾਂ ਦਰਸ਼ਨਾਂ ਨੂੰ ਆਏ ਜਿਵੇਂ ਮਝੀਆਂ ਆਪਣੇ ਮਾਹੀ ਮਾਲਕ ਦੀ ਆਵਾਜ਼ ਸੁਣਕੇ ਘਾਹ ਪਾਣੀ ਛੱਡ ਕੇ ਆਉਂਦੀਆਂ ਸਨ। ਦਰਸ਼ਨਾਂ ਲਈ ਇਕ ਦੂਜੇ ਨਾਲੋਂ ਅੱਗੇ ਲੰਘਣ ਦੀ ਦੌੜ ਹੀ ਚਲ ਪਈ ਤੇ ਉਸ ਸਮੇਂ ਤਕ ਸਿੱਖਾਂ ਆਰਾਮ ਨਾਹ ਕੀਤਾ ਜਦ ਤਕ ਉਨ੍ਹਾਂ ਨੂੰ ਖੁਲ੍ਹੇ ਦੀਦਾਰ ਨਾਹ ਹੋਏ ।

"ਲੱਖੀ ਜੰਗਲ ਖਾਲਸਾ, ਆਇ ਦੀਦਾਰ ਲਗੋਂ ਨੇ ।
ਸੁਣਾਕੈ ਸਦ ਮਾਹੀ ਦਾ, ਮੇਹੀਂ ਪਾਣੀ ਘਾਹ ਮੁਤੋ ਨੇ ।
ਕਿਸੇ ਨਾਲ ਨਾ ਰਲੀਆਂ ਕਾਈ, ਕੋਈ ਸਉਂਕ ਪਿਯੋ ਨੇ ।
ਗਇਆ ਫਿਰਾਕ ਮਿਲਿਆ ਮਿਤ ਮਾਹੀ, ਤਾਹੀ ਸ਼ੁਕਰ ਕੀਤੋ ਨੇ ।

ਇਹ ਇਤਿਹਾਸਕ ਸਚਾਈ ਹੈ ਕਿ ਦਮਦਮਾ ਸਾਹਿਬ ਖਾਲਸੇ ਨੂੰ ਫਿਰ ਜਥੇਬੰਦ ਕਰਨ ਵੇਲੇ ੮੦੦੦੦ ਨੇ ਅੰਮ੍ਰਿਤ ਪਾਣ ਕੀਤਾ ਸੀ। ਬੰਦੂਕ ਦੀ ਪਰਖ ਵੇਲੇ ਸੀਣੇ ਤਾਣ ਸਿੱਖ ਇਥੇ ਹੀ ਨਿੱਤਰੇ ਸਨ। ਜਦ ਗੁਰੂ ਗੋਬਿੰਦ ਸਿੰਘ ਜੀ ਨੇ ਪਰਖ ਲਈ ਬੰਦੂਕ ਤਾਣੀ ਤਾਂ ਦਸਤਾਰ ਸਜਾ ਰਹੇ ਤੇ ਘੋੜਿਆਂ ਦੀ ਸੇਵਾ ਕਰਦੇ ਸਿੱਖਾਂ ਨੇ ਕਤਾਰ ਵਿਚ ਖੜਿਆਂ ਹੋ ਕੇ ਬੀਰਤਾ ਦਾ ਨਵਾਂ ਹੀ ਰਾਹ ਦਸਿਆ ਸੀ। ਸੋ ਗੁਰੂ ਮਹਾਰਾਜ ਨੇ ਵਿਚਾਰ ਕਰਕੇ ਕੁਝ ਚੋਣਵੇਂ ਸਿਪਾਹੀ ਤੇ ਸਵਾਰ ਦਿੱਤੇ। ਭਾਈ ਧਰਮ ਸਿੰਘ (ਪਿਆਰਾ) ਜੀ ਨੂੰ ਜਥੇਦਾਰ ਬਣਾਕੇ ਨਾਲ ਭੇਜਿਆ। ਅਸ਼ੀਰਵਾਦ ਵੀ ਦਿਤੀ ਤੇ ਆਪਣੇ ਅੰਗ ਰਖਸ਼ਕ ਕੁਲਦੀਪਕ ਸਿੰਘ ਨੂੰ ਵੀ ਨਾਲ ਭੇਜਿਆ। ਕੁਲਦੀਪਕ ਸਿੰਘ ਹਰਕਾਰਿਆਂ ਰਾਹੀਂ ਗੁਰੂ ਜੀ ਨੂੰ ਖ਼ਬਰਾਂ ਪਹੁੰਚਾਂਦਾ ਰਹੰਦਾ ਸੀ।

ਜਦ ਇਸ ਮੁਲਾਕਾਤ ਦਾ ਵਜ਼ੀਰ ਖ਼ਾਨ ਨੂੰ ਪਤਾ ਲਗਾ ਤਾਂ ਉਹ ਸਰਹੰਦ ਸਫਾਈਆਂ ਪੇਸ਼ ਕਰਨ ਆਇਆ ਤੇ ਬਹਾਦਰ ਸ਼ਾਹ ਨੂੰ ਤੋਹਫ਼ੇ ਦਿੱਤੇ । ਸੋਨੀਪਤ ਦੇ ਫ਼ੌਜਦਾਰ ਮਿਰਜ਼ਾ ਅਸਦਉਲਾ ਨੇ ਹਥਿਆਰ ਤੇ ਰਸਦ ਭੇਟ ਕੀਤੀ। ਇਸ ਤਰ੍ਹਾਂ ਲੰਮੇ ਪੈਂਡੇ ਕੱਟਦਾ ਬਹਾਦਰ ਸ਼ਾਹ ਪਹਿਲੀ ਜੂਨ ੧੭੦੭ ਨੂੰ ਦਿੱਲੀ ਪੁੱਜਾ। ਤਿੰਨ ਜੂਨ ਨੂੰ ਆਗਰੇ ਵੱਲ ਟੁਰ ਪਇਆ । ੧੨ ਜੂਨ ੧੭੦੭ ਨੂੰ ਉਹ ਆਗਰਾ ਪੁੱਜਾ ਤੇ ਆਪਣਾ ਕੈਂਪ ਬਾਗ਼ੇ ਦਾਹਿਰਾ, ਸੁਲਤਾਨ

ਗੰਜ ਲਗਾਇਆ। ਇਧਰ ਗੁਰੂ ਮਹਾਰਾਜ ਨੇ ਵੀ ਇਹ ਸੰਕਲਪ ਪੇਸ਼ ਕੀਤਾ ਕਿ 'ਚਲੀਏ ਤੇ ਸ਼ਾਹ (ਔਰੰਗਜ਼ੇਬ) ਦੇ ਪੁੱਤਰਾਂ ਵਿਚਕਾਰ ਜੋ ਤੱਖਤ ਨਸ਼ੀਨੀ ਦੀ ਜੰਗ ਹੋਣੀ ਹੈ ਦੇਖੀਏ'। ਗੁਰੂ ਜੀ ਰਾਜਪੂਤਾਨੇ ਵਿਚ ਵਿਚਰਨ ਲਗ ਪਏ। ਕੁਲਦੀਪਕ ਸਿੰਘ ਥਾਂ ਥਾਂ ਤੋਂ ਖ਼ਬਰਾਂ ਪੁਜਾਈ ਚਲੀ ਜਾਂਦਾ ਸੀ।

ਜੰਗ ਅਤੇ ਬਹਾਦਰ ਸ਼ਾਹ ਦੀ ਜਿੱਤ : ਜੈਜੂ ਵਿਖੇ ਮੁਹੰਮਦ ਆਜ਼ਮ ਆਪਣੀਆਂ ਫੌਜਾਂ ਲੈ ਕੇ ਪੁੱਜ ਗਇਆ। ਆਜ਼ਮ ਕੋਲ ਬਹੁਤ ਤਹਿਦਾਦ ਵਿਚ ਫ਼ੌਜ ਸੀ। ਬਹਾਦਰ ਸ਼ਾਹ ਬੜੀ ਮੁਸ਼ਕਲ ਨਾਲ ਹੀ ਕੁਝ ਫੌਜ ਇਕੱਠੀ ਕਰ ਸਕਿਆ। ਪਰ ਬਹਾਦਰ ਸ਼ਾਹ ਨੇ ਇਸ ਫੁਰਤੀ ਨਾਲ ਹੱਲਾ ਬੋਲਿਆ ਕਿ ੩੦੦੦੦ ਘੋੜਿਆਂ ਵਿਚੋਂ ਮਸਾਂ ਚਾਰ, ਪੰਜ ਸੌ ਹੀ ਟਿਕ ਸਕੇ। ਆਜ਼ਮ ਦੇ ਕੈਂਪਾਂ ਨੂੰ ਵੀ ਅੱਗ ਲਗਾ ਦਿੱਤੀ ਗਈ। ਗਰਮੀ ਜ਼ੋਰਾਂ ਉਤੇ ਸੀ। ਮੈਦਾਨ ਰੇਤਲਾ ਸੀ ਤੇ ਮਿੱਟੀ ਘੱਟਾ ਇਤਨੀ ਤੇਜ਼ੀ ਨਾਲ ਉਡਦਾ ਸੀ ਕਿ ਉੱਡ ਉੱਡ ਆਜ਼ਮ ਦੇ ਸਿਪਾਹੀਆਂ ਉਤੇ ਹੀ ਪੈਂਦਾ ਸੀ। ਹਵਾ ਦਾ ਰੁਖ ਆਜ਼ਮ ਲਈ ਉਲਟਾ ਸੀ ਤੇ ਬਹਾਦਰ ਸ਼ਾਹ ਲਈ ਸੁਖਾਵਾਂ। ਜੋ ਤੀਰ ਆਜ਼ਮ ਦੀ ਫ਼ੌਜ ਦੇ ਸਿਪਾਹੀ ਛਡਣ, ਉਹ ਰਾਹ ਵਿਚ ਹੀ ਰਹਿ ਜਾਏ ਤੇ ਜੋ ਬਹਾਦਰ ਸ਼ਾਹ ਦੇ ਸਿਪਾਹੀ ਮਾਰਣ, ਉਹ ਸਗੋਂ ਹੋਰ ਤਿਖਾ ਹੋਕੇ ਵਿਰੋਧੀਆਂ ਨੂੰ ਖੁੱਭੇ। ਸਿਖ ਰਵਾਇਤ ਵੀ ਹੈ ਕਿ ਜਦ ਬਹਾਦਰ ਸ਼ਾਹ ਨੇ ਆਜ਼ਮ ਦੀ ਵੱਡੀ ਫ਼ੌਜ ਦੇਖੀ ਤਾਂ ਉਸ ਗੁਰੂ ਗੋਬਿੰਦ ਸਿੰਘ ਜੀ ਨੂੰ ਯਾਦ ਕੀਤਾ। ਫਿਰ ਐਸਾ ਤੂਫ਼ਾਨ ਆਇਆ ਕਿ ਆਜ਼ਮ ਦੀ ਫ਼ੌਜ ਨੂੰ ਕੁਝ ਸੁਝੇ ਹੀ ਨਾਂਹ। ਆਜ਼ਮ ਦਾ ਪੁਤਰ ਬੇਦਾਰ ਬੱਖਤ ਮਾਰਿਆ ਗਇਆ ਤੇ ਇਸ ਰੋਲੇ ਰਪੇ ਵਿੱਚ ਲੱਖੀ ਜੰਗਲ ਦੇ ਇਕ ਸਿਪਾਹੀ ਈਸਾ ਖ਼ਾਨ ਨੇ ਨਿਸ਼ਾਨਾ ਸੇਧ ਐਸਾ ਤੀਰ ਮਾਰਿਆ ਕਿ ਆਜ਼ਮ ਦੇ ਮੱਥੇ ਵਿਚ ਲੱਗਾ ਤੇ ਉਹ ਉਥੇ ਹੀ ਢੇਰ ਹੋ ਗਇਆ। ਈਸਾ ਖ਼ਾਨ, ਭਾਈ ਧਰਮ ਸਿੰਘ ਜੀ ਦੇ ਜਥੇ ਵਿਚ ਇਕ ਸਿਪਾਹੀ ਸੀ। ਸਿੱਖ ਜੱਥੇ ਪੂਰੀ ਇਮਦਾਦ ਕਰ ਰਹੇ ਸਨ। ਇਹ ਜੰਗ ੧੮ ਜੂਨ ੧੭੦੭ ਨੂੰ ਹੋਈ ਤੇ ਜਿੱਤ ਦੇ ਡੰਕੇ ਵਜਾਉਂਦਾ ਬਹਾਦਰ ਸ਼ਾਹ ੧੯ ਜੂਨ ਨੂੰ ਆਗਰੇ ਵਿਚ ਦਾਖ਼ਲ ਹੋਇਆ।

ਬਹਾਦਰ ਸ਼ਾਹ ਨਾਲ ਦੂਜ ਮੁਲਾਕਾਤ : ਗੁਰੂ ਗੋਬਿੰਦ ਸਿੰਘ ਜੀ ਨੂੰ ਬਹਾਦਰ ਸ਼ਾਹ ਦੀ ਜਿੱਤ ਦੀ ਖ਼ਬਰ ਦਿੱਲੀ ਵਿਖੇ ਮਿਲੀ। ਬਹਾਦਰ ਸ਼ਾਹ ਨੇ ਗੁਰੂ ਜੀ ਪਾਸ ਭਾਈ ਧਰਮ ਸਿੰਘ ਹੱਥ ਹੀ ਬੇਨਤੀ ਭੇਜੀ ਕਿ ਉਹ ਆਗਰੇ ਆਕੇ ਦਰਸ਼ਨ ਦੇਣ। ਉਹ ਚੰਗੀ ਤਰ੍ਹਾਂ ਜਾਣਦਾ ਸੀ ਤੇ ਉਸ ਨੂੰ ਇਹ ਅਹਿਸਾਸ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਮਦਦ ਬਿਨਾਂ ਇਹ ਜੰਗ ਜਿਤੀ ਨਹੀਂ ਸੀ ਜਾ ਸਕਦੀ। ਗੁਰੂ ਗੋਬਿੰਦ ਸਿੰਘ ਜੀ ੩੧ ਜੁਲਾਈ ਨੂੰ ਆਗਰੇ ਕੋਲ ਪੁਜੇ ਤੇ ਉਨ੍ਹਾਂ ਆਪਣਾ ਕੈਂਪ ਬਹਾਦਰ ਸ਼ਾਹ ਦੇ ਕੈਂਪ ਤੋਂ ੫ ਮੀਲ ਦੂਰ ਲਗਾਇਆ। ਬਹਾਦਰ ਸ਼ਾਹ ਨੇ ਖ਼ਾਨ ਖ਼ਾਨਾ ਨੂੰ ਅੱਗੋਂ ਸਵਾਗਤ ਲਈ ਭੇਜਿਆ ਤੇ ਮੁਲਾਕਾਤ ਦੀ ਤਾਰੀਖ਼ ਦੋ ਅਗਸਤ ਨਿਯਤ ਹੋਈ।[੧]

ਆਗਰੇ ਦੇ ਸ਼ਾਹੀ ਕਿਲੇ ਵਿਚ ਬਹਾਦਰ ਸ਼ਾਹ ਨੇ ਆਪ ਅਗੇ ਵੱਧ ਸਵਾਗਤ ਕੀਤਾ ਤੇ ਸਤਿਕਾਰ ਵਜੋਂ ਧੁੱਖ ਧੁੱਖੀ, ਸਰਾਇਪਰਦਾ, ਖ਼ੇਮਾ ਤੇ ਨਗਾਰਾਂ ਭੇਟ ਕੀਤਾ। ਮਹਾਰਾਜ ਨੇ

---

੧. ਖਾਨ ਖਾਨ ਸੁਨਿ ਸੁਨਿ ਕੈ ਤਬੇ, ਦੀਨੇ ਲੋਗ ਪਠਾਇ।
ਬਿਨੈ ਕਰੀ ਕਰ ਜੋਰਿਕੈ "ਦਰਸ ਦਿਖਾਵੋ ਆਇ"। ੧੭॥੭੦੫॥

ਉਸ ਸਮੇਂ ਦਾ ਖ਼ਾਨ ਖ਼ਾਨ ; ਨਵਾਬ ਮੁਨਈਮ ਖ਼ਾਨ ਸੀ। ਪਿਛੋਂ ਬਹਾਦਰ ਸ਼ਾਹ ਦਾ ਵਜ਼ੀਰ ਥਾਪਿਆ ਗਿਆ।

ਚਾਰੇ ਵਸਤੂਆਂ ਹੀ ਇਕ ਸਿਖ ਰਾਹੀਂ ਆਪਣੇ ਕੈਂਪ ਵਿਚ ਪੁੱਜਾ ਦਿਤੀਆਂ। ਸ਼ਾਹੀ ਰਿਵਾਜ ਸੀ ਕਿ ਖ਼ਲਅਤ ਸਾਹਮਣੇ ਪਹਿਨਣੀ ਪੈਂਦੀ ਸੀ।[2] ਇਹ ਚਾਰੇ ਵਸਤੂਆਂ ਇਸ ਗੱਲ ਦਾ ਪ੍ਰਗਟਾ ਕਰਦੀਆਂ ਹਨ ਕਿ ਉਹ ਗੁਰੂ ਜੀ ਨੂੰ ਦੀਨਦੁਨੀ ਦਾ ਆਗੂ ਗਿਣਦਾ ਸੀ ਤੇ ਉਹ ਸਨਮਾਨ ਦੇਣਾ ਉਚਿਤ ਸਮਝਿਆ ਜੋ ਇਕ ਬਾਦਸ਼ਾਹ ਦੂਜੇ ਸੁਤੰਤਰ ਰਾਜ ਦੇ ਮਾਲਕ ਨੂੰ ਦਿੰਦਾ ਹੈ। ਝੰਡਾ, ਨਗਾਰਾ ਤੇ ਸਰਾਇਪਰਦਾ ਸੁਤੰਤਰ ਰਾਜ ਦੀਆਂ ਨਿਸ਼ਾਨੀਆਂ ਹਨ। ਸ਼ਾਹੀ ਸਨਮਾਨ ਹੁੰਦਾ ਦੇਖ ਕੁਝ ਕੱਟੜ ਪ੍ਰਸਤਾਂ ਨੇ ਰੋਸ ਬਣਾਇਆ ਤੇ ਬਹਾਦਰ ਸ਼ਾਹ ਨੂੰ ਕਹਿਆ ਕਿ ਜੇ ਗੁਰੂ ਦੀਨੀ ਆਗੂ, ਪੈਗੰਬਰ ਹੈ ਤਾਂ ਕੋਈ ਕਰਾਮਾਤ ਦਿਖਲਾਏ।

ਗੁਰੂ ਮਹਾਰਾਜ ਪਾਸ ਜਦ ਬਹਾਦਰ ਸ਼ਾਹ ਨੇ ਕੁਝ ਲੋਕਾਂ ਦੀ ਤਰਕ ਦਾ ਜ਼ਿਕਰ ਕੀਤਾ ਤਾਂ ਉਨ੍ਹਾਂ ਕਹਿਆ ਕਿ ਕਰਾਮਾਤ ਦਾ ਮਾਲਕ ਸਿਰਫ਼ ਅਲਾਹ ਹੈ। ਅਲਾਹ ਦੇ ਬੰਦਿਆਂ ਨੂੰ ਕਰਾਮਾਤ ਦਿਖਲਾਉਣੀ ਸੋਭਦੀ ਨਹੀਂ। ਇਕ ਵਾਰੀ ਅਨੰਦਪੁਰ ਵੀ ਐਸੀ ਹੀ ਘਟਨਾ ਹੋਈ ਸੀ। ਸ਼ਾਹੀ ਫ਼ੌਜਾਂ ਦੇ ਜਰਨੈਲ ਚੌਪੜ ਖੇਡ ਰਹੇ ਸਨ ਤਾਂ ਗੁਰੂ ਜੀ ਨੇ ਦੂਰੋਂ ਗੜ੍ਹ ਵਿਚੋਂ ਇਕ ਤੀਰ ਚਲਾ ਕੇ ਉਨ੍ਹਾਂ ਦੀ ਖੇਡ ਵਿਚਕਾਰ ਵਿੱਛੀ ਚੌਪੜ ਤੇ ਮਾਰਿਆ ਸੀ ਤਾਂ ਸਾਰੇ ਹੀ ਇਕ ਜ਼ਬਾਨ ਨਾਲ ਪੁਕਾਰ ਉਠੇ 'ਕਰਾਮਾਤ'। ਉਸੇ ਸਮੇਂ ਮਹਾਰਾਜ ਨੇ ਦੂਜਾ ਤੀਰ ਦੇ ਮਾਰਿਆ ਜਿਸ ਨਾਲ ਕਾਗਜ਼ ਦਾ ਟੁਕੜਾ ਵੀ ਲਗਾ ਹੋਇਆ ਸੀ, ਜਿਸ ਉਤੇ ਪਾਤਸ਼ਾਹ ਨੇ ਲਿਖਆ ਸੀ 'ਕਰਾਮਾਤ ਨਹੀਂ, ਕਰਤੱਬ'। ਪਰ ਜਦ ਸਾਰਿਆਂ ਜ਼ਿਦ ਹੀ ਪਕੜ ਲਈ ਤਾਂ ਮਹਾਰਾਜ ਨੇ ਆਪਣੀ ਉਂਗਲੀ ਦਾ ਇਸ਼ਾਰਾ ਬਹਾਦਰ ਸ਼ਾਹ ਵਲ ਕਰਕੇ ਕਹਿਆ 'ਤੂੰ ਹੀ ਕਰਾਮਾਤ ਹੈ।' ਸਿਆਸਤ ਹੀ ਕਰਾਮਾਤ ਹੈ ਤੇ ਸਿਆਸੀ ਤਾਕਤ ਹੱਥ ਹੋਣਾ ਹੀ ਕਰਾਮਾਤ ਹੈ। ਹੁਕਮ ਦੇ ਕੇ ਜਿਸਦਾ ਸਿਰ ਚਾਹੇ ਸ਼ਾਹ ਕਲਮ ਕਰ ਦੇਵੇ ਤੇ ਜਿਸਦੀ ਮਰਜ਼ੀ, ਜਾਨ ਬਖ਼ਸ਼ੀ ਕਰ ਦੇਵੇ। ਪਰ ਇਸ ਨਾਲ ਉੱਤਰ ਨਾਲ ਮੌਲਾਨਿਆਂ ਦੀ ਤਸੱਲੀ ਨਾ ਹੋਈ। ਉਨ੍ਹਾਂ ਕਰਾਮਾਤ ਦਿਖਲਾਉਣ ਲਈ ਹੀ ਕਹਿਆ। ਗੁਰੂ ਜੀ ਨੇ ਫਿਰ ਇਕ ਮੁਹਰ ਜ਼ਮੀਨ ਉੱਤੇ ਸੁਟ ਕੇ ਇਸ਼ਾਰੇ ਨਾਲ ਕਹਿਆ, "ਇਹ ਕਰਾਮਾਤ ਹੈ।" ਇਸ ਵਿਚ ਇਤਨੀ ਸ਼ਕਤੀ ਹੈ ਕਿ ਇਹ ਸਿਆਸਤ ਤਕ ਖ਼ਰੀਦ ਸਕਦੀ ਹੈ ਤੇ ਕਈਆਂ ਨੂੰ ਆਪਣੇ ਪਿਛੇ ਲਗਾਈ ਫਿਰਦੀ ਹੈ। ਪਰ ਉਹ ਤਾਂ ਗੁਰੂ ਜੀ ਕੋਲੋਂ ਕਰਾਮਾਤ ਦੇਖਣਾ ਚਾਹੁੰਦੇ ਸਨ। ਗੁਰੂ ਪਾਤਸ਼ਾਹ ਨੇ ਆਪਣੀ ਕਿਰਪਾਨ ਮਿਆਨ ਵਿਚੋਂ ਕੱਢ ਕੇ ਗਰਜ ਕੇ ਕਹਿਆ, 'ਜੋ ਨਾਹ ਸੁਣੇ, ਨਾ ਸਮਝੇ, ਉਸ ਲਈ ਇਹ ਹੀ ਕਰਾਮਾਤ ਹੈ।' ਸਾਰੇ ਚੁਪ ਹੋਏ। ਬੀਰਤਾ ਤੇ ਬੀਰਤਾ ਦੀ ਵਰਤੋਂ ਹੀ ਆਖ਼ਰੀ ਤੇ ਠੀਕ ਕਰਾਮਾਤ ਹੈ।

ਮੌਲਾਨਿਆਂ ਦਾ ਦੂਜਾ ਪ੍ਰਸ਼ਨ ਸੀ 'ਪੀਰ' 'ਮਜ਼ਹਬ ਹਮਾਰਾ ਖ਼ੂਬ ਕਿ ਤੁਮਾਰਾ ਖ਼ੂਬ। ਮਹਾਰਾਜ ਨੇ ਮੋੜਵਾਂ ਉੱਤਰ ਦਿੰਦੇ ਹੋਏ ਕਹਿਆ, **ਤੁਮ ਕਉ ਤੁਮਾਰਾ ਖ਼ੂਬ, ਹਮਕੋ ਹਮਾਰਾ**

---

੨. ਗੁਰ ਸੋਭਾ ਦਾ ਲਿਖਾਰੀ ਲਿਖਦਾ ਹੈ :

'ਕਲਗੀ ਅਉਰ ਧੁਖ ਧੁਖੀ ਆਨੀ। ਖ਼ਿਲਅਤ ਏਕ ਸਾਹ ਮਨ ਮਾਨੀ
ਸ਼ਾਹ ਪ੍ਰਭੂ ਕੋ ਭਏ ਚੜ੍ਹਾਈ। ਖੁਸੀ ਕਰੋ ਤੁਮ ਸੋ ਬਨਿਆਈ। ੩੫।੨੨੩।
ਤਹਿ ਸਮੇਂ ਪ੍ਰਭੂ ਨੇ ਫਰਮਾਯੋ। ਅੰਦਰ ਸਾਹਿ ਪੈ ਸਿੰਘ ਬੁਲਾਯੋ।
ਬਸਤ੍ਰ ਤਹਿ ਪਾਸ ਉਠਵਾਏ। ਬਿਦਾ ਭਏ ਪ੍ਰਭੂ ਡੇਰੇ ਆਏ। ੩੬।੨੩੪।

ਇਥੇ ਹੀ ਬਹਾਦਰ ਸ਼ਾਹ ਦੇ ਆਖੇ ਸ਼ਬਦ ਧਿਆਨ ਦੇਣ ਯੋਗ ਹਨ ਬਹਾਦਰ ਸ਼ਾਹ ਨੇ ਕਿਹਾ :

"ਦਯਾ ਧਾਰਿ ਹਮਰੇ ਘਰਿ ਆਏ। ਤੱਖ਼ਤ ਬੱਖ਼ਤ ਤੁਮ ਤੇ ਪ੍ਰਭੁ ਪਾਏ। ੩੪।੨੨੨।

ਮੁਖ। ਬੀਰ ਦੀ ਇਹ ਵੀ ਉਪਮਾ ਹੈ ਕਿ ਉਹ ਦੂਜੇ ਦੇ ਖ਼ਿਆਲਾਂ ਦਾ ਸਤਿਕਾਰ ਕਰੇ ਤੇ ਹਰ ਇਕ ਨੂੰ ਆਪਣੇ ਵਿਚਾਰਾਂ ਦੀ ਸੁਤੰਤਰਤਾ ਦੇਵੇ। ਗੁਰੂ ਜੀ ਇਸ ਪਾਸੇ ਪੂਰਨੇ ਪਾ ਰਹੇ ਸਨ।

ਇਸ ਉਪ੍ਰੰਤ ਮੁਲਕਾਤਾਂ ਦਾ ਸਿਲਸਲਾ ਜਾਰੀ ਰਹਿਆ। ਇਕ ਮੁਲਾਕਾਤ ਵਿਚ ਜਦ ਇਹ ਖਿਆਲ ਦਿੱਤਾ ਗਇਆ ਕਿ ਰੋਜ਼ੇ-ਹਸ਼ਰ ਵਾਲੇ ਦਿਨ ਉਹ ਹੀ ਸੁਰਖ਼ਰੂ ਹੋਵੇਗਾ ਜਿਸ ਦੀ ਹਜ਼ਰਤ ਸਫ਼ਾਰਸ਼ ਕਰਨਗੇ। ਗੁਰੂ ਮਹਾਰਾਜ ਨੇ ਇਕ ਸਿੱਕਾ ਦਿੱਤਾ ਤੇ ਕਰਮਚਾਰੀ ਨੂੰ ਉਸ ਦਾ ਮੁਲ ਪਵਾਉਣ ਲਈ ਕਹਿਆ, ਕਰਮਚਾਰੀ ਨੇ ਵਾਪਸ ਆਕੇ ਕਹਿਆ ਕਿ ਕੋਈ ਸਿੱਕੇ ਨੂੰ ਪਰਵਾਨ ਨਹੀਂ ਕਰਦਾ। ਗੁਰੂ ਮਹਾਰਾਜ ਨੇ ਫਰਮਾਇਆ 'ਮੁੱਲ ਤਾਂ ਧਾਤ ਦਾ ਹੈ, ਮੁਹਰ ਵਲ ਕੋਈ ਦੇਖਦਾ ਨਹੀਂ। ਅਮਲ ਜਉ ਕੀਤੇ ਦੁਨੀ ਵਿਚ ਸੋ ਦਰਗਹ ਆਏ ਕੰਮ।' ਧਾਤ ਸ਼ੁੱਧ ਹੈ ਤਾਂ ਇਸ ਦਾ ਮੁਲ ਸਦੀਆਂ ਤਕ ਕਾਇਮ ਹੈ, ਕਿਸੇ ਵੀ ਬਾਜ਼ਾਰ ਵਿਚ ਧੋਖਾ ਨਹੀਂ ਖਾਣਾ ਪੈਂਦਾ।

ਕਈ ਦਿਨ ਹੋਰ ਡੂੰਘੀਆਂ ਵੀਚਾਰਾਂ ਹੁੰਦੀਆਂ ਰਹੀਆਂ। ਇਂਞ ਪ੍ਰਤੀਤ ਹੋਣਾ ਲਗਾ ਕਿ ਚਿਰਾਂ ਤੋਂ ਪਈ ਤ੍ਰੇੜ ਮਿਲ ਜਾਏਗੀ। ਇਨ੍ਹਾਂ ਮੁਲਾਕਾਤਾਂ ਦਾ ਸਿੱਟਾ ਇਕ ਸਮਝੌਤੇ ਦੀਆਂ ਚਾਰ ਮੋਟੀਆਂ ਧਾਰਾਵਾਂ ਸਨ।

1. ਬਾਦਸ਼ਾਹ ਹਿੰਦੂ ਮੁਸਲਮਾਨ ਨੂੰ ਤੁਲ ਜਾਣੇਗਾ।
2. ਇਨਸਾਫ਼ ਕਰੇਗਾ।
3. ਦੂਜੇ ਦੇ ਧਰਮ ਵਿਚ ਦਖ਼ਲ ਨਹੀਂ ਦੇਵੇਗਾ।
4. ਜਿਨ੍ਹਾਂ ਨੇ ਬੇਦੋਸ਼ਿਆਂ ਨੂੰ ਮਾਰਿਆ ਹੈ, ਉਨ੍ਹਾਂ ਨੂੰ ਤੁਰੰਤ ਸਜ਼ਾਵਾਂ ਦੇਵੇਗਾ।

ਗੱਲ ਬਾਤ ਦੀ ਕਾਮਯਾਬੀ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਹੁਕਮਨਾਮੇ ਵਿੱਚ ਜੋ ਉਨ੍ਹਾਂ ਧੌਲਪੁਰ ਦੀ ਸੰਗਤ ਦੇ ਨਾਂ ਲਿਖਿਆ, ਵੀ ਕੀਤਾ। ਉਨ੍ਹਾਂ ਲਿਖਿਆ ਕਿ ਗੱਲ ਬਾਤ ਮੁਕਣ ਤੇ, ਉਹ ਅਨੰਦਪੁਰ ਮੁੜਣਗੇ ਤੇ ਖ਼ਾਲਸਾ ਹਥਿਆਰ ਬੱਧ ਹੋਕੇ ਪੁਜੇ। ਉਥੋਂ ਹੀ ਅਗਲਾ ਪ੍ਰੋਗਰਾਮ ਟੋਰਿਆ ਜਾਵੇਗਾ।

ਹੁਕਮਨਾਮੇ ਦੇ ਸ਼ਬਦ ਸਨ :—

੧ਓ ਸਤਿਗੁਰ ਜੀ।

ਸਰਬਤ ਸੰਗਤਿ ਧਉਲ ਕੀ, ਤੁਸੀਂ ਮੇਰਾ ਖ਼ਾਲਸਾ ਹੋ, ਗੁਰੂ ਰਖੈਗਾ। ਗੁਰੂ ਗੁਰੂ ਜਪਣਾ ਜਨਮ ਸਵਰੈਗ ਹੋਈ। ਸਬ ਸੁੱਖ ਨਾਲ ਪਾਤਸ਼ਾਹ ਪਾਸਿ ਆਏ। ਸਿਰਪਾਓ ਅਰ ਸਤਿ ਹਜ਼ਾਰ ਕੀ ਧੁੱਖ ਧੁੱਖੀ ਜੜਾਊ ਇਨਾਮ। **ਹੋਰ ਭੀ ਕੰਮ ਗੁਰੂ ਕਾ ਸਦਕਾ ਹੋਤੈ ਹੈ**, ਅਸੀਂ ਭੀ ਥੋੜੇ ਹੀ ਦਿਨਾਂ ਨੋ ਆਵਤੇ ਹਾਂ। ਸਰਬਤ ਸੰਗਤ ਖਾਲਸਾ ਕੋ ਮੇਰਾ ਹੁਕਮ ਹੈ, ਆਪ ਸਮੇਂ ਮੇਲ ਕਰਣਾ। ਜਦ ਅਸੀਂ ਕਹਿਲੂਰ ਆਵਤੇ, ਤਦਿ ਸੁਬਤਿ ਖਾਲਸੇ ਹਥਿਆਰ ਬਨਿਕੈ ਹਜ਼ੂਰ ਆਵਣਾ ਸੰਮਤ ੧੯੬੪, ੪ ਕਤਕ ੧। ਇਸ ਹਿਸਾਬ ਨਾਲ ੩੧ ਅਕਤੂਬਰ ੧੭੦੭ ਬਣਦੀ ਹੈ ਤੇ ਪਰਗਟ ਹੁੰਦਾ ਹੈ ਕਿ ਆਗਰੇ ਵਿਖੇ ਹੀ ਹਿੰਦੁਸਤਾਨ ਦਾ ਇਤਿਹਾਸ ਬਦਲ ਜਾਣਾ ਸੀ ਪਰ ਸਮਝੌਤੇ ਤੇ ਅਮਲ ਕਰਾਉਣ ਦੀਆਂ ਵੀਚਾਰਾਂ ਚਲ ਰਹੀਆਂ ਸਨ ਕਿ ਜੋਧ ਪੁਰ ਤੋਂ ਖ਼ਬਰ ਆਈ ਕਿ ਅਜੀਤ ਸਿੰਘ ਨੇ ਮੁਗ਼ਲ ਨੁਮਾਇੰਦੇ ਮੁਕੱਰਮ ਦੀਨ ਨੂੰ ਨੱਠਾ ਦਿਤਾ ਹੈ ਤੇ ਰਾਜਪੂਤਾਨੇ ਵਿਚ ਬਗ਼ਾਵਤ ਵੱਡੇ ਪੈਮਾਨੇ ਦੀ ਹੋਣ ਦੀ ਸੰਭਾਵਣਾ ਹੈ। ਸੋ ੧੦ ਨਵੰਬਰ ੧੭੦੭ ਨੂੰ ਬਹਾਦਰ ਸ਼ਾਹ ਸਾਰੀਆਂ ਵੀਚਾਰਾਂ ਵਿਚੇ ਛੱਡਕੇ ਰਾਜਪੂਤਾਨੇ ਵਲ ਚਲ ਪਇਆ ਅਤੇ ਗੁਰੂ

ਜੀ ਨੂੰ ਨਾਲ ਹੀ ਟੁਰਨ ਲਈ ਬੇਨਤੀ ਕੀਤੀ। ਗੁਰੂ ਗੋਬਿੰਦ ਸਿੰਘ ਜੀ ਇਕ ਤਾਂ ਸਾਰੀ ਗੱਲ ਬਾਤ ਵਿਚੇ ਮੁਕਾ ਕੇ ਵਾਪਸ ਆਉਣਾ ਚਾਹੁੰਦੇ ਸਨ। ਦੂਜੇ ਰਾਜਪੂਤਾਂ ਨੂੰ ਤਗੜਾ ਕਰਨਾ ਚਾਹੁੰਦੇ ਸਨ। ਗੁਰੂ ਜੀ ਰਾਜਪੂਤਾਨੇ ਦੇ ਵਲ ਟੁਰ ਪਏ। ਰਾਜਪੂਤਾਨੇ ਵਿਚ ਹੀ ਗੁਰੂ ਜੀ ਨੂੰ ਪਤਾ ਲਗਾ ਕਿ ਬਹਾਦਰ ਸ਼ਾਹ ਦੱਖਣ ਵਲ ਚਲ ਪਇਆ ਹੈ ਕਿਉਂਕਿ ਕਾਮ ਬਖਸ਼ ਨੇ ਬਗਾਵਤ ਕਰ ਦਿੱਤੀ ਸੀ।

ਰਾਜਪੂਤਾਂ ਨੂੰ ਢਾਰਸ ਤੇ ਜੁਅਰਤ ਦੇ ਉਪਦੇਸ਼ : ਸਾਰੇ ਰਾਜਪੂਤਾਨੇ ਵਿਚ ਵਿਚਰ ਕੇ ਤੇ ਰਾਜਪੂਤਾਂ ਨਾਲ ਗੱਲਾਂ ਬਾਤਾਂ ਤੋਂ ਗੁਰੂ ਜੀ ਨੇ ਇਹ ਅਨੁਮਾਨ ਲਗਾ ਲਇਆ ਕਿ ਸਿਰਫ਼ ਰਾਜਪੂਤਾਨੇ ਵਿਚ ਤਿੰਨ ਲੱਖ ਤੋਂ ਉਪਰ ਘੋੜਾ ਹੈ ਤੇ ਇਸ ਤੋਂ ਕਈ ਗੁਣਾਂ ਵੱਧ ਜੁਆਨ ਹਨ ਜੋ ਅਣਖ ਲਈ ਮਰਨ ਵਾਸਤੇ ਤਿਆਰ ਬੈਠੇ ਹਨ। ਗੁਰੂ ਜੀ ਨੇ ਉਨ੍ਹਾਂ ਸਾਰਿਆਂ ਨੂੰ ਇਕ ਝੰਡੇ ਹੇਠਾਂ ਇਕੱਠਾ ਹੋਣ ਦੀ ਪ੍ਰੇਰਨਾ ਕੀਤੀ। ਨਾਲ ਹੀ ਕਹਿਆ ਕਿ ਤੁਹਾਡੀਆਂ ਬਾਕੀ ਸੱਭ ਗੱਲਾਂ ਤਾਂ ਬਹੁਤ ਹੀ ਚੰਗੀਆਂ ਹਨ ਪਰ ਤੁਸਾਂ ਜੋ ਮੁਗਲ ਬਾਦਸ਼ਾਹ ਨੂੰ ਲੜਕੀਆਂ ਦਿਤੀਆਂ ਹਨ, ਇਹ ਠੀਕ ਨਹੀਂ ਕੀਤਾ। ਉਨ੍ਹਾਂ ਅਗੋਂ ਐਸਾ ਨਾ ਕਰਨ ਦਾ ਪ੍ਰਣ ਕੀਤਾ। ਉਨ੍ਹਾਂ ਇਹ ਵੀ ਦਸਿਆ ਕਿ ਲੋੜ ਸਮੇਂ ੩੦੦੦੦ ਘੋੜ ਸੁਆਰ ਵੀ ਦੇ ਸਕਦੇ ਹਨ। ਇਥੋਂ ਗੁਰੂ ਜੀ ਨੇ ਦੱਖਣ ਵਲ ਜਾਣ ਦਾ ਮਨ ਪੱਕਾ ਬਣਾ ਲਇਆ। ਜਦ ਉਨ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਵਲ ਭੇਜਿਆ ਤੇ ਇਸ ਇਲਾਕੇ ਵਿਚ ਖ਼ਾਸ ਤੌਰ ਉਤੇ ਕੁਝ ਚਿਰ ਟਿਕਨ ਲਈ ਵੀ ਆਖਿਆ।

ਗੁਰੂ ਗੋਬਿੰਦ ਸਿੰਘ ਜੀ ਦੇ ਬੀਰਤਾ ਬਾਰੇ ਬਚਨ : ਦਾਦੂ ਮਹਾਤਮਾ ਦਾ ਜਨਮ ਮਹਾਂਕੋਸ਼ ਦੇ ਲਿਖਾਰੀ ਅਨੁਸਾਰ ਸੰਨ ੧੪੪੩ (ਸੰਮਤ ੧੬੦੧) ਵਿਚ ਇਕ ਪੀਂਜੇ ਦੇ ਘਰ ਅਹਿਮਦਾਬਾਦ ਵਿਖੇ ਹੋਇਆ ਸੀ। ਕਬੀਰ ਪੰਥੀ ਤੇ ਕੁਝ ਵਿਵੇਕੀ ਸਾਧੂਆਂ ਦੀ ਸੰਗਤ ਨਾਲ ਪਰਮਾਤਮਾ ਨੂੰ ਪ੍ਰਾਪਤ ਕੀਤਾ। ਉਨ੍ਹਾਂ ਨੂੰ ਆਪਣਾ ਡੇਰਾ ਜੈਪੁਰ ਰਾਜਸਥਾਨ ਵਿਚ ਪਿੰਡ ਨਾਰਾਇਣਾ, ਫ਼ਲੇਰਾ[1] ਰੇਲਵੇ ਸਟੇਸ਼ਨ ਤੋਂ ਤਿੰਨ ਮੀਲ ਦੂਰ ਜਾਕੇ ਬਣਾਇਆ। ਇਸ ਨੂੰ ਦਾਦੂ ਦੁਵਾਰਾ ਕਹਿੰਦੇ ਹਨ। ਦਾਦੂ ਜੀ ਦੀ ਮ੍ਰਿਤੂ ਉਥੇ ਹੀ ੧੬੦੩ ਈ: ਵਿਚ ਹੋਈ। ਉਸ ਨੇ ਕਾਫ਼ੀ ਸਲੋਕ ਤੇ ਧਾਰਮਕ ਕਵਿਤਾ ਰਚੀ। ਸਾਧੂ ਉਸ ਦੇ ਸ਼ਲੋਕ ਬਹੁਤ ਪ੍ਰੇਮ ਨਾਲ ਪੜ੍ਹਦੇ ਹਨ।[2]

ਗੁਰੂ ਗੋਬਿੰਦ ਸਿੰਘ ਜੀ ਜੈਪੁਰ ਤੋਂ ਹੀ ਨਾਰਾਇਣੇ ਪਧਾਰੇ। ਉਸ ਸਮੇਂ ਦਾਦੂ ਦੁਆਰੇ ਦਾ ਮਹੰਤ ਜੈਤਰਾਮ ਸੀ। ਕਲਗੀਧਰ ਨੇ ਫੁਰਮਾਇਆ ਕਿ ਉਹ ਕੋਈ ਦਾਦੂ ਜੀ ਦਾ ਬਚਨ ਸੁਣਾਏ। ਜੈਤ ਰਾਮ ਨੇ ਸ਼ਲੋਕ ਪੜ੍ਹਿਆ;

> ਦਾਦੂ ਦਾਵਾ ਦੂਰਿ ਕਰ ਕਲਿਕਾ ਲੀਜੈ ਭਾਇ।
> ਜੋ ਕੋ ਮਾਰੇ ਈਟ ਢੇਮ ਲੀਜੈ ਸੀਸ ਚਢਾਇ''।

ਮਹਾਰਾਜ ਨੇ ਕਹਿਆ ਕਿ ਹੁਣ ਸਮੇਂ ਹੋਰ ਆ ਗਏ ਹਨ। ਹੁਣ ਤਾਂ ਇਹ ਹੀ ਕਹਣਾ ਫੱਬਦਾ ਹੈ,

---

੧. ਪਿਛਲੀ ਹਿੰਦ ਪਾਕ ਜੰਗ (੧੯੬੫) ਵਿਚ ਇਥੇ ਟੈਂਕਾਂ ਦੀ ਇਕ ਤਗੜੀ ਲੜਾਈ ਹੋਈ ਸੀ।

੨. ਜਿਵੇਂ ਘੀਵ ਦੂਧ ਮੇਂ ਰਮਿ ਰਹਾ, ਵਯਾਪਕ ਸਭ ਹੀ ਠੌਰ।
ਦਾਦੂ ਵਕਤਾ ਬਹੁਤ ਹੈ, ਮਥਿ ਕਾਢੈ ਤੇ ਔਰ।
ਯਹ ਮਸੀਤ ਯਹ ਦੇਹਰਾ, ਸਤਿਗੁਰ ਦਿਯਾ ਦਿਖਾਇ।
ਭੀਤਰ ਸੇਵਾ ਬੰਦਗੀ, ਬਾਹਰ ਕਾਹੇ ਜਾਇ।

"ਦਾਦੂ ਦਾਵਾ ਰੱਖਕੇ ਕਲਿਕਾ ਲੀਜੈ ਭਾਇ।
ਜੇ ਕੇ ਮਾਰੇ ਈਂਟ ਢੇਮ ਪਾਥਰ ਹਨੈ ਬਸਾਇ।"

ਗੁਰੂ ਜੀ ਬੀਰਤਾ ਦੇ ਨਵੇਂ ਮੀਲ ਪੱਥਰ ਲਗਾ ਰਹੇ ਸਨ। ਉਥੇ ਹੀ ਸਿਖਾਂ ਨੇ ਅਸੂਲ ਉਤੇ ਦ੍ਰਿੜ ਰਹਿਣ ਦਾ ਸਾਹਸ ਦਸਿਆ। ਜਦ ਗੁਰੂ ਜੀ ਨੇ ਕਮਾਣ ਦੇ ਗੋਸ਼ੇ ਨਾਲ ਦਾਦੂ ਦੀ ਸਮਾਧ ਨੂੰ ਸ਼ਰਧਾਂਜਲੀ ਦਿਤੀ ਤਾਂ ਖ਼ਾਲਸੇ ਨੇ ਮੜ੍ਹੀ ਨੂੰ ਨਮਸਕਾਰ ਕਰਨ ਦੇ ਦੋਸ਼ ਵਿਚ ਦਸ਼ਮੇਸ਼ ਪਿਤਾ ਨੂੰ ਤਨਖ਼ਾਹੀਆ ਠਹਿਰਾਇਆ। ਮਹਾਰਾਜ ਨੇ 'ਧਰਮਦੰਡ' ਖ਼ੁਸ਼ੀ ਨਾਲ ਸਵੀਕਾਰ ਕੀਤਾ ਤੇ ਨਾਲ ਹੀ ਫ਼ਰਮਾਇਆ ਕਿ ਉਹਨਾਂ ਇਹ ਕਰਮ ਖ਼ਾਲਸੇ ਦੀ ਪਰੀਖਿਆ ਹਿਤ ਹੀ ਕੀਤਾ ਸੀ। ਖ਼ਾਲਸਾ ਪਾਸ ਐਸਾ ਹੀ ਸਾਹਸ ਚਾਹੀਦਾ ਹੈ।

ਅਧਿਆਇ ਛੇਵਾਂ

ਬੈਰਾਗੀ ਤੋਂ ਬੰਦਾ ਸਿੰਘ
ਗੁਰੂ ਗੋਬਿੰਦ ਸਿੰਘ ਜੀ ਦਾ ਜੋਤੀ ਜੋਤ ਸਮਾਉਣਾ

ਬੈਰਾਗੀ ਤੋਂ ਬੰਦਾ ਸਿੰਘ—ਜਦ ਗੁਰੂ ਜੀ ਦੱਖਣ ਵਲ ਟੁਰੇ ਹੀ ਸਨ ਤਾਂ ਇਕ ਸਿੱਖ ਨੇ ਕੋਲ ਕਹਿਆ ਸੀ 'ਭੱਠ ਪਈ ਦੱਖਣ ਵਲ ਕੀ ਕਰਨਾ ਹੈ ਜਾਕੇ ਤਾਂ ਗੁਰੂ ਜੀ ਨੇ ਸਹਿਜ ਅਵਸਥਾ ਵਿਚ ਕਹਿਆ ਸੀ ਕਿ ਉਥੇ ਵੀ ਸਾਡਾ ਸਿਖ ਵੱਸਦਾ ਹੈ। ਫਿਰ ਜਦ ਆਪ ਜੀ ਦਾਦੂ ਦੁਆਰੇ ਦੇ ਮਹੰਤ ਜਿਤ ਰਾਮ ਨੂੰ ਦੱਖਣ ਵਲ ਜਾਣ ਦੀ ਗਲ ਆਖੀ ਸੀ ਤਾਂ ਉਸ ਵੀ ਮਾਧੋਦਾਸ ਬੈਰਾਗੀ ਦੇ ਨਾਂ ਵਾਲੇ ਪੁਰਸ਼ ਤੋਂ ਬਚਣ ਲਈ ਕਹਿਆ ਸੀ। ਬੁਰਹਾਨਪੁਰ ਵਿਚ ਪੁੱਜ ਕੇ ਉਨ੍ਹਾਂ ਨੂੰ ਬੈਰਾਗੀ ਸਾਧੂ ਬਾਰੇ ਹੋਰ ਪਤਾ ਲਗਾ।

ਮਾਧੋ ਦਾਸ ਆਪਣੀਆਂ ਰਿਧੀਆਂ ਸਿਧੀਆਂ ਦਾ ਪ੍ਰਭਾਵ ਦੂਜੇ ਪੁਰਸ਼ਾਂ ਤੇ ਪਾ ਲੈਂਦਾ ਸੀ। ਗੁਰੂ ਜੀ ਉਸਦੇ ਡੇਰੇ ਪੁਜੇ। ਉਸ ਦਿਨ ਸੂਰਜ ਗ੍ਰਹਣ ਸੀ। ਆਪ ਜੀ ਨੇ ਬਕਰਾ ਝਟਕਾ ਕੇ ਮਾਸ ਰਿਝਣਾ ਰੱਖ ਦਿਤਾ। ਉਸ ਦੇ ਸਾਥੀਆਂ ਨੇ ਬਹੁਤ ਵਰਜਿਆਂ ਪਰ ਗੁਰੂ ਜੀ ਤਾਂ ਵੈਰਾਗੀ ਨੂੰ ਬੰਦਾ ਬਣਾਉਣ ਆਏ ਸਨ। ਮਾਧੋਦਾਸ ਜਦ ਆਪ ਆਇਆ ਤਾਂ ਬਹੁਤ ਹੀ ਕਲਪਿਆ। ਉਸ ਨੇ ਬਹੁਤ ਹੀ ਜਤਨ ਕੀਤੇ ਤੇ ਆਪਣੇ ਬਲ ਦਾ ਪ੍ਰਯੋਗ ਕੀਤਾ। ਗੁਰੂ ਜੀ ਅੱਗੇ ਉਸ ਦੀ ਇਕ ਨ ਚਲੀ। ਆਪਣੀ ਸਾਰੀ ਰਿਧੀ ਤੇ ਸਿਧੀ ਨੂੰ ਵਿਫ਼ਲ ਜਾਂਦਿਆ ਦੇਖ ਪੁਕਾਰ ਉਠਿਆ :

"ਤੁਸੀਂ ਕੌਣ ਹੋ ?

ਗੁਰੂ ਜੀ:—ਓਹ ਹੀ ਜਿਸ ਨੂੰ ਤੂੰ ਜਾਣਦਾ ਹੈ।

ਮਾਧੋਦਾਸ :—	"ਮੈਂ ਕੀ ਜਾਣਦਾ ਹਾਂ ?
ਗੁਰੂ ਜੀ :—	ਆਪਣੇ ਅੰਦਰ ਝਾਤ ਮਾਰ।
ਮਾਧੋਦਾਸ :—	ਸੋ ਤੁਸੀਂ ਗੁਰੂ ਗੋਬਿੰਦ ਸਿੰਘ ਹੋ ?
ਗੁਰੂ ਪਾਤਸ਼ਾਹ :-	"ਹਾਂ"
ਮਾਧੋਦਾਸ :-	ਤੁਹਾਡਾ ਇਧਰ ਆਉਣਾ ਕਿਵੇਂ ਹੋਇਆ ?
ਗੁਰੂ ਜੀ :	ਇਥੇ ਇਸੇ ਲਈ ਆਇਆ ਹਾਂ ਕਿ ਤੈਨੂੰ ਆਪਣਾ ਸਿੱਖ ਬਣਾਵਾਂ।
ਮਾਧੋਦਾਸ :-	ਮੈਨੂੰ ਪਰਵਾਨ ਹੈ, ਮਹਾਰਾਜ। ਮੈਂ ਤੁਹਾਡਾ ਬੰਦਾ ਹਾਂ।"

ਤਾਰੀਖ-ਪੰਜਾਬ ਦਾ ਲਿਖਾਰੀ ਲਿਖਦਾ ਹੈ ਕਿ ਗੁਰੂ ਜੀ ਨੇ ਇਹ ਵੀ ਕਹਿਆ ਕਿ "**ਜੇ ਤੂੰ ਬੰਦਾ ਹੈਂ ਤਾਂ ਬੰਦਿਆਂ ਵਾਲੇ ਕੰਮ ਕਰ।**"

ਅਰਜਨ ਨੂੰ ਹਥਿਆਰ ਸੁਟਦੇ ਦੇਖ ਸ੍ਰੀ ਕ੍ਰਿਸ਼ਨ ਜੀ ਨੇ ਗੀਤਾ ਰਾਹੀਂ ਉਪਦੇਸ਼ ਦਿਤਾ ਸੀ ਤੇ ਉਸ ਨੂੰ ਬਾਹਰ ਦਿਖਾਇਆ ਸੀ ਕਿ ਸਾਰੇ ਹੀ ਰਿਸ਼ਤੇਦਾਰ ਜੋ ਦਿਖਾਈ ਦੇ ਰਹੇ ਹਨ, ਝੂਠੇ ਹਨ, ਮਿਥਿਆ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਅੰਦਰ ਝਾਤ ਮਰਵਾਕੇ ਦਸਿਆ ਕਿ ਉਹ ਆਪਣੇ ਆਸ਼ਰਮ ਵਿਚ ਤਾਂ ਸਿਧੀਆਂ ਦੇ ਬਲ ਨਾਲ ਸ਼ਾਇਦ ਪਵਿਤ੍ਰਤਾ ਕਾਇਮ ਰੱਖ ਲਵੇ ਪਰ ਸਾਰੇ ਹਿੰਦੁਸਤਾਨ ਵਿਚ ਖ਼ੂਨ ਦੀਆਂ ਨਦੀਆਂ ਵੱਗ ਰਹੀਆਂ ਹਨ ਤੇ ਉਸ ਹਾਲਤ ਵਿਚ ਉਸ ਦਾ ਆਸ਼ਰਮ ਕਿਵੇਂ ਪਾਵਨ ਰਹਿ ਸਕਦਾ ਹੈ। ਮਾਧੋ ਦਾਸ ਦੀ ਜਾਗ ਖੁਲੀ। ਉਹ ਵੈਰਾਗੀ ਤੋਂ ਬੰਦਾ ਬਣਿਆ। ਅੰਮ੍ਰਿਤ ਛਕਾ ਕੇ ਗੁਰੂ ਜੀ ਨੇ ਬੰਦਾ ਸਿੰਘ ਬਣਾਇਆ।

ਨਵਾਂ ਜੋਸ਼ : ਸਿੰਘ ਸਜਕੇ ਬੰਦਾ ਸਿੰਘ ਵਿਚ ਨਵਾਂ ਜੋਸ਼ ਜਾਗਿਆ। ਸਿਖ ਇਤਿਹਾਸ ਦੀਆਂ ਹਿਰਦੇਵੇਦਕ ਘਟਨਾਵਾਂ ਨੇ ਤਾਂ ਉਸ ਨੂੰ ਹੋਰ ਦਾ ਹੋਰ ਬਣਾ ਦਿਤਾ। ਗੁਰੂ ਨਾਨਕ ਜੀ ਦਾ ਰੋੜਾਂ ਦੀ ਵਿਛਾਈ ਕਰਨਾ; ਗੁਰੂ ਅੰਗਦ ਦੀਆਂ ਘਟਨਾਵਾਂ; ਗੁਰੂ ਅਮਰਦਾਸ ਜੀ ਦੀ ਅਟੁੱਟ ਸੇਵਾ; ਗੁਰੂ ਰਾਮ ਦਾਸ ਜੀ ਦਾ ਕੇਂਦਰ ਬਣਾਕੇ ਡਟਣਾ, ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ, ਤਤੀਆਂ ਤਵੀਆਂ ਉਤੇ ਬੈਠਣਾ, ਦੇਗਾਂ ਵਿਚ ਉਬਲਨਾ, ਤੱਤੇ ਰੇਤੇ ਪਵਾਣੇ। ਫਿਰ ਦਰਿਆ ਵਿਚ ਰੋੜ੍ਹੇ ਜਾਣਾ, ਗੁਰੂ ਹਰਿਗੋਬਿਦ ਜੀ ਦਾ ਮੁੱਗਲਾਂ ਨਾਲ ਅਣਖ ਲਈ ਲੜਨਾ, ਗੁਰੂ ਹਰਿ ਰਾਇ ਜੀ ਦਾ ਅਹਿੰਸਾ ਦਾ ਸਬਕ, ਗੁਰੂ ਹਰਿਕਿਸ਼ਨ ਜੀ ਦਾ ਕਿਸੇ ਬਾਦਸ਼ਾਹ ਅਗੇ ਨਾਂਹ ਝੁਕਨਾ ਤੇ ਸਰੀਰ ਤਿਆਗਨਾ, ਗੁਰੂ ਤੇਗ ਬਹਾਦਰ ਜੀ ਦਾ ਪਰਉਪਕਾਰ ਹਿਤ ਔਰੰਗਜ਼ੇਬ ਹੱਥੋਂ ਸ਼ਹੀਦ ਹੋਣਾ, ਬਾਬਾ ਅਜੀਤ ਸਿੰਘ, ਜੁਝਾਰ ਸਿੰਘ ਜੀ ਦਾ ਚਮਕੌਰ ਵਿਖੇ ਜੂਝਕੇ ਸ਼ਹੀਦ ਹੋਣਾ, ਚਾਲੀ ਭੁਖਿਆਂ ਤੇ ਤਿਹਾਇਆਂ ਦਾ ਦਸ ਲਖ ਦੇ ਮੁਲਖੀਏ ਦਾ ਟਾਕਰਾ ਕਰਨਾ ਤੇ ਸੱਭ ਤੋਂ ਉਤੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹ ਸਿੰਘ ਜੀ ਦਾ ਦੀਵਾਰਾਂ ਵਿਚ ਚੁਣਿਆ ਜਾਣਾ ਤੇ ਫਿਰ ਮਾਤਾ ਗੁਜਰੀ ਦੇ ਪ੍ਰਾਣ ਤਿਆਗਨ ਦੀ ਕੱਥਾ ਸੁਣਕੇ ਬੰਦਾ ਸਿੰਘ ਦਾ ਜੋਸ਼ ਉਬਾਲੇ ਖਾਣ ਲਗਾ। ਦਿਲ ਹੀ ਦਿਲ ਵਿਚ ਉਸ ਪ੍ਰਣ ਕੀਤਾ ਕਿ ਐਸੇ ਅਤਿਆਚਾਰੀ ਰਾਜ ਨੂੰ ਜੜੋਂ ਉਖੇੜ ਕੇ ਹੀ ਦਮ ਲਵੇਗਾ।

ਗੁਰੂ ਗੋਬਿੰਦ ਸਿੰਘ ਜੀ ਤੇ ਮਾਰੂ ਹਮਲਾ : ਗੁਰੂ ਗੋਬਿੰਦ ਸਿੰਘ ਜੀ ਨਾਂਦੇੜ ਵਿਖੇ ਟਿਕੇ ਹੀ ਹੋਏ ਸਨ ਕਿ ਉਥੇ ਇਕ ਹੋਰ ਦਰਦਨਾਕ ਘਟਨਾ ਹੋ ਗਈ ਜਿਸ ਨੇ ਬੰਦਾ ਸਿੰਘ ਨੂੰ ਮਜਬੂਰ ਕੀਤਾ ਕਿ ਉਹ ਛੇਤੀ ਹੀ ਪੰਜਾਬ ਪੁਜੇ ਤੇ ਜ਼ਾਲਮਾਂ ਨੂੰ ਸਜ਼ਾ ਦੇਵੇ।

ਵਜ਼ੀਰਖਾਨ ਨੂੰ ਆਗਰੇ ਵਿਖੇ ਹੋਈ ਬਹਾਦਰਸ਼ਾਹ ਤੇ ਗੁਰੂ ਗੋਬਿੰਦ ਸਿੰਘ ਜੀ ਵਿਚਕਾਰ ਹੋਈ ਗੱਲ-ਬਾਤ ਦਾ ਪਤਾ ਲੱਗ ਚੁਕਾ ਸੀ। ਉਹ ਮਿਲਨੀ ਦੇ ਸਿਟਿਆਂ ਨੂੰ ਆਪਣੇ ਹਿਤਾਂ ਲਈ ਹਾਨੀਕਾਰਕ ਸਮਝਦਾ ਸੀ। ਉਹ ਉਸ ਸਮੇਂ ਦੀ ਭਾਲ ਵਿਚ ਸੀ ਕਿ ਕਿਵੇਂ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਹੀਦ ਕਰ ਦਿਤਾ ਜਾਵੇ। ਵਜ਼ੀਰ ਖ਼ਾਨ ਨੇ ਦੋ ਪਠਾਨਾਂ ਨੂੰ ਚੁਕ ਚੁਕਾਕੇ ਤੇ ਮੂੰਹ ਮੰਗੀ ਸਹਾਇਤਾ ਦੇਕੇ ਗੁਰੂ ਜੀ ਨੂੰ ਮਾਰਨ ਲਈ ਭੇਜ ਦਿਤਾ। ਉਹ ਦਿੱਲੀ ਤੋਂ ਮਾਤਾ ਸੁੰਦਰੀ ਜੀ ਤੋਂ ਥਹੁ ਟਿਕਾਨਾ ਪੁੱਛਕੇ ਨਾਂਦੇੜ ਪੁਜੇ। ਇਸ ਤੋਂ ਪਹਿਲਾਂ ਵੀ ਵਜ਼ੀਰ ਖ਼ਾਨ ਇਕ ਪਠਾਨ ਭੇਜ ਚੁਕਾ ਸੀ ਪਰ ਉਹ ਆਪਣੇ ਭੈੜੇ ਮਨਸੂਬੇ ਵਿਚ ਕਾਮਯਾਬ ਨਹੀਂ ਸੀ ਹੋਇਆ, ਇਹ ਦੋਵੇਂ ਪਠਾਨ, ਜਿਨ੍ਹਾਂ ਦਾ ਨਾਂ ਜਮਸ਼ੇਦ ਖ਼ਾਨ ਤੇ ਗੁਲਖਾਨ ਲਿਖਿਆ ਹੈ, ਉਸ ਪਹਿਲੇ ਭੇਜੇ ਪਠਾਨ ਦੇ ਉਹ ਪੁਤਰ ਸਨ। ਇਹ ਭੀ ਕਹਿਆ ਜਾਂਦਾ ਹੈ ਕਿ ਇਨ੍ਹਾਂ ਪਠਾਨਾਂ ਦੇ ਵਡੇਰਿਆਂ ਨੂੰ ਗੁਰੂ ਹਰਿਗੋਬਿੰਦ ਜੀ ਨੇ ਜੰਗ ਵਿਚ ਸ਼ਹੀਦ ਕੀਤਾ ਸੀ।

ਅੰਮ੍ਰਿਤ ਗੁਟਕਾ[1] ਦੇ ਲਿਖਾਰੀ ਨੇ ਸਾਰੀ ਘਟਨਾ ਵਿਸਥਾਰ ਸਹਿਤ ਲਿਖੀ ਹੈ। "ਨਾਂਦੇੜ ਪੁੱਜਕੇ ਉਹ ਦੋਵੇਂ ਮੌਕੇ ਦੀ ਭਾਲ ਕਰਨ ਲਗੇ। ਇਕ ਦਿਨ ਇਕ ਪਠਾਨ ਇਸ ਤਰ੍ਹਾਂ ਮਨ ਵਿਚ ਗਿਣਦਾ ਹੋਇਆ ਜਿਥੇ ਸਤਿਗੁਰੂ ਜੀ ਬੈਠੇ ਸਨ ਤੇ ਰਹਰਾਸ ਵੇਲੇ ਦੀਵਾਨ ਲਗਾ ਹੋਇਆ ਸੀ, ਉਥੇ ਉਹ ਜਾਇ ਬੈਠਾ। ਗੁਰੂ ਜੀ ਨੇ ਆਦਰ ਕੀਤਾ। ਜਿਸ ਵੇਲੇ ਰਹਿਰਾਸ ਦਾ ਭੋਗ ਪਇਆ, ਸਰਬਤ ਖ਼ਾਲਸਾ ਹੁਕਮ ਮੰਨਕੇ ਆਪਣੇ ਆਪਣੇ ਡੇਰੇ ਗਏ। ਤਬ ਸਰਬ ਸਤਿਗੁਰੂ ਜੀ ਸਤਿ ਕਾਲ ਦਾ ਸਿਮਰਨ ਕਰਕੇ ਤੰਬੂ ਅੰਦਰ ਮਸਨਦ ਪਰ ਜਾਇ ਬੈਠੇ। ਇਕ ਸਿਖ ਹਜ਼ੂਰ ਵਿਚ ਰੁਮਾਲ ਹਿਲਾਵਨ ਵਾਲਾ ਉਸ ਵਕਤ ਹਾਜ਼ਰ ਸੀ ਉਹ ਪਠਾਨ ਜੋ ਪਿਛੇ ਬੈਠਾ ਰਹਿਆ ਉਹ ਭੀ ਅੰਦਰ ਜਾਇ ਬੈਠਾ। ਜਿਸ ਵੇਲੇ ਘੜੀ ਉਸ ਨੂੰ ਬੈਠਿਆਂ ਹੋਈ। ਉਸ ਸਮੇਂ ਸ੍ਰੀ ਸਤਿਗੁਰੂ ਕਾਰਨ ਕਰਨਜੀ ਨੇ ਉਸ ਸਿਖ ਨੂੰ ਕਿਸੇ ਕਾਰਜ ਭੇਜ ਦਿਤਾ ਪਰ ਨੇਤ੍ਰ ਜਾਣਕੇ ਮੀਟਨ ਲਗੇ। ਤਬ ਉਸ ਮਲੇਛ ਨੇ ਜਾਨਾ ਸੋ ਹੁਣ ਵੇਲਾ ਹਛਾ ਹੈ।

"ਤਬ ਉਸ ਦੁਸ਼ਟ ਨੇ ਉਠਕੇ ਸਾਹਿਬ ਦੇ ਉਦਰ ਵਿਚ ਕਟਾਰ ਮਾਰਿਆ ਯਦੱਪ ਕਮਰ ਕਸੀ ਹੋਈ ਸੀ ਤਦਪ ਕਟਾਰ ਦਾ ਘਾਊ ਬਹੁਤ ਹੂਆ। ਜਬ ਲਹੂ ਚਲਿਆ ਤਬ ਪਰ ਮਰਣ ਧੀਰ ਸ੍ਰੀ ਸਤਿਗੁਰੂ ਜੀ ਸਾਵਧਾਨ ਪਏ ਅਰ ਉਸ ਪਠਾਨ ਕਊ ਜਾਤਾ ਦੇਖਿਆ ਤਬੇ ਖਬੇ ਹਾਥ ਸਾਥ ਉਸਦਾ ਜਾਮਾ ਪਕੜ ਲਿਆ। ਮਾਰ ਹੁਜਕਾ ਮਾਰਿਆ ਤਬ ਉਹ ਦੁਸ਼ਟ ਗਿੜ ਪੜਾ। ਤਬ ਸ੍ਰੀ ਸਤਿਗੁਰੂ ਜੀ ਤਕੀਏ ਪਰ ਆਪਣਾ ਕਟਾਰ ਧਰਿਆ ਹੂਆ ਥਾ। ਸੋ ਦਾਹਨੇ ਹਾਥ ਸੇ ਪਕੜ ਲਿਆ। ਉਸ ਕਊ ਮਿਆਨ ਸੇ ਜੁਦਾ ਕਰਵਾਕੇ ਹਿਤ ਝਟਕਾਇਆ। ਤਬ ਉਸ ਦਾ ਮਿਆਨ ਨ ਗਿੜਾ। ਤਬ ਬੜੇ ਜ਼ੋਰ ਸੇ ਤੀਸਰੀ ਬੇਰ ਮਿਆਨ ਗੜਾਇ ਦਿਆ। ਇਸ ਬੇਰ ਕਰਨ ਮੇ ਅੰਤਰਜਾਮੀ ਕਾ ਪ੍ਰਯੋਜਨ ਏਹਾ ਥਾ ਕਿ ਇਤਨੇ ਸੁਆਸ ਉਸ ਨੇ ਲੈਣੇ ਥੇ। ਤਬ ਉਸ ਕਾ ਅੰਤ ਕਾਲ ਜਾਣ ਕਰ ਉਸ ਦੇ ਹਿਰਦੇ ਮੈਂ ਜਮਦਾੜ ਕਾ ਘਾਓ ਮਾਰਿਆ। ਉਸ ਨੇ ਕਹਿਆ **'ਹੇ ਅੰਮਾਂ'**। ਪਤਤ ਉਧਾਰਨ ਸ੍ਰੀ ਸਤਿਗੁਰੂ ਜੀ ਬੋਲੇ, ਅਰੇ ਅਲਾਹ ਕਹੁ, ਅਲਾਹ! ਯਹ ਅੰਮਾਂ ਕੋ ਯਾਦ ਕਰਨ ਕਾ ਕੌਣ ਸਾ ਬਖਤ[2] ਹੈ। ਇਸ ਜ਼ੋਰ ਕਾ ਸ਼ਸਤ੍ਰ ਮਾਰਾ ਥਾ। ਤਬ ਉਸ ਕੇ ਪ੍ਰਾਣ ਨਿਕਲ ਗਏ। ਤਬ ਪ੍ਰਯੰਤਅਰ ਸਿਖ ਭੀ ਹਜ਼ੂਰ ਆਏ ਪਹੁੰਚੇ। ਉਸ ਮਿਰਤਕ ਕੋ ਉਠਾਇ ਕਰ ਡਾਰ ਦੀਆ ਅਰ ਹੁਕਮ ਹੂਆ ਜੋ ਇਸ ਕੇ ਨਫ਼ਰ ਟਹਲੀਏ ਹੈਂ, ਉਸ ਕੋ ਕੁਛ ਨਹੀਂ ਕਹਿਣਾ ਤਬ ਬਹਾਦਰ ਸ਼ਾਹ ਕੋ ਇਹ ਖ਼ਬਰ ਭਈ ਤਬ ਉਸ ਬਖਤ ਫ਼ਿਰੰਗੀ[3] ਜਿਰਾਹ ਹਕੀਮ ਭੇਜੇ। ਉਸ ਨੇ ਆਇ ਜ਼ਖ਼ਮ ਦੇਖਿਆ ਅਰ ਸੀਆ। ਉਨਹੁ ਨੇ ਕਹਾ ਹਮ ਥੋੜਿਅਹੁ ਦਿਨਹੁ ਮੈਂ ਇਸ਼ਨਾਨ ਕਰਵਾਇ ਦੇਵੇਗਾ। ਦਸ ਮੁਹਰਾਂ ਰੋਜ਼ ਸਾਹਿਬ ਉਨਕੋ ਦੇਤੇ ਰਹੇ। ਤਬ ਬਾਹਰਵੇਂ ਦਿਨ ਇਸ਼ਨਾਨ ਭਇਆ।"

ਬੀਰਤਾ ਦੇ ਪੂਰਨੇ ਪਾਉਣ ਵਾਲੇ ਕਲਗੀਧਰ ਨੇ ਅੰਤਮ ਸਮੇਂ ਵੀ ਬੀਰਤਾ ਦਾ ਨਵਾਂ ਹੀ ਸਿਖਰ ਛਹੁ ਕੇ ਦੱਸਿਆ। ਆਪ ਉਤੇ ਮਾਰੂ ਹਮਲਾ ਹੋ ਚੁਕਾ ਸੀ ਪਰ ਉਸ ਸਮੇਂ ਵੀ

---

੧. ਇਹ ਹੱਥ ਲਿਖਤ ਪੰਜਾਬ ਰੀਕਾਰਡ ਆਫ਼ਿਸ ਵਿਚ ਪਈ ਹੈ।

੨. ਵਕਤ, ਸਮਾਂ ਇਹ ਘਟਨਾ ੧੪ ਸਤੰਬਰ ੧੭੦੮ ਈਃ ਦੀ ਸੀ। ਅਹਿਮਦਸ਼ਾਹ ਬਟਾਲਵੀ ਲਿਖਦਾ ਹੈ ਕਿ ਦਿਲ, ਜਿਗਰ ਤੇ ਅੰਤੜੀਆਂ ਤਕ ਚੀਰੇ ਗਏ।

੩. ਅੰਗਰੇਜ਼ ਜਾਂ ਫ਼ਰਾਂਸੀਸੀ।

ਸਹਜ ਨੂੰ ਹੱਥੋਂ ਨਾਹ ਛੱਡਿਆ । ਜਦ ਜਮਸ਼ੈਦ ਖ਼ਾਨ ਨੇ 'ਹਾਏ ਅੰਮਾਂ' ਕਹਿਆ ਤਾਂ ਆਪ ਜੀ ਨੇ ਉਸ ਦਾ ਅੰਤਮ ਸਮਾਂ ਨੇੜੇ ਜਾਣ ਅਲਾਹ ਹੀ ਯਾਦ ਕਰਵਾਇਆ । ਮਰਯਾਦਾ ਪਰਸ਼ੋਤਮ ਅਖਵਾਉਣ ਵਾਲੇ ਰਾਮ ਨੇ ਤਾਂ ਰਾਵਨ ਜੋ ਅਨਾਰੀਆ ਸੀ ਉਸ ਦਾ ਸਸਕਾਰ ਆਰੀਆ ਰੀਤੀ ਨਾਲ ਕੀਤਾ ਪਰ ਇਥੇ ਕਲ-ਕੀਧਿਰ ਨੇ ਮਾਰੂ ਹੱਲਾ ਕਰਨ ਵਾਲੇ ਨੂੰ ਵੀ ਉਸਦਾ ਇਸ਼ਟ ਹੀ ਯਾਦ ਕਰਵਾਇਆ । ਬੀਰਤਾ ਦਾ ਵਿਕਾਸ ਜੁ ਹੋ ਰਹਿਆ ਸੀ ।

ਬਾਬਾ ਬੰਦਾ ਸਿੰਘ ਜੀ ਨੂੰ ਪੰਜਾਬ ਭੇਜਣਾ : ਗੁਰੂ ਜੀ ਨੇ ਉਸ ਸਮੇਂ ਬਾਬਾ ਬੰਦਾ ਸਿੰਘ ਨੂੰ ਪੰਜਾਬ ਭੇਜਣਾ ਉਚਿਤ ਜਾਣਿਆ । ਉਹ ਵੀ ਭਾਂਪ ਗਏ ਸਨ ਕਿ ਮੁਆਮਲਾ ਗੰਭੀਰ ਹੋ ਰਹਿਆ ਹੈ, ਸੋ ਉਹ ਹੁਕਮ ਪਾਕੇ ਪੰਜਾਬ ਵਲ ਚਲ ਪਇਆ । ਜੇ ਇਹ ਘਟਨਾ ਨਾਂਹ ਹੁੰਦੀ ਤਾਂ ਗੁਰੂ ਜੀ ਨੇ ਆਪ ਟੁਰ ਪੈਣਾ ਸੀ ਪਰ ਫੱਟ ਡੂੰਘਾ ਤੇ ਵੱਡਾ ਹੋਣ ਕਾਰਨ ਉਥੇ ਟਿਕਣਾ ਹੀ ਠੀਕ ਸੀ । ਆਪ ਜੀ ਨੇ ਬਾਬਾ ਬੰਦਾ ਸ਼ਿੰਘ ਨੂੰ ਕੌਮ ਦਾ ਜਥੇਦਾਰ ਬਣਾਕੇ ਭੇਜਿਆ ਸੀ । ਸੀ. ਐਚ. ਪੇਨ ਨੇ ਸਪਸ਼ਟ ਲਿਖਿਆ ਹੈ ਕਿ ਕੁਝ ਦਿਨਾਂ ਵਿਚ ਹੀ ਗੁਰੂ ਜੀ ਦਾ ਬੰਦਾ ਸਿੰਘ ਨਾਲ ਐਸੀ ਉਨਸ ਹੋ ਗਈ ਸੀ ਕਿ ਉਸਨੂੰ ਆਪਣੀ ਥਾਂਵੇ ਜਾ ਨਸ਼ੀਨ ਨਿਯਤ ਕੀਤਾ, ਗੁਰੂ ਦੇ ਤੌਰ ਤੇ ਨਹੀਂ, ਸਗੋਂ ਫ਼ੌਜਾਂ ਦੇ ਕਮਾਂਡਰ ਦੇ ਤੌਰ ਤੇ ।[1]

ਗੁਰੂ ਜੀ ਨੇ ਬੰਦਾ ਸਿੰਘ ਨੂੰ ਬਹਾਦਰ ਦਾ ਖ਼ਿਤਾਬ ਦਿਤਾ । ਆਪਣੇ ਭੱਥੇ ਵਿਚੋਂ ਪੰਜ ਤੀਰ ਦਿਤੇ । ਇਕ ਨਗਾਰਾ, ਇਕ ਨਿਸ਼ਾਨ ਦਿਤਾ । ਪੰਜ ਪਿਆਰੇ[2] ਨਾਲ ਦਿਤੇ ਤੇ ਉਨ੍ਹਾਂ ਦੀ ਸੁਲਹ ਨਾਲ ਟੁਰਨ ਲਈ ਕਹਿਆ । ਫ਼ਿਰ ਹੁਕਮ ਦਿਤਾ ਕਿ ਪੰਜਾਬ ਜਾਕੇ ਜਿਨ੍ਹਾਂ ਜਿਨ੍ਹਾਂ ਵੀ ਸਾਡੇ ਕਾਰਣ ਸਾਡੇ ਪਿਆਰੇ ਸੇਵਕ ਬੁਧੂ ਸ਼ਾਹ ਫ਼ਕੀਰ ਨੂੰ ਕਤਲ ਕੀਤਾ ਸੀ, ਉਨ੍ਹਾਂ ਨੂੰ ਲੁੱਟ ਲਵੋ ਤੇ ਪਿੰਡ ਨੂੰ ਉਜਾੜ ਦੇਵੋ ।[3] ਬੰਦਾ ਸਿੰਘ ਨੂੰ ਆਚਰਨ ਪਕਾ ਰਖਣ ਤੇ ਸਦਾ ਸਵਿਛ ਰਹਿਣ ਦੀ ਗੱਲ ਵੀ ਕਹੀ । ਕਈ ਕਥਾਵਾਂ ਅਨੁਸਾਰ ਹੋਰ ਵੀ ਉਪਦੇਸ਼ ਦਿਤੇ ਜਿਨ੍ਹਾਂ ਦਾ ਸਾਰੰਸ਼ ਸੀ ਕਿ ਗੁਰੂ ਗ੍ਰੰਥ ਸਾਹਿਬ ਨੂੰ ਮੰਨਣਾ, ਜਤ ਪੂਰਾ ਰਖਣਾ, ਮੇਰੇ ਹਿਰਦੇ ਦੇ ਪ੍ਰਮ-ਪਿਆਰੇ ਖ਼ਾਲਸਾ ਜੀ ਦੀ ਆਗਿਆ ਵਿਚ ਰਹਿਣਾ, ਵਾਹਿਗੁਰੂ ਦੇ ਹਜ਼ੂਰ ਪੰਜ ਸਿੰਘ ਇਕਤ੍ਰ ਕਰਕੇ ਕਾਰਜ ਕਰਨਾ । ਅਰਦਾਸ ਸੋਧ ਕਰ ਕਾਰਜ ਕਰਨਾ, ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਨਿੰਮ੍ਰਤਾ ਨਾਲ ਨਿਰਮਾਣ ਹੋਕੇ ਬੈਠਣਾ, ਗਦੀ ਆਸਨ ਲਗਾਕੇ ਨਾ ਬੈਠਣਾ ।

---

1. 'And to whom he (Guru Gobind Singh) became so much attached that he nominated him as successor not as Guru but as Commander of the forces of the khalsa (page 43, Short history of the Sikhs)

੨. ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਦਇਆ ਸਿੰਘ ਤੇ ਭਾਈ ਰਣ ਸਿੰਘ ।

੩. ਤਾਰੀਖ਼-ਪੰਜਾਬ

ਇਹ ਹੁਕਮ ਦਸਦਾ ਹੈ ਕਿ ਬਾਬਾ ਬੰਦਾ ਸਿੰਘ ਜੀ ਦਾ ਉਦੇਸ਼ ਉਨ੍ਹਾਂ ਸਾਰਿਆਂ ਨੂੰ ਸਜ਼ਾਵਾਂ ਦੇਣਾ ਸੀ ਜਿਨ੍ਹਾਂ ਨੇ ਬੇਦੋਸ਼ਿਆਂ ਧਰਮੀਆਂ ਤੇ ਅਤਿਆਚਾਰ ਕੀਤਾ ਸੀ । ਗੁਰੂ ਜੀ 'ਹਲੇਮੀ ਰਾਜ' ਚਾਹੁੰਦੇ ਸਨ ਤੇ ਇਸੇ ਗੱਲ ਦਾ ਇਸ਼ਾਰਾ ਬਾਬਾ ਬੰਦਾ ਸਿੰਘ ਜੀ ਆਪਣੇ ਇਕ ਫ਼ੁਰਮਾਨ ਵਿਚ ਕੀਤਾ ਸੀ ਕਿ

"ਅਸਾਂ ਸਤਜੁਗ ਰਾਜ ਵਰਤਾਇਆ ਹੈ ।"

ਭਾਈ ਰਤਨ ਸਿੰਘ ਜੀ ਭੰਗੂ ਦਾ ਕਹਿਣਾ ਹੈ ਕਿ ਗੁਰੂ ਜੀ ਨੇ ਆਪਣਾ ਖੰਡਾ ਵੀ ਉਤਾਰ ਕੇ ਦਿਤਾ ਤੇ ਉਸ ਗੱਲ ਵੀ ਪਾ ਲਇਆ ਪਰ ਸਿੱਖਾਂ ਨੇ ਪੰਥ ਦੀ ਵਸਤੂ ਆਖਕੇ ਨ ਦੇਣ ਦਿਤੀ, ਤੇ ਮੋੜ ਲਈ।[੧] ਉਸ ਸਮੇਂ ਗੁਰੂ ਜੀ ਨੇ ਕਹਿਆ ਕਿ ਅਗੇ ਖ਼ਾਲਸਾ ਰਾਜ ਬਗ਼ੈਰ ਸੀ, ਹੁਣ 'ਰਾਜ ਕਰੇਗਾ ਖ਼ਾਲਸਾ।'

ਬਾਬਾ ਬੰਦਾ ਸਿੰਘ ਨੇ ਸਾਰੇ ਹੁਕਮਾਂ ਤੇ ਉਪਦੇਸ਼ਾਂ ਅਗੇ ਸਿਰ ਝੁਕਾਇਆ ਤੇ ਆਗਿਆ ਮੰਨਣ ਦਾ ਪ੍ਰਣ ਕੀਤਾ।

"ਤਬ ਕਹੀ ਬੰਦੇ ਬੰਦ ਕਰ ਹਾਥ।
ਹਮ ਮਾਨੈਗੇ ਸਿਘਨ ਬਾਤ
ਭੀੜ ਪੜੇ ਜਹਿ ਹਮ ਪਰ ਆਇ।
ਤਹ ਤੁਮ ਕਰਨੀ ਬਨਮ ਸਹਾਇ।"

ਗੁਰੂ ਗੋਬਿੰਦ ਸਿੰਘ ਜੀ ਦਾ ਜੋਤੀ ਜੋਤ ਸਮਾਉਣਾ : ਕੁਝ ਦਿਨਾਂ ਵਿਚ ਹੀ ਫੱਟ ਭਰ ਗਏ ਤੇ ਅੰਗੂਰ ਵੀ ਪੈ ਗਇਆ, ਪਰ ੬ ਅਕਤੂਬਰ, ੧੭੦੮ ਨੂੰ ਇਕ ਭਾਰੀ ਕਮਾਨ ਤੇ ਚਿੱਲਾ ਚੜ੍ਹਾਣ ਲਗੇ ਤਾਂ ਸੀਤੇ ਫੱਟਾਂ ਦੇ ਤੋਪੇ ਫਿਰ ਉਖੜ ਗਏ। ਕੋਸ਼ਿਸ਼ ਕਰਕੇ ਫ਼ੱਟ ਸੀਤੇ ਗਏ, ਪਰ ਸਭ ਵਿਅਰਥ ਸੀ।

ਅੰਤਮ ਸਮਾਂ ਨੇੜੇ ਜਾਣ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਕੋਲ ਸਦਿਆ ਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਹੋਣ ਦਾ ਐਲਾਨ ਕੀਤਾ ਤੇ ਫ਼ੁਰਮਾਇਆ, "ਗੁਰੂ ਗ੍ਰੰਥ ਸਾਹਿਬ ਦੇ ਤਾਬਿਆ ਪੰਥ, ਗੁਰ ਪੰਥ ਹੋਵੇਗਾ। ਸਰੀਰਕ ਗੁਰੂ ਦੀ ਪਰਪਾਟੀ ਖ਼ਤਮ ਕਰ ਦਿੱਤੀ ਹੈ।" ਗੁਰੂ ਸੋਭਾ ਦਾ ਲਿਖਾਰੀ ਹਜ਼ੂਰੀ ਕਵੀ ਸੈਨਾਪਤੀ ਇਸ ਵਿਚਾਰ ਨੂੰ ਵਿਸਥਾਰ ਨਾਲ ਲਿਖਦਾ ਹੈ ਕਿ ਜਦ ਸਿਖਾਂ ਪੁਛਿਆ ਕਿ ਆਪ ਜੀ ਪਿਛੋਂ ਗੁਰੂ ਕੌਣ ਹੋਵੇਗਾ ਤਾਂ ਆਪ ਜੀ ਨੇ ਫ਼ੁਰਮਾਇਆ ਕਿ ਹੁਣ ਖ਼ਾਲਸਾ ਹੀ ਗੁਰੂ ਹੋਵੇਗਾ। ਸਾਰੀਆਂ ਜ਼ਿੰਮੇਂਵਾਰੀਆਂ ਚੁਕਣ ਖ਼ਾਲਸੇ ਨੂੰ ਜਾਤਾ ਹੈ। ਉਹ ਲਿਖਦਾ ਹੈ :—

"ਏਕ ਦਿਵਸ ਕਾਰਨ ਤੇ ਆਗੇ।
ਮਿਲ ਕੈ ਸਿੰਘ ਪੂਛਨੇ ਲਾਗੈ।
ਕਵਨ ਰੂਪ ਆਪਨ ਪ੍ਰਭ ਕੀਨੋ।
ਤਿਨ ਕੋ ਜੁਆਬ ਭਾਂਤ ਇਹ ਦੀਨੋ।
ਤਾਹਿ ਸਮੇਂ ਗੁਰ ਬੈਨ ਸੁਨਾਇਓ।
ਖਾਲਸਾ ਅਪਨੋ ਰੂਪ ਬਤਾਇਓ।
ਖਾਲਸਾ ਹੀ ਸੋ ਹੈ ਮਮ ਕਾਮਾ।

ਦੋਹਿਰਾ :—ਖਾਲਸਾ ਮੇਰੋ ਰੂਪ ਹੈ, ਹੌਂ ਖਾਲਸਾ ਕੇ ਪਾਸ।
ਆਦਿ ਅੰਤ ਹੀ ਹੋਤ ਹੈ, ਖਾਲਸਾ ਹੀ ਮੇ ਬਾਸ।੪੨।੮੦੭।
ਬਖਸ਼ ਦੀਉ ਖਾਲਸੇ ਕੋ ਜਾਮਾ।"੪੧।੮੦੬।

---

੩. "ਬੰਦੇ ਗੁਰ ਖੰਡਾ ਦਯੋ।
ਲਯੋ ਓਨੇ ਗਲ ਪਾਇ।
ਖਾਲਸੇ ਦੇਖ ਸੁ ਵਿਟਰਯੋ,
ਤਿੰਨ ਖਾੰਡੋ ਲਯੋ ਛਿਨਾਇ।

ਸੂਰਜ ਪ੍ਰਕਾਸ਼ ਦੇ ਲਿਖਾਰੀ ਨੇ ਵੀ ਬਹੁਤ ਸੁੰਦਰ ਟੂਕ ਦਿਤੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਉਸ ਤਰ੍ਹਾਂ ਗੁਰੂ ਬਣਾਇਆ ਜਿਵੇਂ ਗੁਰੂ ਨਾਨਕ ਜੀ ਨੇ ਗੁਰੂ ਅੰਗਦ ਜੀ ਨੂੰ ਬਣਾਇਆ ਸੀ। 'ਖਾਲਸਾ ਗੁਰੂ ਹੈ, ਗੁਰੂ ਖਾਲਸਾ' ਕਰੋਂ ਮੈਂ ਅਬ, ਜੈਸੇ ਗੁਰੂ ਨਾਨਕ ਜੀ ਅੰਗਦ ਕੋ ਕੀਨਿਉ।' ਮਹਿਮਾ ਪ੍ਰਕਾਸ਼ ਵਾਰਤਕ ਵਾਲੇ ਵੀ ਇਸ ਪ੍ਰਥਾਇ ਲਿਖਿਆ ਹੈ ਕਿ ਗੁਰੂ ਜੀ ਨੇ ਹੁਕਮ ਕੀਤਾ, "ਅਬ ਮੇਰਾ ਜ਼ਾਹਰਾ ਰੂਪ ਗੁਰੂ ਗ੍ਰੰਥ ਸਾਹਿਬ ਕੋ ਜਾਣਨਾ। ਜਿਸ ਨੇ **ਮੇਰੇ ਸੇ ਬਾਤ ਕਰਨੀ ਹੋਇ ਤੋ ਆਦਿ ਗੁਰੂ ਗ੍ਰੰਥ ਸਾਹਿਬ ਕਾ ਪਾਠ ਕਰਨਾ, ਮੇਰੇ ਸੇ ਬਾਤਾਂ ਹੋਵੇਗੀ।**"

ਤਾਰੀਖ-ਇ-ਪੰਜਾਬ ਦਾ ਲਿਖਾਰੀ ਲਿਖਦਾ ਹੈ ਕਿਸੇ ਮੁਲਕ ਤੋਂ ਆਈ ਕਰੜੀ ਕਮਾਨ ਦੇ ਖਿੱਚਣ ਨਾਲ ਉਹ ਜ਼ਖਮ ਖੁਲ੍ਹ ਗਏ। ਗੁਰੂ ਜੀ ਨੇ ਆਪਣੀ ਚੜ੍ਹਾਈ ਬਾਰੇ ਅੱਠ ਦਿਨ ਪਹਿਲਾਂ ਸੂਚਿਤ ਕਰ ਦਿਤਾ ਸੀ। ਦੂਰੋਂ ਦੂਰੋਂ ਸਿਖ ਸੇਵਕ ਇਕੱਤਰ ਹੋ ਗਏ। ਹਜ਼ਾਰਾਂ ਲੋਕਾਂ ਨੂੰ ਲੰਗਰ ਛਕਾਇਆ ਗਿਆ। ਦਿਲ ਖੋਲ੍ਹ ਕੇ ਉਨ੍ਹਾਂ ਲੋੜਵੰਦਾਂ ਨੂੰ ਰੁਪਏ, ਪੈਸੇ ਤੇ ਕੱਪੜੇ-ਲੱਤੇ ਵੰਡੇ। ਅਖੀਰਲੇ ਦਿਨ (ਗੁਰੂ) ਗ੍ਰੰਥ ਸਾਹਿਬ ਦੇ ਹਜ਼ੂਰ ਗੁਰਿਆਈ ਦੇ ਪੰਜ ਪੈਸੇ ਤੇ ਸ੍ਰੀਫਲ ਰੱਖਕੇ ਇਹ ਸਲੋਕ ਪੜ੍ਹਿਆ :

"ਅਕਾਲ ਪੁਰਖ ਕੇ ਹੁਕਮ ਸੇ ਪਰਗਟ ਚਲਾਇਓ ਪੰਥ।
ਸਭ ਸਿਖਣ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।"

ਖੁਸਵਕਤ ਰਾਇ ਦੇ ਕਹਿਣ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਨੀਲੇ ਬਸਤ੍ਰ ਪਹਿਣ ਲਵੇ। ਕਮਰਕਸਾ ਪੀਲਾ ਤੇ ਇਕ ਹੱਥ ਉੱਚੀ ਦਸਤਾਰ ਨੋਕਦਾਰ ਬੰਨ੍ਹ ਲਈ ਤੇ ਉਸ ਉਤੇ ਕਲਗੀ ਸਜਾ ਲਈ। ਸਾਰੇ ਸ਼ਸਤ੍ਰ ਪਹਿਣ ਲਏ[1], ਤੀਰ ਕਮਾਣ ਵੀ ਲਟਕਾ ਲਇਆ। ਸੱਜੇ ਹੱਥ ਨੇਜ਼ਾ ਤੇ ਨੀਲੇ ਘੋੜੇ ਉਪਰ ਸਵਾਰ ਹੋ ਕੇ ਅੰਤਮ ਸਫ਼ਰ ਤੇ ਚਲ ਪਏ। ਸਿਖਾਂ ਪੁਛਿਆ ਕਿ ਖਾਲਸੇ ਨੂੰ ਕਿਥੇ ਬੈਠਾ ਚਲੇ ਹੋ ਤਾਂ ਆਪ ਜੀ ਨੇ ਫੁਰਮਾਇਆ, "ਖਾਲਸੇ ਨੂੰ ਅਕਾਲ ਦੀ ਗੋਦ ਮੇਂ ਬੈਸਾਇਆ ਹੈ। ਸਿਖਾਂ ਦਾ ਅਗਲਾ ਸਵਾਲ ਸੀ : ਸਾਨੂੰ ਕਿਸ ਦੇ ਲੜ ਲਗਾ ਚਲੇ ਹੋ, ਤਾਂ ਮਹਾਰਾਜ ਦਾ ਉੱਤਰ ਸੀ "ਪੰਥ ਨੂੰ ਗ੍ਰੰਥ ਦੇ ਲੜ ਲਗਾ ਚਲਾ ਹਾਂ।" ਸਿਖਾਂ ਦੀ ਫਿਰ ਪੁੱਛ ਸੀ 'ਮਹਾਰਾਜ ਤੁਹਾਡੀ ਆਤਮਾ ਕਿਥੇ ਚਲੀ ਹੈ ਤੇ ਸਰੀਰ ਕਿਥੇ ?' ਤਾਂ ਮਹਾਰਾਜ ਨੇ ਫੁਰਮਾਇਆ, "**ਆਤਮਾ ਗ੍ਰੰਥ ਵਿਚ ਤੇ ਸਰੀਰ ਪੰਥ ਵਿਚ। ਪਰਚਾ ਸ਼ਬਦ ਦਾ, ਦੀਦਾਰ ਖਾਲਸੇ ਦਾ, ਓਟ ਅਕਾਲ ਦੀ।**"

ਅਕਤੂਬਰ ੭, ੧੭੦੮ ਨੂੰ ਅੱਧੀ ਰਾਤ ਤੋਂ ਕੁਝ ਸਮੇਂ ਬਾਅਦ ਆਪ ਜੀ ਨੇ ਸਭ ਸੰਗਤ ਨੂੰ ਆਵਾਜ਼ ਦੇ ਕੇ ਬੁਲਾਇਆ ਤੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਦੀ ਫ਼ਤਹਿ' ਬੁਲਾ ਕੇ ਜੋਤੀ ਜੋਤ ਸਮਾ ਗਏ।[2] ਸੰਦਲ ਦੀ ਚਿਤਾ ਬਣਾ ਕੇ ਪ੍ਰਭਾਤ ਸਮੇਂ ਹੀ ਸੰਸਕਾਰ[3] ਕੀਤਾ

---

੧. ਸਵਾ ਮਨ ਕੱਚੇ ਭਾਰਦੇ ਲੋਹੇ ਦੇ ਸ਼ਸਤ੍ਰ ਉਨ੍ਹਾਂ ਦੇ ਸ਼ਰੀਰ ਉਪਰ ਸਨ।
(ਤਾਰੀਖਿ-ਪੰਜਾਬ ਕ੍ਰਿਤ ਕਨ੍ਹਈਆ ਲਾਲ)

੨. ਗਈ ਅਰਧ ਰਾਤ ਘਰੀ ਚਾਰ ਅਉਰੇ।
ਭਏ ਸਬਦ ਰੂਪੀ ਭਰੀ ਬਾਤ ਅਉਰੇ।੩੩॥੭੯੧॥

ਦੋਹਿਰਾ—
ਟੇਰਿ (ਆਵਾਜ਼) ਕਰੀ ਤਾਹੀ ਸਮੈਂ, ਜਾਗੇ ਸਿੰਘ ਅਪਾਰੁ।
ਵਾਹਿਗੁਰੂ ਜੀ ਕੀ ਫ਼ਤੇ, ਕਹੀ ਅੰਤ ਕੀ ਬਾਰ।੩੪॥੭੯੧॥ (ਸੈਨਾਪਤੀ)

੩. ਮਿਲਕੈ ਸਬ ਸਿੰਘਨ ਤਾਹਿ ਸਮ। ਇਹ ਭਾਂਤ ਬਿਚਾਰ ਕਿਯੋ ਤਬ ਹੀ।
"ਸਸਕਾਰ ਕਰੋ ਨਿਸ ਹੀ ਕੈ ਸਮੈਂ, ਨਿਕਸੈ ਨਹੀਂ ਭਾਨ" ਕਹਯੋ ਜਬ ਹੀ।
ਇਮ ਕਾਰਨ ਕਾਰਜ ਕੋ ਕਰ ਹੀ, ਮਿਲਿ ਜੋਤਿ ਸੋ ਜੋਤਿ ਗਈ ਤਬ ਹੀ।੩੬॥੮੦੧॥

ਗਇਆ। ਨਿਸ਼ਚਿਤ ਦਿਨ ਪਿਛੋਂ ਜਦ ਲੋਕ ਚਿਖਾ ਦੇ ਫੁੱਲ ਚੁਗਣ ਗਏ ਤਾਂ ਕੁਝ ਨਾ ਮਿਲਿਆ। ਸਿਰਫ਼ ਇਕ ਛੋਟੀ ਕ੍ਰਿਪਾਨ ਲੱਭੀ। ਸਦਾ ਭਗਉਤੀ ਦਾ ਸਹਾਰਾ, ਲੋਹੇ ਨਾਲ ਪ੍ਰੇਮ, ਖੜਗ ਦਾ ਨੇਮ। ਪੈਜ ਨਿਬਾਹੁਨ ਵਾਲਾ ਤੇ ਸੂਰਮਾ ਲੋਕਾਂ ਵਿਚ ਸੂਰਮਗਤੀ ਭਰਕੇ ਅਮਿਟ ਛਾਪ ਲਗਾ ਕੇ ਪੰਥ ਵਿਚ ਹੀ ਅਲੋਪ ਹੋ ਗਇਆ।

"ਸਦਾ ਭਗਉਤੀ ਦਾਹਨੇ, ਜੀ ਲੋਹੇ ਸੋ ਪ੍ਰੇਮ।
ਗੁਰ ਗੋਬਿੰਦ ਸਿੰਘ ਨ੍ਰਿਪਕੋ, ਦਾਨ ਖੜਗ ਕੋ ਨੇਮ।
ਪੈਜ ਨਿਬਾਹੁਨ ਰਨ ਭਿਰਨ, ਸਿਰਨ ਸੂਰ ਬਲਵਾਨ।
ਕੀਲ ਮੇਂ ਗੋਬਿੰਦ ਸਿੰਘ ਗੁਰ, ਕਰ ਸੋਢੀ ਸੁਲਤਾਨ।

ਅਧਿਆਇ ਸੱਤਵਾਂ

ਬੰਦਾ ਸਿੰਘ ਬਹਾਦਰ

ਬਾਬਾ ਬੰਦਾ ਸਿੰਘ ਪੰਜਾਬ ਵਿਚ : ਕੁਝ ਮਹੀਨਿਆਂ ਦੇ ਸਫ਼ਰ ਪਿਛੋਂ ਬਾਬਾ ਬੰਦਾ ਸਿਘ ਜੀ ਦਿੱਲੀ ਲਾਗੇ ਪੁੱਜ ਗਏ । ਰਾਹ ਵਿਚ ਹੀ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾ ਜਾਣ ਦੀ ਖ਼ਬਰ ਪੁੱਜੀ । ਦਿੱਲੀ ਤੋਂ ਉਨ੍ਹਾਂ ਪੰਜਾਬ ਵਲ ਮੂੰਹ ਕੀਤਾ । ਜਿਉਂ ਜਿਉਂ ਲੋਕੀ ਬਾਬਾ ਜੀ ਦੀ ਉੱਪਮਾ ਸੁਣਦੇ, ਆਸੀਸਾਂ ਤੇ ਰਹਮਤਾਂ ਲੈਣ ਲਈ ਨਾਲ ਰਲ ਜਾਂਦੇ । ਭਾਈ ਰਤਨ ਸਿੰਘ ਜੀ ਭੰਗੂ ਲਿਖਦੇ ਹਨ ਕਿ ਕੋਈ ਵੀ ਬੰਦਾ ਸਿਘ ਪਾਸ ਆਏ, ਉਹ ਉਸ ਨੂੰ ਥੋੜ੍ਹੀ ਜਹੀ ਸੇਵਾ ਪਿਛੋਂ ਸੋਨੇ ਦੀ ਮੋਹਰ ਦੇ ਦਿੰਦੇ ।

"ਪੁਤ ਮੰਗੈ ਤਿਸ ਦਏ ਪੂਤ ।
ਦੁਧ ਮੰਗੈ ਦੇ ਦੁੱਧ ਬਹੁਤ ।
ਜੇਕਰ ਕੋਈ ਦੁਖੀਆ ਆਵੈ ।
ਕਰ ਅਰਦਾਸ ਤਿਸ ਦੁਖ ਮਿਟਾਵੈ ।
ਵਾਹਿਗੁਰੂ ਦਾ ਜਾਪ ਜਪਾਵੈ ।
ਜੋ ਮਾਗੇ ਤਿਸ ਸਉ ਦਿਵਾਵੈ ।
ਦੀਵੈ ਪਾਵੈ ਤੇਲੀ ਤੇਲ ।
ਇਕ ਮੋਹਰ ਤਿਹ ਦੇਵੈ ਮੇਲ ।
ਠੂਠੀ ਭਾਂਡਾ ਲਿਆਵੇ ਕਮ੍ਹਿਹਾਰ ।
ਦੇਵੈ ਮੋਹਰ ਕਾਢ ਖੀਸਉਂ ਤਾਰ ।
ਲਕੜੀ ਚੂਹੜ ਲਿਆਵੈ ਜੋਈ ।
ਮੋਹਰ ਖੀਸਿਉਂ ਦੇਵੈ ਓਈ ।

(ਪੰਨਾ ੬੯—ਪੰਥ ਪ੍ਰਕਾਸ਼)

ਪਜਾਬ ਦੀ ਸੀਮਾ ਵੜਦਿਆਂ ਬੰਦਾ ਸਿੰਘ ਨੇ 'ਧਰਮ ਧੁੱਜਾ' ਲਹਰਾ ਦਿਤੀ । ਨਗਾਰੇ ਵਜਵਾਏ ਅਤੇ ਪਲੂ ਫੇਰਿਆ ਕਿ ਕਿਸੇ ਨੂੰ ਕੋਈ ਆਤਮਕ, ਰਾਜਨੀਤਕ, ਧਾਰਮਿਕ ਜਾਂ ਸਮਾਜਕ ਕਸ਼ਟ ਹੈ ਤਾਂ ਉਹ ਉਸ ਪਾਸ ਆਏ । ਦੁਖੀ ਤੇ ਸਤਾਏ ਹੋਏ ਲੋਕੀ ਉਸ ਦੀ ਕਮਾਨ ਹੇਠਾਂ ਆਉਣ ਲਗੇ । ਵੈਰੀਆਂ ਤੇ ਤੰਗ ਹੋਏ ਕਿਸਾਨਾਂ ਨੇ ਬੰਦਾ ਸਿੰਘ ਦੀ ਮਦਦ ਲੈਣੀ ਅਰੰਭ ਕਰ ਦਿਤੀ । ਸਹੇੜੀ ਦੇ ਇਲਾਕੇ ਤੋਂ ਹੀ ਪੰਜਾਬ ਦੇ ਸਿਖਾਂ ਵਲ ਗੁਰੂ ਜੀ ਦੇ ਹੁਕਮਨਾਮੇ ਜੋ ਉਹ ਨਾਲ ਲਿਆਏ

ਸਨ ਭੇਜੇ ਤਾਂ ਕਿ ਸਿਖਾਂ ਵਿਚ ਉਤਸ਼ਾਹ ਪੈਦਾ ਹੋ ਸਕੇ। ਸਿਖਾਂ ਨੇ ਬੰਦਾ ਸਿੰਘ ਦੀ ਪਹੁੰਚ ਸੁਣਕੇ ਉਤਸ਼ਾਹਿਤ ਮਹਿਸੂਸ ਕੀਤਾ। ਕਈ ਤਾਂ ਘਰ ਬਾਰ ਛੱਡ ਕੇ ਉਨ੍ਹਾਂ ਨਾਲ ਆ ਮਿਲੇ। ਜਦ ਇਹ ਪਤਾ ਲਗਾ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਹਾਦਤ ਵਿਚ ਵੀ ਵਜ਼ੀਰ ਖਾਨ ਦਾ ਹੱਥ ਹੈ ਤਾਂ ਰੋਹ ਬਹੁਤ ਜਾਗਿਆ। ਵਜ਼ੀਰ ਖਾਨ ਵੀ ਚੇਤੰਨ ਹੋ ਗਇਆ ਤੇ ਸਰਹੰਦ ਵਲ ਆਉਣ ਜਾਣ ਵਾਲਿਆਂ ਰਸਤਿਆਂ ਉਤੇ ਚੋਕੀਆਂ ਬਿਠਾ ਦਿਤੀਆਂ ਤਾਂਕਿ ਕੋਈ ਸਿਖ ਮਾਲਵੇ ਵਲ ਨਾ ਜਾ ਸਕੇ।

ਘਰ-ਘਰ ਵਿਚ ਤਿਆਰੀ : ਜਿਸ ਜਿਸ ਨੂੰ ਹੁਕਮਨਾਮਾ ਮਿਲਿਆ, ਉਸ ਨੇ ਆਪੂ ਪਿੰਡਾਂ ਵਿਚ ਜਾ ਕੇ, ਹੋਰਨਾਂ ਨੂੰ ਸੁਣਾਇਆ। ਘਰ ਘਰ ਤਿਆਰੀਆਂ ਹੋਈਆਂ। ਸੁਟੀਆਂ ਤਲਵਾਰਾਂ, ਟੰਗੇ ਹੋਏ ਬਰਛੇ ਤੇ ਹੋਰ ਜੋ ਕਿਸੇ ਦੇ ਹੱਥ ਆਇਆ, ਲੈ ਕੇ ਦੱਸੇ ਟਿਕਾਣੇ ਵਲ ਤੁਰ ਪਇਆ। ਜਿਵੇਂ ਪਤਨੀਆਂ ਨੇ ਆਪਣੇ ਘਰ ਵਾਲਿਆਂ ਨੂੰ ਧਰਮ-ਯੁੱਧ ਲਈ ਭੇਜਿਆ, ਉਹ ਸਦਾ ਉਤਸ਼ਾਹ ਭਰਦਾ ਰਵੇਗਾ। ਭਾਵੇਂ ਹਾਕਮਾਂ ਨੇ ਮਾਝੇ ਦੇ ਸਿੰਘਾ ਦੇ ਰਾਹ ਮੱਲ ਲਏ ਸਨ, ਪਰ ਜੱਥੇ ਭੇਸ ਵਟਾ ਕੇ ਤੇ ਵਣਜਾਰਿਆਂ ਨਾਲ ਰਲਕੇ ਕੀਰਤਪੁਰ ਜਾ ਪੁਜੇ। ਦੁਆਬੇ ਦੇ ਸਿੰਘ ਵੀ ਔਕੜਾਂ ਝਾਗਦੇ ਕੀਰਤਪੁਰ ਪੁਜ ਗਏ। ਮਾਲਵੇ ਦੇ ਸਿੰਘਾਂ ਲਈ ਅਜਿਹੀ ਕੋਈ ਕਠਨਾਈ ਨਹੀਂ ਸੀ। ਭਾਈ ਭਗਤੂ ਦੀ ਔਲਾਦ, ਭਾਈ ਰੂਪੇ ਦੀ ਸੰਤਾਨ[1] ਤੇ ਹੋਰ ਸਿਖ ਉਨ੍ਹਾਂ ਨਾਲ ਸ਼ਾਮਿਲ ਹੋ ਗਏ। ਫੂਲਕੀਆਂ ਦੇ ਰਾਮ ਸਿੰਘ, ਤ੍ਰਿਲੋਕ ਸਿੰਘ ਨੇ ਦਿਲ ਖੋਲ੍ਹ ਕੇ ਮਾਇਕ ਸਹਾਇਤਾ ਦਿਤੀ।

ਆਲੀ ਸਿੰਘ ਤੇ ਮਾਲੀ ਸਿੰਘ ਦਾ ਆਉਣਾ : ਇਹ ਦੋਵੇਂ ਸਲੋਦੀ ਦੇ ਰਹਿਣ ਵਾਲੇ ਸਨ ਤੇ ਸਰਹੰਦ ਦੇ ਨਵਾਬ ਪਾਸ ਨੌਕਰੀ ਕਰਦੇ ਸਨ। ਬੰਦਾ ਸਿੰਘ ਦਾ ਪੁੱਜਣਾ ਸੁਣਕੇ ਸਰਹੰਦ ਦੇ ਨਵਾਬ ਨੇ ਮਜ਼ਾਕ ਕੀਤਾ ਕਿ "ਸੁਣਿਆ ਹੈ ਕਿ ਤੁਹਾਡਾ ਇਕ ਹੋਰ ਗੁਰੂ ਬੰਦਾ ਸਿੰਘ ਆਇਆ ਹੈ। ਤੁਸੀਂ ਉਸ ਨੂੰ ਮਿਲਣ ਨਹੀਂ ਗਏ। ਸਰਹੰਦ ਉਤੇ ਆਖੋ ਸੂ ਛੇਤੀ ਹਮਲਾ ਕਰੇ। ਪਹਿਲਾ ਗੁਰੂ ਤਾਂ ਭਜਾਇਆ ਨੰਦੇੜ ਜਾ ਮਾਰਿਆ ਤੇ ਇਸ ਦੀਆਂ ਹੱਡੀਆਂ ਸਰਹੰਦ ਦੇ ਬਾਜ਼ਾਰਾਂ ਵਿਚ ਹੀ ਰੋਲੀਆਂ ਜਾਣਗੀਆਂ।" ਗੁਰੂ ਦੇ ਵਿਰੁਧ ਹੰਕਾਰ ਭਰੀਆਂ ਗੱਲਾਂ ਸੁਣਕੇ, ਉਨ੍ਹਾਂ ਜ਼ਬਾਨ ਬੰਦ ਕਰਨ ਲਈ ਕਹਿਆ ਤਾਂ ਉਨ੍ਹਾਂ ਦੋਵਾਂ ਨੂੰ ਜੇਲ੍ਹ ਪਾ ਦਿਤਾ ਗਇਆ। ਉਹ ਦੋਵੇਂ ਹੀ ਜੇਲ੍ਹ ਤੋਂ ਨੱਸ ਉਠੇ ਤੇ ੨੩ ਹੋਰ ਸਿੰਘਾਂ ਨੂੰ ਨਾਲ ਲੈ ਕੇ ਬਾਬਾ ਬੰਦਾ ਸਿੰਘ ਪਾਸ ਆ ਕੇ ਸਾਰੀ ਵਾਰਤਾ ਦੱਸੀ। ਕੀਰਤਪੁਰ ਤਗੜਾ ਇਕੱਠ ਹੋ ਗਇਆ ਸੀ। ਬਾਬਾ ਜੀ ਨੇ ਕਹਲਾ ਭੇਜਿਆ ਕਿ ਉਸ ਦਾ ਆਉਣਾ ਉਡੀਕਣ ਤੇ ਕੋਈ ਕਾਹਲੀ ਨਾ ਕਰਨ।

ਸਮਾਨਾ ਤੇ ਹਮਲਾ : ਬਾਬਾ ਬੰਦਾ ਸਿੰਘ ਦੀ ਸੂਚੀ ਵਿਚ ਸਮਾਨਾ ਪਹਿਲਾ ਸ਼ਹਿਰ ਸੀ, ਜਿਸ ਨੂੰ ਸਜ਼ਾ ਦੇਣੀ ਜ਼ਰੂਰੀ ਸੀ। ਉਸੇ ਸ਼ਹਿਰ ਵਿਚ ਜਲਾਦਾਂ ਦੇ ਖ਼ਾਨਦਾਨ ਸਨ। ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਵਾਲਾ ਜਲਾਦ ਜਲਾਲ-ਦੀਨ ਇਸੇ ਸ਼ਹਿਰ ਦਾ ਸੀ। ਵਿਸ਼ਾਲ ਵੇਗ ਤੇ ਵਿਸ਼ਾਲ ਬੇਗ ਜਿਨ੍ਹਾਂ ਬਾਬਾ ਜ਼ੋਰਾਵਰ ਸਿੰਘ ਤੇ ਫ਼ਤਹ ਸਿੰਘ ਨੂੰ ਤਸੀਹੇ ਦੇ ਦੇ ਸ਼ਹੀਦ ਕੀਤਾ ਸੀ ਇਥੋਂ ਦੇ ਹੀ ਰਹਿਣ ਵਾਲੇ ਸਨ। ਸੋਨੀਪਤ ਦਾ ਫ਼ੌਜਦਾਰ ਬਾਬਾ ਜੀ ਦਾ ਆਉਣਾ ਸੁਣ ਕੇ ਹੀ ਭੱਜ ਉਠਿਆ। ਕੈਥਲ ਦੇ ਨੇੜੇ ਸ਼ਾਹੀ ਖਜ਼ਾਨਾ ਵੀ ਸਿਖਾਂ ਦੇ ਹੱਥ ਆ ਗਿਆ। ਉਥੋਂ ਦੇ ਆਮਲ ਨੇ ਰੋਕ ਪਾਉਣੀ ਚਾਹੀ ਪਰ ਐਸੀ ਹਾਰ ਦਿਤੀ ਗਈ ਕਿ ਉਸ ਈਨ

---

੧. ਭਾਈ ਕਰਮ ਸਿੰਘ ਤੇ ਭਾਈ ਧਰਮ ਸਿੰਘ।

ਮਨ ਲਈ। ੨੬ ਨਵੰਬਰ, ੧੭੦੯ ਨੂੰ ਸਮਾਨਾ ਉਤੇ ਹਮਲਾ ਕਰ ਦਿਤਾ ਗਿਆ। ਸਮਾਨਾ ਦੇ ਫ਼ੌਜਦਾਰ ਦਾ ਖ਼ਿਆਲ ਸੀ ਕਿ ਬੰਦਾ ਸਿੰਘ ਇਤਨੀ ਤਾਕਤ ਦਾ ਮਾਲਕ ਨਹੀਂ ਕਿ ਉਹ ਸਿੱਧਾ ਜਾਂ ਪੁੱਠਾ ਹਮਲਾ ਕਰ ਸਕੇ। ਉਹ ਇਹ ਸੋਚਾਂ ਵਿਚ ਹੀ ਸੀ ਕਿ ਫ਼ੌਜਾਂ ਨੇ ਸਮਾਨਾ ਤੇ ਚੜ੍ਹਾਈ ਕਰ ਦਿਤੀ। ਕੁਝ ਕੁ ਘੰਟਿਆਂ ਦੀ ਜੰਗ ਪਿਛੋਂ ਹੀ ਉਸ ਦੇ ਸਾਥੀ ਜੇਤੂ ਦੇ ਤੌਰ ਤੇ ਸ਼ਹਿਰ ਵਿਚ ਦਾਖ਼ਲ ਹੋਏ, ਜਲਾਦਾਂ ਨੂੰ ਮੌਤ ਦੇ ਘਾਟ ਉਤਾਰਿਆ। ਰਾਤ ਹੀ ਰਾਤ ਵਿਚ ਸਮਾਨਾ ਉਜੜਿਆ ਹੋਇਆ ਸ਼ਹਿਰ ਬਣ ਗਇਆ। ਸਭ ਥਰ-ਥਰ ਕੰਬਦੇ ਸਨ।

"ਲਯੋ ਮਾਰ ਜਬ ਸ਼ਹਰ ਸਮਾਣੋ।
ਤਬ ਤੁਰਕਨ ਸਿਰ ਕਹਰ ਬਿਹਾਣੋ।
ਸ਼ਹਰ ਮਾਹਿ ਪੈ ਗਯੋ ਥਰਥਲਾ।
ਘਰ ਘਰ ਚਲੀ ਬੰਦੈ ਕੀ ਗੱਲਾ।"

(ਪੰਥ ਪ੍ਰਕਾਸ਼)

ਸਮਾਨਾ ਦਾ ਫ਼ੌਜਦਾਰ ਭਾਈ ਫ਼ਤਹ ਸਿੰਘ ਨੂੰ ਥਾਪਿਆ ਗਇਆ। ਵਜ਼ੀਰ ਖਾਨ ਨੇ ਜਦ ਸਮਾਨੇ ਤੇ ਕਬਜ਼ਾ ਅਤੇ ਉਜੜਨ ਦੀ ਖ਼ਬਰ ਸੁਣੀ ਤਾਂ ਸੂਹੀਏ ਭੇਜੇ ਕਿ ਸਿਖਾਂ ਦੀ ਤਾਕਤ ਦਾ ਅੰਦਾਜ਼ਾ ਲਗਾਇਆ ਜਾ ਸਕੇ। ਸੂਹੀਆਂ ਵਿਚ ਇਕ ਕਾਣਾ ਤੇ ਦੂਜਾ ਟੁੰਡਾ ਸੀ। ਦੋਵੇਂ ਹੀ ਪਕੜੇ ਗਏ ਤਾਂ ਬੰਦਾ ਸਿੰਘ ਨੇ ਛਿੱਤਰਾਂ ਦੀ ਮਾਰ ਦਿਲਵਾਈ ਤੇ ਨਾਲ ਹੀ ਉਨ੍ਹਾਂ ਹੱਥ ਸੁਨੇਹਾ ਭੇਜਿਆ ਕਿ ਵਜ਼ੀਰ ਖਾਨ ਨੂੰ ਜਾ ਕੇ ਕਹਿ ਦੇਣਾ ਕਿ 'ਉਸ ਦੇ ਦਿਨ ਗਿਣਵੇਂ ਰਹਿ ਗਏ ਹਨ।'

ਸਾਢੌਰੇ ਨੂੰ ਮਾਰ : ਬਾਬਾ ਬੰਦਾ ਸਿੰਘ ਜੀ ਦੀ ਹੁਣ ਇਕ ਇੱਛਾ ਲਗਦੀ ਸੀ ਕਿ ਕੀਰਤਪੁਰ ਰੁਕੀ ਉਡੀਕਦੀ ਸਿਖ ਸ਼ਕਤੀ ਨੂੰ ਨਾਲ ਮਿਲਾ ਕੇ ਪੰਜਾਬ ਵਲ ਵਧਿਆ ਜਾਏ। ਸਰਹੰਦ ਵਿਚਕਾਰ ਪੈਂਦੀ ਸੀ। ਦੋਵਾਂ ਧਿਰਾਂ ਦਾ ਮਿਲਣਾ ਮੁਸ਼ਕਲ ਲੱਗਦਾ ਸੀ । ਸੋ ਬੰਦਾ ਸਿੰਘ ਜੀ ਨੇ ਵਿਉਂਤ ਬਣਾਈ ਕਿ ਚੱਕਰ ਕੱਟਕੇ ਸਰਹੰਦ ਤੋਂ ਪਾਰ ਹੋਇਆ ਜਾਏ। ਇਸ ਲਈ ਉਨ੍ਹਾਂ ਨੇ ਪਹਾੜੀ ਦੇ ਹੇਠਲੇ ਇਲਾਕਿਆਂ ਵਲ ਹੋਕੇ ਕੀਰਤਪੁਰ ਵਲ ਵਧਣਾ ਆਰੰਭਿਆ। ਸ਼ਾਹਬਾਦ ਦੇ ਮੁਗਲਾਂ, ਸਯਦਾਂ ਤੇ ਸ਼ੇਖਾਂ ਨੇ ਬੰਦਾ ਸਿੰਘ ਜੀ ਦਾ ਆਉਣਾ ਹੀ ਸੁਣ ਕੇ ਈਨ ਮੰਨ ਲਈ। ਮੁਸਤਫ਼ਾਬਾਦ ਕੋਲ ਪੁੱਜ ਕੇ ਬੰਦਾ ਸਿੰਘ ਨੇ ਮਹਿਸੂਸ ਕੀਤਾ ਕਿ ਬਹੁਤੇ ਲੋਕੀ ਉਸ ਨਾਲ ਟੁਰੀ ਆ ਰਹੇ ਸਨ। ਅਜੇ ਉਨ੍ਹਾਂ ਕੋਲ ਤਨਖ਼ਾਹਦਾਰ ਫ਼ੌਜੀ ਰੱਖਣ ਲਈ ਖ਼ਜ਼ਾਨਾ ਨਹੀਂ ਸੀ। ਬੰਦਾ ਸਿੰਘ ਜੀ ਦਾ ਇਹ ਨਿਯਮ ਸੀ ਕਿ ਜੋ ਕੁਝ ਵੀ ਹੱਥ ਆਉਂਦਾ ਸਾਰੇ ਫ਼ੌਜੀਆਂ ਵਿਚ ਇਕੋ ਜਹਿਆ ਵੰਡ ਦਿੰਦੇ।

ਮੁਸਤਫ਼ਾਬਾਦ (ਜਗਾਧਰੀ ਦੇ ਨੇੜੇ) ਦੇ ਫ਼ੌਜਦਾਰ ਨੇ ਬੰਦਾ ਸਿੰਘ ਨੂੰ ਉਥੇ ਹੀ ਰੋਕਣਾ ਚਾਹਿਆ। ਕਰਾਰੀ ਮੁੱਠ ਭੇੜ ਹੋਈ । ਸਿਖਾਂ ਵੀ ਚੰਗੇ ਹਥ ਦਿਖਾਏ। ਉਥੇ ਹੀ ਬਾਬਾ ਜੀ ਨੂੰ ਫਰਿਆਦਾਂ ਪੁਜੀਆਂ ਕਿ ਕਪੂਰੀ ਦਾ ਹੁਕਮਰਾਨ ਕਦਮ-ਉਦ-ਦਾਨ ਨੇ ਜ਼ੁਲਮਾਂ ਦੀ ਅਤਿ ਕਰ ਦਿੱਤੀ ਹੈ। ਉਹ ਨਿਹੱਥੀ ਪਰਜਾ ਤੇ ਹਰ ਤਰ੍ਹਾਂ ਦੇ ਜ਼ੁਲਮ ਢਾਹ ਰਹਿਆ ਹੈ। ਕਿਸੇ ਦੀ ਧੀ, ਭੈਣ ਦੀ ਪਾਤ ਸੁਰਖਿਅਤ ਨਹੀਂ। ਗੁਰੂ ਦੇ ਬੰਦੇ ਕੋਲੋਂ ਇਹ ਸਹਾਰਿਆ ਨ ਗਇਆ ਤੇ ਸਾਢੌਰੇ ਵਲੋਂ ਧਿਆਨ ਹਟਾ ਕੇ ਪਹਿਲਾਂ ਕਪੂਰੀ ਤੇ ਹਮਲਾ ਕੀਤਾ । ਬਾਬਾ ਬੰਦਾ ਸਿੰਘ ਦਾ ਆਉਣਾ ਸੁਣਕੇ ਕਦਮ-ਉਦ-ਦੀਨ ਤਾਂ ਭਜ ਗਇਆ ਪਰ ਉਸ ਦੇ ਮਹਲ ਨੂੰ ਕਬਜ਼ੇ ਵਿਚ ਕਰਕੇ, ਲੋਕਾਂ ਦਾ ਲੁਟਿਆ ਮਾਲ ਮੋੜਿਆ। ਪਰਜਾ ਨੇ ਸੁਖ ਦਾ ਸਾਹ ਲਇਆ।

ਕਪੂਰੀ ਤੋਂ ਵਿਹਲਿਆਂ ਹੋਕੇ ਸਾਢੌਰੇ ਤੇ ਚੜ੍ਹਾਈ ਕਰ ਦਿੱਤੀ। ਸਯਦ ਬਦਰ-ਉਦ-ਦੀਨ ਜਿਸ ਨੇ ਸਯਦ ਬੁਧੂ ਸ਼ਾਹ ਦੇ ਪਾਵਨ ਨਾਂ ਨਾਲ ਯਾਦ ਕੀਤਾ ਜਾਂਦਾ ਹੈ, ਸਾਢੌਰੇ ਦੇ ਹੀ

ਰਹਿਣ ਵਾਲੇ ਸਨ। ਉਨ੍ਹਾਂ ਨੇ ਹਕੂਮਤ ਦੀ ਪ੍ਰਵਾਹ ਨਾ ਕਰਦੇ ਹੋਏ, ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੂੰ ਹਰ ਪ੍ਰਕਾਰ ਦੀ ਮਦਦ ਦਿੱਤੀ ਸੀ। ਦੋ ਬੇਟੇ ਵੀ ਭੰਗਾਣੀ ਯੁੱਧ ਵਿਚ ਕੁਰਬਾਨ ਕਰਾਏ ਸਨ। ਪੰਜ ਸੌ ਮੁਰੀਦ ਵੀ ਭੇਜੇ ਸਨ। ਉਥੋਂ ਦੇ ਹੁਕਮਰਾਨਾਂ ਨੇ ਸਯਦ ਬੁਧੂ ਸ਼ਾਹ ਨੂੰ ਤਸੀਹੇ ਦੇ ਦੇ ਕੇ ਸ਼ਹੀਦ ਕੀਤਾ ਸੀ। ਬੁਧੂ ਸ਼ਾਹ ਦਾ ਵੱਡਾ ਦੋਸ਼ ਇਹ ਹੀ ਸੀ ਕਿ ਉਨ੍ਹਾਂ ਸੱਚ ਤੇ ਅਣਖ ਲਈ ਉਠਾਈ ਜਾ ਰਹੀ ਆਵਾਜ਼ ਦਾ ਸਮਰਥਨ ਕੀਤਾ ਸੀ। ਭੰਗਾਣੀ ਦੇ ਯੁੱਧ ਵਿਚ ਇਮਦਾਦ ਵਾਲੀ ਗੱਲ ਹੁਕਮਰਾਨਾਂ ਨੂੰ ਖੱਟਕਦੀ ਸੀ। ਸਾਢੌਰੇ ਦਾ ਉਸਮਾਨ ਖਾਨ ਹਿੰਦੂਆਂ ਤੇ ਅਕਹਿ ਤੇ ਅਸਹਿ ਜ਼ੁਲਮ ਢਾਹ ਰਹਿਆ ਸੀ। ਇਨ੍ਹਾਂ ਜ਼ੁਲਮਾਂ ਦੀ ਦਾਸਤਾਨ ਬੰਦਾ ਸਿੰਘ ਮੁਸਤਫ਼ਾਬਾਦ ਹੀ ਸੁਣ ਚੁਕੇ ਸਨ। ਬੁਧੂ ਸ਼ਾਹ ਦੀ ਸ਼ਹਾਦਤ ਦੀ ਵਾਰਤਾ ਜਦ ਉਨ੍ਹਾਂ ਸੁਣੀ ਤਾਂ ਤੜਪ ਉਠੇ। ਗੁਰੂ ਜੀ ਨਾਲ ਦਰਦ ਕਰਨ ਤੇ ਪੱਖ ਪੂਰਨ ਵਾਲੇ ਮੁਸਲਮਾਨ ਫ਼ਕੀਰ ਦਾ ਇਹ ਹਸ਼ਰ!

ਬੰਦਾ ਸਿੰਘ ਜੀ ਸਾਢੌਰੇ ਤੇ ਟੁੱਟ ਪਏ। ਕੁੱਤਬਾ-ਉਲ-ਮੁਕੱਤਬ ਦੇ ਮਕਬਰੇ ਨੂੰ ਲੋਕਾਂ ਨੇ ਗੁੱਸੇ ਵਿਚ ਅੱਗ ਲੱਗਾ ਦਿੱਤੀ। ਬਾਬਾ ਜੀ ਨੇ ਜਦ ਇਹ ਡਿਠਾ ਤਾਂ ਐਸਾ ਕਰਨ ਵਾਲਿਆਂ ਨੂੰ ਸਜ਼ਾਵਾਂ ਦਿਤੀਆਂ। ਕਿਸੇ ਦੇ ਧਾਰਮਕ ਅਕੀਦਿਆਂ ਤੇ ਕਿਸੀ ਕਿਸਮ ਦਾ ਵਾਰ ਨਾ ਕੀਤਾ ਜਾਏ ਤੇ ਉਲੰਘਣਾ ਕਰਨ ਵਾਲੇ ਨੂੰ ਸਖ਼ਤ ਸਜ਼ਾ ਦਾ ਹੁਕਮ ਸੁਣਾਇਆ।[੧] ਸਾਢੌਰੇ ਦੇ ਉਹ ਹੀ ਮੁਸਲਮਾਨ ਜਿਨ੍ਹਾਂ ਪੀਰ ਬੁਧੂ ਸ਼ਾਹ ਨੂੰ ਸ਼ਹੀਦ ਕੀਤਾ, ਬੁਧੂ ਸ਼ਾਹ ਦੀ ਹਵੇਲੀ ਵਿਚ ਜਾ ਛੁੱਪੇ। ਬੰਦਾ ਸਿੰਘ ਨੇ ਸਾਢੌਰੇ ਦੀ ਜਿਤ ਉਪਰੰਤ ਇਹ ਚਾਹਿਆ ਵੀ ਕਿ ਜਿਨ੍ਹਾਂ ਪੀਰ ਬੁਧੂ ਸ਼ਾਹ ਦੀ ਸ਼ਰਨ ਲਈ ਹੈ, ਕੁਝ ਨਾ ਕਹਿਆ ਜਾਏ ਪਰ ਸਾਢੌਰੇ ਦੇ ਵਸਨੀਕਾਂ ਵਿਚ ਬਦਲੇ ਦੀ ਅੱਗ ਐਸੀ ਭੜਕ ਚੁਕੀ ਸੀ ਕਿ ਉਨ੍ਹਾਂ ਇਕ ਨਾ ਸੁਣੀ ਤੇ ਉਨ੍ਹਾਂ ਸੱਭ ਦੋਖੀਆਂ ਨੂੰ ਸਜ਼ਾਵਾਂ ਦਿੱਤੀਆਂ ਭਾਵੇਂ ਉਹ ਹਵੇਲੀ ਵਿਚ ਸਨ। ਉਹ ਅਸਥਾਨ ਹੁਣ ਤਕ ਕਤਲ ਗੜ੍ਹੀ ਕਰਕੇ ਪ੍ਰਸਿੱਧ ਹੈ।

ਵਜ਼ੀਰ ਖਾਨ ਦਾ ਉੱਠਦੇ ਖਤਰੇ ਨੂੰ ਅਨੁਭਵ ਕਰਨਾ: ਸਾਢੌਰੇ ਤੋਂ ਬਾਅਦ ਬਾਬਾ ਬੰਦਾ ਸਿੰਘ ਦਾ ਸਾਰਾ ਧਿਆਨ ਕੀਰਤਪੁਰ ਪੁੱਜਣ ਵਲ ਸੀ। ਕੀਰਤਪੁਰ ਵਿਚ ਇਕੱਠੇ ਹੋਏ ਸਿੰਘਾਂ ਬਗ਼ੈਰ ਸਰਹੰਦ ਦੀ ਜਿੱਤ ਕਠਨ ਜਹੀ ਸੀ। ਕੀਰਤਪੁਰ ਵਿਚ ਬੈਠੇ ਸਿੰਘ ਵੀ ਉਤਾਵਲੇ ਸਨ ਕਿ ਛੇਤੀ ਮੇਲ ਹੋਵੇ। ਉਹ ਸਰਹੰਦ ਵਲ ਚਲ ਪਏ। ਵਜ਼ੀਰ ਖਾਨ ਨੇ ਅਨੁਭਵ ਕਰ ਲਇਆ ਸੀ ਕਿ ਜੇ ਬੰਦਾ ਸਿੰਘ ਥੋੜ੍ਹੀ ਜਹੀ ਸ਼ਕਤੀ ਨਾਲ ਸਮਾਨਾ, ਸਾਢੌਰਾ, ਮੁਸਤਫ਼ਾਬਾਦ ਤੇ ਹੋਰ ਕਈ ਥਾਂ ਜਿੱਤ ਸਕਦਾ ਹੈ, ਤਾਂ ਦੁਆਬੇ, ਮਾਝੇ ਦੇ ਸਿੰਘ ਨਾਲ ਮਿਲ ਜਾਣ ਤੇ ਤਾਂ ਸਰਹੰਦ, ਦਾ ਬਚਣਾ ਮੁਸ਼ਕਲ ਹੈ। ਉਸ ਨੇ ਆਪਣਾ ਬਚਾਓ ਇਸੇ ਵਿਚ ਡਿਠਾ ਕੇ ਕੀਰਤਪੁਰ ਦੇ ਸਿੰਘਾਂ ਦਾ ਮੇਲ ਬਾਬਾ ਬੰਦਾ ਸਿੰਘ ਨਾਲ ਨਾ ਹੋਣ ਦੇਵੇ। ਉਨ੍ਹਾਂ ਦੇ ਸੰਗਮ ਨੂੰ ਰੋਕਣ ਲਈ ਵਜ਼ੀਰ ਖਾਨ ਜੁੱਟ ਪਇਆ। ਪਰ ਉਸ ਦੀ ਸੋਚਣੀ ਨੂੰ ਫੱਲ ਲਗਦਾ ਨਹੀਂ ਸੀ ਦਿਸਦਾ।

ਵਜ਼ੀਰ ਖਾਨ ਨੇ ਮਾਲੇਰ ਕੋਟਲੇ ਦੇ ਸ਼ੇਰ ਮਹੰਮਦ ਖਾਨ ਦੀ ਨਿਯੁਕਤੀ ਕੀਤੀ ਕਿ ਉਹ ਕੀਰਤਪੁਰ ਵਲੋਂ ਵੱਧਦੇ ਹੜ੍ਹ ਨੂੰ ਥੰਮੇ। ਸ਼ੇਰ ਮੁਹੰਮਦ ਖਾਨ ਨੇ ਆਪਣੇ ਭਰਾ ਖਿਜ਼ਰ ਖਾਨ ਤੇ ਭਤੀਜਿਆਂ ਨਸ਼ਤਰ ਖ਼ਾਨ, ਮੁਹੰਮਦ ਖ਼ਾਨ ਨੂੰ ਨਾਲ ਲੈ ਕੇ ਰੋਪੜ ਵਲ ਅਗੋਂ ਹੋ ਕੇ ਸਿੰਘਾਂ ਨੂੰ ਠਲ ਪਾਉਣੀ ਚਾਹੀ। ਕੁਝ ਚਿਰ ਤਾਂ ਇਹ ਪ੍ਰਤੀਤ ਹੋਣ ਲਗਾ ਕਿ ਮਲੇਰੀਏ

੧. ਉਹ ਅਜੇ ਮੁਕਬਰਾ ਉਸੇ ਤਰ੍ਹਾਂ ਖੜ੍ਹਾ ਹੈ।

ਆਪਣੇ ਮੰਤਵ ਵਿਚ ਸਫਲ ਹੋ ਗਏ ਅਤੇ ਸਿੰਘ ਪਿਛੇ ਹਟ ਗਏ ਹਨ। ਇਸ ਸਫਲਤਾ ਦੇ ਨਸ਼ੇ ਵਿਚ ਹੀ ਖਿਜ਼ਰ ਖਾਨ ਨੇ ਕੀਰਤਪੁਰ ਤੇ ਹਮਲਾ ਕਰ ਦਿੱਤਾ ਪਰ ਸਿੰਘ ਤਾਜ਼ਾ ਦਮ ਹੋ ਚੁਕੇ ਸਨ ਤੇ ਨਵੇਂ ਪੁੱਜੇ ਜਥਿਆਂ ਦੀ ਹੋਂਦ ਨਾਲ ਉਤਸ਼ਾਹ ਵਿਚ ਸਨ। ਇਕ ਸਿੰਘ ਨੇ ਅਗੇ ਵਧਕੇ ਖਿਜ਼ਰ ਖਾਨ ਨੂੰ ਗੋਲੀ ਮਾਰਕੇ ਥਾਂ ਹੀ ਰੱਖ ਲਿਆ। ਮਲੇਰ ਕੋਟਲੇ ਵਾਲੀਆਂ ਫ਼ੌਜਾਂ ਦਾ ਹੌਂਸਲਾ ਟੁੱਟ ਗਇਆ। ਸ਼ੇਰ ਮੁਹੰਮਦ ਖਾਨ ਦੀ ਹੱਲਾ ਸ਼ੇਰੀ ਵੀ ਹੁਣ ਮੈਦਾਨ ਵਿਚ ਫੌਜੀਆਂ ਨੂੰ ਨਾ ਰੱਖ ਸਕੀ। ਬੜੀ ਮੁਸ਼ਕਲ ਨਾਲ ਉਹ ਭਰਾ ਦੀ ਲਾਸ਼ ਲੈ ਜਾਣ ਵਿਚ ਕਾਮਯਾਬ ਹੋ ਸਕੇ। ਇਸੇ ਮੁੱਠ ਭੇੜ ਵਿਚ ਸ਼ੇਰ ਮੁਹੰਮਦ ਖਾਨ ਵੀ ਸਖ਼ਤ ਜ਼ਖਮੀ ਹੋ ਗਿਆ।

ਸਿੰਘਾਂ ਦਾ ਅਤੇ ਬਾਬਾ ਜੀ ਦਾ ਮੇਲ : ਸਿੰਘਾਂ ਨੇ ਉਥੇ ਹੋਰ ਚਿਰ ਟਿਕਣਾ ਉਚਿਤ ਨਾ ਸਮਝਿਆ ਤੇ ਕਲਯਾਨ ਇਸੇ ਵਿਚ ਸਮਝੀ ਕਿ ਛੇਤੀ ਹੀ ਬਾਬਾ ਜੀ ਨਾਲ ਮਿਲਿਆ ਜਾਏ। ਬਾਬਾ ਬੰਦਾ ਸਿੰਘ ਜੀ ਬਨੂੜ ਨੂੰ ਜਿਤਨ ਉਪਰੰਤ ਸਿੰਘਾਂ ਦੀ ਉਡੀਕ ਕਰ ਹੀ ਰਹੇ ਸਨ। ਦੋਵੇਂ ਜੋਸ਼ ਦੇ ਦਰਿਆ ਬਨੂੜ ਤੇ ਖਰੜ ਵਿਚਕਾਰ ਮਿਲੇ। ਬਾਬਾ ਬੰਦਾ ਸਿੰਘ ਦੀ ਵਿਉਂਤ ਸਫਲ ਹੋਈ। ਅਗਲੀਆਂ ਜਿੱਤਾਂ ਯਕੀਨੀ ਸਨ। ਉਸ ਮਿਲਣੀ ਨੇ ਸਿੰਘਾਂ ਵਿਚ ਇਤਨਾ ਉਤਸ਼ਾਹ ਭਰਿਆ ਕਿ ਉਹ ਜੈਕਾਰੇ ਤੇ ਜੈਕਾਰਾ ਹੀ ਛਡੀ ਜਾਣ। ਕੜਾਹ ਪ੍ਰਸ਼ਾਦ ਦੇ ਖੁਲੇ ਗਫੇ ਵਰਤਾਏ ਗਏ।

"ਬੰਦੇ ਕੇ ਦਿਲ ਭਾਯੋ ਉਛਾਹਿ, ਭਯੋ ਬੰਦੇ ਕਰੋ ਸਤਿਗੁਰੂ ਕੜਾਹਾ।"

ਸਰਹੰਦ ਦੀ ਫ਼ਤਹ : ਵਜ਼ੀਰ ਖ਼ਾਨ ਨੇ ਇਸ ਏਕੇ ਵਿਚ ਆਪਣਾ ਅੰਤ ਲੁਕਿਆ ਹੋਇਆ ਦੇਖਿਆ

"ਵਜੀਦੇ ਮਨ ਅਤਿ ਚਿੰਤਾ ਪਧਾਰੀ।
ਹੁਣ ਆਈ ਉਸ ਮਰਨੇ ਵਾਰੀ।"

ਉਹ ਹੱਥ ਪੈਰ ਮਾਰਨ ਲੱਗਾ ਕਿ ਕਿਸੇ ਤਰ੍ਹਾਂ ਇਸ ਬਲਾ ਨੂੰ ਟਾਲਿਆ ਜਾ ਸਕੇ। ਵਜ਼ੀਰ ਖਾਨ ਨੇ ਸਾਜਸ਼ ਦਾ ਸਹਾਰਾ ਲਿਆ। ਉਸ ਵਿਉਂਤ ਬਣਾਈ ਕਿ ਕੁਝ ਸਿਪਾਹੀ ਬਾਬਾ ਬੰਦਾ ਸਿੰਘ ਦੀਆਂ ਫੌਜਾਂ ਨਾਲ ਜਾ ਮਿਲਣ ਤੇ ਰਣ ਤਤੇ ਵਿਚ ਹੀ ਉਸ ਨੂੰ ਛੱਡ ਜਾਣ। ਐਸਾ ਕਰਨ ਨਾਲ ਫ਼ੌਜਾਂ ਦੇ ਹੌਂਸਲੇ ਡਿੱਗਣਗੇ ਤੇ ਜਿੱਤ ਪ੍ਰਾਪਤ ਕਰਨਾ ਆਸਾਨ ਹੋ ਜਾਏਗਾ। ਇਸ ਸਾਜਸ਼ ਨੂੰ ਸਿਰੇ ਚੜ੍ਹਾਣ ਲਈ ਵਜ਼ੀਰ ਖਾਨ ਨੇ ਸੁੱਚਾ ਨੰਦ ਦੇ ਭਤੀਜੇ ਨੂੰ ਇਕ ਹਜ਼ਾਰ ਸਿਪਾਹੀ ਨਾਲ ਲੈ ਜਾਣ ਅਤੇ ਦਸੀ ਵਿਉਂਤ ਤੇ ਅਮਲ ਕਰਨ ਲਈ ਕਿਹਾ। ਬੰਦਾ ਸਿੰਘ ਜੀ ਇਸ ਚਾਲ ਨੂੰ ਨਾ ਸਮਝ ਸਕੇ ਅਤੇ ਉਨ੍ਹਾਂ ਹੋਰ ਲੋਕਾਂ ਦੇ ਨਾਲ ਰਲਣ ਦਾ ਸੁਆਗਤ ਕੀਤਾ। ਸਰਹੰਦ ਨੂੰ ਮਿਟਾਉਣ ਦਾ ਚਾਅ ਸਿੱਖਾਂ ਵਿਚ ਉਛਾਲੇ ਮਾਰ ਰਹਿਆ ਸੀ। ਸਰਹੰਦ ਦਾ ਨਾਂ ਲੈਂਦਿਆਂ ਹੀ ਸਿਖ ਜੋਸ਼ ਵਿਚ ਆ ਜਾਂਦੇ ਸਨ। ਵਜੀਰ ਖਾਨ ਵੀ ਇਸ ਗੱਲ ਤੋਂ ਜਾਣੂ ਸੀ, ਸੋ ਉਸਨੇ ਇਸ ਲੜਾਈ ਨੂੰ ਧਾਰਮਕ ਰੰਗਤ ਦੇਣ ਲਈ ਜਹਾਦ ਦਾ ਨਾਅਰਾ ਲਗਾ ਦਿੱਤਾ। ਹਾਥੀ, ਤੋਪਾਂ ਤੇ ਫੌਜਾਂ ਨੂੰ ਮੈਦਾਨ ਦੇ ਜੰਗ ਵਿਚ ਭੇਜ ਦਿੱਤਾ। ਦੂਜੇ ਪਾਸੇ ਬੰਦਾ ਸਿੰਘ ਕੋਲ ਤੋਪਾਂ, ਹਾਥੀ ਤਾਂ ਇਕ ਪਾਸੇ ਘੋੜੇ ਵੀ ਗਿਣਤੀ ਦੇ ਸਨ। ਪਰ ਸਿੰਘਾਂ ਦਾ ਜਜ਼ਬਾ ਹਾਥੀਆਂ ਤੇ ਤੋਪਾਂ ਦੇ ਟਾਕਰੇ ਤੋਂ ਵੱਧ ਦਾ ਸੀ। ਉਧਰ ਵਜ਼ੀਰ ਖਾਨ ਨੇ ਆਪ ਕਮਾਨ ਸੰਭਾਲੀ ਤੇ ਇਧਰ ਬਾਬਾ ਬੰਦਾ ਸਿੰਘ ਜੀ ਨੇ ਵੀ ਬਾਜ ਸਿੰਘ ਅਤੇ ਫ਼ਤਹ ਸਿੰਘ ਨੂੰ ਖਾਸ ਹਦਾਇਤ ਦੇ ਕੇ ਟਾਕਰੇ ਲਈ ਭੇਜਿਆ। ਦੋਵਾਂ ਫੌਜਾਂ ਦਾ ਟਾਕਰਾ ਛਪੜ ਛੇੜੀ ਦੇ ਅਸਥਾਨ ਉਤੇ ੨੨ ਮਈ ੧੭੧੦ ਨੂੰ ਹੋਇਆ।

ਭਾਈ ਫ਼ਤਹ ਸਿੰਘ ਤੇ ਕਰਮ ਸਿੰਘ ਨੂੰ ਕਮਾਨ ਦੇ ਕੇ ਇਕ ਟਿੱਬੇ ਤੇ

ਉਚੀ ਥਾਂ ਮੱਲ ਲਈ ਤਾਂ ਕਿ ਸਾਰੀ ਲੜਾਈ ਦਾ ਪੂਰੀ ਤਰ੍ਹਾਂ ਜਾਇਜ਼ਾ ਲਾਇਆ ਜਾ ਸਕੇ। ਅਜੇ ਲੜਾਈ ਅਰੰਭ ਹੋਈ ਸੀ ਕਿ ਸੁੱਚਾ ਨੰਦ ਦੇ ਭੇਜੇ ਹੋਏ ਇਕ ਹਜ਼ਾਰ ਆਦਮੀਆਂ ਨੇ ਜੰਗ ਛੱਡ ਕੇ ਭਜਣਾ ਸ਼ੁਰੂ ਕਰ ਦਿੱਤਾ। ਬੰਦਾ ਸਿੰਘ ਨੇ ਮੌਕਾ ਸੰਭਾਲਿਆ ਤੇ ਆਪੂੰ ਹੋਠਾਂ ਉੱਤਰ ਕੇ ਕਮਾਨ ਸੰਭਾਲ ਲਈ। ਉਨ੍ਹਾਂ ਦੇ ਵਿਚਕਾਰ ਹੋਣ ਨਾਲ ਸਿਖਾਂ ਵਿਚ ਘਬਰਾਹਟ ਨਾ ਆਈ ਪਰ ਫਿਰ ਵੀ ਜੋ ਲੋਕੀ ਨਿਰੋਲ ਤਮਾਸ਼ੇ ਲਈ ਹੀ ਬੰਦਾ ਸਿੰਘ ਜੀ ਨਾਲ ਸਨ, ਭਜ ਗਏ। ਸਿਖ ਵੀ ਕਾਫ਼ੀ ਗਿਣਤੀ ਵਿਚ ਸ਼ਹੀਦ ਹੋ ਗਏ। ਵਜ਼ੀਰ ਖਾਨ ਦੀ ਫੌਜ ਵਿਚ ਵੀ ਕਾਫ਼ੀ ਭਗਦੜ ਮੱਚ ਗਈ। ਵਜ਼ੀਰ ਖਾਨ ਨੇ ਬਾਜ ਸਿੰਘ ਨੂੰ ਲਲਕਾਰਦੇ ਹੋਏ ਕਹਿਆ, ਓਹ ਸੱਗਾ[1] ਤਿਆਰ ਹੋ। ਬਾਜ ਸਿੰਘ ਵੀ ਰੋਹ ਨਾਲ ਅਗੇ ਵਧੇ ਤੇ ਵਜ਼ੀਰ ਖਾਨ ਨੂੰ ਤੰਗ ਕਰਣਾ ਅਰੰਭ ਕਰ ਦਿੱਤਾ। ਵਜ਼ੀਰ ਖਾਨ ਨੇ ਇਕ ਭਰਵਾਂ ਵਾਰ ਕੀਤਾ। ਨੇੜੇ ਹੀ ਸੀ ਕਿ ਬਾਜ ਸਿੰਘ ਸ਼ਹੀਦ ਹੋ ਜਾਂਦਾ ਕਿ ਫ਼ਤਹ ਸਿੰਘ ਨੇ ਇਕ ਝਟਕੇ ਨਾਲ ਹੀ ਵਜ਼ੀਰ ਖਾਨ ਨੂੰ ਖਤਮ ਕਰ ਦਿੱਤਾ। ਵਜ਼ੀਰ ਖ਼ਾਨ ਦਾ ਮਰਨਾ ਹੀ ਸੀ ਕਿ ਸਰਹੰਦੀ ਫੌਜਾਂ ਵਿਚ ਘਬਰਾਹਟ ਪੈ ਗਈ ਤੇ ਫੌਜਾਂ ਵਿਚ ਨਸਦਿਆਂ ਵਾਰੀ ਹੀ ਨਾ ਆਈ। ਜੈਕਾਰਿਆਂ ਦੀ ਆਵਾਜ਼ ਨਾਲ ਮੈਦਾਨ ਗੂੰਜ ਉਠਿਆ ਤੇ ਸਿਘਾਂ ਸਰਹੰਦ ਵਲ ਧਾਵਾ ਬੋਲ ਦਿੱਤਾ। ਸਰਹੰਦ ਵਿਚ ਟਿਕੀ ਫੌਜ ਵੀ ਬਹੁਤੀ ਦੇਰ ਟਾਕਰਾ ਨਾ ਕਰ ਸਕੀ ਤੇ ਸਿਖ ਜੇਤੂ ਦੀ ਸ਼ਕਲ ਵਿਚ ੨੪ ਮਈ, ੧੭੧੦ ਨੂੰ ਸਰਹੰਦ ਸ਼ਹਿਰ ਵਿਚ ਦਾਖਲ ਹੋਏ।

ਸਰਹੰਦ ਨੂੰ ਉਜਾੜਨਾ : ਸਰਹੰਦ ਨੇ ਆਪਣੇ ਕੀਤੇ ਦੀ ਸਜ਼ਾ ਪਾ ਲਈ। ਸਰਹੰਦ ਦੀ ਸੱਚ ਮੁੱਚ ਇੱਟ ਨਾਲ ਇੱਟ ਵਜਾ ਦਿੱਤੀ ਗਈ। ਵਜ਼ੀਰ ਖਾਨ ਦਾ ਵੱਡਾ ਪੁਤਰ ਦਿੱਲੀ ਵਲ ਭੱਜ ਉਠਿਆ। ਸੁੱਚਾ ਨੰਦ ਦਾ ਘਰ ਤਬਾਹ ਬਰਬਾਦ ਕਰ ਦਿੱਤਾ ਗਿਆ। ਇਸ ਸੰਬੰਧੀ ਮੁਹੰਮਦ ਕਾਸਮ ਦੇ ਲਿਖੇ ਸ਼ਬਦ ਨੋਟ ਕਰਨ ਵਾਲੇ ਹਨ। ਉਹ ਲਿਖਦਾ ਹੈ, "ਸੁੱਚਾ ਨੰਦ ਦੀ ਹਵੇਲੀ ਵਿਚ ਜੋ ਕੁਝ ਪਇਆ ਸੀ, ਸੱਭ ਕੁਝ ਲੁਟਿਆ ਗਿਆ। ਇੰਝ ਪ੍ਰਤੀਤ ਹੁੰਦਾ ਸੀ ਕਿ ਸੱਭ ਕੁਝ ਉਸ ਦਿਨ ਲਈ ਹੀ ਇਕੱਠਾ ਕੀਤਾ ਗਿਆ ਸੀ। ਮੈਨੂੰ ਨਜ਼ਦੀਕੀ ਹਲਕਿਆਂ ਤੋਂ ਪਤਾ ਲਗਾ ਹੈ ਕਿ ਵਜ਼ੀਰ ਖਾਨ ਦੇ ਸਮੇਂ ਕੋਈ ਐਸਾ ਜ਼ੁਲਮ ਨਹੀਂ ਸੀ ਜੋ ਉਸ ਨੇ ਗਰੀਬ ਪਰਜਾ ਤੇ ਨਾ ਢਾਹਿਆ ਹੋਵੇ ਅਤੇ ਹੁਣ ਕੋਈ ਐਸਾ ਬੀਜ (ਜ਼ੁਲਮ ਕਰਨ ਦਾ) ਨਹੀਂ ਸੀ ਜਿਸ ਨੂੰ ਫਲ ਨਾ ਲਗਾ ਹੋਵੇ। ਜਹਿਆ ਬੀਜਿਆ ਗਇਆ ਉਹ ਵੀ ਵਢਣਾ ਅਗੇ ਆਇਆ।"

'ਇਵਜ ਮੁਆਜ਼ਾ ਗਿੱਲਾ ਨਿਦਾਰਦ'

ਸਰਹੰਦ ਦਾ ਖੁਰਾ ਖੋਜ ਉਸੇ ਦਿਨ ਹੀ ਮਿਟ ਜਾਂਦਾ ਜੇ ਹਿੰਦੂ ਵਸਨੀਕ ਤਰਸ ਦੀ ਫਰਿਆਦ ਲੈ ਕੇ ਬਾਬਾ ਬੰਦਾ ਸਿੰਘ ਕੋਲ ਨਾ ਪੁੱਜਦੇ। ਬਾਬਾ ਬੰਦਾ ਸਿੰਘ ਨੇ ਕਰੜੇ ਹੁਕਮ ਭੇਜੇ ਕਿ ਲੁਟ ਤੇ ਕਤਲਿਆਮ ਬੰਦ ਕੀਤੀ ਜਾਏ। ਸਰਹੰਦ ਦਾ ਖੁਰਾ ਖੋਜ ਮੁਕਾਉਣ ਦਾ ਪ੍ਰਣ ਸਿੰਘਾਂ ਅਕਾਲ ਤੱਖਤ ਤੇ ਅਰਦਾਸ ਕਰਕੇ ਲਿਆ ਸੀ। ਜਦ ਬਾਬਾ ਬੰਦਾ ਸਿੰਘ ਨੇ ਹੁਕਮ ਦੇ ਕੇ ਤਬਾਹੀ ਕਰਨ ਤੋਂ ਰੋਕ ਦਿਤਾ ਤਾਂ ਕੁਝ ਸਿੰਘਾਂ ਨੇ ਰੋਸ ਮਨਾਇਆ। ਪਿਛੋਂ ਜਾ ਕੇ ਸਰਦਾਰ ਜਸਾ ਸਿੰਘ ਆਹਲੂਵਾਲੀਆ ਦੇ ਹੀ ਹਿੱਸੇ ਆਇਆ ਕਿ ਉਹ ਸਰਹੰਦ ਨੂੰ ੧੭੬੩ ਵਿਚ ਮਿਟੀ ਨਾਲ ਮਿਲਾਉਣ।

ਰਾਮਰਾਈਆਂ ਤੇ ਮਲੇਰੀਆਂ ਨੂੰ ਸੋਧਨਾ : ਭਾਈ ਬਾਜ ਸਿੰਘ ਨੂੰ ਸਰਹੰਦ ਦਾ ਸੂਬੇਦਾਰ ਨਿਯਤ ਕੀਤਾ ਤੇ ਭਾਈ ਆਲੀ ਸਿੰਘ ਨੂੰ ਉਸ ਦਾ ਨਾਇਬ ਥਾਪਿਆ ਗਇਆ।

---

1. ਕੁਤਿਆ

ਭਾਈ ਫਤਹ ਸਿੰਘ ਨੂੰ ਸਮਾਨਾ ਦਾ ਹੀ ਗਵਰਨਰ ਰਹਿਣ ਦਿੱਤਾ ਗਿਆ। ਥਾਨੇਸਰ ਦੀ ਸੂਬੇਦਾਰੀ ਰਾਮ ਸਿੰਘ ਨੂੰ ਸੌਂਪੀ ਗਈ। ਸਿੱਖਾਂ ਨੂੰ ਸਰਹੰਦ ਇਕ ਐਸਾ ਕੇਂਦਰ ਮਿਲ ਗਿਆ ਜਿਥੋਂ ਚਾਰੇ ਪਾਸੇ ਮਾਰ ਤੇ ਦੇਖ ਭਾਲ ਹੋ ਸਕਦੀ ਸੀ। ਸਰਹੰਦ ਦੀ ਜਿਤ ਨੇ ਸਿੱਖਾਂ ਦਾ ਰੁਹਬ ਅਤੇ ਦੱਬ-ਦਬਾ ਸਾਰੇ ਪੰਜਾਬ ਵਿਚ ਬਿਠਾ ਦਿੱਤਾ। ਜ਼ਮੀਨਦਾਰਾਂ, ਫ਼ੌਜਦਾਰਾਂ, ਚੌਧਰੀਆਂ ਤੇ ਨਾਜਮਾਂ ਨੇ ਈਨ ਮੰਨਣ ਵਿਚ ਹੀ ਨਜਾਤ ਸਮਝੀ। ਕਈਆਂ ਨੇ ਸਿੱਖ ਧਰਮ ਧਾਰਨ ਕਰ ਲਇਆ, ਜਿਨ੍ਹਾਂ ਵਿਚ ਦੀਨ ਦਾਰ ਖਾਨ[੧] ਤੇ ਮੀਰ ਨਜੀਰ[੨] ਦਾ ਨਾਮ ਵਰਨਣ ਯੋਗ ਹੈ। ਸਾਰੇ ਪਾਸੇ ਇਹ ਹੀ ਦੋਹੀ ਫਿਰ ਗਈ ਕਿ ਸਦੀਆਂ ਤੋਂ ਹੋ ਰਹੇ ਜ਼ੁਲਮਾਂ ਤੋਂ ਛੁਟਕਾਰਾ ਦਿਲਵਾਉਣ ਲਈ ਬਾਬਾ ਬੰਦਾ ਸਿੰਘ ਆਇਆ ਹੈ। ਜਦ ਬੰਦਾ ਸਿੰਘ ਨੂੰ ਪਾਇਲ ਦੇ ਰਾਮਰਾਈਆਂ ਦੀਆਂ ਕਰਤੂਤਾਂ ਦਾ ਪਤਾ ਲਗਾ ਕਿ ਉਹ ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਹੋਣ ਦੇ ਨਾਤੇ ਤੰਗ ਕਰ ਰਹੇ ਹਨ ਅਤੇ ਅਰਦਾਸ ਕਰਦੇ ਭਾਈ ਬੁਲਾਕਾ ਸਿੰਘ ਦੀ ਬੇਇਜ਼ਤੀ ਕੀਤੀ ਗਈ ਹੈ, ਤਾਂ ਬੰਦਾ ਸਿੰਘ ਪਾਇਲ ਦੇ ਰਾਮਰਾਈਆਂ[੩] ਨੂੰ ਸੋਧਨ ਲਈ ਟੁਰ ਪਏ। ਰਾਮਰਾਈਆਂ ਨੂੰ ਸਖ਼ਤ ਸਜ਼ਾ ਦਿੱਤੀ ਤੇ ਉਥੇ ਚੌਕੀ ਨਿਯਤ ਕਰ ਦਿੱਤੀ ਗਈ ਤਾਂ ਕਿ ਕੋਈ ਸ਼ਰਾਰਤ ਹੀ ਨਾ ਕਰ ਸਕੇ। ਉਥੇ ਹੀ ਧਰਮ ਕੋਟ ਤੇ ਹੋਰ ਥਾਵਾਂ ਦੇ ਚੌਧਰੀਆਂ ਨੇ ਨਜ਼ਰਾਨੇ ਭੇਟ ਕੀਤੇ। ਅਗਲਾ ਨਿਸ਼ਾਨ ਮਲੇਰ ਕੋਟਲਾ ਸੀ।

ਉਥੇ ਹੀ ਬਾਬਾ ਜੀ ਨੂੰ ਇਹ ਖ਼ਬਰ ਵੀ ਮਿਲੀ ਕਿ ਮਲੇਰ ਕੋਟਲੇ ਦੇ ਪਿਛਲੇ ਨਵਾਬ ਸ਼ੇਰ ਮੁਹੰਮਦ ਖਾਨ ਨੇ ਬੀਬੀ ਅਨੂਪ ਕੌਰ[੪] ਨੂੰ ਸਿੱਖ ਰਹੁ-ਰੀਤੀ ਦੇ ਉਲਟ ਦਫ਼ਨ ਕਰ ਦਿੱਤਾ ਸੀ। ਉਹ ਬਹਾਦਰ ਬੀਬੀ ਸਰਸਾ ਦੀ ਜੰਗ ਸਮੇਂ ਸ਼ੇਰ ਮੁਹੰਮਦ ਖਾਨ ਨੇ ਪਕੜ ਲਈ ਸੀ। ਜਦ ਉਸ ਦੀ ਪਤ ਲੁਟਣ ਦੀ ਕੋਸ਼ਿਸ਼ ਕੀਤੀ ਗਈ ਤਾਂ ਬਹਾਦਰ ਬੀਬੀ ਨੇ ਆਪਣੇ ਕਮਰ ਕਸੇ ਦੀ ਕਿਰਪਾਨ ਨਾਲ ਆਪਣੇ ਆਪ ਨੂੰ ਖ਼ਤਮ ਕਰ ਦਿੱਤਾ। ਪਰ ਬਦਨਾਮੀ ਦੇ ਡਰ ਤੋਂ ਸ਼ੇਰ ਮੁਹੰਮਦ ਖਾਨ ਨੇ ਮਹੱਲਾਂ ਲਾਗੇ ਹੀ ਦਫ਼ਨਾ ਦਿੱਤਾ। ਫਿਰ ਵੀ ਗੱਲ ਬਾਹਰ ਨਿਕਲ ਹੀ ਗਈ ਤੇ ਜਦ ਬਾਬਾ ਬੰਦਾ ਸਿੰਘ ਜੀ ਨੂੰ ਸਾਰੀ ਘਟਨਾ ਦਾ ਪਤਾ ਲਗਾ ਤਾਂ ਉਨ੍ਹਾਂ ਬੀਬੀ ਅਨੂਪ ਕੌਰ ਦਾ ਸਿੱਖ ਰਹੁ-ਰੀਤੀ ਨਾਲ ਸਸਕਾਰ ਕਰਨਾ ਧਰਮ ਸਮਝਿਆ। ਦੂਜੇ ਪਾਸੇ ਬਾਬਾ ਜੀ ਇਹ ਵੀ ਸੁਣ ਚੁਕੇ ਸਨ ਕਿ ਭਰੀ ਕਚਹਰੀ ਵਿਚ ਸਾਹਿਬ ਜ਼ਾਦਿਆਂ ਨੂੰ ਤਸੀਹੇ ਦੇ ਦੇ ਮਾਰਨ ਦਾ ਹੁਕਮ ਦੇਣ ਵੇਲੇ ਆਹ ਦਾ ਨਾਅਰਾ ਇਨ੍ਹਾਂ ਨੇ ਹੀ ਮਾਰਿਆ ਸੀ। ਉਸ ਦੀ ਯਾਦ ਸਿਖਾਂ ਦੇ ਮਨ

---

੧. ਸਰਹੰਦ ਲਾਗੇ ਸਲੌਦੀ ਦੀ ਫ਼ੌਜਦਾਰੀ ਸੀ।

੨. ਵਜ਼ੀਰ ਖਾਨ ਦਾ ਰੀਕਾਰਡ ਕੀਪਰ ਸੀ।

੩. ਗੁਰੂ ਹਰਿ ਰਾਇ ਜੀ ਦੇ ਵੱਡੇ ਪੁਤਰ ਬਾਬਾ ਰਾਮ ਰਾਇ ਨੂੰ ਆਗੂ ਮੰਨਣ ਵਾਲੇ ਬਾਬਾ ਰਾਮ ਰਾਇ ਜੀ ਔਰੰਗਜ਼ੇਬ ਦੀ ਖੁਸ਼ਾਮਦ ਵਿਚ ਆ ਗਏ ਸਨ। ਉਹ ਇਤਨੇ ਡਰ ਗਏ ਕਿ ਉਨ੍ਹਾਂ ਗੁਰਬਾਣੀ ਦੀ ਤੁਕ 'ਮਿਟੀ ਮੁਸਲਮਾਨ ਕੀ' ਨੂੰ ਹੀ ਬਦਲਾ ਦਿੱਤਾ। ਗੁਰੂ ਜੀ ਦਾ ਹੁਕਮ ਸੀ ਕਿ 'ਰਾਮਰਾਇ ਮਥੇ ਨਾ ਲਗੋ' ਉਸ ਸਮੇਂ ਤੋਂ ਹੀ ਰਾਮਰਾਇ ਜੀ ਦਾ ਪੱਖ ਕਰਨ ਵਾਲੇ ਗੁਰੂ ਘਰ ਨਾਲ ਵਿਚੋਧ ਕਰਦੇ ਆ ਰਹੇ ਸਨ।

੪. ਗੁਰੂ ਗੋਬਿੰਦ ਸਿੰਘ ਜੀ ਦੇ ਮਹਲਾਂ ਦੀ ਟਹਲਾਣ ਸ਼ੀ।

ਵਿਚ ਤਾਜ਼ਾ ਸੀ।[੧] ਸੋ ਇਹ ਮਨ ਬਣਾ ਕੇ ਇਹ ਮਲੇਰ ਕੋਟਲੇ ਨੂੰ ਨੁਕਸਾਨ ਵੀ ਨ ਪੁਜੇ ਤੇ ਬੀਬੀ ਅਨੂਪ ਕੌਰ ਦਾ ਸੰਸਕਾਰ ਵੀ ਹੋ ਜਾਏ, ਬੰਦਾ ਸਿੰਘ ਨੇ ਮਲੇਰ ਕੋਟਲੇ ਤੇ ਧਾਵਾ ਬੋਲ ਦਿਤਾ। ਮਲੇਰ ਕੋਟਲਾ ਪਹਲੇ ਹੱਲੇ ਹੀ ਜਿਤਿਆ ਗਿਆ ਬਾਬਾ ਬੰਦਾ ਸਿੰਘ ਨੇ ਪਹਲਾਂ ਹੀ ਸਖ਼ਤ ਹੁਕਮ ਦੇ ਦਿੱਤਾ ਕਿ ਕਿਸੇ ਸ਼ਹਿਰ ਨਿਵਾਸੀ ਤੇ ਨਾ ਹੱਥ ਉਠਾਇਆ ਜਾਏ ਤੇ ਹਰ ਇਕ ਦੇ ਜਾਨ ਮਾਲ ਦੀ ਹਫਾਜ਼ਤ ਕੀਤੀ ਜਾਏ। ਬੀਬੀ ਅਨੂਪ ਕੌਰ ਜੀ ਨੂੰ ਜਿਥੇ ਦਬਿਆ ਸੀ ਉਸਦੀ ਕਬਰ ਲੱਭਣ ਲਈ ਪੂਰੀ ਵਾਹ ਲਗਾਈ ਗਈ। ਕਈ ਕਬਰਾਂ ਦੀ ਫੋਲਾ ਫਾਲੀ ਤੋਂ ਬਾਅਦ ਹੀ ਅਨੂਪ ਕੌਰ ਦੀ 'ਕਬਰ' ਲਭੀ ਤੇ ਸਿਖ ਰਹੁ-ਰੀਤੀ ਨਾਲ ਸਸਕਾਰ ਕਰਕੇ ਰਾਇਕੋਟ ਵਲ ਚਲ ਪਏ।

ਇਨ੍ਹਾਂ ਕੱਬਰਾਂ ਦੇ ਫਰੋਲਨ ਦੇ ਮੁਆਮਲੇ ਨੂੰ ਲੈਕੇ ਹੀ ਮੁਸਲਮਾਨ ਇਤਿਹਾਸਕਾਰਾਂ ਨੇ ਬਾਬਾ ਬੰਦਾ ਸਿੰਘ ਦੇ ਜ਼ੁਲਮਾਂ ਦੀ ਭਿਆਨਕ ਤਸਵੀਰ ਖਿਚੀ ਹੈ। ਖਾਫੀ ਖਾਨ ਨੇ ਤਾਂ ਬੰਦਾ ਸਿੰਘ ਨੂੰ ਇਕ ਦਰਿੰਦੇ ਦੇ ਤੌਰ ਤੇ ਪੇਸ਼ ਕੀਤਾ ਹੈ ਪਰ ਸਾਰੇ ਹੀ ਇਤਿਹਾਸਕਾਰ ਅਨੂਪ ਕੌਰ ਦੇ ਦੱਬਣ ਨੇ ਕਿੱਸੇ ਨੂੰ ਦਬਾਂਦੇ ਰਹੇ ਹਨ। ਇਹ ਕੀ ਅਸਚਰਜ ਮਈ ਗੱਲ ਨਹੀਂ ਕਿ ਬਾਬਾ ਜੀ ਨੇ ਕਿਸੇ ਹੋਰ ਥਾਂ ਦੀ ਕਬਰ ਜਾਂ ਮਸਜਦ ਨੂੰ ਕੁਝ ਨਹੀਂ ਕਹਿਆ। ਬੀਬੀ ਅਨੂਪ ਕੌਰ ਦੀ 'ਕਬਰ' ਲਭਣੀ ਜ਼ਰੂਰੀ ਸੀ। ਦੂਜੇ ਬੀਰ ਪਰੰਪਰਾ ਦੇ ਵਿਕਾਸ ਵਿਚ ਇਹ ਘਟਨਾ ਖਾਸ ਮਹੱਤਾ ਰਖਦੀ ਹੈ ਕਿਉਂਜੋ ਬੀਰ ਓਹ ਹੀ ਹੈ ਜੋ ਆਪਣੀ ਅਣਖ ਲਈ ਮਰ ਮਿਟਦਾ ਹੈ। ਅਣਖ ਇਹ ਮੰਗ ਕਰਦੀ ਸੀ ਕਿ ਸਿਖ ਬੀਬੀ ਦੇ ਮਿਰਤਕ ਸਰੀਰ ਨੂੰ ਲੱਭਿਆ ਜਾਏ। ਬਾਬਾ ਬੰਦਾ ਸਿੰਘ ਜੀ ਪਹਿਲੇ ਵਿਅਕਤੀ ਸਨ ਜਿਨ੍ਹਾਂ ਸਤ ਸੌ ਸਾਲ ਸਾਲ ਬਾਅਦ ਹਿੰਦ ਦੀ ਅਣਖ ਥਾਂ ਟਿਕਾਣੇ ਲਿਆਉਣ ਦਾ ਹੀਯ ਕੀਤਾ ਸੀ, ਸੋ ਉਨ੍ਹਾਂ ਮੁਸਲਮਾਨ ਲਿਖਾਰੀਆਂ ਦਾ ਗੁੱਸਾ ਸਮਝਿਆ ਜਾ ਸਕਦਾ ਹੈ।

ਬਾਬਾ ਜੀ ਰਾਇਕੋਟ ਨੂੰ ਜਿਤਕੇ ਵਾਪਸ ਸਰਹੰਦ ਪੁਜੇ।

ਸਰਹੰਦ ਵਿਚ ਸਿਖ ਸਿੱਕਾ ਜਾਰੀ : ਸਰਹੰਦ ਪੁੱਜ ਕੇ ਉਨ੍ਹਾਂ ਹੋਰ ਇਲਾਕਿਆਂ ਕੋਲੋਂ ਈਨ ਮਨਵਾਈ। ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਆਖੇ ਹੋਏ ਬਚਨ ਯਾਦ ਸਨ ਕਿ ਸੰਗਤ ਦਾ ਸਤਿਕਾਰ ਤੇ ਆਪਣੇ ਆਪ ਨੂੰ ਉਨ੍ਹਾਂ ਦਾ ਸੇਵਾਦਾਰ ਸਮਝਣਾ। ਉਸ ਫਰਮਾਨ ਨੂੰ ਹੀ ਅਮਲੀ ਜਾਮਾ ਦੇਣ ਲਈ ਉਨ੍ਹਾਂ ਨੇ ਗੁਰੂ ਨਾਨਕ ਜੀ ਦੇ ਨਾਮ ਦੇ ਸਿੱਕੇ ਜਾਰੀ ਕੀਤੇ। ਸਿੱਕਿਆਂ ਤੇ ਅੱਖਰ ਉਕਰੇ ਗਏ ਜਿਨ੍ਹਾਂ ਦਾ ਭਾਵ ਸੀ : ਸਚੇ ਪਾਤਸ਼ਾਹ ਗੁਰੂ ਨਾਨਕ ਦੀ ਕਿਰਪਾ ਨਾਲ ਦੋਹਾਂ ਜਹਾਨਾਂ ਵਿਚ ਸਿੱਕਾ ਜਾਰੀ ਕੀਤਾ ਗਿਆ, ਸ਼ਾਹਾਂ ਦੇ ਸ਼ਾਹ' (ਗੁਰੂ) ਗੋਬਿੰਦ ਸਿੰਘ ਦੀ ਫਤਹਿ :

ਸਿਕਾ ਜ਼ਦ ਬਰ ਹਰ ਦੋ ਆਲਮ।
ਤੇਗੇ ਨਾਨਕ ਵਾਹਿਬ ਅਸਤ।

---

੧. ਉਸ ਦਾ ਹੁਣ ਵੀ ਸਤਿਕਾਰ ਕੀਤਾ ਜਾਂਦਾ ਹੈ। ਇਥੋਂ ਤੱਕ ੧੯੪੭ ਦੇ ਬਟਵਾਰੇ ਸਮੇਂ ਜਦ ਕੋਈ ਮੁਸਲਮਾਨ ਮਲੇਰ ਕੋਟਲੇ ਦਾ ਰਹਿਣ ਵਾਲਾ ਸਾਬਤ ਕਰ ਦਿੰਦਾ ਸੀ ਤਾਂ ਸਿੱਖ ਉਸ ਨੂੰ ਸਤਿਕਾਰ ਨਾਲ ਸੁਰੱਖਿਅਤ ਥਾਂ ਤੇ ਪੁਜਾ ਦਿੰਦੇ ਸਨ। ਗਾਂਧੀ ਜੀ ਨੇ ਅੱਜ ਦੇ ਨਵਾਬ ਇਫ਼ਤਖ਼ਾਰ ਅਲੀ ਖ਼ਾਨ ਨਾਲ ਗੱਲਬਾਤ ਕਰਦੇ ਹੋਏ ਕਿਹਾ ਸੀ, "ਮੇਰੇ ਹਿੰਦੁਸਤਾਨ ਦਾ ਸੁਪਨਾ ਮਲੇਰ ਕੋਟਲੇ ਵਿਚ ਮੂਰਤੀ ਮਾਨ ਹੁੰਦਾ ਦਿਖਾਈ ਦਿੰਦਾ ਹੈ। (The Lost Phase—Peyare Lal)

ਫਤਹ ਗੋਬਿੰਦ ਸਿੰਘ, ਸ਼ਹਿ ਸ਼ਹਾਨਿ
ਫਜ਼ਲ ਸਚਾ ਸਾਹਿਬ ਅਸਤ।

ਸਿੱਕੇ ਦੇ ਦੂਸਰੇ ਪਾਸੇ 'ਸੰਸਾਰ ਦੇ ਰਖਿਅਕ', ਨਮੂਨੇ ਦੇ ਸ਼ਹਿਰ ਅਤੇ ਭਗਾਂ ਵਾਲੇ ਸ਼ਹਿਰ ਵਿਚ (ਇਹ ਸਿੱਕੇ) ਘੜੇ ਗਏ। ਬਾਬਾ ਬੰਦਾ ਸਿੰਘ ਨੇ ਸਰਹੰਦ ਤੋਂ ਕੁਝ ਦੂਰ ਆਪਣੀ ਰਾਜਧਾਨੀ ਮੁਖਲਿਸਪੁਰ ਨੂੰ ਬਣਾਇਆ। ਸਰਹੰਦ ਵੱਡੀ ਸੜਕ ਦੇ ਹੋਣ ਕਾਰਨ ਫੌਜੀ ਨੁਕਤਾ ਨਿਗਾਹ ਤੋਂ ਠੀਕ ਨਹੀਂ ਸੀ। 'ਸੰਸਾਰ ਦਾ ਰਖਿਅਕ' ਕਰਣਾ ਵੀ, ਬੀਰ ਪ੍ਰੰਪਰਾ ਵਿਚ ਇਕ ਹੋਰ ਵਾਧਾ ਸੀ। ਬੰਦਾ ਸਿੰਘ ਨੇ ਆਪਣੀ ਮੋਹਰ ਤੇ ਸਿਖੀ ਸਿਧਾਂਤ ਉਕੱਰਾ ਦਿਤੇ। ਮੁਹਰ ਦੇ ਸ਼ਬਦ ਸਨ :

"ਦੇਗ਼ ਤੇਗ ਫਤਿਹ ;
ਨਸਰਤ ਬੇਦ ਰੰਗ
ਯਾਫਤ ਅਜ਼ ਨਾਨਕ
ਗੁਰੂ ਗੋਬਿੰਦ ਸਿੰਘ।

ਸਰਹੰਦ ਦੀ ਜਿੱਤ ਵਿਚ ਨਵਾਂ ਸੰਨ ਵੀ ਜਾਰੀ ਕੀਤਾ ਗਿਆ। ਬੰਦਾ ਸਿੰਘ ਨੇ ਆਪਣੇ ਨਾਂ ਦੀ ਕੋਈ ਵਰਤੋਂ ਨ ਕੀਤੀ ਤੇ ਸਹੀ ਅਰਥਾਂ ਵਿਚ ਗੁਰੂ ਪੰਥ ਦਾ ਬੰਦਾ ਬਨਣ ਵਿਚ ਹੀ ਅਨੰਦ ਤੇ ਮਾਨ ਸਮਝਿਆ। ਬਾਬਾ ਜੀ ਨੇ ਸਦੀਆਂ ਤੋਂ ਲਿਤਾੜੀ ਜੰਤਾ ਨੂੰ ਵੀ ਜਿਮੀਂਦਾਰਾਂ ਦੇ ਜੂਲ ਤੋਂ ਕੱਢਿਆ ਤੇ ਜਿਮੀਂਦਾਰੀ ਦੀ ਲਾਹਨਤ ਖ਼ਤਮ ਕਰਕੇ 'ਜਮੀਨ ਵਾਹੁਣ ਵਾਲੇ ਦੀ' ਦਾ ਫਰਮਾਨ ਜਾਰੀ ਕੀਤਾ। ਸਿਖਾਂ ਦਾ ਇਤਨਾ ਰਹੁਬ ਪੈ ਚੁਕਾ ਸੀ ਕਿ ਜੇ ਕੋਈ ਨੀਵੀਂ ਜਾਤ ਦਾ ਕਹਲਾਣ ਵਾਲਾ ਸਿਖੀ ਧਾਰਨ ਕਰ ਲੈਂਦਾ ਸੀ ਤੇ ਫਿਰ ਜੇ ਉਹ ਆਪਣੇ ਉਸੇ ਹੀ ਪਿੰਡ ਵਿਚ ਜਾਂ ਇਲਾਕੇ ਵਿਚ ਜਾਂਦਾ ਸੀ ਜਿਥੇ ਉਹ ਨੀਵੀਂ ਜਾਤ ਕਰਕੇ ਦੁਰ੍ਹਕਾਰਿਆ ਗਿਆ ਸੀ ਤਾਂ ਉਸ ਦੇ ਆਦਰ ਲਈ ਅਗੋਂ ਲੈਣ ਲਈ ਪਿੰਡ ਦੇ ਚੌਧਰੀ ਪੁੱਜਦੇ ਸਨ।[1]

ਜ਼ੁਲਮ ਤੇ ਧੱਕੇ ਵਿਰੁਧ ਮੁਹਿੰਮਾਂ : ਰਾਜ ਪ੍ਰਬੰਧ ਦੇ ਕੰਮਾਂ ਨੂੰ ਥਾਂ ਸਿਰ ਕਰਕੇ ਬਾਬਾ ਬੰਦਾ ਸਿੰਘ ਨੇ ਹੋ ਰਹੇ ਜ਼ੁਲਮਾਂ ਨੂੰ ਠਲ੍ਹ ਪਾਉਣ ਲਈ ਮੁਹਿੰਮਾਂ ਚਾੜ੍ਹਣ ਦਾ ਪ੍ਰੋਗਰਾਮ ਬਣਾਇਆ। ਸਰਹੰਦ ਵਿਚ ਇਹ ਖਬਰ ਪੁਜੀ ਕਿ ਦਿਉਬੰਦ ਦੇ ਫੌਜਦਾਰ ਨੇ ਨਵੇਂ ਸਜੇ ਸਿੰਘਾਂ ਤੇ ਜ਼ੁਲਮ ਢਾਹੇ ਹਨ। ਬੰਦਾ ਸਿੰਘ ਇਹ ਸਹਾਰ ਨ ਸਕਿਆ ਤੇ ਧਾਵਾ ਬੋਲ ਦਿਤਾ। ਬੰਦਾ ਸਿੰਘ ਦਾ ਸਹਾਰਨਪੁਰ ਪੁਜਣਾ ਹੀ ਸੀ ਕਿ ਉਥੋਂ ਦਾ ਫ਼ੌਜਦਾਰ ਅਲੀ ਮੁਹੰਮਦ ਖਾਨ ਸਹਾਰਨਪੁਰ ਨੂੰ ਛਡ ਕੇ ਦਿਲੀ ਵਲ ਭੱਜ ਉਠਿਆ। ਉਥੋਂ ਦੀ ਵਸੋਂ ਨੇ ਜਤਨ ਕੀਤੇ ਕਿ ਉਹ ਬੰਦਾ ਸਿੰਘ ਦਾ ਟਾਕਰਾ ਕਰੇ ਪਰ ਅਲੀ ਮੁਹੰਮਦ ਨੇ ਨਸਣ ਵਿਚ ਹੀ ਨਿਜਾਤ ਸਮਝੀ। ਸ਼ਹਿਰ ਤੇ ਸਿੰਘਾਂ ਦਾ ਕਬਜਾ ਹੋ ਗਿਆ ਅਤੇ ਬਹੁਤ ਸਾਰਾ ਮਾਲ, ਖਜਾਨਾਂ, ਸਿਖਾਂ ਦੇ ਹੱਥ ਲਗਾ। ਅੱਧੇ ਤੋਂ ਵਧ ਸਹਾਰਨ ਪੁਰ ਦੀ ਸਰਕਾਰ ਨੇ ਬਾਬਾ ਬੰਦਾ ਸਿੰਘ ਦੀ ਈਨ ਮੰਨ ਲਈ।

ਉੱਥੇ ਹੀ ਇਹ ਸੂਹ ਮਿਲੀ ਕਿ ਜਮਨਾ ਦੀ ਬੇਟ ਦੇ ਪੀਰਜ਼ਾਦੇ ਸਿਖਾਂ ਵਿਰੁੱਧ ਮਜ਼ਬੀ ਜਜ਼ਬਾ ਭੜਕਾਉਣ ਵਿਚ ਅਗੇ ਅਗੇ ਹਨ। ਬਾਬਾ ਜੀ ਨੇ ਪੀਰ ਜ਼ਾਦਿਆਂ ਨੂੰ ਸਜ਼ਾ ਦੇਣਾ ਪਹਿਲਾ ਫਰਜ਼ ਜਾਣਿਆ। ਪੀਰਜ਼ਾਦਿਆਂ ਨੂੰ ਸਿਧੇ ਰਾਹ ਪਾ, ਜਲਾਲਾਬਾਦ ਦੇ ਫ਼ੌਜਦਾਰ

---

੧. ਇਰਵਨ-ਲੇਟਰ ਮੁਗ਼ਲਜ਼

ਜਲਾਲਖਾਨ ਤੇ ਚੜ੍ਹਾਈ ਕੀਤੀ। ਉਹ ਸਿਖਾਂ ਨੂੰ ਤਸੀਹੇ ਦੇ ਦੇ ਮਾਰ ਰਹਿਆ ਸੀ। ਬਾਬਾ ਜੀ ਨੇ ਏਲਚੀ ਭੇਜੇ ਕਿ ਸਿੰਘ ਬੇਦੋਸ਼ ਛੱਡ ਦਿਤੇ ਜਾਣ। ਪਰ ਉਸ ਇਕ ਨ ਸੁਣੀਂ ਸਗੋਂ ਏਲਚੀਆਂ ਨੂੰ ਮਾੜਾ ਚੰਗਾ ਆਖਕੇ ਸ਼ਹਿਰ ਤੋਂ ਹੀ ਬਾਹਰ ਕੱਢ ਦਿਤਾ। ਸੋ ਜਲਾਲਾਬਾਦ ਤੇ ਧਾਵਾ ਬੋਲ ਦਿਤਾ ਗਇਆ। ਰਾਹ ਵਿਚ ਕਸਬਾਂ ਨਕੋਹਾਂ ਦੇ ਪਠਾਨਾਂ ਨੂੰ ਵੀ ਸਬਕ ਦਿਤਾ ਤੇ ਨਕੋਹਾਂ ਦੇ ਗੁਜਰਾਂ ਨੇ ਸਿੱਖੀ ਧਾਰਨ ਕਰ ਲਈ। ਉਥੋਂ ਦੇ ਗੁਜਰ ਪਿਛੋਂ 'ਨਾਨਕ ਪ੍ਰਸਤ' ਕਰਕੇ ਪ੍ਰਸਿਧ ਹੋਏ। ਨਕੋਹਾਂ ਨੂੰ ਫੂਟਾ ਸ਼ਹਿਰ (ਮਿਟੀ ਦਾ ਢੇਰ) ਬਣਾ ਕੇ ਸਿਖ ਅਗੇਰੇ ਵਧੇ।

ਜਲਾਲਾਖਾਨ ਨੇ ਵੀ ਵੱਧਦੇ ਸਿਖਾਂ ਨੂੰ ਰਾਹ ਵਿਚ ਹੀ ਰੋਕ ਪਾਉਣੀ ਚਾਹੀ। ਉਸਨੇ ਆਪਣਾ ਪੋਤਰਾ ਗੁਲਾਮ ਮੁਹੰਮਦ ਭੇਜਿਆ। ਉਹ ਬੰਦਾ ਸਿੰਘ ਨੂੰ ਨ ਰੋਕ ਸਕਿਆ। ਸਿਖਾਂ ਦਾ ਵੀ ਕਾਫ਼ੀ ਜਾਨੀ ਨੁਕਸਾਨ ਹੋਇਆ। ਮੁਕਾਬਲਾ ਸਿਖਾਂ ਦੀ ਆਸ ਨਾਲੋਂ ਵੱਧ ਸੀ। ਜਲਾਲਾਬਾਦ ਸਿਖਾਂ ਘੇਰ ਲਿਆ ਪਰ ਪੰਜਾਬ ਵਿਚੋਂ ਖ਼ਬਰਾਂ ਐਸੀਆਂ ਆ ਰਹੀਆਂ ਸਨ ਕਿ ਮੁੜਨਾ ਜ਼ਰੂਰੀ ਸੀ। ਭਾਵੇਂ ਜਲਾਲਾਬਾਦ ਤਾਂ ਕਬਜੇ ਵਿਚ ਨ ਆਇਆ ਪਰ ਗੰਗਾ-ਜਮਨ ਦੁਆਬ ਅੰਦਰ ਸਿਖਾਂ ਦਾ ਰਹੁਬ ਤੇ ਦਬਦਬਾ ਬੈਠ ਗਿਆ। ਇਸ ਦਾ ਅਮਲੀ ਲਾਭ ਅਠਾਰਵੀਂ ਸਦੀ ਦੇ ਅਖੀਰੀ ਦਹਾਕਿਆਂ ਵਿਚ ਰਹੇਲੇ ਸਰਦਾਰਾਂ ਤੇ ਕਰੋੜਾਂ ਸਿੰਘ ਮਿਸਲ ਦੇ ਸਰਦਾਰ ਬਘੇਲ ਸਿੰਘ ਨੇ ਉਠਾਇਆ।

ਮਾਝੇ ਤੇ ਦੁਆਬੇ ਵਿਚ ਹਲਚਲ : ਬਾਬਾ ਬੰਦਾ ਸਿੰਘ ਦੀ ਹੋਂਦ ਤੇ ਉਸਦੀਆਂ ਜਿੱਤਾਂ ਦਾ ਪ੍ਰਭਾਵ ਇਤਨਾ ਸੀ ਕਿ ਜਹਾਂ ਜਹਾਂ ਗੁਰ ਖਾਲਸਾ ਜੀ ਸੀ, ਉਸ ਆਪਣੀ ਹੀ ਕਾਮਯਾਬੀ ਸਮਝੀ। ਮਾਝੇ ਤੇ ਦੁਆਬੇ ਦੇ ਸਿੰਘਾਂ ਵਿਚ ਨਵਾਂ ਹੀ ਉਤਸ਼ਾਹ ਜਾਗ ਪਿਆ। ਜੋਸ਼ ਦੀ ਲਹਿਰ ਇਤਨੀ ਵੱਧੀ ਕਿ ਸਿੱਖ ਆਪਣੇ ਆਪ ਨੂੰ ਰਛਿਆ ਤੇ ਰਿਆਇਤਾਂ ਕਰਨ ਵਾਲਾ ਸਮਝਣ ਲਗ ਪਏ। ਸ੍ਰੀ ਅੰਮ੍ਰਿਤਸਰ ਸਿੱਖਾਂ ਨੇ ਇਕੱਠ ਕੀਤਾ ਤੇ ਗੁਰਮਤਾ ਕਰਕੇ ਬਟਾਲਾ ਤੇ ਕਲਾਨੌਰ ਤੇ ਹਮਲੇ ਬੋਲ ਦਿਤੇ। ਉਨ੍ਹਾਂ ਇਲਾਕਿਆਂ ਈਨ ਮੰਨੀ ਤੇ ਪਠਾਨਕੋਟ ਤਕ ਉਨ੍ਹਾਂ ਮਾਰਾਂ ਮਾਰੀਆਂ।

ਲਾਹੌਰ ਦਾ ਨਵਾਬ ਅਸਲਮ ਖਾਨ ਚੁੱਪ ਕਰਕੇ ਸੱਭ ਕੁਝ ਦੇਖ ਰਿਹਾ ਸੀ। ਸ਼ਾਇਦ ਦਿੱਲੀ ਤੋਂ ਕਿਸੇ ਹੁਕਮ ਦੀ ਉਡੀਕ ਵਿਚ ਸੀ। ਪਰ ਮੁਲਾਣਿਆਂ ਨੇ ਸਿੱਖਾਂ ਦੀ ਵੱਧਦੀ ਤਾਕਤ ਵਿਚ ਆਪਣੀ ਹਾਨੀ ਤੇ ਇਸਲਾਮ ਦੀ ਹੇਠੀ ਦੇਖੀ। ਈਦਗਾਹ ਤੇ ਮੁਲਾਵਾਂ ਨੇ ਹੈਦਰੀ ਝੰਡਾ ਝੁਲਾ ਦਿਤਾ। ਮੀਰ ਤੱਕੀ ਤੇ ਬੁੱਢੇ ਪੀਰ ਮੁਹੰਮਦ ਨੇ ਅਸਲਮ ਖਾਨ ਨੂੰ ਬੁਰੀਆਂ ਭਲੀਆਂ ਆਖੀਆਂ ਤੇ ਮੁਸਲਮਾਨਾਂ ਨੂੰ ਜਹਾਦ ਕਰਨ ਲਈ ਕਹਿਆ। ਖੋਜਾ ਫਿਰਕੇ ਦੇ ਲੋਕਾਂ ਨੇ ਦਿਲ ਖੋਲ ਕੇ ਜਹਾਦੀਆਂ ਦੀ ਸਹਾਇਤਾ ਕੀਤੀ। ਅਸਲਮ ਖਾਨ ਵੀ ਮਜਬੂਰ ਹੋ ਗਿਆ ਕਿ ਉਹ ਜਹਾਦ ਵਿਚ ਹਿੱਸਾ ਲਵੇ। ਉਸ ਨੇ ਪੀਰ ਅਤਾਉੱਲਾ ਸ਼ਾਹ ਦੀ ਇਮਦਾਦ ਲਈ ੧੦੦ ਫੌਜੀਆਂ ਦਾ ਦਸਤਾ ਦਿਤਾ।

ਜਹਾਦੀਆਂ ਨਾਲ ਟੱਕਰ : ਜਦ ਅੰਮ੍ਰਿਤਸਰ ਤੇ ਹੋਰ ਥਾਵਾਂ ਤੇ ਸਿੱਖਾਂ ਨੂੰ ਲਾਹੌਰ ਦੇ ਜਹਾਦ ਅਤੇ ਹੋਰ ਤਿਆਰੀਆਂ ਦਾ ਪਤਾ ਲਗਾ ਤਾਂ ਸਿੱਖਾਂ ਨੇ ਆਪਣੇ ਜੱਥਿਆਂ ਨੂੰ ਵੀ ਚਾਰ ਹਿੱਸਿਆਂ ਵਿਚ ਵੰਡਕੇ ਟਾਕਰਾ ਕਰਨ ਦੀ ਵਿਉਂਤ ਬਣਾਈ। ਰਾਵੀ ਦੇ ਕਿਨਾਰੇ ਭਗਵੰਤ ਰਾਇ ਦੀ ਹਵੇਲੀ ਸੀ। ਉਸ ਤੇ ਕਬਜਾ ਕਰਕੇ ਹਵੇਲੀ ਨੂੰ ਕਿਲ੍ਹੇ ਦੀ ਸ਼ਕਲ ਦੇ ਦਿਤੀ। ਗਾਜ਼ੀਆਂ ਨੂੰ ਜਦ ਸਿੱਖਾਂ ਦੀ ਪਹੁੰਚ ਦਾ ਪਤਾ ਲਗਾ ਤਾਂ ਉੱਧਰ ਹੀ ਪੁਜ ਗਏ। ਗੜੀ ਨੂੰ ਉਨ੍ਹਾਂ ਘੇਰ ਲਿਆ। ਸਿੱਖਾਂ ਨੇ ਦੁਸ਼ਮਣ ਦੀਆਂ ਕਤਾਰਾਂ ਵਿਚ ਹਲਚਲ ਮਚਾਉਣ ਲਈ ਬਾਹਰ ਹੀ ਟਾਕਰਾ ਕਰਨ ਦੀ ਠਾਣ ਲਈ। ਜਹਾਦੀ ਅਚਾਨਕ ਹੱਲਾ ਦੇਖ ਘਬਰਾ ਹੀ ਗਏ। ਹਾਰੇ

ਹੋਏ ਵਾਪਸ ਪੁੱਜੇ ਤੇ ਲਾਹੌਰ ਦੇ ਹਿੰਦੂ ਵਸਨੀਕਾਂ ਤੇ ਜ਼ੁਲਮ ਢਾਹੁਣ ਲਗੇ। ਉਧਰੋਂ ਸਿੱਖਾਂ ਨੇ ਲਾਹੌਰ ਲਾਗੇ ਕੋਟਲਾ ਬੇਗਮ ਨੂੰ ਕੇਂਦਰ ਬਣਾਕੇ ਲਾਹੌਰ ਤੇ ਨਿਤ ਨਵੇਂ ਹੱਲੇ ਅਰੰਭ ਕਰ ਦਿਤੇ। ਜਹਾਦੀਆਂ ਨੇ ਕੋਟਲਾ ਬੇਗਮ ਵਲ ਮੂੰਹ ਕੀਤਾ। ਪਰ ਐਸੀ ਮਾਰ ਪਈ ਕਿ ਭਾਜ ਖਾ ਕੇ ਲਾਹੌਰ ਵਲ ਨੱਸ ਉਠੇ। ਸਿਖਾਂ ਨੇ ਜਹਾਦੀਆਂ ਨੂੰ ਭੀਲਵਾਲ ਜਾ ਲਿਆ ਅਤੇ ਅਚਾਨਕ ਆਫਤ ਨੂੰ ਸਾਮ੍ਹਣੇ ਦੇਖ ਕੇ ਜਹਾਦੀਆਂ ਨੂੰ ਨਸਦੇ ਵੀ ਵਾਰ ਨ ਆਈ। ਇਸ ਅਚਾਨਕ ਮਾਰ ਨੇ ਤਾਂ ਜਹਾਦੀਆਂ ਦਾ ਰਹਿੰਦਾ ਖੂੰਦਾ ਵਕਾਰ ਵੀ ਗਵਾ ਦਿਤਾ। ਸਿੱਖਾਂ ਦੇ ਹੌਂਸਲੇ ਇਤਨੇ ਵਧੇ ਕਿ ਉਨ੍ਹਾਂ ਲਾਹੌਰ ਨੂੰ ਇਕ ਪ੍ਰਕਾਰ ਦੀ ਜਾਗੀਰ ਹੀ ਸਮਝ ਲਇਆ। ਲਾਹੌਰ ਦੇ ਸੂਬੇ ਵਿਚ ਸਿਖਾਂ ਦਾ ਹੀ ਰਾਜ ਪ੍ਰਤੀਤ ਹੁੰਦਾ ਸੀ।

ਦੁਆਬੇ ਵਿਚ : ਮਾਝੇ ਵਿਚ ਸਿੰਘ ਜੋ ਬੀਰਤਾ ਦੇ ਨਵੇਂ ਪੂਰਨੇ ਪਾ ਰਹੇ ਸਨ ਤਾਂ ਦੁਆਬੇ ਦੇ ਸਿੰਘ ਵੀ ਪਿਛੇ ਨ ਰਹੇ। ਦੁਆਬੇ ਦੇ ਸਿੰਘਾਂ ਸੱਮਧ ਖਾਨ ਦੀ ਨੀਂਦ ਹਰਾਮ ਕਰ ਦਿਤੀ। ਸਿੰਘਾਂ ਨੇ ਸਮਧ ਖਾਨ ਨੂੰ ਇਕ ਪ੍ਰਵਾਨੇ ਰਾਹੀਂ ਈਨ ਮੰਨਣ, ਆਪਣੇ ਤਰੀਕੇ ਸੁਧਾਰਣ ਤੇ ਜ਼ੁਲਮਾਂ ਨੂੰ ਖਤਮ ਕਰਨ ਲਈ ਕਿਹਾ। ਸਮੱਧ ਖਾਨ ਨੇ ਵੀ ਜਹਾਦ ਦਾ ਹੀ ਸਹਾਰਾ ਲਿਆ। ਜਹਾਦੀਆਂ ਕੁਰਾਨ ਦੀਆਂ ਕਸਮਾਂ ਚੁਕੀਆਂ ਤੇ ਉਤਰ ਵਜੋਂ ਸਮੱਧ ਖਾਨ ਨੇ 'ਬਾਰੂਦਾਂ' ਦੀ ਪੁੜੀ ਤੇ ਕੁਝ 'ਛੱਰੇ' ਭੇਜੇ ਜਿਸ ਦਾ ਭਾਵ ਸੀ, ਬਾਰੂਦ ਨੂੰ ਨ ਛੇੜੋ ਤੇ ਜੇ ਤੁਸਾਂ ਪਹਿਲ ਕੀਤੀ ਤਾਂ ਸੁਆਗਤ ਗੋਲੀਆਂ ਨਾਲ ਹੋਵੇਗਾ। ਸਿੱਖਾਂ ਵੀ ਮੌਕੇ ਦੀ ਨਜ਼ਾਕਤ ਨੂੰ ਸੱਮਝ ਕੇ ਬਾਬਾ ਬੰਦਾ ਸਿੰਘ ਕੋਲੋਂ ਮਦਦ ਮੰਗੀ। ਸੁਲਤਾਨਪੁਰ ਦੇ ਲਾਗੇ ਰਾਹੋਂ ਵਿਚ ਇਕ ਪੁਰਾਣਾ ਭੱਠਾ ਦੇਖ ਕੇ ਉਸ ਦੀ ਗੜੀ ਬਣਾ ਲਈ। ਇਹ ਗੜੀ ਰਾਹ ਵਿਚ ਹੀ ਪੈਂਦੀ ਸੀ ਤਾਂ ਕਿ ਦੁਸ਼ਮਨ ਦੀਆਂ ਫੌਜਾਂ ਦਾ ਟਾਕਰਾ ਰਾਹ ਵਿਚ ਹੀ ਕੀਤਾ ਜਾ ਸਕੇ 'ਅਲਾਹ ਹੂ ਅਕਬਰ' ਤੇ 'ਸਤਿ ਸ੍ਰੀ ਅਕਾਲ' ਦੇ ਨਾਅਰਿਆਂ ਤੇ ਜੈਕਾਰਿਆਂ ਨਾਲ ਧਰਤੀ ਗੂੰਜ ਉਠੀ। ਦੁਸ਼ਮਣ ਦੀ ਗਿਣਤੀ ਬਹੁਤ ਵੱਧੀ ਹੋਈ ਦੇਖ ਸਿਖਾਂ ਨੇ ਰਾਤ ਨੂੰ ਰਾਹੋਂ ਛਡਣਾ ਹੀ ਮੁਨਾਸਬ ਸਮਝਿਆ। ਇਕ ਜੱਥਾ ਨਿਕਲਦਾ ਤੇ ਦੁਸ਼ਮਣਾਂ ਨੂੰ ਚੀਰਦਾ ਲਿਤਾੜਦਾ ਦੂਰ ਨਿਕਲ ਜਾਂਦਾ ਅਤੇ ਝਾੜੀਆਂ ਵਿਚ ਟਿਕਾਣੇ ਬਣਾ ਲੈਂਦਾ। ਕਿਲ੍ਹਾ ਖਾਲੀ ਕਰਕੇ ਸਿੰਘ ਸੱਭ ਕੁੱਝ ਦੇਖ ਰਹੇ ਸਨ। ਬਾਬਾ ਬੰਦਾ ਸਿੰਘ ਦਾ ਆਉਣਾ ਸੁਣਕੇ ਸਮੱਧ ਖਾਨ ਦੀਆਂ ਫੌਜਾਂ ਵਿਚ ਦਹਿਸ਼ਤ ਪੈ ਗਈ। ਫੌਜਾਂ ਦੀ ਘਬਰਾਹਟ ਦੇਖ ਸਿੰਘਾਂ ਝਾੜੀਆਂ ਤੋਂ ਨਿਕਲ ਕੇ ਰਾਹੋਂ ਤੇ ਫਿਰ ਹੱਲਾ ਬੋਲ ਦਿਤਾ ਤੇ ਰਾਹੋਂ ਕਬਜ਼ੇ ਵਿਚ ਕਰ ਲਇਆ। ਇਸ ਤਰ੍ਹਾਂ ਦੀ ਨੀਤੀ ਵਾਲੀ ਲੜਾਈ ਲੜਦੇ ਦੇਖ ਹੀ ਕਾਜ਼ੀ ਨੂਰ ਮੁਹੰਮਦ ਨੇ ਪਿਛੋਂ ਲਿਖਿਆ ਸੀ ਕਿ ਕੋਈ ਜੰਗ ਦਾ ਤਰੀਕਾ ਇਨ੍ਹਾਂ ਕੋਲੋਂ ਸਿੱਖੇ।

ਸਮੱਧ ਖਾਨ ਐਸਾ ਘਬਰਾਇਆ ਕਿ ਉਸ ਬਹਾਦਰ ਸ਼ਾਹ ਨੂੰ ਦਸਣ ਵਿਚ ਮਦਦ ਲਈ ਲਿਖਿਆ। ੨੫ ਅਕਤੂਬਰ ੧੭੧੦ ਨੂੰ ਉਸ ਵਿਸਥਾਰ ਸਹਿਤ ਰੀਪੋਰਟ ਭੇਜੀ ਕਿ ਸਿਖਾਂ ਨੂੰ ਦਬਾਉਣ ਦਾ ਕੋਈ ਪ੍ਰਬੰਧ ਕਰਨਾ ਚਾਹੀਦਾ ਹੈ। ਲਾਹੌਰ ਤੇ ਭਾਵੇਂ ਉਹ ਕਾਬਜ਼ ਨਹੀਂ ਹੋ ਸਕੇ ਪਰ ਸਿਖ ਅਮਲੀ ਤੌਰ ਤੇ ਦੁਆਬੇ ਦੇ ਮਾਲਕ ਹਨ। ਅਗਲੀ ਗੱਲ ਇਹ ਹੈ ਕਿ ਮਾਝਾ, ਦੁਆਬਾ, ਸਰਹੰਦ, ਗੰਗਾ ਜਮਨਾ ਤਕ ਸਿੱਖਾਂ ਦਾ ਕਬਜਾ ਜਾਂ ਦਬਦਬਾ ਸੀ। ਮੈਲਕਮ ਦਾ ਕਥਨ ਹੈ, "ਬਹਾਦਰ ਸ਼ਾਹ ਦੱਖਣ ਛੱਡ ਕੇ ਜੇ ਪੰਜਾਬ ਨ ਆਉਂਦਾ ਤਾਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖ ਸਾਰੇ ਹਿੰਦੁਸਤਾਨ ਨੂੰ ਜ਼ੇਰ ਕਰ ਲੈਂਦੇ, ਸੋ ਬਹਾਦਰਸ਼ਾਹ ਦੇ ਆਉਣ ਨਾਲ ਪਾਸਾ ਪਲਟਿਆ ਤੇ ਉਸਨੇ ਮੁਸਲਮਾਨ ਜਹਾਦੀ ਤਾਕਤਾਂ ਨੂੰ ਇਕੱਠਾ ਕਰਕੇ ਸਿਖਾਂ ਦਾ ਟਾਕਰਾ ਕੀਤਾ।

ਬਹਾਦਰ ਸ਼ਾਹ ਦਾ ਪੰਜਾਬ ਆਉਣਾ : ਪੰਜਾਬ ਵਿਚ ਵਾਪਰ ਰਹੀਆਂ ਘਟਨਾਵਾਂ ਦੀਆਂ ਖ਼ਬਰਾਂ ਬਹਾਦਰ ਸ਼ਾਹ ਨੂੰ ਅਜਮੇਰ ਪੜ੍ਹਾਈਆਂ ਜਾ ਰਹੀਆਂ ਸਨ। ਉਸ ਵੀ ਨਿਰਣਾ ਦਿਤਾ ਕਿ ਸਿਖਾਂ ਦੀ ਵੱਧਦੀ ਤਾਕਤ ਨੂੰ ਰੋਕਣਾ ਚਾਹੀਦਾ ਹੈ। ਸਿਖਾਂ ਦੀ ਤਾਕਤ ਰਾਜਪੂਤਾਂ ਨਾਲੋਂ ਵੀ ਵੱਧ ਖਤਰਨਾਕ ਹੈ। ਪੰਜਾਬ ਦੇ ਹੱਥੋਂ ਨਿਕਲ ਜਾਣ ਨਾਲ ਪਿਛੇ, ਮੁਸਲਮਾਨ ਦੇਸ਼ਾਂ ਨਾਲ ਸੰਪਰਕ ਹੀ ਟੁੱਟ ਜਾਏਗਾ। ਉਸਦੇ ਵੱਡੇ ਵਜ਼ੀਰ ਮਨੀਮ ਨੇ ਬਾਦਸ਼ਾਹ ਦੀ ਇਸ ਵਿਚਾਰ ਦਾ ਵਿਰੋਧ ਵੀ ਕੀਤਾ ਪਰ ਬਹਾਦਰ ਸ਼ਾਹ ਪੰਜਾਬ ਵਲ ਚਲ ਪਇਆ। ਉਸ ਨੇ ਉਥੋਂ ਹੀ ਦਿਲੀ ਦੇ ਗਵਰਨਰ ਆਸਫ ਉਦ-ਦਉਲਾ ਨੂੰ ਫੌਜਾਂ ਤਿਆਰ ਕਰਨ ਲਈ ਕਹਿਆ। ਅਵਧ, ਮੁਰਾਦਾਬਾਦ, ਅਲਾਹਾਬਾਦ ਦੇ ਨਵਾਬਾਂ ਕੋਲੋਂ ਵੀ ਫੌਜੀ ਮੰਗਵਾਏ। ਮੁਰਾਦਾਬਾਦ ਤੋਂ ਅਮੀਰ ਖ਼ਾਨ ਤੇ ਫੀਰੋਜ਼ਖਾਨ ਮੇਵਾੜ੍ਹ ਤੋਂ ਸਿਪਾਈ ਲੈਕੇ ਪੁਜ ਗਏ। ਬਹਾਦਰ ਸ਼ਾਹ ਨੇ ਆਉਂਦਿਆਂ ਪਹਿਲਾ ਫਰਮਾਨ ਹੀ ਇਹ ਜਾਰੀ ਕੀਤਾ ਕਿ ਹਰ ਹਿੰਦੂ ਦਾੜ੍ਹੀ ਕਤਲ ਕਰਵਾ ਦੇਵੇ ਤਾਂਕਿ ਸਿੱਖ ਸੂਹੀਆਂ ਦਾ ਪਤਾ ਲਗ ਸਕੇ। ਰਾਹੋਂ ਦੀ ਹਾਰ ਦੀ ਖਬਰ ਉਸਨੂੰ ਸੋਨੀਪਤ ਮਿਲੀ।

ਟੱਕਰਾਂ :—ਫੀਰੋਜ਼ਖਾਨ ਮੇਵਾਤੀ ਨੂੰ ਸ਼ਾਹਬਾਦ, ਮੁਸਤਫਾਬਾਦ ਤੇ ਸਾਢੌਰੇ ਵਲ ਭੇਜਿਆ। ਬੰਦਾ ਸਿੰਘ ਅਜੇ ਦਿਓਬੰਦ ਤੋਂ ਹੀ ਮੁੜੇ ਸਨ ਤੇ ਬਾਕੀ ਸਿੰਘ ਦੁਆਬੇ ਵਿਚ ਰੁਝੇ ਹੋਏ ਸਨ। ਸਿੰਘਾਂ ਦਾ ਟਾਕਰੇ ਵਿਚ ਇਕੱਠਾ ਹੋਣਾ ਮੁਸ਼ਕਲ ਸੀ। ਸਰਹੰਦ, ਸਮਾਨਾ, ਥਾਨੇਸਰ ਤੇ ਸਾਢੌਰਾ ਵਿਚ ਸਿਰਫ ਸਿਖਾਂ ਦੀਆਂ ਚੌਕੀਆਂ ਸਨ। ਟਾਕਰੇ ਦਾ ਸਾਰਾ ਭਾਰ ਬਾਬਾ ਬਨੋਧ ਸਿੰਘ ਤੇ ਰਾਮ ਸਿੰਘ ਨੇ ਚੁਕਿਆ। ਉਸੇ ਤਰਾਵੜੀ ਜਿਥੇ ਕਦੇ ਮੁਹੰਮਦ ਗੌਰੀ ਤੇ ਪ੍ਰਿਥੀ ਚੰਦ ਦੇ ਟਾਕਰੇ ਹੋਏ ਸਨ, ਲੜਾਈ ਅਰੰਭ ਹੋ ਗਈ। ਮਹਾਬਤ ਖਾਨ ਪਹਿਲ ਕਰਕੇ ਸਿਖਾਂ ਤੇ ਵਾਰ ਕੀਤਾ ਪਰ ਉਹ ਛੇਤੀ ਹੀ ਮੈਦਾਨ ਛੱਡ ਗਿਆ। ਮਹਾਬਤ ਖਾਨ ਨੂੰ ਨਸਦਾ ਦੇਖ ਫੈਰੋਜ਼ ਖਾਨ ਸਿਰ ਫਿਰਿਆਂ ਵਾਂਙ ਸਿੱਖ ਫੌਜਾਂ ਤੇ ਟੁੱਟ ਪਇਆ। ਇਲਾਕੇ ਦੇ ਸਯਦ ਜਿਨ੍ਹਾਂ ਨੂੰ ਕਦੇ ਇਨ੍ਹਾਂ ਹੀ ਮੁਗਲਾਂ ਨੇ ਮਾਰ ਦਿਤੀ ਸੀ, ਮੁੱਗਲਾਂ ਨਾਲ ਜਾ ਰਲੇ। ਸਿੱਖਾਂ ਦੇ ਅੰਦਾਜ਼ੇ ਗਲਤ ਨਿਕਲੇ ੩੦੦ ਦੇ ਕਰੀਬ ਸਿੰਘ ਸ਼ਹੀਦ ਹੋਏ।

ਇਸ ਖਬਰ ਨਾਲ ਸਮੱਧ ਖਾਨ ਦਾ ਵੀ ਉਤਸ਼ਾਹ ਵੱਧਿਆ ਤੇ ਉਹ ਸਰਹੰਦ ਤੇ ਹਮਲਾ ਕਰਨ ਲਈ ਟੁਰ ਪਿਆ। ਵਜ਼ੀਦਖਾਨ ਤੇ ਉਮਰਾਖਾਨ ਉਸਦੀ ਇਮਦਾਦ ਤੇ ਸਨ। ਬਾਜ ਸਿੰਘ ਸਰਹੰਦ ਵਿਚ ਨਹੀਂ ਸਨ। ਸ਼ਾਮ ਸਿੰਘ ਤੇ ਸੁਖਾ ਸਿੰਘ ਜੀ ਨੇ ਕਿਲ੍ਹੇ ਵਿਚੋਂ ਹੀ ਲੜਾਈ ਕਰਨੀ ਮੁਨਾਸਬ ਜਾਣੀ। ਸਮੱਧ ਖਾਨ ਨੇ ਸਰਹੰਦ ਦੇ ਕਿਲ੍ਹੇ ਤੇ ਕਬਜ਼ਾ ਕਰ ਲਿਆ। ਅਮੀਨ ਖਾਨ ਵੀ ਸਰਹੰਦ ਹੀ ਸੀ, ਉਹ ਸਰਹੰਦ ਦੀ ਜਿਤ ਸੁਣਕੇ ਜਲ ਉਠਿਆ ਤੇ ਉਸ ਬਹਾਦਰ ਸ਼ਾਹ ਦੇ ਐਸੇ ਕੰਨ ਭਰੇ ਕਿ ਸਮੱਧ ਖਾਨ ਨੂੰ ਇਨਾਮ ਮਿਲਣ ਦੀ ਥਾਂਵੇ ਜਲੰਧਰ ਦੀ ਨਵਾਬੀ ਵੀ ਹਥੋਂ ਗਵਾਣੀ ਪਈ।

ਲੋਹ ਗੜ੍ਹ ਦੀ ਲੜਾਈ : ਸਰਹੰਦ ਦਾ ਕਿਲਾ ਖੁਸ ਜਾਣ ਉਪ੍ਰੰਤ ਸਿਖਾਂ ਨੇ ਲੋਹ ਗੜ੍ਹ ਵਿਚ ਟਿਕਾਣਾ ਕੀਤਾ, ਬਾਬਾ ਬੰਦਾ ਸਿੰਘ ਵੀ ਪੁਜ ਗਏ ਸਨ। ਮੁਗਲ ਫੌਜ ਵਿਚ ਇਸ ਭਾਵ ਦੀਆਂ ਮਨੌਤਾਂ ਪਕੀਆਂ ਹੋਈਆਂ ਸਨ ਕਿ ਬੰਦਾ ਸਿੰਘ ਕਈ ਸ਼ਕਤੀਆਂ ਦਾ ਮਾਲਕ ਹੈ। ਉਸ ਨੂੰ ਤੀਰ, ਤਲਵਾਰ, ਛੋਹ ਨਹੀਂ ਸਕਦੀ।[1] ਬਹਾਦਰ ਸ਼ਾਹ ਵੀ ਐਸੀਆਂ

੧. ਇਸ ਦੂਜੀ ਵੱਡੀ ਜੰਗ ਵਿਚ ਜਰਮਨ ਦੇ ਜਰਨੈਲ ਰੋਮੇਲ ਸਬੰਧੀ ਵੀ ਐਸੀਆਂ ਮਨੌਤਾਂ ਫੈਲੀਆਂ ਸਨ ਤੇ ਇਕ ਫਿਰਤੂ ਹਿਰੀ ਰਾਹੀਂ ਆਕਨਲੇਕ ਨੇ ਰੋਮੇਲ ਦਾ ਨਾਂ ਲੈਣਾ ਹੀ ਵਿਵਰਜਤ ਕਰ ਦਿੱਤਾ ਸੀ।

ਮਨੌਤਾਂ ਸੁਣ ਚੁਕਾ ਸੀ। ਬਹਾਦਰ ਸ਼ਾਹ ਨੇ ਰੁਸਤਮ ਦਿਲ ਖਾਨ ਤੇ ਫੀਰੋਜ਼ ਖਾਨ ਨੂੰ ਕਿਲੇ ਵਲ ਭੇਜਿਆ। ਸਿੱਖਾਂ ਵੀ ਉਨ੍ਹਾਂ ਨੂੰ ਰਾਹ ਵਿਚ ਜਾ ਲਿਆ। ਮੁੱਗਲ ਫੌਜਾਂ ਦਾ ਉਹ ਦੱਸਤਾ ਖਿੰਡ ਪੁੰਡ ਗਿਆ। ਬਹਾਦਰ ਸ਼ਾਹ ਨੇ ਪਿਛੋਂ ਹੋਰ ਇਮਦਾਦ ਭੇਜੀ। ਸਿੱਖ ਵੀ ਲੋਹ ਗੜ੍ਹ ਤੋਂ ਹੀ ਵਾਪਸ ਮੁੜ ਆਏ। ੬੦ ਹਜ਼ਾਰ ਦੀ ਇਕੱਠੀ ਫ਼ੌਜ ਲੋਹ ਗੜ੍ਹ ਤੇ ਚੜ੍ਹਾ ਦਿਤੀ ਗਈ। ਕਮਾਨ ਵੀ ਉਸ ਨੇ ਸ਼ਹਿਜ਼ਾਦਾ ਰਫੀ-ਉਲ-ਖਾਨ ਨੂੰ ਸੌਂਪੀ। ਉਨ੍ਹਾਂ ਹਮਲੇ ਦੀ ਥਾਂ ਘੇਰਾ ਪਾਉਣਾ ਹੀ ਮੁਨਾਸਬ ਸਮਝਿਆ ਤੇ ਬਹਾਦਰ ਸ਼ਾਹ ਨੇ ਹਮਲਾ ਕਰਨ ਤੋਂ ਰੋਕ ਦਿਤਾ।

ਮੁਨੀਮਖਾਨ ਗਿਣਤੀ ਦੇ ਰੁਹਬ ਵਿਚ ਕਿਲ੍ਹੇ ਵਲ ਵੱਧਿਆ ਪਰ ਸਿਖਾਂ ਨੇ ਉਸ ਦਾ ਸੁਆਗਤ ਤੋਪਾਂ ਨਾਲ ਕੀਤਾ। ਉਹ ਛਿੱਤਾ ਪੈ ਗਇਆ ਤੇ ਹਦਾਇਤ ਭੁਲਾ ਕੇ ਉਸ ਹਮਲਾ ਬੋਲ ਦਿਤਾ। ਜੰਗ ਨ ਚਾਹੁੰਦੇ ਹੋਏ ਵੀ, ਜੰਗ ਮੱਚ ਗਿਆ। ਕਿਲ੍ਹੇ ਤਕ ਤਾਂ ਮੁੱਗਲ ਪੁੱਜ ਗਏ ਪਰ ਕਬਜਾ ਕਰਨਾ ਕੋਈ ਸੌਖੀ ਗੱਲ ਨਹੀਂ ਸੀ। ਸਿੰਘ ਵੀ ਜੱਥੇ ਬਣਾਕੇ ਅੰਦਰੋਂ ਨਿਕਲਦੇ ਤੇ ਦੁਸ਼ਮਨ ਦੀਆਂ ਕਤਾਰਾਂ ਨੂੰ ਵੰਗਾਰਦੇ, ਲਿਤਾੜਦੇ ਤੇ ਮਾਰਦੇ ਦੂਰ ਨਿਕਲ ਜਾਂਦੇ। ਸੁਚਾ ਨੰਦ ਦਾ ਪੁਤਰ ਤੇ ਕਈ ਹੋਰ ਮੁੱਖੀ ਮੁੱਗਲ ਮਾਰੇ ਗਏ।

ਦੂਜੇ ਦਿਨ ੧੧ ਦਸੰਬਰ, ੧੭੧੦ ਨੂੰ ਸਵੇਰੇ ਹੀ ਤੱਗੜਾ ਹੱਲਾ ਕਰਨ ਦੀ ਵਿਉਂਤ ਮੁਨੀਮ ਖਾਨ ਨੇ ਬਣਾਈ। ਬਹਾਦਰ ਸ਼ਾਹ ਨੂੰ ਰਾਤੋ ਰਾਤ ਮਿਲਕੇ ਉਸਨੇ ਸਾਰੀ ਅਸਥਿਤੀ ਤੋਂ ਜਾਣੂ ਕਰਾਇਆ। ਬਹਾਦਰ ਸ਼ਾਹ ਅਜੇ ਲੋਹ ਗੜ੍ਹ ਤੇ ਹਮਲਾ ਕਰਨ ਦੇ ਹਕ ਵਿਚ ਨਹੀਂ ਸੀ। ਉੱਧਰ ਸਿੱਖਾਂ ਵੀ ਇਹ ਵਿਉਂਤ ਬਣਾ ਲਈ ਕਿ ਬਾਬਾ ਬੰਦਾ ਸਿੰਘ ਰਾਤ ਨੂੰ ਕਿਲ੍ਹਾ ਛੱਡ ਜਾਣ ਤੇ ਉਨ੍ਹਾਂ ਦੇ ਮੁਹ-ਮੁਹਾਂਦਰੇ ਵਾਲੇ ਗੁਲਾਬ ਸਿੰਘ ਨੂੰ ਕਮਾਨ ਸੌਂਪ ਦਿਤੀ ਜਾਏ। ਕਿਲ੍ਹੇ ਅੰਦਰ ਖਾਣ ਲਈ ਰਸਦ ਮੁੱਕ ਗਈ ਸੀ ਤੇ ਉਹ ਭੁੱਖ ਨਾਲ ਨਿਢਾਲ ਹੋ ਰਹੇ ਸਨ। ਇਕ ਕਥਨ ਮੁਤਾਬਕ ਉਨ੍ਹਾਂ ਘੋੜਿਆਂ ਦਾ ਵੀ ਮਾਸ ਖਾ ਲਇਆ।[1] ਘੋੜੇ ਹੀ ਉਨ੍ਹਾਂ ਦਾ ਸੱਭ ਤੋਂ ਵੱਡਾ ਹਥਿਆਰ ਸੀ।

ਬਾਜ ਉੱਡ ਗਿਆ : ਅੱਧੀ ਰਾਤ ਨੂੰ ਤੋਪ ਚਲਾਈ ਗਈ ਤੇ ਬਾਬਾ ਬੰਦਾ ਸਿੰਘ ਕੁਝ ਸਾਥੀਆਂ ਸਮੇਤ ਰਿਆਸਤ ਨਾਹਨ ਵਿਚ ਜਾ ਪੁੱਜੇ। ਜਦ ਦੂਜੇ ਦਿਨ ਮੁਨੀਮ ਖਾਨ ਦਾ ਲੋਹਗੜ੍ਹ ਤੇ ਕਬਜ਼ਾ ਹੋਇਆ ਤਾਂ ਬੰਦਾ ਸਿੰਘ ਨੂੰ ਉਥੇ ਨਾ ਪਾ ਕੇ ਮੁੱਗਲਾਂ ਨੂੰ ਬਹੁਤ ਹੀ ਮਾਯੂਸੀ ਹੋਈ। 'ਬਾਜ ਤਾਂ ਉੱਡ ਗਿਆ ਸੀ'। ਪਹਿਲਾਂ ਗੁਲਾਬ ਸਿੰਘ ਨੂੰ ਹੀ ਬੰਦਾ ਸਿੰਘ ਜਾਣ ਸਾਮ੍ਹਣੇ ਲਿਆਂਦਾ ਗਿਆ, ਪਰ ਉਸ ਨੇ ਬੰਦਾ ਸਿੰਘ ਦਾ ਨਿਕਲ ਜਾਣਾ ਦਸਿਆ। ਬਹਾਦਰ ਸ਼ਾਹ ਗੁੱਸੇ ਵਿਚ ਜੋ ਆਇਆ ਸੋ ਬੋਲ ਰਹਿਆ ਸੀ ਅਤੇ ਮਨੀਮ ਖਾਨ ਨੂੰ ਖੂਬ ਕੋਸਿਆ। ਨਾਹਨ ਦੇ ਰਾਜੇ ਰੂਪ ਪ੍ਰਕਾਸ ਨੂੰ ਜੀਉਂਦੇ ਪਕੜ ਲਿਆਉਣ ਦਾ ਉਸ ਹੁਕਮ ਜਾਰੀ ਕੀਤਾ। ਗੁੱਸਾ ਹੁਣ ਕਿਸੇ ਤੇ ਹੀ ਨਿਕਲਣਾ ਸੀ। ਨਾਹਨ ਵਿਚ ਜੁ ਬੰਦਾ ਸਿੰਘ ਸਨ। ਨਾਹਨ ਦੇ ਰਾਜੇ ਨੂੰ ਖੂਬ ਤਸੀਹੇ ਦਿਤੇ ਗਏ, ਪਰ ਉਸ ਦੇ ਕੀ ਵਸ ਸੀ। ਸ੍ਰੀਨਗਰ ਦੇ ਪਹਾੜੀ ਰਾਜ ਨੇ ਡਰਦਿਆਂ ਪਹਿਲੇ ਹੀ ਤੋਹਫ਼ੇ ਬਹਾਦਰ ਸ਼ਾਹ ਤਕ ਭੇਜ ਦਿਤੇ। ਜਰਨੈਲ ਹਮੀਦ ਖਾਨ ਨੂੰ ਬਾਬਾ ਬੰਦਾ ਸਿੰਘ ਦੇ ਪਕੜਣ ਲਈ ਨਿਯਤ ਕੀਤਾ ਤੇ ਆਪੂੰ ਬਹਾਦਰ ਸ਼ਾਹ ਉਹ ਪਹਾੜੀ ਦੀ ਤਲ੍ਹਟੀ ਹੇਠਾਂ ਸਰਦਪੁਰ, ਰਸੂਲਪੁਰ, ਭੜੋਲੀ, ਹੁਸ਼ਿਆਰਪੁਰ, ਕਾਹਨੂੰਵਾਨ, ਕਲਾਨੋਰ, ਪੰਜ ਗਿਰਾਂਹੀ ਹੁੰਦਾ ੧੧ ਅਗਸਤ, ੧੭੧੧ ਨੂੰ ਲਾਹੌਰ ਪੁੱਜਾ।

ਲੋਹਗੜ੍ਹ ਤੋਂ ਗੁਰਦਾਸ ਨੰਗਲ ਤਕ : ਲੋਹਗੜ੍ਹ ਤੋਂ ਬਾਬਾ ਬੰਦਾ ਸਿੰਘ ਜੀ ਦੇ ਬਚ

---

੧. ਖਾਫੀ ਖਾਨ

ਨਿਕਲ ਜਾਣ ਨੂੰ ਮੁੱਗਲ ਆਪਣੀ ਹਾਰ ਹੀ ਸਮਝਦੇ ਸਨ । ਬਾਬਾ ਬੰਦਾ ਸਿੰਘ ਜੀ ਦੀ ਹੋਂਦ ਹੀ ਸਿੱਖਾਂ ਦੇ ਹੋਏ ਨੁਕਸਾਨ ਨੂੰ ਪੂਰਿਆਂ ਕਰਨ ਲਈ ਕਾਫ਼ੀ ਸੀ । ਬੰਦਾ ਸਿੰਘ ਨੇ ਆਉਣ ਵਾਲੇ ਖਤ-ਰਿਆਂ ਨੂੰ ਅਨੁਭਵ ਕਰ ਲਿਆ । ਸਿਖ ਵਿਚ ਬੇਦਿਲੀ ਆ ਜਾਣ ਦਾ ਖ਼ਤਰਾ ਸੀ, ਸੋ ਉਨ੍ਹਾਂ ਥਾਂ ਥਾਂ ਹੁਕਮਨਾਮੇ ਭੇਜੇ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਰਾਹ ਤੇ ਟੁਰੋ ।[1] ਹਰ ਪ੍ਰਕਾਰ ਦੀ ਮੱਦਦ ਭੇਜੋ । ਸਾਰਿਆਂ ਪਾਸਿਆਂ ਫਿਰ ਉਤਸ਼ਾਹ ਜਾਗ ਪਇਆ ਤੇ ਸਿਖ ਕੀਰਤਪੁਰ ਪੁਜਣ ਲਗੇ । ਬੰਦਾ ਸਿੰਘ ਜੀ ਨੇ ਵੀ ਪਹਾੜੀ ਰਾਜਿਆਂ ਵਲ ਪਹਿਲਾਂ ਧਿਆਨ ਦੇਣਾ ਠੀਕ ਸਮਝਿਆ । ਕਹਲੂਰ ਦਾ ਰਾਜਾ ਭੀਮ ਚੰਦ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੇ ਹੀ ਵਿਰੋਧ ਕਰ ਰਹਿਆ ਸੀ । ਉਸ ਦੇ ਪੁੱਤਰ ਅਜਮੇਰ ਚੰਦ ਨੇ ਬਿਲਾਸਪੁਰ ਟਾਕਰਾ ਕੀਤਾ ਤੇ ਹਾਰ ਖਾ ਕੇ ਵਾਪਸ ਮੁੜ ਗਇਆ । ਇਸ ਜਿੱਤ ਨਾਲ ਸਨਮਾਨ ਫਿਰ ਕਾਇਮ ਹੋ ਗਿਆ । ਪਹਾੜੀ ਰਾਜੇ ਨਜ਼ਰਾਨੇ ਲੈ ਕੇ ਹਾਜ਼ਰ ਹੋਏ । ਪਰ ਮੰਡੀ ਦੇ ਰਾਜੇ ਨੇ ਆਪ ਜੀ ਨੂੰ ਪਕੜ ਲਇਆ ਤੇ ਪਿੰਜਰੇ ਪਾ ਦਿਤਾ, ਪਰ ਆਪ ਜੀ ਜੁਗਤ ਨਾਲ ਪਿੰਜਰੇ ਤੋਂ ਬਾਹਰ ਨਿਕਲ ਗਏ ਤੇ ਚੰਬੇ ਜਾ ਪੁਜੇ । ਇਸ ਕਰਤੱਵ ਨਾਲ ਵੀ ਇਹ ਗੱਲ ਫੈਲ ਗਈ ਕਿ ਬੰਦਾ ਸਿੰਘ ਨੂੰ ਕੈਦ ਨਹੀਂ ਰਖਿਆ ਜਾ ਸਕਦਾ । ਚੰਬੇ ਦੇ ਰਾਜੇ ਨੇ ਸਵਾਗਤ ਕੀਤਾ ਤੇ ਰਾਜ ਘਰਾਣੇ ਦੀ ਲੜਕੀ ਬਾਬਾ ਬੰਦਾ ਸਿੰਘ ਜੀ ਨੂੰ ਪੇਸ਼ ਕੀਤੀ । ਬੰਦਾ ਸਿੰਘ ਨੇ ਸ਼ਾਦੀ ਕਰ ਲਈ । ਉਸ ਦੀ ਕੁਖੋਂ ਅਜੈ ਸਿੰਘ ਪੈਦਾ ਹੋਇਆ ।

ਬਹਾਦਰ ਸ਼ਾਹ ਦੀਆਂ ਫ਼ੌਜਾਂ ਦੀ ਚੜ੍ਹਾਈ : ਬਹਾਦਰ ਸ਼ਾਹ ਨੂੰ ਬੰਦਾ ਸਿੰਘ ਦੀਆਂ ਸਾਰੀਆਂ ਹੀ ਕਾਰਵਾਈਆਂ ਦੀ ਖ਼ਬਰ ਪੁਜ ਰਹੀ ਸੀ, ਪਰ ਪੂਰਾ ਥੌਹ ਪਤਾ ਨਾ ਹੋਣ ਕਾਰਨ ਬੇਵਸ ਸੀ । ਭਾਵੇਂ ਅਮੀਨ ਖਾਨ ਤੇ ਰੁਸਤਮ ਦਿਲ ਖਾਨ ਪੂਰੀ ਨੱਸ ਭੱਜ ਕਰ ਰਹੇ ਸਨ । ਸਮੱਧ ਖਾਨ ਵੀ ਸਰਹੰਦ ਤੋਂ ਮੁੜਣ ਉਪ੍ਰੰਤ ਆਪਣੇ ਗਵਾਚੇ ਵਕਾਰ ਨੂੰ ਮੁੜ ਥਾਂ ਸਿਰ ਲਿਆਉਣ ਲਈ ਹੱਥ ਪੈਰ ਮਾਰ ਰਹਿਆ ਸੀ । ਵਜੀਦ ਖਾਨ ਉਸ ਦੀ ਸਹਾਇਤਾ ਕਰ ਰਹਿਆ ਸੀ । ਸਮੱਧ ਖਾਨ ਨੂੰ ਸੂਹ ਮਿਲੀ ਕਿ ਬਾਬਾ ਬੰਦਾ ਸਿੰਘ ਰਾਇਪੁਰ ਦੇ ਨੇੜੇ ਬ੍ਰਹਮਪੁਰ ਹਨ ।

ਸਿੱਖਾਂ ਦੀਆਂ ਮਾਰਾਂ : ਉਨ੍ਹਾਂ ਦੋਵਾਂ ਨੇ ਹਮਲਾ ਕਰ ਦਿਤਾ । ਬਾਜ ਸਿੰਘ ਤੇ ਫਤਹ ਸਿੰਘ ਦੂਜੇ ਪਾਸੇ ਟਾਕਰੇ ਲਈ ਡੱਟ ਗਏ । ਬਾਜ ਸਿੰਘ ਨੇ ਅੱਗੇ ਵਧ ਕੇ ਸਮੱਧ ਖਾਨ ਦਾ ਨੇਜ਼ਾ ਖੋ ਲਇਆ ਤੇ ਇਕ ਵਾਰ ਨਾਲ ਉਸ ਦੇ ਦੋ ਟੋਟੇ ਕਰ ਦਿਤੇ । ਵਜੀਦ ਖਾਨ ਵੀ ਫਤਹ ਸਿੰਘ ਹੱਥੋਂ ਸਖ਼ਤ ਜ਼ਖ਼ਮੀ ਹੋਇਆ । ਜੰਗ ਵਿਚੋਂ ਤਾਂ ਭਾਵੇਂ ਬਚ ਨਿਕਲ ਗਿਆ, ਪਰ ਤਿੰਨ ਦਿਨਾਂ ਪਿਛੋਂ ਉਹ ਵੀ ਚੋਟਾਂ ਦੀ ਮਾਰ ਨਾ ਸਹਾਰਦਾ ਮਰ ਗਇਆ । ਬਹਾਦਰ ਸ਼ਾਹ ਨੇ ਇਸ ਹਾਰ ਦੀ ਖ਼ਬਰ ੧੪ ਜੂਨ, ੧੭੧੧ ਨੂੰ ਸੁਣੀ । ਸਿੱਖਾਂ ਦੇ ਹੌਂਸਲੇ ਹੋਰ ਵਧੇ ਤੇ ਉਨ੍ਹਾਂ ਖੁਸ਼ੀ ਮਨਾਈ ਕਿ ਮੁਗਲ ਫ਼ੌਜਾਂ ਦੇ ਦੋ ਜਰਨੈਲ ਇਕੋ ਹੀ ਟਾਕਰੇ ਵਿਚ ਖ਼ਤਮ ਹੋ ਗਏ । ਮੁਸਲਮਾਨ ਘਬਰਾ ਗਏ ਅਤੇ ਉਸੇ ਘਬਰਾਹਟ ਵਿਚ ਹੀ ਸ਼ੇਖ ਅਹਿਮਦ ਟਾਕਰਾ ਕਰਨ ਲਈ ਅਗੇ ਵਧਿਆ, ਪਰ ਉਸ ਨੂੰ ਵੀ ਮੂੰਹ ਦੀ ਖਾਣੀ ਪਈ । ਅਮੀਨ ਖਾਨ ਤੇ ਰੁਸਤਮ ਦਿਲ ਖਾਨ ਇਕੱਠੇ ਹੀ ਅੱਗੇ ਵਧੇ ਪਰ ਬਾਬਾ ਬੰਦਾ ਸਿੰਘ ਜੀ ਰਾਵੀ ਪਾਰ ਕਰਕੇ ਕਠੂਆ ਜਾ ਚੁਕੇ ਸਨ । ਰੁਸਤਮ ਕਠੂਆ ਵੀ ਪੁੱਜਾ ਪਰ ਬਾਬਾ ਜੀ ਬਹੁਤ ਹੀ ਅਗਾਂਹ ਜਾ ਚੁਕੇ ਸਨ । ਰੁਸਤਮ ਦਿਲ ਖਾਨ ਨੇ ਕਠੂਆ ਦੇ ਵਸਨੀਕਾਂ ਨੂੰ ਤੰਗ ਕਰਨਾ ਆਰੰਭ ਕਰ ਦਿਤਾ । ਉਸ ਦੇ ਸਾਥੀ ਅਮੀਨ ਖਾਨ ਨੇ ਇਸ

---

੧. "ਜੋ ਖ਼ਾਲਸੇ ਦੀ ਰਹਤ ਰਹੇਗਾ ਤਿਸ ਦੀ ਗੁਰੂ ਬੋਹੜੀ ਕਰੇਗਾ"
''ਹੁਕਮ ਨਾਮਾ ਬੰਦਾ ਸਿੰਘ ਜੋਗ
ਖ਼ਾਲਸਾ ਜਉਨ ਪੁਰ''

ਤਰ੍ਹਾਂ ਨਿਰਦੋਸ਼ਾਂ ਤੇ ਸਖ਼ਤੀ ਦਾ ਬੁਰਾ ਮਨਾਇਆ ਤੇ ਉਹ ਵਾਪਸ ਲਾਹੌਰ ਮੁੜ ਆਇਆ।

ਬਹਾਦਰ ਸ਼ਾਹ ਦੇ ਕਰੜੇ ਹੁਕਮ : ਅਮੀਨ ਖਾਨ ਨੇ ਪੂਰੀ ਸੂਚਨਾ ਦਿਤੀ ਤੇ ਦਸਿਆ ਕਿ ਹਰ ਹਿੰਦੂ ਸਿੱਖਾਂ ਦਾ ਮਦਦਗਾਰ ਹੈ। ਬਹਾਦਰ ਸ਼ਾਹ ਨੇ ਪਹਿਲਾਂ ਕਰੜਾ ਫੁਰਮਾਨ ਜਾਰੀ ਕੀਤਾ ਕਿ ਜਿਥੇ ਵੀ ਕੋਈ ਨਾਨਕ ਦਾ ਨਾਮ ਲੇਵਾ ਮਿਲੇ ਉਸ ਨੂੰ ਪਕੜਕੇ ਕਤਲ ਕਰ ਦਿਤਾ ਜਾਏ।[1] ਸਿੱਖਾਂ ਦੀ ਥਾਂ ਨਾਨਕ ਨਾਮ ਲੇਵਾ ਲਿਖਣ ਦਾ ਭਾਵ ਹੀ ਇਹ ਸੀ ਕਿ ਬਹੁਤੇ ਲੋਕੀ ਆਪਣੇ ਆਪ ਨੂੰ ਨਾਨਕ ਨਾਮ ਲੇਵਾ ਕਹਿ ਕੇ ਮੁਗ਼ਲਾਂ ਕੋਲੋਂ ਪਿੱਛਾ ਛੁਡਾ ਲੈਂਦੇ ਸਨ। ਦੂਜੇ ਕੇਸ਼ਧਾਰੀ ਸਿੱਖਾਂ ਨੂੰ ਅਜੇ ਆਮ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਿਖ ਹੀ ਕਹਿਆ ਜਾਂਦਾ ਸੀ। ਬਹਾਦਰ ਸ਼ਾਹ ਇਹ ਜਾਣਦਾ ਸੀ ਕਿ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਕੋਈ ਅੰਤਰ ਨਹੀਂ, ਸੋ ਉਸ ਨੇ ਫੁਰਮਾਨ ਦੇ ਸ਼ਬਦਾਂ ਵਿਚ ਨਾਨਕ-ਪ੍ਰਸਤਾਂ ਹੀ ਵਰਤਿਆ ਇਸ ਫੁਰਮਾਨ ਦਾ ਸਹਾਰਾ ਲੈ ਕੇ ਜੋ ਜੋ ਅੱਤਿਆਚਾਰ ਪੰਜਾਬ ਦੀ ਜਨਤਾ ਤੇ ਹੋਏ, ਉਹ ਕਥਨ ਤੋਂ ਬਾਹਰ ਹਨ। ਸੰਨਿਆਸੀਆਂ ਤਕ ਨੂੰ ਨਾ ਛਡਿਆ ਗਇਆ। ਉਦਾਸੀਆਂ ਦੇ ਡੇਰੇ ਉਜਾੜੇ ਗਏ। ਅੰਮ੍ਰਿਤਸਰ ਦੇ ਵਸਨੀਕਾਂ ਨੂੰ ਖ਼ਾਸ ਤੌਰ ਤੇ ਨਿਸ਼ਾਨਾ ਬਣਾਇਆ ਗਿਆ। ਬਹਾਦਰ ਸ਼ਾਹ ਨੇ ਆਪਣੇ ਹੁਕਮਾਂ ਨੂੰ ਹੋਰ ਕਰੜਾਈ ਦੇਣ ਲਈ ਇਹ ਫੁਰਮਾਨ ਵੀ ਕਢਿਆ ਕਿ ਕੋਈ ਹਿੰਦੂ ਦਾਹੜੀ ਵਾਲਾ ਨਾ ਰਖੇ।[2] ਜ਼ਬਰਦਸਤੀ ਦਾਹੜੀਆਂ ਮੁੰਨੀਆਂ ਗਈਆਂ। ਬਹਾਦਰ ਸ਼ਾਹ ਲਾਹੌਰ ਹੀ ਟਿਕ ਗਿਆ। ਇਤਨੇ ਕਰੜੇ ਹੁਕਮਾਂ ਵਿਚ ਇਕ ਨਹੀਂ ਅਨੇਕ ਬੀਰਤਾ ਦੀਆਂ ਘਟਨਾਵਾਂ ਹੋਈਆਂ।

ਭਾਈ ਅਦਨ ਸ਼ਾਹ ਦਾ ਜੁਅਰਤ ਭਰਿਆ ਉੱਤਰ : ਭਾਈ ਕਨ੍ਹਿਆ ਜੀ ਨੇ ਪੰਥ ਵਿਚ ਸਮ-ਦ੍ਰਿਸ਼ਟੀ ਦੀ ਸੇਵਾ ਦੀ ਪਰਪਾਟੀ ਚਲਾਈ ਸੀ। ਉਨ੍ਹਾਂ ਕੋਲੋਂ ਸੇਵਾ ਲਈ ਭਾਈ ਸੇਵਾ ਰਾਮ ਨੇ ਤੇ ਫਿਰ ਸਹਜ ਆਇਆ ਭਾਈ ਸਹਜ ਰਾਮ ਜੀ ਕੋਲ ਅਤੇ ਸਹਜ ਰਾਮ ਜੀ ਕੋਲੋਂ ਅੜ ਖਲੋਣ ਦੀ ਸ਼ਕਤੀ ਭਾਈ ਅਦਨ ਸ਼ਾਹ ਪਾਸ ਆਈ।

ਭਾਈ ਅਦਨ ਸ਼ਾਹ ਨਿਰਭਉ ਦੀ ਮੂਰਤ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਉਨ੍ਹਾਂ ਕੀਤੇ ਸਨ। ਬਹਾਦਰ ਸ਼ਾਹ ਤੇ ਹੋਰ ਕੱਟਰ ਪਰਸਤ ਗੁਰੂ ਗੋਬਿੰਦ ਸਿੰਘ ਜੀ ਨੂੰ ਮਰ੍ਹੇਲਾ (ਲੜਾਕੂ) ਕਹਕੇ ਪੁਕਾਰਦੇ ਸਨ। ਬਹਾਦਰ ਸ਼ਾਹ ਕੇਸਾਧਾਰੀ ਸਿੱਖ ਨੂੰ ਦੇਖ ਕੇ ਪਾਗਲ ਹੀ ਹੋ ਜਾਂਦਾ ਸੀ। ਜਦ ਗੁਰੂ ਜੀ ਨੇ ਕੇਸ ਰੱਖਣ ਦਾ ਹੁਕਮ ਦਿਤਾ ਸੀ ਤਾਂ ਇਨ੍ਹਾਂ ਸੇਵਾ-ਪੰਥੀਆਂ ਨੇ ਵੀ ਸਿਖੀ ਕੇਸਾਂ ਸੁਆਸਾਂ ਨਾਲ ਨਿਭਾਹੁਣ ਦਾ ਪ੍ਰਣ ਕੀਤਾ। ਜਦ ਬਹਾਦਰ ਸ਼ਾਹ ਨੇ ਕਰੜੇ ਫੁਰਮਾਨ ਕੱਢੇ ਤਾਂ ਭਾਈ ਅਦਨ ਸ਼ਾਹ ਜੀ ਲਾਹੌਰ ਵਿਚ ਹੀ ਸਨ। ਬਹਾਦਰ ਸ਼ਾਹ ਆਪਣੇ ਪੀਰ ਨੂੰ ਮਿਲਣ ਗਿਆ। ਪੀਰ ਦੀ ਦਰਗਾਹ ਭਾਈ ਅਦਨ ਸ਼ਾਹ ਤੇ ਉਸ ਫ਼ਕੀਰ ਦੀ ਧਰਮ ਚਰਚਾ ਹੋ ਰਹੀ ਸੀ। ਜਿਸ ਸਮੇਂ ਬਹਾਦਰ ਸ਼ਾਹ ਨੇ ਪੀਰ ਕੋਲ ਬੈਠੇ ਇਕ ਸਾਥੀ ਦੇ ਸਿਰ ਤੇ ਕੇਸ ਦੇਖੇ ਤਾਂ ਉਸ ਸਮੇਂ ਉਸ ਪੁਛਿਆ ਕਿ ਕੀ ਉਹ ਪੁਰਸ਼ ਮਰ੍ਹੇਲੇ ਦਾ ਸਿੱਖ ਹੈ ਤਾਂ ਪੀਰ ਨੇ ਡਰਦੇ ਡਰਦੇ ਕਹਿਆ, "ਨਹੀਂ, ਇਹ ਬਾਬੇ ਨਾਨਕ ਫ਼ਕੀਰ ਦਾ ਸਿੱਖ ਹੈ।" ਭਾਈ ਅਦਨ ਸ਼ਾਹ ਜੀ ਉਸ ਵੇਲੇ ਗਰਜਕੇ ਬੋਲੇ, ਨਹੀਂ ਨਹੀਂ ਮੈਂ ਮਰ੍ਹੇਲੇ ਗੁਰੂ ਦਾ ਹੀ ਸਿੱਖ ਹਾਂ। ਹਰ ਕੋਈ ਜਾਣਦਾ ਸੀ ਕਿ ਮਰ੍ਹੇਲੇ (ਗੁਰੂ ਗੋਬਿੰਦ ਸਿੰਘ ਜੀ) ਦਾ ਸਿਖ ਕਹਿਣ ਦਾ ਸਿੱਟਾ ਸ਼ਹਾਦਤ ਸੀ, ਪਰ ਜਿਨ੍ਹਾਂ

---

੧. ਨਾਨਕ ਪ੍ਰਸਤਾਂ ਹਰ ਜਾ ਕਿ ਵ ਬੰਦ ਵ ਕਤਲ ਰਸਾਨਦ।

੨. ਰੁਕਾਤ-ਅਮੀਨ-ਉਦ-ਦਉਲਾ

ਦੀਆਂ ਹੱਡੀਆਂ ਵਿਚ ਨਿਰਭਉ ਦਾ ਨਿਵਾਸ ਹੋਵੇ, ਉਹ ਕਿਸੇ ਦੀ ਕੀ ਪਰਵਾਹ ਕਰਦੇ ਹਨ, ਕਿਸੇ ਪੀਰ ਦੀ, ਕਿਸੇ ਸ਼ਾਹ ਦੀ ?

ਬਹਾਦਰ ਸ਼ਾਹ ਦੇ ਟੁਰ ਜਾਣ ਪਿਛੋਂ ਪੀਰ ਨੇ ਕਹਿਆ ਕਿ ਉਸ ਨੇ ਜਾਣ ਬੁੱਝ ਕੇ ਬਾਬੇ ਨਾਨਕ ਫ਼ਕੀਰ ਦਾ ਸਿਖ ਕਹਿਆ ਸੀ। ਨੀਤੀ ਇਹ ਹੀ ਮੰਗ ਕਰਦੀ ਸੀ। ਫਿਰ ਬਾਬਾ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਇਕ ਹੀ ਹਨ, ਪਰ ਤੁਸਾਂ ਅੰਤਰ ਕਿਉਂ ਕੀਤਾ ? ਭਾਈ ਅਦਨ ਜੀ ਨੇ ਕਹਿਆ ਭੇਦ ਤਾਂ ਅਸੀਂ ਵੀ ਨਹੀਂ ਜਾਣਦੇ, ਪਰ ਇਹ ਜੋ ਉਸ ਸਮੇਂ ਕਹਿਣਾ ਸੀ ਬਾਬੇ ਨਾਨਕ ਦੇ ਸਿਖ ਹਾਂ, ਗੁਰੂ ਗੋਬਿੰਦ ਸਿੰਘ ਜੀ ਦੇ ਨਹੀਂ, ਇਹ ਸਰੀਰ ਬਚਾਉਣ ਲਈ ਸੀ ਅਤੇ ਸਰੀਰ ਬਚਾਉਣ ਹਿਤ ਇਹ ਬਚਨ ਕਹਿਣਾ ਕਿਥੋਂ ਤਕ ਫੱਬਦਾ ਹੈ ? ਖਿਨ ਪਲ ਤੁੱਛ ਸਰੀਰ ਲਈ ਐਸੇ ਸਮਰਥ ਗੁਰੂ ਤੋਂ ਮੁੱਖ ਮੋੜ ਲੈਣਾ ਮਹਾਨ ਨੀਚਤਾਈ ਹੈ। ਗੁਰੂ ਗੋਬਿੰਦ ਸਿੰਘ ਜੀ ਜੰਗ ਤੇ ਸੰਘਰਸ਼ ਕਰਦੇ ਵੀ ਨਿਰਲੇਪ ਰਹੇ, ਹਰਖ ਸੋਗ ਤੋਂ ਉੱਚੇ ਐਸੇ ਗੁਰੂ ਨੂੰ ਡਰ ਰਹਿਤ ਲੋਪ ਕਰਨਾ ਕੋਝਾਪਨ ਹੈ।

ਇਸੇ ਤਰ੍ਹਾਂ ਇਕ ਵਾਰੀ ਸ਼ਹਿਰ ਵਿਚ ਹੀ ਚੁਬਾਰੇ ਦੀ ਗਲੀ ਵਿਚ ਬੈਠੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਰਹੇ ਸਨ ਕਿ ਉਧਰੋਂ ਕਿਸੇ ਨੇ ਆਵਾਜ਼ ਦਿੱਤੀ ਕਿ 'ਜੇ ਕੋਈ। ਕਿਸੇ ਸਿੱਖ ਦਾ ਸਿਰ ਲਿਆਏਗਾ ਤਾਂ ਉਸ ਨੂੰ ਪੰਜ ਰੁਪੈ ਮਿਲਣਗੇ ਦਾ ਢੰਡੋਰਾ ਦਿਤਾ ਗਇਆ ਹੈ, ਸੋ ਬਾਰੀ ਵਿਚੋਂ ਹਟ ਜਾਓ, ਮਤੇ ਕੋਈ ਦੇਖ ਲਵੇ। ਭਾਈ ਅਦਨ ਸ਼ਾਹ ਨੇ ਉਸੇ ਠਰੰਮੇ ਨਾਲ ਕਹਿਆ ਕਿ 'ਬਾਣੀ ਪੜ੍ਹਦਿਆਂ ਚਿੰਤਾ ਨਹੀਂ ਕਰਨੀ ਚਾਹੀਦੀ ਅਤੇ ਫਿਰ ਬਾਣੀ ਪੜ੍ਹਦਿਆਂ ਗੁਰੂ ਗ੍ਰੰਥ ਸਾਹਿਬ ਹਜ਼ੂਰ ਜਿੰਦ ਨਿਕਲ ਜਾਏ ਤਾਂ ਉਸ ਤੋਂ ਵੱਧ ਸ਼ੁਭ ਘੜੀ ਕਿਹੜੀ ਹੈ।'

ਬਹਾਦਰ ਸ਼ਾਹ ਦੀ ਮੌਤ : ਬਹਾਦਰ ਸ਼ਾਹ ਲਾਹੌਰ ਵਿਚ ਹੀ ਸੀ ਕਿ ਮੁਸਲਮਾਨਾਂ ਦੇ ਦੋਵੇਂ ਫਿਰਕਿਆਂ, ਸੁੰਨੀ ਤੇ ਸ਼ੀਆ ਦੇ ਆਪੋ ਵਿਚ ਝਗੜੇ ਹੋ ਗਏ। ਕਈ ਥਾਈਂ ਇਨ੍ਹਾਂ ਝਗੜਿਆਂ ਨੇ ਭਿਆਨਕ ਸੂਰਤ ਧਾਰਨ ਕਰ ਲਈ। ਬਹਾਦਰ ਸ਼ਾਹ ਆਪੂੰ ਸ਼ੀਆ ਸੀ ਸੋ ਉਸ ਸੁੰਨੀਆਂ ਨੂੰ ਸਜ਼ਾਵਾਂ ਦੇਣ ਲਈ ਤੋਪਾਂ ਬੀੜ ਦਿਤੀਆਂ। ਨੇੜੇ ਹੀ ਸੀ ਕਿ ਸੁੰਨੀ ਤੋਪਾਂ ਨਾਲ ਭੁੰਨੇ ਜਾਂਦੇ ਕਿ ਬਹਾਦਰ ਸ਼ਾਹ ਨੂੰ ਸਿੱਖਾਂ ਦੇ ਸਿਰ ਚੁਕਣ ਦੀਆਂ ਖ਼ਬਰਾਂ ਪੁੱਜੀਆਂ। ਤੋਪਾਂ ਵਾਪਸ ਮੰਗਵਾ ਲਈਆਂ ਗਈਆਂ। ਬਹਾਦਰ ਸ਼ਾਹ ਦਾ ਸਮਾਂ ਅਤਿ ਬੇਚੈਨੀ ਦਾ ਗੁਜ਼ਰ ਰਹਿਆ ਸੀ।

ਨਿੱਤ ਦੀ ਬੇਚੈਨੀ, ਆਪਸੀ ਝਗੜਿਆਂ ਤੇ ਸਿੱਖਾਂ ਦੀ ਨਿਤ ਵਧਦੀ ਤਾਕਤ ਕਰ ਕੇ ਉਸ ਦੀ ਸਿਹਤ ਬਹੁਤ ਹੀ ਢਿੱਲੀ ਹੋ ਗਈ। ਜਨਵਰੀ ੧੭੧੨ ਨੂੰ ਉਸ ਦੀ ਸਿਹਤ ਬਹੁਤ ਹੀ ਖ਼ਰਾਬ ਹੋ ਗਈ। ਊਲ-ਜਲੂਲ ਤੇ ਬੇਥਵੇ ਫੁਰਮਾਨ ਕੱਢਣ ਲੱਗ ਪਿਆ ਜਿਵੇਂ "ਸ਼ਹਿਰ ਦੇ ਕੁਤਿਆਂ ਨੂੰ ਮਾਰ ਦਿਓ। ਫ਼ਕੀਰਾਂ ਦੀ ਅਲਖ ਮੁਕਾ ਦਿਓ ਆਦਿ।" ਇਸ ਕਾਰਨ ਉਸ ਦਾ ਨਾਂ ਵੀ 'ਸ਼ਾਹਿ-ਬੇਖ਼ਬਰ' ਪੈ ਗਿਆ। ਇਸੇ ਹਾਲਤ ਵਿਚ ੨੭ ਫ਼ਰਵਰੀ, ੧੭੧੨ ਦੀ ਰਾਤ ਨੂੰ ਉਸ ਦੀ ਮੌਤ ਹੋ ਗਈ। ੧੧ ਅਪ੍ਰੈਲ ਤਕ ਲਾਸ਼ ਕੈਂਪ ਵਿਚ ਹੀ ਪਈ ਰਹੀ ਤੇ ਤਖ਼ਤ-ਨਸ਼ੀਨੀ ਦੀ ਜੰਗ ਦੇ ਖ਼ਾਤਮੇ ਬਾਅਦ ਹੀ ਮਲਕਾ ਮਹਰ ਪਰਵਰ ਤੇ ਕੁਲੰਜ ਮੁਹੰਮਦ ਖਾਨ ਦੀ ਨਿਗਰਾਨੀ ਹੇਠ ਦਿੱਲੀ ਭੇਜੀ ਗਈ ਤੇ ਉਥੇ ਕੁਤਬ-ਉਦ-ਦੀਨ ਬਖਤਿਆਰ ਕਾਜ਼ੀ ਦੇ ਮਕਬਰੇ ਲਾਗੇ ਇਕ ਮਸੀਤ ਦੇ ਵਿਹੜੇ ਵਿਚ ਦਫ਼ਨਾਈ ਗਈ।

ਫ਼ਰਖਸੀਅਰ ਦਾ ਤਖ਼ਤ ਤੇ ਬੈਠਣਾ : ਬਹਾਦਰ ਸ਼ਾਹ ਦੀ ਮੌਤ ਤੋਂ ਪਿਛੋਂ ਤੱਖ਼ਤ ਲਈ ਝਗੜਾ ਉੱਠਣਾ ਅਵੱਸ਼ ਸੀ। ਇਕ ਪੁਰਾਣੀ ਮਰਿਯਾਦਾ ਨਾ ਹੋਣ ਕਾਰਣ, ਦੂਜੇ ਨਿਯਮ-

ਬੱਧ ਕਾਨੂੰਨ ਦੀ ਅਣਹੋਂਦ, ਤੀਜੇ ਬਾਦਸ਼ਾਹ ਦਾ ਕੋਈ ਅੰਤਮ ਨਿਰਣਾ ਨਾ ਹੋਣ ਕਰਕੇ ਤਖ਼ਤ-ਨਸ਼ੀਨੀ ਦੀਆਂ ਜੰਗਾਂ ਅਰੰਭ ਤੋਂ ਹੀ ਹੋ ਰਹੀਆਂ ਸਨ। ਜਹਾਨਦਾਰ ਸ਼ਾਹ ਨੇ ਆਪਣੇ ਭਰਾ ਅਜ਼ੀਮ, ਜਹਾਨ ਰਫ਼ੀ ਨੂੰ ਹਰਾ, ਮੁੱਕਾ ਤੇ ਕਤਲ ਕਰ ਕੇ ਤਖ਼ਤ ਤੇ ਕਬਜ਼ਾ ਕਰ ਲਇਆ। ਜਹਾਨਦਾਰ ਤਕਰੀਬਨ ਦਸ ਮਹੀਨੇ ਤਖ਼ਤ ਤੇ ਬੈਠਾ ਰਹਿਆ। ਅਜ਼ੀਮ ਦੇ ਪੁੱਤਰ ਫ਼ਰਖਸੀਅਰ ਨੇ ਸਯਦ ਭਰਾਵਾਂ ਨਾਲ ਗੱਠ-ਜੋੜ ਕਰਕੇ ਜਹਾਨਦਾਰ ਸ਼ਾਹ ਨੂੰ ੧੧ ਫ਼ਰਵਰੀ ੧੭੧੩ ਨੂੰ ਹਰਾ ਦਿਤਾ ਤੇ ਆਪ ਤਖ਼ਤ ਤੇ ਬੈਠ ਗਇਆ।

ਬਾਬਾ ਬੰਦਾ ਸਿੰਘ ਦਾ ਸਾਢੌਰੇ ਤੇ ਲੋਹਗੜ੍ਹ ਤੇ ਕਬਜ਼ਾ : ਉਧਰ ਦਿੱਲੀ ਵਿਚ ਤਖ਼ਤ-ਨਸ਼ੀਨੀ ਦੀ ਜੰਗ ਹੋ ਰਹੀ ਸੀ; ਇਧਰ ਲਾਹੌਰ ਵਿਖੇ ਬਹਾਦਰ ਸ਼ਾਹ ਸੱਚਮੁੱਚ ਹੀ ਬੇਖ਼ਬਰ ਪਿਆ ਸੀ, ਸਿੱਖਾਂ ਨੇ ਆਪਣੀ ਹੋਂਦ ਜਤਲਾਣੀ ਅਰੰਭ ਕਰ ਦਿਤੀ। ਉਨ੍ਹਾਂ ਪਹਲਾ ਨਿਸ਼ਾਨਾ ਕਲਾਨੌਰ ਤੇ ਬਟਾਲਾ ਮਿਥਿਆ। ਅਮੀਨ ਖਾਨ ਬਗ਼ੈਰ ਟਾਕਰੇ ਦੇ ਹੀ ਲਾਹੌਰ ਵਲ ਭੱਜ ਉਠਿਆ। ਬਾਬਾ ਬੰਦਾ ਸਿੰਘ ਜੀ ਦਾ ਧਿਆਨ ਲੋਹਗੜ੍ਹ ਤੇ ਸਾਢੌਰੇ ਵਲ ਹੀ ਸੀ। ਉਨ੍ਹਾਂ ਹਮਲਾ ਬੋਲ ਕੇ ਉਸ ਤੇ ਕਬਜ਼ਾ ਕਰ ਲਇਆ। ਉਨ੍ਹਾਂ ਨੇ ਇਸ ਵਾਰੀ ਇਹ ਇਹਤਿਆਤ ਵੀ ਵਰਤੀ ਕਿ ਇਕ ਕਿਲ੍ਹਾ ਹੋਰ ਲੋਹਗੜ੍ਹ ਤੋਂ ਦੂਰ ਕੁਝ ਵਾਟ ਤੇ ਬਣਾ ਲਇਆ ਤਾਂ ਕਿ ਲੋਹਗੜ੍ਹ ਖੁਸ ਜਾਣ ਦੀ ਸੂਰਤ ਵਿਚ ਵੀ ਮੁਕਾਬਲਾ ਹੋ ਸਕੇ। ਗਿਆਰਾਂ ਮਹੀਨਿਆਂ ਵਿਚ ਸਿੰਘਾਂ ਨੇ ਫਿਰ ਆਪਣੀ ਤਾਕਤ ਇਕੱਠੀ ਕਰ ਲਈ। ਫ਼ਰਖਸੀਅਰ ਦੇ ਤਖ਼ਤ ਬੈਠਣ, ਭਾਵ ਫਰਵਰੀ ੧੭੧੩ ਤਕ ਸਿੱਖ ਇਕ ਫਿਰ ਮਜ਼ਬੂਤ ਟਾਕਰੇ ਦੀ ਤਾਕਤ ਬਣ ਗਏ ਸਨ। ਫ਼ਰਖਸੀਅਰ ਨੇ ਵੀ ਸਾਰਾ ਧਿਆਨ ਪੰਜਾਬ ਵਲ ਦੇਣਾ ਉਚਿਤ ਸਮਝਿਆ। ਉਹ ਜਾਣ ਗਿਆ ਕਿ ਪੰਜਾਬ ਹੀ ਉਸ ਦੀ ਸ਼ਕਤੀ ਦਾ ਸਰੋਤ ਹੈ ਅਤੇ ਜੇ ਇਹ ਸੁੱਕ ਜਾਂ ਮੁੱਕ ਗਇਆ ਤਾਂ ਉਸ ਦਾ ਦਿੱਲੀ ਦੇ ਤਖ਼ਤ ਤੇ ਰਹਿਣਾ ਅਸੰਭਵ ਹੋ ਜਾਏਗਾ।

ਫ਼ਰਖਸੀਅਰ ਦੇ ਹੁਕਮ ਤੇ ਹਮਲੇ : ਫ਼ਰਖਸੀਅਰ ਨੇ ਤਖ਼ਤ ਬੈਠਦੇ ਸਾਰ ਹੀ ਸਖ਼ਤ ਹੁਕਮਾਂ ਨੂੰ ਫਿਰ ਦੁਹਰਾਇਆ ਤੇ ਸਿੱਖਾਂ ਨੂੰ ਕੁਚਲਣ ਲਈ ਵਿਉਂਤ-ਬੰਦੀ ਕੀਤੀ। ਉਸ ਨੇ ਜ਼ੈਨ ਖਾਨ ਨੂੰ ਭੇਜਿਆ ਕਿ ਸਾਢੌਰੇ ਤੇ ਕਬਜ਼ਾ ਕੀਤਾ ਜਾਏ। ਜ਼ੈਨ ਖਾਨ ਨੇ ਸਾਢੌਰੇ ਨੂੰ ਘੇਰ ਲਿਆ, ਪਰ ਸਿੱਖਾਂ ਨੇ ਉਸ ਦੀ ਇਕ ਨਾ ਤੁਰਨ ਦਿਤੀ। ਜ਼ੈਨ ਖਾਨ ਨੂੰ ਜ਼ੇਰ ਕਰਨ ਲਈ ਤੇ ਉਸ ਦੀ ਹੈਰਾਨੀ ਵਿਚ ਵਾਧਾ ਕਰਨ ਲਈ ਸਿੱਖਾਂ ਨੇ ਵੀ ਵਿਉਂਤ ਬਣਾਈ ਕਿ ਕਿਲ੍ਹੇ ਵਿਚੋਂ ਇਕ ਐਸੀ ਸੁਰੰਗ ਕੱਢੀ ਜਾਏ ਜੋ ਦੁਸ਼ਮਣਾਂ ਦੀ ਉਸ ਵੱਡੀ ਤੋਪ ਪਾਸ ਜਾ ਕੇ ਨਿਕਲੇ ਤੇ ਤੋਪ ਨੂੰ ਰੱਸਿਆਂ ਨਾਲ ਬੰਨ੍ਹ ਕਿਲ੍ਹੇ ਅੰਦਰ ਘਸੀਟ ਲਿਆਂਦਾ ਜਾਏ। ਦੋ ਦਿਨਾਂ ਵਿਚ ਹੀ ਸਿੰਘਾਂ ਸੁਰੰਗ ਮੁਕੰਮਲ ਕਰ ਲਈ। ਰੱਸੇ ਪਾ ਕੇ ਸਿੰਘ ਤੋਪ ਘਸੀਟ ਰਹੇ ਸਨ ਕਿ ਰੱਸਾ ਹੀ ਟੁੱਟ ਗਇਆ। ਤੋਪ ਕੁਝ ਫੁਟ ਸੁਰੰਗ ਅੰਦਰ ਜਾ ਚੁੱਕੀ ਸੀ। ਬਾਹਰ ਤੋਪ ਨਾ ਦੇਖਕੇ ਜ਼ੈਨ ਖਾਨ ਘਬਰਾ ਹੀ ਗਇਆ। ਉਸ ਨੇ ਘਬਰਾਹਟ ਵਿਚ ਬਹੁਤ ਹੀ ਹੱਥ ਪੈਰ ਮਾਰੇ। ਬਾਰਸ਼ ਹੋ ਜਾਣ ਕਾਰਣ ਜਿਲ੍ਹਣ ਬਣੀ ਗਈ ਸੀ। ਤੋਪ ਅਲੋਪ ਹੋ ਚੁੱਕੀ ਸੀ। ਸੋ ਜ਼ੈਨ ਲੱਟਬਾਵਰਿਆਂ ਵਾਂਙ ਇਧਰ ਉਧਰ ਫਿਰ ਰਹਿਆ ਸੀ। ਅਨ੍ਹੇਰਾ ਚਾਰੇ ਪਾਸੇ ਹੋਣ ਕਾਰਨ ਦਿਖਾਈ ਵੀ ਕੁਝ ਨਹੀਂ ਸੀ ਦਿੰਦਾ। ਬੜੀ ਭਾਲ ਬਾਅਦ ਪਤਾ ਲੱਗਾ ਕਿ ਤੋਪ ਸਿੰਘ ਖਿੱਚ ਕੇ ਲੈ ਜਾ ਰਹੇ ਸਨ। ਉਸ ਨੇ ਬੜੀ ਔਖਿਆਈ ਨਾਲ ਤੋਪ ਸੁਰੰਗ ਵਿਚੋਂ ਕਢਵਾਈ।

ਸਿੰਘਾਂ ਦੇ ਹੌਂਸਲੇ ਵੱਧੇ ਹੋਏ ਸਨ। ਉਹ ਪਰਸ਼ਾਦੇ ਛਕਦੇ ਵੀ ਗੋਲੀਆਂ ਚਲਾਈ ਜਾਂਦੇ। ਦੁਸ਼ਮਨਾਂ ਦੀ ਕੋਈ ਗੋਲੀ ਉਨ੍ਹਾਂ ਤਕ ਪੁਜ ਨਹੀਂ ਸੀ ਸਕਦੀ।

ਅਬਦੁਸਮਦ ਖਾਨ ਨੂੰ ਪੰਜਾਬ ਦਾ ਨਵਾਬ : ਫਰਖਸੀਅਰ ਨੇ ਜਦ ਜ਼ੇਨ ਖਾਨ ਦੀ ਨਾਕਾਮੀ ਦੀਆਂ ਖੱਬਰਾਂ ਸੁਣੀਆਂ ਤਾਂ ਉਸ ਨੇ ਸਿਧੀ ਕਮਾਣ ਲਾਹੌਰ ਦੇ ਨਵੇਂ ਥਾਪੇ ਨਵਾਬ ਅਬਦੁਸਸਮਦ ਖਾਨ ਨੂੰ ਸੌਂਪ ਦਿੱਤੀ। ਅਬਦੁਸਸਮਦ ਖਾਨ ਤੁਰਾਨੀ ਸੀ। ਇਸਨੇ ਤਖ਼ਤ ਨਸ਼ੀਨੀ ਦੀ ਜੰਗ ਵੇਲੇ ਫਰਖਸੀਅਰ ਦੀ ਭਰਪੂਰ ਮਦਦ ਕੀਤੀ ਸੀ।

ਅਬਦੁਸਸਮਦ ਖਾਨ ਸਿੱਧਾ ਸਾਢੌਰਾ ਪੁਜਾ । ਜ਼ੇਨ ਘਬਰਾਈ ਬੈਠਾ ਸੀ । ਦੋਵਾਂ ਨੇ ਘੇਰਾ ਸਖ਼ਤ ਤੇ ਸੌੜਾ ਕਰ ਦਿੱਤਾ। ਆਵਾਜਾਈ ਤੇ ਕਰੜੀ ਨਿਗਾਹ ਰਖੀ। ਸਿੱਖਾਂ ਨੂੰ ਰਸਦਪਾਣੀ ਦੀ ਘਾਟ ਮਹਿਸੂਸ ਹੋਣੀ ਅਰੰਭ ਹੋਈ। ਸਿੱਖਾਂ ਜਦ ਆਪਣੇ ਆਪ ਨੂੰ ਕਿਲ੍ਹੇ ਵਿਚ ਕੈਦ ਹੁੰਦਾ ਡਿੱਠਾ ਤਾਂ ਉਨ੍ਹਾਂ ਨੇ ਘੇਰਾ ਤੋੜ ਕੇ ਲੋਹ ਗੜ੍ਹ ਜਾਣ ਦੀ ਦਲੇਰੀ ਕੀਤੀ । ਲੋਹਗੜ੍ਹ ਗਿਰਦ ੪੨ ਛੋਟੇ ਛੋਟੇ ਕਿਲ੍ਹੇ, ਬਾਬਾ ਬੰਦਾ ਸਿੰਘ ਜੀ ਨੇ ਬਣਾਏ ਸਨ। ਕੁਝ ਦੇਰ ਲੜਾਈ ਹੋਈ ਪਰ ਬਾਬਾ ਬੰਦਾ ਸਿੰਘ ਨੇ ਕਿਲ੍ਹਾ ਛਡ ਜਾਣਾ ਹੀ ਠੀਕ ਸਮਝਿਆ ਤੇ ਉਹ ਪਹਾੜੀਆਂ ਵਲ ਚਲੇ ਗਏ। ਮੁੱਗਲ ਫੌਜਾਂ ਨੇ ਬੰਦਾ ਸਿੰਘ ਦੇ ਨਿਕਲ ਜਾਣ ਨੂੰ ਫਿਰ ਹਾਰ ਹੀ ਜਾਣੀ।

ਅਬਦੁਸਸਮਦ ਖਾਨ ਨੇ ਪਿਛਾ ਕਰਨ ਲਈ ਜ਼ੇਨ ਖਾਨ ਦੀ ਡਿਊਟੀ ਲਗਾਈ ਤੇ ਆਪ ਦਿੱਲੀ ਵਲ ਚਲਾ ਗਿਆ। ਦਿੱਲੀ ਤੋਂ ਲਾਹੌਰ ਆਉਂਦੇ ਹੀ ਅਬਦੁਸਸਮਦ ਖਾਨ ਨੇ ਜ਼ੁਲਮਾਂ ਦਾ ਨਵਾਂ ਚੱਕਰ ਚਲਾ ਦਿੱਤਾ। ਸਿੱਖ ਵੀ ਮੁਕਾਬਲੇ ਤੇ ਡਟ ਗਏ।

ਸਰਦਾਰ ਜਗਤ ਸਿੰਘ ਕਾਹਨੂਵਾਨ ਦਾ ਕਿੜੀ ਪਠਾਣਾਂ ਤੇ ਹਮਲਾ : ਜਦ ਬਟਾਲਾ ਕਲਾਨੌਰ ਤੇ ਕਾਹਨੂਵਾਨ ਵਿਚ ਚੁਣ ਚੁਣ ਕੇ ਸਿੱਖ ਮਾਰੇ ਜਾਣ ਲਗੇ ਤਾਂ ਸਰਦਾਰ ਜਗਤ ਸਿੰਘ ਦੀ ਸਰਦਾਰੀ ਹੇਠਾਂ ਸਿੰਘਾਂ ਨੇ ੧੭ ਮਾਰਚ, ੧੭੧੪ ਨੂੰ ਕਿੜੀ ਪਠਾਨਾਂ ਤੇ ਹਮਲਾ ਬੋਲ ਦਿੱਤਾ। ਪਠਾਣ ਤਾਂ ਇਹ ਸਮਝਦੇ ਸਨ ਕਿ ਸਿੱਖਾਂ ਦਾ ਹੌਂਸਲਾ ਤੇ ਸਾਹਸ ਮੁਕਾ ਦਿੱਤਾ ਗਿਆ ਹੈ। ਇਹ ਅਚਾਨਕ ਹਮਲਾ ਦੇਖ ਕੇ ਉਹ ਘਬਰਾ ਹੀ ਗਏ । ਕਾਫ਼ੀ ਮਾਲ ਸਿੱਖਾਂ ਦੇ ਹੱਥ ਆਇਆ। ਪਿੰਡ ਦੇ ਬਹੁਤ ਲੋਕੀ ਘਰ ਘਾਟ ਛੱਡਕੇ ਭੱਜ ਗਏ।

ਜੁਅਰਤ ਦੀਆਂ ਹੋਰ ਉਦਾਹਰਣਾਂ : ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਵਿਚ ਕੁਝ ਐਸੀ ਸ਼ਕਤੀ ਭਰ ਦਿੱਤੀ ਸੀ ਕਿ ਉਹ ਨਾ ਤਾਂ ਸਮੇਂ ਦੇ ਹਾਕਮ ਤੋਂ ਡਰਦੇ ਸਨ ਤੇ ਨਾ ਹੀ ਕਿਸੇ ਤਸੀਹੇ ਤੋਂ। ਉਸੇ ਤਰ੍ਹਾਂ ਵੈਸਾਖੀ ਦੀਆਂ ਵਾਢੀਆਂ ਆਕੇ ਕਰਦੇ ਤੇ ਭਰਾਵਾਂ ਤੇ ਰਿਸ਼ਤੇਦਾਰਾਂ ਦੀ ਮਦਦ ਕਰਦੇ। ਸਰਹੰਦ ਦੀਆਂ ਫੌਜਾਂ ਨੇ ਜਦ ਸਿੱਖਾਂ ਦਾ ਪੰਜਾਬ ਦੇ ਮੈਦਾਨਾਂ ਵਿਚ ਆਉਣਾ ਸੁਣਿਆ ਤਾਂ ਸ਼ਰਫਦੀਨ ਦੀ ਅਗਵਾਈ ਹੇਠਾਂ ਉਨ੍ਹਾਂ ਤੇ ਹਮਲਾ ਕਰ ਦਿੱਤਾ। ਸਿੱਖਾਂ **ਨੇ ਦਾਤਰੀਆਂ ਨਾਲ ਹੀ ਸਰਹੰਦ ਤੋਂ ਆਈ ਫ਼ੌਜ ਨੂੰ ਮਾਰ ਭਜਾਇਆ।** ਅਠਾਰਾਂ ਘੋੜੇ ਤੇ ਕਈ ਸਵਾਰ ਥਾਂ ਹੀ ਮਾਰ ਦਿਤੇ ਗਏ। ਬਹਾਦਰਸ਼ਾਹ ਨੂੰ ਜਦ ਇਸ ਖ਼ਬਰ ਦਾ ਪਤਾ ਲੱਗਾ ਤਾਂ ਉਸਨੇ ਸਖ਼ਤ ਰੋਸ ਮਨਾਇਆ। ਸਰਹੰਦ ਦੇ ਫੌਜਦਾਰ ਜ਼ੈਨਦੀਨ ਨੇ ਆਪਣੇ ਭਤੀਜੇ ਮੀਰ ਅਬੁਲ ਮੁਕਰਾਮ ਦੀ ਕਮਾਨ ਹੇਠਾਂ ਦੋ ਹਜ਼ਾਰ ਸਵਾਰ ਭੇਜੇ ਪਰ ਸਿੰਘਾਂ ਨੇ ਰੋਪੜ ਦੇ ਅਸਥਾਨ ਤੇ ਚੰਗਾ ਟਾਕਰਾ ਕੀਤਾ ਭਾਵੇਂ ੩੦੦ ਦੇ ਕਰੀਬ ਸਿੰਘ ਸ਼ਹੀਦ ਹੋਏ ਪਰ ਮੁੱਗ਼ਲ ਫੌਜਾਂ ਦਾ ਨੁਕਸਾਨ ਇਸ ਤੋਂ ਕਿਤੇ ਵੱਧ ਸੀ।

ਬਾਬਾ ਬੰਦਾ ਸਿੰਘ ਜੀ ਤਾਂ ਜੰਮੂ ਜਾ ਟਿਕੇ ਸਨ ਪਰ ਬਾਜ ਸਿੰਘ ਆਨੰਦਪੁਰ ਵਾਪਸ ਆ ਗਏ ਸਨ ਤੇ ਉਨ੍ਹਾਂ ਦੀ ਹੋਂਦ ਸਿੱਖਾਂ ਵਿਚ ਉਤਸ਼ਾਹ ਭਰਨ ਲਈ ਕਾਫ਼ੀ ਸੀ। ਫ਼ਰਖਸੀਅਰ ਪਾਸ ਐਸੀਆਂ ਖ਼ਬਰਾਂ ਪੁਜਾਈਆਂ ਜਾ ਰਹੀਆਂ ਸਨ ਕਿ 'ਬਾਜ ਸਿੰਘ ਇਲਾਕੇ ਵਿਚ ਸਿੰਘਾਂ ਨੂੰ ਉਤਸ਼ਾਹਤ ਕਰ ਰਹਿਆ ਹੈ ਤੇ ਮੱਲਾਂ ਵੀ ਮਾਰ ਰਹਿਆ ਹੈ।'

ਬਾਬਾ ਬੰਦਾ ਸਿੰਘ ਜੰਮੂ ਵਿਚ : ਬਾਬਾ ਬੰਦਾ ਸਿੰਘ ਜੀ ਲੋਹਗੜ੍ਹ ਤੋਂ ਪਿਛੇ ਹਟ ਕੇ ਪਹਾੜੀਆਂ ਵਿਚੋਂ ਹੁੰਦੇ ਹੋਏ ਜੰਮੂ ਦੇ ਪਹਾੜ ਚਨਾਬ ਦੇ ਕੰਢੇ ਪਿੰਡ ਭਬੋਰ ਤੋਂ ਦੋ ਕੁ ਮੀਲ ਦੱਖਣ ਪੂਰਬ ਤੇ ਜਾ ਟਿਕੇ ਸਨ, ਉਹ ਇਕ ਲੁਕਵੀਂ ਥਾਂ ਸੀ। ਉਥੇ ਆਪ ਜੀ ਅਕਤੂਬਰ ੧੭੧੩ ਤੋਂ ਲੈ ਕੇ ਫਰਵਰੀ ੧੭੧੫ ਤਕ ਤਕਰੀਬਨ ੧੫ ਮਹੀਨੇ ਇਕਾਂਤ ਵਿਚ ਬੈਠ ਵਿਉਂਤਾਂ ਬਣਾਂਦੇ ਰਹੇ। ਪੰਜਾਬ ਵਿਚ ਵਾਪਰ ਰਹੀਆਂ ਘਟਨਾਵਾਂ ਬਾਰੇ ਉਹ ਪੂਰੀ ਖ਼ਬਰ ਰਖ ਰਹੇ ਸਨ। ਉਹ ਸੁਣ ਰਹੇ ਸਨ ਕਿ ਫ਼ਰਖਸੀਅਰ ਅਜੇ ਜਵਾਨੀ ਦੇ ਜੋਸ਼ ਤੇ ਅਬਦੁਸਸਮਦ ਖਾਨ ਨਵੇਂ ਨਵਾਬ ਬਣਨ ਕਾਰਨ ਰਜ ਕੇ ਜ਼ੁਲਮ ਕਰ ਰਹਿਆ ਸੀ। ਭਲਾਈ ਸਮਾਂ ਟਾਲਣ ਤੇ ਮੌਕਾ ਲੱਭਣ ਵਿਚ ਹੀ ਸੀ। ਉਨ੍ਹਾਂ ਨੂੰ ਯਕੀਨ ਸੀ ਕਿ ਰਾਜ-ਰੌਲਾ ਛੇਤੀ ਹੀ ਪੈ ਜਾਇਗਾ ਤੇ ਉਹ ਮੁੜ ਵਾਪਸ ਖੁਸੀ ਤਾਕਤ ਬਣਾ ਸਕੇਗਾ। ਉਥੇ ਹੀ ਬਾਬਾ ਬੰਦਾ ਸਿੰਘ ਜੀ ਨੇ ਦੂਜੀ ਸ਼ਾਦੀ (ਬੀਬੀ ਸਾਹਿਬ ਕੌਰ ਨਾਲ) ਕਰ ਲਈ ਤੇ ਉਸ ਦੀ ਕੁਖੋਂ ਹੀ ਰਣਜੀਤ ਸਿੰਘ ਪੈਦਾ ਹੋਇਆ।

ਬਾਬਾ ਜੀ ਦਾ ਪੰਜਾਬ ਮੁੜਨਾ ਤੇ ਹਮਲੇ : ਜਿਸ ਮੌਕੇ ਦੀ ਭਾਲ ਵਿਚ ਬਾਬਾ ਬੰਦਾ ਸਿੰਘ ਬੈਠੇ ਹੋਏ ਸਨ, ਉਸ ਨੂੰ ਬਾਬਾ ਬੰਦਾ ਸਿੰਘ ਨੇ ਮਾਰਚ ੧੭੧੫ ਵਿਚ ਆਉਂਦਾ ਡਿਠਾ। ਇਕ ਤਾਂ ਵੈਸਾਖੀ ਕਾਰਨ ਸਿੰਘ ਪਹਾੜੀਆਂ ਤੋਂ ਥਲੇ ਆਉਂਦੇ ਸਨ ਅਤੇ ਦੂਜੇ ਅਵੇਸਲੇ ਸੁਤੇ ਹਾਕਮ ਇਹ ਨਹੀਂ ਜਾਣਦੇ ਸਨ ਕਿ ਬਾਬਾ ਬੰਦਾ ਸਿੰਘ ਕਿਥੇ ਹੈ ? ਸੋ ਉਨ੍ਹਾਂ ਅਚਾਨਕ ਹੀ ਕਲਾਨੌਰ ਤੇ ਹਮਲਾ ਕਰ ਦਿੱਤਾ। ਕਲਾਨੌਰ ਦੇ ਫ਼ੌਜਦਾਰ ਸੁਹਰਾਬ ਖਾਨ ਨੂੰ ਹਰਾ ਕੇ ਕਬਜ਼ਾ ਕਰ ਲਇਆ। ਉਥੋਂ ਅਚਲ ਤੇ ਫਿਰ ਬਟਾਲੇ ਤੇ ਜਾ ਪਏ। ਬਟਾਲੇ ਵੀ ਕੋਈ ਮੁਕਾਬਲੇ ਤੇ ਟਿਕ ਨਾ ਸਕਿਆ। ਕਈਆਂ ਨੇ ਛੁਪ ਕੇ ਜਾਨ ਬਚਾਈ। ਜਦ ਫ਼ਰਖ਼ਸੀਅਰ ਨੇ ਬਾਬਾ ਬੰਦਾ ਸਿੰਘ ਦਾ ਇਸ ਤਰ੍ਹਾਂ ਪਰਗਟ ਹੋਣਾ ਸੁਣਿਆ ਤਾਂ ਉਸਨੇ ਅਬਦੁਸਸਮਦ ਖਾਨ ਨੂੰ ਬਹੁਤ ਹੀ ਬੁਰਾ ਕਹਿਆ।

ਫ਼ਰਖਸੀਅਰ ਨੇ ਅਮੀਨ ਖਾਨ ਦੇ ਪੁਤਰ ਕਮਰ ਦੀਨ ਨੂੰ ਪੰਜਾਬ ਵਲ ਭੇਜਿਆ ਕਿ ਅਬਦੁਸਸਮਦ ਜਿਥੇ ਵੀ ਹੈ ਉਸਨੂੰ ਬੰਦਾ ਸਿੰਘ ਵਿਰੁਧ ਭੇਜਿਆ ਜਾਏ। ਅਬਦੁਸਸਮਦ ਖਾਨ ਭਟੀ ਦਾ ਫਸਾਦ ਹੋ ਜਾਣ ਕਾਰਨ ਲਖੀ ਜੰਗਲ ਗਿਆ ਹੋਇਆ ਸੀ।

ਪੰਜਾਬ ਦੀ ਹਕੂਮਤ ਨੇ ਤਿਆਰੀਆਂ ਅਰੰਭ ਕਰ ਦਿੱਤੀਆਂ ਤੇ ਗੁਜਰਾਤ, ਪਸਰੂਰ, ਕਲਾਨੌਰ, ਬਟਾਲਾ ਦੇ ਫ਼ੌਜਦਾਰਾਂ ਨੂੰ ਲਾਹੌਰ ਬੁਲਾਇਆ ਗਇਆ ਤੇ ਸਾਰਿਆਂ ਰਲਕੇ ਹਮਲੇ ਦੀ ਵਿਉਂਤ ਬਣਾਈ।

ਗੁਰਦਾਸ ਨੰਗਲ ਦਾ ਘੇਰਾ, ਤੇ ਬਾਬਾ ਜੀ ਦਾ ਪੱਕੜਿਆ ਜਾਣਾ : ਤਿੰਨ ਪਾਸਿਆਂ ਤੋਂ ਫੌਜਾਂ ਬਟਾਲੇ ਵਲ ਚਲ ਪਈਆਂ। ਅਬਦੁਸਸਮਦ ਖਾਨ ਲਖੀ ਜੰਗਲ ਵਿਚੋਂ ਮੁੜ ਆਇਆ। ਕਮਰਦੀਨ ਨੇ ਧਾਵਾ ਬੋਲ ਦਿੱਤਾ ਅਤੇ ਤੀਜੇ ਬਖਸ਼ੀ ਅਫਰ ਸਿਤਾਬ ਖਾਨ ; ਮੁਜ਼ੱਫਰ ਖ਼ਾਨ, ਉਦਿਤ ਸਿੰਘ ਬੰਦੇਲਾ, ਗੋਪਾਲ ਸਿੰਘ ਭਦਾਵੜੀਏ; ਪ੍ਰਿਥੀ ਚੰਦ ਵੀ ਉੱਧਰ ਵਲ ਚਲ ਪਏ। ਬਾਬਾ ਬੰਦਾ ਸਿੰਘ ਇਨ੍ਹਾਂ ਸਾਰੀਆਂ ਕਾਰਵਾਈਆਂ ਤੋਂ ਬਿਲਕੁਲ ਅਣਜਾਣ ਨਹੀਂ ਸੀ ਪਰ ਉਸਦਾ ਖਿਆਲ ਸੀ ਕਿ ਅਬਦੁਸਸਮਦ ਖਾਨ ਦੀ ਉਡੀਕ ਕੀਤੀ ਜਾਏਗੀ। ਉਨ੍ਹਾਂ ਕਲਾਨੌਰ ਤੇ ਬਟਾਲੇ ਦੇ ਇਰਦ ਗਿਰਦ ਦੀਵਾਰ ਬਣਾਉਣੀ ਅਰੰਭ ਕਰ ਦਿਤੀ ਤੇ ਇਕ ਕਚੀ ਗੜ੍ਹੀ ਵੀ ਬਣਾਉਣ ਲੱਗ ਪਏ ਤਾਂ ਕਿ ਟਾਕਰੇ ਲਈ ਇਕ ਚੰਗੀ ਪਨਾਹ ਹੋ ਜਾਏ। ਅਜੇ ਗੜ੍ਹੀ ਦੀਆਂ ਬਾਹੀਆਂ ਤੇ ਰੋਕਾਂ ਵੀ ਮੁਕੰਮਲ ਨਹੀਂ ਹੋਈਆਂ ਸਨ ਕਿ ਸ਼ਾਹੀ ਫੌਜਾਂ ਨੇ ਹਮਲਾ ਕਰ ਦਿੱਤਾ।

ਪਹਿਲੀ ਟੱਕਰ : ਅਬਦੁਸਸਮਦ ਖਾਨ ਤੇ ਆਰਿਫ ਖਾਨ ਦੀਆਂ ਫ਼ੌਜਾਂ ਟਾਕਰੇ ਤੇ ਆ ਗਈਆਂ । ਪਰ ਬੰਦਾ ਸਿੰਘ ਜੀ ਇਵੇਂ ਡਟਕੇ ਮੁਕਾਬਲਾ ਕਰ ਰਹੇ ਸਨ । ਕਿ ਜਿਵੇਂ ਉਨ੍ਹਾਂ ਪਾਸ ਲੜਨ ਲਈ ਬਹੁਤ ਹੀ ਸਾਮਾਨ ਤੇ ਫ਼ੌਜ ਹੁੰਦੀ ਹੈ । ਸੀਅਰੁਲਮੁਤਾਖਰੀਨ ਵਾਲਾ ਲਿਖਦਾ ਹੈ ਕਿ ਬੰਦਾ ਸਿੰਘ ਇਸ ਤਰ੍ਹਾਂ ਆਪਣੇ ਥਾਂ ਡਟੇ ਹੋਏ ਸਨ ਕਿ ਸਭ ਹੈਰਾਨ ਹੋ ਗਏ । ਪਹਿਲੀ ਟਕਰ ਵਿਚ ਹੀ ਬਾਦਸ਼ਾਹੀ ਜਰਨੈਲ ਨੂੰ ਹਾਰ ਪ੍ਰਤੀਤ ਹੋਈ । ਸ਼ਾਹੀ ਲਸ਼ਕਰ ਨੇ ਜ਼ੋਰ ਦਾ ਹਮਲਾ ਕਰ ਦਿੱਤਾ ਪਰ ਬਾਬਾ ਬੰਦਾ ਸਿੰਘ ਠਰੰਮੇ ਨਾਲ ਆਪਣੇ ਸਿੰਘਾਂ ਨੂੰ ਦੁਸ਼ਮਣ ਦੀ ਅੱਗ ਵਿਚ ਝੋਂਕਦਾ ਸੀ ਤੇ ਉਹ ਇਸ ਤਰ੍ਹਾਂ ਪਿਛੇ ਹੱਟ ਰਹਿਆ ਸੀ ਜਿਵੇਂ ਜੰਗਲੀ ਜਾਨਵਰ ਇਕ ਝਾੜ ਤੋਂ ਦੂਜੀ ਝਾੜ ਨੂੰ ਹੱਟਦਾ ਹੈ । ਖਾਫੀ ਖਾਨ ਵੀ ਇਹ ਹੀ ਲਿਖਦਾ ਹੈ ਕਿ ਸਿੱਖ ਇਤਨੇ ਸਿਰਤੋੜ ਲੜੇ ਕਿ ਉਨ੍ਹਾਂ ਨੇ ਇਸਲਾਮੀ ਲਸ਼ਕਰ ਤੇ ਲਗ ਪਗ ਕਾਬੂ ਹੀ ਪਾ ਲਇਆ । ਉਨ੍ਹਾਂ ਪਿਛੇ ਹਟ ਹਟ ਬਹੁਤ ਹੀ ਬਹਾਦਰੀ ਦਿਖਾਈ । ਹੱਟਦੇ ਹੱਟਦੇ ਉਹ ਗੁਰਦਾਸ ਨੰਗਲ ਪੁਜ ਗਏ ।

ਗੁਰਦਾਸ ਨੰਗਲ ਬਾਰੇ ਇਕ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਨਾ ਤਾਂ ਉਹ ਕੋਈ ਗੜ੍ਹੀ ਸੀ ਤੇ ਨਾ ਹੀ ਕੋਈ ਕਿਲ੍ਹਾ । ਉਹ ਇਕ ਥੇਹ ਹੀ ਸੀ । ਉਹ ਥੇਹ ਦੁਨੀ ਚੰਦ ਦੀ ਹਵੇਲੀ ਕਰਕੇ ਵਜਦਾ ਸੀ । ਆਲੇ ਦੁਆਲੇ ਪਕੀ ਉੱਚੀ ਕੰਧ ਜ਼ਰੂਰ ਸੀ । ਅੰਦਰ ਕੁਝ ਖੁਲ੍ਹੀ ਥਾਂ ਵੀ ਸੀ । ਦਿਨ ਰਾਤ ਇਕ ਕਰਕੇ ਸਿੱਖਾਂ ਦੀਵਾਰਾਂ ਕੁਝ ਹੋਰ ਉੱਚੀਆਂ ਕੀਤੀਆਂ । ਖਾਈ ਵੀ ਬਣਾ ਦਿੱਤੀ । ਬਾਰੂਦ ਆਦਿ ਜੋ ਵੀ ਜਮ੍ਹਾਂ ਹੋ ਸਕਿਆ ਕਰ ਲਇਆ । ਸਭ ਤੋਂ ਵੱਡੀ ਸਿਆਣਪ ਉਨ੍ਹਾਂ ਇਹ ਕੀਤੀ ਕਿ ਵੱਡੀ ਨਹਿਰ ਜੋ ਨਜ਼ਦੀਕ ਹੀ ਵਗਦੀ ਸੀ ਕਟ ਦਿੱਤੀ ਤੇ ਪਾਣੀ ਹਵੇਲੀ ਦੁਆਲੇ ਫਿਰ ਗਇਆ ਤੇ ਚਾਰੇ ਪਾਸੇ ਦਲ ਦਲ ਹੀ ਹੋ ਗਈ । ਘੋੜਿਆਂ ਦਾ ਫਿਰਨਾ ਮੁਸ਼ਕਲ ਹੋ ਗਇਆ ਤੇ ਫ਼ੌਜਾਂ ਦਾ ਟੁਰਨਾ ਅਸੰਭਵ । ਜ਼ਿਆਦਾ ਜ਼ੋਰ ਕਿਲ੍ਹੇ ਵਿਚ ਅਨਾਜ ਇਕੱਠਾ ਕਰਨ ਤੇ ਵੀ ਸੀ ਪਰ ਸ਼ਾਹੀ ਫੌਜਾਂ ਨੇ ਪੁਜਦੇ ਸਾਰ ਹੀ ਘੇਰਾ ਘਤ ਦਿੱਤਾ ।

ਘੇਰਾ ਪਾਉਣ ਵਾਲੀਆਂ ਫ਼ੌਜਾਂ ਦੀ ਗਿਣਤੀ ੨੪ ਹਜ਼ਾਰ ਸੀ । ਘੋੜ-ਸੁਆਰ ਉਸ ਵਿਚ ਤਕਰੀਬਨ ਅੱਧੇ ਸਨ । ਤੋਪ ਖਾਨਾ ਖ਼ਾਸ ਤੌਰ ਤੇ ਲਿਆਂਦਾ ਗਇਆ ਸੀ ।

ਘੇਰਾ ਹੋਰ ਸਖ਼ਤ : ਹਵੇਲੀ ਅੰਦਰ ਦੇ ਸਿੱਖਾਂ ਦੀ ਤਹਿਦਾਦ ਗਿਣਤੀ ਦੀ ਹੀ ਸੀ । ਪਰ ਜਿਸ ਦਲੇਰੀ ਨਾਲ ਉਹ ਲੜ ਰਹੇ ਸਨ ਉਸ ਨੇ ਦੁਸ਼ਮਣਾਂ ਨੂੰ ਹੈਰਾਨ ਹੀ ਕਰ ਦਿੱਤਾ । ਪਹਿਲਾ ਹੱਲਾ ਕਰਨ ਵਾਲਿਆਂ ਨੂੰ ਪਿਛੇ ਮੁੜਨਾ ਪਿਆ, ਇਬਰਤਨਾਮੇ ਦਾ ਲਿਖਾਰੀ ਜੋ ਆਪ ਉਥੇ ਮੌਜੂਦ ਸੀ ਲਿਖਦਾ ਹੈ ਕਿ '**ਲਾਹਣਤੀ ਸਿੱਖਾਂ ਦੇ ਬਹਾਦਰੀ ਤੇ ਦਲੇਰੀ ਦੇ ਕਾਰਨਾਮੇ ਹੈਰਾਨ ਕਰ ਦੇਣ ਵਾਲੇ ਸਨ**, ਹਰ ਦਿਹਾੜੀ ਦੋ ਜਾਂ ਤਿੰਨ ਵਾਰੀ ਉਹ ਚਾਲੀ ਜਾਂ ਪੰਜਾਹ ਕਾਲੇ ਮੂੰਹਾਂ ਵਾਲੇ ਸਿੱਖ ਆਪਣੇ ਡੰਗਰਾਂ ਦੇ ਘਾਹ ਪੱਠੇ ਲਈ ਗੜ੍ਹੀ ਵਿਚੋਂ ਬਾਹਰ ਨਿਕਲਦੇ ਅਤੇ ਜਦ ਫ਼ੌਜਾਂ ਉਨ੍ਹਾਂ ਨੂੰ ਰੋਕਣ ਜਾਂਦੀਆਂ ਤਾਂ ਇਹ ਆਪਣੇ ਤੀਰਾਂ ,ਰਾਮ ਜੰਗੀਆਂ ਤੇ ਛੋਟੀਆਂ ਤਲਵਾਰਾਂ ਨਾਲ ਮੁੱਗਲਾਂ ਦਾ ਘਰ ਪੂਰਾ ਕਰ ਦਿੰਦੇ ਅਤੇ ਦੇਖਦੇ ਦੇਖਦੇ ਅਲੋਪ ਹੋ ਜਾਂਦੇ । ਸਿੰਘਾਂ ਦਾ ਇਤਨਾ ਭੈ ਅਤੇ ਸਿੱਖ ਆਗੂਆਂ ਦੀਆਂ ਜਾਦੂਗਰੀਆਂ ਦਾ ਇਤਨਾ ਡਰ ਬੈਠ ਚੁੱਕਾ ਸੀ ਕਿ ਬਾਦਸ਼ਾਹੀ ਫ਼ੌਜ ਦੇ ਕਮਾਂਡਰ ਰੱਬ ਪਾਸੋਂ ਦੁਆਵਾਂ ਮੰਗਦੇ ਸਨ ਕਿ ਉਹ ਕੁਝ ਐਸਾ ਭਾਣਾ ਵਰਤਾਵੇ ਕਿ ਬੰਦਾ ਸਿੰਘ ਗੜ੍ਹੀ ਵਿਚੋਂ ਨਿਕਲ ਦੌੜ ਜਾਏ ।'

ਅਬਦੁਸਸਮਦ ਖਾਨ ਇਹ ਸਮਝ ਗਿਆ ਕਿ ਘੇਰਾ ਸਖ਼ਤ 'ਕਰਨ ਤੋਂ ਬਗੈਰ ਗੜ੍ਹੀ ਤੇ

ਕਬਜ਼ਾ ਜਾਂ ਬੰਦਾ ਸਿੰਘ ਨੂੰ ਪਕੜਨਾ ਮੁਸ਼ਕਲ ਹੈ। ਕਮਰਦੀਨ ਦੀਆਂ ਫ਼ੌਜਾਂ ਪੁੱਜ ਗਈਆਂ ਸਨ। ਸੋ ਇਕ ਪਾਸਾ ਉਸ ਦੇ ਹਵਾਲੇ ਕਰ ਦਿਤਾ ਗਿਆ ਤੇ ਦੂਜੇ ਨੂੰ ਉਸ ਆਪ ਮਲ ਲਿਆ। ਤੋਪਾਂ ਵੀ ਉਸ ਉੱਚੀਆਂ ਚੜ੍ਹਾ ਦਿਤੀਆਂ ਤਾਂ ਕਿ ਮਾਰ ਸਿਧੀ ਕਿਲ੍ਹੇ ਤੇ ਪੈ ਸਕੇ। ਪਰ ਸਿੰਘ ਫਿਰ ਵੀ ਬਾਹਰ ਨਿਕਲ ਕੇ ਹਮਲਾ ਕਰਦੇ ਤੇ ਕਈਆਂ ਨੂੰ ਮਾਰ ਮੁਕਾਉਂਦੇ।

'ਬਾਬਾ ਬਿਨੋਦ ਸਿੰਘ ਦੇ ਦਲੇਰੀ ਭਰੇ ਹਮਲੇ : ਸ਼ਾਹੀ ਫ਼ੌਜਾਂ ਆਪਣੇ ਹਰ ਤੰਬੂ ਨੂੰ ਹੀ ਕਿਲ੍ਹਾ ਬਣਾਈ ਟੁਰੀਆਂ ਜਾ ਰਹੀਆਂ ਸਨ ਤੇ ਉਧਰ ਸਿੰਘਾਂ ਦੇ ਹਮਲੇ ਹੋਰ ਵੱਧਦੇ ਜਾਂਦੇ ਸਨ। ਜਦ ਵੀ 'ਸਿੰਘਾਂ ਦਾ ਮਿਠਾਈ ਆਦਿ ਖਾਣ ਤੇ ਦਿਲ ਕਰਦਾ ਉਹ ਅੰਦਰੋਂ ਨਿਕਲਦੇ ਤੇ ਮੁਗ਼ਲਾਂ ਦੇ ਬਾਜ਼ਾਰ ਵਿਚ ਆ ਕੇ ਬਾਬਾ ਬਿਨੋਦ ਸਿੰਘ ਜੀ ਦੀ ਅਗਵਾਈ ਹੇਠ ਖਾ, ਪੀ ਅਤੇ ਲੁੱਟ ਕੇ ਵਾਪਸ ਟੁਰ ਜਾਂਦੇ। ਉਸ ਵਡੇਰੀ ਉਮਰ ਦੇ ਬਾਬੇ ਨੂੰ ਐਸਾ ਰੋਜ਼ ਕਰਦਾ ਦੇਖ ਬਹੁਤੇ 'ਮੁਗ਼ਲ ਹੈਰਾਨ ਹੁੰਦੇ ਤੇ ਕਈ ਪਕੜਨ ਲਈ ਦੌੜਦੇ ਪਰ ਬਾਬਾ ਜੀ ਕਿਸੇ ਦੇ ਹੱਥ ਨਾ ਆਉਂਦੇ। ਉਹ ਗਏ ! ਉਹ ਗਏ !! ਹੀ ਚਾਰੇ ਪਾਸੇ ਸੁਣੀਂਦਾ। ਜੇ ਪਹਰਾ ਸਵੇਰੇ ਦਾ ਪੱਕਾ ਹੁੰਦਾ ਤਾਂ ਬਿਨੋਦ ਸਿੰਘ ਜੀ ਦੁਪਹਿਰੇ ਆ ਜਾਂਦੇ ਤੇ ਜੇ ਦੁਪਿਹਰ ਨੂੰ ਸਾਰੇ ਮੋਰਚੇ ਲਗਾਂਦੇ ਤਾਂ ਉਹ ਸ਼ਾਮ ਨੂੰ।

ਇਕ ਡਰ ਹੋਰ ਉਨ੍ਹਾਂ ਨੂੰ ਖਾਈ ਜਾ ਰਹਿਆ ਸੀ ਕਿ ਬਾਬਾ ਬੰਦਾ ਸਿੰਘ ਕੋਲ ਕਰਾਮਾਤਾਂ ਹਨ। ਸਿਧੀਆਂ ਦੇ ਜ਼ੋਰ ਨਾਲ ਉਹ ਜੋ ਰੂਪ ਧਾਰਨ ਕਰਨਾ ਚਾਹੇ ਕਰ ਸਕਦਾ ਹੈ। ਸੋ ਜੇ ਕੋਈ ਬਿੱਲੀ, ਕੁੱਤਾ ਵੀ ਗੜ੍ਹੀ ਵਲੋਂ ਨਿਕਲਦਾ ਉਸ ਪਿਛੇ ਸ਼ਾਹੀ ਲਸ਼ਕਰ ਟੁੱਟ ਪੈਂਦਾ। ਜਦ ਤਕ ਜਾਨਵਰ ਵਿਚਾਰੇ ਨੂੰ ਮੂਲੋਂ ਹੀ ਨਾ ਮੁਕਾ ਲੈਂਦੇ ਖਹਿੜਾ ਨਾ ਛੱਡਦੇ।

ਅਬਦੁਸਸਮਦ ਖਾਨ ਨੂੰ ਵੀ ਇਕੋ ਹੀ ਆਸ ਸੀ ਕਿ ਜੇ ਘੇਰਾ ਸਖ਼ਤ ਤੇ ਪੀਡਾ ਹੋ ਜਾਏ ਤਾਂ ਅੰਦਰੋਂ ਖਾਣ ਲਈ ਸਭ ਕੁਝ ਖ਼ਤਮ ਹੋ ਜਾਏਗਾ ਤੇ ਉਸ ਸਮੇਂ ਹਮਲਾ ਕਰਕੇ ਪਕੜਨਾ ਆਸਾਨ ਹੋ ਜਾਏਗਾ। ਸੋ ਉਸ ਨੇ ਸੁਰੰਗ ਲਗਾ ਕੇ ਦਰਵਾਜ਼ੇ ਤਕ ਪੁੱਜਣ ਦੀ ਵਿਉਂਤ ਬਣਾਈ। ਇਸ ਕਾਰਜ ਵਿਚ ਉਸ ਨੂੰ ਛੇਤੀ ਹੀ ਕਾਮਯਾਬੀ ਹੋ ਗਈ ਅਤੇ ਕਮਰ-ਉਦ-ਦੀਨ ਵੀ ਖਾਈ ਟੱਪ ਕੇ ਉਥੋਂ ਤਕ ਪੁੱਜ ਗਇਆ ਜਿਥੋਂ ਸਿਖ ਬਾਹਰ ਹਮਲਾ ਕਰਦੇ ਸਨ।

ਅੱਠਾਂ ਮਹੀਨਿਆਂ ਦੇ ਲੰਮੇ ਘੇਰੇ ਨੇ ਅੰਦਰ ਦਾ ਸਭ ਕੁਝ ਮੁਕਾ ਦਿੱਤਾ ਸੀ। ਹੁਣ ਖਾਣ ਲਈ ਕੁਝ ਵੀ ਨਹੀਂ ਸੀ ਰਹਿਆ। ਜਿਨ੍ਹਾਂ ਨੂੰ ਸਾਰੇ ਵੈਰੀ ਤੇ ਉਨ੍ਹਾਂ ਦੀਆਂ ਤੋਪਾਂ ਵੀ ਢਿੱਲਾ ਨਾ ਕਰ ਸਕੀਆਂ, ਭੁੱਖ ਨੇ ਲੱਕ ਤੋੜ ਦਿਤਾ। ਪੰਥ ਪ੍ਰਕਾਸ਼ ਦਾ ਲਿਖਾਰੀ ਲਿਖਦਾ ਹੈ :

ਕਰਯੋ ਨਹੀਂ ਥਾ ਅਧੱਕ ਜ਼ਖੀਰਾ, ਬੰਦੇ ਗੜ੍ਹੀ ਮਾਝਾਰੀ।
ਸੇਰ ਪਾਓ ਕੀ ਕਹਾ ਕਹਾਨੀ, ਮਾਸਾ ਅੰਨ ਨਾ ਮਿਲੇਹੀ।
ਖਾਨ ਚੀਜ ਕਿਛ ਨਜ਼ਰ ਨਾ ਆਵੇ, ਮਿਟੀ ਕੇ ਸਿੰਘ ਗਿਲ ਹੀ।
ਕਈ ਦਿਵਸ ਭੁਖ ਦੇਖੇ ਸਿੰਘਨ, ਪਤੇ ਬ੍ਰਿਛਨ ਖਾਏ।
ਬਾਹਰ ਦਲ ਤੁਰਕੀ ਬਹੁ ਉਤਰਯੋ, ਪੇਸ਼ ਕਛੂ ਨਹਿ ਜਾਏ।

ਜਿਨ੍ਹਾਂ ਸਿੰਘਾਂ ਨੂੰ ਵੈਰੀਆਂ ਦੀਆਂ ਤੋਪਾਂ ਡਰਾ ਨਾ ਸਕੀਆਂ, ਉਨ੍ਹਾਂ ਨੂੰ ਭੁੱਖ ਨੇ ਦੂਹਰਾ ਕਰ ਦਿਤਾ।

ਬਾਬਾ ਬਿਨੋਦ ਸਿੰਘ ਜੀ ਦਾ ਗੜ੍ਹੀ ਨੂੰ ਛੱਡਣਾ : ਇਸ ਉਤੇ ਇਕ ਹੋਰ ਐਸੀ ਘਟਨਾ ਹੋ ਗਈ ਜਿਸ ਨਾਲ ਜਥੇਬੰਦੀ ਹੋਰ ਕਮਜ਼ੋਰ ਹੋ ਗਈ। ਬਾਬਾ ਬਿਨੋਦ ਸਿੰਘ ਜੀ ਨੇ ਇਹ ਰਾਇ ਦਿਤੀ ਕਿ ਕਾਮਯਾਬੀ ਇਸ ਵਿਚ ਹੈ ਕਿ ਗੜ੍ਹੀ ਛੱਡਕੇ ਪਿਛੇ ਹਟਿਆ ਜਾਏ ਤੇ

ਫਿਰ ਤਾਕਤ ਇਕੱਠੀ ਕਰਕੇ ਟਾਕਰੇ ਤੇ ਖਲੋਤਾ ਜਾਏ। ਬੰਦਾ ਸਿੰਘ ਜੀ ਇਸ ਰਾਇ ਨੂੰ ਕਮਜ਼ੋਰ ਰਾਇ ਸਮਝਦੇ ਸਨ ਸੋ ਉਨ੍ਹਾਂ ਆਗੂ ਹੋਣ ਦੀ ਹਸੀਅਤ ਵਿਚ ਠੁਕਰਾ ਦਿਤਾ। ਬਾਬਾ ਬਿਨੋਦ ਸਿੰਘ ਦੀਆਂ ਦਲੀਲਾਂ ਸਖ਼ਤ ਸਨ, ਪਰ ਬਾਬਾ ਬੰਦਾ ਸਿੰਘ ਬਹਾਦਰੀ ਦੇ ਨਾਂ ਤੇ ਵੱਟਾ ਸਮਝਦੇ ਸਨ। ਦੋਵਾਂ ਵਿਚ 'ਤੂੰ ਤੂੰ' ਮੈਂ ਮੈਂ ਤੋਂ ਗੱਲ ਵਧਦੀ ਮੁੱਕਿਆਂ, ਘਸੁੰਨਾਂ ਤੇ ਫਿਰ ਤਲਵਾਰਾਂ ਤਕ ਪੁਜ ਗਈ। ਲੜਦਿਆਂ ਦੇਖ ਬਿਨੋਦ ਸਿੰਘ ਦਾ ਪੁੱਤਰ ਵਿਚਕਾਰ ਆ ਖਲੋਤਾ ਤੇ ਉਸ ਨੇ ਹੱਥ ਜੋੜ ਕੇ ਕਹਿਆ ਕਿ ਜਿਸ ਗੜ੍ਹੀ ਛੱਡਣੀ ਹੈ ਛੱਡ ਜਾਏ, ਪਰ ਲੜਾਈ ਸੋਭਦੀ ਨਹੀਂ। ਬਾਬਾ ਬਿਨੋਦ ਸਿੰਘ ਘੇਰੇ ਨੂੰ ਚੀਰਦੇ ਆਪਣੇ ਸਾਥੀਆਂ ਸਮੇਤ ਦੂਰ ਨਿਕਲ ਗਏ।

ਭੁੱਖ ਦਾ ਜ਼ੋਰ, ਪਰ ਚੜ੍ਹਦੀ ਕਲਾ ਉਹ ਹੀ : ਫੁੱਟ ਦਾ ਇਲਾਜ ਤਾਂ ਹੋ ਗਿਆ, ਪਰ ਭੁੱਖ ਦਾ ਕੋਈ ਇਲਾਜ ਨੇੜੇ ਨਹੀਂ ਸੀ ਦਿਸਦਾ। ਜਦ ਖਾਣ ਨੂੰ ਹੋਰ ਕੁਝ ਨਾ ਰਹਿ ਗਇਆ ਤਾਂ ਉਹ ਘੋੜੇ, ਖੋਤੇ ਅਤੇ ਹੋਰ ਡੰਗਰ ਵੀ ਖਾ ਜਾਣ ਲਈ ਵੀ ਮਜਬੂਰ ਹੋ ਗਏ। ਇਰਵਨ ਲਿਖਦਾ ਹੈ ਕਿ ਸਿਖਾਂ ਵਿਚ ਕਿਉਂਕਿ ਕੋਈ ਛੂਤ-ਛਾਤ ਤੇ ਜਾਤ ਪਾਤ ਦੀ ਗੱਲ ਨਹੀਂ, ਸੋ ਉਨ੍ਹਾਂ ਨੇ ਦਾਂਦ ਤੇ ਦੂਸਰੇ ਪਸ਼ੂ ਵੀ ਝਟਕਾ ਲਏ, ਪਰ ਉਨ੍ਹਾਂ ਪਾਸ ਮਾਸ ਪਕਾਉਣ ਲਈ ਬਾਲਣ ਵੀ ਨਹੀਂ ਸੀ। ਸੋ ਉਹ ਕੱਚਾ ਹੀ ਖਾ ਜਾਂਦੇ ਰਹੇ। ਵਿਚੋਂ ਬਹੁਤੇ ਪੇਚਸ਼ ਨਾਲ ਹੀ ਪੂਰੇ ਹੋ ਗਏ। ਜਦ ਪਸ਼ੂ ਮੁਕੇ ਤਾਂ ਉਨ੍ਹਾਂ ਘਾਹ ਤੇ ਦਰਖ਼ਤਾਂ ਦੇ ਪੱਤੇ ਖਾਧੇ। ਜਦ ਉਹ ਵੀ ਮੁਕ ਗਏ ਤਾਂ ਉਨ੍ਹਾਂ ਨੇ ਦਰਖ਼ਤਾਂ ਦੀਆਂ ਛਿੱਲਾਂ ਤੇ ਸੁਕੀਆਂ ਟਾਹਣੀਆਂ ਪੀਹ ਪੀਹ ਕੇ ਆਟੇ ਦੀ ਥਾਂ ਖਾ ਲਈਆਂ। ਉਨ੍ਹਾਂ ਦੇ ਮੁਕ ਜਾਣ ਤੇ ਮੋਏ ਡੰਗਰਾਂ ਦੀਆਂ ਹੱਡੀਆਂ ਵੀ ਪੀਹ ਪੀਹ ਖਾ ਗਏ। ਕਈ ਆਪਣੇ ਪੱਟਾਂ ਦੇ ਮਾਸ ਤਕ ਨੂੰ ਭੁੰਨ ਕੇ ਖਾ ਗਏ। ਇਤਨਾ ਕੁਝ ਹੋ ਜਾਣ ਤੇ ਵੀ ਸਿੱਖਾਂ ਅਤੇ ਉਸ ਦੇ ਆਗੂ ਨੇ ਅੱਠ ਮਹੀਨੇ ਫ਼ੌਜ ਦਾ ਟਾਕਰਾ ਕਰੀ ਰਖਿਆ।

ਗੜ੍ਹੀ ਤੇ ਕਬਜ਼ਾ ਅਤੇ ਬਾਬਾ ਬੰਦਾ ਸਿੰਘ ਦਾ ਪਕੜੇ ਜਾਣਾ : ਬੀਮਾਰੀ ਭੁੱਖ ਤੇ ਕਮਜ਼ੋਰੀ ਕਾਰਨ ਸਿੰਘ ਨਿਢਾਲ ਹੋ ਚੁਕੇ ਸਨ, ਪਰ ਸਿੰਘਾਂ ਦਾ ਇਤਨਾ ਭੈ ਸੀ ਕਿ ਕੋਈ ਨੇੜੇ ਨਹੀਂ ਸੀ ਆਉਂਦਾ। ਅਬਦੁਸਸਮਦ ਖਾਨ ਨੇ ਦਰਵਾਜ਼ਾ ਖੋਲ੍ਹਣ ਲਈ ਕਹਿਆ ਤੇ ਉਸ ਸੂਰਤ ਵਿਚ ਸਿੰਘਾਂ ਨੂੰ ਕੁਝ ਵੀ ਨਾ ਕਹਿਣ ਦਾ ਯਕੀਨ ਦਿਲਵਾਇਆ। ਪਰ ਜਦ ਦਰਵਾਜ਼ਾ ਖੁਲ੍ਹ ਗਿਆ ਤਾਂ ਨਿਰਬਲ ਹੋ ਚੁੱਕੇ ਸਿੰਘਾਂ ਤੇ ਫ਼ੌਜਾਂ ਟੁੱਟ ਪਈਆਂ। ੭ ਦਸੰਬਰ, ੧੭੧੫ ਨੂੰ ਗੜ੍ਹੀ ਤੇ ਸ਼ਾਹੀ ਕਬਜ਼ਾ ਹੋ ਗਿਆ। ਤਿੰਨ ਸੌ ਦੇ ਕਰੀਬ ਸਿੰਘਾਂ ਨੂੰ ਥਾਂ ਤੇ ਹੀ ਸ਼ਹੀਦ ਕਰ ਦਿਤਾ ਗਿਆ। ਲਹੂ ਨਾਲ ਥਾਂ ਇਸ ਤਰ੍ਹਾਂ ਭਰ ਗਈ ਜਿਵੇਂ ਕੋਈ ਪਿਆਲੀ ਹੋਵੇ। ਸਿੰਘਾਂ ਦੀਆਂ ਲਾਸ਼ਾਂ ਤਕ ਨੂੰ ਚੀਰ ਦਿਤਾ ਗਇਆ ਕਿਉਂਕਿ ਇਹ ਮਨੌਤ ਫੈਲ ਗਈ ਸੀ ਕਿ ਸਿੰਘਾਂ ਨੇ ਅਸ਼ਰਫ਼ੀਆਂ ਨਿਗਲ ਲਈਆਂ ਹਨ। ਸਿੰਘਾਂ ਦੇ ਸਿਰਾਂ ਨੂੰ ਘਾਹ ਫੂਸ ਨਾਲ ਭਰਕੇ ਨੇਜ਼ਿਆਂ ਤੇ ਟੰਗ ਲਿਆ ਗਿਆ। ਮੁਹੰਮਦਹਾਦੀ ਕਾਮਵਰ ਨੇ ਠੀਕ ਲਿਖਿਆ ਹੈ ਕਿ "ਇਹ ਜਿੱਤ ਕਿਸੇ ਦੀ ਚਾਤਰੀ ਜਾਂ ਬਹਾਦਰੀ ਦਾ ਸਿੱਟਾ ਨਹੀਂ ਸੀ ਸਗੋਂ ਰੱਬ ਦੀ ਰਹਮਤ ਸੀ ਕਿ ਇਸ ਤਰ੍ਹਾਂ ਹੋ ਗਇਆ ਕਿਉਂਕਿ ਹਰ ਕੋਈ ਜਾਣਦਾ ਸੀ ਕਿ ਬਹਾਦਰ ਸ਼ਾਹ ਆਪਣੇ ਚਾਚੇ ਪੁੱਤਰਾਂ ਤੇ ਅਨਗਿਣਤ ਵਡੇ ਅਫ਼ਸਰਾਂ ਸਮੇਤ ਇਸ ਨੂੰ ਦਬਾਉਣ ਦੇ ਜਤਨ ਕੀਤੇ ਸਨ, ਪਰ ਉਹ ਅਸਫ਼ਲ ਰਹਿਆ ਸਾ, ਹੁਣ ਭੁੱਖ ਨੇ ਉਨ੍ਹਾਂ ਨੂੰ ਅਧੀਨ ਕਰ ਦਿਤਾ।'

ਲਾਹੌਰ ਵੱਲ : ਬਾਬਾ ਬੰਦਾ ਸਿੰਘ ਨੂੰ ਪਕੜ ਤਾਂ ਲਇਆ ਗਇਆ, ਪਰ ਫਿਰ ਵੀ ਉਨ੍ਹਾਂ ਕੋਲੋਂ ਡਰੀ ਹੀ ਜਾਣ :

''ਤੋ ਭੀ ਸਭ ਬੰਦੇ ਤੈ ਡਰੈ ।
ਮਰੇ ਸ਼ੇਰ ਸੇ ਜਯੋਂ ਗਜ ਟਰੈ ।''

ਉਨ੍ਹਾਂ ਨੇ ਪੱਕਾ ਪ੍ਰਬੰਧ ਕੀਤਾ ਤੇ ਬਾਬਾ ਜੀ ਨੂੰ ਚਾਰ ਥਾਵਾਂ ਤੋਂ ਜਕੜ ਲਇਆ ਗਿਆ, ਉਹ ਡਰਦੇ ਸਨ ਕਿ ਮਤਾ ਬੰਦਾ ਸਿੰਘ ਆਪਣੀ ਕਰਾਮਾਤੀ ਸ਼ਕਤੀਆਂ ਨਾਲ ਉੱਡ ਹੀ ਨਾ ਜਾਏ । ਉਨ੍ਹਾਂ ਦੇ ਪੈਰਾਂ ਵਿਚ ਬੇੜੀਆਂ, ਗਲੇ ਵਿਚ ਫੰਧਾ, ਹੱਥਾਂ ਵਿਚ ਹਥਕੜੀਆਂ ਤੇ ਲੱਕ ਦੁਆਲੇ ਵੀ ਜੰਜੀਰ ਬੰਨ੍ਹ ਦਿਤੀ ਗਈ । ਇੰਨੀਆਂ ਫਾਹੀਆਂ ਨੂੰ ਵੀ ਨਾਕਾਫ਼ੀ ਸਮਝਿਆ ਗਿਆ ਅਤੇ ਉਨ੍ਹਾਂ ਨੂੰ ਪਿੰਜਰੇ ਵਿਚ ਪਾ ਦਿਤਾ ਗਇਆ । ਪਿੰਜਰੇ ਨੂੰ ਹਾਥੀ ਉਤੇ ਤੇ ਉਸ ਤੇ ਪਹਰਾ ਕੁਝ ਚੋਣਵੇਂ ਸਿਪਾਹੀਆਂ ਦਾ ਬਿਠਾਇਆ ਗਇਆ । ਇਕ ਸੈਨਿਕ ਨੇ ਇਹ ਵੀ ਦਸਿਆ ਕਿ ਬੰਦਾ ਸਿੰਘ ਕਰਾਮਾਤੀ ਸ਼ਕਤੀਆਂ ਦਾ ਮਾਲਕ ਹੈ । ਸੋ ਐਸਾ ਨਾ ਹੋਵੇ ਕਿ ਉਹ ਪਿੰਜਰੇ ਸਮੇਤ ਹੀ ਉੱਡ ਜਾਏ, ਸੋ ਉਸ ਨੂੰ ਵੀ ਬੰਦੇ ਸਿੰਘ ਨਾਲ ਹੀ ਬੰਨ੍ਹ ਦਿੱਤਾ ਜਾਏ, ਤੇ ਜੋ ਪਿੰਜਰਾ ਉੱਡੇ ਵੀ ਤਾਂ ਉਹ ਉਥੇ ਹੀ ਛੁਰਾ ਘੋਂਪ ਦੇਵੇਗਾ ।

'ਫੜ ਲੋਹ ਪਿੰਜਰੇ ਪਾਯੋ ।
ਪਗ ਬੇੜੀ ਗਲ ਤਬਕ ਚੜ੍ਹਾਯੋ ।
ਹੱਥ ਹਥੋੜੀ ਲੱਕ ਜੰਜੀਰ ।
ਬੰਦਾ ਬੰਧਯੋ ਇਸ ਤਦਬੀਰ ।
ਫੜ ਲਾਹੌਰ ਗਾਡੀ ਪਨ ਲਿਆਏ ।
ਸਿੱਖ ਗਧਿਉਂ ਪਰ ਔਰ ਚੜਾਏ ।'

ਸਿੱਖਾਂ ਨੂੰ ਬੇੜੀਆਂ ਪਾ ਕੇ ਮਾੜੇ ਤੇ ਮਰੀਅਲ ਘੋੜਿਆਂ ਜਾਂ ਗੱਧੇ ਤੇ ਬਿਠਲਾ ਕੇ, ਉਨ੍ਹਾਂ ਦੇ ਸਿਰਾਂ ਤੇ ਨੋਕਦਾਰ ਮਜ਼ਾਕੀਆ ਕਾਗਜ਼ ਲਗਾ ਦਿਤੇ ਗਏ । ਢੋਲ, ਵਾਜੇ, ਤੇ ਫ਼ੌਜਾਂ ਦੇ ਦਿਖਾਵੇ ਨਾਲ ਸਿੱਖ ਲਾਹੌਰ ਦਾਖ਼ਲ ਕੀਤੇ ਗਏ ।

ਸਿੰਘਾਂ ਦੀ ਚੜ੍ਹਦੀ ਕਲਾ ਵਿਚ ਕੋਈ ਅੰਤਰ ਨਹੀਂ ਪਾਇਆ ਸੀ । ਤੁਰਕ ਫ਼ੌਜੀ ਜਦ ਸਿੰਘਾਂ ਨੂੰ ਲਾਹੌਰ ਲਿਜਾਂਦਿਆਂ ਰਾਹ ਵਿਚ ਮਜ਼ਾਕ ਕਰਨ ਤੇ ਛੇੜਨ ਤਾਂ ਸਿੱਖ ਬੰਦੀ ਵਿਚ ਪਏ ਹੋਏ ਵੀ ਕਈ ਕੁਝ ਸੁਣਾ ਦਿੰਦੇ ।

''ਤਿੰਨ ਜੋ ਤੁਰਕ ਜਿ ਇਕ ਗਲ ਆਖੈ ।
ਵਹਿ ਆਗੈ ਤੈ ਬੀਸਕ ਭਾਖੈ ।
ਰਸੀ ਜਲੀ ਵਟ ਨਹਿ ਜਲਯੋ ।
ਤਿੰਨ ਬਲ ਛੁਟਿਓ ਗੁਮਾਨ ਨ ਗਲਯੋ ।''

ਅਨੋਖਾ ਜਲੂਸ : ਲਾਹੌਰ ਵਿਚ ਦਿਖਾਵੇ ਤੋਂ ਬਾਅਦ ਅਬਦੁਸਸਮਦ ਖਾਨ ਦੇ ਪੁੱਤਰ ਜ਼ਕਰੀਆਂ ਖਾਨ ਦੇ ਜ਼ਿੰਮੇ ਲਗਾਇਆ ਗਇਆ ਕਿ ਉਹ ਸਿੱਖਾਂ ਦਾ ਇਹ ਜੱਥਾ ਦਿੱਲੀ ਵਿਚ ਲਿਜਾ ਕੇ ਫ਼ਰਖਸੀਅਰ ਦੇ ਪੇਸ਼ ਕਰੇ । ਜ਼ਕਰੀਆ ਖ਼ਾਨ ਨੇ ਇਹ ਜਾਣਿਆ ਕਿ ਫ਼ਰਖਸੀਅਰ ਵਰਗੇ ਸ਼ਾਹ ਨੂੰ ਭੇਟ ਕਰਨ ਲਈ ਸਿੱਖਾਂ ਦੀ ਗਿਣਤੀ ਥੋੜ੍ਹੀ ਹੈ । ਕੁਝ ਦਿਨਾਂ ਵਿਚ ਹੀ ਜ਼ਕਰੀਆ ਖਾਨ ਨੇ ੫੦੦ ਸਿੰਘ ਹੋਰ ਘੇਰ ਲਏ ਤੇ ਬੰਦੀ ਵਿਚ ਪਾ ਲਏ । ੨੦੦੦ ਦੇ ਕਰੀਬ ਸਿੰਘਾਂ ਦੇ ਸੀਸ ਨੇਜ਼ਿਆਂ ਤੇ ਟੰਗ ਲਏ । ਸੱਤ ਸੌ ਗੱਡੇ ਸਿਰਾਂ ਦੇ ਭਰ ਲਏ । ਇਸ ਕਾਫ਼ਲੇ ਨਾਲ ਜ਼ਕਰੀਆ ਖਾਨ ਦਿੱਲੀ ਵਲ ਤੁਰ ਪਇਆ । ਰਾਹ ਵਿਚ ਸਿੱਖਾਂ ਨੂੰ ਹਰ ਪਰਕਾਰ ਦੇ ਤਸੀਹੇ ਦਿਤੇ ਜਾ ਰਹੇ ਸਨ । ਜਦ ਇਹ ਕਾਫ਼ਲਾ ਸਰਹੰਦ ਪੁਜਾ ਤਾਂ ਸਰਹੰਦ ਦੇ ਮੁਸਲਮਾਨ ਵਸਨੀਕਾਂ ਤੇ

ਲਾਗਲੇ ਪਿੰਡ ਵਾਲਿਆਂ ਨੇ ਆਪਣਾ ਪੁਰਾਣਾ ਗੁਬਾਰ ਕੱਢਣ ਲਈ ਪੱਥਰ ਮਾਰੇ। ਸਿਖ ਅਡੋਲ ਰਹੇ। ਕਿਸੇ ਦੇ ਚਿਹਰੇ ਤੇ ਵੀ ਮਾਯੂਸੀ ਨਾ ਦੇਖੀ ਗਈ। ਸਿਖ ਉੱਚੀ ਉੱਚੀ ਆਵਾਜ਼ ਨਾਲ ਬਾਣੀ ਪੜ੍ਹਦੇ ਜਾ ਰਹੇ ਸਨ ਤੇ ਇਹ ਹੀ ਅਰਦਾਸ ਕਰ ਰਹੇ ਸਨ "ਸੱਚੇ ਪਾਤਸ਼ਾਹ, ਸਿਦਕ ਨਾ ਡੁਲਾਂਈਂ, ਮਲੇਛਾਂ ਦਾ ਨਾਸ ਕਰੀਂ ਤੇ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈਂ।"

"ਜਿਸ ਜਿਸ ਨਗਰ ਸ਼ਹਰ ਸਿੰਘ ਜਾਵੈ।
ਊਚੋ ਸੁਰ ਗੁਰਬਾਣੀ ਗਾਵੈ।
'ਸਾਧੋ ਰਚਨਾ ਰਾਮ ਬਨਾਈ।
ਇਕ ਬਿਨਸੈ ਇਕ ਅਸਥਿਰ ਮਾਨੈ।
ਅਚਰਜ ਲਖਯੋ ਨ ਜਾਈ।'
....
ਇਤਿਆਦਕ ਬਹੁ ਸ਼ਬਦ ਅਲਾਵੈ।
ਕਹੈਂ ਸਿਦਕ ਰਹਿਤ ਨ ਚਹਿ ਜਾਵੈ।
ਯੋਂ ਕਹਿਕੇ ਕਰਹੇ ਅਰਦਾਸ।
ਗੁਰੂ ਕਰੇ ਤੁਰਕਨ ਕਾ ਨਾਸ।
ਗੁਰੂ ਖਾਲਸਾ ਬਹੁ ਪ੍ਰਕਾਸੈ।
ਸਿਦਕ ਨਿਭੈ ਸੰਗ ਕੇਸਨ ਸ੍ਵਾਸੈ।
ਯਹ ਸੁਨ ਤੁਰਕ ਗਾਰ (ਗਾਲੀ) ਜੋ ਦੇਹੈ।
ਅਗੋਂ ਸਿੰਘ ਪਚਾਸ ਸੁਨੇਹੈ।"

੨੯ ਫਰਵਰੀ ੧੭੧੬ ਨੂੰ ਇਹ ਕਾਫ਼ਲਾ ਦਿੱਲੀ ਦੇ ਬਾਹਰ ਨਰੇਲੇ ਪਾਸ ਪੁਜਾ। ਫ਼ਰਖਸੀਅਰ ਨੇ ਇਹਤਮਾਦੁ-ਦੌਲਾ ਮੁਹੰਮਦ ਅਮੀਨ ਖਾਨ ਨੂੰ ਭੇਜਿਆ ਕਿ ਜਲੂਸ ਦੀ ਸ਼ਕਲ ਵਿਚ ਬਾਬਾ ਬੰਦਾ ਸਿੰਘ ਨੂੰ ਕਿਲ੍ਹੇ ਤਕ ਲਿਆਇਆ ਜਾਏ।

ਸ਼ਹਿਰ ਵਿਚ ਢੰਡੋਰਾ ਦੇ ਦਿਤਾ ਗਇਆ। ਗਲੀ, ਕੂਚੇ, ਸੜਕਾਂ ਤੇ ਲੋਕੀ ਅਨੋਖੇ ਜਲੂਸ ਦੀ ਉਡੀਕ ਕਰ ਰਹੀਆਂ ਸਨ। ਆਗਰਾਬਾਦ ਤੋਂ ਲੈ ਕੇ ਲਾਹੌਰੀ ਗੇਟ ਤਕ ਮੀਲਾਂ ਦੀ ਵਾਟ ਲੋਕਾਂ ਨਾਲ ਭਰੀ ਹੋਈ ਸੀ। ਸੜਕ ਦੇ ਦੋਵੇਂ ਪਾਸੇ ਫ਼ੌਜਾਂ ਖੜੀਆਂ ਸਨ। ਦਰਸ਼ਕਾਂ ਤੇ ਹੋਰ ਪ੍ਰਭਾਵ ਤੇ ਹਿਮਾਇਤੀਆਂ ਨੂੰ ਭੈ-ਭੀਤ ਕਰਨ ਲਈ ਜਲੂਸ ਨੂੰ ਐਸੀ ਤਰਤੀਬ ਦਿਤੀ ਕਿ ਬਾਕੀ ਲੋਕਾਂ ਨੂੰ ਸਬਕ ਮਿਲ ਸਕੇ। ਜਲੂਸ ਵਿਚ ਬੰਦੀ ਪਾਏ ਸਿੰਘਾਂ ਨੂੰ ਮਜ਼ਾਕ ਦਾ ਮਜ਼ਮੂਨ ਬਣਾਉਣ ਲਈ ਸ਼ਿੰਗਾਰਿਆ ਗਇਆ।

ਸਭ ਤੋਂ ਅੱਗੇ ਦੋ ਹਜ਼ਾਰ ਸਿੰਘਾਂ ਦੇ ਸੀਸ ਨੇਜ਼ਿਆਂ ਤੇ ਟੰਗੇ ਹੋਏ ਸਨ, ਹਰ ਇਕ ਨੇਜ਼ੇ ਨੂੰ ਇਕ ਇਕ ਸਿਪਾਹੀ ਨੇ ਉਠਾਇਆ ਹੋਇਆ ਸੀ। ਇਨ੍ਹਾਂ ਪਿਛੇ ਬਾਂਸ ਤੇ ਇਕ ਮੋਈ ਹੋਈ ਬਿੱਲੀ ਟੰਗੀ ਹੋਈ ਸੀ ਜੋ ਇਸ ਗੱਲ ਦਾ ਪ੍ਰਗਟਾਵਾ ਕਰ ਰਹੀ ਸੀ ਕਿ ਸਿੱਖਾਂ ਦੀ ਗੜ੍ਹੀ ਵਿਚ ਪਸ਼ੂ ਤਕ ਖ਼ਤਮ ਕਰ ਦਿਤੇ ਗਏ ਹਨ। ਉਸ ਪਿਛੇ ਸਿੰਘਾਂ ਦੇ ਸਿਰਾਂ ਦੇ ਭਰੇ ਹੋਏ ਗੱਡੇ ਸਨ, ਜਿਨ੍ਹਾਂ ਦੀ ਗਿਣਤੀ ਸੱਤ ਸੌ ਦੇ ਕਰੀਬ ਸੀ। ਉਸ ਉਪ੍ਰੰਤ ਇਕ ਹਾਥੀ ਝੂਮਦਾ ਆ ਰਹਿਆ ਸੀ। ਹਾਥੀ ਦੀ ਪਿੱਠ ਤੇ ਹੁਦੇ ਦੀ ਥਾਂ ਪਿੰਜਰਾ ਤੇ ਪਿੰਜਰੇ ਵਿਚ ਬਾਬਾ ਬੰਦਾ ਸਿੰਘ ਬਹਾਦਰ।

ਬਾਬਾ ਜੀ ਨੂੰ ਚਾਰੇ ਪਾਸਿਆਂ ਤੋਂ ਜਕੜਿਆ ਹੋਇਆ ਸੀ। ਬੰਦਾ ਸਿੰਘ ਦੀ ਸ਼ਕਲ ਵਿਗਾੜੀ ਹੋਈ ਸੀ। ਉਨ੍ਹਾਂ ਦੇ ਸੀਸ ਤੇ ਤਿਲੇ ਕੱਢੀ ਲਾਲ ਪਗੜੀ ਰੱਖੀ ਹੋਈ ਸੀ। ਅਨਾਰਾਂ

ਦੇ ਫੁੱਲਾਂ ਨਾਲ ਭਰੀ ਗੂੜ੍ਹੇ ਲਾਲ ਖੱਦਰ ਦੀ ਪੁਸ਼ਾਕ ਪੁਆਈ ਹੋਈ ਸੀ ਤਾਂ ਕਿ ਦੇਖਣ ਵਾਲਾ ਬਾਬਾ ਜੀ ਦੀ ਬੇਬਸੀ ਤੇ ਚੰਗੀ ਤਰ੍ਹਾਂ ਹੱਸ ਕੇ ਮਜ਼ਾਕ ਉਡਾ ਸਕੇ। ਪਿੰਜਰੇ ਪਿਛੇ ਇਕ ਤੁਰਾਨੀ ਅਫ਼ਸਰ ਸੰਜੋਅ ਨਾਲ ਢਕਿਆ ਹੱਥ ਵਿਚ ਤਲਵਾਰ ਲਈ ਖੜਾ ਸੀ।

ਬੰਦਾ ਸਿੰਘ ਦੇ ਪਿਛੇ ਸਤ ਸੌ ਚਾਲੀ ਸਿੰਘ ਬਗੈਰ ਪਲਾਣੇ ਊਠਾਂ ਤੇ ਬੱਧੇ ਹੋਏ ਸਨ। ਉਨ੍ਹਾਂ ਸਿੰਘਾਂ ਦਾ ਇਕ ਇਕ ਹੱਥ ਦੋ ਲਕੜੀਆਂ ਵਿਚਕਾਰ ਪੇਚਾਂ ਨਾਲ ਕਸ ਕੇ ਧੌਣ ਨਾਲ ਜਕੜਿਆ ਹੋਇਆ ਸੀ। ਕੁਝ ਜਰਨੈਲ ਸਿੰਘਾਂ ਨੂੰ ਭੇਡਾਂ ਦੀਆਂ ਖੱਲਾਂ ਵਿਚ ਮੜ੍ਹਿਆ ਹੋਇਆ ਸੀ। ਸਿੱਖਾਂ ਦੇ ਸਿਰਾਂ ਤੇ ਕਾਗਜ਼ ਜਾਂ ਲਾਲ ਕਪੜੇ ਦੀਆਂ ਬਣੀਆਂ ਹੋਈਆਂ ਤਿਕੋਣੀ ਟੋਪੀਆਂ ਵੀ ਰਖੀਆਂ ਹੋਈਆਂ ਸਨ। ਮੂੰਹ ਬਹੁਤਿਆਂ ਦੇ ਕਾਲੇ ਕੀਤੇ ਗਏ ਸਨ।
ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

"ਔਰ ਸਿੰਘਨ ਕੋ ਕੈਦ ਰਖਾਯੋ।
ਫ਼ਿਰ ਮੁਖ ਕਾਲੇ ਤਿਨੈ ਕਰਕੈ।
ਟੋਪ ਕਾਗਜ਼ੋਂ ਕੇ ਸਿਰ ਦੇਕੇ।
ਉਠ ਉਲਾਨਿਓਂ ਉਪਰ ਚਾੜ੍ਹਕੇ,
ਸਾਰੇ ਦਿਲੀ ਸ਼ਹਿਰ ਫ਼ਿਰੈਕੈ।"

ਚੜ੍ਹਦੀ ਕਲਾਂ ਦੇ ਬੋਲੇ : ਜਲੂਸ ਨੂੰ ਸਾਰਾ ਸ਼ਹਿਰ ਫਿਰਾ ਕੇ ਲਾਲ ਕਿਲੇ ਪਾਸ ਲਿਆਕੇ ਸਮਾਪਤ ਕੀਤਾ ਗਇਆ। ਮਿਰਜਾ ਮੁਹੰਮਦ ਹਰੀਸੀ ਲਿਖਦਾ ਹੈ "ਜਲੂਸ ਲੋਕਾਂ ਲਈ ਇਕ ਅਜਬ ਤਮਾਸ਼ਾ ਸੀ। ਬਾਜ਼ਾਰ ਤੇ ਗਲੀਆਂ ਵਿਚ ਉਸ ਜਲੂਸ ਨੂੰ ਦੇਖਣ ਲਈ ਭੀੜ ਟੁੱਟ ਪਈ। ਸਿੱਖਾਂ ਦੀ ਇਸ ਦੁਰਦਸ਼ਾ ਨੂੰ ਦੇਖਕੇ ਮੁਸਲਮਾਨ ਖਿਲੀਆਂ ਮਚਾ ਰਹੇ ਸਨ ਪਰ ਇਸ ਦੇ ਬਾਵਜੂਦ ਉਨ੍ਹਾਂ ਬਦਨਸੀਬ ਸਿੱਖਾਂ ਨੂੰ ਹਰ ਕੋਈ ਸਬਰ ਤੇ ਸੰਤੋਖ ਵਿਚ ਦੇਖ ਸਕਦਾ ਸੀ। ਉਹ ਪ੍ਰਸੰਨ ਚਿਤ ਸਨ। ਉਨ੍ਹਾਂ ਦੇ ਚਿਹਰਿਆਂ ਤੇ ਰੰਚਕ ਮਾਤ੍ਰਾ ਵੀ ਘਬਰਾਹਟ ਜਾਂ ਢਹਿੰਦੀ ਕਲਾਂ ਨਹੀਂ ਸੀ ਦਿਸਦੀ। ਸਚੀ ਗੱਲ ਤਾਂ ਇਹ ਹੈ ਕਿ ਜਦ ਊਠਾਂ ਤੇ ਜਕੜੇ ਸਿੰਘ ਗੁਜ਼ਰ ਰਹੇ ਸਨ ਤਾਂ ਉਹ ਹਰ ਇਕ ਨੂੰ ਖੁਸ਼ ਤੇ ਚੜ੍ਹਦੀ ਕਲਾਂ ਵਿਚ ਦਿਸਦੇ ਸਨ ਅਤੇ ਉਹ ਝੂਮ ਝੂਮ ਕੇ ਸ਼ਬਦ ਪੜ੍ਹ ਰਹੇ ਸਨ। ਜੇ ਕੋਈ ਕਹਿੰਦਾ ਕਿ ਇਹ ਸਜ਼ਾ ਉਨ੍ਹਾਂ ਨੂੰ ਆਪਣੀਆਂ ਕਰਤੂਤਾਂ ਕਾਰਨ ਮਿਲ ਰਹੀ ਹੈ ਤਾਂ ਉਹ ਝਟ ਜੁਆਬ ਦਿੰਦੇ, "ਨਹੀਂ, ਇਹ ਮਾਲਕ ਦਾ ਹੁਕਮ ਹੈ ਅਤੇ ਸੱਭ ਕੁਝ ਉਸ ਦੇ ਭਾਣੇ ਵਿਚ ਹੋ ਰਹਿਆ ਹੈ। ਕਿਸੇ ਦੀ ਕੀ ਮਜ਼ਾਲ ਹੈ।" ਜੇ ਕੋਈ ਇਹ ਆਖਦਾ ਕਿ ਤੁਸੀਂ ਕਤਲ ਕੀਤੇ ਜਾਓਗੇ ਤਾਂ ਸਾਰੇ ਇਕ ਵਾਰੀ ਹੀ ਬੋਲ ਉਠਦੇ, "ਕਰੋ ਕਤਲ, ਮੌਤ ਤੋਂ ਕਉਨ ਡਰਦਾ ਹੈ। ਜੇ ਡਰਦੇ ਹੁੰਦੇ ਤਾਂ ਤੁਹਾਡੇ ਨਾਲ ਆਕੇ ਕਿਉਂ ਲੜਦੇ। ਸਾਨੂੰ ਤਾਂ ਕੇਵਲ ਭੁਖ ਤੇ ਖਾਣੇ ਦਾਣੇ ਦੀ ਥੁੜ ਨੇ ਤੁਹਾਡੇ ਹੱਥ ਫੱਸਾ ਦਿਤਾ ਹੈ ਨਹੀਂ ਤਾਂ ਸਾਡੀ ਬਹਾਦਰੀ ਦੇ ਕਾਰਨਾਮੇ ਤੁਹਾਨੂੰ ਪਤਾ ਹੀ ਹਨ।" ਇਸ ਤਰ੍ਹਾਂ ਜਦ ਸਯਦ ਮੁਹੰਮਦ ਨੇ ਇਕ ਸਿੱਖ ਵਲ ਇਸ਼ਾਰਾ ਕਰਕੇ ਪੁਛਿਆ ਕਿ ਇਹ ਕੀ ਹੈ ਤਾਂ ਉਸ ਨੇ ਪਹਿਲਾਂ ਅਣ ਜਕੜੇ ਹੱਥ ਦੀ ਉਂਗਲ ਨੂੰ ਮੱਥੇ ਤੇ ਲਗਾਇਆ ਤੇ ਫ਼ਿਰ ਉਸ ਉਂਗਲ ਨੂੰ ਅਸਮਾਨ ਵਲ ਕਰਕੇ ਨਸੀਬ ਤੇ ਕਿਸਮਤ ਦੀ ਗਲ ਦੁਹਰਾਈ। ਉਸ ਦਾ ਅੰਦਾਜ਼ ਦੇਖਣ ਵਾਲਾ ਸੀ। ਕਾਮਵਰ ਖਾਨ ਵੀ ਇਹ ਹੀ ਕਹਿੰਦਾ ਹੈ ਕਿ ਸ਼ਾਂਤ ਚਿਤ, ਖਿੜੇ-ਮੁਖਾਂ, ਬਗੈਰ ਉਦਾਸੀ ਜਾਂ ਹੀਣਾ ਪਣ ਦੇ ਉਹ ਟੁਰੀ ਜਾ ਰਹੇ ਸਨ ਤੇ ਇੰਞ ਪਇਆ ਲਗਦਾ ਸੀ ਕਿ ਉਹ ਸ਼ਹੀਦਾਂ ਦੀ ਮੌਤ ਮਰਨ ਲਈ ਇਛਾਵਾਨ ਹਨ।"

ਜਲੂਸ ਵਿਚੋਂ ਬਾਬਾ ਬੰਦਾ ਸਿੰਘ, ਬਾਬਾ ਬਾਜ ਸਿੰਘ, ਭਾਈ ਫਤਹ ਸਿੰਘ ਤੇ ਦੂਜੇ ਆਗੂ ਸਰਦਾਰਾਂ ਨੂੰ ਮੀਰ ਆਤਸ਼ ਇਬਰਾਹੀਮ ਖਾਨ ਦੀ ਨਿਗਰਾਨੀ ਤ੍ਰਿਪੋਲੀਆ ਭੇਜ ਦਿਤਾ ਗਇਆ ਤੇ ਬਾਕੀ ਸਿੰਘਾਂ ਨੂੰ ਸ਼ਹਿਰ ਦੇ ਕੋਤਵਾਲ ਸਰਬਰਾਹ ਖਾਨ ਦੇ ਹਵਾਲੇ ਕਰ ਦਿਤਾ ਗਇਆ।

੬੯੪ ਸਿੰਘਾਂ ਦੀ ਸ਼ਹੀਦੀ ਤੇ ਸੂਰਮਗਤੀ ਦੀਆਂ ਅਦਭੁਤਾਂ ਕਈ ਸਾਖੀਆਂ : ੪ ਦਿਨਾਂ ਬਾਅਦ ਪੰਜ ਮਾਰਚ, ੧੭੧੬ ਨੂੰ ੬੯੪ ਸਿੰਘਾਂ ਨੂੰ ਸ਼ਹੀਦ ਕਰਨਾ ਅਰੰਭ ਕਰ ਦਿਤਾ ਗਿਆ। ਸਰਬਰਾਹ ਖਾਨ ਕੋਤਵਾਲ ਨੂੰ ਕਤਲ ਕਰਨ ਦਾ ਕੰਮ ਸੌਂਪਿਆ ਗਿਆ। ਕੋਤਵਾਲੀ ਚਾਂਦਨੀ ਚੌਂਕ ਦੇ ਸਾਮ੍ਹਣੇ ਸ਼ਹੀਦ ਕਰਨ ਲਈ ਮੈਦਾਨ ਬਣਾਇਆ ਗਿਆ। ਪ੍ਰੋਗਰਾਮ ਅਨੁਸਾਰ ੧੦੦ ਸਿੰਘ ਰੋਜ਼ ਸ਼ਹੀਦ ਕੀਤੇ ਜਾਂਦੇ ਸਨ। ਸਿਰਫ਼ ਸ਼ੁਕਰਵਾਰ ਜੁਮੇ ਵਾਲੇ ਦਿਨ ਛੁਟੀ ਕੀਤੀ ਗਈ।

ਪਹਿਲੇ ਦਿਨ ਬੰਦੀ ਪਾਏ ਸਿੰਘਾਂ ਵਿਚੋਂ ਇਕ ਸੌ ਨੂੰ ਕੋਤਵਾਲੀ ਤੋਂ ਕਢਕੇ ਮੈਦਾਨ ਵਿਚ ਲਿਆਂਦਾ ਗਇਆ। ਜੋ ਮਰਨ ਦਾ ਚਾਅ, ਸ਼ਹੀਦੀ ਲਈ ਤਰਲਾ, ਜਵਾਂ ਮਰਦੀ, ਹੌਂਸਲਾ ਤੇ ਹਿੰਮਤ ਸਿਖਾਂ ਨੇ ਦਿਖਾਈ ਉਸ ਦੀ ਗਵਾਹੀ ਇਕ ਨੇ ਨਹੀਂ ਕਈਆਂ ਸਮਕਾਲੀ ਤੇ ਅਖੀਂ ਡਿਠੇ ਹਾਲਾਤ ਲਿਖਣ ਵਾਲਿਆਂ ਭਰੀ ਹੈ। ਖ਼ਾਫ਼ੀ ਖਾਨ, ਹਰੀਸੀ, ਜੋਨ ਸਰਮਨ ਤੇ ਐਡਵਰਡ ਸਟੀਫਨਸਨ ਤੇ ਪਿਛੋਂ ਦੇ ਕਈ ਇਤਿਹਾਸਕਾਰਾਂ ਇਰਵਨ, ਗੁਲਾਮ ਹੁਸੈਨ ਨੇ ਜੋ ਕੁਝ ਲਿਖਿਆ ਉਹ ਸਿੱਖਾਂ ਦੀ ਸੂਰਮਗਤੀ ਦਾ ਸਿਖਰ ਛੁਹਣਾ ਹੀ ਦਸਦੇ ਹਨ। ਸਰਮਨ ਤੇ ਸਟੀਫੀਨਸਨ ਲਿਖਦੇ ਹਨ ਕਿ "ਆਖ਼ੀਰ ਦਮ ਤਕ ਇਹ ਕੋਈ ਨਹੀਂ ਕਹ ਸਕਦਾ ਕਿ ਕਿਸੇ ਇਕ ਨੇ ਵੀ ਆਪਣਾ ਇਹ ਨਵਾਂ ਧਾਰਨ ਕੀਤਾ ਧਰਮ ਤਿਆਗਿਆ ਹੋਵੇ। ਸਿੱਖ ਮੌਤ ਨਾਲ ਜਿਵੇਂ ਮਖੌਲ ਕਰਦੇ ਸਨ ਤੇ ਹਸਦਿਆਂ, ਅਠਖੇਲੀਆਂ ਕਰਦੇ ਜਲਾਦਾਂ ਦੇ ਸਾਮ੍ਹਣੇ ਆਪਣੇ ਸਿਰ ਪੇਸ਼ ਕਰਦੇ ਤੇ ਉਚੀ ਉਚੀ 'ਵਾਹਿਗੁਰੂ ਜੀ ਕੀ ਫ਼ਤਹਿ ਗਜਾਂਦੇ' ਉਸ ਨੂੰ ਦੇਖਕੇ ਸਾਰੇ ਦਰਸ਼ਕ ਵੀ ਵਾਹ ਵਾਹ ਕਰ ਉਠਦੇ। ਉੱਥੇ ਇਹ ਕੋਈ ਨਹੀਂ ਸੀ ਕਹਿੰਦਾ ਕਿ ਮੈਨੂੰ ਛਡ ਦਿਉ। ਸਗੋਂ ਇਹ ਹੀ ਅਵਾਜ਼ ਸੁਣਾਈ ਦਿੰਦੀ ਸੀ ਕਿ "**ਉਹ ਨਜਾਤ ਦਿਹੰਦਾ (ਮੁਕਤੀ ਦਾਤੇ) ਮੈਨੂੰ ਪਹਿਲਾਂ ਕਤਲ ਕਰ**" ਇਰਵਨ ਲਿਖਦਾ ਹੈ "ਸਾਰੇ ਹੀ ਦਰਸ਼ਕਾਂ ਕੀ ਹਿੰਦੁਸਤਾਨੀ ਕੀ ਯੂਰਪੀਅਨ ਸਿੱਖਾਂ ਦੇ ਉਸ ਅਦਭੁਤ ਧੀਰਜ ਤੇ ਦ੍ਰਿੜਤਾ ਦੀ ਪ੍ਰਸੰਸਾ ਕਰਨ ਵਿਚ ਇਕ ਜ਼ਬਾਨ ਹਨ ਜਿਵੇਂ ਉਨ੍ਹਾਂ ਨੇ ਭਾਣੇ ਵਿਚ ਰਹਿ ਕੇ ਹੋਣੀ ਨੂੰ ਸਵੀਕਾਰ ਕੀਤਾ। ਦੇਖਣ ਵਾਲਾ ਉਨ੍ਹਾਂ ਦਾ ਆਪਣੇ ਆਗੂ ਪ੍ਰਤੀ ਸਨੇਹ ਦੇਖ ਹੈਰਾਨ ਹੀ ਹੋ ਜਾਂਦਾ ਸੀ। ਉਨ੍ਹਾਂ ਨੂੰ ਮੌਤ ਦਾ ਰਤਾ ਭਰ ਵੀ ਭੈ ਨਹੀਂ ਸੀ। ਜਲਾਦ ਨੂੰ ਉਹ ਮੁਕਤੀ ਦਾਤਾ (ਡਿਲਵਰਰ) ਕਰਕੇ ਬੁਲਾਂਦੇ ਸਨ।" ਗੁਲਾਮ ਹੁਸੈਨ ਨੇ ਇਸੇ ਸੰਬੰਧ ਵਿਚ ਲਿਖਿਆ ਹੈ ਕਿ ਸਿੱਖ ਕੇਵਲ ਸ਼ਹੀਦ ਹੋਣ ਵੇਲੇ ਹੀ ਦ੍ਰਿੜਤਾ ਨਹੀਂ ਸਨ ਦਿਖਾਂਦੇ ਸਗੋਂ ਆਪਸ ਵਿਚ ਝਗੜਦੇ ਸਨ ਤੇ ਜਲਾਦਾਂ ਨੂੰ ਹੱਥ ਜੋੜ ਮਿਨਤਾਂ ਕਰਦੇ ਤੇ ਵਾਸਤੇ ਪਾਉਂਦੇ ਸਨ ਕਿ ਉਨ੍ਹਾਂ ਨੂੰ ਪਹਿਲਾਂ ਕਤਲ ਕਰੋ।

੬ ਮਾਰਚ ੧੭੧੬ ਨੂੰ ਜਦ ਮੁਹੰਮਦ ਹਰੀਸੀ 'ਤਮਾਸ਼ਾ-ਏ-ਕਤਲ' ਦੇਖਣ ਲਈ ਆਇਆ ਤਾਂ ਉਸ ਦਿਨ ਸੌ ਸਿੱਖ ਸ਼ਹਾਦਤ ਦਾ ਜਾਮ ਪੀ ਚੁਕੇ ਸਨ ਤੇ ਥਾਂ ਖੂਨ ਨਾਲ ਲਾਲ ਹੋਈ ਸੀ ਤੇ ਲਾਸ਼ਾਂ ਇਕ ਦੂਜੇ ਤੇ ਪਈਆਂ ਹੋਈਆਂ ਸਨ।

ਇਕ ਸਿੱਖ ਬੱਚੇ ਦੀ ਦ੍ਰਿੜਤਾ : ਖਾਫੀ ਖਾਨ ਲਿਖਦਾ ਹੈ ਕਿ ਕਈਆਂ ਨੂੰ ਹੱਸ ਹੱਸ ਸ਼ਹੀਦ ਹੋਣਾ ਤੇ ਖਿੜੇ ਮੱਥੇ ਕੁਰਬਾਨੀ ਲੈਣਾ ਅਤਿਕਥਣੀ ਲਗੇਗਾ ਪਰ ਜਿਨ੍ਹਾਂ ਆਪਣੀ ਅਖੀਂ

ਸਿੱਖਾਂ ਨੂੰ ਕੁਰਬਾਨ ਹੁੰਦੇ ਦੇਖਿਆ ਹੈ। ਉਨ੍ਹਾਂ ਲਈ ਉਹ ਸਭ ਕੁਝ ਅਫਸਾਨਾ ਨਹੀਂ ਹਕੀਕਤ ਹੈ। ਇਸ ਦੀਆਂ ਕਈ ਉਦਾਹਰਣਾਂ ਹਨ।

ਸ਼ਹੀਦ ਹੋਣ ਵਾਲਿਆਂ ਵਿਚ ਇਕ ਚੜ੍ਹਦੀ ਜੁਆਨੀ ਦਾ ਨੌਜਵਾਨ ਸਿੱਖ ਸੀ। ਉਹ ਆਪਣੀ ਵਿਧਵਾ ਮਾਂ ਦਾ ਇਕੋ ਇਕ ਪੁਤਰ ਸੀ। ਉਸ ਦੇ ਹੱਥ ਪਏ ਗਾਨੇ ਤੋਂ ਇਹ ਪ੍ਰਤੀਤ ਹੁੰਦਾ ਸੀ ਕਿ ਉਸ ਦਾ ਵਿਆਹ ਹੁਣੇ ਹੁਣੇ ਹੀ ਹੋਇਆ ਹੈ। ਉਸ ਨੂੰ ਮੁੱਗਲ ਫ਼ੌਜਾਂ ਨੇ ਰਾਹ ਵਿਚ ਪਕੜ ਲਿਆ ਸੀ। ਪੁੱਤਰ ਦੇ ਪਕੜੇ ਜਾਣ ਤੇ ਮੌਤ ਦੇ ਹੁਕਮ ਦੀ ਖ਼ਬਰ ਸੁਣਕੇ ਮਾਂ ਦਿਲੀ ਪੁਜੀ। ਵਜ਼ੀਰ ਦੇ ਦੀਵਾਨ ਰਤਨ ਚੰਦ ਦੀ ਸ਼ਫਾਰਸ਼ ਨਾਲ ਸਯਦ ਅੱਬਦੁਲਾ ਤੇ ਫ਼ਰਖਸੀਅਰ ਤਕ ਉਸ ਦੀ ਰਸਾਈ ਹੋਈ। ਫ਼ਰਖਸੀਅਰ ਨੇ ਉਸ ਮਾਈ ਦੇ ਪੁਤਰ ਨੂੰ ਨ ਕਤਲ ਕਰਨ ਦਾ ਪ੍ਰਵਾਨਾ ਦੇ ਦਿਤਾ ਕਿਉਂ ਜੋ ਉਸਦੀ ਦੀ ਮਾਂ ਨੇ ਯਕੀਨ ਦਿਲਵਾਇਆ ਸੀ ਕਿ ਉਸ ਦਾ ਪੁਤਰ ਸਿੱਖ ਨਹੀਂ ਸਗੋਂ ਚੁਕੇ ਚੁਕਾਏ ਸਿੱਖਾਂ ਵਲ ਆ ਗਇਆ ਹੈ। ਫ਼ਰਖਸੀਅਰ ਦਾ ਪਰਵਾਨਾ ਮਾਂ ਐਨ ਉਸ ਸਮੇਂ ਲੈ ਕੇ ਪੁਜੀ ਜਦ ਜਲਾਦ ਇਬ੍ਰਾਹੀਮ ਉਸ ਦੇ ਪੁਤਰ ਨੂੰ ਖ਼ੂਨ ਭਰੀ ਤਲਵਾਰ ਨਾਲ ਕਤਲ ਕਰਨ ਲਗਾ ਸੀ। ਮਾਂ ਨੇ ਦੂਰੋਂ ਪਰਵਾਨਾ ਹਿਲਾਇਆ ਤੇ ਸਰਬਰਾਹ ਖਾਨ ਨੇ ਹੁਕਮ ਦੇਕੇ ਉਸ ਬੱਚੇ ਨੂੰ ਸ਼ਹੀਦਾਂ ਦੀ ਕਤਾਰ ਵਿਚ ਬਾਹਰ ਭੇਜ ਦਿਤਾ ਅਤੇ ਕਹਿਆ ਕਿ ਜਾਹ ਤੈਨੂੰ ਛੱਡ ਦਿਤਾ ਗਇਆ ਹੈ। ਪਰ ਉਸ ਲੜਕੇ ਨੇ ਰਿਹਾ ਹੋਣ ਤੋਂ ਇਨਕਾਰ ਕਰ ਦਿਤਾ ਅਤੇ ਉਚੀ ਉਚੀ ਕਹਿਣ ਲਗਾ', ਮੇਰੀ ਮਾਂ ਝੂਠ ਬੋਲਦੀ ਹੈ। ਮੈਂ ਦਿਲ ਜਾਨ ਨਾਲ ਆਪਣੇ ਗੁਰੂ ਦਾ ਸਿਦਕੀ ਸਿੱਖ ਤੇ ਅਨਿਨ ਸਿੱਖ ਹਾਂ। ਮੈਨੂੰ ਛੇਤੀ ਮੇਰੇ ਗੁਰ ਭਾਈਆਂ ਕੋਲ ਪੁਜਾਓ। ਉਹ ਮੁੜ ਮੁੜ ਪੁਕਾਰੀ ਹੀ ਗਿਆ। ਮਾਂ ਦੇ ਰੋਣ ਤੇ ਤਰਲਿਆਂ ਦਾ ਉਸ ਤੇ ਰਤਾ ਭਰ ਵੀ ਅਸਰ ਨ ਪਇਆ। ਉਸ ਨੌਜਵਾਨ ਨੇ ਫੌਜਦਾਰ ਤੇ ਅਫ਼ਸਰਾਂ ਦੇ ਵੀ ਤਰਲੇ ਕੀਤੇ ਕਿ ਮੈਨੂੰ ਆਪਣੇ ਸਾਥੀਆਂ ਨਾਲੋਂ ਨਾ ਵਿਛੋੜਿਆ ਜਾਏ। ਸਾਰਿਆਂ ਨੇ ਉਸ ਸਮੇਂ ਦੰਦਾਂ ਥਲ ਉਂਗਲਾਂ ਦਬਾ ਲਈਆਂ ਜਦ ਨੱਠ ਕੇ ਆਪਣੇ ਸਾਥੀਆਂ ਵਿਚ ਜਾ ਰਲਿਆ ਤੇ ਜਲਾਦ ਅਗੇ ਜਾਕੇ ਅਡੋਲ ਹੀ ਸਿਰ ਝੁਕਾ ਦਿਤਾ। ਜਲਾਦ ਦੀ ਤਲਵਾਰ ਨੇ ਜਦ ਤਕ ਉਸ ਨੌਜਵਾਨ ਦਾ ਸੀਸ ਧੜ ਨਾਲੋਂ ਵੱਖ ਨ ਕੀਤਾ ਉਹ ਆਪਣੀ ਥਾਂ ਡੱਟਿਆ ਹੀ ਰਹਿਆ। ਜਲਾਦ ਨੇ ਦੋ ਟੁਕੜੇ ਕੀਤੇ ਤੇ ਉਸ ਦੀ ਪਵਿਤ੍ਰ ਲੋਥ ਵੀ ਬਾਕੀ ਸ਼ਹੀਦਾਂ ਦੀ ਲੋਥ ਵਿਚ ਜਾ ਡਿਗੀ।

ਇਕ ਹੋਰ ਘਟਨਾ : ਫ਼ਰਖਸੀਅਰ ਨੇ ਜਦ ਇਹ ਤੇ ਹੋਰ ਅਸਚਰਜ ਗਲਾਂ ਸੁਣੀਆਂ ਤਾਂ ਉਸਨੇ ਆਪਣੇ ਵਜ਼ੀਰ ਅਮੀਨ ਨੂੰ ਬੁਲਾ ਕੇ ਪੁਛਿਆ ਕਿ ਇਸ ਅਡੋਲਤਾ ਤੇ ਨਿਡਰਤਾ ਦਾ ਕੀ ਰਹਸ ਹੈ। ਵਜ਼ੀਰ ਨੇ ਅਮਲੀ ਤੌਰ ਤੇ ਉਤਰ ਦੇਣ ਲਈ ਇਕਠੇ ਸਿੰਘਾਂ ਵਿਚੋਂ ਚਾਰ ਸਿੱਖ ਗ੍ਰਿਫਤਾਰ ਕਰ ਲਏ। ਉਨ੍ਹਾਂ ਚਾਰਾਂ ਦੀਆਂ ਉਮਰਾਂ ਵੀ ਵੱਖ ਵੱਖ ਸਨ। ਇਕ ਬਾਲਪਣ ਵਿਚ, ਦੂਜਾ ਚੜ੍ਹਦੀ ਜੁਆਨੀ, ਤੀਜਾ ਭਰ ਜੁਆਨ ਤੇ ਚੋਥਾ ਬਿਰਧ। ਉਹ ਚਾਰੇ ਸਿੱਖ ਇਕ ਥਾਂ ਦੇ ਵੀ ਰਹਿਣ ਵਾਲੇ ਨਹੀਂ ਸਨ। ਦੋ ਦਿਨਾਂ ਤਕ ਚਾਰਾਂ ਨੂੰ ਭੁਖਿਆਂ ਰਿਖਿਆ ਗਇਆ ਤੇ ਦੋ ਦਿਨਾਂ ਬਾਅਦ ਦੋ ਰੋਟੀਆਂ ਚਾਰਾਂ ਅਗੇ ਸੁਟੀਆਂ ਗਈਆਂ। ਜੋ ਚਾਰਾਂ ਵਿਚਕਾਰ ਉਸ ਸਮੇਂ ਗੱਲ ਬਾਤ ਹੋਈ ਉਹ ਅਮੀਨ ਤੇ ਫ਼ਰਖਸੀਅਰ ਨੇ ਸੁਣੀ। ਜਦ ਦੋ ਰੋਟੀਆਂ ਬਾਲਕ ਅਗੇ ਰਖੀਆਂ ਗਈਆਂ ਤਾਂ ਉਸਨੇ ਚੁੱਕ ਕੇ ਚੜ੍ਹਦੀ ਜੁਆਨੀ ਵਾਲੇ ਵੀਰ ਅਗੇ ਰਖ ਕੇ ਕਹਿਆ, "ਭਰਾ ਜੀ ਤੁਸੀਂ ਖਾਓ, ਮੈਂ ਅਜੇ ਬੱਚਾ ਹਾਂ, ਟਾਕਰੇ ਜੋਗ ਨਹੀਂ", ਚੜ੍ਹਦੀ ਜੁਆਨੀ ਵਾਲੇ ਨੇ ਉਹ ਹੀ ਦੋ ਰੋਟੀਆਂ ਚੁੱਕ ਕੇ ਆਪਣੇ ਵਡੇ ਭਰਾ ਅਗੇ ਰਖਕੇ ਕਹਿਆ, 'ਵੀਰ ਜੀ, ਤੁਸੀਂ

ਖਾਓ। ਮੈਂ ਦੁਨੀਆਂ ਦੇ ਵਲ ਛਲ ਨਹੀਂ ਜਾਣਦਾ, ਸ਼ਾਹ ਸੁਆਰ ਵੀ ਨਹੀਂ, ਤੁਹਾਡੀ ਪੰਥ ਨੂੰ ਲੋੜ ਹੈ।' ਜੁਆਨ ਨੇ ਬਿਰਧ ਅਗੇ ਰਖਕੇ ਕਹਿਆ; 'ਪਿਤਾ ਜੀ ਤੁਸੀਂ ਖਾਓ, ਮੈਂ ਅਜੇ ਜੁਆਨ ਹਾਂ, ਦੋ ਦਿਨ ਹੋਰ ਭੁਖਾ ਰਹ ਸਕਦਾ ਹਾਂ'। ਉਸ ਬਜ਼ੁਰਗ ਨੇ ਰੋਟੀਆਂ ਫਿਰ ਬੱਚੇ ਅਗੇ ਰਖਕੇ ਫੁਰਮਾਇਆ, "ਬੱਚਾ ਤੂੰ ਖਾ, ਮੈਂ ਆਪਣੀ ਜ਼ਿੰਦਗੀ ਭੋਗ ਚੁਕਾ ਹਾਂ, ਤੂੰ ਹੀ ਭਵਿੱਖ ਦੀ ਆਸ ਹੈਂ।"

ਪੰਜ ਮਾਰਚ ਦਾ ਕਤਲ ਅਰੰਭ ਹੋਇਆ ੧੨ ਮਾਰਚ ਨੂੰ ਜਾ ਮੁਕਾ ਪਰ ੧੦ ਮਾਰਚ ਨੂੰ ਹੀ ਬਾਬਾ ਬੰਦਾ ਸਿੰਘ ਜੀ ਤੇ ਉਨ੍ਹਾਂ ਦੇ ੧੭ ਸਾਥੀਆਂ ਨੂੰ ਕੋਤਵਾਲੀ ਤੋਂ ਕਿਲ੍ਹੇ ਵਿਚ ਪੁੱਚਾ ਦਿਤਾ ਗਿਆ। ਸਰਮਨ ਤੇ ਸਟੀਫਨਸਨ ਦਾ ਕਹਿਣਾ ਹੈ ਕਿ 'ਬੰਦਾ ਸਿੰਘ ਜੀ ਅਤੇ ਉਸਦੇ ਬਹੁਤ ਸਾਰੇ ਸਾਥੀਆਂ ਦੀ ਜ਼ਿੰਦਗੀ ਇਸ ਵੇਲੇ ਇਸ ਲਈ ਅਗੇਰੇ ਪਾ ਦਿਤੀ ਹੈ ਕਿ ਉਸ ਦੇ ਖਜ਼ਾਨੇ ਤੇ ਉਸ ਦੇ ਸਹਾਇਕਾਂ ਦਾ ਪਤਾ ਕਢਿਆ ਜਾ ਸਕੇ। ਇਸ ਖ਼ਜ਼ਾਨੇ ਦੇ ਲੱਭਣ ਦੇ ਲੋਭ ਵਿਚ ਹੀ ਉਨ੍ਹਾਂ ਦੀ ਮੌਤ ਅਗੇਰੇ ਪਾਈ ਗਈ ਹੈ। ਖਜ਼ਾਨਾ ਮਿਲਦੇ ਸਾਰ ਹੀ ਉਨ੍ਹਾਂ ਨੂੰ ਕਤਲ ਕਰ ਦਿਤਾ ਜਾਵੇਗਾ।'

ਬਾਬਾ ਬੰਦਾ ਸਿੰਘ ਜੀ ਦੀ ਸ਼ਹਾਦਤ : ਹਰ ਪਰਕਾਰ ਦੇ ਤਸੀਹੇ ਦਿੱਤੇ ਗਏ ਕਿ ਖਜ਼ਾਨੇ ਦਾ ਕੁਝ ਪਤਾ ਲਗੇ ਪਰ ਜਦ ਤਿੰਨ ਮਹੀਨਿਆਂ ਵਿਚ ਵੀਸਫਲਤਾਨ ਹੋਈ ਤਾਂ ਉਨ੍ਹਾਂ ਨੇ ੧੯ ਜੂਨ ੧੭੧੬ ਐਤਵਾਰ ਵਾਲੇ ਦਿਨ ਬਾਬਾ ਬੰਦਾ ਸਿੰਘ ਨੂੰ ਸ਼ਹੀਦ ਕਰਨ ਦਾ ਨਿਰਨਾ ਕਰ ਲਇਆ। ਬਾਬਾ ਜੀ ਦੇ ਸਪੁਤਰ ਅਜੈ ਸਿੰਘ, ਸਾਥੀ ਬਾਬਾ ਬਾਜ ਸਿੰਘ, ਸਰਦਾਰ ਰਾਮ ਸਿੰਘ, ਫਤਹ ਸਿੰਘ, ਆਲੀ ਸਿੰਘ, ਗਲਾਬ ਸਿੰਘ, ਬਖਸ਼ੀ ਗੁਲਾਬ ਸਿੰਘ ਤੇ ਬਾਕੀ ਸਾਥੀਆਂ ਸਮੇਤ ਸਰਬਰਾਹ ਖਾਨ ਦੀ ਹੀ ਨਿਗਰਾਨੀ ਹੇਠਾਂ ਕੈਦ ਵਿਚੋਂ ਕੱਢਕੇ ਫਿਰ ਇਕ ਵਾਰੀ ਬਾਜ਼ਾਰਾਂ ਵਿਚ ਫਿਰਾਇਆ ਗਿਆ। ਅਨੋਖੇ ਜਲੂਸ ਵਾਂਙ ਹੀ ਬਾਬਾ ਬੰਦਾ ਸਿੰਘ ਨੂੰ ਨੋਕਦਾਰ ਲਾਲ ਪਗੜੀ ਬੰਨ੍ਹਕੇ ਹਾਸੋ ਹੀਣੀ ਸ਼ਕਲ ਬਣਾਕੇ, ਹਾਥੀ ਉਤੇ ਬਿਠਾਇਆ ਗਿਆ। ਸਾਰੇ ਸ਼ਹਿਰ ਦਾ ਚੱਕਰ ਲਗਵਾਕੇ ਕੁਤਬ ਮੀਨਾਰ ਲਾਗੇ ਖਵਾਜਾ ਕੁਤਬ-ਉਦ-ਦੀਨ ਬਖਤਿਆਰ ਕਾਕੀ ਦੀ ਮਸਜਦ ਬਿਠਲਾ ਦਿੱਤਾ ਗਿਆ। ਉਥੇ ਹੀ ਬਹਾਦਰ ਸ਼ਾਹ ਦੀ ਕਬਰ ਦੁਆਲੇ 'ਪਰਕਰਮਾਂ' ਵੀ ਕਰਵਾਈਆਂ ਗਈਆਂ। ਫਿਰ ਮੌਤ ਜਾਂ ਇਸਲਾਮ ਦੀ ਚੋਣ ਪੇਸ਼ ਕੀਤੀ ਗਈ। ਬਾਬਾ ਜੀ ਤੇ ੨੬ ਸਾਥੀਆਂ ਨੇ ਮੌਤ ਨੂੰ ਹੀ ਚੁਣਿਆ।

'ਮੌਤ' ਦੀ ਆਵਾਜ਼ ਸੁਣਾਕੇ ਸਰਬਰਾਹ ਖਾਨ ਨੇ ਬਾਬਾ ਜੀ ਦੇ ੪ ਸਾਲ ਦੇ ਪੁਤਰ ਅਜੈ ਸਿੰਘ ਨੂੰ ਸਾਮ੍ਹਣੇ ਲਿਆ ਖੜਾ ਕੀਤਾ ਤੇ ਹੁਕਮ ਦਿਤਾ ਕਿ ਆਪਣੇ ਹੱਥੀਂ ਉਸ ਨੂੰ ਵੱਢੇ। ਬਾਬਾ ਜੀ ਅਡੋਲ ਰਹੇ ਤੇ ਕੋਈ ਉਤਰ ਨ ਦਿਤਾ। ਗੁੱਸੇ ਵਿਚ ਭਰੇ ਜਲਾਦ ਨੇ ਬਾਬਾ ਜੀ ਦੇ ਸਾਮ੍ਹਣੇ ਅਜੈ ਸਿੰਘ ਦੇ ਦੋ ਟੁਕੜੇ ਕਰ ਦਿਤੇ। ਖਲੜੀ ਉਤਾਰ ਕੇ, ਛੁਰਾ ਘੋਪ ਕੇ, ਤੜਫਦਾ ਦਿਲ ਕੱਢਕੇ ਬੰਦੀ ਵਿਚ ਪਾਇ ਬਾਬਾ ਬੰਦਾ ਸਿੰਘ ਜੀ ਦੇ ਮੂੰਹ ਵਿਚ ਜਬਰਦਸਤੀ ਠੋਸਨ ਦੀ ਕੋਸ਼ਿਸ਼ ਕੀਤੀ ਗਈ। ਬਾਬਾ ਜੀ ਪਹਾੜਾਂ ਵਾਂਗ ਅਹਿਲ ਤੇ ਸਾਗਰਾਂ ਵਾਂਗ ਸ਼ਾਂਤ ਟਿਕੇ ਰਹੇ। ਇਹ ਦ੍ਰਿੜਤਾ ਅਡੋਲਤਾ ਦੇਖਕੇ ਇਹਤਮਾਦੁ-ਉਦ-ਦਉਲ ਮੁਹੰਮਦ ਅਮੀਨ ਕੋਲੋਂ ਨਾ ਰਹਿਆ ਗਿਆ, ਉਸ ਨੇ ਹੀਆ ਕਰਕੇ ਪੁੱਛ ਹੀ ਲਇਆ ਜਦ ਤੁਸੀਂ ਇਤਨੀਆਂ ਸ਼ਕਤੀਆਂ ਤੇ ਮਾਲਕ ਤੇ ਗੰਭੀਰ ਹੋ। ਤੁਹਾਡੇ ਚਿਹਰੇ ਤੇ ਮੁਹਰੇ ਤੋਂ ਤੁਸੀਂ ਗਿਆਨਵਾਨ ਪ੍ਰਤੀਤ ਹੁੰਦੇ ਹੋ ਅਤੇ ਜਿਸ ਦੇ ਆਚਰਨ ਵਿਚ ਇਤਨੀ ਉਚੱਤਾ ਹੈ, ਉਸ ਨੂੰ ਇਤਨੇ ਤਸੀਹੇ ਕਿਉਂ ਮਿਲ ਰਹੇ ਹਨ ? ਬਾਬਾ ਜੀ ਨੇ ਕਹਿਆ, "ਕਿਸੀ ਕਾ ਕਿਆ ਮਕਦੂਰ ਥਾ ਜੋ ਮੁਝ ਕੋ ਮਾਰਤਾ। ਮੈਂ ਤੈਨੂੰ

ਦਸਦਾ ਹਾਂ ਕਿ ਇਹ ਸਭ ਕਿਉਂ ਹੋ ਰਹਿਆ ਹੈ। ਜਦ ਮਨੁੱਖ ਅਜਿਹਾ ਪਾਪੀ ਤੇ ਦੁਸ਼ਟ ਹੋ ਜਾਏ ਕਿ ਉਹ ਇਨਸਾਫ ਦਾ ਰਾਹ ਹੀ ਛੱਡ ਬੈਠੇ ਤੇ ਅਤਿਆਚਾਰਾਂ ਦੀ ਅਤਿ ਕਰ ਦੇਵੇ ਤਾਂ ਉਹ ਰੱਬ ਸਚਾ ਮੇਰੇ ਜੇਹੇ ਬੰਦੇ ਪੈਦਾ ਕਰ ਕੇ ਭੇਜਦਾ ਹੈ ਕਿ ਦੁਸ਼ਟਾਂ ਦਾ ਦਮਨ ਕਰੇ। ਅਸੀਂ ਮਨੁੱਖ ਹਾਂ, ਇਹ ਨਹੀਂ ਜਾਣਦੇ ਕਿਤਨੀ ਸਜ਼ਾ ਦੇਣੀ ਹੈ, ਕਿਧਰੇ ਵੱਧ ਵੀ ਦਿਤੀ ਜਾਂਦੀ ਹੈ ਤਾਂ ਉਹ ਹੀ ਰਬ ਤੇਰੇ ਵਰਗੇ ਬੰਦੇ ਭੇਜ ਦਿੰਦਾ ਹੈ ਤਾਂ ਕਿ ਹਿਸਾਬ ਕਿਤਾਬ ਇਥੇ ਹੀ ਮੁੱਕ ਜਾਏ।"

ਬਾਬਾ ਜੀ ਨੂੰ ਤਸੀਹੇ ਦੇਣ ਦੀ ਅਤਿ ਹੀ ਕੀਤੀ ਗਈ। ਉਨ੍ਹਾਂ ਜਿਵੇਂ ਤਸੀਹੇ ਝਲੇ ਉਹ ਸ਼ਹਾਦਤਾਂ ਦੇ ਇਤਿਹਾਸ ਵਿਚ ਵਖਰਾ ਤੇ ਨਿਰਾਲਾ ਕਾਂਡ ਹੈ ਤੇ ਬੀਰਤਾ ਦੇ ਵਿਕਾਸ ਵਿਚ ਵਡਾ ਮੀਲ ਪੱਥਰ। ਜਲਾਦ ਅਗੇ ਵੱਧਿਆ। ਇਕ ਨਸ਼ਤਰ ਉਸ ਬਾਬਾ ਬੰਦਾ ਸਿੰਘ ਜੀ ਦੀ ਅੱਖ ਵਿਚ ਮਾਰਿਆ ਤੇ ਅੱਖ ਬਾਹਰ ਕਢ ਦਿਤੀ। ਫਿਰ ਦੂਜੀ ਵਿਚ ਛੁਰਾ ਮਾਰਕੇ ਉਹ ਵੀ ਬਾਹਰ ਕੱਢ ਦਿਤੀ ਗਈ। ਫੇਰ ਤੇਜ਼ ਹਥਿਆਰ ਨਾਲ ਖੱਬੀ ਲਤ ਕੱਟ ਦਿਤੀ। ਇਸ ਤਰਾਂ ਵਾਰੋ ਵਾਰੀ ਦੋਵੇਂ ਬਾਹਵਾਂ ਕਟੀਆਂ ਪਰ ਬਾਬਾ ਬੰਦਾ ਸਿੰਘ ਜੀ ਪਰਬਤ ਮੇਰਾਨ ਵਾਂਗ ਅਹਿਲ ਤੇ ਅਡੋਲ ਸਨ। ਸਜੀ ਲਤ ਵੀ ਸਰੀਰ ਨਾਲੋਂ ਉਤਾਰ ਦਿਤੀ ਗਈ। ਤਪਦੀਆਂ ਲਾਲ ਗਰਮ ਸੰਨ੍ਹੀਆਂ ਨਾਲ ਸਰੀਰ ਦਾ ਮਾਸ ਥਾਂ-ਥਾਂ ਤੋਂ ਨੋਚਿਆ ਗਿਆ ਤੇ ਸੰਪੂਰਨ ਤੌਰ ਤੇ ਸਰੀਰ ਦੇ ਟੋਟੇ ਟੋਟੇ ਕੀਤੇ ਗਏ। ਉਨ੍ਹਾਂ ਭਾਣਾ ਮੰਨਦੇ, ਤਸੀਹੇ ਸਹਿੰਦੇ ਹੋਏ ਸ਼ਹਾਦਤ ਦਾ ਜਾਮ ਪੀਤਾ। ਉਨ੍ਹਾਂ ਇਸ ਤਰ੍ਹਾਂ ਸ਼ਹਾਦਤ ਪ੍ਰਾਪਤ ਕਰਕੇ ਕੌਮ ਵਿਚ ਇਕ ਬਹੁਤ ਉਚੀ ਤੇ ਨਵੇਕਲੀ ਥਾਂ ਪ੍ਰਾਪਤ ਕਤ ਲਈ।

ਬਾਜ ਸਿੰਘ ਦੀ ਇਕ ਝਪਟ : ਬਾਕੀ ਸਾਥੀਆਂ ਨੂੰ ਵੀ ਤਸੀਹੇ ਦੇ ਦੇ ਕੇ ਸ਼ਹੀਦ ਕਰ ਦਿਤਾ ਗਿਆ। 'ਮਹਿਮਾ ਪ੍ਰਕਾਸ਼' ਦਾ ਲਿਖਾਰੀ ਲਿਖਦਾ ਹੈ ਕਿ ਜਦ ਭਾਈ ਬਾਜ ਸਿੰਘ ਦੀ ਵਾਰੀ ਆਈ ਤਾਂ ਫ਼ਰਖ਼ਸੀਅਰ ਨੇ ਮਜ਼ਾਕ ਵਜੋਂ ਕਹਿਆ 'ਮੈਂ ਸੁਣਿਆ ਹੈ ਕਿ ਬਾਜ ਸਿੰਘ ਨਾਮ ਦੇ ਸਿਖਦੇ ਟਾਕਰੇ ਦਾ ਕੋਈ ਬਹਾਦਰ ਸੰਸਾਰ ਵਿਚ ਨਹੀਂ। ਉਹ ਕਿਥੇ ਹੈ ? ਭਾਈ ਬਾਜ ਸਿੰਘ ਨੇ ਕਹਿਆ, 'ਉਹ ਬਾਜ ਸਿੰਘ, ਮੈਂ ਹੀ ਗੁਰੂ ਦਾ ਨਿਮਾਣਾ ਸਿੱਖ ਹਾਂ।' ਤਾਂ ਫ਼ਰਖ਼ਸੀਅਰ ਨੇ ਕਹਿਆ ਕਿ ਹੁਣ ਤੇਰੀ ਬਹਾਦਰੀ ਕਿਥੇ ਹੈ ? ਬਾਜ ਸਿੰਘ ਨੇ ਜੁਆਬ ਦਿਤਾ, 'ਬੇੜੀਆਂ ਹਟਾ ਤੇ ਫਿਰ ਤਮਾਸ਼ਾ ਦੇਖ'। ਬਾਦਸ਼ਾਹ ਦੇ ਕਹਿਣ ਤੇ ਬੇੜੀਆਂ ਹਟਾਈਆਂ ਗਈਆਂ ਤਾਂ ਬਾਜ ਸਿੰਘ ਨੇ ਸੱਚ ਮੁਚ ਬਾਜ ਵਾਂਙ ਝਪਟ ਕੇ ਬਾਦਸ਼ਾਹ ਦੇ ਅਹਿਲਕਾਰਾਂ ਨੂੰ ਜਾ ਲਇਆ ਤੇ ਦੇਖਦੇ ਦੇਖਦੇ ਤਿੰਨਾਂ ਨੂੰ ਮਾਰ ਦਿਤਾ। ਅਜੇ ਇਕੋ ਹਥਕੜੀ ਖੁਲੀ ਸੀ। ਜੇ ਉਸ ਸਮੇਂ ਸਾਰੇ ਸਿਪਾਹੀ ਨੱਠ ਕੇ ਬਾਜ ਸਿੰਘ ਨੂੰ ਨ ਪਕੜਦੇ ਤਾਂ ਅਮੀਨ ਖਾਨ ਉਥੇ ਹੀ ਖਤਮ ਹੋ ਜਾਣਾ ਸੀ। ਫ਼ਰਖ਼ਸੀਅਰ ਇਹ ਦੇਖ ਹੈਰਾਨ ਹੋਇਆ ਤੇ ਉਸ ਮੰਨਿਆ ਕਿ ਇਹ ਸਿੱਖ ਵਖਰੀ ਮਿਟੀ ਦੇ ਬਣੇ ਹੋਏ ਹਨ। ਬਾਜ ਸਿੰਘ ਵੀ ਉਸੇ ਦਿਨ ਸ਼ਹੀਦ ਕਰ ਦਿਤੇ ਗਏ।

ਇਸ ਸ਼ਹਾਦਤ ਨਾਲ ਇਤਿਹਾਸ ਦਾ ਉਹ ਕਾਂਡ ਸਮਾਪਤ ਹੋ ਗਿਆ ਜਿਸ ਵਿਚ ਬੀਰਤਾ ਦੇ ਵਿਕਾਸ ਨੇ ਉਚਾਈਆਂ ਨੂੰ ਛੋਹਿਆ। ਇਹ ਸਾਲ ਜਿਤਾਂ, ਜਜ਼ਬਿਆਂ ਅਤੇ ਕੁਰਬਾਨੀਆਂ ਦਾ ਸੁਮੇਲ ਸਨ। ਇਸ ਪਿਛੋਂ ਸਮੁਚੀ ਕੌਮ ਭੱਠੀ ਵਿਚ ਪੈ ਗਈ। ਆਗੂ ਰਹਤ ਹੋ ਗਈ ਪਰ ਐਸਾ ਹੋਣ ਤੇ ਵੀ ਜਿਵੇਂ ਉਹ ਜੂਝੀ ਉਸ ਨੇ ਬੀਰਤਾ ਦੇ ਨਵੇਂ ਪੂਰਨੇ ਪਾਏ।

ਸਿੱਖੀ ਲਹਰ ਦੀ ਨੋਈਅਤ ਤੇ ਪਸਾਰ : ਸਿੱਖੀ ਲਹਿਰ ਨੇ ਬਾਬਾ ਬੰਦਾ ਸਿੰਘ ਜੀ ਸਮੇਂ ਜੋ ਰੂਪ ਧਾਰ ਲਇਆ ਉਸ ਬਾਰੇ ਇਤਿਹਾਸਕਾਰਾਂ ਵੱਖ ਵੱਖ ਰਾਵਾਂ ਦੇਕੇ ਸੂਰਤ ਨੂੰ

ਸਵਾਰਨ ਦੀ ਥਾਂ ਵਿਗਾੜਨ ਦੀ ਹੀ ਗੱਲ ਕੀਤੀ ਹੈ। ਕਿਸੇ ਮੈਲਕਮ ਲਿਖਿਆ ਕਿ 'ਗੁਰੂ ਗੋਬਿੰਦ ਜੀ ਨੇ ਇਕ ਵੈਰਾਗੀ ਨੂੰ ਆਪਣੇ ਪੁੱਤਰਾਂ ਦੀ ਸ਼ਹਾਦਤ ਦਾ ਬਦਲਾ ਲੈਣ ਲਈ ਉਚੇਚਾ ਭੇਜਿਆ।' ਦੂਜੇ ਕਨਿੰਘਮ ਨੇ ਲਿਖਿਆ ਕਿ 'ਗੁਰੂ ਗੋਬਿੰਦ ਸਿੰਘ ਜੀ ਆਪੂੰ ਨਿਰਾਸ ਹੋ ਗਏ ਸਨ ਇਸ ਲਈ ਨਵੇਂ ਪਰਕਾਰ ਦੀ ਲਹਿਰ ਚਲਾਉਣ ਲਈ ਬਾਬਾ ਬੰਦਾ ਸਿੰਘ ਨੂੰ ਭੇਜਿਆ।' ਤੀਜੇ ਲਤੀਫ ਨੇ ਲਿਖਿਆ ਕਿ 'ਬਾਬਾ ਬੰਦਾ ਸਿੰਘ ਦੀ ਅਗਵਾਈ ਹੇਠਾਂ ਲੜੀ ਸਿੱਖਾਂ ਦੀ ਜੰਗ ਇਕ ਬਦਲੇ ਦੀ ਭਾਵਨਾ ਤੇ ਨੋਈਅਤ ਵਾਲੀ ਸੀ।' ਇਕ ਹੋਰ ਨੇ ਲਿਖਿਆ ਕਿ ਬੰਦਾ ਸਿੰਘ ਇਕ ਲੁਟੇਰੇ ਤੋਂ ਵੱਧ ਕੁਝ ਨਹੀਂ। ਸੋ ਇਹ ਜ਼ਰੂਰੀ ਹੈ ਕਿ ਵੀਰ ਪ੍ਰੰਪਰਾ ਦੇ ਵਿਕਾਸ ਨੂੰ ਦੇਖਦਿਆਂ ਇਹ ਪਰਖਿਆ ਜਾਏ ਕਿ ਬਾਬਾ ਬੰਦਾ ਸਿੰਘ ਦੀਆਂ ਲੜੀਆਂ ਜੰਗਾਂ ਦੀ ਨੋਈਅਤ ਕੀ ਸੀ ਤੇ ਪਸਾਰ ਕਿਥੋਂ ਤਕ ਸੀ। ਇਤਨੇ ਭੁਲੇਖਿਆਂ ਵਿਚ ਉਤਮ ਤੇ ਉਜਲੀਆਂ ਸ਼ਖ਼ਸੀਅਤਾਂ ਦੀ ਪ੍ਰਤਿਭਾਵਾਂ ਵੀ ਧੁੰਧਲੀਆਂ ਹੋ ਜਾਂਦੀਆਂ ਹਨ।

ਮੁੱਢ ਤੋਂ ਹੀ ਇਹ ਲਿਖ ਦੇਣਾ ਯੋਗ ਹੋਵੇਗਾ ਕਿ ਸਿੱਖੀ ਲਹਿਰ ਦੇ ਲਛਣ ਬਾਬਾ ਬੰਦਾ ਸਿੰਘ ਵੇਲੇ ਵੀ ਉਹ ਹੀ ਸਨ ਜੋ ਉਸ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਸਮੇਂ ਸਨ। ਕਿਸੇ ਪ੍ਰਕਾਰ ਦੀ ਤਬਦੀਲੀ ਬਾਬਾ ਜੀ ਨੇ ਨਹੀਂ ਕੀਤੀ। ਗੁਰੂ ਗੋਬਿੰਦ ਸਿੰਘ ਦੀ ਆਦਰਸ਼ ਦ੍ਰਿੜਾ ਚੁਕੇ ਸਨ।

'ਯਹੀ ਹੀ ਕਾਜ ਧਰਾ ਹਮ ਜਨਮੰ।
ਸਮਝ ਲੇਹੋ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਬਾਰਨ।
ਦੁਸ਼ਟ ਦੋਖੀਅਨ ਕੋ ਮੂਲ ਉਪਾਰਨ।

ਇਸੇ ਆਦਰਸ਼ ਦੀ ਪੂਰਤੀ ਲਈ ਗੁਰੂ ਗੋਬਿੰਦ ਸਿੰਘ ਜੀ ਸਾਰੀ ਉਮਰ ਲੋਹਾ ਲੈਂਦੇ ਰਹੇ। ਦੁਸ਼ਟਾਂ ਤੇ ਦੋਖੀਆਂ ਦਾ ਪੂਰਨ ਤੌਰ ਤੇ ਖਾਤਮਾ ਗੁਰੂ ਦਾ ਆਦਰਸ਼ ਸੀ। ਬਹਾਦਰ ਸ਼ਾਹ ਨਾਲ ਮਿਲਣੀ ਤੇ ਫਿਰ ਦੋਸਤੀ ਸਮੇਂ ਇਹ ਹੀ ਦੋਸ਼ੀਆਂ ਨੂੰ ਮਾਰਨ ਤੇ ਦੁਸ਼ਟਾਂ ਨੂੰ ਸਜ਼ਾ ਦੇਣ ਵਾਲਾ ਆਦਰਸ਼ ਹੀ ਸਾਮ੍ਹਣੇ ਸੀ। 'ਹਲੇਮੀ ਰਾਜ ਹੋਵੇ', 'ਸਾਧੂ ਸਮੂਹ ਪਰਸਨ ਫਿਰਨ' ਗੁਰੂ ਜੀ ਦੀ ਮੁੱਖ ਇੱਛਾ ਸੀ। ਜਦ ਬਾਬਾ ਬੰਦਾ ਸਿੰਘ ਨੇ ਇਕ ਹੁਕਮਨਾਮੇ ਵਿਚ ਲਿਖਿਆ 'ਸਤਜੁਗੀ ਰਾਜ ਵਰਤਾਇਆ' ਹੈ ਤਾਂ ਉਹ ਇਸੇ ਆਦਰਸ਼ ਦੀ ਵਿਆਖਿਆ ਕਰ ਰਹੇ ਸਨ।

ਜਦ ਬਹਾਦਰ ਸ਼ਾਹ ਵਲੋਂ ਆਦਰਸ਼ ਦੀ ਪੂਰਤੀ ਹੁੰਦੀ ਨ ਦੇਖੀ ਸਗੋਂ ਰੁਕਾਵਟ ਪੈਂਦੀ ਦੇਖੀ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਅਕਤੂਬਰ ੧੭੦੭ ਨੂੰ ਪੰਜਾਬ ਦੇ ਸਿੱਖਾਂ ਨੇ ਨਾਮ ਹੁਕਮਨਾਮੇ ਵਿਚ ਗੱਲ ਬਾਤ ਦੀ ਨਾ ਕਾਮਯਾਬੀ ਬਾਰੇ ਲਿਖਿਆ ਸੀ ਤੇ ਸੰਗਤਾਂ ਨੂੰ ਉਸੇ ਪਹਿਲੇ ਵਾਂਙ ਹੀ ਤਤਪਰ ਤੇ ਤਿਆਰ ਰਹਿਣ ਲਈ ਕਹਿਆ[1], ਸੋ ਇਹ ਮੂਲੋਂ ਜੱਚਦਾ ਨਹੀਂ ਕਿ ਬੰਦਾ ਸਿੰਘ ਦੀ ਮਿਲਣੀ ਉਨ੍ਹਾਂ ਦੇ ਆਦਰਸ਼ ਵਿਚ ਤਬਦੀਲੀ ਦਾ ਕਾਰਨ ਬਣ ਜਾਏ। ਜਦੋ ਜਹਦ ਜਾਰੀ ਰਖਣ ਦੀ ਗੱਲ ਤਾਂ ਉਹ ਪਹਿਲਾਂ ਹੀ ਲਿਖ ਚੁਕੇ ਸਨ। ਬੰਦਾ ਸਿੰਘ ਦੇ ਮਿਲਣ ਨਾਲ ਇਕ ਹੋਰ ਸੁੱਘੜ ਹੱਥ ਦਾ ਵਾਧਾ ਹੋਇਆ ਸੀ।

ਦੂਜੇ, ਬਾਬਾ ਬੰਦਾ ਸਿੰਘ ਦੇ ਨੰਦੇੜ ਹੁੰਦਿਆਂ ਹੀ ਵਜ਼ੀਰ ਖਾਨ ਸਰਹੰਦ ਦੇ ਨਵਾਬ ਦੇ ਦੋ ਜ਼ਰ-ਖ਼ਰੀਦ ਪਠਾਣਾਂ ਨੇ ਗੁਰੂ ਗੋਬਿੰਦ ਸਿੰਘ ਜੀ ਤੇ ਮਾਰੂ ਹਮਲਾ ਕੀਤਾ ਸੀ। ਬੰਦਾ ਸਿੰਘ

---

੧. ਹੁਕਮਨਾਮਾ ਸੰਗਤ ਧੌਲਪੁਰ ਦੇ ਨਾਂ।

ਦਾ ਮਨ ਵੈਰਾਗੀ ਹੋਣ ਕਾਰਨ, ਜੋ ਕਈ ਦਹਾਕਿਆਂ ਤੋਂ ਕੋਮਲ ਅਤੇ ਦ੍ਰਵਿਆ ਹੋਇਆ ਸੀ, ਇਹ ਸੱਭ ਕੁਝ ਦੇਖ ਜਰ ਨਾ ਸਕਿਆ। ਜਦ ਉਸ ਨੂੰ ਇਹ ਵੀ ਦੱਸਿਆ ਗਿਆ ਕਿ ਇਹ ਵਜ਼ੀਰ ਖਾਨ ਹੀ ਸੀ ਜਿਸ ਦੇ ਕੋਮਲ ਕਲੀਆਂ, ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਹ ਸਿੰਘ ਨੂੰ ਨੀਂਹਾਂ ਵਿਚ ਚਿਣ ਕੇ ਮਾਰ ਮੁਕਾਇਆ ਹੈ ਤਾਂ ਉਸ ਦਾ ਹਿਰਦਾ ਅਸ਼ਾਂਤ ਹੋ ਗਿਆ। ਹੋਰ ਅਨੇਕਾਂ ਸ਼ਹਾਦਤਾਂ ਦੀ ਸਾਖੀ ਸੁਣਕੇ ਤਾਂ ਬਾਬਾ ਬੰਦਾ ਸਿੰਘ ਜੀ ਨੂੰ ਯਕੀਨ ਹੋ ਗਿਆ ਕਿ ਜਦ ਤਕ ਇਹ ਜ਼ੁਲਮੀ ਰਾਜ ਪੰਜਾਬ ਵਿਚ ਹੈ, ਹਲੇਮੀ ਰਾਜ ਦਾ ਸੁਪਨਾ ਸਾਕਾਰ ਨਹੀਂ ਹੋ ਸਕਦਾ। ਉਸ ਮੰਤਵ ਤੇ ਆਦਰਸ਼ ਨੂੰ ਮੁੱਖ ਰੱਖਦੇ ਹੋਏ ਹੀ ਬਾਬਾ ਬੰਦਾ ਸਿੰਘ ਜੀ ਨੇ ਸਰਹੰਦ, ਸਮਾਨਾ, ਸਾਢੌਰਾ, ਬਟਾਲਾ ਤੇ ਕਲਾਨੌਰ ਨੂੰ ਆਪਣੇ ਹਮਲਿਆਂ ਦਾ ਨਿਸ਼ਾਨਾ ਬਣਾਇਆ। ਸਰਹੰਦ ਦਾ ਨਵਾਬ ਵਜ਼ੀਰ ਖਾਨ ਜ਼ੁਲਮ ਕਰਨ ਵਾਲਿਆਂ ਦਾ ਆਗੂ ਸੀ ਤੇ ਪਹਿਲਾਂ ਆਗੂ ਨੂੰ ਮੁਕਾਉਣਾ ਉਚਿਤ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਉਹ ਸ਼ਬਦ ਜੋ ਉਨ੍ਹਾਂ ਬਾਬਾ ਬੰਦਾ ਸਿੰਘ ਜੀ ਨੂੰ ਪੰਜਾਬ ਭੇਜਣ ਵੇਲੇ ਆਖੇ, ਸਦਾ ਚੇਤੇ ਰਖਣੇ ਚਾਹੀਦੇ ਹਨ। ਬਚਨ ਸਨ : "**ਪੰਜਾਬ ਨੂੰ ਜਾਓ ਤੇ ਜਾ ਕੇ ਜਿਨ੍ਹਾਂ ਵੀ ਸਾਡੇ ਕਾਰਨ ਸਾਡੇ ਪਿਆਰੇ ਸੇਵਕ ਬੁਧੂ ਸ਼ਾਹ ਫਕੀਰ ਨੂੰ ਕਤਲ ਕੀਤਾ ਸੀ, ਉਨ੍ਹਾਂ ਨੂੰ ਸਜ਼ਾਵਾਂ ਦੇਵੇ।**" ਇਸ ਦੇ ਨਾਲ ਹੀ ਸਰਹੰਦ ਵਿਚ ਹੋਈ ਜ਼ੁਲਮੀ ਕਥਾ, ਬਾਬਾ ਜੀ ਨੂੰ ਸੱਖਤ ਪ੍ਰੇਰਨਾ ਦੇ ਰਹੀ ਸੀ। ਜੇਮਜ਼ ਬ੍ਰਾਊਨ ਲਿਖਦਾ ਹੈ, "ਨਵੇਂ ਧਾਰਮਕ ਅਸੂਲਾਂ ਦਾ ਪਰਚਾਰ ਕਰਨ ਵਾਲਿਆਂ ਤੇ ਢਾਏ ਗਏ ਜ਼ੁਲਮਾਂ ਦੀਆਂ ਸਾਰੀਆਂ ਮਿਸਾਲਾਂ ਵਿਚੋਂ ਇਹ ਸਭ ਤੋਂ ਜ਼ਿਆਦਾ ਕਠੋਰ ਉਪੱਦਰ ਅਤੇ ਨਿਰਦਈ ਅਤਿਆਚਾਰ ਹੈ। ਨਿਰਬਲ ਅਤੇ ਨਿਹਥੀਆਂ ਇਸਤ੍ਰੀਆਂ ਅਤੇ ਬੱਚੇ ਆਮ ਤੌਰ ਤੇ ਤੁਅਸਬੀ ਗੁਸੇ ਤੋਂ ਬਚੇ ਰਹਿੰਦੇ ਰਹੇ ਹਨ। ਇਸ ਲਈ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਸਿੱਖਾਂ ਦਾ ਗੁੱਸਾ ਇਤਨਾ ਸੱਖਤ ਹੋਵੇ। ਇਹ ਹੀ ਕਾਰਨ ਹੈ ਕਿ ਬਾਬਾ ਬੰਦਾ ਸਿੰਘ ਜੀ ਨੇ ਪਹਲਾਂ ਸਰਹੰਦ ਤੇ ਕਬਜ਼ਾ ਕੀਤਾ, ਇਸ ਦੀ ਨੋਈਅਤ ਨੂੰ ਹੀ ਸਮਝੇ ਬਗੈਰ ਮੈਲਕਮ, ਕਨਿੰਘਮ ਤੇ ਲਤੀਫ ਨੇ ਦੂਸ਼ਨ ਲਗਾ ਦਿਤਾ। ਦੂਜੇ ਇਹ ਨਹੀਂ ਭੁੱਲਣਾ ਚਾਹੀਦਾ ਕਿ ਫ਼ੌਜੀ ਤੇ ਜੰਗੀ ਨੁਕਤਾ ਨਿਗਾਹ ਤੋਂ ਵੀ ਸਰਹਿੰਦ ਤੇ ਕਬਜ਼ਾ ਕਰਨਾ ਜ਼ਰੂਰੀ ਸੀ। ਸਰਹਿੰਦ ਦੇ ਲਾਗੇ ਹੀ ਕੀਰਤਪੁਰ ਸੀ ਤੇ ਉਸ ਦੇ ਨੇੜੇ ਹੀ ਅਨੰਦਪੁਰ। ਅਨੰਦਪੁਰ ਸਿਖੀ ਜਦੋ-ਜਹਿਦ ਤੇ ਮੁਜ਼ਾਹਮਤ ਦਾ ਕੇਂਦਰ ਸੀ। ਇਸ ਰੁਕਾਵਟ ਨੂੰ ਹਟਾਉਣਾ ਜ਼ਰੂਰੀ ਸੀ। ਤੀਜੇ, ਸਿਖਾਂ ਦੀਆਂ ਸਾਰੀਆਂ ਨਵੀਆਂ ਛੁਪਨਗਾਹਾਂ ਸਰਹਿੰਦ ਦੇ ਲਾਗੇ ਹੀ ਸਨ। ਵਜ਼ੀਰ ਖਾਨ ਇਨ੍ਹਾਂ ਟਿਕਾਣਿਆਂ ਤੇ ਕਬਜ਼ਾ ਕਰਕੇ ਸਿਖਾਂ ਦੀ ਸ਼ਕਤੀ ਨੂੰ ਨਿਰਬਲ ਬਣਾ ਦਿੰਦਾ ਸੀ। ਸੋ ਸਰਹਿੰਦ ਦੇ ਸਿਰ ਕਰਾਰੀ ਸਟ ਮਾਰਨ ਦੀ ਲੋੜ ਸੀ। ਨਾਲ ਹੀ ਸਰਹਿੰਦ ਦੀ ਹਾਰ ਨਾਲ ਬਾਕੀਆਂ ਨੂੰ ਕੰਨ ਹੋ ਜਾਣੇ ਸਨ। ਸੋ ਸਰਹਿੰਦ ਪਹਲਾਂ ਨਿਸ਼ਾਨਾ ਹੋਣਾ ਕਰ ਨੁਕਤਾ ਨਿਗਾਹ ਤੋਂ ਜਾਇਜ਼ ਸੀ। ਵਜ਼ੀਰਖਾਨ, ਮੁੱਖ ਦੁਰਪਾਤਰ ਸੀ ਉਸ ਨੂੰ ਮਿਟਾਉਣਾ ਜ਼ਰੂਰੀ ਸੀ।

ਬਾਬਾ ਬੰਦਾ ਸਿੰਘ ਵੇਲੇ ਲਹਰ ਦੀ ਨੋਈਅਤ ਪਰਗਟਾਉਣ ਲਈ ਮਲੇਰ ਕੋਟਲੇ ਦੀ ਘੱਟਨਾ ਵੀ ਕਾਫ਼ੀ ਸਹਾਇਤਾ ਕਰਦੀ ਹੈ। ਜੇ ਬਦਲੇ ਦੀ ਹੀ ਭਾਵਨਾ ਹੁੰਦੀ ਤਾਂ ਮਲੇਰ ਕੋਟਲਾ ਵੀ ਖਤਮ ਕੀਤਾ ਜਾਂਦਾ। ਦਬਾਈ ਹੋਈ ਬੀਬੀ ਅਨੂਪ ਕੌਰ ਨੂੰ ਢੂੰਢਨ ਤਕ ਹੀ ਬੰਦਾ ਸਿੰਘ ਸੀਮਤ ਰਹੇ। ਲੁਟ ਦੇ ਖਿਆਲ ਨਾਲ ਮਲੇਰ ਕੋਟਲੇ ਨਹੀਂ ਗਏ ਸਗੋਂ ਸਿਖ ਰਹੁਰੀਤ ਤੇ ਉੱਚੇ ਆਦਰਸ਼ ਦੀ ਰੱਖਿਆ ਲਈ।

ਦੋਸ਼ੀਆਂ ਨੂੰ ਸਜਾਵਾਂ ਦੇਣਾ ਗੁਰੂ ਗੋਬਿੰਦ ਸਿੰਘ ਜੀ ਦਾ ਮੁੱਖ ਚੜ੍ਹਿਆ ਬੋਲਾ ਹੀ ਸੀ। "ਬੇਨਤੀ", "ਚੌਪਈ' ਵਿਚ ਵੀ ਸਿਖ 'ਚੁਣ ਚੁਣ ਸਤ੍ਰੂ ਹਮਾਰੇ ਮਾਰੀਅਨ' ਦਾ ਨੇਮ ਨਾਲ ਪਾਠ

ਵੀ ਕਰਦੇ ਹਨ । ਦੋਖੀਆਂ ਦੀ ਲਿਸਟ ਕਾਫੀ ਲਮੇਰੀ ਸੀ ਪਰ ਰਾਮਰਾਈਏ, ਹਰਭਗਤੀਏ, ਸਯਦ,
ਸ਼ੇਖ, ਕਲਾਨੌਰੀਏ ਅਤੇ ਚੰਡਿਆਲੀਏ ਉਘੇ ਸਨ । ਸੋ ਸਰਹਿੰਦ ਦੀ ਜਿਤ ਉਪ੍ਰੰਤ ਬਾਬਾ ਜੀ ਨੇ
ਉਧਰ ਧਿਆਨ ਦਿਤਾ । ਬਾਬਾ ਜੀ ਸਾਮ੍ਹਣੇ ਸੰਕੇਤ ਗੁਰੂ ਜੀ ਨੇ ਪਾ ਦਿਤੇ ਸਨ । ਉਹ ਤਾਂ ਉਨ੍ਹਾਂ
ਸੰਕੇਤਾਂ ਤੇ ਹੀ ਟੁਰਨ ਦੀ ਕੋਸ਼ਸ਼ ਕਰਦੇ ਰਹੇ । ਸਿਖਾਂ ਦਾ ਸਤਿਕਾਰ ਤੇ ਜਹਾਂ ਜਹਾਂ ਗੁਰ ਖਾਲਸਾ
ਜੀ ਤਹਾਂ ਤਹਾਂ ਰਛਿਆ ਰਿਆਇਤ' ਮੁੱਖ ਰਖਿਆ । ਦਿਉਬੰਦ ਦੇ ਫੌਜਦਾਰ ਜਲਾਲ ਖਾਨ ਵਿਰੁਧ
ਫੌਜ ਕਸ਼ੀ ਇਸ ਪਾਸੇ ਦੀ ਹੀ ਇਕ ਉਦਾਹਰਣ ਸੀ । ਬਾਬਾ ਬੰਦਾ ਸਿੰਘ ਨੇ ਦੁਆਬੇ ਤੇ ਮਾਝੇ
ਦੇ ਸਿਖਾਂ ਵਿਚ ਉਤਸ਼ਾਹ ਭਰਨ ਲਈ ਇਕ ਸਾਂਝੀ ਜਥੇਬੰਦੀ ਹੀ ਬਣਾ ਦਿਤੀ ।

ਉਧਰ ਦੂਜੇ ਪਾਸੇ ਮੌਲਾਨਿਆਂ, ਸ਼ੇਖਾਂ, ਸਯਦਾਂ ਦਾ ਹੈਦਰੀ ਝੰਡਾ ਝੁਲਾਉਣਾ, ਬੰਦਾ
ਸਿੰਘ ਦੀ ਮੁਖਾਲਫਤ ਨੂੰ 'ਜਹਾਦ' ਦਾ ਨਾਂ ਦੇਣਾ ਇਹ ਦਸਣ ਲਈ ਕਾਫੀ ਹੈ ਕਿ ਵਿਰੋਧੀ
ਇਸ ਲਹਰ ਨੂੰ ਕਿਸੇ ਦ੍ਰਿਸ਼ਟੀ ਨਾਲ ਦੇਖਦੇ ਸਨ । ਜੇ ਸਰਹਿੰਦ ਹੀ ਨਿਸ਼ਾਨਾ ਹੁੰਦਾ ਤਾਂ ਸਾਰੇ
ਤੁਅਸਬੀ ਇਕਠੇ ਹੋਕੇ ਜਹਾਦ ਦਾ ਨਾਅਰਾ ਕਿਉਂ ਲਗਾਂਦੇ । ੧੦ ਦਸੰਬਰ ੧੭੧੦ ਨੂੰ ਜਦ
ਬਹਾਦਰ ਸ਼ਾਹ ਨੇ ਇਹ ਫਰਮਾਨ ਜ਼ਾਰੀ ਕੀਤਾ ਕਿ ਜਿਥੇ ਵੀ (ਗੁਰੂ) ਨਾਨਕ ਦਾ ਨਾਮ ਲੇਵਾ
ਮਿਲੇ ਉਸ ਨੂੰ ਕਤਲ ਜਾਂ ਕੈਦ ਕਰ ਦਿਤਾ ਜਾਏ । ਉਨ੍ਹਾਂ ਦੇ ਸ਼ਹੀਦ ਹੋਣ ਤੇ ਜਿਤਨੀ ਖੁਸ਼ੀ
ਮੁਸਲਮਾਨਾਂ ਮਨਾਈ । ਉਹ ਇਸ ਗੱਲ ਦਾ ਸੂਚਕ ਹੈ ਕਿ ਸਦੀਆਂ ਤੋਂ ਹਕੂਮਤ ਕਰਨ ਵਾਲੇ
ਉਨ੍ਹਾਂ ਦੀ ਹੋਂਦ ਤੋਂ ਕਿਤਨੇ ਦੁਖੀ ਸਨ । ਪਰ ਬਾਬਾ ਬੰਦਾ ਸਿੰਘ ਜੀ ਨੇ ਫਿਰ ਵੀ ਜੰਗ ਨੂੰ
ਧਾਰਮਕ ਰੰਗਤ ਨ ਦੇਣ ਦਿਤੀ । ਮੁਸਲਮਾਨਾਂ ਤੇ ਧਾਰਮਕ ਬੰਦਸ਼ਾਂ ਨਾ ਲਗਾਈਆਂ । ਬੂੜੀਏ ਦੇ
ਜ਼ਿਮੀਂਦਾਰ ਜਾਨ ਮੁਹੰਮਦ ਨੂੰ ਪਰਗਨੇ ਦਾ ਜ਼ਿਮੀਂਦਾਰ ਥਾਪਣਾ ਤੇ ੧੯ ਅਪ੍ਰੈਲ ੧੭੧੧ ਦੀਆਂ
ਖਬਰਾਂ ਵਿਚ ਲਿਖਿਆ ਮਿਲਣਾ ਕਿ '**ਬੰਦਾ ਸਿੰਘ ਮੁਸਲਮਾਨਾਂ ਨੂੰ ਕੋਈ ਦੁਖ ਨਹੀਂ ਦਿੰਦਾ । ਜੋ**
ਵੀ ਮੁਸਲਮਾਨ ਉਸ ਵਲ ਆਉਂਦਾ ਹੈ । ਬੰਦਾ ਸਿੰਘ, ਉਸ ਦੀ ਦਿਹਾੜੀ ਤੇ ਤਨਖ਼ਾਹ ਨਿਯਤ
ਕਰਕੇ ਉਸ ਦਾ ਧਿਆਨ ਰਖਦਾ ਹੈ । ਉਸ ਨੇ ਆਗਿਆ ਦੇ ਦਿਤੀ ਹੋਈ ਹੈ ਕਿ ਨਮਾਜ਼ ਤੇ
ਖੁਤਬਾ ਜਿਵੇਂ ਮੁਸਲਮਾਨ ਚਾਹੁਣ ਪੜ੍ਹਣ ।'

''ਚੁਨਾਂ ਚਿ ਪੰਜ ਹਜ਼ਾਰ ਮੁਸਲਮਾਨ ਉਸਦੇ ਸਾਥੀ ਬਣ ਗਏ ਹਨ ਤੇ ਸਿੰਘਾਂ ਦੀ ਫੌਜ ਵਿਚ
ਬਾਂਗ ਤੇ ਨਮਾਜ਼ ਵਲੋਂ ਸੁੱਖ ਪਾ ਰਹੇ ਹਨ :''

ਇਕ ਗੱਲ ਹੋਰ ਜੇ ਨਿਰੋਲ ਬਦਲਾ ਲੈਣ ਦੀ ਗੱਲ ਹੁੰਦੀ ਤਾਂ ਸਰਹਿੰਦ ਦੀ ਜਿਤ ਤੋਂ ਬਾਅਦ
ਗੱਲ ਉਥੇ ਹੀ ਮੁਕ ਜਾਂਦੀ ਪਰ ਅਸਲ ਵਿਚ ਲਹਰ ਦਾ ਪਸਾਰ ਉਸੇ ਸਮੇਂ ਤੋਂ ਹੀ ਅਰੰਭ ਹੋਇਆ ।
ਬਹਾਦਰ ਸ਼ਾਹ ਦਾ ਰਾਜਪੂਤਾਂ ਵਿਰੁਧ ਲੜਣਾ ਵਿਚੇ ਹੀ ਛੱਡ ਕੇ ਪੰਜਾਬ ਵਲ ਆਉਣਾ ਪ੍ਰਗਟ
ਕਰਦਾ ਹੈ ਕਿ ਬਹਾਦਰ ਸ਼ਾਹ ਸਿਖੀ ਲਹਰ ਪਿਛੇ ਕਿਤੇ ਵੱਡੀ ਤਾਕਤ ਦਾ ਉਠਣਾ ਦੇਖ ਰਿਹਾ ਸੀ ।

ਇਹ ਠੀਕ ਹੈ ਗੁਰੂ ਗੋਬਿੰਦ ਸਿੰਘ ਜੀ ਵੇਲੇ ਜਦੋ-ਜਹਦ ਦੀ ਨੌਈਅਤ ਬਹੁਤ ਹਦ ਤਕ
ਬਚਾਓ (defensive) ਦੀ ਹੀ ਰਹੀ । ਬੰਦਾ ਸਿੰਘ ਦੀਆਂ ਜੰਗਾਂ ਨਿਰੋਲ ਸੁਰਖਿਆ ਲਈ ਨਹੀਂ
ਸਨ 'ਉਸ ਦਾ ਪਸਾਰ ਹੋ ਚੁਕਾ ਸੀ । ਕਈਆਂ ਨੇ ਬਾਬਾ ਜੀ ਨੂੰ ਲੁਟੇਰਾ ਲਿਖ ਦਿਤਾ । ਬਾਬਾ ਜੀ
ਦੀ ਫੌਜਦੀ ਜੇ ਬਣਤਰ ਦੇਖ ਲਈ ਜਾਏ ਤਾਂ ਇਹ ਵੀ ਸਪਸ਼ਟ ਹੋ ਜਾਏਗਾ ਕਿ ਲੁਟੇਰਾ ਕਉਣ ਸੀ ?

ਚਾਰ ਪਰਕਾਰ ਦੇ ਲੋਕਾਂ ਤੇ ਜਥਿਆਂ ਨੇ ਬਾਬਾ ਬੰਦਾ ਸਿੰਘ ਨੂੰ ਸਹਿਯੋਗ ਦਿਤਾ । ਪਹਲੇ
ਉਹ ਸਨ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸਕੂਲ ਵਿਚ ਪੜ੍ਹੇ ਸਨ ਤੇ ਉਨ੍ਹਾਂ ਨਾਲ ਹੀ ਸੰਬੰਧ ਰਖਦੇ
ਸਨ । ਉਹ ਸਾਰੇ ਕਿਸੇ ਆਗੂ ਦੀ ਉਡੀਕ ਵਿਚ ਸਨ । ਉਹ ਹੀ ਘੜੀ ਮੁੜੀ ਗੁਰੂ ਜੀ ਨੂੰ ਲਿਖ
ਰਹੇ ਸਨ ਕਿ ਉਹ ਛੇਤੀ ਵਾਪਸ ਪੰਜਾਬ ਆਉਣ । ਜਦ ਉਨ੍ਹਾਂ ਨੇ ਬਾਬਾ ਬੰਦਾ ਸਿੰਘ ਦਾ

ਪੰਜਾਬ ਆਉਣਾ ਸੁਣਿਆ ਤਾਂ ਖੁਸ਼ੀ ਖੁਸ਼ੀ ਬੰਦਾ ਸਿੰਘ ਨਾਲ ਸ਼ਾਮਲ ਹੋ ਗਏ। ਉਨ੍ਹਾਂ ਵਿਚੋਂ ਹੀ ਭਾਈ ਬਾਜ ਸਿੰਘ, ਆਲੀ ਸਿੰਘ, ਮਾਲੀ ਸਿੰਘ, ਭਾਈ ਬਿਨੋਦ ਸਿੰਘ, ਭਾਈ ਫਤਹ ਸਿੰਘ ਸਨ। ਇਹ ਨਿਰੋਲ ਧਰਮ ਯੁਧ ਕੇ ਚਾਇ ਉਨ੍ਹਾਂ ਨਾਲ ਸ਼ਾਮਲ ਹੋਏ ਸਨ। ਦੂਜੇ, ਰਾਮ ਸਿੰਘ ਤੇ ਤਿਲੋਕ ਸਿੰਘ ਨੇ ਕੁਝ ਜੱਥੇ ਬਾਬਾ ਬੰਦਾ ਸਿੰਘ ਜੀ ਦੀ ਫੌਜ ਵਿਚ ਭੇਜੇ। ਭਾਈ ਤਿਲੋਕ ਸਿੰਘ ਤੇ ਰਾਮ ਸਿੰਘ ਦੇ ਵਡੇਰਿਆਂ ਨੂੰ ਗੁਰੂ ਹਰਿ ਰਾਇ ਸਾਹਿਬ ਜੀ ਨੇ ਬਖਸ਼ਸ਼ ਕੀਤੀ ਸੀ ਤੇ ਉਹ ਗੁਰੂ ਘਰ ਦੇ ਰਿਣੀ ਸਨ। ਤੀਜੇ, ਉਹ ਲੋਕੀ ਸਨ ਜੋ ਬਾਬਾ ਜੀ ਦੀ ਸ਼ਖਸ਼ੀਅਤ ਤੋਂ ਪ੍ਰਭਾਵਤ ਹੋ ਕੇ ਸ਼ਾਮਲ ਹੋਏ ਸਨ। ਬਾਬਾ ਜੀ ਦੁੱਧ ਪੁੱਤ ਦੀ ਦਾਤ ਵੰਡਦੇ ਜਦ ਪੰਜਾਬ ਵਲ ਵੱਧ ਰਹੇ ਸਨ ਤਾਂ ਇਕ ਤਗੜਾ ਜੱਥਾ ਬਣ ਗਿਆ ਸੀ।

ਚੌਥੀ ਕਿਸਮ ਉਨ੍ਹਾਂ ਲੋਕਾਂ ਦੀ ਸੀ ਜੋ ਬੰਦਾ ਸਿੰਘ ਜੀ ਦੀ ਚੜ੍ਹਤ ਸੁਣਕੇ ਉਨ੍ਹਾਂ ਨਾਲ ਆ ਰਲੇ ਸਨ। ਜਿਨ੍ਹਾਂ ਦਾ ਕੰਮ ਹੀ ਵੱਧਦੀ ਸ਼ਕਤੀ ਨਾਲ ਜਾ ਰਲਣਾ ਸੀ। ਉਹ ਲੜਨ ਭਿੜਨ ਵਿਚ ਘਟ ਹਿੱਸਾ ਲੈਂਦੇ ਸਨ। ਉਨ੍ਹਾਂ ਦਾ ਬਹੁਤਾ ਧਿਆਨ ਲੁਟ ਮਾਰ ਤੇ ਪਕੜਨ ਵਲ ਰਹਿੰਦਾ ਸੀ। ਜਦ ਸਮਾਨਾ, ਸਢੌਰਾ ਤੇ ਸਰਹਿੰਦ ਦੀ ਜਿਤ ਹੋ ਗਈ ਤਾਂ ਇਨ੍ਹਾਂ ਦੇ ਕਈ ਜਥੇ ਆ ਰਲੇ। ਉਨ੍ਹਾਂ ਨੂੰ ਰੋਕਨ ਲਈ ਬਾਬਾ ਜੀ ਨੇ ਕਈ ਵਾਰੀ ਹੁਕਮ ਜ਼ਾਰੀ ਕੀਤੇ ਪਰ ਉਹ 'ਮਾਲੇ ਗਨੀਮਤ' ਸਮਝਕੇ ਲੁਟੀ ਜਾਂਦੇ ਸਨ। ਉਨ੍ਹਾਂ ਲੋਕਾਂ ਕਾਰਨ ਹੀ ਬਾਬਾ ਜੀ ਨੂੰ ਕਈ ਵਾਰੀ ਸਮਕਾਲੀਆਂ ਦੀਆਂ ਸਲਵਾਤਾਂ ਸੁਨਣੀਆਂ ਪਈਆਂ। ਪਰ ਇਹ ਇਤਿਹਾਸਕ ਇਨਸਾਫ਼ ਨਹੀਂ ਹੈ। ਬਾਬਾ ਜੀ ਦਾ ਸਰਹਿੰਦ ਨੂੰ ਨਾ ਲੁਟਨ ਦਾ ਹੁਕਮ ਦੇਣਾ ਇਸ ਪਾਸੇ ਦੀ ਇਕ ਉੱਘੀ ਉਦਾਹਰਣ ਹੈ। ਇਸ ਨੂੰ ਅਖੋਂ ਉਹਲੇ ਕਰਨਾ ਬਾਬਾ ਜੀ ਦੇ ਕਾਰਦਾਰ ਨਾਲ ਬੇਇਨਸਾਫ਼ੀ ਹੈ।

ਬਾਬਾ ਬੰਦਾ ਸਿੰਘ ਦੀ ਛਾਪ : ਸਿਖ ਇਤਿਹਾਸ ਵਿਚ ਨਿਰੋਲ ਇਕੋ ਇਕ ਬਾਬਾ ਬੰਦਾ ਸਿੰਘ ਜੀ ਹਨ ਜਿਨ੍ਹਾਂ ਵਿਰੁਧ ਸਮਕਾਲੀ ਮੁਸਲਮਾਨ ਇਤਿਹਸਕਾਰਾਂ ਨੇ ਰਜ ਕੇ ਲਿਖਿਆ। ਅਸਲ ਵਿਚ ਉਹ ਜਿਤਨਾ ਕੀਨਾ ਪ੍ਰਗਟਾਂਦੇ ਹਨ, ਬਾਬਾ ਜੀ ਉਤਨੇ ਹੀ ਬਹਾਦਰ ਤੇ ਦ੍ਰਿੜ ਮੂਰਤ ਹੋ ਸਾਮ੍ਹਣੇ ਆਉਂਦੇ ਹਨ। ਮੁਸਲਮਾਨ ਜੋ ਰਾਜ ਕਰਨਾ ਆਪਣਾ ਖੁਦਾਈ ਹਕ ਸਮਝ ਬੈਠੇ ਸਨ, ਇਹ ਕਿਵੇਂ ਬਰਦਾਸ਼ਤ ਕਰ ਸਕਦੇ ਸਨ ਕਿ ਕੋਈ ਇਸੇ ਧਰਤੀ ਤੋਂ ਉਠ ਕੇ ਉਨ੍ਹਾਂ ਦਾ ਸਦੀਆਂ ਦਾ ਰਾਜ ਬਣਿਆ ਰਾਜ ਹੀ ਉਖੇੜ ਦੇਵੇ। ਰਾਜਾਂ ਦੇ ਭੜ ਹੀ ਹੁੰਦੇ ਹਨ। ਉਸਦੇ ਉੱਡ ਜਾਣ ਬਾਹਦ ਉਸ ਨੂੰ ਫ਼ਿਰ ਕਾਇਮ ਕਰਨਾ ਅਸੰਭਵ ਜਹੀ ਗਲ ਹੁੰਦੀ ਹੈ। ਪਿਛੋਂ ਦੇ ਹੋਏ ਮੁਸਲਮਾਨ ਇਤਿਹਾਸਕਾਰ ਵੀ ਉਸੇ ਵਹਣ ਵਿਚ ਰੁੜ੍ਹੀ ਗਏ। ਲਤੀਫ ਦਾ ਇਹ ਲਿਖਣਾ ਕਿ ਭਾਵੇਂ ਬਹਾਦਰੀ ਇਕ ਸਤਿਕਾਰ ਕਰਨ ਵਾਲਾ ਗੁਣ ਹੈ ਤੇ ਆਉਣ ਵਲੀਆਂ ਨਸਲਾਂ ਬਹਾਦਰੀ ਦੇ ਗੁਣ ਨੂੰ ਆਦਰ ਦੇਂਦੀਆਂ ਹਨ ਤੇ ਬਹਾਦਰੀ ਦੀ ਛਾਪ ਮੰਨਦੀਆਂ ਤੇ ਗ੍ਰਹਣ ਕਰਦੀਆਂ ਹਨ ਪਰ ਇਸ ਦੈਂਤ (ਬਾਬਾ ਬੰਦਾ ਸਿੰਘ) ਦੇ ਬਹਾਦਰੀ ਦੇ ਕਾਰਨਾਮੇ, ਇਕ ਹੋਰ ਤਰ੍ਹਾਂ ਦੀ ਉਦਾਹਰਣ ਹੈ ਜਿਸ ਦੀ ਤੁਲਣਾ ਕਿਸੇ ਵੀ ਸੂਰਮਤਾਈ ਨਾਲ ਨਹੀਂ ਦਿਤੀ ਜਾ ਸਕਦੀ। ਉਸਨੇ ਜੋ ਮੱਲਾਂ ਮਾਰੀਆਂ, ਉਹ ਕੋਈ ਬਹਾਦਰੀ ਦੇ ਕਾਰਨਾਮੇ ਨਹੀਂ ਸਨ ਸਗੋਂ ਨਫ਼ਰਤ, ਕੀਨਾ ਤੇ ਬੇਰਹਮੀ ਨਾਲ ਕਤਲ ਕਰਨ ਦੀਆਂ ਹੀ ਵਾਰਦਾਤਾਂ ਸਨ। ਉਹ ਬੇ-ਦੋਸ਼ਿਆਂ ਮੁਸਲਮਾਨਾਂ ਦਾ ਖੂਨ ਵਗਾਂਦਿਆਂ ਨਹੀਂ ਸੀ ਝਿਜਕਦਾ। ਉਸ ਦਾ ਇਕ ਹੀ ਨਿਸ਼ਾਨਾ ਸੀ ਕਿ ਖੂਨ ਵਗਾਇਆ ਜਾਏ। ਅਜ ਕਲ (੧੯ ਵੀਂ ਸਦੀ ਦੇ ਅਖੀਰ) ਉਸ ਦਾ ਨਾਂ ਹਿੰਦੁਸਤਾਨ ਦੇ ਕਿਸੇ ਵੀ ਹਿਸੇ ਵਿਚ ਕਦੇ ਵੀ ਸਤਿਕਾਰ ਨਾਲ ਨਹੀਂ ਲਇਆ ਜਾਂਦਾ। ਅਤੇ ਜਦ ਉਸ ਦਾ ਨਾਂ ਲਇਆ ਵੀ ਜਾਂਦਾ ਹੈ ਤਾਂ ਇਕ ਜਾਬਰ, ਜ਼ਾਲਮ, ਤੇ ਖੂਨ ਦੇ ਪਿਆਸੇ ਦੀ ਭਿਆਨਕ ਸ਼ਕਲ ਸਾਮ੍ਹਣੇ ਆ ਜਾਂਦੀ ਹੈ।' ਇਸ ਲਿਖਤ ਤੋਂ ਸਪਸ਼ਟ ਹੈ ਕਿ ਮੁਸਲਮਾਨ ਇਤਿਹਾਸਕਾਰ ਭਾਵੇਂ

ਉਹ ਅਠਾਰਵੀਂ ਸਦੀ ਦਾ ਹੋਵੇ ਜਾਂ ਉਨੀਂਵੀ ਦਾ, ਉਸਦੀ ਲਿਖਤ ਵਿਚ ਬੁੱਗਜ਼, ਕੀਨਾ ਤੇ ਗੁੱਸੇ ਦਾ ਹੀ ਪ੍ਰਭਾਵ ਹੈ। ਇਸਲਾਮੀ ਰਾਜ ਨੂੰ ਹਿੱਲਦਾ ਤੇ ਫਿਰ ਡਿੱਗਦਾ ਦੇਖ ਕੇ ਉਨ੍ਹਾਂ ਦਾ ਮਜ਼ਬੀ ਜਜ਼ਬਾ ਜਾਗ ਉਠਿਆ ਇਤਿਹਾਸਕਾਰ ਦੀ ਥਾਂ ਤੁਅਸਬੀ ਨੇ ਲੈ ਲਈ। ਇਹ ਵੀ ਯਾਦ ਰਹੇ, ਕਿ ਇਤਿਹਾਸ ਲਿਖਣ ਵਾਲੇ ਜਾਂ ਤਾਂ ਮੁੱਗਲ ਬਾਦਸ਼ਾਹਾਂ ਦੇ ਸਰਕਾਰੀ ਲਿਖਾਰੀ ਸਨ ਜਾਂ ਉਨ੍ਹਾਂ ਦੇ ਰਾਜ ਦੇ ਹਿਮਾਇਤੀ। ਮਿਸਟਰ ਥਾਰੰਟਨ ਨੇ ਇਸ ਸੰਬੰਧੀ ਪੰਜਾਬ ਦੇ ਇਤਿਹਾਸਕਾਰਾਂ ਬਾਰੇ ਠੀਕ ਲਿਖਿਆ ਹੈ ਕਿ ਮੁਸਲਮਾਨ 'ਇਤਿਹਾਸਕਾਰਾਂ ਦੇ ਲਿਖੇ ਨੂੰ ਇਨ ਬਿਨ ਨਹੀਂ ਮੰਨ ਲੈਣਾ ਚਾਹੀਦਾ।' ਇਤਿਹਾਸਕਾਰ ਮਿਲਜ਼ ਨੇ ਇਸ ਗੱਲ ਵਲ ਇਸ਼ਾਰਾ ਕੀਤਾ ਹੈ ਕਿ 'ਆਪਣੇ ਦੀਨੀ ਭਰਾਵਾਂ ਨੂੰ ਜ਼ੇਰ ਹੁੰਦਾ ਦੇਖ ਕੇ ਮੁਸਲਮਾਨ ਲਿਖਾਰੀਆਂ ਨੇ ਹਰ ਕਿਸਮ ਦੇ ਅਤਿਆਚਾਰਾਂ ਦਾ ਜ਼ਿਮੇਵਾਰ ਬੰਦਾ ਸਿੰਘ ਨੂੰ ਠਹਿਰਾਇਆ ਉਨ੍ਹਾਂ ਵਿਰੁਧ ਜਜ਼ਬਾ ਭਰਨ ਲਈ ਹੀ ਇਹ ਸਭ ਕੁਝ ਹੋਇਆ।'

ਬੰਦਾ ਸਿੰਘ ਕੋਈ ਦੈਂਤ, ਜ਼ਾਲਮ ਜਾਂ ਬੇਰਹਮ ਪੁਰਸ਼ ਨਹੀਂ ਸੀ ਸਗੋਂ ਇਕ ਦਰਦੀ, ਰਹਮ-ਦਿਲ, ਸਾਊ, ਸਹਿਜ ਵਾਲਾ 'ਬੰਦਾ' ਸੀ। ਦੁਸ਼ਮਣਾਂ ਨੇ ਲਖ ਜਤਨ ਕੀਤੇ ਕਿ ਬੰਦਾ ਸਿੰਘ ਦੀ ਵਿਅ-ਕਤੀ ਬੀਰਤਾ ਨੂੰ ਲੁਕਾਇਆ ਜਾ ਸਕੇ ਪਰ ਉਹ ਇਸ ਕਾਰਜ ਵਿਚ ਸਫਲ ਨ ਹੋ ਸਕੇ। ਮਿਰਾਤ-ਉਲ-ਵਾਰਦਾਤ ਵਿਚ ਮੁਹੰਮਦ ਸੂਫੀ ਲਿਖਦਾ ਹੈ ਕਿ ਉਹ (ਬੰਦਾ ਸਿਘ) ਆਪਣੇ ਮੁਰਸ਼ਦ (ਗੁਰੂ) ਗੋਬਿੰਦ ਸਿੰਘ ਨਾਲ ਕਈ ਗੱਲਾਂ ਵਿਚ ਮਿਲਦਾ ਜੁਲਦਾ ਸੀ। ਉਸ ਦੀ ਸ਼ਖਸ਼ੀਅਤ ਦਾ ਸਮੁੱਚਾ ਪ੍ਰਭਾਵ ਉਸ ਦੀਆਂ ਚਮਕਦੀਆਂ ਅੱਖਾਂ ਤੇ ਡੂੰਘੀ ਨਜ਼ਰ ਤੋਂ ਦੇਖਿਆ ਜਾ ਸਕਦਾ ਸੀ। ਵਿਰੋਧੀ ਵੀ ਉਸ ਦੇ ਪ੍ਰਭਾਵ ਤੋਂ ਬਚ ਨਾ ਸਕੇ। ਫਰਖਸੀਅਰ ਦੇ ਵੱਡੇ ਵਜ਼ੀਰ ਅਮੀਨ ਨੇ ਬਾਬਾ ਬੰਦਾ ਸਿੰਘ ਦੇ ਇਸਤਕਲਾਲ (**Perseverance**) ਦਾ ਜ਼ਿਕਰ ਬੜੇ ਹੀ ਰੋਚਕ ਢੰਗ ਨਾਲ ਕੀਤਾ ਹੈ। ਜਿਸ ਬਹਾਦਰੀ ਤੇ ਸ਼ਹਨਸ਼ੀਲਤਾ ਨਾਲ ਬੰਦਾ ਸਿੰਘ ਜੀ ਨੇ ਸ਼ਹਾਦਤ ਪ੍ਰਾਪਤ ਕੀਤੀ, ਉਹ ਅਜ ਤਕ ਬੀਰਤਾ ਦੇ ਵਿਕਾਸ ਦੇ ਇਤਿਹਾਸ ਵਿਚ ਚਾਨਣ ਮੁਨਾਰਾ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਹੀ ਸਨ ਜਿਨ੍ਹਾਂ ਸਿਖੀ ਵਿਚ ਨਵੀਂ ਰੂਹ ਫੂਕੀ ਪਰ ਇਹ ਨਿਰਸੰਦੇਹ ਕਹਿਆ ਜਾ ਸਕਦਾ ਹੈ ਕਿ ਇਹ ਬੰਦਾ ਸਿੰਘ ਦੀ ਅਗਵਾਈ ਹੀ ਸੀ ਜਿਸ ਨੇ ਸਿਖਾਂ ਨੂੰ ਪੰਜਾਬ ਵਿਚ ਇਕ ਅਮਿਟ ਤੇ ਅਜਿਤ ਕੌਮ ਬਨਾਉਣ ਦੇ ਰਾਹ ਪਾਇਆ। ਗੋਕਲ ਚੰਦ ਨਾਰੰਗ ਨੇ ਠੀਕ ਤੁਲਣਾ ਦਿਤੀ ਹੈ ਕਿ 'ਕਹਾਣੀ ਦਾ ਪਲਾਟ ਗੁਰੂ ਗੋਬਿੰਦ ਸਿੰਘ ਜੀ ਨੇ ਬਣਾਇਆ, ਐਕਟਰ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸੁੱਘੜ ਹੱਥਾਂ ਨਾਲ ਤਿਆਰ ਕੀਤੇ, ਪਰ ਇਹ ਬੰਦਾ ਸਿੰਘ ਹੀ ਸੀ, ਜਿਸ ਨੇ ਸਾਰੇ ਪਾਤਰਾਂ ਨੂੰ ਲੋਕਾਂ ਸਾਮ੍ਹਣੇ ਲਿਆਂਦਾ ਤੇ ਚੰਗੀ ਤਰ੍ਹਾਂ ਖਿਡਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਬੀਜ ਪਾਇਆ, ਗੋਡੀ ਕੀਤੀ ਤੇ ਫਸਲ ਬੰਦਾ ਸਿੰਘ ਨੇ ਕਟੀ। ਬੰਦਾ ਸਿੰਘ ਸੰਸਾਰ ਦੇ ਬਹਾਦਰਾਂ ਤੇ ਜਰਨੈਲਾਂ ਵਿਚ ਉਚੀ ਥਾਂ ਰਖਦਾ ਹੈ। ਉਸ ਦਾ ਨਾਂ ਹੀ ਪੰਜਾਬ ਤੇ ਪੰਜਾਬ ਤੋਂ ਬਾਹਰ ਮੁੱਗਲਾਂ ਵਿਚ ਦਹਿਸ਼ਤ ਫੈਲਾਉਣ ਲਈ ਕਾਫ਼ੀ ਸੀ।'' ਇਹ ਨਾਂ ਦਾ ਡਰ ਹੀ ਸੀ ਜਿਸ ਨੇ ਮੁਸਲਮਾਨ ਸਮਕਾਲੀ ਤੇ ਪਿਛੋਂ ਇਤਿਹਾਸਕਾਰਾਂ ਨੂੰ ਬਾਬਾ ਬੰਦਾ ਸਿੰਘ ਬਾਰੇ ਘਟੀਆ ਤੋਂ ਘਟੀਆ ਸ਼ਬਦ ਲਿਖਵਾਉਣ ਤੋਂ ਵੀ ਸੰਕੋਚ ਨਾ ਕਰਾਇਆ।

ਇਕ ਜੇਤੂ ਤੇ ਜਰਨੈਲ ਦੇ ਰੂਪ ਵਿਚ ਕੋਈ ਵਿਰਲਾ ਹੀ ਉਨ੍ਹਾਂ ਦਾ ਟਾਕਰਾ ਕਰ ਸਕਦਾ ਹੈ। ਅਗਵਾਈ ਤੇ ਸੂਰਮਗਤੀ ਦੀਆਂ ਉਦਾਹਰਣਾਂ ਹੀ ਉਨ੍ਹਾਂ ਦਾ ਸਾਰਾ ਜੀਵਨ ਹੈ। ਸਰਹਿੰਦ ਆਪਣੇ ਸਮੇਂ ਦੀ ਇਕ ਅਜਿਤ ਸਰਕਾਰ ਸੀ। ਉਸ ਨੂੰ ਇਕੋ ਹੱਲੇ ਨਾਲ ਜਿਤ ਲੈਣਾ ਇਸ

ਪਾਸੇ ਦੀ ਸੁੰਦਰ ਉਦਾਹਰਣ ਹੈ। ਸਰਹੰਦ ਜਿਤਨ ਉਪ੍ਰੰਤ, ਉਥੋਂ ਦੂਰ ਲੋਹ ਗੜ੍ਹ ਦਾ ਕਿਲ੍ਹਾ ਉਸਾਰਨਾ, ਉਸ ਦੀ ਰਖਿਆ ਲਈ ੫੨ ਕਿਲ੍ਹੇ ਬਨਾਉਣੇ ਤੇ ਸਾਢੌਰੇ ਤੋਂ ਬਾਹਰ ਹੀ ਸਦਾ ਟਾਕਰਾ ਕਰਕੇ ਫੌਜਾਂ ਨੱਠਾ ਦੇਣਾ ਇਕ ਸੁਘੜ ਜਰਨੈਲ ਦੇ ਹੀ ਕੰਮ ਸਨ।

ਗੁਰੂ ਗੋਬਿੰਦ ਸਿੰਘ ਦਾ ਉਪ੍ਰੰਤ ਜਿਵੇਂ ਉਨ੍ਹਾਂ ਸਿੱਖਾਂ ਨੂੰ ਜਥੇਬੰਦ ਕੀਤਾ ਤੇ ਜਜ਼ਬਿਆਂ ਨੂੰ ਉਭਾਰਿਆ, ਉਹ ਉਨ੍ਹਾਂ ਨੂੰ ਆਗੂ ਸਿਧ ਕਰਨ ਲਈ ਕਾਫ਼ੀ ਹੈ। ਜਰਨੈਲ, ਆਗੂ ਤੇ ਜੇਤੂ ਹੋਣ ਦੇ ਨਾਲ ਹੀ ਉਹ ਇਕ ਸਿੱਖ ਵੀ ਸਨ। ਭਾਈ ਰਤਨ ਸਿੰਘ ਭੰਗੂ ਦਾ ਕਹਿਣਾ ਹੈ ਕਿ ਹਰ ਕਾਰਜ ਤੇ ਪਹਿਲਾਂ ਬਾਬਾ ਬੰਦਾ ਸਿੰਘ ਅਰਦਾਸ ਕਰਦੇ। ਜੋ ਕੋਈ ਉਨ੍ਹਾਂ ਕੋਲੋਂ ਅਸੀਸ ਤੇ ਅਸ਼ੀਰਵਾਦ ਮੰਗਦਾ ਤਾਂ ਵਾਹਿਗੁਰੂ ਦਾ ਮੰਤਰ ਦਿੰਦੇ ਅਤੇ ਨਾਮ ਜਪਣ ਲਈ ਪ੍ਰੇਰਨਾ ਦਿੰਦੇ। ਅਮੀਨ-ਉਲ-ਦਉਲਾ ਵੀ ਇਹ ਹੀ ਲਿਖਦਾ ਹੈ ਕਿ ਉਹ ਹਰ ਇਕ ਦਾ ਦਿਲ ਜਿਤ ਲੈਂਦਾ ਸੀ। ਜੇ ਕੋਈ ਵੀ ਉਸ ਪਾਸ ਆਉਂਦਾ ਭਾਵੇਂ ਉਹ ਹਿੰਦੂ ਜਾਂ ਮੁਸਲਮਾਨ ਹੁੰਦਾ, ਉਸ ਨੂੰ ਬੰਦਾ ਸਿੰਘ 'ਸਿੰਘ' ਸ਼ਬਦ ਨਾਲ ਸੰਬੋਧਨ ਕਰਦਾ।'

ਬੰਦਾ ਸਿੰਘ ਨੇ ਕਦੇ ਮਨਮਾਨੀ ਨਹੀਂ ਕੀਤੀ ਤੇ ਨਾ ਹੀ ਕੋਈ ਐਸਾ ਕਰਮ ਕੀਤਾ ਜਿਸ ਨਾਲ ਇਹ ਸ਼ਕ ਵੀ ਪੈਂਦਾ ਹੋਵੇ। ਉਨ੍ਹਾਂ ਦੇ ਥਾਂ ਥਾਂ ਭੇਜੇ ਹੁਕਮਨਾਮੇ ਇਸ ਗੱਲ ਦੀ ਹੀ ਗਵਾਹੀ ਭਰਦੇ ਹਨ। ਹੁਕਮਨਾਮੇ ਵਿਚ ਉਹ ਆਪਣੇ ਆਪ ਨੂੰ ਗੁਰੂ ਦਾ ਨਿਮਾਣਾ ਸੇਵਕ ਹੀ ਕਹਿੰਦੇ ਹਨ। ਹੁਕਮਨਾਮੇ ਦੇ ਸ਼ਬਦ ਹਨ "ਗੁਰੂ ਗੁਰੂ ਜਪਣਾ ਜਨਮ ਸਵਰੇਗਾ, ਤੁਸੀਂ ਸਿਰੀ ਅਕਾਲ ਪੁਰਖ ਜੀ ਕਾ ਖਾਲਸਾ ਹੋ। ਪੰਜ ਹਥਿਆਰ ਬੰਨ ਕੇ, ਹੁਕਮ ਦੇਖਦਿਆਂ ਦਰਸ਼ਨ ਆਵਣਾ। ਖਾਲਸੇ ਦੀ ਰਹਤ ਰਹਿਣਾ, ਭੰਗ, ਤੰਮਾਕੂ, ਹਫ਼ੀਮਾ, ਪੋਸਤ, ਦਾਰੂ। ਅਮਲ ਕੋਈ ਨਹੀਂ ਖਾਣਾ, ਮਾਸ ਮਛਲੀ ਪਿਆਜ਼ ਨਹੀਂ ਖਾਣਾ। ਚੋਰੀ ਚਾਰੀ ਨਹੀਂ ਕਰਨੀ। **ਅਸਾਂ ਸਤਿਯੁਗ ਵਰਤਾਇਆ ਹੈ।** ਆਪਸ ਵਿਚ ਪਿਆਰ ਕਰਨਾ ਮੇਰਾ ਹੁਕਮ ਹੈ। ਜੋ ਖਾਲਸੇ ਦੀ ਰਹਿਤ ਰਹੇਗਾ, ਤਿਸ ਦੀ ਗੁਰੂ ਬਹੁੜੀ ਕਰੇਗਾ।" ਸਿਕੇ ਵੀ ਉਨ੍ਹਾਂ ਕੋਈ ਆਪਣੇ ਨਾਂ ਦੇ ਨਹੀਂ ਚਲਾਏ ਤੇ ਮੁਹਰਾਂ ਵੀ ਗੁਰੂ ਦੇ ਨਾਂ ਦਾ ਹੀ ਕਢੀ। 'ਦੇਗ ਤੇਗ ਫ਼ਤਹ' ਸਾਡਾ ਹੁਣ ਤਕ ਦਾ ਨਿਤ ਦਾ ਬੋਲਾ ਹੈ। ਬਾਬਾ ਬੰਦਾ ਸਿੰਘ ਦਾ ਸਭ ਤੋਂ ਵੱਡਾ ਕੰਮ ਜ਼ਮੀਨਦਾਰੀ ਨੂੰ ਮੂਲੋਂ ਮੁਕਾਉਣਾ ਹੈ। ਹਿੰਦੁਸਤਾਨ ਭਰ ਤੇ ਸੰਸਾਰ ਵਿਚ ਵੀ ਬੰਦਾ ਸਿੰਘ ਪਹਿਲੇ ਵਿਅਕਤੀ ਹਨ ਜਿਨ੍ਹਾਂ ਜ਼ਮੀਨਦਾਰੀ ਵਿਚ ਲੁਕੇ ਹੋਏ ਔਗਣਾਂ ਨੂੰ ਅਨੁਭਵ ਕੀਤਾ। ਔਗਣਾਂ ਦੀ ਜੜ੍ਹ ਉਨ੍ਹਾਂ ਕਟ ਦਿਤੀ। 'ਜ਼ਮੀਨ ਵਾਹਕ ਦੀ' ਇਹ ਪਹਲੀ ਵਾਰੀ ਪੰਜਾਬ ਵਿਚ ਅਪਣਾਇਆ ਗਿਆ। ਸਾਰੇ ਜ਼ਮੀਨਦਾਰਾਂ ਨੂੰ ਬੇਦਖ਼ਲ ਕਰ ਦਿਤਾ ਗਇਆ। ੧੭੧੦ ਦੀ ਸਤੰਬਰ ਨੂੰ ਜ਼ਮੀਨਾਂ ਵਾਹਕਾਂ ਵਿਚ ਵੰਡ ਦਿਤੀਆਂ ਗਈਆਂ। ਉੱਪਜ ਵਧਣ ਦੇ ਨਾਲ ਨਾਲ ਕਿਸਾਨਾਂ ਆਪਣੇ ਆਪ ਨੂੰ ਮਜ਼ਬੂਤ ਪਾਇਆ। ਇਸ ਕਰਮ ਨਾਲ ਵੀ ਵੀਰਤਾ ਦਾ ਵਿਕਾਸ ਹੋਇਆ। ਸਾਂਝੀਵਾਲਾਂ ਨੇ ਇਕ ਦੂਜੇ ਲਈ ਮਰਨ ਦਾ ਚਾਅ ਪੈਦਾ ਕੀਤਾ। ਹਰ ਕਿਸੇ ਨੇ ਆਪਣੀ ਰਾਖੀ ਲਈ ਤਲਵਾਰ ਹੱਥ ਪਕੜੀ ਤੇ ਆਪਣੀਆਂ ਬਾਹਾਂ ਵਿਚ ਮਜ਼ਬੂਤੀ ਪੈਦਾ ਕੀਤੀ। ਜਦ ਗਰੀਬ ਤੇ ਲਿਤਾੜੇ 'ਸਰਦਾਰ' ਬਣ ਗਏ ਤਾਂ ਉਨ੍ਹਾਂ ਲੋਕਾਂ ਦੀ ਰਖਿਆ ਦਾ ਭਾਰ ਆਪਣੇ ਜ਼ਿਮੇ ਲੈ ਲਿਆ। ਬਸ, ਇਹ ਬੰਦਾ ਸਿੰਘ ਜੀ ਦੀਆਂ ਜਿਤਾਂ ਦਾ ਹੀ ਸਦਕਾ ਸੀ ਕਿ ਪੰਜਾਬੀਆਂ ਨੇ ਪਹਿਲੀ ਵਾਰ ਸਦੀਆਂ ਬਾਹਦ ਅਜ਼ਾਦੀ ਦਾ ਸਵਾਦ ਚੱਖਿਆ। ਉਹ ਪਹਿਲੇ ਪੁਰਸ਼ ਸਨ ਜਿਨ੍ਹਾਂ ਮੁਗਲਾਂ ਦੇ ਰਾਜ ਨੂੰ ਕਰੜੀ ਸੱਟ ਮਾਰੀ। ਇਹ ਬੰਦਾ ਸਿੰਘ ਹੀ ਸਨ ਜਿਨ੍ਹਾਂ ਮੁਗਲਾਂ ਦੇ ਸਦੀਆਂ ਦੇ ਬਣੇ ਭੜ ਨੂੰ ਤੋੜ ਕੇ ਸਿਖਾਂ ਨੂੰ ਰਾਜ ਅਸਥਾਪਣ ਕਰਨ ਯੋਗ ਬਣਾਇਆ। ਬੇਸ਼ਕ ਰਾਜ ਤਾਂ ਕਈ ਦਹਾਕਿਆਂ ਬਾਹਦ ਬਣਿਆਂ ਪਰ ਨੀਂਹ ਬਾਬਾ ਜੀ ਰੱਖ ਗਏ ਸਨ।

ਅਧਿਆਇ ਅਠਵਾਂ

ਬਿਖੜਾ ਸਮਾਂ ਪਰ ਚੜ੍ਹਦੀ ਕਲਾਂ

ਬਿਖੜਾ ਸਮਾਂ : ਬਾਬਾ ਬੰਦਾ ਸਿੰਘ ਜੀ ਦੀ ਸ਼ਹਾਦਤ ਉਪ੍ਰੰਤ ਸਿੱਖ ਇਤਿਹਾਸ ਦਾ ਅਤਿ ਬਿਖੜਾ ਸਮਾਂ ਅਰੰਭ ਹੋਇਆ ਪਰ ਉਸ ਬਿਖੜੇ ਸਮੇਂ ਜਿਸ ਹਿੰਮਤ ਨਾਲ ਸਿੱਖਾਂ ਨੇ ਟਾਕਰਾ ਕੀਤਾ ਤੇ ਆਪਣੇ ਆਪ ਨੂੰ ਸੰਭਾਲਿਆ ਉਹ ਬੀਰ ਪਰੰਪਰਾ ਦੇ ਵਿਕਾਸ ਵਿਚ ਹੈਰਾਨੀ ਨਾਲ ਪੜ੍ਹਿਆ ਜਾਣ ਵਾਲਾ ਅਧਿਆਇ ਤੇ ਯਾਦਗਾਰ ਹੈ ।

ਇਸ ਸਮੇਂ ਨੂੰ ਬਿਖੜਾ ਤੇ ਦੁੱਖਾਂ ਭਰਿਆ ਇਸ ਲਈ ਕਹਿਆ ਜਾਂਦਾ ਹੈ, ਕਿਉਂ ਜੋ ਕੋਈ ਐਸਾ ਅਤਿਆਚਾਰ ਨਹੀਂ ਹੋਵੇਗਾ ਜੋ ਸਿੰਘਾਂ ਤੇ ੧੭੧੬ ਤੋਂ ੧੭੪੯[੧] ਤਕ ਨ ਢਾਹਿਆ ਗਿਆ ਹੋਵੇ । ਨਿਰੇ ਅਤਿਆਚਾਰ ਹੀ ਹੁੰਦੇ ਤਾਂ ਸਿੱਖ ਜਥੇਬੰਦੀ ਸਹਾਰ ਲੈਂਦੀ ਪਰ ਆਪਸੀ ਝਗੜੇ ਵੀ ਸਾਮ੍ਹਣੇ ਆ ਗਏ । ਕੌਮ ਲੀਡਰ ਰਹਿਤ ਹੋ ਗਈ । ਇਕ ਦੂਜੇ ਦੀ ਗਲ ਉਥੱਲਣ ਲਗ ਪਏ । ਕਈ ਦਾਹਵੇਦਾਰ, ਕਈ ਫ਼ਿਰਕੇ, ਕਈ ਅਖੌਤੀ ਆਗੂਆਂ ਨੇ ਪੰਥ ਨੂੰ ਹੋਰ ਬਿਪਤਾ ਵਿਚ ਪਾ ਦਿਤਾ ।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਉਪ੍ਰੰਤ ਭਾਵੇਂ ਸਿਖਾਂ ਨੇ ਗੁਰੂ-ਰਹਿਤ ਤੇ ਆਗੂ-ਰਹਿਤ ਅਨੁਭਵ ਕੀਤਾ ਸੀ ਪਰ ਜਦ ਗੁਰੂ ਜੀ ਦੇ ਨਿਵਾਜੇ ਹੋਏ ਬਾਬਾ ਬੰਦਾ ਸਿੰਘ ਪੁੱਜ ਗਏ ਤਾਂ ਅਸਹਿ ਸਟ ਸਹਾਰਨੀ ਕੁਝ ਸਹਲ ਹੋ ਗਈ । ਬਾਬਾ ਜੀ ਦੀ ਸ਼ਹਾਦਤ ਉਪ੍ਰੰਤ ਹਾਲਾਤ ਬਦਲ ਗਏ । ਕੋਈ ਇਕ ਐਸੀ ਵਿਅਕਤੀ ਵੀ ਨਹੀਂ ਸੀ ਜੋ ਸਾਰੀ ਕੌਮ ਦਾ ਵਿਸ਼ਵਾਸ ਲੈ ਸਕੇ । ਭਾਈ ਮਨੀ ਸਿੰਘ ਜੀ ਜ਼ਰੂਰ ਹਨ ਪਰ ਉਹ ਦੂਰ ਦਿਲੀ ਸਨ ਤੇ ਭਾਵੇਂ ਉਹ ਧਾਰਮਕ ਆਗੂ ਦੇ ਤੌਰ ਤੇ ਤਾਂ ਅਗਵਾਈ ਕਰਦੇ ਰਹੇ ਪਰ ਜੰਗੀ ਦ੍ਰਿਸ਼ਟੀਕੋਣ ਤੋਂ ਉਹ ਸਿਖਾਂ ਦੇ ਅਗਵਾਈ ਨਹੀਂ ਸਨ ਕਰ ਸਕਦੇ । ਆਗੂ ਦੀ ਅਨਹੋਂਦ ਨੇ ਸਿੱਖਾਂ ਲਈ ਉਹ ਸਮਾਂ ਅਤਿ ਹੀ ਬਿਖੜਾ ਬਣ ਗਿਆ । ਮਸਾਂ ਕਿਧਰੇ ੧੭੩੫ ਈ: ਵਿਚ ਜਾਕੇ ਕੁਝ ਚੰਗੇ ਨੀਤੀਵਾਨ ਤੇ ਸੁਘੜ ਜਰਨੈਲਾਂ ਦਾ ਸਹਿਯੋਗ ਮਿਲ ਸਕਿਆ ।

ਫਿਰ ਗੁਰਦਾਸ ਨੰਗਲ ਦੇ ਘੇਰੇ ਵੇਲੇ ਹੀ ਸਿਖਾਂ ਦੇ ਧੜੇ ਤੋਂ ਦੋ ਵਿਚਾਰਧਾਰਾਂ ਬਣ ਗਈਆਂ

---

੧. ੧੭੪੯ ਤਕ ਇਸ ਲਈ ਲਿਖਿਆ ਹੈ ਕਿਉਂਕਿ ਉਸ ਸਾਲ ਵੈਸਾਖੀ ਤੇ ਇਹ ਗੁਰਮਤਾ ਪਾਸ ਕੀਤਾ ਗਿਆ ਕਿ ਜਥੇਬੇਦਕ ਤੌਰ ਤੇ ਸਰਬਤ ਖਾਲਸ਼ਾ ਹਰ ਹਮਲੇ ਦਾ ਟਾਕਰਾ ਕਰੇਗਾ ।

ਸਨ। ਜੇ ਇਹ ਰਾਵਾਂ ਹੀ ਰਹਿੰਦੀਆਂ ਤਾਂ ਸ਼ਾਇਦ ਭਿਆਨਕ ਰੂਪ ਨ ਧਾਰਦੀਆਂ ਪਰ ਉਹ ਰਾਵਾਂ ਦੇ ਹੀ ਦੋ ਪਕੇ ਧੜੇ ਬਣ ਗਏ। ਦੋਵਾਂ ਦੇ ਨਾਂ ਵੀ ਪੈ ਗਏ। ਇਕ ਬੰਦਈ ਖਾਲਸਾ ਬਣ ਬੈਠਾ ਤੇ ਦੂਜਾ ਤੱਤ। ਮਾਰੋ ਮਾਰ ਵੀ ਹੋਣ ਲਗੀ। ਦਰਬਾਰ ਸਾਹਿਬ, ਅੰਮ੍ਰਿਤਸਰ ਜਿਥੋਂ ਰੋਸ਼ਨੀ ਲੈ ਕੇ ਸਿੰਘ ਟੁਰਦੇ ਸਨ, ਉਹ ਹੀ ਇਨ੍ਹਾਂ ਧੜਿਆਂ ਦੇ ਵਿਖਾਵੇ ਦਾ ਕੇਂਦਰ ਬਣ ਗਿਆ। ਨਿਤ ਹੀ ਇੱਕਾ ਦੁੱਕਾ ਲੜਾਈਆਂ ਵੀ ਦਰਬਾਰ ਸਾਹਿਬ ਦੀਆਂ ਪਰਕਰਮਾਂ ਵਿਚ ਹੋਣ ਲਗੀਆਂ।

ਉਧਰ, ਦਿੱਲੀ ਵਿਖੇ ਤੱਖ਼ਤ ਦਾ ਮਾਲਕ ਫ਼ਰਖਸ਼ੀਅਰ ਬਣ ਬੈਠਾ ਸੀ। ਉਹ ਅਜ਼ੀਮ ਉਲਸ਼ਾਨ ਦਾ ਪੁੱਤਰ ਤੇ ਬਹਾਦਰ ਸ਼ਾਹ ਦਾ ਪੋਤਰਾ ਸੀ। ਫ਼ਰਖਜ਼ੀਅਰ ਨੇ ਬੰਦਾ ਸਿੰਘ ਦੀ ਮੌਤ ਤੋਂ ਪਿਛੋਂ ਅਤਿਆਚਾਰਾਂ ਦੀ ਅਤਿ ਕੀਤੀ। ਉਸ ਨੂੰ ੧੭੧੯ ਦੀ ੨੮ ਫਰਵਰੀ ਨੂੰ ਤਖ਼ਤੋਂ ਲਾਹ ਦਿਤਾ ਗਿਆ ਤੇ ਪਿਛੋਂ ੨੮ ਅਪ੍ਰੈਲ ਨੂੰ ਮਰਵਾ ਦਿਤਾ ਗਇਆ। ਅਗਲੇ ਸਾਲ ਤਿੰਨ ਤਾਜਦਾਰ ਤਬਦੀਲ ਹੋਏ। ਆਖ਼ਰ ੨੮ ਸਤੰਬਰ, ੧੭੧੯ ਨੂੰ ਮੁਹੰਮਦ ਸ਼ਾਹ ਨੂੰ ਤਾਜ ਦੇ ਦਿਤਾ ਗਿਆ। ਦਿੱਲੀ ਦੇ ਤਖ਼ਤ ਤੇ ਜੋ ਬੈਠਦਾ ਸੀ ਉਸ ਦਾ ਸਿਰ ਛੇਤੀ ਹੀ ਉਤਰ ਜਾਂਦਾ ਸੀ। ਇਸ ਲਈ ਮੁਹੰਮਦ ਸ਼ਾਹ ਦੀ ਵਿਧਵਾ ਮਾਂ ਨੇ ਸਯਦ ਭਰਾਵਾਂ ਨੂੰ ਕਹਿਆ ਵੀ, 'ਮੇਰੇ ਤੇ ਤਰਸ ਕਰੋ ਤੇ ਮੇਰੇ ਯਤੀਮ ਬੱਚੇ ਨੂੰ ਬਾਦਸ਼ਾਹ ਨਾ ਬਣਾਓ। ਉਸ ਦੀ ਜ਼ਨਾਨੀ ਤੇ ਰਹਮ ਖਾਓ।' ਮੁਹੰਮਦ ਸ਼ਾਹ ੧੭੪੨ ਤਕ ਤੱਖ਼ਤ ਤੇ ਰਹਿਆ। ਉਸੇ ਦੌਰਾਨ ਪੰਜਾਬ, ਐਸੇ ਮਜ਼ਬੂਤ ਹੱਥਾਂ ਵਿਚ ਆ ਗਇਆ ਕਿ ਸਿਖਾਂ ਲਈ ਤੁਰਨਾ ਫਿਰਨਾ ਤੇ ਆਪਣੀ ਹੋਂਦ ਬਚਾਉਣਾ ਵੀ ਮੁਸ਼ਕਲ ਹੋ ਗਿਆ।

ਅਬਦੁਸਸਮਦ ਖਾਨ, ੨੨ ਫਰਵਰੀ, ੧੭੧੩ ਨੂੰ ਪੰਜਾਬ ਦਾ ਨਾਜ਼ਮ ਬਣਿਆ। ਉਹ ੧੭੨੬ ਈ: ਤਕ ਪੰਜਾਬ ਦਾ ਪੂਰਨ ਮਾਲਕ ਸੀ। ਉਸ ਨੇ ਆਪ ਹੀ ਆਪਣੇ ਪੁੱਤਰ ਜ਼ਕਰੀਆ ਖਾਨ ਨੂੰ ਲਾਹੌਰ ਦਾ ਨਾਜ਼ਮ ਥਾਪਿਆ, ਆਪੂੰ ਉਸ ਨੇ ਮੁਲਤਾਨ ਦੀ ਸੂਬੇਦਾਰੀ ਸੰਭਾਲ ਲਈ। ਇਹ ਠੀਕ ਹੈ ਕਿ ਉਹ ਦੋਵੇਂ ਦਿੱਲੀ ਦੇ ਬਾਦਸ਼ਾਹ ਦੀ ਵਫ਼ਾਦਾਰੀ ਦਾ ਦਮ ਭਰਦੇ ਸਨ ਤੇ ਸਿੱਕਾ ਤੇ ਖੁਤਬਾ ਵੀ ਉਨ੍ਹਾਂ ਦੇ ਨਾਂ ਦਾ ਹੁੰਦਾ ਸੀ, ਪਰ ਉਹ ਪੂਰਨ ਤੌਰ ਤੇ ਸ੍ਵੈ ਮਾਲਕ ਸਨ। ਦਿੱਲੀ ਦੇ ਵੱਡੇ ਵਜ਼ੀਰ ਮੁਹੰਮਦ ਅਮੀਨ ਦਾ ਜ਼ਕਰੀਆ ਖਾਨ ਜੁਆਈ ਸੀ। ਉਸ ਨੇ ਜਿਸ ਸਖ਼ਤੀ ਨਾਲ ਹਕੂਮਤ ਕੀਤੀ ਉਸ ਨੇ ਸਿਖਾਂ ਲਈ ਹੋਰ ਮੁਸ਼ਕਲ ਪੈਦਾ ਕਰ ਦਿਤੀ। ਕੋਈ ਐਸਾ ਜ਼ੁਲਮ ਨਹੀਂ ਹੋਵੇਗਾ ਜੋ ਇਸ ਦੇ ਸਮੇਂ ਨਾ ਕੀਤਾ ਗਇਆ ਹੋਵੇ।[1] ਦੇਖੋ ਤੇ ਕਤਲ ਕਰੋ (Shoot at Sight) ਦੇ ਹੁਕਮ ਵੀ ਹੋਏ। ਇਸੇ ਨੇ ਹੀ ਫ਼ਿਰਤੂ ਜਥੇ (ਫਲਾਇੰਗ ਸਕਵੈਡ) ਬਣਾ ਕੇ

---

੧. ਪੰਥ ਪ੍ਰਕਾਸ਼ ਦੇ ਕਥਨ ਅਨੁਸਾਰ :

ਕਈ ਚਰਖ (ਚਰਖੜੀ) ਕਈ ਫ਼ਾਂਸੀ ਮਾਰੇ।
ਕਈ ਤੇਗਨ ਕਈ ਛੁਰੀ ਕਟਾ ਕੇ।
ਕਈਅਨ ਕੇ ਸਿਰ ਮੁੰਗਲੀ ਕਟੇ।
ਕਈ ਡੋਬੇ ਕਈ ਘਸੀਟ ਸਿਟੇ।
ਦਬੇ ਕਟੇ ਬੰਦੂਖਨ ਦੇਹ ਮਾਰ।
ਕੌਨ ਸਨੇ ਜੋ ਮਾਰੇ ਹਜ਼ਾਰ।
ਪਾਤ ਪਾਤ ਕਈ ਪਕੜ ਮੰਗਵਾਏ।
ਸਾਥ ਤੇਗਨ ਕੇ ਸੀਸ ਉਡਵਾਏ।
ਕਿਸੈ ਹੱਥ ਕਿਸੈ ਟੰਗ ਕਟਵਾਇ।
ਅਖ ਕਢ ਕਿਸੈ ਖਲ ਕਢਵਾਇ।
ਕੇਸਨ ਵਾਲੇ ਜੇਕਰ ਹੋਈ।
ਬਾਲ ਵਿਰਧ ਲਭ ਛਡੇ ਨ ਕੋਇ।

ਸਿੱਖਾਂ ਦੇ ਸਿਰਾਂ ਦੇ ਸ਼ਿਕਾਰ ਕਰਨ ਦੀ ਮੁਹਿੰਮ ਵੀ ਚਲਾਈ। ਕਰੜੇ ਤੋਂ ਕਰੜਾ ਅਤੇ ਕੋਝੇ ਤੋਂ ਕੋਝਾ ਫ਼ਰਮਾਨ ਵੀ ਉਸ ਜਾਰੀ ਕਰਨ ਤੋਂ ਦਰੇਗ ਨਾ ਕੀਤਾ। ਨਾ ਸਿਰਫ਼ ਉਸ ਫਿਰਤੂ ਜੱਥੇ ਹੀ ਨਿਯਤ ਕੀਤੇ ਸਗੋਂ ਸਿਖਾਂ ਦੇ ਸਿਰਾਂ ਦੇ ਮੁੱਲ ਪਾਏ ਗਏ। ਸਿਖ ਦਾ ਪਤਾ ਦੱਸਣ ਵਾਲੇ ਨੂੰ ਦਸ ਰੁਪੈ। ਸਿਰ ਵੱਢ ਲਿਆਉਣ ਵਾਲੇ ਨੂੰ ੮੦ ਰੁਪਏ ਤੇ ਇਹ ਮੁੱਲ, ਤਮਾਸੱਪ ਮਸਕੀਨ ਦੇ ਕਹਿਣ ਅਨੁਸਾਰ ਵੱਧਦਾ ਘੱਟਦਾ ਰਹਿੰਦਾ ਸੀ। ਸਿੰਘ ਦੇ ਕੇਸ ਕੱਟ ਕੇ ਲਿਆਉਣ ਵਾਲੇ ਨੂੰ ਬਿਸਤਰਾ ਤੇ ਕੰਬਲ ਇਨਾਮ ਮਿਲਦਾ ਸੀ। ਕਈ ਲੋਭੀਆਂ ਆਪਣੀਆਂ ਜ਼ਨਾਨੀਆਂ ਦੇ ਹੀ ਵਾਲ ਕੱਟ ਕੇ ਇਨਾਮ ਹਾਸਲ ਕੀਤੇ। ਜੇ ਕੋਈ ਸਿਖ ਦਾ ਘੋੜਾ ਖੋਹ ਲਵੇ ਤਾਂ ਘੋੜਾ ਵੀ ਉਸ ਦਾ ਹੀ ਹੋ ਜਾਂਦਾ ਸੀ। ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰ :

ਦਸੇ ਜੋ ਦਸ ਦਮੜੇ ਪਾਵੈ।
ਪਾਇ ਬੀਸ ਦਿਖਰਾ ਪਕਰਾਵੈ।
ਪਾਇ ਪਚਾਸ ਲਿਆਵੈ ਸੀਸ।
ਮਿਲੈ ਜਾਗੀਰ ਕਾਮ ਵਡ ਕੀਸ।

ਭਾਈ ਰਤਨ ਸਿੰਘ ਜੀ ਭੰਗੂ ਨੇ ਵੀ ਇਹ ਹੀ ਲਿਖਿਆ ਹੈ :

ਦੱਸਣ ਵਾਲੇ ਦਸ ਰੁਪੈ, ਔ ਮਾਰਨ ਵਾਲਾ ਪਚਾਸ।
ਯਹ ਲਾਲਚ ਤੁਰਕਨ ਦਯੋ, ਤਬ ਬਨਿ ਸਿੰਘਨ ਤਯੋ ਨਾਸ।

ਟਿਕਾਣੇ ਤੇ ਛੁਪਣਗਾਹਾਂ ਸਾਰੀਆਂ ਹੀ ਸਾੜ ਦਿਤੀਆਂ ਗਈਆਂ। ਸਿੱਖ ਕਦੀ ਕਿਥੇ ਤੇ ਕਦੇ ਕਿਥੇ ਭੁੱਖੇ ਭਾਣੇ ਕਟੀ ਕਰਦੇ। ਜਿਥੇ ਥਾਂ ਮਿਲੀ ਸਿਰ ਲੁਕਾ ਲਿਆ।

"ਸਿੰਘਨ ਪੈ ਗੜ੍ਹ ਨਹਿ ਹੁਤੇ, ਜਿਤਕੀ ਓਟ ਲੜਾਇ।
ਉਠ ਨਠ ਰੋਹੀ ਮਧ ਛਿਪਹਿ, ਕੈ ਖੂਹਨ ਪੱਤਨ ਮਾਹਿ।"

ਸਿਖਾਂ ਦਾ ਨਿਤ ਸ਼ਹੀਦ ਹੋਣਾ ਇਕ ਸੁਭਾਵਿਕ ਕਰਮ ਸੀ। ਇਥੋਂ ਤਕ ਸਿਖਾਂ ਨਾਲ ਸੰਬੰਧ ਰੱਖਣ ਵਾਲੇ, ਮਦਦ ਕਰਨ ਵਾਲੇ, ਪਨਾਹ ਦੇਣ ਵਾਲੇ ਨੂੰ ਵੀ ਕਰੜੀ ਤੋਂ ਕਰੜੀ ਸਜ਼ਾ ਦਿਤੀ ਜਾਂਦੀ ਸੀ।

ਨਿਰੋਲ ਸਰਕਾਰ ਹੀ ਸਿੱਖਾਂ ਦੇ ਵਿਰੁਧ ਤੇ ਨਹੀਂ ਸੀ ਡੱਟੀ ਹੋਈ ਸਗੋਂ ਸਿਰ ਕੱਢ ਚੌਧਰੀ ਵੀ ਦੁਸ਼ਮਨਾਂ ਦੀਆਂ ਸਫ਼ਾਂ ਨਾਲ ਮਿਲ ਕੇ ਮੁਹਰੀ ਬਣ ਗਏ ਸਨ। ਵਿਰੋਧੀਆਂ ਦਾ ਮੋਢੀ ਨਿਰੰਜਨ ਦਾਸ ਹਿੰਦਾਲੀਆ ਸੀ। ਇਸ ਦਾ ਟਿਕਾਣਾ ਜੰਡਿਆਲਾ ਸੀ। ਅੰਮ੍ਰਿਤਸਰ ਦੇ ਲਾਗੇ ਹੋਣ ਕਾਰਨ ਇਹ ਚੰਗਾ ਹੱਥ-ਠੋਕਾ ਸਾਬਤ ਹੋਇਆ। ਕੋਈ ਐਸੀ ਮੁਹਿੰਮ ਨਹੀਂ ਹੋਵੇਗੀ ਜਿਸ ਵਿਚ ਇਸ ਹਿੱਸਾ ਨਾ ਲਿਆ ਹੋਵੇ। ਪੱਟੀ ਦੇ ਚੌਧਰੀ ਸਾਹਿਬ ਰਾਇ, ਚੂਹੜ ਮਲ, ਲਾਹੌਰ ਦੇ ਦੀਵਾਨ ਜਸਪਤ ਰਾਇ ਤੇ ਲਖਪਤ ਰਾਇ, ਛੀਨਿਆਂ ਦਾ ਚੌਧਰੀ ਕਰਮਾ, ਤਲਵੰਡੀ ਦਾ ਚੌਧਰੀ ਰਾਮ ਰੰਧਾਵਾ, ਚੌਧਰੀ ਧਰਮ ਦਾਸ, ਮਜੀਠੇ ਦਾ ਚੌਧਰੀ ਵੀ ਸਰਕਾਰ ਦੇ ਮੁਹਰੇ ਬਣ ਗਏ ਸਨ। ਅੰਮ੍ਰਿਤਸਰ ਇਕੱਠ ਕਰਨ ਦੀ ਮਨਾਹੀ ਕਰ ਦਿਤੀ ਗਈ।

ਕਈ ਦੰਭੀ ਵੀ ਗੁਰੂ ਬਣ ਬੈਠੇ, ਜਿਨ੍ਹਾਂ ਰੋਸ਼ਨੀ ਨੂੰ ਦਬਾਉਣਾ ਚਾਹਿਆ। ਅੱਗੇ ਰਾਮ-ਰਾਈਏ, ਧੀਰ ਮਲੀਏ, ਮੀਣੇ, ਹਿੰਦਾਲੀਏ, ਗੁਲਾਬ ਰਾਈਏ ਹੀ ਮਾਨ ਨਹੀਂ ਸਨ। ਹੁਣ ਗੰਗੋ-ਸ਼ਾਹੀਏ ਵੀ ਪੈਦਾ ਹੋ ਗਏ। ਭਾਈ ਮਨੀ ਸਿੰਘ ਜੀ ਦੀ ਵੈਸਾਖ, ੧੭੭੯ ਨੂੰ ਲਿਖੀ ਚਿਠੀ ਉਸ ਸਮੇਂ ਦਾ ਸਾਰਾ ਹਾਲ ਦੱਸਣ ਲਈ ਕਾਫ਼ੀ ਹੈ ਕਿ ਸਿਖ ਕਿਹੜੀ ਬਿਪਤ ਵਿਚ ਫ਼ਸ ਗਏ ਸਨ।

"ਦੇਸ਼ ਵਿਚ ਖਾਲਸੇ ਦਾ ਬਲ ਛੂਟਿ ਗਇਆ ਹੈ। ਸਿੰਘ ਪਰਬਤਾਂ, ਬਬਾਨਾਂ ਵਿਚਿ ਜਾਇ ਬਸੇ ਹੈਨ। ਮਲੇਛੋਂ ਕੀ ਦੇਸ਼ ਮੇਂ ਦੋਹੀ ਹੈ। ਬਸਤੀ ਮੇਂ ਬਾਲਕ, ਜਵਾਂ, ਇਸਤ੍ਰੀ ਸਲਾਮਤ ਨਾ ਹੀ, ਮੁਛ ਮੁਛ ਕਰਿ ਮਾਰਦੈ ਹੈਨਿ।

"**ਗੁਰੂ ਦਰੋਹੀ** ਭੀ ਓਨਾਂ ਦੇ ਸੰਗੁ ਮਿਲਿ ਗਏ ਹੈਨਿ। ਹਿੰਦਾਲੀਏ ਮਿਲ ਕਰ ਮੁਕਬੀਰੀ ਕਰਦੇ ਹੈਨਿ। ਸਬੀ ਚਕ (ਅੰਮ੍ਰਿਤਸਰ) ਛੋੜ ਗਏ ਹੈਨਿ। ਮੁਤਸਦੀ ਭਾਗ ਗਏ ਹੈਨ।" ਇਸ ਤੋਂ ਇਹ ਵੀ ਪਰਗਟ ਹੈ ਕਿ ਪਰਚਾਰ ਦਾ ਕੰਮ ਰੁਕ ਗਇਆ ਸੀ। ਸਿਰਫ਼ ਉਹ ਹੀ ਸਿਖੀ ਧਾਰਨ ਕਰ ਰਹੇ ਸਨ ਜਿਨ੍ਹਾਂ ਸੱਚ-ਮੁੱਚ ਸਿਰ ਤਲੀ ਤੇ ਰੱਖ ਲਏ ਸਨ। ਇਹ ਠੀਕ ਹੈ ਕਿ ਸਿੰਘ ਬਣਨਾ ਲਾਜ਼ੀ ਮੌਤ ਨਾਲ ਹੀ ਵਿਆਹੁਣਾ ਸੀ। ਜਦ ਕਿਸੇ ਮਾਂ ਕੋਲੋਂ ਪੁਛਿਆ ਜਾਣਾ ਕਿ ਉਸ ਦੇ ਕਿਤਨੇ ਬੱਚੇ ਹਨ ਤੇ ਉਹ ਕਹਿੰਦੀ ਸੀ, 'ਬੱਚੇ ਤਾਂ ਚਾਰ ਸਨ, ਇਕ ਸਿੰਘ ਹੋ ਗਇਆ ਹੈ।' ਉਸ ਦਾ ਭਾਵ ਸੀ ਕਿ ਸਿੰਘ ਹੋ ਕੇ ਮੌਤ ਦੇ ਹਵਾਲੇ ਹੋ ਗਿਆ ਹੈ।

ਕੁਝ ਚਿਰ ਤਾਂ ਇਹ ਪ੍ਰਤੀਤ ਹੋਣ ਲੱਗਾ ਕਿ ਗੁਰੂ ਨਾਨਕ ਦਾ ਲਗਾਇਆ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਖ਼ੂਨ ਨਾਲ ਸਿੰਚਿਆ ਬੂਟਾ ਜੜੋਂ ਹੀ ਨਾ ਮੁੱਕ ਜਾਏ, ਪਰ ਥੋੜ੍ਹੇ ਚਿਰ ਵਿਚ ਹੀ ਸਭ ਨਿਰਮੂਲ ਸਾਬਤ ਹੋ ਗਿਆ। ਸਗੋਂ ਬੀਰਤਾ ਦੇ ਜੋ ਪੂਰਨੇ ਸਿੰਘਾਂ ਪਾਏ ਉਨ੍ਹਾਂ ਨੇ ਹਰ ਇਤਿਹਾਸ ਖੋਜੀ ਨੂੰ ਹੈਰਾਨ ਹੀ ਕਰ ਦਿੱਤਾ। ਹਰ ਦੁੱਖ, ਭੁੱਖ, ਗ਼ਰੀਬੀ, ਕੈਦ, ਜੁਧ, ਜੰਗ ਤੇ ਸ਼ਹੀਦੀ ਸਿੰਘਾਂ ਸਿਰ ਤੇ ਝਲੀ। ਤਲਵਾਰਾਂ, ਰੰਬੀਆਂ, ਚਰਖੜੀਆਂ ਹੇਠ ਸ਼ਹਾਦਤਾਂ ਪਾ ਕੇ ਵੀ ਸਿਖੀ ਨਿਭਾਹੀ। ਉਹ ਇਕੱਠੇ ਵੀ ਲੜੇ ਤੇ ਇਕਲਿਆਂ ਇਕਲਿਆਂ ਵੀ। ਉਨ੍ਹਾਂ ਕਿਧਰੇ ਬੀਰਤਾ ਨੂੰ ਲਾਜ ਨਾ ਲੱਗਣ ਦਿੱਤੀ। ਮੈਲਕਮ ਦੇ ਹੀ ਸ਼ਬਦਾਂ ਵਿਚ ਉਸ ਭਿਆਨਕ ਸਮੇਂ ਸਿੱਖਾਂ ਜਿਤਨੀਆਂ ਸੱਟਾਂ ਖਾਧੀਆਂ, ਉਤਨੇ ਜ਼ਿਆਦਾ ਉਹ ਚੜ੍ਹਦੀ ਕਲਾ ਵਿਚ ਗਏ। ਪੰਜਾਬ ਦੇ ਖੇਲ ਦੇ ਮੈਦਾਨ ਵਿਚ ਬੀਰ ਸਿੱਖਾਂ ਦੀ ਕੌਮ ਉਸ ਗੇਂਦ ਵਾਂਗ ਸੀ, ਜਿਸ ਨੂੰ ਸਭ ਪਾਸਿਉਂ ਬੇਸ਼ਕ ਠੁਡੇ ਪੈ ਰਹੇ ਹੋਣ, ਪਰ ਉਹ ਸਦਾ ਆਸਮਾਨ ਵਲ ਨੂੰ ਉਛਲਦੀ ਜਾ ਰਹੀ ਸੀ।

ਚੜ੍ਹਦੀ ਕਲਾ ਦੇ ਕਾਰਨ : ਜੇ ਬਿਖੜਾ ਸਮਾਂ ਆਪਣੇ ਜੋਬਨ ਤੇ ਸੀ ਤਾਂ ਇਸ ਤੋਂ ਕੋਈ ਵੀ ਇਨਕਾਰੀ ਨਹੀਂ ਕਰ ਸਕਦਾ ਕਿ ਸਿੱਖੀ ਆਚਰਨ ਚੜ੍ਹਦੀ ਕਲਾ ਅਤੇ ਬੀਰਤਾ ਵੀ ਸਿਖਰ ਤੇ ਸੀ। ਸਿੱਖ ਨੇ ਡਟ ਕੇ ਹਰ ਆਈ ਮੁਸੀਬਤ ਦਾ ਮੁਕਾਬਲਾ ਕੀਤਾ ਤੇ ਸਫ਼ਲ ਹੋ ਕੇ ਦਸਿਆ। ਇਹ ਅਤਿ ਬਿਖੜਾ ਸਮਾਂ ਉਂਝ ਤਾਂ ੧੭੬੫ ਤਕ ਰਹਿਆ ਪਰ ੧੭੪੮ ਤਕ ਉਹ ਇਤਨੇ ਮਜ਼ਬੂਤ ਹੋ ਚੁਕੇ ਸਨ ਕਿ ਵੱਡੀ ਤੋਂ ਵੱਡੀ ਤਾਕਤ ਨੂੰ ਵੰਗਾਰ ਪਾ ਸਕਦੇ ਸਨ। ਅਸਲ ਗੱਲ ਇਹ ਹੈ ਕਿ ਉਹ ਖ਼ਤਰਾ ਮੁੱਲ ਲੈਣ ਲਈ ਪਹਲ ਵੀ ਕਰਨ ਲਗ ਪਏ ਸਨ। ੨੯ ਮਾਰਚ,[੧] ੧੭੪੮ ਦੀ ਵੈਸਾਖੀ ਨੂੰ ਪਾਸ ਕੀਤਾ ਗੁਰਮੱਤਾ ਇਸੇ ਗੱਲ ਦਾ ਸੂਚਕ ਹੈ।

ਉਨ੍ਹਾਂ ਦੇ ਨ ਮਿਟਣ ਦਾ ਵੱਡਾ ਪਹਿਲਾ ਕਾਰਨ ਗੁਰੂ ਵਿਸ਼ਵਾਸ ਹੈ। ਸਿਖੀ ਦਾ ਧੁਰਾ ਹੀ ਵਿਸ਼ਵਾਸ ਹੈ। ਸਿਖ ਦਾ ਗੁਰੂ ਨਾਲ ਪਿਆਰ ਤੇ ਸ਼ਰਧਾ ਆਖਰਾਂ ਦੀ ਹੈ। ਕਨਿੰਘਮ ਦਾ ਕਹਿਣਾ ਹੈ ਕਿ ਉਸ ਬਿਖੜੇ ਸਮੇਂ ਜੇ ਕੋਈ ਵਸਤੂ ਉਨ੍ਹਾਂ ਨੂੰ ਇਕੱਠਿਆਂ ਰੱਖ ਰਹੀ ਸੀ ਤਾਂ ਉਹ ਵਿਸ਼ਵਾਸ ਤੇ ਜਜ਼ਬਾ ਸੀ। ਸਿਖਾਂ ਨੂੰ ਇਕੱਠੇ ਕਰਨ ਵਿਚ ਗੁਰੂ ਬਚਨ ਕੰਮ ਕਰ ਰਹੇ ਸਨ। ਉਨ੍ਹਾਂ ਦਾ ਯਕੀਨ ਸੀ ਕਿ ਜਦ ਉਨ੍ਹਾਂ ਦੇ ਗੁਰੂ 'ਰਾਜ ਕਰੇਗਾ ਖਾਲਸਾ' ਦਾ ਹੁਕਮ ਦੇ

---

੧. ਇਸ ਵੈਸਾਖੀ ਨੂੰ ਗੁਰਮੱਤਾ ਪਾਸ ਕੀਤਾ ਸੀ ਕਿ ਪੰਜਾਬ ਨੂੰ ਕਿਸੇ ਅਫ਼ਗਾਨ ਸਾਮਗਜ਼ਦਾ ਹਿੱਸਾ ਨਹੀਂ ਬਨਣ ਦਿਤਾ ਜਾਏਗਾ ਤੇ ਅਬਦਾਲੀ ਦਾ ਡੱਟ ਕੇ ਟਾਕਰਾ ਕੀਤਾ ਜਾਏਗਾ।

ਗਏ ਹਨ ਤਾਂ ਇਹ ਸੱਚ ਹੋ ਕੇ ਹੀ ਰਹਣਾ ਹੈ, ਸਿਰਫ਼ ਸਮਾਂ ਹੀ ਉਨ੍ਹਾਂ ਦੇ ਰਾਜ ਨੂੰ ਰੋਕ ਰਹਿਆ ਹੈ। ਸਮੇਂ ਦਾ ਡਟ ਕੇ ਮੁਕਾਬਲਾ ਕਰਨਾ ਹੀ ਸੂਰਮਤਾਈ ਹੈ ਤੇ ਸਮੇਂ ਅੱਗੇ ਢਹਿ ਢੇਰੀ ਹੋ ਜਾਣਾ ਕਾਇਰਤਾ ਹੈ। ਦੁੱਖ ਹੀ ਦਾਰੂ ਬਣਦਾ ਹੈ।

'ਦੁੱਖ ਵਿਚ ਸੁਖ ਮਨਾਈ' ਗੁਰੂ ਰਾਮਦਾਸ ਜੀ ਸਿਖਾਂ ਨੂੰ ਦ੍ਰਿੜ੍ਹ ਕਰਾ ਗਏ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਤੇ ਕੁਰਬਾਨੀ ਦੇ ਕੇ ਲਿਖਿਆ ਸੀ। 'ਸਰਬਕਾਲ ਸਰਬ ਠੌਰ ਏਕ ਹੀ ਲਗਤ ਹੋ' ਉਨ੍ਹਾਂ ਦਾ ਹੈਰਾਨ ਕੁਨ ਨਾਅਰਾ ਸੀ। ਸਿੱਖ ਨੇ ਸਮਾਂ ਤੇ ਸਥਾਨ ਦੋਵੇਂ ਹੀ ਜਿੱਤ ਲਏ ਸਨ।

> ਬਾਤ ਬਾਤ ਮੈ ਇਹੋ ਅਲੈ ਹੈ। ਜੁ ਗੁਰੂ ਕਰਹੈ ਸੋਈ ਕੈਹੈ।
>
> ਦੁਖ ਸੁਖ ਵਾਰ ਨਫ਼ੇ ਨੁਕਸਾਨੈ। ਭਾਣਾ ਗੁਰ ਕਾ ਖੁਸ਼ ਹੋ ਮਾਨੈ॥

ਦੂਜੇ, ਵੱਧ ਤੋਂ ਵੱਧ ਜੇ ਕੋਈ ਕਿਸੇ ਭੈ-ਭੀਤ ਕਰ ਸਕਦੀ ਸੀ ਉਹ ਸੀ ਮੌਤ, ਪਰ ਮੌਤ ਨੂੰ ਮਖ਼ੌਲ ਕਰਨਾ ਸਿਖ ਦਾ ਨਿਤ ਕਰਮ ਸੀ। ਉਹ ਰੋਜ਼ ਉੱਚੀ ਆਵਾਜ਼ ਨਾਲ ਪੜ੍ਹਦੇ ਸਨ **"ਜਾਂ ਤੇ ਨ ਛੂਟੀਏ ਮੂੜ੍ਹ ਤਾ ਕੀ ਭਜ ਹਸ ਕਿਉਂ ਨ ਸ਼ਰਨਾਗਤ ਜਾਈਏ।"** ਇਸੇ ਲਈ ਉਹ ਮੌਤ ਨੂੰ ਮਰਨਾ ਨਹੀਂ ਸਨ ਕਹਿੰਦੇ ਚੜ੍ਹਾਈ ਕਰਨਾ[੧] ਹੀ ਆਖਦੇ ਸਨ। ਸਿਖਾਂ ਦੇ ਉਸ ਸਮੇਂ ਵਰਤੇ ਬੋਲੇ ਹੀ ਉਨ੍ਹਾਂ ਦਾ ਬੀਰਤਾ ਪੱਖ ਦ੍ਰਿੜ੍ਹਾਉਣ ਲਈ ਕਾਫ਼ੀ ਹਨ। ਛੋਲਿਆਂ ਨੂੰ ਬਦਾਮ, ਚੱਕੀ ਦੀ ਮੁਸ਼ੱਕਤ ਨੂੰ 'ਫ਼ਿਰਨੀ ਦੀ ਸਵਾਰੀ', ਘਾਹ ਨੂੰ 'ਹਰਾ ਪਲਾਉ', ਭੁੱਖੇ ਰਹਿਣ ਨੂੰ 'ਕੜਾਕੇ ਕੱਢਣਾ', ਲੰਗਰ ਵਿਚ ਅੰਨ ਪਾਣੀ ਨ ਹੋਣ ਨੂੰ 'ਮਸਤ', ਪਿਆਜ਼ ਨੂੰ 'ਰੁਪਾ' ਤੇ ਸਭ ਤੋਂ ਵੱਧ ਇਕੱਲੇ ਸਿਖ ਨੂੰ 'ਸਵਾ ਲੱਖ' ਕਹਿਣਾ ਇਸ ਪਾਸੇ ਦੀਆਂ ਮਿਸਾਲਾਂ ਹਨ।[੨] ਇਹ ਬੋਲੇ ਜਿਥੇ ਸਿੱਖਾਂ ਵਿਚ ਆ ਚੁੱਕੀ ਬੀਰਤਾ ਦਰਸਾਉਂਦੇ ਸਨ, ਉਥੇ ਦੁਸ਼ਮਨਾਂ ਦੀਆਂ ਕਤਾਰਾਂ ਵਿਚ ਘਬਰਾਹਟ ਵੀ ਫੈਲਾਂਦੇ ਸਨ।

ਤੀਜੇ, ਉਸ ਸਮੇਂ ਦੇ ਆਗੂਆਂ ਵਿਚ ਗੁਰੂ ਗੋਬਿੰਦ ਸਿੰਘ ਜੀ ਨਿਰਸੁਆਰਥ ਤੇ ਨਿਰ-ਅਹੰਕਾਰ ਦੀ ਚਿਣਗ ਫੂਕ ਗਏ ਸਨ।[3] ਸਮੇਂ ਨਾਲ ਉਹ ਹੀ ਅੰਗਾਰਾ ਹੋ ਨਿਬੜੀ। ਗੁਰੂ ਗੋਬਿੰਦ ਸਿੰਘ ਜੀ ਦੇ ਸਕੂਲ ਦੀ ਵੱਡੀ ਵਡਿਆਈ ਹੀ ਇਹ ਹੈ ਕਿ ਕੌਮ ਦਾ ਭਾਰ ਚੁੱਕਣ ਲਈ ਇਕ ਵਿਅਕਤੀ ਦੀ ਥਾਂ ਸਮੁੱਚੀ ਕੌਮ ਨੂੰ ਤਿਆਰ ਕੀਤਾ। ਫਿਰ ਉਨ੍ਹਾਂ ਦੇ ਸਕੂਲ ਦਾ ਪਹਿਲਾ ਸਬਕ ਹੀ ਸਿਰ ਧਰ ਤਲੀ ਗਲੀ ਆਉਣਾ ਸੀ। ਜਿਹੜੇ ਆਗੂ ੧੭੧੬ ਵਿਚ ਕੌਮ ਵਿਚ ਵਿਚਰ ਰਹੇ ਸਨ ਉਹ ਇਸੇ ਆਦਰਸ਼ ਦੀ ਮੂਰਤ ਸਨ। ਭਾਈ ਮਨੀ ਸਿਘ, ਸਰਦਾਰ ਗੁਰਬਖਸ਼ ਸਿੰਘ

---

੧. Led an expedition to an other world

੨. ਸਵਾ ਲਾਖ ਕਹਿ ਏਕ ਜਨੇਕੋ, ਪਾਂਚ ਲਾਖ ਕਹਿ ਪਾਂਚ ਤਨੇ ਕੋ,
ਮਾਨਤ ਸੁਖ, ਦੁਕ ਆਦਿ ਬਨੇ ਕੋ, ਪੀਲੂ ਦਾਖ ਬਦਾਮ ਚਨੇ ਕੋ,
ਜੰਡ ਫਲੀ ਕੋ ਕਹਤ ਜਲੇਬੀ, ਬੇਰਨ ਕੋ ਖੁਰਮੇ ਬਡ ਸੇਬੀ,
ਲਡੂ ਟੀਂਡ ਬਦਾਨਾ ਬਾਟਾ, ਨਾਮ ਪਿਆਰ ਕਾ ਰੁਖਾ ਡਾਟਾ,
ਪਾਨੀ ਕੋ ਪਰਸ਼ਾ ਪਰਪਾਕਾ, 'ਲੰਗਰ ਮਸਤ' ਬਤਾਵੈ ਫ਼ਾਕਾ।

੩. ਦੋਲਤ ਦੁਨੀਆਂ ਇਹ ਨ ਚਹਿ ਹੈ, ਮਜ਼ਬ ਧਰਮ ਪਰ ਜਾਨਾਂ ਦੇ ਹੈ।
ਜੇ ਕੁਛ ਵਸਤ ਕਿਸੀ ਕੋ ਥਜਾ ਹੈ, ਪੰਥ ਤਈਂ ਖੁਸ਼ ਹੋਤ ਛਕਾਂ ਹੈ।

ਸ਼ਹੀਦ, ਬਾਬਾ ਦੀਪ ਸਿੰਘ, ਜਥੇਦਾਰ ਦਰਬਾਰਾ ਸਿੰਘ,[1] ਬਾਬਾ ਬੁਢਾ ਸਿੰਘ, ਸਰਦਾਰ ਸ਼ਾਮ ਸਿਘ, (ਨਵਾਬ) ਕਪੂਰ ਸਿੰਘ, ਉਨ੍ਹਾਂ ਅਨੇਕਾਂ ਵਿਚੋਂ ਕੁਝ ਸਨ ਜਿਨ੍ਹਾਂ ਨੌਜਵਾਨਾਂ ਵਿਚ ਜਜ਼ਬਾ ਭਰਿਆ। ਅਗਲੀ ਪੀੜ੍ਹੀ ਸਰਦਾਰ ਜਸਾ ਸਿੰਘ ਆਹਲੂਵਾਲੀਆ, ਸਰਦਾਰ ਚੜ੍ਹਤ ਸਿੰਘ, ਭਾਈ ਹਰੀ ਸਿੰਘ ਤੇ ਹੋਰ ਸਰਦਾਰਾਂ ਨੇ ਸਿਖੀ ਦੀ ਦਾਤ ਉਨ੍ਹਾਂ ਕੋਲੋਂ ਹੀ ਲਈ। ਹਰ ਮਿਸਲ ਦਾ ਜਥੇਦਾਰ ਪਹਿਲਾਂ ਇਕ ਨਿਮਾਣਾ ਜਹਿਆ ਅਣਜਾਣਿਆ ਵਿਅਕਤੀ ਹੁੰਦਾ ਸੀ ਪਰ ਬੀਰਤਾ ਦੇ ਸਬਕ ਲੈ ਲੈ ਜੁਅਰਤ ਦੀਆਂ ਹਦਾਂ ਵੀ ਛੂਹਣ ਲਗ ਪਿਆ। ਇਤਿਹਾਸ ਗਵਾਹ ਹੈ ਜਦ ਅਬਦਾਲੀ ਨੂੰ ਕਿਸੇ ਛੇੜਨਾ ਹੁੰਦਾ ਸੀ ਤਾਂ ਇਹ ਹੀ ਕਹਿੰਦੇ ਸੀ ਕੀ ਤੇਰਾ ਚਾਚਾ ਚੜ੍ਹਤ ਸਿੰਘ ਆਇਆ ਹੀ।

ਚੌਥੇ, ਸਿੱਖ ਸਿੱਖ ਦਾ ਪਿਆਰ ਦੇਖਣ ਵਾਲਾ ਸੀ।[2] ਬਿਪਤ ਨੇ ਸਗੋਂ ਸਾਰਿਆਂ ਨੂੰ ਇਸ ਤਰ੍ਹਾਂ ਇਕ ਥਾਵੇਂ ਕਰ ਦਿਤਾ ਜਿਵੇਂ ਇਕ ਮਾਂ ਪਿਉ ਜਾਏ ਹੁੰਦੇ ਹਨ। ਜਿਵੇਂ ਕਿਸੇ ਲੋਹੇ ਦੀ ਸੀਖ਼ ਵਿਚੋਂ ਬਿਜਲੀ ਦੀ ਰੌ ਕੱਢੀ ਜਾਏ ਤਾਂ ਸਾਰੇ ਅਣੂ ਇਕ ਥਾਂਵੇ ਹੋ ਜਾਂਦੇ ਹਨ, ਕੁਝ ਇਸੇ ਤਰ੍ਹਾਂ ਹਰ ਹਮਲੇ (Shock) ਵੇਲੇ ਉਹ ਇਕ ਦੂਜੇ ਨਾਲ ਘੁਲ ਮਿਲ ਜਾਂਦੇ ਸਨ। ਜਹਾਂ ਜਹਾਂ ਖਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਇਆਤ ਸਿੱਖਾਂ ਨੇ ਆਪਣੀ ਨਿਤ ਦਾ ਅਰਦਾਸ ਦਾ ਹਿਸਾ ਬਣਾ ਲਇਆ ਸੀ। ਨਾਦਰ ਸ਼ਾਹ ਨੇ ਜਦ ਲਾਹੌਰ ਦੇ ਨਵਾਬ ਜ਼ਕਰੀਆਂ ਖਾਨ ਕੋਲੋਂ ਸਿਖਾਂ ਦੀ ਬਹਾਦਰੀ ਦਾ ਰਾਜ਼ ਪੁਛਿਆ ਸੀ ਤਾਂ ਉਸ ਸਿਫ਼ਤਾਂ ਵਿਚੋਂ ਇਕ ਸਿਫ਼ਤ ਇਹ ਦਸੀ ਸੀ ਕਿ 'ਸਿਖ ਸਿਖ ਪੈ ਵਾਰਤ ਪਰਾਨ, ਅਤੇ 'ਜਥੇਦਾਰ ਜੋ ਕਹਤਾ, ਸਊ ਪੰਥ ਮਾਨ ਸੱਭ ਲੇਤਾ'। ਪੰਥ ਪ੍ਰਕਾਸ਼ ਦੇ ਲਿਖਾਰੀ ਨੇ ਸਾਰੇ ਵਾਰਤਾਲਾਪ ਨੂੰ ਬਹੁਤ ਸੁੰਦਰ ਢੰਗ ਨਾਲ ਉਲੀਕੀਆ ਹੈ। ਉਸ ਵਿਚੋਂ ਕੁਝ ਕੁ ਸਤਰਾਂ ਇਹ ਹਨ :

ਇਕ ਥਾਂ ਤੇ ਸਭ ਲੇਹੁ ਪੁਸ਼ਾਕ।
ਇਕ ਹਿ ਥਾਲਿ ਸਭ ਦੇਵਹਿ ਰਾਖ।
ਇਕ ਥਾਇ ਸਭ ਰਖਹਿ ਕਮਾਈ।
ਰਖੈ ਨਹੀਂ ਕਿਉਂ ਤਿਸੈ ਛਪਾਈ।
ਦਰਬ ਲਿਆਵੈ ਜੋ ਬਾਹਰੋ ਕੋਈ।
ਪਾਵੈ ਖਜਾਨੇ ਇਕ ਥਾਂ ਕੋਈ।
ਅਰਬਦ ਨਰਬਦ ਜੋ ਸਿੰਘ ਲਿਆਇ ਕਮਾਇ।
ਨਿਜ ਢਿਗ ਨ ਰਾਖਈ, ਦੇਤ ਖਜ਼ਾਨੇ ਪਾਇ।

ਪੰਜਵੇਂ, ਸਿਖਾਂ ਦਾ ਵਿਸ਼ਵਾਸ ਪੱਕ ਚੁਕਾ ਸੀ ਕਿ ਪੰਜਾਬ ਨਿਰੋਲ ਉਨ੍ਹਾਂ ਦਾ ਹੈ ਤੇ ਬਾਹਰਲਿਆਂ ਦਾ ਕਬਜ਼ਾ ਕਦੇ ਵੀ ਨਹੀਂ ਹੋਣ ਦੇਣਾ। ਅਸਲ ਵਾਰਸ ਉਹ ਹੀ ਹਨ। ਅਫ਼ਗਾਨ ਬਾਹਰੋਂ

---

੧. ਪੰਥ ਦਰਬਾਰੋ ਸਿੰਘ ਹੁਤੇ ਦਿਵਾਨ।
ਵਹੀ ਹੋਤ ਸੋ ਪੋਤੇਵਾਨ।
ਪੰਥ ਰਖਤ ਸੋ ਉਸ ਵਡਿਆਈ।
ਵਹੀ ਦੇਤ ਥੋਂ ਸਬਨ ਪਚਾਈ।
ਉਸੈ ਸ਼ਰੀਕਾ ਕਰੋ ਕਊ ਨਾਹਿ
ਵਹੀ ਦੇਤ ਯੋਂ ਸਭਨ ਪਰਚਾਇ। (ਪੰਥ ਪ੍ਰਕਾਸ਼)

੨. ਸਿਖ ਸਿਖ ਪੈ ਵਾਰਤ ਪਰਾਨ।

ਆਏ ਹਮਲਾਵਰ ਹਨ । ਪੰਜਾਬ ਤੇ ਬਹੁਤੀ ਦੇਰ ਕਬਜ਼ਾ ਨਹੀਂ ਰਹਿਣ ਦੇਣਾ । ਇਸ ਵਿਚਾਰ ਨੇ ਹੀ ਉਨ੍ਹਾਂ ਵਿਚ ਅਥਾਹ ਜੋਸ਼ ਭਰ ਦਿਤਾ । ਉਹ ਕਿਸੇ ਦੀ 'ਟੈਂ' ਮੰਨਣ ਲਈ ਤਿਆਰ ਨਹੀਂ ਸਨ, ਹਰ 'ਹੈਂਕੜ' ਦੇ ਵਿਰੁਧ ਡੱਟ ਜਾਣਾ ਹੀ ਧਰਮ ਸਮਝਦੇ ਸਨ ।

'ਕਾਨ ਨ ਕਾਹੂ ਕੀ ਇਹ ਰਾਖਤ ।
ਸ਼ਹਿਨਸ਼ਾਹ ਖੁਦੀ ਕੋ ਭਾਖਤ ।
ਆਪਨ ਕੋ ਗਣਤ ਅਵਿਨਾਸੀ
ਔਰਨ ਕੋ ਜੀਵ ਚੁਰਾਸੀ ।'

ਕਾਜ਼ੀ ਨੂਰ ਮੁਹੰਮਦ ਦੇ ਕਹਿਣ ਅਨੁਸਾਰ '**ਹੋਰ ਕਿਸੇ ਦੀ ਰਤਾ ਭਰ ਪ੍ਰਵਾਹ ਨਹੀਂ ਕਰਦੇ ।**' ਛੇਵਾਂ, ਬਿਪਤਾਵਾਂ ਵਿਚੋਂ ਲੰਘ ਲੰਘ, ਤਸੀਹੇ ਸਹਾਰ ਸਹਾਰ, ਔਕੜਾਂ ਦੇਖ ਦੇਖ ਸਿਖ ਸ਼ਖ਼ਤ ਜਾਨ ਹੋ ਗਏ ਸਨ । ਜੰਗਲਾਂ ਦੇ ਰਹਿਣ, ਛੰਬਾਂ ਦੇ ਵਾਸੇ, ਰੇਤਲੇ ਥਾਵਾਂ ਤੇ ਫਿਰਨਾ ਉਨ੍ਹਾਂ ਦਾ ਨਿਤ ਕਰਮ ਸੀ । ਜ਼ਿੰਦਗੀ ਇਤਨੀ ਸਰਲ ਤੇ ਸਾਦਾ ਬਣਾ ਲਈ ਸੀ ਕਿ ਇਕ ਭੂਰੇ ਤੇ ਦੋ ਕਛਹਿਰਿਆਂ ਨਾਲ ਜ਼ਿੰਦਗੀ ਭਰ ਕਟ ਸਕਦੇ ਸਨ ।[1] ਮ੍ਰਿਗਾਂ ਦਾ ਕਚਾ ਮਾਸ ਹੀ ਖਾ ਜਾਂਦੇ ਸਨ । ਘਰ ਸਚਮੁਚ ਹੀ ਘੋੜਿਆਂ ਦੀਆਂ ਕਾਠੀਆਂ ਤੇ ਹੋ ਚੁਕੇ ਸਨ । ਪਿਠ ਲਗਾਕੇ ਸਿਖ ਨੂੰ ਕਿਸੇ ਸੁਤਾ ਹੋਇਆ, ਨਹੀਂ ਦੇਖਿਆ ਸੀ[2] ਇਹ ਪਤਾ ਹੀ ਨਹੀਂ ਹੁੰਦਾ ਸੀ ਕਿ ਕਿਥੇ ਦੀ ਮੁਹਿੰਮ ਆ ਪਈ ਹੈ । ਇਕ ਲੋਕ ਗੀਤ ਦੇ ਸ਼ਬਦ ਹਨ :—

ਕਿੱਥੋਂ ਨੂੰ ਘੋੜਾ ਪੀੜਿਆ ਸਿੰਘ ਜੀ ।
ਕਿਥੋਂ ਦੀ ਆ ਗਈ ਵੇ ਮੁਹਿੰਮ ।

ਤਾਂ ਸਿੰਘ ਦਾ ਉਤਰ ਹੁੰਦਾ ਸੀ ।

'ਉਚੇ ਨੂੰ ਘੋੜ ਪੀੜਿਆ ਨੀ ਨਾਜੋ ਗੋਰੀਏ
ਨੀਵੇ ਦੀ ਆ ਗਈ ਨੀ ਮੁਹਿੰਮ ।

ਉਸ ਸਮੇਂ ਦਾ ਇਕ ਹੋਰ ਲੋਕ ਗੀਤ ਵੀ ਹੈ :—

"ਆਯਾ ਸੀ ਰਾਤੀਂ ਚੜ੍ਹ ਸੁਤਾ ਸਵਾਤੀ ਵੇ ।"
ਆਇਆ ਸੀ ਨ੍ਹੇਰੇ, ਤੁਰ ਚਲਿਆ ਸਵੇਰੇ ਵੇ ।
ਦਸ ਕੇ ਤਾਂ ਜਾਣਾ ਸਿੰਘ ਜੀ ਕੀ ਔਗੁਣ ਵਿਚ ਮੇਰੇ ਵੇ ।"

---

੧. ਉਸ ਦਾ ਹਥਿਆਰਾਂ ਤੋਂ ਬਿਨਾਂ ਉਸ ਦਾ ਸਾਰਾ ਸਾਮਾਨ ਇਹ ਚੀਜ਼ਾਂ ਹੁੰਦੀਆਂ । ਘੋੜੇ ਦਾ ਸਾਮਾਨ, ਦੋ ਚਾਰ ਰਸੋਈ ਦੇ ਭਾਂਡੇ, ਦੋ ਕੰਬਲ ਜਿਨ੍ਹਾਂ ਵਿਚ ਇਕ ਆਪਣੇ ਲਈ ਹੁੰਦਾ ਤੇ ਦੂਜਾ ਆਪਣੇ ਘੋੜੇ ਲਈ । ਇਤਨੀਆਂ ਸਾਦੀਆਂ ਆਦਤਾਂ ਦੇ ਬਾਵਜੂਦ ਉਸ ਨੂੰ ਆਪਣੇ ਸ਼ਰੀਰ ਤੋਂ ਹਥਿਆਰਾਂ ਦੇ ਸਜਾਉਣ ਦਾ ਖਾਸ ਚਾਅ ਸੀ ।

੨. ਪੇਟੀ ਟੋਪ ਸੰਚੇ ਚਿਰਾਨੇ । ਮਣ ਮਣ ਲੋਹਾ ਰਖਤ ਮਹਾਨੇ ।
ਫਿਰ ਵੀ ਦੋੜੇ ਦੇਤ ਨ ਤਾ ਹੈ । ਬਨ ਮੈਂ ਮ੍ਰਿਗਨ ਸਜ ਧਸਜਾ ਹੈ ।
ਸੋਵਤ ਫ਼ਿਰਤੇ ਤੁਰਤੇ ਖੈ ਹੈ । ਪੀਠ ਲਗਾਇ ਨ ਧਰ ਪਰ ਸੈਂਹੈ ।
ਕਮਰ ਜਾਂਘੀਆ ਇਕ ਸਿਰ ਪਟਕਾ । ਭੂਰੇ ਗਿਲਤੀ ਬਾਣਾ ਜਟਕਾ ।
ਘਾਸ ਫੂਸ ਫਲ ਮੂਲ ਆਹਾਰ । ਖੈਂ ਹੈਂ ਕਚੇ ਹੀ ਮ੍ਰਿਗ ਮਾਰ ।
ਪਿਆਰੀ ਔਰੈ ਵਸਤਨ ਕਾਈ । ਇਕ ਸ਼ਸਤ੍ਰ ਇਕ ਚਾਹ ਲੜਾਈ ।
ਘੋੜਨ ਕੋ ਭੀ ਮਾਸ ਖਲੈਂ ਹੈ । ਸੌ ਸੌ ਕੋਸ ਭਗੇ ਹੀ ਜੈ ਹੈ ।

ਘੋੜਿਆਂ ਤੇ ਸੌ ਸੌ ਕਹੁ ਦੌੜੀ ਜਾਣਾ ਉਨ੍ਹਾਂ ਦਾ ਨਿਤ ਦਾ ਕਰਮ ਸੀ। ਹਰ ਸਿਖ 'ਬਾਬਰ'[1] ਬਣ ਚੁਕਾ ਸੀ। ਉਨ੍ਹਾਂ ਨੂੰ ਇਕ ਹੀ ਚੀਜ਼ ਪਿਆਰੀ ਸੀ, ਸ਼ਸਤ੍ਰ ਤੇ ਲੜਾਈ। 'ਲੈਲ ਲੜਾਈ ਕੇ ਬੜੇ ਆਸ਼ਕ' ਭਾਈ ਰਤਨ ਸਿੰਘ ਨੇ ਲਿਖਿਆ ਹੈ।

ਸਤਵੇਂ, ਮੁੱਗਲ, ਅਫਗਾਨ, ਮਰਹਟੇ ਜਾਂ ਹੋਰ ਬਾਹਰੋਂ ਆਏ ਹੋਣ ਕਾਰਨ ਪੰਜਾਬ ਦੀ ਭੂਗੋਲ ਤੋਂ ਜਾਣੂ ਨਹੀਂ ਸਨ। ਦੂਜੇ ਪਾਸੇ ਸਿਖ ਪੰਜਾਬ ਦੇ ਹੀ ਜਮ ਪਲ ਸਨ। ਪੰਜਾਬ ਦਾ ਚੱਪਾ ਚੱਪਾ, ਪੰਜਾਬ ਦੀ ਹਰ ਜੂਹ, ਪੰਜਾਬ ਦਾ ਹਰ ਛੰਭ, ਪੰਜਾਬ ਦਾ ਹਰ ਬੇਲਾ, ਜੰਗਲ, ਨਦੀ, ਦਰਿਆ ਤੇ ਛੁਪਣਗਾਹਾਂ ਉਨ੍ਹਾਂ ਦੀਆਂ ਦੇਖੀਆਂ ਭਾਲੀਆਂ ਸਨ। ਫ਼ਿਰ ਸਿਖੀ ਉਹ ਹੀ ਧਾਰਨ ਕਰਦਾ ਸੀ ਜਿਸ ਦੀ ਅਣਖ ਜਾਗ ਪੈਂਦੀ ਸੀ। ਠੀਕ ਲਿਖਿਆ ਹੈ ਪੰਥ ਪ੍ਰਕਾਸ਼ ਦੇ ਲਿਖਾਰੀ ਨੇ ਕਿ 'ਪਲੇ ਪਲਾਏ ਉਨ ਮੇਂ ਆਵੇਂ।' ਮੁਗ਼ਲ ਜਾਣ ਹੀ ਨਹੀਂ ਸਨ ਸਕਦੇ ਕਿ ਉਹ ਅੱਖਾਂ ਦੇ ਫ਼ੋਰ ਵਿਚ ਕਿਥੇ ਚਲੇ ਗਏ। ਕਾਜ਼ੀ ਨੂਰ ਮੁਹੰਮਦ ਨੇ ਇਹ ਹੀ ਗੱਲ ਲਿਖੀ ਹੈ ਕਿ ਸਿਖ ਦੇਖਦੇ ਹੀ ਦੇਖਦੇ ਮੁਗ਼ਲ ਸਿਪਾਹੀਆਂ ਦੀਆਂ ਨਜ਼ਰਾਂ ਤੋਂ ਅਲੋਪ ਹੋ ਜਾਂਦੇ ਸਨ। ਇਹ ਅਲੋਪ ਹੋ ਜਾਣਾ ਉਨ੍ਹਾਂ ਲਈ ਇਕ ਹੈਰਾਨੀ ਦੀ ਹੀ ਗੱਲ ਬਣਿਆ ਰਹਿਆ।

ਅਠਵੇਂ, ਸਿੱਖਾਂ ਐਸੇ ਵਲ ਛਲ ਸਿਖ ਲਏ ਸਨ ਕਿ ਮੁੱਗਲ ਜਾਂ ਅਫ਼ਗਾਨ ਉਸ ਨੂੰ ਸਮਝ ਹੀ ਨਹੀਂ ਸਕਦੇ ਸਨ। ਕਾਜ਼ੀ ਨੂਰ ਮੁਹੰਮਦ ਨੇ ਰਜਕੇ ਸਿਖਾਂ ਦੇ ਲੜਨ ਢੰਗ ਦੀ ਉਪਮਾ ਕੀਤੀ ਹੈ। ਉਸ ਦਾ ਲਿੱਖਣਾ ਹੈ ਕਿ ਜਦ ਇਹ ਭੱਜ ਰਹੇ ਹੁੰਦੇ ਹਨ ਤਾਂ ਉਸ ਦਾ ਅਰਥ ਹਾਰ ਨਹੀਂ ਹੁੰਦਾ ਸਗੋਂ ਨਵੇਂ ਹਮਲੇ ਦੀ ਤਿਆਰੀ ਹੀ ਹੁੰਦਾ ਹੈ। ਤੇਜ਼ ਸਰਪਟ ਦੌੜਦੇ ਘੋੜੇ ਨੂੰ ਯਕਦਮ ਰੋਕਕੇ ਐਸਾ ਹਮਲਾ ਕਰਦੇ ਹਨ ਕਿ ਦੁਸ਼ਮਨ ਉਨ੍ਹਾਂ ਦੇ ਵਾਰ ਰੋਕ ਨਹੀਂ ਸਕਦਾ। ਆਪਣੇ ਛੁਪਣ ਟਿਕਾਣਿਆਂ ਤੋਂ ਉਸ ਸਮੇਂ ਬਾਹਰ ਨਿਕਲਦੇ ਹਨ ਜਦ ਸੂਹੀਆਂ ਖਬਰ ਪੁਜਾਂਦਾ ਸੀ ਕਿ ਵੱਡਾ ਹਿਸਾ ਗੁਜ਼ਰ ਚੁਕਾ ਹੈ ਤੇ ਪਿਛਲਾ ਹਿੱਸਾ ਬਾਕੀ ਰਹਿ ਗਿਆ ਹੈ। ਪਿਛਲੇ ਹਿਸੇ ਤੇ ਭਰਪੂਰ ਵਾਰ ਕਰਕੇ ਸਾਮਾਨ ਲੁਟਕੇ, ਕਰੜੀ ਸਟ ਮਾਰਕੇ ਫਿਰ ਆਪਣੇ ਟਿਕਾਂਣਿਆ ਤੇ ਟੁਰ ਜਾਂਦੇ ਸਨ।' ਕਾਜ਼ੀ ਨੂਰਮੁਹੰਮਦ ਫ਼ਿਰ ਲਿਖਦਾ ਹੈ :—

"ਜੇ ਤੈਨੂੰ ਲੜਾਈ ਦਾ ਕਸਬ ਸਿਖਣ ਦਾ ਚਾਅ ਹੈ ਤਾਂ ਰਣ ਭੂਮੀ ਵਿਚ ਇਨ੍ਹਾਂ ਦੇ ਸਾਮ੍ਹਣੇ ਹੋ। ਓਹ ਤੈਨੂੰ ਜੰਗ ਦੇ ਐਸੇ ਢੰਗ ਸਿਖਲਾਉਣਗੇ ਕਿ ਸਾਰੇ ਪਏ ਵਾਹ ਵਾਹ ਕਰਨ। ਹੇ ਤਲਵਰੀਏ, ਜੇ ਤੈਨੂੰ ਜੰਗੀ ਹੁਨਰ ਸਿਖਰ ਦਾ ਚਾਅ ਹੈ ਤਾਂ ਇਨ੍ਹਾਂ ਪਾਸੋਂ ਸਿਖ ਕਿ ਕਿਸ ਤਰ੍ਹਾਂ ਲੜਾਈ ਵਿਚੋਂ ਆਪਣੇ ਆਪ ਨੂੰ ਸਾਫ ਬਚਾ ਲਿਜਾਣਾ ਚਾਹੀਦਾ ਹੈ।"

"ਲੜਾਈ ਸਮੇਂ ਇਹ ਸਚਮੁਚ ਹੀ ਸ਼ੇਰ ਹਨ ਤੇ ਸਖਾਵਤ ਸਮੇਂ ਇਹ ਹਾਤਮ ਨੂੰ ਵੀ ਪਿਛੇ ਸੁੱਟ ਜਾਦੇ ਹਨ।"

"ਇਨ੍ਹਾਂ ਸਾਮ੍ਹਣੇ ਕੋਈ ਅੜ ਨਹੀਂ ਸਕਦਾ। ਭਾਵੇਂ ਓਹ ਕਿਤਨਾ ਹੀ ਵੱਡਾ ਜਰਵਾਨਾ ਕਿਉਂ ਨ ਹੋਵੇ। ਜਦ ਉਹ ਨੇਜ਼ਾ ਪਕੜਦੇ ਹਨ ਤਾਂ ਵੈਰੀ ਦੀ ਸੈਨਾ ਵਿਚ ਭਾਜੜ ਪਾ ਦਿੰਦੇ ਹਨ। ਜਦ ਓਹ ਨੇਜ਼ੇ ਦੀ ਅਣੀ ਉਤਾਂਹ ਚੁਕਦੇ ਹਨ ਤਾਂ ਅਗੇ ਭਾਵੇਂ ਕੋਹ ਕਾਫ਼ ਹੋਵੇ, ਉਸ ਨੂੰ ਵੀ ਲੀਰ ਲੀਰ ਕਰ ਦਿੰਦੇ ਹਨ। ਜਦ ਉਹ ਕਮਾਨਾਂ ਤੇ ਚਿਲਾ ਚੜ੍ਹਾਂਦੇ ਹਨ ਤਾਂ ਉਸ ਵਿਚ

---

੧. ਬਾਬਰ ਨੇ ਆਪਣੀ ਤੁਜ਼ਿਕ ਵਿਚ ਲਿਖਿਆ ਸੀ ਕੀ ਉਹ ਘੋੜੇ ਤੇ ਕਾਠੀ ਪਾਇ ਬਗ਼ੈਰ ਸੌ ਕੋਹ ਜਾ ਸਕਦਾ ਹੈ। ਇਥੇ ਹਰ ਸਿਖ ਹੀ ਐਸਾ ਕਰ ਸਕਦਾ ਸੀ।

ਵੈਰੀ ਦੀ ਜਾਨ ਲੈਣ ਵਾਲਾ ਤੀਰ ਰਖਦੇ ਹਨ ਤੇ ਫ਼ਿਰ ਚਿਲੇ ਨੂੰ ਖਿੱਚ ਕੇ ਕੰਨ ਤੀਕ ਲੈ ਜਾਂਦੇ ਹਨ ਤਾਂ ਵੈਰੀ ਦਾ ਸਰੀਰ ਥਰ ਥਰ ਕੰਬਣ ਲਗ ਜਾਂਦਾ ਹੈ । ਜਦ ਤੀਰ ਛੁੱਟਦਾ ਹੈ ਤਾਂ ਵੈਰੀ ਲਈ ਕਫ਼ਨ ਬਣ ਜਾਂਦਾ ਹੈ ।''

ਨੂਰ-ਮੁਹੰਮਦ ਲਿਖੀ ਜਾਂਦਾ ਹੈ ਕਿ ''ਲੜਾਈ ਸਮੇਂ ਇਹ ਬੰਦੂਕ ਹੱਥ ਫੜਕੇ ਪੈਲਾਂ ਪਾਉਂਦੇ ਰਣ-ਭੂਮੀ ਵਿਚ ਆਉਂਦੇ ਹਨ। ਆਉਂਦੇ ਸਾਰ ਹੀ ਕਈਆਂ ਦੇ ਸੀਨੇ ਚੀਰ ਦਿੰਦੇ ਹਨ ਤੇ ਕਈਆਂ ਦਾ ਲਹੂ ਮਿਟੀ ਵਿਚ ਮਿਲਾਉਂਦੇ ਹਨ । ਇਸ ਤਰ੍ਹਾਂ ਜਾਣੋ ਕਿ ਪਿਛਲੇ ਸਮੇਂ ਬੰਦੂਕ ਇਨ੍ਹਾਂ ਹੀ ਬਣਾਈ ਹੋਵੇਗੀ। ਲੁਕਮਾਨ ਨੇ ਨਹੀਂ ਬਣਾਈ ਹੋਵਣੀ । ਭਾਵੇਂ ਬੰਦੂਕਾਂ ਤਾਂ ਹਰ ਇਕ ਪਾਸੇ ਬਹੁਤੇਰੀਆਂ ਹਨ ਪਰ ਇਨ੍ਹਾਂ ਨਾਲੋਂ ਵੱਧ ਕੇ ਇਸ ਦੇ ਜਾਨਣ ਵਾਲਾ ਕੋਈ ਨਹੀਂ । ਇਹ ਸਜੇ, ਖਬੇ, ਅਗੇ ਪਿਛੇ ਲਗਾਤਾਰ ਗੋਲੀਆਂ ਦਾਗੀ ਜਾਂਦੇ ਹਨ । ਜੇਕਰ ਮੇਰੀ ਗੱਲ ਦਾ ਨਿਸ਼ਚਾ ਨਹੀਂ ਤਾਂ ਲੜਾਈ ਕਰਨ ਵਾਲਿਆਂ ਕੋਲੋਂ ਪੁੱਛ ਵੇਖੋ। ਉਹ ਤੈਨੂੰ ਮੈਥੋਂ ਵੀ ਵੱਧ ਦਸਣਗੇ। ਅਤੇ ਇਨ੍ਹਾਂ ਦੇ ਜੰਗੀ ਢੰਗ ਨੂੰ 'ਕਮਾਲ ਤੇ ਚੰਗਾ ਕਹਿਣਗੇ'। ਮੇਰੀ ਗੱਲ ਦੇ ਗਵਾਹ ਓਹ ਤੀਹ ਹਜ਼ਾਰ ਸੂਰਮੇ ਹਨ ਜੋ ਇਨ੍ਹਾਂ ਨਾਲ ਲੜੇ ਹਨ।''

''ਜੇ ਉਹ ਜੰਗ ਵਿਚ ਨਸ ਉਠਣ ਤਾਂ ਇਸ ਨੂੰ ਇਨ੍ਹਾਂ ਦੀ ਭਾਜੜ ਨਾ ਸਮਝ । ਇਹ ਵੀ ਇਨ੍ਹਾਂ ਦੀ ਲੜਾਈ ਦਾ ਢੰਗ ਹੈ । ਵੇਖੀਂ ਇਨ੍ਹਾਂ ਦੀ ਇਸ ਫਾਹੀ ਤੋਂ ਬਚੀਂ । ਇਹ ਢੰਗ ਇਸ ਲਈ ਵਰਤਿਆ ਜਾਂਦਾ ਹੈ ਤਾਂ ਕਿ ਵੈਰੀ ਤਕੜਾ ਹੋ ਕੇ ਇਨ੍ਹਾਂ ਦੇ ਮਗਰ ਪਵੇ ਤੇ ਆਪਣੇ ਲਸ਼ਕਰ ਨਾਲੋ ਅੱਡ ਹੋ ਜਾਏ ਤੇ ਕੁਮਕ (ਸਹਾਇਤਾ) ਨਾ ਲੈ ਸਕੇ । ਤਦ ਇਹ ਫ਼ਟਪਿਛੇ ਮੁੜ ਪੈਂਦੇ ਹਨ ਤੇ ਫ਼ਿਰ ਪਾਣੀ ਵਿਚ ਅੱਗ ਲਗਾ ਦਿੰਦੇ ਹਨ। ਤੂੰ ਨਹੀਂ ਦੇਖਿਆ ਕਿ ਲੜਾਈ ਸਮੇਂ (ਅਬਦਾਲੀ ਦੇ ਸਤਵੇਂ ਹਮਲੇ ਵੇਲੇ) ਕਿਸ ਮੱਕਰ ਨਾਲ ਆਪਣੇ ਖਾਨ (ਅਹਿਮਦ ਸ਼ਾਹ ਦੁਰਾਨੀ) ਅਗੇ ਨਸ ਉਠੇ ਤੇ ਫ਼ਿਰ ਪਿਛਾਂਹ ਮੁੜਕੇ ਉਸ ਨੂੰ ਚਾਰ ਪਾਸਿਓਂ ਤੋਂ ਘੇਰ ਲਇਆ । ਓ ਸੂਰਮੇ ਦੇਖ ਕਿ ਇਨ੍ਹਾਂ ਦੀ ਲੜਾਈ ਕੈਸੀ ਹੈ ।''

ਇਹ ਜੰਗੀ ਢੰਗ ਹੀ ਸੀ ਜਿਸ ਸਿਖਾਂ ਨੂੰ ਕਦੇ ਜ਼ੇਰ ਨ ਹੋਣ ਦਿਤਾ। ਇਸੇ ਸੰਬੰਧ ਵਿਚ ਵਿਲਯਮ ਦੇ ਸ਼ਬਦ ਵੀ ਪੜ੍ਹਣ ਵਾਲੇ ਹਨ, ਉਹ ਕਹਿੰਦਾ ਹੈ ਕਿ ''ਪੁਰਾਤਨ ਸਮਰਾਟਾਂ ਵਾਂਗ ਉਹ ਆਪਣੇ ਕੇਸਾਂ, ਦਾਹੜੀ ਨੂੰ ਜੰਗ ਤੋਂ ਪਹਿਲਾਂ ਧੋ ਕੇ ਸਾਂਭ ਲੈਂਦਾ ਹੈ ਅਤੇ ਉਹ ਸੂਰਮਿਆਂ ਵਾਂਗ ਲੜਾਈ ਨੂੰ ਜਾਂਦਾ ਤਾਂ ਉਸਦੀ ਚਿਟੀ ਪੌਸ਼ਾਕ ਸੂਹੇ ਸਾਜ ਨਾਲ ਅਜਬ ਮੌਜ ਦਿੰਦੀ । ਭਾਵੇਂ ਉਸ ਦੇ ਯੁੱਦ ਦਾ ਤਰੀਕਾ ਪਾਰਥੀਆਂ ਵਾਂਗ ਸੀ ਕਿ ਨਿਕੀਆਂ ਨਿਕੀਆਂ ਲੜਾਈਆਂ ਨਾਲ ਯੁੱਧ ਨੂੰ ਵਧਾਈ ਜਾਣਾ ਪਰ ਹਥੋ ਹਥ ਦੁਵਲ ਲੜਾਈ ਵਿਚ ਸਿਖ ਬੜਾ ਖਤਰਨਾਕ ਦੁਸ਼ਮਣ ਸੀ । ਚੰਗੇ ਤੋਪ ਖਾਨੇ ਅਗੇ ਇਸ ਦੀ ਪੇਸ਼ ਨਹੀਂ ਜਾਂਦੀ ਸੀ । ਦੇਸ਼ ਦੇ ਭਾਗਾਂ ਨੂੰ 'ਦਲ' ਪਾਸ ਬਹੁਤ ਘਟ ਤੋਪਾਂ ਸਨ ।''

ਨੌਵੇਂ, ਤਿਕੋਣੀ ਜੰਗ ਵਿਚ ਸਿੱਖ ਆਪਣਾ ਹੱਥ ਉਪਰ ਕਰ ਜਾਂਦੇ ਸਨ। ਡਾਕਟਰ ਸਿਨਹ ਦਾ ਕਥਨ ਹੈ ਕਿ ਸਿਖ ਖੁਸ਼ਕਿਸਮਤ ਹਨ ਜਿਨ੍ਹਾਂ ਨੂੰ ਸਦਾ ਹੀ ਤਿਕੋਣੀ ਲੜਾਈ ਲੜਨੀ ਪਈ। ਪੰਜਾਬ ਵਿਚ ਰਾਜ ਕਾਇਮ ਰਖਣ ਜਾਂ ਬਨਾਉਣਾ ਲਈ ਤਿੰਨ ਤਾਕਤਾਂ ਤਤਪਰ ਸਨ। ਮੁੱਗਲ ਆਪਣਾ ਰਾਜ ਕਾਇਮ ਰਖਣ ਲਈ ਹੱਥ ਪੈਰ ਮਾਰ ਰਹੇ ਸਨ। ਅਫ਼ਗਾਨ ਮੁੱਗਲਾਂ ਹਥੋਂ ਰਾਜ ਖੋਹਣ ਲਈ ਨਿਤ ਨਵੇਂ ਹਮਲੇ ਕਰ ਰਹੇ ਸਨ। ਅਫ਼ਗਾਨਾਂ ਦੀ ਇਕ ਹੀ ਇਛਾ ਸੀ ਕਿ ਘਟੋ ਘੱਟ ਪੰਜਾਬ ਉਨ੍ਹਾਂ ਦੇ ਸਾਮਰਾਜ ਦਾ ਹਿੱਸਾ ਬਣ ਜਾਏ। ਸਿੱਖ ਇਨ੍ਹਾਂ 'ਮੁਗਲ-ਪਠਾਨਾਂ' ਦੀ ਲੜਾਈ ਵਿਚ ਹਰ ਤਰ੍ਹਾਂ ਦਾ ਲਾਭ ਉਠਾਉਣ ਦੀ ਸੋਚਦੇ ਰਹਿੰਦੇ ਸਨ। ਜਦ ਮੁਗਲ ਅਮਲੀ ਤੌਰ ਤੇ ਅਫ਼ਗਾਨਾਂ

ਦੇ ਹਲਿਆਂ ਨੇ ਖਤਮ ਕਰ ਦਿਤੇ ਤਾਂ ਤੀਜੀ ਤਾਕਤ ਮਰਹਟੇ ਪੰਜਾਬ ਵਿਚ ਆਏ। ਪਾਨੀਪਤ ਦੀ ਤੀਜੀ ਲੜਾਈ ਅਫ਼ਗਾਨ ਤੇ ਮਰਹਟਿਆਂ ਵਿਚਕਾਰ ਸੀ ਭਾਵੇਂ ਮਰਹਟੇ ਹਾਰ ਗਏ ਪਰ ਅਬਦਾਲੀ ਵੀ ਥੱਕ ਟੁੱਟ ਗਇਆ। ਉਸ ਨੇ ਫ਼ਿਰ ਸਿੱਧਾ ਹਮਲਾ ਸਿਖਾਂ ਤੇ ਕੀਤਾ ਭਾਵੇਂ ਉਹ ਜਾਨੀ ਨੁਕਸਾਨ ਤਾਂ ਬਹੁਤ ਪਹੁੰਚਾ ਗਿਆ ਪਰ ਆਪ ਵੀ ਨਿਢਾਲ ਹੋ ਕੇ ਗਿਰ ਪਿਆ।

ਦਸਵੇਂ, ਜਿਉਂ ਜਿਉਂ ਚੋਣਵੇਂ ਸਿੱਖ ਸ਼ਹੀਦ ਕੀਤੇ ਜਾਣ ਲਗੇ ਤਿਉਂ ਤਿਉ ਇਹ ਧੁਨੀ ਵੀ ਜ਼ੋਰ ਪਕੜਦੀ ਗਈ 'ਚੁਣ ਚੁਣ, ਸਤ੍ਰ ਹਮਾਰੈ' ਮਾਰਿਅਨ। ਜਦ ਭਾਈ ਤਾਰਾ ਸਿੰਘ ਵਰਗੇ ਘਰੀਂ ਵਸਦੇ ਸ਼ਹੀਦ ਕੀਤੇ ਗਏ ਤਾਂ ਹਰ ਕਿਸੇ ਨੇ ਮੌਤ ਨੂੰ ਨੇੜੇ ਆਉਂਦਾ ਦੇਖ ਲਇਆ ਤੇ ਫਿਰ ਜਦ ਭਾਈ ਮਨੀ ਸਿੰਘ ਵਰਗੇ ਮਹਾਂ ਪੁਰਸ਼ਾਂ ਦੇ ਵੀ ਬੇਦੋਸੇ ਹੀ ਬੰਦ ਬੰਦ ਕੱਟਕੇ ਸ਼ਹੀਦ ਕਰ ਦਿਤਾ ਗਇਆ ਤਾਂ ਆਮ ਸਿਖਾਂ ਨੇ ਸ਼ਹੀਦੀ ਤੋਂ ਦੂਰ ਨਸਣ ਨੂੰ ਇਕ ਕੌਮੀ ਗੁਨਾਹ ਹੀ ਸਮਝਿਆ। ਸਰਦਾਰ ਕਰਮ ਸਿੰਘ ਹਿਸਟੋਰੀਅਨ ਦਾ ਕਹਿਣਾ ਹੈ ਕਿ ਭਾਈ ਸੁਬੇਗ ਸਿੰਘ ਤੇ ਭਾਈ ਸ਼ਹਿਬਾਜ ਸਿੰਘ ਦੀ ਸ਼ਹਾਦਤ ਨੇ ਮਿਲਵਰਤਣੀਏ ਤੇ ਨਾਮਿਲਵਰਤਣੀਏ ਇਕ ਥਾਵੇਂ ਇਕਠੇ ਕਰ ਦਿਤੇ। ਇਹ ਗੱਲ ਸਭ ਦੇ ਹਿਰਦੇ ਵਿਚ ਬੈਠ ਗਈ ਕਿ ਜੇ ਸਾਰੇ ਬੇਦੋਸੇ ਹੀ ਸ਼ਹੀਦ ਕੀਤੇ ਜਾ ਸਕਦੇ ਹਨ ਤਾਂ ਛੁਪ ਕੇ ਕਟੀ ਕਰਣੀ ਸਿਖਾਂ ਨੂੰ ਸੋਭਦਾ ਨਹੀਂ। ਇਨ੍ਹਾਂ ਸਿੱਖ ਸ਼ਹੀਦਾਂ ਨੇ ਕੌਮ ਵਿਚ ਨਵਾਂ ਉਤਸ਼ਾਹ ਤੇ ਜ਼ਿੰਦਗੀ ਭਰ ਦਿਤੀ।

ਗਿਆਰਵਾਂ, ਸਿੱਖਾਂ ਦੀਆਂ ਛੁਪਨਗਾਹਾਂ ਬਸਤੀਆਂ ਤੇ ਸ਼ਹਰਾਂ ਤੋਂ ਦੂਰ ਸਨ। ਸੜਕਾਂ ਦਾ ਪਹਿਲਾਂ ਤਾਂ ਪ੍ਰਬੰਧ ਹੀ ਨਹੀਂ ਸੀ ਜਾਂ ਇਤਨਾ ਘਟੀਆ ਸੀ ਕਿ ਫੌਜਾਂ ਦਾ ਪੁੱਜਣਾ ਅਸੰਭਵ ਸੀ। ਦੂਜੇ ਪਾਸੇ ਮੁਗ਼ਲ ਫੌਜਾਂ ਆਰਾਮ ਪ੍ਰਸਤੀ ਵਿਚ ਇਕ ਅਖਾਣ ਬਣ ਚੁਕੀਆਂ ਸਨ। ਇਰਵਨ ਨੇ ਮੁੱਗਲਾਂ ਦੀ ਫੌਜ ਦੀਆਂ ਐਸ਼ ਪ੍ਰਸਤੀ ਦੀਆਂ ਕਈ ਕਹਾਣੀਆਂ ਲਿਖੀਆਂ ਹਨ। ਜੰਗਲ ਨੂੰ ਕੱਟਣ ਦਾ ਕੰਮ ਲਖਪਤ ਰਾਇ ਨੇ ਯਾਹੀਆਂ ਖਾਨ ਦੀ ਮਦਦ ਨਾਲ ਕੀਤਾ, ਪਰ ਇਹ ਪਰਬਤਾਂ ਨਾਲ ਟਕਰ ਲੈਣ ਵਾਲੀ ਗੱਲ ਸੀ। ਫ਼ਿਰ ਅਦੀਨਾ ਬੇਗ ਨੇ ਐਸਾ ਕਰਨਾ ਚਾਹਿਆ ਪਰ ਸਿਖ ਉਤਨੀ ਦੇਰ ਤਕ ਇਤਨੇ ਤਗੜੇ ਹੋ ਚੁਕੇ ਸਨ ਕਿ ਸਿਧੀ ਟਕਰ ਲੈ ਸਕਣ। ਫੌਜਾਂ ਦੀ ਸਾਰੀ ਸ਼ਕਤੀ ਸਿਖਾਂ ਦੇ ਟਿਕਾਣੇ ਲੱਭਣ ਵਿਚ ਹੀ ਲੱਗ ਜਾਂਦੀ ਸੀ ਅਤੇ ਜਦ ਉਹ ਸਿਖਾਂ ਦੇ ਟਾਕਰੇ ਵਿਚ ਹੁੰਦੀਆਂ ਸਨ ਤਾਂ ਅਮਲੀ ਤੌਰ ਤੇ ਨਿਢਾਲ ਹੀ ਹੁੰਦੀਆਂ ਸਨ।

ਦਿਲੀ ਦੀ ਤਾਕਤ ਵੀ ਇਤਨੀ ਕਮਜ਼ੋਰ ਹੋ ਚੁਕੀ ਸੀ ਕਿ ਓਹ ਪੰਜਾਬ ਵਿਚ ਵਾਪਰ ਰਹੇ ਹਾਲਾਤ ਵਲ ਬਹੁਤਾ ਧਿਆਨ ਨਹੀਂ ਸੀ ਦੇ ਸਕਦੀ। ਤਖਤ ਨਸ਼ੀਨੀ ਦੀਆਂ ਜੰਗਾਂ, ਆਪਸੀ ਝਗੜੇ, ਰਾਜ ਦਰਬਾਰਾਂ ਦੀਆਂ ਸਾਜਸ਼ਾਂ ਤੇ ਰਾਜ ਵਿਚ ਥਾਂ ਥਾਂ ਬਗਾਵਤ ਹੋਣ ਕਾਰਨ ਮੁੱਗਲ ਰਾਜ ਖੋਖਲਾ ਹੋ ਚੁਕਾ ਸੀ। ਮੁੱਗਲ ਬਾਦਸ਼ਾਹ ਦਾ ਸਿੱਕਾ ਤਾਂ ਚਲਦਾ ਸੀ ਪਰ ਫਿਰ ਵੀ ਮੁੱਗਲਾਂ ਦਾ ਭੜ ਬਣਿਆ ਹੋਇਆ ਸੀ। ਨਾਦਰ ਦੇ ਹਮਲੇ ਨੇ ਉਹ ਭੜ ਤੋੜ ਦਿਤਾ। ਮਰਹਟਿਆਂ ਨੇ ਵੀ ਫ਼ਿਰ ਤਾਕਤ ਪਕੜ ਲਈ। ਅਫ਼ਗਾਨਾਂ ਦੇ ਹਮਲਿਆਂ ਦਾ ਅਰੰਭ ਹੋ ਗਿਆ। ਪੰਜਾਬ ਦੇ ਗਵਰਨਰਾਂ ਨੂੰ ਆਪਣੀ ਰੱਖਿਆ ਦੀ ਪੈ ਗਈ। ਧਿਆਨ ਵੀ ਲਾਂਭੇ ਹੋ ਗਿਆ। ਰਹਿੰਦੀ ਕਸਰ ਅਬਦਾਲੀ ਦੇ ਹਮਲਿਆਂ ਨੇ ਪੂਰੀ ਕਰ ਦਿਤੀ। ਸਿੱਖਾਂ ਨੇ ਡਿੱਗਦੇ ਢਹਿੰਦੇ ਮੁਗ਼ਲ ਰਾਜ ਦੇ ਮਾਲ ਦੀਆਂ ਇਟਾਂ ਨਾਲ ਆਪਣੇ ਰਾਜ ਦੀਆਂ ਨੀਹਾਂ ਭਰੀਆਂ ਤੇ ਅਬਦਾਲੀ ਦੇ ਹਮਲੇ ਨੇ ਦੀਵਾਰਾਂ ਉਸਾਰ ਦਿਤੀਆਂ ਤੇ ਤੈਮੂਰ ਦੇ ਹਲੇ ਨਾਲ ਛੱਤ ਪੈ ਗਈ ਤੇ ਸ਼ਾਹ ਜਾਮਨ ਵੇਲੇ ਤਾਂ ਰੰਗਰੋਗ਼ਨ ਵੀ ਹੋ ਗਿਆ। ਅਸਲ ਗੱਲ ਇਹ ਸੀ ਕਿ ਸਿਖਾਂ ਨੂੰ ਉਤਰਦੀ ਲਹਰ ਨਾਲ ਉਤੇ ਉਠਣ ਦੀ ਜਾਚ ਆ ਗਈ ਸੀ।

ਗਿਆਰਵੇਂ, ਸਿੱਖੀ ਆਚਰਨ ਵੀ ਉਸ ਸਮੇਂ ਸਿਖਰਾਂ ਨੂੰ ਛੂਹ ਰਹਿਆ ਸੀ। ਬੇਸ਼ਕ ਉਹ ਸਮਾਂ ਬਿਪਤਾ ਤੇ ਬਿਖੜਾ ਸੀ ਪਰ ਸਿਖੀ ਆਚਰਨ ਦੇ ਸਭ ਤੋਂ ਸੁੰਦਰ ਨਮੂਨੇ ਇਸੇ ਸਮੇਂ ਵਿਚ ਹੀ ਮਿਲਦੇ ਹਨ। ਖਾਫ਼ੀ ਖਾਨ ਅਤੇ ਤਮਾਸ ਮਸਕੀਨ ਨੇ ਤਾਂ ਜੁਅਰਤ ਦੀਆਂ ਕਹਾਣੀਆਂ ਲਿਖੀਆਂ ਹਨ ਪਰ ਕਾਜ਼ੀ ਨੂਰ ਮਹੰਮਦ ਨੇ ਸਾਹਸ ਦੇ ਨਾਲ ਸਿਖਾਂ ਦੇ ਆਚਰਨ ਦਾ ਵੀ ਜ਼ਿਕਰ ਕੀਤਾ ਹੈ। ਉਸਨੇ ਨਿਜੀ ਤਜਰਬੇ ਤੋਂ ਲਿਖਿਆ ਹੈ ਕਿ ਇਕ ਵਾਰੀ ਇਕ ਥਾਵੇਂ ਬੇਗਮਾਂ ਦਾ ਕੈਂਪ ਲਗਿਆ ਹੋਇਆ ਸੀ। ਸਿਖਾਂ ਮੁੱਗਲਾਂ ਦਾ ਜਾਣ ਹਮਲਾਂ ਕਰ ਦਿਤਾ। ਜਦ ਉਹ ਨੇੜੇ ਪੁਜੇ ਤਾਂ ਉਨ੍ਹਾਂ ਡਿਠਾ ਕਿ ਉਹ ਮੁੱਗਲਾਂ ਦਾ ਕੈਂਪ ਨ ਹੋ ਬੇਗਮਾਂ ਦਾ ਹੈ ਤਾਂ ਸੂਤੀਆਂ ਹੋਈਆਂ ਕ੍ਰਿਪਾਨਾਂ ਮਿਆਨਾਂ ਵਿਚ ਕਰ ਲਈਆਂ ਤੇ ਨੂਰ ਮੁਹੰਮਦ ਨੇ ਟੂਕ ਦਿੰਦੇ ਹੋਏ ਲਿਖਿਆ ਕਿ 'ਵਾਰੇ ਸਗਾਂ ਦੀ ਕੌਮ ਜੋ ਦੁਸ਼ਮਣ ਦੀ ਮਾਂ ਬੇਟੀ ਨੂੰ ਵੀ ਆਪਣੀ ਮਾਂ ਬੇਟੀ ਜਾਣਦਾ ਹੈ। ਉਸਦੇ ਲਿਖੇ ਇਹ ਸ਼ਬਦ ਬਹੁਤ ਹੀ ਭਾਵ ਪੂਰਤ ਹਨ :

"ਲੜਾਈ ਤੋਂ ਵਧ ਕੇ ਇਨ੍ਹਾਂ ਦੀ ਇਕ ਹੋਰ ਗੱਲ ਵੀ ਸੁਣ, ਜਿਸ ਵਿਚ ਹੋਰਨਾਂ ਜੰਗਜੂ ਲੋਕਾਂ ਨਾਲੋਂ ਬਹੁਤਾ ਅਗੇ ਵੱਧ ਹੋਏ ਹਨ। ਇਹ ਨਾਮਰਦ ਨੂੰ ਜੋ ਲੜਾਈ ਵਿਚ ਹਥਿਆਰ ਰੱਖ ਦੇਵੇ, ਕਦੀ ਵੀ ਨਹੀਂ ਮਾਰਦੇ ਤੇ ਨਾ ਹੀ ਨਸੇ ਜਾਂਦੇ ਨੂੰ ਘੇਰਦੇ ਹਨ। ਇਹ ਨ ਕਿਸੇ ਔਰਤ ਦਾ ਰਖਿਆ ਗਹਣਾ ਲੁਟਦੇ ਭਾਵੇਂ ਉਹ ਵਡੀ ਸੁਆਣੀ ਹੋਵੇ, ਭਾਵੇਂ ਓਹ ਮਾਮੂਲੀ ਗੋਲੀ ਬਾਂਦੀ। ਇਨ੍ਹਾਂ ਵਿਚ ਵਿਭਚਾਰ ਵੀ ਨਹੀਂ, ਨ ਹੀ ਇਹ ਚੋਰੀ ਕਰਦੇ ਹਨ। ਔਰਤ ਭਾਵੇਂ ਜੁਆਨ ਹੋਵੇ ਭਾਵੇਂ ਬਿਰਧ, ਇਹ ਉਸ ਨੂੰ ਬੁੱਢੀ ਹੀ ਆਖਦੇ ਹਨ। ਹਿੰਦੁਸਤਾਨੀ ਬੋਲੀ ਵਿਚ 'ਬੁੱਢੀ' ਦੇ ਅਰਥ ਹਨ, ਵਡੀ ਉਮਰ ਵਾਲੀ ਔਰਤ। ਇਹ ਨ ਹੀ ਆਪ ਚੋਰੀ ਕਰਦੇ ਹਨ ਤੇ ਨਾ ਹੀ ਡਾਕੇ ਮਾਰਨ ਵਾਲੇ ਨੂੰ ਆਪਣਾ ਮਿਤ੍ਰ ਬਣਾਂਦੇ ਹਨ।

ਖਲਾਸ-ਤੂ-ਤਵਾਰੀਖ ਦਾ ਲਿਖਾਰੀ ਲਿਖਦਾ ਹੈ ਕਿ ਇਨ੍ਹਾਂ ਸਿਖਾਂ ਦੀ ਨਜ਼ਰ ਵਿਚ ਆਪਣੇ ਤੇ ਪਰਾਏ ਇਕੋ ਜੇਹੇ ਹਨ। ਦੋਸਤ ਦੇ ਦੁਸਸ਼ਣ ਇਨ੍ਹਾਂ ਲਈ ਬਰਾਬਰ ਹਨ। ਤਾਰੀਖੇ-ਇ-ਪੰਜਾਬ' ਦਾ ਲਿਖਾਰੀ ਬੂਟੇ ਸ਼ਾਹ ਕਹਿੰਦਾ ਹੈ ਕਿ ਜੇ ਕਿਧਰੇ ਸਿਖ ਕਿਸੇ ਕਾਫ਼ਲੇ ਤੇ ਹੱਲਾ ਬੋਲਦੇ ਤਾਂ ਉਹ ਮਰਦ ਦੇ ਸਿਰੋਂ ਪਗੜੀ ਉਕਾ ਹੀ ਨ ਉਤਾਰਦੇ ਤੇ ਨਾ ਹੀ ਔਰਤਾਂ ਦੇ ਗਹਿਣੇ ਗਟਿਆਂ ਜਾਂ ਵਸਤਾਂ ਨੂੰ ਹੱਥ ਪਾਉਂਦੇ ਸਨ।

ਐਲੰਗਜੰਡਰ ਬਰਨਜ ਆਪਣੀ ਭੇਜੀ ਰਿਪੋਰਟ ਔਨ ਦੀ ਪੋਲਟੀਕਲ ਪਾਵਰ ਔਫ ਦੀ ਸਿਖਸ ਬੀਯਾਂਡ ਦੀ ਇੰਡਸ[1] ਵਿਚ ਲਿਖਦਾ ਹੈ ਕਿ 'ਸਿਖ ਦੀ ਕੌਮ ਬਹੁਤ ਹੀ ਖੁਲੇ ਦਿਲ ਵਾਲੀ ਹੈ, ਧਰਮ ਵਿਚ ਅਨੇਕਾਂ ਹੀ ਅੰਤਰ ਹੋਣ ਦੇ ਬਾਵਜੂਦ ਓਹ ਨਰਮ ਦਿਲੀ ਤੋਂ ਹੀ ਕੰਮ ਲੈਂਦੇ ਹਨ। ਇਹੋ ਉਨ੍ਹਾਂ ਦਾ ਵਿਸ਼ੇਸ਼ ਗੁਣ ਉਨ੍ਹਾਂ ਨੂੰ ਆਪਣੇ ਮੁਸਲਮਾਨ ਗਵਾਂਢੀਆਂ ਨਾਲੋਂ ਅੱਡ ਕਰ ਕੇ ਮਹਾਨ ਬਣਾਉਂਦਾ ਹੈ।' ਉਸ ਵੇਲੇ ਦਾ ਪ੍ਰਚਲਤ ਅਖਾਣ ਉਨ੍ਹਾਂ ਦਾ ਆਚਰਨ ਦਰਸਾਉਣ ਲਈ ਕਾਫ਼ੀ ਹੈ। ਪੰਜਾਬ ਦਾ ਹਰ ਬਾਸੀ ਭਾਵੇਂ ਉਹ ਔਰਤ ਸੀ ਜਾਂ ਮਰਦ ਇਹ ਆਖਦਾ ਸੀ 'ਆਏ ਨੀ ਨਹੰਗ। ਬੂਹੇ ਖੋਲ ਦੇ ਨਿਸੰਗ'। ਇਤਨਾ ਵਿਸ਼ਵਾਸ਼ ਹੋ ਗਿਆ ਸੀ ਸਿਖ ਤੇ ਕਿ ਉਸ ਵਲ ਕੋਈ ਉਂਗਲ ਨਹੀਂ ਸੀ ਕਰ ਸਕਦਾ। ਲੈਪਲ ਗ੍ਰਿਫਨ ਲਿਖਦਾ ਹੈ ਕਿ ਜੰਗ ਤੇ ਜੰਗ ਤੋਂ ਬਾਦ ਵੀ ਸਿਖ ਮਨੁੱਖ ਹੀ ਰਹਿੰਦੇ ਸਨ। ਔਰਤਾਂ ਦੀ ਬੇਪਤੀ ਕਰਨਾ ਤੇ ਕਿਸੇ ਨੂੰ ਤਸੀਹੇ ਦੇਣ ਦੀ ਕੋਈ ਵੀ ਘਟਨਾ ਉਨ੍ਹਾਂ ਦੇ ਇਤਿਹਾਸ ਵਿਚ ਨਹੀਂ ਮਿਲਦੀ। ਭਾਈ ਰਤਨ

---

1. 'On the political power of the sikhs beyond the Indus' Indian Govt. reports and popers P. p. 1-6.

ਸਿੰਘ ਜੀ ਭੰਗੂ ਨੇ ਨਾਦਰ ਨਾਲ ਜ਼ਕਰੀਆ ਖਾਨ ਦੀ ਗਲ ਬਾਤ ਲਿਖਦਾ ਹੋਇਆ ਕਹਿੰਦਾ ਹੈ ਕਿ ਜਦ ਨਾਦਰ ਨੇ ਉਨ੍ਹਾਂ ਦੇ ਵਿਸ਼ੇਸ਼ ਗੁਣਾਂ ਬਾਰੇ ਪੁਛਿਆ ਤਾਂ ਜ਼ਕਰੀਆ ਨੇ ਕਹਿਆ ਕਿ ਓਹ ਕਈ ਦਿਨਾਂ ਦੇ ਭੁਖੇ ਹੋਣ ਤੇ ਉਸ ਸਮੇਂ ਉਨ੍ਹਾਂ ਨੂੰ ਖਾਣ ਲਈ ਕੁਝ ਮਿਲ ਜਾਏ ਤਾਂ ਉਚੀ ਆਵਾਜ਼ ਨਾਲ ਕਹਿੰਦੇ ਸਨ ਕਿ ਹੈ ਕੋਈ ਭੁਖਾ।'

ਦੇਤ ਆਵਾਜ਼ਾ ਭੁਖਾ ਕੋਈ
ਆਓ ਦੇਗ ਤਿਆਰ ਗੁਰ ਹੋਈ

ਨਾਦਰ ਨੇ ਕਹਿਆ ਕਿ ਜੇ ਆਵਾਜ਼ ਸੁਣਕੇ ਕੋਈ ਦੁਸ਼ਮਣ ਆ ਜਾਏ ਤਾਂ ਉਹ ਕੀ ਕਰਦੇ ਸਨ। ਜ਼ਕਰੀਆ ਖ਼ਾਨ ਦਾ ਉਤਰ ਸੀ ਕਿ ਮਿਤ੍ਰ ਸਮਾਨ ਉਸ ਨੂੰ ਛਕਾ ਦਿੰਦੇ ਸਨ :—

'ਉਸ ਸਮੇਂ ਬੈਰੀ ਕਿਨ ਆਵੇ
ਪਰਮ ਮੀਤ ਸਮਾਤਾਹਿ ਛਕਾਵੈ ।'

ਨਾਦਰ ਨੇ ਹੈਰਾਨੀ ਨਾਲ ਪੁਛਿਆ 'ਆਪੂੰ ਕੀ ਖਾਂਦੇ ਹਨ।' ਜ਼ਕਰੀਆ ਖਾਨ ਦਾ ਉੱਤਰ ਸੀ

'ਬਚੇ ਤੋਂ ਆਪ ਖਲੈਂ ਹੈਂ
ਨਹੀਂ ਤੋਂ ਲੰਗਰ ਮਸਤ ਬਤੈ ਹੈ।''

ਗੱਲ ਕੀ, ਉਸ ਸਮੇਂ ਆਚਰਨ ਨੂੰ ਡਿਗਣ ਨਾ ਦਿਤਾ ਕਿਉਂ ਜੋ ਉਨ੍ਹਾਂ ਨੂੰ ਆਪਣੇ ਗੁਰੂ ਗੋਬਿਦ ਸਿੰਘ ਜੀ ਦਾ ਫਰਮਾਨ ਯਾਦ ਸੀ ਜਦ ਸਿੱਖਾਂ ਕਹਿਆ ਵੀ ਪਾਤਸ਼ਾਹ,

'ਸਗਲ ਤੁਰਕ ਭੁਗਵੇਂ ਹਿੰਦ ਵਾਨੀ
ਸਿਖ ਬਦਲਾ ਲੇ ਭਲਾ ਜਨਾਵੈ
ਗੁਰ ਸ਼ਾਸਤ੍ਰ ਕਿਉਂ ਵਰਜ ਹਟਾਵੈ।
ਸੁਨਿ ਸਤਿਗੁਰ ਬੋਲੇ ਤਿਸ ਬੇਰੇ
ਹਮ ਲੈ ਜਾਨੋਂ ਪੰਥ ਉਚੇਰੇ।
ਨਹੀਂ ਅਧਗਤਿ ਬਿਖੈ ਪੁਚਾਵੈ।
ਯਾਂ ਤੇ ਕਲ ਮਲ ਕਰਨ ਹਟਾਵੈ। (ਰੁਤ ੬, ਅੰਸੂ ੨੦, ਅੰਕ ੧੬-੧੯)

ਆਚਰਨ ਦੀਆਂ ਸਿਖਰਾਂ ਨੂੰ ਛੁਹੰਦੇ ਦੇਖ ਕਈ ਸਿਖੀ ਦੇ ਦਾਇਰੇ ਵਿਚ ਆਉਂਦੇ ਰਹੇ। ਬਾਹਰਵੇਂ, ਸਿਖਾਂ ਦੀ ਜਥੇਬੰਦੀ ਹੁਣ ਅਸੂਲਾਂ ਤੇ ਖੜੀ ਹੋ ਚੁਕੀ ਸੀ। 'ਕਉਨ ਕਹੈ ਸ੍ਰੀ ਗੁਰੂ ਮੋਇਓ' ਪਹਿਲਾਂ ਵੀ ਸਿਖ ਪੜਦੇ ਸਨ ਪਰ ਹੁਣ ਤਾਂ ਉਨ੍ਹਾਂ ਨੇ 'ਸਤਿਗੁਰ ਜਾਗਤਾ ਹੈ ਦੇਵ' ਨਿਤ ਹੀ ਪੜ੍ਹਨਾ ਅਰੰਭ ਕਰ ਦਿਤਾ ਸੀ। ਦੀਵਾਨ ਦੀ ਸਮਾਪਤੀ ਤੋਂ ਬਾਹਦ ਪੜ੍ਹਿਆ ਜਾਣ ਵਾਲਾ ਦੋਹਿਰਾ :

ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ।
ਸਭ ਸਿਖਨ ਕੋ ਹੁਕਮ ਹੈ, ਗੁਰ ਮਾਨਿਓ ਗ੍ਰੰਥ।
ਗੁਰ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ।

ਉਨ੍ਹਾਂ ਨੂੰ ਮੂਰਤ ਵਿਚੋਂ ਕਢਕੇ ਦਰਸ਼ਨ ਵਲ ਲੈ ਜਾਂਦਾ ਸੀ। ਇਹ ਕਾਰਜ ਗੁਰੂ ਗੋਬਿੰਦ ਸਿੰਘ ਜੀ ਆਪ ਕਰ ਗਏ ਸਨ।[1] ਕੰਨ੍ਹਿਆ ਲਾਲ ਦਾ ਕਹਿਣਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸੁਖਤਸੀਅਤ ਤੋਂ ਅਸੂਲ ਵਲ ਪੰਥ ਨੂੰ ਲੈ ਜਾ ਕੇ ਇਕ ਐਸਾ ਕਾਰਨਾਮਾ ਕੀਤਾ ਜਿਸ ਨੇ ਸਿਖਾਂ ਵਿਚ ਗੁਰੂ ਦੀ ਅਣਹੋਂਦ ਨੂੰ ਮਹਿਸੂਸ ਨ

---

੧. ਪਾਵਨ ਪੰਥ ਖ਼ਾਲਸਾ ਪ੍ਰਗਟਯੋ ਚਾਰ ਵਰਨ ਆਸ੍ਰਮ ਸੁਭ ਪੰਥਾ।
ਇਨ ਕੋ ਦਰਸ਼ਨ, ਗੁਰ ਕੋ ਦਰਸ਼ਨ ਬੋਲਨ ਗੁਰ ਸ਼ਬਦ ਗੁਰ ਗ੍ਰੰਥਾ। (ਸਰਬ ਲੋਹ)

੨. From Personality to Principle.

ਹੋਣ ਦਿਤਾ। ਸਿੱਖੀ ਮਹਲ ਦੋ ਹੀ ਮੁੱਖ ਥੰਮੀਆਂ ਤੇ ਖੜਾ ਕੀਤਾ ਗਿਆ ਸੀ। ਇਕ ਸੀ 'ਬਾਣੀ' ਤੇ ਦੂਜਾ ਸੀ 'ਸੰਗਤ'। ਗੁਰੂ ਸਾਹਿਬਾਨ ਨੇ ਮੁੱਢ ਤੋਂ ਹੀ ਇਤਨੀ ਸੰਭਾਲ ਵਰਤ ਲਈ ਕਿ ਉਹ 'ਬਾਣੀ' ਨਾਲੋਂ ਆਪਣੇ ਸ਼ਰੀਰ ਨੂੰ ਅੱਡ ਰਖਦੇ ਸਨ। ਗੁਰੂ ਤੇ ਬਾਣੀ ਨੂੰ ਸਿੱਖ ਇਕ ਸਮਝਣ ਲਗ ਪਏ ਸਨ। ਦੋ ਸਦੀਆਂ ਦੀ ਘਾਲਣਾ ਬਾਅਦ ਗੁਰੂ ਨੂੰ ਬਾਣੀ ਵਿਚ ਸੰਗਤ ਨੂੰ ਪੰਥ ਵਿਚ ਵਟਾ ਦਿਤਾ। ਗੁਰੂ ਵਿਅਕਤੀਆਂ ਨੇ ਆਪ ਇਤਨਾ ਸਤਿਕਾਰ ਤੇ ਆਦਰ 'ਬਾਣੀ' ਤੇ ਸੰਗਤ ਨੂੰ ਦਿਤਾ ਕਿ ਸਾਧਾਰਣ ਸਿੱਖ ਵੀ ਇਨ੍ਹਾਂ ਨੂੰ ਉਸੇ ਸਨਮਾਨ ਨਾਲ ਸਿਰ ਝੁਕਾਉਣ ਲਗ ਪਿਆ, ਜਿਸ ਸਤਿਕਾਰ ਨਾਲ ਉਹ ਗੁਰੂ ਵਿਅਕਤੀਆਂ ਨੂੰ ਪ੍ਰਣਾਮ ਕਰਦਾ ਸੀ। ਗੁਰੂ ਸਾਹਿਬਾਨ ਨੇ ਵੀ ਆਪਣਾ ਸਿੰਘਾਸਨ ਉਥੇ ਨ ਲਗਾਉਣ ਦੀ ਪੱਕਿਆਈ ਕਰ ਲਈ ਸੀ ਜਿਥੇ (ਗੁਰੂ) ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ। ਸੋ ਗੁਰੂ ਗੋਬਿੰਦ ਸਿੰਘ ਜੀ ਜਦ 'ਗੁਰੂ ਗ੍ਰੰਥ ਤੇ ਗੁਰੂ ਪੰਥ' ਨੂੰ ਗੁਰਗੱਦੀ ਦੇ ਰਹੇ ਸਨ ਤਾਂ ਉਹ ਪਹਿਲਾਂ ਦੇ ਅਰੰਭ ਹੋ ਚੁਕੇ ਸਿਲਸਿਲੇ ਤੇ ਆਖਰੀ ਇੱਟ ਹੀ ਰਖ ਰਹੇ ਸਨ। ਗੁਰੂ ਗੋਬਿੰਦ ਸਿੰਘ ਜੀ ਇਕ ਐਸਾ ਗੁਰੂ ਦੇ ਗਏ ਜੋ ਤ੍ਰੈ ਕਾਲ ਉਨ੍ਹਾਂ ਪਾਸ ਰਹਿਣਾ ਸੀ ਜੋ ਬੁਲਾਇਆ ਬੋਲ ਪੈਂਦਾ ਸੀ, ਜਿਸ ਅਗੇ ਮਨ ਦੀ ਬਿਰਥਾ ਖੋਲ੍ਹ ਕੇ ਰਖੀ ਜਾ ਸਕਦੀ ਸੀ। ਪਿਛੋਂ ਇਸ ਆਧਾਰ ਤੇ ਗੁਰੂ ਪੰਥ, ਗੁਰੂ ਗ੍ਰੰਥ ਦੀ ਤਾਬਿਆ ਜੁੜਨ ਲਗ ਪਿਆ। ਉਸੇ ਤਰ੍ਹਾਂ ਨਿਰਣੇ ਲਏ ਜਾਣ ਲਗ ਪਏ। ਹਜ਼ੂਰੀ ਵਿਚ ਬੈਠਕੇ ਸਲਾਹਵਾਂ ਹੁੰਦੀਆਂ ਤੇ ਰਾਵਾਂ ਲਈਆਂ ਜਾਂਦੀਆਂ। ਕੀਤੇ ਫ਼ੈਸਲੇ ਨੂੰ ਸਿੱਖ ਇਸੇ ਲਈ ਗੁਰੂ-ਮਤਾ (Conscience of the Guru) ਕਹਿਕੇ ਪੁਕਾਰਦੇ ਤੇ ਸਤਿਕਾਰਦੇ। ਕਿਤਨੀ ਵਾਰੀ ਗੁਰੂ ਵਾਕ ਨੇ ਹੀ ਅਗਵਾਈ ਦਿਤੀ ਮੈਲਕਮ ਨੇ ਸਕੇਚ ਔਫ ਦੀ ਸਿਖਸ[1] ਵਿਚ ਗੁਰਮਤੇ ਬਾਰੇ ਲਿਖਿਆ ਹੈ ਕਿ ਜਿਸ ਵੇਲੇ ਸਰਦਾਰ ਕਿਸੇ ਗੰਭੀਰ ਕੰਮ ਲਈ ਇਕਠੇ ਹੁੰਦੇ ਸਨ ਤਾਂ ਸਮਝਿਆ ਜਾਂਦਾ ਸੀ ਕਿ ਸਾਰੇ ਨਿਜੀ ਤੇ ਸਖਸੀ ਝਗੜਿਆਂ ਦਾ ਅੰਤ ਹੋ ਗਇਆ ਅਤੇ ਸਾਰੇ ਆਪਣੇ ਜਾਤੀ ਤੇ ਸਖਸੀ ਭਾਵਾਂ ਨੂੰ ਪੰਥਕ ਭਲਿਆਈ ਦੀ ਯਗਵੇਦੀ ਤੋਂ ਕੁਰਬਾਨ ਕਰ ਦਿਤਾ ਹੈ ਤੇ ਸ਼ੁਧ ਦੇਸ਼ ਭਗਤੀ ਦੇ ਵਿਚਾਰਾਂ ਤੋਂ ਪ੍ਰੇਰਿਤ ਹੋ ਆਪਣੇ ਧਰਮ ਤੇ ਰਾਜ ਲਈ ਇਕਤ੍ਰ ਹੋ, ਉਹ ਕਿਸੇ ਹੋਰ ਗੱਲ ਨੂੰ ਧਿਆਨ ਵਿੱਚ ਨਹੀਂ ਲਿਆਉਂਦੇ। ਜਦ ਸਰਦਾਰ ਤੇ ਆਗੂ ਬੈਠ ਜਾਂਦੇ ਤਦ ਆਦਿ (ਗੁਰੂ) ਗ੍ਰੰਥ ਉਨ੍ਹਾਂ ਦੇ ਸਾਂਮ੍ਹਣੇ ਰਖੇ ਜਾਂਦੇ ਤੇ ਪਾਵਨ ਗ੍ਰੰਥ ਦੇ ਅਗੇ ਸਾਰੇ ਮੱਥਾ ਟੇਕਦੇ ਤੇ 'ਵਾਹਿਗੁਰੂ ਜੀ ਕਾ ਖਾਲਸਾ' ਵਾਕ ਉਚਾਰਦੇ। ਉਸ ਮਗਰੋਂ ਸਾਰੀ ਹਾਜ਼ਰ ਸੰਗਤ ਖੜੀ ਹੋ ਜਾਂਦੀ ਤੇ ਅਕਾਲੀ (ਅਰਦਾਸੀਆ) ਉਚੀ ਆਵਾਜ਼ ਨਾਲ ਅਰਦਾਸਾ ਕਰਦਾ। ਅਰਦਾਸ ਪਿਛੋਂ ਆਪਣੀ ਆਪਣੀ ਥਾਂ ਤੇ ਪ੍ਰਤੀਨਿਧ ਬੈਠ ਜਾਂਦੇ ਤੇ ਕੜਾਹ ਪ੍ਰਸ਼ਾਦ ਵੰਡੇ ਜਾਣ ਤੇ ਉਥੇ ਹੀ ਛਕ ਲੈਂਦੇ ਜਿਸ ਦਾ ਭਾਵ ਅਰਥ ਸੀ ਕਿ ਸਾਰਿਆਂ ਵਿਚ ਇਸ ਮਹਾਨ ਕੰਮ ਲਈ ਪੂਰਨ ਏਕਾ ਹੈ। ਫਿਰ ਅਕਾਲੀ ਉਚੀ ਆਵਾਜ਼ ਨਾਲ ਕਹਿੰਦੇ ਕਿ ਸਰਦਾਰੋ ਇਹ ਗੁਰਮਤਾ ਹੈ। ਫਿਰ ਸਰਦਾਰ ਇਕ ਦੂਜੇ ਦੇ ਨੇੜੇ ਹੋਕੇ ਕਹਿੰਦੇ ਕਿ ਪਵਿਤ੍ਰ (ਗੁਰੂ) ਗ੍ਰੰਥ ਸਾਹਿਬ ਦੀ ਅਸੀਂ ਹਜ਼ੂਰੀ ਵਿਚ ਹਾਂ, ਅਸੀਂ ਆਪਸੀ ਝਗੜਿਆਂ ਨੂੰ ਭੁਲਾ ਕੇ ਇਕ ਮਤ ਹੋ ਕੇ ਕੰਮ ਕਰਾਂਗੇ।

ਤੇਹਰਵੇਂ, ਨਿਰਮਲੇ, ਉਦਾਸੀ ਤੇ ਸੇਵਾ ਪੰਥੀਆਂ ਨੇ ਸਿੱਖੀ ਪਰਚਾਰ ਦੇ ਕੰਮ ਨੂੰ ਸਾਂਭੀ ਰਖਿਆ ਤੇ ਸ਼ਹੀਦੀ ਕਾਰਨਾਮਿਆਂ ਨੂੰ ਘਰ ਘਰ ਪਹੁੰਚਾਣਾ ਆਪਣੇ ਜਿਮੇਂ ਹੀ ਲੈ ਲਿਆ। ਸਮੇਂ ਦੀ ਸਰਕਾਰ ਨੇ ਸਿੱਖੀ ਪਰਚਾਰ ਤੇ ਪਰਸਾਰ ਤੇ ਹਰ ਪ੍ਰਕਾਰ ਦੀ ਪਾਬੰਦੀ ਲਗਾ ਦਿੱਤੀ ਹੋਈ

---

੧. ਪੰਨਾ ੧੨੧.

ਸੀ। ਇਕੱਠੇ ਹੋਣਾ ਤੇ ਇਕੱਠ ਕਰਨ ਦੀ ਹੁਕਮਨ ਮਨਾਹੀ ਸੀ । ਕੋਈ ਪੁਰਸ਼ ਗੁੜ ਤਕ ਨੂੰ ਗੁੜ ਨਹੀਂ ਸੀ ਆਖ ਸਕਦਾ। ਸਰਕਾਰ ਦਾ ਖ਼ਿਆਲ ਸੀ ਕਿ ਗੁੜ ਕਿਹਾਂ ਗੁਰੂ ਯਾਦ ਆਉਂਦਾ ਹੈ ਤੇ ਗੁਰੂ ਦਾ ਨਾਂ ਲਿਆਂ ਗੁਰੂ ਗੋਬਿੰਦ ਸਿੰਘ ਤੇ ਗੁਰੂ ਗੋਬਿੰਦ ਸਿੰਘ ਚੇਤੇ ਆਉਣ ਨਾਲ ਹੀ ਸਿਖੀ ਉਤਸ਼ਾਹ ਜਾਗ ਪੈਂਦਾ ਹੈ । ਸੋ ਭੇਲੀ ਜਾਂ ਰੋੜੀ ਕਹਿਣ ਦਾ ਹੁਕਮ ਸੀ। ਕੋਈ ਪੁਸਤਕ ਨੂੰ ਗ੍ਰੰਥ ਨਹੀਂ ਸੀ ਆਖ ਸਕਦਾ। ਕਿਉਂ ਜੋ ਗ੍ਰੰਥ ਕਹਿਆਂ ਗੁਰੂ ਗ੍ਰੰਥ ਵਲ ਧਿਆਨ ਚਲੇ ਜਾਣਾ ਸੁਭਾਵਕ ਹੈ ਤੇ ਐਸਾ ਕਰਨ ਨਾਲ ਸ਼ਰਧਾ ਉੱਘ ਪੈਂਦੀ ਹੈ, ਸੋ ਪੁਸਤਕ ਨੂੰ ਕੋਈ ਗ੍ਰੰਥ ਨਹੀਂ ਸੀ ਆਖ ਸਕਦਾ। ਕਿਉਂ ਜੋ ਗ੍ਰੰਥ ਕਹਿਆਂ ਗੁਰੂ ਗ੍ਰੰਥ ਵਲ ਧਿਆਨ ਚਲੇ ਜਾਣਾ ਸੁਭਾਵਕ ਹੈ ਤੇ ਐਸਾ ਕਰਨ ਨਾਲ ਸ਼ਰਧਾ ਉੱਘ ਪੈਂਦੀ ਹੈ, ਸੋ ਪੁਸਤਕ ਨੂੰ ਪੋਥੀ ਜਾਂ ਕਿਤਾਬ ਕਹਿਣ ਦਾ ਹੁਕਮ ਸੀ। ਇਸ ਤਰ੍ਹਾਂ ਦਾ ਇਕ ਹੋਰ ਫਰਮਾਨ ਸੀ ਕਿ ਜੇ ਕੋਈ ਸਿੰਘਾਂ ਨੂੰ ਟਿਕਾਣਾ ਦੇਵੇਗਾ, ਉਸ ਨੂੰ ਮੌਤ ਦੀ ਸਜ਼ਾ ਹੋਵੇਗੀ ਤੇ ਜੇ ਕੋਈ ਸਿੰਘ ਦਾ ਪਤਾ ਜਾਣਦਾ ਹੋਵੇਗਾ ਤੇ ਨ ਦਸੇਗਾ ਉਸ ਨੂੰ ਵੀ ਜਾਨੋਂ ਮਾਰ ਦਿਤਾ ਜਾਵੇਗਾ ਤੇ ਜੇ ਕੋਈ ਸਿੰਘਾਂ ਨੂੰ ਅੰਨਪਾਣੀ ਦੇਵੇਗਾ ਤਾਂ ਵੀ ਉਸ ਨੂੰ ਮੌਤ ਦੇ ਘਾਟ ਉਤਾਰਿਆ ਜਾਏਗਾ।[੧] ਸਚੀ ਗੱਲ ਤਾਂ ਇਹ ਹੈ ਕਿ ਸਿੰਘ ਦਾ ਖ਼ੂਨ ਮੁਆਫ਼ ਸੀ। ਇਤਨੇ ਤਸੀਹਾਂ ਦੇ ਪਿਛੋਂ ਵੀ ਸਿੰਘ ਵੱਧਦੇ ਹੀ ਗਏ। ਇਸ ਦਾ ਇਕ ਵੱਡਾ ਕਾਰਨ ਉਹ ਪਰਚਾਰ ਸੀ ਜੋ ਬੰਦ ਨਹੀਂ ਸੀ ਹੋਇਆ। ਨਿਰਮਲੇ ਸਾਧੂਆਂ ਨੇ ਇਹ ਕੰਮ ਆਪਣੇ ਜਿਮੇਂ ਲੈ ਲਇਆ। ਉਦਾਸੀ ਉਂਝ ਤਾਂ ਸਿਖੀ ਰਹਿਤ ਬਹਿਤ ਦੇ ਧਾਰਨੀ ਨਹੀਂ ਸਨ ਪਰ ਸਿੱਖੀ ਪਿਆਰ ਵਿਚ ਕਿਸੇ ਤੋਂ ਘਟ ਨਹੀਂ ਸਨ। ਉਹ ਆਮ ਲੋਕਾਂ ਵਿਚ ਪੁਜ ਕੇ ਸਿੱਖੀ ਦੀ ਬਹਾਦਰੀ ਤੇ ਸਹਾਰੇ ਅਤਿਆਚਾਰਾਂ ਦੀਆਂ ਸਾਖੀਆਂ ਸੁਣਾਂਦੇ। ਉਹ ਨਿਕੀਆਂ ਨਿਕੀਆਂ ਬੈਠਕਾਂ ਵਿਚ ਜਾ ਸੁਣਾਂਦੇ ਕਿ ਸਿਖ ਇਹ ਸਭ ਕੁਝ ਪੰਜਾਬ ਨੂੰ ਜਰਵਾਣਿਆਂ ਦੇ ਹਥਾਂ ਵਿਚੋਂ ਕਢਣ ਲਈ ਕਰ ਰਹੇ ਹਨ। ਸਿਖ ਇਹ ਸਭ ਤਸੀਹੇ ਸਵਾਰਥ ਰਹਿਤ ਝਲ ਰਹੇ ਹਨ। ਇਸ ਤਰ੍ਹਾਂ ਨਿਰਮਲਿਆਂ ਨੇ ਸਿਖੀ ਦੇ ਸਿਧਾਂਤਕ ਪੱਖ ਨੂੰ ਉਜਾਗਰ ਰਖਿਆ। ਉਹ ਕਥਾਵਾਂ ਕਰਕੇ, ਗੁਰ-ਬਾਣੀ ਦਾ ਸਤਿਕਾਰ ਜਨ-ਸਾਧਾਰਣ ਵਿਚ ਭਰੀ ਜਾਂਦੇ। ਸੇਵਾ ਪੰਥ ਦੇ ਮੋਢੀ ਅਦਨ ਸ਼ਾਹ ਤੇ ਫ਼ਿਰ ਉਨ੍ਹਾਂ ਦੇ ਅਨੁਯਾਈ ਵੀ ਜੁਅਰਤ ਨਾਲ ਸਿੱਖੀ ਦੀ ਕਹਾਣੀ ਹਰ ਘਰ ਜਾ ਕੇ ਪਹੁੰਚਾਏ। ਇਤਨਾ ਪ੍ਰਭਾਵ ਪੈਂਦਾ ਸੀ ਕਿ ਮਨਚਲੇ, ਜਜ਼ਬੇ ਵਾਲੇ, ਅਗਾਂ ਵਧੂ ਸਭ ਸਿਖੀ ਦੇ ਦਾਇਰੇ ਵਿਚ

---

੧. "ਜੋ ਸਿੰਘ ਨ ਕੋ ਕੋਊ ਲੁਕਾਵੈ
ਸੋਵਹਿ ਆਪਨੀ ਜਾਨ ਗਵਾਵੈ।
ਆਇ ਸਿੰਘ ਬਤਾਵੈ ਨਾ ਹੀ।
ਵੈ ਭੀ ਆਪਨੀ ਜਿੰਦ ਗਵਾਹੀ।
ਜੋ ਸਿੰਘਨ ਕੋ ਦੇਵੈ ਨਾਜ।
ਮੁਸਲਮਾਨ ਕਰੇ ਤਿਸ ਕਾਜ।"

੨. ਸਿੰਘਨ ਖੂਨ ਮਾਫ ਹਮ ਕੀਨੇ,
ਜਿਤ ਲਭੈ ਤਿਤ ਮਾਰਹੁ ਚੀਨੇ
ਲੂਟ ਲੂਟ ਉਸ ਮਾਫ ਹਮ ਕਰੀ।
ਹਮਰੀ ਲਿਖਤ ਏ ਜਾਨੋ ਖਰੀ।
ਟੋਲ ਟੋਲ ਸਿੰਘਨ ਕੋ ਮਾਰੇ, ਜੈਸੇ ਮਾਰੇ ਟੋਲ ਸਿਕਾਰੇ।
ਘਰ ਤੇ ਕਢੇ ਮੂ ਬਣ ਤਕੇ, ਬਨ ਤਜ ਨੀਹ ਲੁਕਾਇ।
ਜਲ ਮਹਿ ਲੁਕੈ ਤੋ ਕਹਿ ਬਚੈ, ਕਹੋ ਸਿੰਘ ਕਤ ਜਾਇ।
(ਪੰਥ ਪ੍ਰਕਾਸ਼)

ਆ ਜਾਂਦੇ। ਮਿਸਲਾਂ ਦੇ ਕਈ ਜਥੇਦਾਰਾਂ ਨੇ ਇਨ੍ਹਾਂ ਦੇ ਪ੍ਰਭਾਵ ਹੇਠਾਂ ਹੀ ਸਿੱਖੀ ਧਾਰਨ ਕੀਤੀ ਸੀ। ਕਨ੍ਹਿਆਂ ਮਿਸਲ ਦੇ ਖੁਸ਼ਹਾਲ ਚੰਦ ਇਕ ਸਾਧਾਰਣ ਪੁਰਸ਼ ਸਨ। ਜਦ ਇਨ੍ਹਾਂ ਨੇ ਜ਼ੁਲਮਾਂ ਦੀ ਅਤਿ ਹੁੰਦੀ ਸੁਣੀ ਤਾਂ ਉਨ੍ਹਾਂ ਦੇ ਪੁਤਰ ਨੇ ਸਿੱਖੀ ਧਾਰਨ ਕਰ ਲਈ ਤੇ ਨਵਾਬ ਕਪੂਰ ਸਿੰਘ ਪਾਸੋਂ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਉਹ ਹੀ ਪਿਛੋਂ ਜੈ ਸਿੰਘ ਕਨ੍ਹਿਆਂ ਕਰਕੇ ਪ੍ਰਸਿੱਧ ਹੋਏ। ਇਸੇ ਤਰ੍ਹਾਂ ਡਲੇ ਵਾਲੀ ਮਿਸਲ ਦੇ ਮੋਢੀ ਸਰਦਾਰ ਗੁਲਾਬ ਸਿੰਘ ਜੀ ਦੇ ਪਿਤਾ ਸ਼ਰਧਾ ਰਾਮ ਦੁਕਾਨਦਾਰ ਸਨ। ਸਿੰਘਾਂ ਦੀਆਂ ਵੀਰ-ਗਥਾਵਾਂ ਸੁਣ ਸੁਣ ਕੇ ਉਸ ਦਾ ਬੇਟਾ ਮੈਦਾਨ ਵਿਚ ਨਿਕਲ ਆਇਆ। ਥੋੜ੍ਹੇ ਹੀ ਦਿਨਾਂ ਵਿਚ ਇਨ੍ਹਾਂ ਦਾ ਆਪਣਾ ਜਥਾ ਬਣ ਗਇਆ ਜੋ ਜੁਅਰਤ ਦੀ ਇਕ ਉਦਾਹਰਣ ਸੀ। ਜਿਥੇ ਇਹ ਡਰ ਡਰ ਕੇ ਸਮਾਂ ਕਢਦੇ ਸਨ ਉਥੇ ਸਿਰਫ਼ ਡੇਢ ਸੌ ਸਿਖਾਂ ਨਾਲ ਉਸਨੇ ੧੭੫੦ ਦੀ ਵੈਸਾਖੀ ਨੂੰ ਜਲੰਧਰ ਸ਼ਹਿਰ ਤੇ ਐਸਾ ਹੱਲਾ ਬੋਲਿਆ ਕਿ ਨਵਾਬ ਹੈਰਾਨ ਹੋ ਗਿਆ। ਅਗੋਂ ਇਸ ਦੀ ਬੀਰਤਾ ਦੇ ਕਾਰਨਾਮੇ ਸੁਣਕੇ ਇਸ ਦੇ ਸਾਰੇ ਭਾਈ ਤੇ ਹੋਰ ਰਿਸ਼ਤੇਦਾਰ ਜਿਨ੍ਹਾਂ ਵਿਚੋਂ ਸਰਦਾਰ ਹਰਦਿਆਲ ਸਿੰਘ, ਗੁਰਦਿਆਲ ਸਿੰਘ, ਜੈਪਾਲ ਸਿੰਘ, ਸਿੰਘ ਸੱਜ ਗਏ। ਇਸੇ ਤਰ੍ਹਾਂ ਨਿਸ਼ਾਨ ਵਾਲੀ ਮਿਸਲ ਦੇ ਮੋਢੀ ਸਰਦਾਰ ਦਸਵੰਧਾ ਸਿੰਘ ਜੀ ਦੇ ਪਿਤਾ ਚੌਧਰੀ ਸਾਹਿਬ ਰਾਇ ਪਿੰਡ ਮਨਸੂਰ ਜ਼ਿਲਾ ਫੀਰੋਜ਼ਪੁਰ ਦੇ ਰਹਿਣ ਵਾਲੇ ਸਨ। ਉਨ੍ਹਾਂ ਨੇ ਆਪ ਆਪਣੇ ਪੁਤਰ ਨੂੰ ਜਥੇਦਾਰ ਦਰਬਾਰਾ ਸਿੰਘ ਪਾਸ ਭੇਜਿਆ ਤੇ ਉਹ ਅੰਮ੍ਰਿਤ ਛਕ ਕੇ ਦਲ ਖਾਲਸੇ ਅਗੇ ਨਿਸ਼ਾਨ ਸਾਹਿਬ ਉਠਾਉਣ ਦੀ ਜੁਅਰਤ ਮਈ ਸੇਵਾ ਨਿਭਾਉਣ ਲਗੇ। ਗੱਲ ਕੀ, ਇਨ੍ਹਾਂ ਸਾਰਿਆਂ ਨੇ ਸਿੱਖੀ ਦੀ ਜੋਤ ਨੂੰ ਜਗਦੇ ਰਖਣ ਵਿਚ ਇਕ ਵੱਡਾ ਹਿੱਸਾ ਪਾਇਆ।

ਅੰਤਲੀ ਗਲ, ਆਮ ਹਿੰਦੂ ਜਨਤਾ ਦੀ ਪੂਰਣ ਸਮਤੀ ਸਿੱਖਾਂ ਨਾਲ ਸੀ। ਜੇ ਕੁਝ ਚੌਧਰੀ ਹਕੂਮਤ ਦਾ ਅਤਿਆਚਾਰ ਕਰਨ ਵਿਚ ਸਹਾਇਤਾ ਦੇ ਰਹੇ ਸਨ ਤਾਂ ਆਮ ਹਿੰਦੂ ਜਨਤਾ ਦੀ ਪੂਰਨ ਹਮਦਰਦੀ ਸਿੱਖਾਂ ਨਾਲ ਸੀ। ਸਗੋਂ ਸਿਰ ਕੱਢ ਹਿੰਦੂਆਂ ਤੇ ਚੌਧਰੀਆਂ ਨੂੰ ਸਿਖਾਂ ਦੇ ਵਿਰੁਧ ਕੰਮ ਕਰਦਾ ਦੇਖ ਕੇ ਜਨਤਾ ਵਿਚ ਸਹਾਇਤਾ ਕਰਨ ਦਾ ਜਜ਼ਬਾ ਜਾਗ ਪਿਆ। ਇਥੋਂ ਤਕ ਉਨ੍ਹਾਂ ਵਿਚ ਇਕ ਵੱਖ ਸ਼੍ਰੇਣੀ ਹੀ ਬਣ ਗਈ। ਉਹਨਾਂ ਦਾ ਨਾਂ ਸਹਿਜਧਾਰੀ ਸਿੱਖ (Gradual adopter) ਪੈ ਗਿਆ। ਉਹ ਸਹਿਜਧਾਰੀ ਹੀ ਸਿਖਾਂ ਦੀ ਰਾਖਵੀਂ ਫੌਜ ਸਾਬਤ ਹੋਏ। ਜਦ ਹਜ਼ਾਰਾਂ ਸ਼ਹੀਦ ਹੁੰਦੇ ਤਾਂ ਇਨ੍ਹਾਂ ਵਿਚੋਂ ਹੀ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋ ਸਿੰਘਾਂ ਨਾਲ ਆ ਰਲ ਦੇ। ਫਿਰ ਹਿੰਦੂ ਸਿੱਖਾਂ ਨੂੰ ਆਪਣੇ ਰਾਖੇ ਸਮਝਦੇ ਸਨ। ਉਨ੍ਹਾਂ ਨੂੰ ਦੇਸ਼ ਕੌਮ ਲਈ ਦੁੱਖੜੇ ਝਲਣ ਵਾਲਾ ਕਹਿੰਦੇ, 'ਮੋੜੀਂ ਬਾਬਾ ਡਾਂਗ ਵਾਲਿਆ' ਉਸ ਸਮੇਂ ਦੇ ਆਖਾਣ ਇਹ ਹੀ ਦਰਸਾਂਦਾ ਹੈ ਕਿ ਹਰ ਘਰੋਂ ਇਹ ਦਰਦ ਭਰੀ ਹੂਕ ਨਿਕਲਦੀ ਸੀ ਤੇ ਉਹ ਸਿੰਘ ਨੂੰ ਆਪਣੀ ਅਣਖ ਤੇ ਇਜ਼ਤ ਦਾ ਰਾਖਾ ਹੀ ਸਮਝਦੇ ਸਨ। ਇਥੋਂ ਤਕ ਪਹਿਲਾਂ ਪਹਿਲਾਂ ਦੀਵਾਨ ਲਖਪਤ ਰਾਇ ਵੀ ਸਿਖਾਂ ਦਾ ਹਮਦਰਦ ਤੇ ਸਹਾਇਕ ਸੀ। ਦੀਵਾਨ ਕੌੜਾ ਮਲ ਤਾਂ ਆਖ਼ੀਰ ਸਮੇਂ ਤਕ ਹਮਦਰਦ ਰਿਹਾ। ਸਿਖ ਉਸਨੂੰ ਕੌੜਾ ਮਲ ਨਹੀਂ 'ਮਿਠਾ ਮਲ' ਕਹਿੰਦੇ ਸਨ।

ਇਹ ਸਨ ਕੁਝ ਕਾਰਣ ਜਿਨ੍ਹਾਂ ਕਾਰਨ ਸਿਖ ਅਮਿੱਟ ਰਹੇ। ਨ ਮਿਟਾਏ ਜਾ ਸਕੇ। ਔਕੜਾਂ ਝਾਗਦੇ ਅਗੇ ਵੱਧਦੇ ਰਹੇ। ਦੁੱਖੜੇ ਝਲ ਕੇ ਭਾਣੇ ਨੂੰ ਸੱਚ ਮੁੱਚ ਮਿਠਾ ਕਰਕੇ ਮੰਨਦੇ ਰਹੇ। ਕੌਮ ਨੂੰ ਸੁਰਜੀਤ ਰਖਣ ਲਈ ਜਾਨਾਂ ਵਾਰਦੇ ਰਹੇ।

———

ਅਧਿਆਇ ਨੌਵਾਂ

ਸ਼ਹਾਦਤਾਂ ਦਾ ਪਹਿਲਾ ਦੌਰ

ਫਰਖਸੀਅਰ ਦਾ ਅਬਦੁਸਸਮਦ ਖਾਨ ਨੂੰ ਪੰਜਾਬ ਦਾ ਗਵਰਨਰ ਥਾਪਣਾ।

ਫਰਖ਼ਸੀਅਰ ਨੇ ਅਬਦੁਸਸਮਦ ਖਾਨ ਨੂੰ ਪੰਜਾਬ ਦਾ ਗਵਰਨਰ ਉਸੇ ਤਰ੍ਹਾਂ ਰਹਿਣ ਦਿੱਤਾ ਅਤੇ ਇਕ ਵਿਸ਼ੇਸ਼ ਹੁਕਮ ਰਾਂਹੀ ਉਸਨੂੰ ਹੋਰ ਅਧਿਕਾਰ ਦੇ ਦਿਤੇ। ਉਹ ਹੁਣ ਸਿਖਾਂ ਨੂੰ ਮਾਰ ਮੁਕਾਉਣ ਲਈ ਹਰ ਹਥਿਆਰ ਵਰਤ ਸਕਦਾ ਸੀ। ਖਾਫ਼ੀ ਖਾਨ ਲਿਖਦਾ ਹੈ ਕਿ ਅਬਦੁਸਸਮਦ ਖਾਨ ਨੇ ਪੰਜਾਬ ਨੂੰ ਖੂਨ ਨਾਲ ਇਸ ਤਰ੍ਹਾਂ ਭਰ ਦਿਤਾ ਜਿਵੇਂ ਉਹ ਕੋਈ ਥਾਲ ਹੋਵੇ। ਪੰਜ਼ਾਬ ਵਿਚ ਜ਼ੁਲਮਾਂ ਦਾ ਚਕਰ ਐਸਾ ਚਲਿਆ ਕਿ ਸਿਖਾਂ ਦਾ ਬੱਚ ਨਿਕਲਣਾ ਮੁਸ਼ਕਲ ਹੀ ਜਾਪਣ ਲਗਾ। ਉਸਦੇ ਕਾਰਨਾਮਿਆਂ ਤੇ ਖੁਸ਼ ਹੋ ਕੇ ਫਰਖ਼ਸੀਅਰ ਨੇ ਜ਼ਕਰੀਆ ਨੂੰ 'ਸ਼ਮਸ਼ੇਰ ਰਿਆਸਤ' ਦਾ ਖਿਤਾਬ ਵੀ ਦਿਤਾ। ਸਿੱਖ ਜ਼ੁਲਮ ਦੀ ਚੱਕੀ ਵਿਚ ਪਿਸ ਰਹੇ ਸਨ।

ਸਿਖਾਂ ਨਵੇਂ ਟਿਕਾਣੇ ਬਣਾਏ : ਆਪਣੇ ਆਪ ਤੇ ਇਸ ਤਰ੍ਹਾਂ ਸਖਤੀ ਹੁੰਦੀ ਦੇਖ ਸਿਖਾਂ ਨੇ ਵੀ ਹੱਥ ਪੈਰ ਮਾਰਨੇ ਅਰੰਭ ਕਰ ਦਿਤੇ। ਸਿਖ ਜੱਥਿਆਂ ਦੀ ਸ਼ਕਲ ਵਿਚ ਜੰਗਲਾਂ, ਪਹਾੜਾਂ ਤੇ ਛੰਬਾਂ ਵਲ ਚਲੇ ਗਏ। ਕਾਹਨੂਵਾਲ ਦੇ ਛੰਭ ਇਕ ਚੰਗੀ ਛੁਪਨ ਗਾਹ ਤੇ ਟਿਕਾਣਾ ਸਨ। ਲਖੀ ਜੰਗਲ ਇਕ ਹੋਰ ਟਿਕਾਣਾ ਸੀ। ਰਾਜਸਥਾਨ ਦੇ ਕੁਝ ਨਖਲਸਤਾਨ ਵੀ ਚੰਗੇ ਟਿਕਾਣੇ ਸਨ। ਮਾਲਵੇ ਵਿਚ ਵੀ, ਕੁਝ ਟਿਕਾਣੇ ਸਿੰਘਾਂ ਨੇ ਬਣਾ ਲਏ ਸਨ। ਪੰਜਾਬ ਦੇ ਮੈਦਾਨ ਤਕਰੀਬਨ ਖਾਲੀ ਹੀ ਹੋ ਗਏ। ਸਿਖ ਸਮਾਂ ਟਪਾ ਰਹੇ ਸਨ। ਗਸ਼ਤੀ ਫੌਜਾਂ ਪੰਜਾਬ ਦੇ ਕੋਨੇ ਕੋਨੇ ਫਿਰ ਰਹੀਆਂ ਸਨ। ਇਨ੍ਹਾਂ ਅਗਲੇ ਤਿੰਨ ਸਾਲਾਂ ਵਿਚ ਸਿਖਾਂ ਨੇ ਅਨੇਕਾਂ ਹੀ ਤਸੀਹੇ ਸਹੇ। ਕਈ ਸ਼ਹੀਦ ਹੋਏ। ਸ੍ਰੀ ਅੰਮ੍ਰਿਤਸਰ ਤਕ ਖਾਲੀ ਹੋ ਗਇਆ।

ਪਰ ਜੋਤ ਜਗਦੀ ਰਹੀ : ਸ੍ਰੀ ਅੰਮ੍ਰਿਤਸਰ ਹਰਿਮੰਦਰ ਸਾਹਿਬ ਦੀ ਸੇਵਾ ਸੰਭਾਲ ਕਰਨ ਵਾਲਾ ਵੀ ਕੋਈ ਨ ਰਿਹਾ ਪਰ ਜੋਤ ਰੋਜ਼ ਜਗਦੀ ਤੇ ਸਭ ਨੂੰ ਹੈਰਾਨ ਕਰਦੀ। ਇਹ ਕੰਮ ਉਨ੍ਹਾਂ ਸੇਵਾ ਪੰਥੀਆਂ ਦਾ ਸੀ ਜੋ ਰਾਤ ਹਰਿਮੰਦਰ ਸਾਹਿਬ ਨੂੰ ਸਰੋਵਰ ਵਿੱਚ ਦੀ ਪੁੱਠੀ ਤਾਰੀ ਤਰਕੇ ਪੁੱਜਦੇ ਤੇ ਜੋਤ ਜਗਾ ਕੇ ਮੁੜਦੇ। ਜਦ ਪਹਿਰੇ ਸਖ਼ਤ ਹੋ ਗਏ ਤਾਂ ਇਕ ਪਿੰਗਲੇ **ਭਾਈ ਪਰਮਾ ਨੰਦ** ਜੀ ਨੇ ਜੋਤ ਜਗਾਉਣ ਦਾ ਭਾਰ ਆਪਣੇ ਸਿਰ ਚੁਕ ਲਇਆ। ਉਸਦੇ ਸ਼ਰੀਰ ਨੂੰ ਨਾਕਾਰਾ ਜਾਣ ਪਹਿਰੇਦਾਰ ਕੁਝ ਨਾ ਕਹਿੰਦੇ ਪਰ ਉਹ ਰਾਤ ਦੇ ਘੁੱਪ ਹਨੇਰੇ ਕਦੇ ਪਾਣੀ ਵਿਚੋਂ ਤੇ ਕਦੇ ਰਿੜ੍ਹਕੇ ਹਰਿਮੰਦਰ

ਸਾਹਿਬ ਜੋਤ ਜਗਾਉਣ ਜਾਂਦੇ। ਜੋਤ ਦਾ ਜਗਣਾ ਸੁਣ ਸੁਣ ਕੇ ਸਿੱਖਾਂ ਵਿਚ ਉਤਸ਼ਾਹ ਦੀ ਲਹਿਰ ਹੀ ਦੌੜ ਜਾਂਦੀ।

ਫਰਖ਼ਸੀਅਰ ਦੀ ਮੌਤ ਤੇ ਅਬਦਸਸਮਦ ਖਾਨ ਦਾ ਢਿਲਾ ਹੋਣਾ : ਦਿਲੀ ਵਿਚ ਅਸਲ ਤਾਕਤ ਬਾਦਸ਼ਾਹ ਦੇ ਹੱਥ ਨਹੀਂ ਸੀ ਸਗੋਂ ਅਮੀਰਾਂ ਦੇ ਹੱਥ ਸੀ ਤੇ ਅਮੀਰਾਂ ਵਿਚ ਵੀ ਵੰਡੀਆਂ ਪੈ ਗਈਆਂ ਤੇ ਹਰ ਪੱਖ ਇਸ ਕੋਸ਼ਿਸ਼ ਵਿਚ ਸੀ ਕਿ ਫਰਖ਼ਸੀਅਰ ਉਸ ਦਾ ਹੱਥ ਠੋਕਾ ਬਣ ਜਾਏ। ਸਯਦ ਭਰਾਵਾਂ ਨੇ ਫਰਖਸੀਅਰ ਨੂੰ ਇਤਨਾ ਤੰਗ ਕੀਤਾ ਕਿ ਉਸਨੂੰ ੨੮ ਫਰਵਰੀ ੧੭੧੯ ਨੂੰ ਗੱਦੀ ਛੱਡਣ ਤੇ ਮਜ਼ਬੂਰ ਹੀ ਕਰ ਦਿਤਾ। ਦੋ ਮਹੀਨੇ ਕੈਦ ਰੱਖ ਕੇ ੨੭ ਤੇ ੨੮ ਅਪ੍ਰੈਲ ਦੀ ਦਰਮਿਆਨੀ ਰਾਤ ਉਸਨੂੰ ਮਰਵਾ ਦਿਤਾ ਤੇ ਉਸਦੀ ਲਾਸ਼ ਹਮਾਯੂੰ ਦੇ ਮਕਬਰੇ ਵਿਚ ਹੀ ਦਬਾ ਦਿਤੀ ਗਈ। ਸਯਦ ਭਰਾਵਾਂ ਦਾ ਜ਼ੋਰ ਤੇ ਹਵਸ ਦੋਵੇਂ ਵੱਧ ਗਈਆਂ। ਉਨ੍ਹਾਂ ਉਤੋੜਤੀ ਰਫੀਅ-ਉਦਰਜਾਤ ਤੇ ਰਫੀਅ ਉਦ-ਦਉਲਾ ਨੂੰ ਸ਼ਹਾਜਾਨ ਦੂਜਾ ਆਖੱਕੇ ਤੱਖ਼ਤ ਤੇ ਬਿਠਾਇਆ। ਉੱਧਰ ਆਗਰੇ ਵਿਚ ਨਕੋਸਯਰ ਨੇ ਆਪਣੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿਤਾ। ਪਰ ਉਹ ਕਾਮਯਾਬ ਨ ਹੋਇਆ ਆਖਰ ਤਾਜ ੨੮ ਸਤੰਬਰ ੧੭੧੯ ਨੂੰ ਬਹਾਦਰ ਸ਼ਾਹ ਪਹਿਲੇ ਦੇ ਪੁਤਰ ਜਹਾਂਸ਼ਾਹ ਦੇ ਪੁੱਤਰ ਰੌਸ਼ਨ ਅਖਤਰ ਦੇ ਸਿਰ ਰਖਿਆ ਗਿਆ। ਉਸਨੂੰ ਮੁਹੰਮਦ ਸ਼ਾਹ ਦਾ ਨਾਂ ਦੇ ਕੇ ਦਿਲੀ ਦੇ ਤੱਖਤ ਤੇ ਬਿਠਾ ਦਿਤਾ ਗਿਆ। ਕੈਸੀ ਹਾਸੋ ਹੀਣੀ ਹਾਲਤ ਹੋ ਚੁਕੀ ਸੀ ਦਿਲੀ ਦੇ ਤਖਤ ਦੀ, ਕਿ ਅਖਤਰ ਦੀ ਮਾਂ ਨੇ ਜਦ ਆਪਣੇ ਪੁੱਤਰ ਦਾ ਬਾਦਸ਼ਾਹ ਬਣਾਇਆ ਜਾਣਾ ਸੁਣਿਆ ਤਾਂ ਦੌੜਦੀ ਸਯਦ ਭਰਾਵਾਂ ਦੇ ਕੋਲ ਗਈ ਤੇ ਹੱਥ ਜੋੜ ਕੇ ਕਹਿਣ ਲਗੀ 'ਮੈਂ ਵਿਧਵਾ ਤੇ ਤਰਸ ਕਰੋ ਤੇ ਮੇਰੇ ਯਤੀਮ ਬਚੇ ਨੂੰ ਬਾਦਸ਼ਾਹ ਨ ਬਣਾਓ ਤੇ ਉਸ ਦੀ ਜਵਾਨੀ ਤੇ ਰਹਿਮ ਕਰੋ।' ਗੱਲ ਕੀ, ਮੁੱਗ਼ਲ ਸਰਕਾਰ ਇਸ ਨੀਵੀਂ ਪੱਧਰ ਤੇ ਪੁੱਜ ਚੁਕੀ ਸੀ ਕਿ ਕੋਈ ਤੱਖਤ ਤੇ ਬੈਠਣ ਨੂੰ ਤਿਆਰ ਨਹੀਂ ਸੀ। ਭਾਵੇਂ ਪਿਛੋਂ ਉਸ ੨੯ ਸਾਲ ਹਕੂਮਤ ਕੀਤੀ ਪਰ ਇਕ ਵਾਰ ਵੀ ਲਾਹੌਰ ਕੀ ਪੰਜਾਬ ਵੀ ਨ ਆਇਆ। ਇਹ ਇਤਿਹਾਸਕ ਸਚਾਈ ਹੈ ਕਿ ਬਹਾਦਰ ਸ਼ਾਹ ਪਿਛੋਂ ਕੋਈ ਵੀ ਬਾਦਸ਼ਾਹ ਪੰਜਾਬ ਨ ਆ ਸਕਿਆ। ਉਸ ਦਾ ਬਹੁਤਾ ਸਮਾਂ ਲਾਲ ਕਿਲ੍ਹੇ ਵਿਚ ਐਸ਼ ਕਰਦਿਆਂ ਹੀ ਗੁਜ਼ਰਦਾ। ਮਹੰਮਦ ਅਮੀਨ ਖਾਨ ਦੀ ਸਿਆਣਪ ਨੇ ਮੁਹੰਮਦ ਸ਼ਾਹ ਨੂੰ ਸਯਦ ਭਰਾਵਾਂ ਦੇ ਪੰਜੇ ਤੋਂ ਤਾਂ ਕੱਢ ਲਇਆ ਪਰ ਬਾਦਸ਼ਾਹ ਆਪ ਇਤਨਾ ਸਿਆਣਾ ਤੇ ਪ੍ਰਬੰਧਕ ਨਹੀਂ ਸੀ। ਸੋ ਹਰ ਪ੍ਰਾਂਤ ਦਾ ਨਵਾਬ ਮਨ ਮਾਨੀ ਹੀ ਕਰਨ ਲਗਾ। ਇਹ ਸਾਰਾ ਭਰਮ ੧੭੩੯ ਨਾਦਰ ਦੇ ਹਮਲੇ ਵੇਲੇ ਨਿਕਲ ਗਇਆ ਤੇ ਮੁੱਗਲਾਂ ਦਾ ਨਾਂ ਵੀ ਮਿਟ ਗਿਆ।

ਐਸੀ ਹਾਲਤ ਵਿਚ, ਪੰਜਾਬ ਦੇ ਗਵਰਨਰ ਅਬਦੁਸਸਮਦ ਖਾਨ ਨੇ ਵੀ ਆਪਣੀ ਪਹਿਲੀ ਨੀਤੀ ਨੂੰ ਮੋੜਾ ਦੇ ਦਿਤਾ। ਉਸ ਵੀ ਸਿਖਾਂ ਵਲੋਂ ਧਿਆਨ ਹਟਾ ਪਹਿਲਾਂ ਪੈਸਾ ਇਕਠਾ ਕਰਨ ਤੇ ਫਿਰ ਵਿਲਾਸੀ ਜੀਵਨ ਹੀ ਗੁਜਾਰਨ ਲਗ ਪਇਆ।

ਸਿਖਾਂ ਫਿਰ ਸਿਰ ਚੁਕਣਾ : ਸਿਖਾਂ ਨੇ ਉਹ ਸਮਾਂ ਰਬੋਂ ਭੇਜਿਆ ਸਮਝਿਆ ਤੇ ਉਹ ਆਪਣੇ ਟਿਕਾਣਿਆਂ ਵਿਚੋਂ ਬਾਹਰ ਨਿਕਲ ਆਏ। ਦਿਨ ਦਿਹਾੜੇ ਉਹ ਲਾਹੌਰ ਹਮਲੇ ਕਰਦੇ ਅੰਮ੍ਰਿਤਸਰ ਇਕਠੇ ਹੁੰਦੇ, ਇਸ਼ਨਾਨ ਕਰਦੇ ਤੇ ਦੀਵਾਨ ਲਗਾਉਂਦੇ। ਤਰੀਖੇ-ਇ-ਪੰਜਾਬ ਦਾ ਲਿਖਾਰੀ ਕਹਿੰਦਾ ਹੈ ਕਿ ਉਹ ਚਿਟੇ ਦਿਨ ਲਾਹੌਰ ਸ਼ਹਿਰ ਦੇ ਦੁਕਾਨਦਾਰਾਂ ਨੂੰ ਲੁਟ ਕੇ ਭੱਜ ਜਾਂਦੇ ਤੇ ਕੋਈ ਉਨ੍ਹਾਂ ਦਾ ਪਿਛਾ ਨ ਕਰਦਾ। ਰਾਵੀ ਦੇ ਕੰਢੇ ਧੋਬੀ ਦੇ ਧੋਂਦੇ ਕਪੜਿਆਂ ਨੂੰ ਵਰਤਨ ਲਈ ਲੈ ਜਾਂਦੇ। ਦਿਲੀ ਵੀ ਖਬਰਾਂ ਪੁੱਜੀਆਂ ਤੇ ਉਥੋਂ ਕਈ ਗੁੱਸੇ ਭਰੇ ਫਰਮਾਨ ਅਬਦੁਸ ਸਮਦ ਖਾਨ ਦੇ ਨਾਂ ਜਾਰੀ ਕੀਤੇ ਪਰ ਨਵਾਬ ਨੇ ਕਿਸੇ ਵੀ ਫਰਮਾਨ ਤੇ ਅਮਲ ਨ ਕੀਤਾ।

ਭਾਈ ਮਨੀ ਸਿੰਘ ਜੀ ਦਾ ਅੰਮ੍ਰਿਤਸਰ ਆਉਣਾ : ਉੱਧਰ ਅਬਦੁਸਸਮਦ ਖਾਨ ਢਿਲਾ ਹੋਇਆ, ਇਧਰ ਸਿੰਘਾ ਨੇ ਅੰਮ੍ਰਿਤਸਰ ਇਕਠ ਕਰਨੇ ਅਰੰਭ ਕਰ ਦਿਤੇ। ਭਾਵੇਂ ਬਾਬਾ ਬੰਦਾ ਸਿੰਘ ਨੇ ਕਦੇ ਤੇ ਕਿਸੇ ਸਮੇਂ ਵੀ ਆਪਣੇ ਆਪ ਨੂੰ ਗੁਰੂ ਜਾਂ ਗੁਰੂ ਦਾ ਜਾਨਸ਼ੀਨ ਨਹੀਂ ਸੀ ਕਿਹਾ ਪਰ ਫਿਰ ਵੀ ਕਈਆਂ ਨੇ ਉਨ੍ਹਾਂ ਪਿਛੋਂ ਉਨ੍ਹਾਂ ਨੂੰ ਗੁਰੂ ਹੀ ਥਾਪ ਲਿਆ। ਭਾਈ ਮਹੰਤ ਸਿੰਘ ਖੇਮ ਕਰਨ ਵਾਲੇ ਬੰਦਈਆਂ ਦੇ ਆਗੂ ਬਣ ਬੈਠੇ। ਉਨ੍ਹਾਂ ਅੰਮ੍ਰਿਤਸਰ ਵਲ ਮੂੰਹ ਕਰ ਲਇਆ ਤੇ ਸ੍ਰੀ ਦਰਬਾਰ ਸਾਹਿਬ ਕਬਜ਼ਾ ਕਰਨ ਦੀ ਸੋਚਨ ਲਗੇ। ਦੂਜੇ ਪਾਸੇ ਬਾਬਾ ਬਿਨੋਧ ਸਿੰਘ ਦੇ ਸਪੁਤ੍ਰ ਬਾਬਾ ਕਾਨ੍ਹ ਸਿੰਘ ਜੀ ਨੇ ਦੀਵਾਲੀ ਤੇ ਇਕੱਠ ਕਰਨ ਦੀ ਪਹਿਲਾਂ ਹੀ ਸੋਚ ਲਈ। ਦੋਵੇਂ ਧਿਰਾਂ ਅੰਮ੍ਰਿਤਸਰ ਪੁੱਜ ਗਈਆਂ ਤੇ ਦੋਵੇਂ ਹੀ ਆਪਣੇ ਆਪ ਨੂੰ ਜਾਇਜ਼ ਵਾਰਿਸ ਤੇ ਪ੍ਰਬੰਧਕ ਸਾਬਤ ਕਰਨ ਲਈ ਲੜਾਈ ਕਰਨ ਤਕ ਤਿਆਰ ਹੋ ਗਈਆਂ ਪਰ ਸੰਗਤਾਂ ਨੇ ਦੋਵੇਂ ਧਿਰਾਂ ਨੂੰ ਇਹ ਗੱਲ ਮਨਵਾ ਲਈ ਕਿ ਉਹ ਇਸ ਪਾਵਨ ਦਿਹਾੜੇ ਨ ਲੜਨ ਕਿਉਂਕਿ ਚਿਰਾਂ ਬਾਅਦ ਉਹ ਮਿਲ ਬੈਠੇ ਸਨ। ਹਕੂਮਤ ਵੀ ਕੋਈ ਦੱਖਲ ਨਹੀਂ ਸੀ ਦੇ ਰਹੀ। ਇਕ ਤਾਂ ਅਬਦੁਸਸਮਦ ਖਾਨ ਨੇ ਆਪਣੀ ਨੀਤੀ ਤਬਦੀਲ ਕਰ ਲਈ ਸੀ ਦੂਜੇ ਉਸਦਾ ਖਿਆਲ ਸੀ ਕਿ ਆਪਸੀ ਝਗੜੇ ਕਾਰਨ ਦੋਵੇਂ ਧਿਰਾਂ ਲੜ ਮਰਨ ਗੀਆਂ ਤੇ ਉਸਦਾ ਕੰਮ ਆਪੇ ਹੀ ਸਿਰੇ ਚੜ੍ਹ ਜਾਏਗਾ। ਪਰ ਦੀਵਾਲੀ ਆਰਾਮ ਨਾਲ ਗੁਜ਼ਰ ਗਈ। ਸਿਖਾਂ ਦੀਆਂ ਦੋਵੇਂ ਧਿਰਾਂ ਵਿਚ ਕੋਈ ਪੱਕਾ ਹੱਲ ਲਭਣ ਲਈ ਉਪਰਾਲੇ ਹੋਣ ਲਗੇ।

ਸਿਖਾਂ ਨੇ ਮਾਤਾ ਸੁੰਦਰੀ ਜੀ ਨੂੰ ਦਿਲੀ ਵਿਖੇ ਸਾਰੇ ਹਾਲਾਤ ਲਿਖ ਭੇਜੇ। ਮਾਤਾ ਸੁੰਦਰੀ ਜੀ ਦਿਲੀ ਦੇ ਢਿਲੀ ਹੋ ਜਾਣ ਨੂੰ ਚੰਗੀ ਤਰ੍ਹਾਂ ਅਨੁਭਵ ਕਰ ਰਹੇ ਸਨ। ਸਿਖਾਂ ਵਿਚ ਏਕੇ ਦੀ ਲੋੜ ਨੂੰ ਸੱਭ ਤੋਂ ਮੁਖ ਲੋੜ ਜਾਣਦੇ ਸਨ, ਸੋ ਉਨ੍ਹਾਂ ਨੇ ਭਾਈ ਮਨੀ ਸਿੰਘ ਜੀ[1] ਨੂੰ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਦਾ ਮੁੱਖ ਗ੍ਰੰਥੀ ਥਾਪ ਕੇ ਭੇਜਿਆ।

ਭਾਈ ਜੀ ਨੇ ਅਮ੍ਰਿਤਸਰ ਪੁਜਕੇ ਪਹਿਲਾਂ ਤਾਂ ਸੇਵਾ ਸੰਭਾਲ ਦੇ ਪ੍ਰਬੰਧ ਨੂੰ ਠੀਕ ਕੀਤਾ। ਮਰਯਾਦਾ ਕਾਇਮ ਕੀਤੀ। ਝਗੜਿਆਂ ਦਾ ਇਲਾਜ ਲਗਾਤਾਰ ਕੀਰਤਨ ਵਿਚ ਡਿੱਠਾ। ਜੈਕਾਰਿਆਂ ਦੀ ਥਾਂ ਸਿਰਫ਼ ਵਾਹਿਗੁਰੂ ਨਾਂ ਦੀ ਧੂੰਨੀ ਜਾਰੀ ਕੀਤੀ।[2] ਸੇਵਾ ਲਈ ਛੇ ਪਤੀਆਂ ਵਿਚ ਸੇਵਾਦਾਰ ਲਗਾਏ।

---

੧. ਆਪਜੀ ਛੋਟੀ ਉਮਰ ਵਿਚ ਹੀ ਸੰਨ ੧੬੭੪ ਵਿਚ ਗੁਰੂ ਤੇਗ ਬਹਾਦਰ ਜੀ ਪਾਸ ਪਿਤਾ ਕਾਲੂ ਜੀ ਨਾਲ ਆਏ ਸਨ। ਜਦ ਨਾਂ ਪੁਛਣ ਤੇ ਉਨ੍ਹਾਂ ਨੇ ਨਾਂ ਮਨੀਆਂ ਦਸਿਆ ਸੀ ਤਾਂ ਗੁਰੂ ਜੀ ਨੇ 'ਸਚਮੁਚ ਮਨੀ' ਕਹਿਕੇ ਅਸੀਸ ਦਿਤੀ ਸੀ। ਆਪ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਨਾਲ ਹੀ ਵਿਦਿਆ ਪ੍ਰਾਪਤ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਜਦ ਦੋ ਸਾਲ, ਸਤ ਮਹੀਨੇ ਦਸ ਦਿਨ ਆਪ ਜੀ ਨੂੰ ਸੰਪੂਰਣ ਗੁਰੂ ਗ੍ਰੰਥ ਸਾਹਿਬ ਦੇ ਅਰਥ-ਭਾਵ ਸਮਝਾਏ ਸਨ ਤਾਂ 'ਗਿਆਨੀ' ਦੀ ਪਦਵੀ ਵੀ ਬਖਸ਼ੀ ਸੀ। ਸਰਸਾ ਤੋਂ ਆਪ ਜੀ ਮਾਤਾ ਸੁੰਦਰੀ ਜੀ ਨਾਲ ਹਰਦੁਆਰ ਚਲੇ ਗਏ ਸਨ ਤੇ ਫਿਰ ਦਿਲੀ ਆ ਗਏ ਸਨ। ਆਪ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਗੁਰੂ ਵਾਰ ਭਗਤਵਾਰ ਤੇ ਸਿਖ ਵਾਰ ਕਰਕੇ ਗੁਰਬਾਣੀ ਨੂੰ ਸਮਝਣ ਲਈ ਇਕ ਨਵੀਂ ਲੀਹ ਪਾਈ ਪਰ ਕਈਆਂ ਨੇ ਇਸ ਨੂੰ ਨ ਸਮਝਦੇ ਹੋਏ ਮਾੜਾ ਵੀ ਕਿਹਾ। ਆਪਜੀ ਨੇ ਜਨਮ ਸਾਖੀ, ਸਿਖਾਂ ਦੀ ਭਗਤੀ ਮਾਲਾ (ਭਾਈ ਗੁਰਦਾਸ ਜੀ ਦੀ ਗਿਆਰਵੀਂ ਵਾਰ ਦਾ ਭਾਵ ਪ੍ਰਕਾਸ਼ਨੀ ਟੀਕਾ ਜਿਸ ਵਿਚ ਗੁਰੂ ਨਾਨਕ ਤੋਂ ਗੁਰੂ ਹਰਿਗੋਬਿੰਦ ਜੀ ਤਕ ਸਿਖਾਂ ਦੇ ਹਾਲ ਦਰਜ ਹਨ) ਜਪੁਜੀ ਦਾ ਟੀਕਾ ਤੇ ਕਈ ਹੋਰ ਅਨਮੋਲ ਪੁਸਤਕਾਂ ਲਿਖੀਆਂ।

੨. ਯਾਦ ਰਵੇ ਕਿ ਅਜ ਤਕ ਸ੍ਰੀ ਹਰਿਮੰਦਰ ਸਾਹਿਬ ਵਿਖੇ "ਬੋਲੇ ਸੋ ਨਿਹਾਲ-ਸਤਿ ਸ੍ਰੀ ਅਕਾਲ" ਦਾ ਜੈਕਾਰਾ ਨਹੀਂ ਹੋਇਆ ਤੇ ਹੁਣ ਵੀ ਨਹੀਂ ਹੁੰਦਾ।

(੧) ਗ੍ਰੰਥੀ।

(੨) ਗਿਆਨੀ।

(੩) ਸ਼ਬਦ ਕੀਰਤਨ ਕਰਨ ਵਾਲੇ ਗ੍ਰੰਥੀ-ਰਬਾਬੀ।

(੪) ਅਰਦਾਸੀਏ, ਮੁੱਸਦੀ, ਲਾਂਗਰੀ ਜੋ ਸਿਰਫ਼ ਕੜਾਹ ਪ੍ਰਸ਼ਾਦਿ ਤਿਆਰ ਕਰਦੇ।

(੫) ਧੂਪੀਏ, ਚਰਾਗੀਏ ਤੇ ਦਿਵਾਨ ਸਜਾਉਣ ਵਾਲੇ।

(੬) ਫ਼ਰਾਸ਼।

ਪੰਜ ਚੌਕੀਆਂ ਕੀਰਤਨ ਦੀਆਂ ਨੀਯਤ ਕੀਤੀਆਂ

(੧) ਸ੍ਰੀ ਆਸਾ ਜੀ ਦੀ ਵਾਰ ਅੰਮ੍ਰਿਤ ਵੇਲੇ ਤੋਂ ਅਰੰਭ ਤੇ ਸੂਰਜ ਦੇ ਚੜ੍ਹਨ ਤੋਂ ਕੁਝ ਸਮੇਂ ਪਹਿਲਾਂ ਸਮਾਪਤ ਕਰਨਾ।

(੨) ਬਿਲਾਵਲ ਦੀ ਚੌਕੀ।

(੩) ਚਰਨ ਕੰਵਲ ਦੀ ਚੌਕੀ।

(੪) ਸੋਦਰ ਦੀ ਚੌਕੀ, ਰਹਰਾਸ ਸਾਹਿਬ ਸੂਰਜ ਛਿਪਦੇ।

(੫) ਕੀਰਤਨ ਸੋਹਲੇ ਦੀ ਚੌਕੀ।

ਬਾਜੇ, ਗਾਜੇ, ਧੌਂਸੇ, ਨਿਸ਼ਾਨ ਸਾਹਿਬ ਸਹਿਤ ਸ੍ਰੀ ਤੱਖ਼ਤ ਅਕਾਲ ਬੁੰਗੇ ਤੋਂ ਗੁਰੂ ਗ੍ਰੰਥ ਸਾਹਿਬ ਜੀ ਕੋਠਾ ਸਾਹਿਬ ਤੋਂ ਲਿਆਉਣ ਤੇ ਬਿਰਾਜਮਾਨ ਕਰਾਉਨ ਲਈ ਪੰਜ ਸਿੰਘ ਨਿਯਤ ਕੀਤੇ।

ਇਸ ਮਰਯਾਦਾ ਦਾ ਸੱਭ ਪਾਸੇ ਪ੍ਰਭਾਵ ਇਹ ਪਿਆ ਕਿ ਸਿੰਘ ਜਾਗਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਨਾ ਸਿਖ ਗਏ ਤੇ ਗੁਰੂ ਨੂੰ ਆਪਣੇ ਵਿਚ ਹੀ ਮਹਿਸੂਸ ਕਰਨ ਲਗ ਪਏ। ਆਪ ਜੀ ਵਿਦਵਾਨ ਵੀ ਉਚ ਕੋਟੀ ਦੇ ਸਨ ਪਰ ਨਿਤ ਦੀ ਸੇਵਾ ਦੇਖ ਕੇ ਹਰ ਕੋਈ ਆਪ ਜੀ ਤੇ ਸ਼ਰਧਾ ਵੀ ਧਰਨ ਲਗ ਪਿਆ, ਕੋਈ ਗਲਤੀ ਕਰੇ ਤਾਂ ਆਪ ਜੀ ਉਸਨੂੰ ਅਕਾਲ ਤੱਖ਼ਤ ਤੇ ਸੱਦ ਕੇ ਗੁੱਸੇ ਹੁੰਦੇ ਤੇ ਸਿਧੇ ਰਾਹ ਟੁਰਨ ਲਈ ਪ੍ਰੇਰਦੇ। ਪੰਥ ਪ੍ਰਕਾਸ਼ ਦੇ ਸ਼ਬਦਾਂ ਵਿਚ

'ਪੁੱਜਾਰਨ ਸਿਰ ਬਡੋ ਪੁਜਾਰੀ
ਹੁਤੋ ਸਤਿਗੁਰ ਘਰ ਬੜ੍ਹਾ ਇਤਬਾਰੀ
ਅਕਾਲ ਬੁੰਗੇ ਕੇ ਤਖ਼ਤ ਸੁ ਬੈਠੇ
ਖਤਾਦਾਰ ਕੇ ਕੰਨ ਸੁ ਐਠੇ।'

ਵੈਸਾਖੀ ਦਾ ਪਹਿਲਾ ਵੱਡਾ ਇਕੱਠ ਕਰਨ ਲਈ ਭਾਈ ਸਾਹਿਬ ਨੇ ਲਿਖਿਆ। ਭਾਈ ਸਾਹਿਬ ਨੇ ਕੁਝ ਮਹੀਨਿਆਂ ਵਿਚ ਹੀ ਅਨੁਭਵ ਕਰ ਲਇਆ ਸੀ ਕਿ ਕਿਸੇ ਪਕੇ ਸਦੀਵੀ ਹਲ ਦੀ ਲੋੜ ਹੈ ਤੇ ਉਹ 'ਸਰਬਤ ਖਾਲਸਾ' ਸੱਦ ਕੇ ਹੀ ਕੀਤਾ ਜਾ ਸਕਦਾ ਸੀ। ਅਕਾਲ ਬੁੰਗੇ ਤੇ ਤਤ ਖਾਲਸਾ ਦੇ ਜਥੇਦਾਰ ਬਾਬਾ ਕਾਨ੍ਹ ਸਿੰਘ ਨੇ ਕਬਜ਼ਾ ਕਰ ਲਿਆ ਸੀ ਤੇ ਝੰਡਾ ਬੁੰਗਾ ਤੇ ਭਾਈ ਮਹੰਤ ਸਿੰਘ ਖੇਮਕਰਨ ਵਾਲੇ ਆ ਬੈਠੇ ਸਨ। ਉਸ ਸਮੇਂ ਤਾਂ ਸਾਰੇ ਭੜਕ ਹੀ ਉਠੇ ਜਦ ਮੰਹਤ ਸਿੰਘ ਰੱਥਾਂ ਉਤੇ ਗਦੈਲੇ ਲਗਾ ਦਰਬਾਰ ਸਾਹਿਬ ਤੱਕ ਆ ਪੁੱਜਾ। ਵੈਸਾਖੀ ਦੇ ਇਕੱਠ ਸਾਮਣੇ ਹੀ ਭਾਈ ਮਨੀ ਸਿੰਘ ਜੀ ਨੇ ਤਜਵੀਜ਼ ਰਖੀ ਕਿ ਨਿਤ ਦਾ ਝਗੜਾ ਮਿਟਾਉਣ ਲਈ ਤੇ ਪ੍ਰਬੰਧ ਕਿਸ ਦੇ ਹੱਥ ਹੋਵੇ ਅਤੇ ਪੰਥ ਦਾ 'ਵਾਰਸ' ਕੌਣ ਹੋਵੇ', ਲਈ ਹਰ ਇਕ ਦਾਹਵੇਦਾਰ ਦੀ ਇਕ ਪਰਚੀ ਹਰਿ ਕੀ ਪਉੜੀ ਅੰਮ੍ਰਿਤਸਰੋਵਰ ਪਾਈ ਜਾਏ ਅਤੇ "ਜਿਸ ਕੀ ਚਿੱਠੀ ਆਪ ਹੀ ਤਰ ਕਰ ਉਪਰ ਆਇ। ਪੰਥ ਵਹੀ ਮਾਲਕ ਬਨੈ ਸਭ ਗੁਰਦੁਆਰਨ ਕਾਇ।

ਫ਼ੈਸਲਾ ਅਤੇ ਬੰਦਈਆਂ ਦਾ ਦਰਬਾਰ ਸਾਹਿਬ ਤੋਂ ਚਲੇ ਜਾਣਾ : ਭਾਈ ਮਨੀ ਸਿੰਘ ਨੇ ਦੋ ਪਰਚੀਆਂ ਇਕ ਉਤੇ ਬੰਦਈਆਂ ਦਾ ਜੰਗੀ ਨਾਅਰਾ 'ਫਤਹ ਦਰਸ਼ਨ' ਤੇ ਦੂਜੇ ਤੇ 'ਵਾਹਿਗੁਰੂ ਜੀ ਕੀ ਫਤਹੇ' ਲਿਖ ਕੇ ਹਰਿ ਕੀ ਪਉੜੀ ਅੰਮ੍ਰਿਤ ਸਰੋਵਰ ਵਿਚ ਸੁੱਟ ਦਿਤੀਆਂ। ਫੈਸਲਾ ਇਹ ਹੀ ਸੀ ਕਿ ਜਿਸ ਦੀ ਪਰਚੀ ਉਪਰ ਪਹਿਲਾਂ ਤਰ ਆਏਗੀ, ਉਹ ਹੀ ਪ੍ਰਬੰਧ ਸੰਭਾ-ਲੇਗਾ ਪਰ ਕਰਨਾ ਕੁਦਰਤ ਦਾ ਕਿ ਕੁਝ ਸਮੇਂ ਲਈ ਤਾਂ ਦੋਵੇਂ ਹੀ ਪਰਚੀਆਂ ਡੁਬੀਆਂ ਰਹੀਆਂ।

'ਏਕ ਬੇਰ ਸਭ ਡੁਬ ਗਈ ਸਿਖ ਡਰੇ ਵਧੇਰੇ।
ਜੇਕਰ ਚਿਠੀ ਨਾਹਿ ਏਕ ਭੀ ਉਪਰ ਐਹੇ।
ਤੋ ਗੁਰਦੁਆਰੇ ਤੁਰਕ ਛੀਨ ਹਮ ਤੇ ਸਭ ਲੈ ਹੈ।'

ਸਾਰਿਆਂ ਅਰਦਾਸ ਕੀਤੀ। ਸਰਬਤ ਖਾਲਸਾ ਨੀਝ ਲਗਾ ਕੇ ਅੰਮ੍ਰਿਤਸਰੋਵਰ ਵਲ ਦੇਖ ਰਹਿਆ ਸੀ।

'ਇਤਨੇ ਮੇਂ ਇਕ ਨਿਕਲੀ ਚਿਠੀ
ਨਿਧੀ ਸਮਾਨ ਸਰਬ ਨੇ ਡਿਠੀ
ਜਾਇ ਮੁੜ ਸਬੈਨ ਸੋ ਫੜੀ
ਸਭਾ ਮਧੇ ਜਬ ਉਚੇ ਪੜੀ।
ਫਤੇ ਗੁਰ ਕੀ ਤਰੀ ਅਨਿਆਸ
ਡਬੀ ਔਰ ਸਭਨ ਕੀ ਆਸ।

ਪੰਥ ਨੇ ਖੁਸ਼ੀ ਦੇ ਜੈਕਾਰੇ ਛਡੇ ਪਰ ਮਹੰਤ ਸਿੰਘ ਨੇ ਲਾਹੌਰਾ ਸਿੰਘ ਰਾਹੀਂ ਇਹ ਸੁਨੇਹਾ ਭੇਜਿਆ ਕਿ ਉਹ ਫ਼ੈਸਲਾ ਮੰਨਣ ਲਈ ਤਿਆਰ ਨਹੀਂ। ਜਦ ਤਾਕਤ ਅਜਮਾਈ ਦੀ ਗੱਲ ਮਹੰਤ ਸਿੰਘ ਨੇ ਕੀਤੀ ਤਾਂ ਇਹ ਨਿਰਨਾ ਹੋਇਆ ਕਿ ਕਾਨ੍ਹ ਸਿੰਘ ਦਾ ਪੁਤਰ ਮੀਰੀ ਸਿੰਘ ਤੇ ਲਾਹੌਰਾ ਸਿੰਘ ਦਾ ਪੁਤਰ ਸੰਗਤ ਸਿੰਘ ਅਕਾਲ ਤੱਖਤ ਸਾਮ੍ਹਣੇ ਕੁਸ਼ਤੀ ਘੁਲਣ, ਜੋ ਜਿਤ ਜਾਏ ਉਹ ਹੀ ਪ੍ਰਬੰਧਕ ਤੇ ਵਾਰਸ ਬਣੇ। ਬੰਦਈਆਂ ਪਾਸ ਅਖਲਾਕੀ ਸ਼ਕਤੀ ਮੁਕ ਚੁੱਕੀ ਸੀ। 'ਸੋ ਮੀਰੀ ਸਿੰਘ ਜਬ ਹੱਥ ਛੁਹਾਯਾ। ਤੁਰਤ ਸੰਗਤ ਸਿੰਘ ਹੇਠ ਹੀ ਆਯਾ।' ਲਾਹੌਰਾ ਸਿੰਘ ਨੇ ਹੱਥ ਜੋੜ ਕੇ ਖਿਮਾ ਮੰਗੀ ਪਰ ਮਹੰਤ ਸਿੰਘ ਡੱਟਿਆ ਰਹਿਆ। ਸਰਬਤ ਖਾਲਸੇ ਨੇ ਉਸਨੂੰ ਦਰਬਾਰ ਸਾਹਿਬ ਤੋਂ ਨਿਕਲਣ ਦੇ ਮਜਬੂਰ ਕਰ ਦਿਤਾ। ਮਹੰਤ ਸਿੰਘ ਥਾਵੇਂ ਹੀ ਮਾਰਿਆ ਗਿਆ ਤੇ ਸਿਖਾਂ ਜਥੇਬੰਦੀ ਨੂੰ ਮਜਬੂਤ ਕਰਨ ਵਲ ਧਿਆਨ ਦਿਤਾ।

ਸਿਖਾਂ ਦਾ ਜਥੇਬੰਦੀ ਨੂੰ ਮਜ਼ਬੂਤ ਕਰਨਾ : ਭਾਈ ਮਨੀ ਸਿੰਘ ਜੀ ਦੀ ਸੁੱਚਜੀ ਅਗਵਾਈ ਨੇ ਬਿਖੜੇ ਸਮੇਂ ਸਿਖਾਂ ਵਿਚ ਏਕਤਾ ਕਰ ਦਿਤੀ। ਅਬਦੁਸਸਮਦ ਖਾਨ ਵੀ ਪੂਰਾ ਧਿਆਨ ਨਹੀਂ ਸੀ ਦੇ ਰਿਹਾ। ਸਿਖਾਂ ਨੂੰ ਜਥੇਬੰਦੀ ਮਜ਼ਬੂਤ ਕਰਨ ਦੇ ਮੌਕੇ ਹੱਥ ਆਏ। ਇਹ ਇਕੱਠ ਚੌਧਰੀਆਂ, ਫੌਜਦਾਰਾਂ ਤੇ ਹਾਕਮਾਂ ਨੂੰ ਇਕ ਅੱਖ ਵੀ ਨਹੀਂ ਸੀ ਭਾਉਂਦਾ। ਦੀਵਾਲੀ ਤੇ ਵੈਸਾਖੀ ਦੇ ਇਕੱਠਾਂ ਵਿਚ ਉਹ ਆਪਣੀ ਮੌਤ ਛੁਪੀ ਹੋਈ ਦੇਖਦੇ ਸਨ। ਭਾਈ ਮਨੀ ਸਿੰਘ ਜੀ ਅੰਮ੍ਰਿਤ ਪ੍ਰਚਾਰ ਕਰ ਕੇ ਸਿੱਖਾਂ ਦੀ ਗਿਣਤੀ ਵਧਾ ਰਹੇ ਸਨ। ਉਮਦਾ-ਤ-ਤ੍ਵਾਰੀਖ ਵਾਲਾ ਲਿਖਦਾ ਹੈ ਕਿ ਭਾਈ ਜੀ ਦਾ ਪਰਚਾਰ ਹੀ ਸੀ ਜਿਸ ਨੇ ਕੌਮ ਨੂੰ ਕਮਜ਼ੋਰ ਨ ਹੋਣ ਦਿਤਾ। ਮਾਮਾ ਕ੍ਰਿਪਾਲ ਸਿੰਘ ਜੀ ਵੀ ਪੂਰਨ ਤੌਰ ਤੇ ਹੱਥ ਵਟਾ ਰਹੇ ਸਨ।

ਹਰਸਾ ਮਾਰਿਆ : ਸਿੰਘ ਇਹ ਦੇਖ ਰਹੇ ਸਨ ਕਿ ਹਕੂਮਤ ਜ਼ਰੂਰ ਢਿਲੀ ਹੈ ਪਰ ਹਾਕਮ ਤੇ ਚੌਧਰੀ ਉਸੇ ਤਰ੍ਹਾਂ ਸਿੰਘਾਂ ਨੂੰ ਤੰਗ ਕਰ ਰਹੇ ਸਨ। ਸਿੰਘਾਂ ਦੋਸ਼ੀਆਂ ਨੂੰ ਸ਼ਜਾਵਾਂ ਦੇਣ ਲਈ ਉਪਰਾਲੇ ਅਰੰਭ ਕਰ ਦਿਤੇ। ੧੭੨੯ ਈ: ਦੀ ਵੈਸਾਖੀ ਨੂੰ ਐਸਾ ਮੌਕਾ ਹੱਥ ਆ

ਗਿਆ। ਅੰਮ੍ਰਿਤਸਰ ਦੇ ਚੂਹੜ ਮਲ ਓਹਰੀ ਦੇ ਦੋ ਪੁਤਰ ਸਨ। ਇਕ ਅੰਮ੍ਰਿਤ ਛੱਕ ਕੇ, ਸਿੰਘ ਸੱਜ ਗਇਆ ਤੇ ਉਸਦਾ ਨਾਂ ਮੁੱਹਕਮ ਸਿੰਘ ਹੋਇਆ ਤੇ ਦੂਜੇ ਦਾ ਨਾਂ ਰਾਮ ਜੀ ਮਲ ਸੀ, ਜਿਸ ਨੇ ਅੰਮ੍ਰਿਤ ਛਕਣਾ ਤਾਂ ਇਕ ਪਾਸੇ ਸਗੋਂ ਸਿੰਘਾਂ ਨੂੰ ਮਜ਼ਾਕ ਕਰਦਾ ਰਹਿੰਦਾ। ਗੱਲ ਵੱਧਦੇ ਧੱਧਦੇ ਜੰਗ ਤਕ ਪੁੱਜ ਗਈ।

ਰਾਮ ਜੀ ਮਲ ਦਾ ਟੁੰਡਾਸਰ ਲਾਗੇ ਫੁਲਾਂ ਦਾ ਬਾਗ ਸੀ। ਸਿਖ ਸੰਗਤਾਂ ਵੈਸਾਖੀ ਦੇ ਸਮੇਂ ਦਰਸ਼ਨਾਂ ਨੂੰ ਸ੍ਰੀ ਅੰਮ੍ਰਿਤਸਰ ਆ ਰਹੀਆਂ ਸਨ। ਇਕ ਜੱਥੇ ਨੇ ਰਾਮ ਜੀ ਮਲ ਨੂੰ ਕੁਝ ਫਲ ਮੁਲੀਂ ਦੇਣ ਲਈ ਕਿਹਾ। ਰਾਮ ਜੀ ਨੇ ਕਹਿਆ ਕਿ ਉਹ ਆਪਣੇ ਫਲ ਕਿਸੀ ਵੀ ਸ਼ਕਲ ਵਿਚ ਸਿਖਾਂ ਨੂੰ ਦੇਣ ਲਈ ਤਿਆਰ ਨਹੀਂ ਹੈ। ਸਿੰਘਾਂ ਦੂਣਾ, ਚੌਣਾ ਮੁਲ ਦੇਣ ਦੀ ਗੱਲ ਵੀ ਆਖੀ ਪਰ ਜਦ ਰਾਮ ਜੀ ਮਲ ਨੇ ਇਹ ਕਹਿਆ ਕਿ ਉਹ ਫਲ ਪਲੀਤ ਨਹੀਂ ਕਰਨਾ ਚਾਹੁੰਦਾ ਤਾਂ ਸਿੰਘਾਂ ਫਲ ਖੋਹ ਲਏ। ਰਾਮ ਜੀ ਮਲ ਸਿਧਾ ਦੌੜਦਾ ਲਾਹੌਰ ਦੀ ਹਕੂਮਤ ਪਾਸ ਗਿਆ ਤੇ ਸਾਰੀ ਘਟਨਾ ਨੂੰ ਵਧਾ ਚੜ੍ਹਾ ਕੇ ਦੱਸਿਆ। ਇਕ ਫੌਜ ਦਾ ਦਸਤਾ ਅਬਦੁਸਸਮਦ ਖਾਨ ਨੇ ਅੰਮ੍ਰਿਤਸਰ ਨੂੰ ਘੇਰਨ ਲਈ ਭੇਜ ਦਿਤਾ। ਅਸਲਮ ਖਾਨ ਵੀ ਆਪ ਫੌਜਾਂ ਲੈ ਕੇ ਵੈਸਾਖੀ ਦੇ ਮੌਕੇ ਤੇ ਹਰਿਮੰਦਰ ਸਾਹਿਬ ਲਾਗੇ ਆ ਪੁੱਜਾ। ਪੱਟੀ ਤੇ ਚੌਧਰੀ 'ਦੇਵਾ' ਤੇ ਉਸਦੇ ਦੀਵਾਨ ਹਰਿ ਸਹਾਇ ਵੀ ਉਸਦੀ ਇਮਦਾਦ ਤੇ ਪੁੱਜ ਗਏ। ਇਹ ਦੋਵੇਂ ਸਿਖਾਂ ਨੂੰ ਪ੍ਰੇਸ਼ਾਨ ਕਰਨ ਵਿਚ ਲਗੇ ਰਹਿੰਦੇ ਸਨ। ਅੰਮ੍ਰਿਤਸਰ ਦਾ ਘੇਰਾ ਇਤਨਾ ਤੰਗ ਕਰ ਦਿਤਾ ਗਿਆ ਕਿ ਸਿੰਘ ਇਹ ਮਹਿਸੂਸ ਕਰਨ ਲਗੇ ਕਿ ਹੁਣ ਬਚਕੇ ਨਿਕਲਣਾ ਮੁਸ਼ਕਲ ਹੈ। ਪਰ ਇਤਨੇ ਨੂੰ ਗੱਗਨਾਂ ਵਿਚ ਬਿਜਲੀ ਕੜਕੀ ਤੇ ਹਰਿ ਸਹਾਇ ਉਤੇ ਡਿਗੀ। ਉਹ ਥਾਂ ਹੀ ਡਿਗਕੇ ਭਸਮ ਹੋ ਗਿਆ। ਸਿਖਾਂ ਮੌਕੇ ਦਾ ਲਾਭ ਉਠਾਂਦੇ ਹੋਏ ਉਸੇ ਸਮੇਂ ਤਕੜਾ ਹਮਲਾ ਕੀਤਾ ਤੇ ਦੇਵਾ ਨੂੰ ਨੱਠਾ ਦਿਤਾ ਤੇ ਅਸਲਮ ਆਪੇ ਹੀ ਭੱਜ ਗਇਆ ਉਸ ਦਿਨ ਦੀ ਯਾਦ ਅਜੇ ਤਕ ਪੰਜਾਬ ਦੇ ਮੂੰਹ ਚੜਿਆ ਅਖਾਣ ਹੈ : ਹਰਸਾ ਮਾਰਿਆ, ਦੇਵਾ ਨੱਠਾ, ਅਸਲਮ ਗਈ ਲਾਹੌਰਾ। ਜਾਣ ਬੁਝ ਕੇ ਅਸਲਮ ਨਾਲ 'ਗਈ' ਲਗਾਇਆ ਗਿਆ ਤਾਂਕਿ ਉਸ ਦੀ ਬੁਜ਼ਦਿਲੀ ਤੇ ਕਮਜ਼ੋਰੀ ਪ੍ਰਗਟ ਕੀਤੀ ਜਾ ਸਕੇ।[1]

ਲਾਹੌਰ ਦੀ ਹਕੂਮਤ ਜ਼ਕਰੀਆ ਖਾਨ ਹੱਥ : ਇਸ ਘਟਨਾ ਨੇ ਹਕੂਮਤ ਦੇ ਕੰਨ ਖੜੇ ਕਰ ਦਿਤੇ। ਅਬਦੁਸਸਮਦ ਖਾਨ ਤਾਂ ਸਿਖਾਂ ਨੂੰ ਮੁਕਾਈ ਬੈਠਾ ਸੀ। ਉਸਨੇ ਫਿਰ ਨਾਕਾ ਬੰਦੀਆਂ ਸ਼ੁਰੂ ਕਰ ਦਿਤੀਆਂ। ਚੌਕੀਆਂ ਵੀ ਬਿਠਾਲ ਦਿਤੀਆਂ। ਦਸੱਤਿਆਂ ਦੀਆਂ ਡਿਊਟੀਆਂ ਲਗਾ ਦਿਤੀਆਂ ਪਰ ਹੁਣ ਸੱਭ ਕੁਝ ਨਿਸ਼ਫਲ ਸੀ। ਦਿਲੀ ਦੀ ਹਕੂਮਤ ਆਪ ਕਮਜ਼ੋਰ ਸੀ। ਸਿਖ ਮੈਦਾਨਾਂ ਵਿਚ ਨਿਕਲ ਆਏ ਸਨ। ਦਿਲੀ ਦੇ ਵਜ਼ੀਰ ਮਹੰਮਦ ਅਮੀਨ ਖਾਨ ਨੇ ਬਾਗ ਡੋਰ ਆਪਣੇ ਜੁਆਈ ਤੇ ਅਬਦੁਸਸਮਦ ਖਾਨ ਦੇ ਪੁਤਰ ਜਕਰੀਆ ਖਾਨ ਨੂੰ ਦੇਣ ਦਾ ਨਿਰਣਾ ਕਰ ਦਿਤਾ। ਅਬਦੁਸ ਖਾਨ ਨੂੰ ਮੁਲਤਾਨ ਦਾ ਗਵਰਨਰ ਥਾਪ ਦਿਤਾ ਤੇ ਉਸ ਦੀ ਮ੍ਰਿਤੂ[2] ਪਿਛੋਂ ਜ਼ਕਰੀਆ ਨੂੰ ਸੁਲਤਾਨ ਦਾ ਹਾਕਮ ਵੀ ਥਾਪ ਦਿਤਾ।

---

੧. ਜਦ ਸ਼ਪੇਨਸ ਆਰਮੇਡਾ ਹਵਾ ਦਾ ਰੁੱਖ ਬਦਲਣ ਨਾਲ ਪਿਛੇ ਧਕਿਆ ਗਇਆ ਤਾਂ ਮਲਕਾ ਅਲਿਜ਼ਬਿਥ ਪਹਿਲੀ ਨੇ ਆਪਣੇ ਸਿਕਿਆਂ ਤੇ ਇਸ ਭਾਵ ਦੇ ਸ਼ਬਦ ਉਕਰਵਾਏ ਸਨ :
God blew and SPANISH ARMEDA VANISHED
ਵਾਹਿਗੁਰੂ ਨੇ ਫੂਕ ਮਾਰੀ ਤੇ ਸਪੇਨਸ ਆਰਮੇਡਾ ਉੱਡ ਪੁੱਡ ਗਿਆ।

੨. ਸੰਨ ੧੭੩੭ ਈ:

ਜ਼ਕਰੀਆ ਖਾਨ ਹੀ ਵਡੀਆਂ ਵਡੀਆਂ ਮੁਹਿੰਮਾ ਦਾ ਇੰਚਾਰਜ਼ ਹੁੰਦਾ ਸੀ। ਬਾਬਾ ਬੰਦਾ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਜਦ ਦਿਲੀ ਫਰਖ਼ਸੀਅਰ ਦੇ ਦਰਬਾਰ ਪੇਸ਼ ਕਰਨ ਲਈ ਜਲੂਸ ਕਢ ਕੇ ਲੈ ਜਾਇਆ ਗਿਆ ਤਾਂ ਕਮਾਨ ਜ਼ਕਰੀਆ ਖਾਨ ਨੂੰ ਹੀ ਦਿਤੀ ਗਈ ਸੀ। ਜ਼ਕਰੀਆ ਖਾਨ ਦਾ ਪਾਲਨ ਪੋਸਣ ਪਿਤਾ ਨੇ ਬੜੇ ਧਿਆਨ ਨਾਲ ਕੀਤਾ ਸੀ। ਨ ਸਿਰਫ ਧਾਰਮਕ ਤਾਲੀਮ ਵਲ ਹੀ ਧਿਆਨ ਦਿਤਾ ਸੀ ਸਗੋਂ ਜੰਗੀ ਦਾਅ-ਪੇਚ ਖਾਸ ਤੌਰ ਤੇ ਸਿਖਾਏ ਗਏ। ਦਿਲੀ ਦੇ ਵਜ਼ੀਰ ਅਮੀਨ ਇਸ ਦੇ ਸੌਹਰੇ ਹੋਣ ਦੇ ਨਾਲ ਨਾਲ ਮੇਤ੍ਰਏ ਚਾਚੇ ਵੀ ਸਨ, ਅਤੇ ਉਨ੍ਹਾਂ ਦੀ ਬੇਗਮ ਇਸਦੀ ਮਾਸੀ ਵੀ ਸੀ। ਸੋ ਦਿਲੀ ਵਲੋਂ ਜ਼ਕਰੀਆ ਖਾਨ ਬਿਲਕੁਲ ਹੀ ਨਿਸਚਿੰਤ ਸੀ। ਉਸ ਨੂੰ ਪੂਰੀ ਖੁਲ ਸੀ ਕਿ ਹਾਲਾਤ ਦਾ ਜਿਵੇਂ ਚਾਹੇ ਟਾਕਰਾ ਕਰੇ। ਲਾਹੌਰ ਵਿਚ ਤਾਂ ਉਸਨੇ ਕਿਸੇ ਹਿੰਦੂ-ਸਿਖ ਨੂੰ ਕੁਝ ਨਾ ਕਿਹਾ ਤੇ ਰਿਆਇਆ ਪਰਵਰੀ ਦੀ ਇਕ ਮਿਸਾਲ ਬਣ ਗਿਆ। ਗੁਲਾਮ ਅਲੀ ਨਕਵੀਂ ਦੇ ਕਹਿਣ ਅਨੁਸਾਰ ਉਸਨੇ ਨਿਆਂ ਪ੍ਰਬੰਧ ਨੂੰ ਇਤਨਾ ਚੰਗਾ ਤੇ ਸੁਚੱਜਾ ਬਣਾ ਦਿਤਾ ਕਿ ਸਾਰੇ ਇਸਨੂੰ ਨੌਸ਼ੀਰਵਾ ਦਾ ਸਾਨੀ ਕਹਿਣ ਲਗ ਪਏ। ਹਿੰਦੂਆਂ ਤੇ ਮੁਸਲਮਾਨਾਂ ਨੂੰ ਨੇੜੇ ਲਿਆਉਣ ਦੇ ਵੀ ਕਈ ਜਤਨ ਕੀਤੇ। ਇਹ ਸਭ ਇਸ ਲਈ ਕਿ ਸਿਖਾਂ ਨੂੰ ਰਲਵੀ ਮਾਰ ਦਿਤੀ ਜਾ ਸਕੇ। ਭੇਸ ਵਟਾ ਕੇ ਇਸਨੂੰ ਫ਼ਿਰਨ ਦਾ ਸੁਭਾਅ ਵੀ ਸੀ ਤੇ ਇਸ ਤਰ੍ਹਾਂ ਲਾਹੌਰ ਵਿਚ ਕਈ ਝਗੜਿਆਂ ਨੂੰ ਉਸ ਨਿਪਟਾਇਆ। ਰਾਜਨੀਤੀ ਦਾ ਪਹਿਲਾ ਮੁਖ ਸਿਧਾਂਤ ਇਹ ਹੀ ਸੀ ਕਿ ਰਾਜਧਾਨੀ ਬਚੀ ਰਵ੍ਹੇ। ਸੋ ਇਸ ਵਿਚ ਜ਼ਕਰੀਆ ਖਾਨ ਬਹੁਤ ਹਦ ਤਕ ਸਫ਼ਲ ਹੋ ਗਿਆ। ਉਸ ਦੇ ਰਾਜ ਵਿਚ ਕਈ ਇਕ ਛੋਟੀਆਂ ਬਗਾਵਤਾਂ ਤਾਂ ਜ਼ਰੂਰ ਹੋਈਆਂ ਪਰ ਉਸ ਨੇ ਕਰੜੇ ਹਥਾਂ ਨਾਲ ਦਬਾ ਦਿਤੀਆਂ ਪਰ ਸਿਖ ਦਿਨੋਂ ਦਿਨ ਵਧ ਰਹੇ ਸਨ। ਉਸ ਨੇ ਪਹਿਲੇ ਸਾਲਾਂ ਵਿਚ ਸਿਖਾਂ ਤੇ ਅਤਿ ਦੀ ਸ਼ਖਤੀ ਕੀਤੀ। ਕੋਈ ਹੀਲਾ ਕੋਈ ਸ਼ਕਤੀ, ਕੋਈ ਢੰਗ ਐਸਾ ਨਹੀਂ ਸੀ ਜੋ ਜ਼ਕਰੀਆ ਖਾਨ ਨੇ ਸਿਖਾਂ ਵਿਰੁੱਧ ਨਾ ਵਰਤਿਆ ਹੋਵੇ। ਦੂਜੇ ਪਾਸੇ ਹਲੀਮੀ, ਖਰੀਦ ਤੇ ਪਾਟਕ ਪਾਉਣ ਵਲ ਵੀ ਪੂਰਾ ਧਿਆਨ ਦੇਈਂ ਰੱਖਿਆ। ਇਸ ਨੂੰ ਦੋ ਅਮਲੀ ਦੀ ਪਾਲਸੀ ਵੀ ਕਿਹਾ ਜਾ ਸਕਦਾ ਹੈ। ਜ਼ਕਰੀਆ ਖਾਨ ਨੇ ਆਪਣੇ ਪਿਤਾ ਦੇ ਸਮੇਂ ਇਹ ਚੰਗੀ ਤਰ੍ਹਾਂ ਸ਼ਮਝ ਲਿਆ ਸੀ ਕਿ ਇਕੋ ਹਥਿਆਰ ਨਾਲ ਸਿਖਾਂ ਨੂੰ ਮੁਕਾਉਣਾ ਕਠਿਨ ਹੈ। ਸੋ ਇਕ ਪਾਸੇ ਅਤਿ ਦੀ ਸਖ਼ਤੀ ਕੀਤੀ ਤੇ ਦੂਜੇ ਪਾਸੇ ਨਰਮੀ ਵੀ ਵਰਤੀ। ਸਿਖਾਂ ਨੂੰ ਕਤਲ ਵੀ ਕੀਤਾ ਜਾਂਦਾ ਤੇ ਮੁਆਜ਼ੇ ਵੀ ਦਿਤੇ ਜਾਂਦੇ। ਪਿੰਡਾਂ ਵਿਚ ਵਸਦੇ ਸਿਖਾਂ ਨੂੰ ਰਹਿਣ ਤੇ ਟਿਕਣ ਦੀ ਖੁੱਲ ਵੀ ਦਿਤੀ ਜਾਂਦੀ ਤੇ ਜੰਗਲਾਂ ਵਿਚ ਢੂੰਢ ਭਾਲ ਕਰਕੇ ਸਿੱਖਾਂ ਨੂੰ ਦੇਖਦੇ ਸਾਰ ਗੋਲੀ ਨਾਲ ਉੱਡਾ ਵੀ ਦਿਤਾ ਜਾਂਦਾ। ਉਚੇ ਅਹੁਦਿਆਂ ਤੇ ਕਈ ਮਹਿਕਮੇ ਸਿਖਾਂ ਹਵਾਲੇ ਕੀਤੇ ਜਾਂਦੇ ਤੇ ਫ਼ਿਰ ਕੋਈ ਨਿਕਾ ਜਿਹਾ ਬਹਾਨਾ ਲੱਭ ਕੇ ਸ਼ਹੀਦ ਵੀ ਕਰ ਦਿਤਾ ਜਾਂਦਾ। ਅੰਮ੍ਰਿਤਸਰ ਨੂੰ ਜ਼ਕਰੀਆ ਖਾਨ ਨੇ ਨਾ ਛੇੜਿਆ ਪਰ ਇਰਧ ਗਿਰਧ ਦੇ ਸਭ ਜੰਗਲਾਂ ਨੂੰ ਸਾਫ਼ ਵੀ ਕਰਵਾ ਦਿਤਾ।

ਪਿੰਡਾਂ ਵਿਚ ਸਿਖਾਂ ਦੀ ਰਹਿਨੀ ਬਹਿਨੀ : ਜ਼ਕਰੀਆ ਖਾਨ ਦੀ ਨਵੀਂ ਨੀਤੀ ਕਰਕੇ ਸਿਖ ਪਿੰਡਾਂ ਵਿਚ ਆ ਵਸੇ ਸਨ। ਭਾਵੇਂ ਉਨ੍ਹਾਂ ਦੂਰ ਦੇ ਟਿਕਾਣੇ ਨਹੀਂ ਸਨ ਛਡੇ ਪਰ ਫਿਰ ਵੀ ਕਈ ਮਾਝੇ ਵਿਚ ਆ ਟਿਕੇ ਸਨ ਤੇ ਕਈ ਸਿਖੀ ਧਾਰਨ ਕਰ ਰਹੇ ਸਨ। ਲਖੀ ਜੰਗਲ ਤਾਂ ਉਨ੍ਹਾਂ ਛੱਡਣਾ ਕਦਾਚਿਤ ਵੀ ਉਚਿਤ ਨ ਸਮਝਿਆ। ਸਿਖਾਂ ਦੇ ਆਗੂਆਂ ਦਾ ਖਿਆਲ ਸੀ ਕਿ ਇਸ ਨੀਤੀ ਦਾ ਲਾਭ ਉਠਾਉਣਾ ਚਾਹੀਦਾ ਹੈ ਤੇ ਹਥਿਆਰ ਨਹੀਂ ਛੱਡ ਦੇਣੇ ਚਾਹੀਦੇ। ਸਿੰਘ ਜੰਗਲਾਂ ਵਿਚ ਕਿਸ ਪਿਆਰ ਤੇ ਉਤਸ਼ਾਹ ਨਾਲ ਰਹਿੰਦੇ ਸਨ, ਉਸ ਬਾਰੇ ਇਸ ਤਰ੍ਹਾਂ ਲਿਖਿਆ ਹੈ :

ਪੜੇ ਸ਼ਬਦ ਔ ਬਜੈ ਰਬਾਬ।
ਸੁਖੈ ਘੋਟੇ ਔ ਭੂੰਨੇ ਮਹਾ ਪ੍ਰਸ਼ਾਦਿ।
ਕੋ ਘੋੜੇ ਕੋ ਮਾਲਸ਼ ਕਰੈ,
ਕੋ ਸਸਤ੍ਰ ਮਾਂਜ ਉੱਜਲ ਕਰ ਧਰੇ।
ਕੋਊ ਤੀਰ ਕੋਊ ਬੰਦੂਕ ਚਲਾਵਹਿ।
ਕੋਊ ਉਂਗਲੀ ਪਰ ਚਕ੍ਰ ਘੁਮਾਵਹਿ।
ਕੋਊ ਸਿੰਘਨ ਚਾਪੀ ਕਰੈ ਕੋਊ ਚੋਰ ਝਲਾਇ।
ਕੋਈ ਪਾਣੀ ਲਿਆ ਵਹਿ ਦੂਰ ਤੇ ਬੈਠ ਇਸ਼ਨਾਨ ਕਰਾਇ।
ਕੋਈ ਸਿੰਘ ਪੜ੍ਹ ਦਾਤਨ ਕਰਾਇ,
ਕੋਈ ਸਿੰਘ ਖੜ ਕਛ ਬਨਾਹਿ।
ਕਿਸੈ ਸ਼ਰੀਕੈ ਕਰੈ ਕੋਊ ਨਾਹਿ।
ਦੌੜ ਦੌੜ ਟਹਲਹਿ ਕਮਾਹਿ।

ਭਾਈ ਤਾਰਾ ਸਿੰਘ ਵਾਂ ਅਤੇ ਹੋਰ ਸ਼ਹੀਦੀਆਂ : ਪਾਕਿਸਤਾਨ ਦੀ ਪਛਮੀ ਸੀਮਾਂ ਲਾਗੇ ਡਲ ਤੇ ਵਾਂ ਦੋ ਉਘੇ ਪਿੰਡ ਹਨ। ਦੋਵੇਂ ਇਤਨੇ ਨੇੜੇ ਹਨ ਕਿ ਬਹੁਤੀ ਵਾਰੀ ਲੋਕੀ ਇਕੱਠਾ 'ਡਲ-ਵਾਂ' ਵੀ ਆਖ ਦਿੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਤਿੰਨਾਂ ਭਰਾਵਾਂ ਮਾਹੀ, ਜੈਤਾ ਤੇ ਗੁਰਦਾਸ ਵਿਚੋਂ ਛੋਟੇ ਗੁਰਦਾਸ ਨੇ ਅੰਮ੍ਰਿਤ ਛਕ ਕੇ ਸਿੰਘੀ ਬਾਣਾ ਸਜਾ ਲਿਆ। ਗੁਰਦਾਸ ਪਹਿਲਾਂ ਗੁਰੂ ਜੀ ਦਾ ਜੰਗਾਂ ਵਿਚ ਸਾਥ ਦਿੰਦਾ ਰਿਹਾ ਤੇ ਫਿਰ ਪਿਛੋਂ ਮਾਝੇ ਵਿਚ ਬੰਦਾ ਸਿੰਘ ਵੇਲੇ ਸਿੰਘਾ ਨੂੰ ਜਥੇਬੰਦ ਕਰਦਾ ਰਿਹਾ। ਇਸ ਦੇ ਘਰ ਪੰਜ ਪੁਤਰ ਹੋਏ। ਤਾਰਾ ਸਿੰਘ ਸਭ ਤੋਂ ਵਡੇਰਾ ਸੀ ਤੇ ਇਨ੍ਹਾਂ ਦਾ ਜਨਮ ੧੭੦੨ ਈ: ਵਿਚ ਹੋਇਆ ਲਿਖਿਆ ਜਾਂਦਾ ਹੈ। ਭਾਈ ਮਨੀ ਸਿੰਘ ਜੀ ਹਥੋਂ ਅੰਮ੍ਰਿਤ ਛਕ ਕੇ ਇਸ ਨੇ ਸਿੰਘਾਂ ਦੀ ਸੇਵਾ ਦਾ ਬੀੜਾ ਚੁੱਕ ਲਿਆ। ਆਪ ਜੀ ਜਿਥੇ ਆਚਰਨ ਦੇ ਉਚੇ, ਸੁਭਾ ਦੇ ਮਿਠੇ ਸਨ, ਉਥੇ ਇਕ ਚੰਗੇ ਘੋੜ ਸਵਾਰ, ਤਲਵਰੀਏ ਤੇ ਤੀਰ ਅੰਦਾਜ਼ ਵੀ ਸਨ। ਇਨ੍ਹਾਂ ਆਪਣੇ ਪਿੰਡ ਵਾਂ ਵੀ ਆਪਣਾ ਵਾੜਾ ਬਣਾ ਲਿਆ ਸੀ। ਇਤਨੇ ਉਚੇ ਉਚੇ ਜੰਡ ਤੇ ਕਿਕਰ ਲਗਾ ਲਏ ਸਨ ਕਿ ਕੋਈ ਘੋੜਾ ਛਾਲ ਮਾਰਕੇ ਵੀ ਵਾੜ ਨਹੀਂ ਟੱਪ ਸਕਦਾ ਸੀ। ਮਕਾਨਾਂ ਲਾਗੇ ਇਕ ਵੱਡਾ ਟੋਆ ਵੀ ਪੁਟ ਛੱਡਿਆ ਸੀ। ਸਰਦੀ ਆਉਂਦਿਆਂ ਹੀ ਉਸ ਵਿਚ ਵਡੇ ਵਡੇ ਮੁੱਢ ਸੁੱਟ ਦਿਤੇ ਜਾਂਦੇ ਸਨ ਤੇ ਸਿਖ ਥੱਕੇ ਟੁੱਟੇ ਉਥੇ ਆ ਕੇ ਸੇਕ ਲੈਂਦੇ ਤੇ ਰਾਤ ਨੂੰ ਪ੍ਰਸ਼ਾਦ ਛੱਕ ਕੇ ਆਪਣੇ ਪੈਂਡੇ ਪੈ ਜਾਂਦੇ। ਇਹ ਵਾੜਾ ਸਿੰਘਾਂ ਦੀ ਆਰਾਮ ਗਾਹ ਹੀ ਸੀ। ਭਾਈ ਤਾਰਾ ਸਿੰਘ ਜੀ ਦਾ ਇਤਨਾ ਪ੍ਰਤਾਪ ਸੀ ਕਿ ਸਭ ਹਿੰਦੂ ਸਿਖ-ਮੁਸਲਮਾਨ ਆਪ ਜੀ ਦਾ ਆਦਰ ਕਰਦੇ ਸਨ। ਅਬਦੁਸਸਮਦ ਖਾਨ ਵੇਲੇ ਇਹ ਵਾੜਾ ਸਿੰਘਾਂ ਦਾ ਇਕ ਸਹਾਰਾ ਹੀ ਸੀ। ਇਨ੍ਹਾਂ ਦੀ ਸੇਵਾ ਨੂੰ ਦੇਖਦੇ ਹੋਏ ਇਸੇ ਪਿੰਡ ਦੇ ਜੋਧੇ ਨਾਂ ਦੇ ਸਿਖ ਦੇ ਤਿੰਨਾਂ ਪੁਤਰਾਂ ਅੰਮ੍ਰਿਤ ਛੱਕ ਕੇ ਅਮਰ ਸਿੰਘ, ਅਮੀ ਸਿੰਘ ਤੇ ਕੋਇਰ ਸਿੰਘ ਨਾਂ ਧਰਾਇਆ। ਕੋਇਰ ਸਿੰਘ ਤਾਰਾ ਸਿੰਘ ਦਾ ਨਾ ਸਿਰਫ਼ ਗੂਹੜਾ ਮਿਤ੍ਰ ਬਣ ਗਿਆ ਸਗੋਂ ਸਦਾ ਨਾਲ ਹੀ ਰਹਿਣ ਲਗਾ। ਇਸ ਪਿੰਡ ਦੇ ਬਿਹਾਰੀ ਨਾਂ ਦੇ ਜ਼ਿਮੀਂਦਾਰ ਦੇ ਦੋ ਪੁਤਰਾਂ ਵਿਚੋਂ ਦੇਸੂ ਸਿੰਘ ਨੇ ਗੁਰਦਾਸ ਸਿੰਘ ਨਾਲ ਹੀ ਗੁਰੂ ਗੋਬਿੰਦ ਸਿੰਘ ਜੀ ਹੱਥੀਂ ਅੰਮ੍ਰਿਤ ਛਕਿਆ ਸੀ। ਉਸ ਦੇ ਇਕੋ ਇਕ ਪੁਤਰ ਵਧਾਵਾ ਸਿੰਘ ਨੇ ਵੀ ਤਾਰਾ ਸਿੰਘ ਜੀ ਦੀ ਕਿਰਤ ਕਾਰ, ਰਹਿਣੀ-ਬਹਿਣੀ ਦੇਖ ਪੂਰਾ ਸਾਥ ਦੇਣ ਦਾ ਫ਼ੈਸਲਾ ਹੀ ਕਰ ਲਿਆ।

ਸੰਨ ੧੭੨੬ ਈ: ਵਿਚ ਨੌਸ਼ਹਿਰਾ ਦੇ ਚੌਧਰੀ ਸਾਹਿਬ ਰਾਇ ਨੇ ਜਦ ਜ਼ਕਰੀਆ ਖਾਨ ਨੂੰ ਲਾਹੌਰ ਦਾ ਹਾਕਮ ਬਣਦੇ ਸੁਣਿਆ ਤਾਂ ਉਸ ਨੇ ਸਿੰਘਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿਤਾ। ਉਹ ਜਾਣਦਾ ਸੀ ਕਿ ਨਵੀਂ ਨੀਤੀ ਅਪਨਾਉਣ ਨਾਲ ਲਾਹੌਰ ਦੇ ਹੋਰ ਫੌਜਦਾਰ ਉਸ ਦੇ ਹਰ ਮਾੜੇ ਕੰਮ ਦੀ ਸਹਾਇਤਾ ਕਰਨਗੇ। ਭੜਾਣੇ ਪਿੰਡ ਦੇ ਦੋ ਸਿੰਘਾਂ ਮਾਛੀ ਸਿੰਘ ਤੇ ਗੁਰਬਖਸ਼ ਸਿੰਘ ਦੇ ਖੇਤਾਂ ਵਿਚ ਸਾਹਿਬ ਰਾਇ ਘੋੜੀਆਂ ਛੱਡਣ ਲਗ ਪਿਆ। ਸਿੰਘਾਂ ਬੜਾ ਰੋਕਿਆ ਕਿ ਮੇਹਨਤ ਨਾਲ ਬਣਾਏ ਖੇਤਾਂ ਨੂੰ ਇਸ ਬੇਦਰਦੀ ਨਾਲ ਨ ਉਜਾੜੇ ਪਰ ਉਸ ਨੇ ਸੁਣੀ ਅਣਸੁਣੀ ਕਰ ਦਿਤੀ ਸਗੋਂ ਇਕ ਦਿਨ ਲਵੀਆਂ ਕਣਕਾਂ ਵਿਚ ਆਪਣੀਆਂ ਘੋੜੀਆਂ ਛੱਡ ਦਿਤੀਆਂ, ਸਿਘਾਂ ਨੇ ਚੌਧਰੀ ਨੂੰ ਘੋੜੀਆਂ ਸਾਂਭ ਰਖਣ ਲਈ ਕਿਹਾ ਤਾਂ ਸਾਹਿਬ ਰਾਇ ਨੇ ਅਗੋਂ ਰੋਹ ਵਿਚ ਆਕੇ ਕਿਹਾ, "ਮੈਂ ਤੁਹਾਡਾ ਲਿਹਾਜ ਕਰਦਾ ਰਿਆ, ਜੋ ਤੁਹਾਨੂੰ ਕਤਲ ਨਹੀਂ ਕਰਵਾ ਦਿਤਾ। ਤੁਹਾਡੇ ਕੇਸਾਂ ਦੇ ਰਸੇ ਬਣਾਕੇ ਇਨ੍ਹਾਂ ਹੀ ਘੋੜੀਆਂ ਨੂੰ ਬੰਨ੍ਹਾਂਗਾ।

ਉਨ੍ਹਾਂ ਨੇ ਲਾਗਲੇ ਪਿੰਡ 'ਭੁਸੇ' ਦੇ ਸਰਦਾਰ ਬਘੇਲ ਸਿੰਘ ਤੇ ਅਮਰ ਸਿੰਘ ਨੂੰ ਸਾਰੀ ਵਿੱਥਿਆ ਸੁਣਾਈ। ਉਨ੍ਹਾਂ ਨੇ ਉਸੇ ਸਮੇਂ ਸਾਹਿਬ ਰਾਇ ਦੀਆਂ ਘੋੜੀਆਂ ਖੋਹ ਲਈਆਂ ਤੇ ਵਲਟੋਹੇ ਪਿੰਡ ਦੇ ਲਾਗਲੇ ਘਰਿਆਲ ਦੇ ਸਰਦਾਰ ਲਖਮੀਰ ਸਿੰਘ ਨੂੰ ਦੇ ਦਿਤੀਆਂ। ਲਖਮੀਰ ਸਿੰਘ ਘੋੜੀਆਂ ਮਾਲਵੇ ਲੈ ਗਿਆ ਤੇ ਸਰਦਾਰ ਆਲਾ ਸਿੰਘ ਪਾਸ ਪਟਿਆਲੇ ਵੇਚ ਆਇਆ ਤੇ ਰਕਮ ਦੀ ਰਸਦ ਲੈ ਕੇ ਸਰਦਾਰ ਤਾਰਾ ਸਿੰਘ ਦੇ ਲੰਗਰ ਵਿਚ ਪਾ ਦਿਤੀ।

ਸਿੰਘ ਇਹ ਭਾਂਪ ਗਏ ਸਨ ਕਿ ਇਹ ਗੱਲ ਬਹੁਤ ਹੀ ਵਧਣੀ ਹੈ ਸੋ ਸਭ ਤਾਰਾ ਸਿੰਘ ਦੇ ਵਾੜੇ ਵਾਂ ਹੀ ਆ ਗਏ। ਉਹ ਜਾਣਦੇ ਸਨ ਜੋ ਕੁਝ ਬਚਾ ਜਾਂ ਟਾਕਰਾ ਹੋ ਸਕਦਾ ਤਾਂ ਉਥੇ ਹੀ।

ਚੌਧਰੀ ਸਾਹਿਬ ਰਾਇ ਵੀ ਪਿਛੇ ਪਿਛੇ 'ਵਾਂ' ਆਇਆ ਤੇ ਤਾਰਾ ਸਿੰਘ ਨੂੰ ਕਹਿਣ ਲਗਾ ਕਿ ਚੋਰ ਉਸ ਦੇ ਹਵਾਲੇ ਕੀਤੇ ਜਾਣ। ਤਾਰਾ ਸਿੰਘ ਜੀ ਨੇ ਕਿਹਾ ਕਿ 'ਜ਼ੁਲਮ ਤੂੰ ਆਪ ਕਰਦਾ ਹੈਂ ਤੇ ਚੋਰ ਇਥੇ ਲਭਣ ਆਉਂਦਾ ਹੈਂ। ਇੱਥੇ ਕੋਈ ਚੋਰ ਨਹੀਂ।" ਲੜਾਈ ਵਧਦੀ ਦੇਖਦੇ ਸਾਹਿਬ ਰਾਇ ਭੱਜ ਆਇਆ ਤੇ ਸਿਧਾ ਪਟੀ ਦੇ ਫੌਜਦਾਰ ਕੋਲ ਗਿਆ ਤੇ ਗੱਲ ਬਣਾ ਕੇ ਕਹਿਣ ਲਗਾ ਕਿ ਜਿੱਥੇ ਵੀ ਅਸੀਂ ਮਾਮਲਾ ਉਗਰਾਹੁਣ ਜਾਂਦੇ ਹਾਂ ਲੋਕੀਂ ਕਹਿੰਦੇ ਹਨ ਕਿ ਮਾਮਲਾ ਤਾਂ ਤਾਰਾ ਸਿੰਘ ਲੈ ਗਿਆ ਹੈ। ਉਸ ਨੇ ਫੌਜਦਾਰ ਨੂੰ ਕਿਹਾ ਕਿ ਜੇ ਤਾਰਾ ਸਿੰਘ ਪਕੜ ਲਿਆ ਜਾਏ ਤਾਂ ਸਾਰੇ ਮਾਝੇ ਵਿਚ ਸ਼ਾਂਤ ਵਰਤ ਜਾਏਗੀ ਦੂਜੇ ਨਵਾਂ ਹਾਕਮ ਜ਼ਕਰੀਆ ਖਾਨ ਖੁਸ਼ ਹੋਵੇਗਾ।

ਫੌਜਦਾਰ ਨੇ ਇਹ ਮੌਕਾ ਰਬੋਂ ਆਂਦਾ ਡਿਠਾ ਤੇ ਕੁਝ ਸਵਾਰਾਂ ਨਾਲ ਮੂੰਹ ਹਨੇਰੇ ਹੀ ਵਾਂ ਪੁਜ ਗਿਆ। ਸਰਦਾਰ ਬਘੇਲ ਸਿੰਘ ਇਕ ਹੱਥ ਗੜਵਾ ਤੇ ਦੂਜੇ ਹੱਥ ਨੇਜ਼ਾ ਲਈ ਜੰਗਲ ਪਾਣੀ ਜਾਣ ਲਈ ਵਾੜੇ ਤੋਂ ਬਾਹਰ ਨਿਕਲੇ ਹੀ ਸਨ ਕਿ ਉਨ੍ਹਾਂ ਸਵਾਰ ਦੇਖ ਕੇ ਉਚੀ ਆਵਾਜ਼ ਨਾਲ ਪੁਛਿਆ ਕਿ ਤੁਸੀਂ ਕੌਣ ਹੋ ? ਸਾਹਿਬ ਰਾਏ ਨੇ ਆਵਾਜ਼ ਪਛਾਣਕੇ ਕਹਿਆ ਸਾਰੇ ਪੁਆੜੇ ਦੀ ਜੜ ਇਹ ਹੀ ਹੈ। ਸਰਦਾਰ ਬਘੇਲ ਜੀ ਨੂੰ ਵੀ ਸਾਰੀ ਗੱਲ ਸਮਝਦਿਆਂ ਕੋਈ ਦੇਰ ਨ ਲਗੀ। ਸਾਮ੍ਹਣੇ ਪੰਜਾਹ ਸਵਾਰ ਦੇਖਕੇ ਪਹਿਲਾਂ ਤਾਂ ਉਨ੍ਹਾਂ ਦਾ ਚਿਤ ਆਇਆ ਕਿ ਵਾਪਿਸ ਮੁੜ ਜਾਏ ਤੇ ਬਾਕੀ ਸਿੰਘਾਂ ਨੂੰ ਇਤਲਾਹ ਦਿਤੀ ਜਾਏ ਪਰ ਉਸ ਸਮੇਂ ਹੀ ਸੋਚਿਆ ਵਾਪਿਸ ਜਾਣਾ ਕਾਇਰਤਾ ਹੈ।

"ਵੇਖ ਸਿੰਘ ਚਿਤ ਮਤਾ ਮਤਾਯਾ।
ਅਬ ਖਬਰ ਕਰਨ ਜਾਊ ਪਿਛੇ ਪਾਯਾ
ਸਿੰਘ ਕਹੇਂਗੇ ਡਰ ਮੁੜ ਆਯਾ।"

ਲੜਾਈ ਤੇ ਗੋਲੀਆਂ ਦੀ ਆਵਾਜ਼ ਤੋਂ ਸਿੰਘ ਆਪ ਹੀ ਸਮਝ ਜਾਣਗੇ। ਨੇਜ਼ਾ ਹੱਥ ਸੰਭਾਲ ਵਾੜੇ ਦੇ ਉਚੇ ਜੰਡਾਂ ਦਾ ਪਿਛਾ ਰਖ ਘੋੜ ਸੁਆਰਾਂ ਨਾਲ ਨਿਬੜਨ ਲਗਾ। ਸਵਾਰ ਅਗੇ ਵਧ ਨ ਸਕਣ ਤੇ ਪਿਛੇ ਹਟਦੇ ਆਪਣੀ ਜਾਨ ਗਵਾ ਲੈਣ। ਪੰਜਾਹ ਦੇ ਪੰਜਾਹ ਸਵਾਰ ਹੀ ਬਘੇਲ ਸਿੰਘ ਨੇ ਢਾਹ ਲਏ। ਪਿਆਦਿਆਂ ਨੇ ਆਉਂਦਿਆਂ ਹੀ ਬੰਦੂਕਾਂ ਦੇ ਵਾਰ ਕਰਨੇ ਸ਼ੁਰੂ ਕਰ ਦਿਤੇ। ਇਕ ਗੋਲੀ ਬਘੇਲ ਸਿੰਘ ਜੀ ਦੇ ਪਟ ਵਿਚ ਲਗੀ ਪਰ ਉਹ ਨੇਜ਼ੇ ਨਾਲ ਹਰ ਸਾਮ੍ਹਣੇ ਆਉਣ ਵਾਲੇ ਨੂੰ ਵਿੰਨ੍ਹਦੇ ਹੀ ਗਏ। ਬੰਦੂਕਾਂ ਦੀ ਆਵਾਜ਼ ਸੁਣਕੇ ਵਾੜੇ ਵਿਚੋਂ ਸਿੰਘ ਬਾਹਰ ਆ ਗਏ। ਸਿੰਘਾਂ ਨੂੰ ਬਾਹਰ ਆਉਂਦਾ ਦੇਖ ਸਭ ਹੀ ਨੱਸ ਗਏ ਪਰ ਇਕ ਭਜਦੇ ਪਿਆਦੇ ਨੇ ਬਘੇਲ ਸਿੰਘ ਨੂੰ ਗੋਲੀ ਮਾਰ ਹੀ ਦਿਤੀ ਤੇ ਕੁਝ ਚਿਰ ਬਾਦ ਓਹ ਸ਼ਹੀਦ ਹੋ ਗਏ। ਫੌਜਦਾਰ ਨੇ ਭੱਜਦਿਆਂ **ਮਾੜੀ ਕੰਬੋ ਦੀ** ਜਾਕੇ ਹੀ ਸਾਹ ਲਿਆ।

ਉਥੋਂ ਸਾਰੀ ਢਾਣੀ ਲਾਹੌਰ ਆਈ ਤੇ ਜ਼ਕਰੀਆ ਖਾਨ ਨੂੰ ਸਿੰਘਾਂ ਦੀ ਵੱਧੀ ਹੋਈ ਤਾਕਤ ਦਾ ਚਰਚਾ ਐਸੇ ਢੰਗ ਨਾਲ ਕੀਤਾ ਕਿ ਜ਼ਕਰੀਆ ਖਾਨ ਨੇ ਆਪਣੇ ਚੋਣਵੇਂ ਜਰਨੈਲ ਮੋਮਨ ਖਾਨ ਨੂੰ ੨੨੦੦ ਸਵਾਰਾਂ ੪੦ ਜੰਬੂਰੇ, ੪ ਰਹਕਲੇ ਤੇ ਪੰਜ ਹਾਥੀ ਦਿਤੇ ਕਿ ਉਹ ਤਾਰਾ ਸਿੰਘ ਨੂੰ ਪਕੜ ਲਿਆਵੇ। ਉਸ ਨੇ ਵੀ ਜਹਾਦ ਦਾ ਝੰਡਾ ਦਿਲੀ ਦਰਵਾਜ਼ੇ ਖੜਾ ਕਰ ਦਿਤਾ ਇਸ ਤਰ੍ਹਾਂ ਫੌਜ ਨੂੰ ਹੋਰ ਵਡਿਆਂ ਕਰ ਲਿਆ।

ਇਧਰ ਤਾਰਾ ਸਿੰਘ ਜੀ ਜਾਣਦੇ ਸਨ ਕਿ ਗੱਲ ਉੱਥੇ ਮੁਕੀ ਨਹੀਂ ਸਗੋਂ ਆਰੰਭ ਹੋਈ ਹੈ। ਸੋ ਉਨ੍ਹਾਂ ਇਲਾਕੇ ਵਿਚ ਸਿੰਘ ਦੌੜਾ ਦਿਤੇ ਕਿ ਜਿਨ੍ਹਾਂ ਨੂੰ ਸ਼ਹੀਦੀਆਂ ਪਾਉਣ ਦਾ ਚਾਅ ਹੈ, ਉਹ ਵਾਂ ਪੁਜ ਜਾਣ। ਕਾਫ਼ੀ ਸਿੰਘ ਇਕੱਠੇ ਹੋ ਗਏ ਤਾਂ ਕਈ ਸਿਆਣਿਆਂ ਵਿਚਾਰ ਕੀਤੀ ਕਿ ਜ਼ਕਰੀਆ ਖਾਨ ਦਾ ਨਵਾਂ ਨਵਾਂ ਜੋਸ਼ ਹੈ ਸੋ ਇਸ ਲਈ ਸਮਾਂ ਟਪਾਉਣਾ ਹੀ ਸਿਆਣਪ ਹੈ ਤੇ ਮਾਲਵੇ ਵਲ ਵਹੀਰ ਚਲੀ ਜਾਏ ਤੇ ਜਦ ਉਹ ਵਾੜਾ ਖਾਲੀ ਦੇਖਣਗੇ ਤਾਂ ਫਿਰ ਵਾਪਿਸ ਮੁੜਨਾ ਸਹਿਲ ਹੋ ਜਾਏਗਾ। ਸੋ ਸਾਰਿਆਂ ਕੂਚ ਕੀਤਾ ਪਰ ਜਦ ਪਤਣ ਲੰਘਣ ਲਗੇ ਤਾਂ ਸਰਦਾਰ ਤਾਰਾ ਸਿੰਘ ਜੀ ਨੇ ਕਿਹਾ ਕਿ ਪੱਤਣ ਲੰਘਣ ਤੋਂ ਪਹਿਲਾਂ ਵਾਕ ਤਾਂ ਲੈ ਲਈਏ ਕਿ ਮਹਾਰਾਜ ਦਾ ਕੀ ਹੁਕਮ ਹੈ। ਸੋ ਉਨ੍ਹਾਂ ਜਦ ਕਮਰ ਕਸੇ ਦੀ ਦਸ-ਗੁੰਥੀ ਤੋਂ ਵਾਕ ਲਇਆ ਤਾਂ ਵਾਕ ਆਇਆ :—

ਜੋ ਕਹੂੰ ਕਾਲ ਤੇ ਭਾਜ ਕੇ ਬਾਚੀਅਤ
ਤੋ ਕਹਿ ਕੁੰਟ ਕੋ ਭਜ ਜਈਯੇ।
ਆਗੈ ਹੂੰ ਕਾਲ ਧਰੇ ਅਸ ਗਾਜਤ ਛਾਜਤ ਹੈ
ਜੇਂ ਤੇ ਨਸ ਆਈਏ।
ਐਸੋ ਨਾ ਕਹਿ ਗਯੋ ਕੋਈ ਸੁ ਬਾਵਰੇ
ਜਹਿ ਉਪਾਵ ਸੁ ਆਣ ਬਚਈਯੇ।
ਜਾ ਤੇ ਨ ਛੁਟੀਐ ਮੂੜ
ਕਹੂੰ ਹਸ ਤਾਕੀ ਨਾ ਕਿਉ ਸ਼ਰਨਗਤ ਪਈਯੇ। ੯੬॥

ਭਾਈ ਤਾਰਾ ਸਿੰਘ ਜੀ ਨੇ ਕਿਹਾ ਕਿ "ਹੁਕਮ ਸ਼ਹੀਦੀਆਂ ਦਾ ਹੈ, ਜਾਨ ਪਿਆਰੀ ਕਰਨਾ ਸੋਭਦਾ ਨਹੀਂ। ਜਿਸ ਨੇ ਮਾਲਵੇ ਵਲ ਜਾਣਾ ਹੈ ਬੇਸ਼ਕ ਚਲਾ ਜਾਏ, ਸਾਨੂੰ ਤਾਂ ਗੁਰੂ ਦਾ ਹੁਕਮ ਵਾਪਸ ਵਾਂ ਜਾਣਦਾ ਹੋਇਆ ਹੈ।" ਵਹੀਰ ਤਾਂ ਮਾਲਵੇ ਵਲ ਚਲੀ ਗਈ ਪਰ ਅਠਾਰਾਂ ਸਿੰਘ ਭਾਈ ਜੀ ਨਾਲ ਵਾਪਸ ਮੁੜ ਆਏ। ਉਨ੍ਹਾਂ ਦੇ ਪਾਵਨ ਨਾਂ ਇਹ ਹਨ :—

ਭਾਈ ਵਧਾਵਾ ਸਿੰਘ, ਭਾਈ ਕੰਵਰ ਸਿੰਘ 'ਵਾਂ', ਭਾਈ ਸ਼ਾਹੀ ਸਿੰਘ ਝਲੀਆਂ, ਭਾਈ ਸੂਰਾ ਸਿੰਘ ਖਾਲੜਾ, ਭਾਈ ਲਖਮੀਰ ਸਿੰਘ ਘਰਿਆਲਾ, ਭਾਈ ਮਾਲੀ ਸਿੰਘ ਤੇ ਭਾਈ ਗੁਰਬਖਸ਼ ਸਿੰਘ ਭੜਾਣੇ, ਭਾਈ ਭੀਮ ਸਿੰਘ ਤੇ ਭਾਈ ਬਾਦਲ ਸਿੰਘ ਰਤੋਕੇ, ਭਾਈ ਮੇਘ ਸਿੰਘ ਮਦਰਾਂ, ਭਾਈ ਹਾਤਾ ਸਿੰਘ ਚੁੰਘਾ, ਭਾਈ ਬੁਲਾਕਾ ਸਿੰਘ ਸਾਂਘਣੇ, ਭਾਈ ਜੋਧ ਸਿੰਘ ਨਾਰੋਵਾਲ, ਭਾਈ ਬਘੇਲ ਸਿੰਘ ਜੀ (ਸ਼ਹੀਦ) ਦੇ ਛੋਟੇ ਭਰਾ ਭਾਈ ਅਮਰ ਸਿੰਘ, ਭਾਈ ਸਮੁੰਦ ਸਿੰਘ ਤੇ ਲਾਭ ਸਿੰਘ ਮੁਲਤਾਨ, ਭਾਈ ਭੋਗ ਸਿੰਘ ਤੇ ਭਾਈ ਸਾਲ ਸਿੰਘ ਪਸ਼ੌਰੀਏ।

'ਵਾਂ' ਵਾਪਸ ਆ ਕੇ ਸਿੰਘਾਂ ਇਕ ਥੰਮ ਗਡ ਦਿਤਾ ਤੇ ਨਵੇਂ ਮਾਰੇ ਬਕਰੇ ਦੀ ਖੱਲ ਨੂੰ ਮੜ੍ਹਕੇ ਨਿਗਾਰਾ ਵੀ ਬਣਾ ਲਿਆ ਤਾਂਕਿ ਦੂਰ ਨੇੜੇ ਸਿੰਘਾਂ ਨੂੰ ਨਗਾਰੇ ਦੀ ਆਵਾਜ਼ ਨਾਲ ਸੁਚੇਤ ਕੀਤਾ ਜਾ ਸਕੇ।

ਲਾਹੌਰ ਵਿਚ ਤਾਂ ਖਬਰ ਘਰ ਘਰ ਉੱਡ ਗਈ ਸੀ ਕਿ ਵਾਂ ਦੇ ਤਾਰਾ ਸਿੰਘ ਤੇ ਹਮਲਾ ਹੋਣ ਵਾਲਾ ਹੈ। ਸ਼ਾਹੀ ਫੌਜ ਵਿਚ ਇਕ ਨੌਕਰ ਹਜ਼ੂਰਾ ਸਿੰਘ ਨੇ ਰਾਤੋ ਰਾਤ ਘੋੜਾ ਛੱਡਿਆ ਤੇ ਤਾਰਾ ਸਿੰਘ ਨੂੰ ਆ ਕੇ ਪੂਰੀ ਖਬਰ ਦਿਤੀ ਕਿ ਚੜ੍ਹਾਈ ਤਕੜੀ ਹੋ ਰਹੀ ਹੈ, ਸੋ ਕੁਝ ਚਿਰ ਉਰੇ ਪਰ੍ਹੇ ਹੋ ਜਾਣਾ ਹੀ ਸਿਆਣਪ ਹੈ ਪਰ ਭਾਈ ਸਾਹਿਬ ਨੇ ਸਾਰੀ ਵਾਰਤਾ ਸੁਣਾ ਕੇ ਕਿਹਾ ਕਿ ਉਹ ਸ਼ਹੀਦੀਆਂ ਲੈਣ ਲਈ ਤਿਆਰ ਬੈਠੇ ਹਨ ਉਥੋਂ ਜਾਣਾ ਬੁਜ਼ਦਿਲੀ ਹੈ। ਹਜ਼ੂਰਾ ਸਿੰਘ ਵਾਪਸ ਮੁੜ ਆਇਆ।

ਮੋਮਨ ਖਾਨ ਨੇ ਇਹ ਨਿਸ਼ਚਾ ਕੀਤਾ ਕਿ ਤਾਰਾ ਸਿੰਘ ਨੂੰ ਸੁਤਿਆਂ ਹੀ ਪਕੜਨਾ ਠੀਕ ਹੈ। ਰਾਤ ਢੱਲਦੇ ਆਪਣੀ ਫੌਜ ਸਮੇਤ ਪਿੰਡ ਘਵਿੰਡ ਪੁਜ ਗਿਆ। ਉਥੋਂ ਉਸ ਨੇ ਵਿਉਂਤ ਬਣਾਈ ਕਿ ਕੋਈ ਸੂਹੀਆ ਲੈ ਕੇ ਹੀ ਤਾਰਾ ਸਿੰਘ ਵਲ ਜਾਵਾਂਗੇ ਤਾਂਕਿ ਰਾਤ ਦੇ ਹਨੇਰੇ ਖੱਜਲ ਖੁਆਰੀ ਨ ਹੋਵੇ। ਪਿੰਡ ਦੇ ਨੰਬਰਦਾਰ ਸੂਜੇ ਨੇ ਜਦ ਬਲਾ ਟਲਦੀ ਨ ਦੇਖੀ ਤਾਂ ਆਪ ਤਾਂ ਸੂਹੀਆ ਬਣ ਗਇਆ ਤੇ ਆਪਣੇ ਛੋਟੇ ਭਰਾ ਨੂੰ ਭਾਈ ਤਾਰਾ ਸਿੰਘ ਜੀ ਵਲ ਨਸਾਇਆ ਕਿ ਉਨ੍ਹਾਂ ਨੂੰ ਸਮਝਾਉਣ ਕਿ ਇਕ ਦੋ ਦਿਨ ਆਸੇ ਪਾਸੇ ਹੋ ਜਾਉਣ। ਆਪ ਸੂਜਾ ਫੌਜ ਨੂੰ ਇਧਰ ਉਧਰ ਘੁਮਾਉਣ ਲਗਾ ਤਾਂਕਿ ਤਾਰਾ ਸਿੰਘ ਨੂੰ ਨਸਣ ਦਾ ਸਮਾਂ ਮਿਲ ਜਾਏ। ਛੋਟੇ ਭਰਾ ਨੇ ਫੌਜ ਦੀ ਪਹੁੰਚ ਤੇ ਨਸਣ ਦੀ ਗਲ ਆਖੀ ਤਾਂ ਉਨ੍ਹਾਂ ਧੰਨਵਾਦ ਕਰਕੇ ਉਸ ਨੂੰ ਵਾਪਿਸ ਮੋੜ ਦਿਤਾ। ਉਨ੍ਹਾਂ ਫਿਰ ਆਪਣਾ ਸੰਕਲਪ ਦੁਹਰਾਇਆ ਕਿ ਉਨ੍ਹਾਂ ਨਸਣਾ ਨਹੀਂ, ਸਗੋਂ ਸ਼ਹੀਦੀ ਪ੍ਰਾਪਤ ਕਰਨੀ ਹੈ। ਇਹ ਤੀਜੀ ਵਾਰ ਉਨ੍ਹਾਂ ਨੂੰ ਮੌਕਾ ਮਿਲਿਆ ਸੀ ਪਰ **ਜਿਨ੍ਹਾਂ ਦੀਆਂ ਹੱਡੀਆਂ ਵਿਚ ਬੀਰਤਾ ਨਿਵਾਸ ਕਰ ਗਈ ਹੋਵੇ ਉਹ ਦ੍ਰਿੜ੍ਹਤਾ ਦੇ ਪਲੇ ਨੂੰ ਕਦੀ ਨਹੀਂ ਛੱਡਦੇ**। ਨੰਬਰਦਾਰ ਸੂਜਾ ਫੌਜ ਨੂੰ ਡਲ ਪਿੰਡ ਹੀ ਛੱਡ ਕੇ ਆਪ ਵਾਪਸ ਆ ਗਿਆ।

ਸਵੇਰੇ ਜਦ ਪਿੰਡ ਦੇ ਮੁਖ ਬਲਾਕੀ ਨੇ ਫੌਜ ਨੂੰ ਪਿੰਡ ਘੇਰੇ ਹੋਏ ਡਿੱਠਾ ਤਾਂ ਉਸ ਨੇ ਗੱਲ ਸੁਣਕੇ ਦਸਿਆ ਕਿ ਤਾਰਾ ਸਿੰਘ ਦਾ ਪਿੰਡ ਤਾਂ ਦੋਹ ਕੋਹ ਦੂਰ ਹੈ। ਫੌਜ ਰਾਤ ਭਰ ਦੀ ਭੁੱਖੀ ਸੀ। ਸੋ ਉਨ੍ਹਾਂ ਲਈ ਤਾਂ ਖਾਣਾ ਆਦਿ ਤਿਆਰ ਹੋਣ ਲਗਾ ਤੇ ਇਕ ਬਿਰਧ ਤੁਰਕ ਅੱਖ ਬਚਾਕੇ ਤਾਰਾ ਸਿੰਘ ਪਾਸ ਗਿਆ ਕਿ ਉਹ ਉਥੋਂ ਕੁਝ ਚਿਰ ਲਈ ਚਲੇ ਜਾਣ। ਜਦ ਫ਼ੌਜਾਂ ਆਉਣਗੀਆਂ। ਖਾਲੀ ਵਾੜਾ ਦੇਖਕੇ ਵਾਪਸ ਮੁੜ ਜਾਣਗੀਆਂ। ਭਾਈ ਤਾਰਾ ਸਿੰਘ ਜੀ ਨੇ ਇਸ ਬਿਰਧ ਤੁਰਕ ਦਾ ਵੀ ਧੰਨਵਾਦ ਕੀਤਾ ਤੇ ਆਪਣੇ ਈਰਾਦੇ ਅਟੱਲ ਦੱਸੇ।

ਭਾਈ ਤਾਰਾ ਸਿੰਘ ਜੀ ਨੇ ਸਾਰੇ ਸਿੰਘਾਂ ਨੂੰ ਹਥੀਂ ਇਸ਼ਨਾਨ ਕਰਾਇਆ ਤੇ ਮੋਰਚੇ ਮੱਲ ਕੇ ਹਰ ਕੋਈ ਸਿੰਘ ਬੈਠ ਗਿਆ। ਧੌਂਸੇ ਤੇ ਚੋਟਾਂ ਪੈਣ ਲਗੀਆਂ। ਮੋਮਨ ਖਾਨ ਨੂੰ

ਗਿਆਤ ਹੋ ਗਿਆ ਕਿ ਸਿੰਘ ਜੂਝਣ ਲਈ ਤਿਆਰ ਹਨ। ਮੋਮਨ ਖਾਨ ਦੀਆਂ ਫੌਜਾਂ ਵੀ ਨੇੜੇ ਆ ਗਈਆਂ।

ਫੌਜਾਂ ਨੂੰ ਲਾਗੇ ਆਉਂਦਾ ਦੇਖ ਬੁਲਾਕਾ ਸਿੰਘ ਜੀ ਨੇ ਨੇੜੇ ਹੋ ਕੇ ਤੀਰਾਂ ਦੀ ਵਾਛੜ ਅਰੰਭ ਕਰ ਦਿਤੀ। ਜਦ ਤੀਰਾਂ ਦਾ ਭੱਥਾ ਖਾਲੀ ਹੋ ਗਿਆ ਤਾਂ ਤਲਵਾਰ ਧੂਹ ਲਈ ਤੇ ਕਈਆਂ ਨੂੰ ਮਾਰਦੇ ਹੋਏ ਸ਼ਹੀਦ ਹੋ ਗਏ। ਸਿੰਘਾਂ ਪਾਸ ਕੋਈ ਬੰਦੂਕਾਂ ਤਾਂ ਹੈ ਨਹੀਂ ਸਨ ਜੋ ਦੂਰੋਂ ਵਾਰ ਕਰਦੇ। **ਟਿੰਡਾਂ ਵਿਚ ਬਾਰੂਦ ਪਾ ਕੇ ਮੋਢੇ ਤੇ ਸੁਟ ਲੈਂਦੇ ਅਤੇ ਫੌਜਾਂ ਵਿਚ ਜ਼ੋਰ ਦਾ ਬਾਰੂਦ ਛੱਡ ਦਿੰਦੇ**। ਧਮਾਕੇ ਨਾਲ ਹੀ ਫੌਜਾਂ ਡਰ ਜਾਂਦੀਆਂ ਤੇ ਖਲਬਲੀ ਮੱਚ ਜਾਂਦੀ। ਮਚੀ ਭਗਦੜ ਵਿਚ ਸਿੰਘ ਤਲਵਾਰਾਂ ਲੈ ਕੇ ਜੂਝ ਪੈਂਦੇ। ਤਾਰਾ ਸਿੰਘ ਜੀ ਵੀ ਅਗੇ ਆ ਖਲੋਤੇ। ਆਪਜੀ ਨੂੰ ਅੱਗੇ ਹੁੰਦਾ ਦੇਖ ਮੋਮਨ ਖਾਨ ਦੀਆਂ ਫੌਜਾਂ ਨੇ ਵਾਰ ਕੀਤਾ। ਆਪ ਜੀ ਨੇ ਫੁਰਤੀ ਨਾਲ ਤੱਕੀ ਖਾਨ ਦੇ ਘੋੜੇ ਦੀਆਂ ਵਾਗਾਂ ਫੜ ਲਈਆਂ। ਤੱਕੀ ਖਾਨ ਨੇ ਆਪਣੇ ਆਪ ਨੂੰ ਸਾਰਾ ਹੀ ਸੰਜੋਅ ਨਾਲ ਢਕਿਆ ਹੋਇਆ ਸੀ। ਸਿਰਫ ਮੂੰਹ ਹੀ ਖਾਲੀ ਸੀ। ਤਾਰਾ ਸਿੰਘ ਨੇ ਖੁਲੇ ਮੂੰਹ ਦਾ ਨਿਸ਼ਾਨਾ ਤਾਨ ਕੇ ਐਸਾ ਨੇਜ਼ੇ ਦਾ ਨਿਸ਼ਾਨਾ ਬੰਨ੍ਹਿਆ ਕਿ ਨੇਜ਼ਾ ਖਾਂਦੇ ਸਾਰ ਹੀ ਲਹੂ ਦਾ ਫੁਹਾਰਾ ਛੁੱਟ ਪਿਆ। ਐਸੀ ਮਾਰ ਖਾ ਕੇ ਤੱਕੀ ਖਾਨ ਪਿਛੇ ਹਟਿਆ ਹੀ ਸੀ ਕਿ ਅਗੋਂ ਮੋਮਨ ਖਾਨ ਘੋੜਾ ਦੁੜਾਈ ਆ ਗਿਆ। ਉਸ ਲਹੂ ਵਗਦਾ ਦੇਖ ਪੁਛਿਆ, 'ਕਿਉਂ ਤੱਕੀ ਖਾਨ ਜੀ, ਪਾਨ ਖਾਂਦੇ ਹੋ ਤਾਂ ਤੱਕੀ ਖਾਨ ਨੇ ਕਿਹਾ। ਹਾਂ ਜੀ, ਤਾਰਾ ਸਿੰਘ ਵੰਡਦਾ ਪਿਆ ਹੈ। ਤੁਸੀਂ ਵੀ ਲੈ ਲਵੋ।' ਮੋਮਨ ਖਾਨ ਉਸੇ ਸਮੇਂ ਜਾਣ ਗਿਆ ਕਿ ਹੁਣ ਘੋੜਿਆਂ ਨਾਲ ਵਾੜਾ ਨਹੀਂ ਲਿਤਾੜਿਆ ਜਾ ਸਕੇਗਾ, ਹਾਥੀਆਂ ਨੂੰ ਅਗੇ ਵਧਾਉਣਾ ਚਾਹੀਦਾ ਹੈ, ਸੋ ਉਸ ਚੇਲੇ ਦਾ ਹਾਥੀ ਅਗੇ ਕੀਤਾ।

ਭਾਈ ਭੀਮ ਸਿੰਘ ਜੀ ਨੇ ਜਦੋਂ ਅਗੋਂ ਹਾਥੀ ਨੂੰ ਆਉਂਦਿਆਂ ਦੇਖਿਆ ਤਾਂ ਉਹ ਸ਼ੇਰ ਵਾਂਗ ਝਪਟੇ। ਭੀਮ ਸਿਘ ਵਿਚ ਚਲਦੇ ਹਾਥੀ ਨੂੰ ਖੜਿਆ ਕਰ ਲੈਣ ਦੀ ਸ਼ਕਤੀ ਤੇ ਜੁਗਤ ਸੀ। ਭੀਮ ਸਿੰਘ ਨੇ ਹਾਥੀ ਨੂੰ ਰੋਕ ਕੇ ਉਸ ਦੇ ਕੰਨ ਫੜ ਕੇ ਸੁੰਡ ਦੇ ਆਸਰੇ ਹਾਥੀ ਦੀ ਗਰਦਨ ਤੇ ਚੜ ਗਇਆ ਅਤੇ ਤਲਵਾਰ ਖਿਚ ਕੇ ਮਹਾਵਤ ਨੂੰ ਮਾਰੀ। ਮਹਾਵਤ ਨੇ ਅਗੇ ਅੰਕਸ ਕੀਤਾ ਜਿਸ ਨਾਲ ਤਲਵਾਰ ਦੇ ਦੋ ਟੋਟੇ ਹੋ ਗਏ। ਟੁਟੀ ਹੋਈ ਹੀ ਤਲਵਾਰ ਨਾਲ ਭੀਮ ਸਿੰਘ ਜੀ ਨੇ ਮਹਾਵਤ ਦਾ ਸਿਰ ਉਤਾਰ ਦਿਤਾ। ਇਧਰੋਂ ਤਾਰਾ ਸਿੰਘ ਜੀ ਨੇ ਲਖਬੀਰ ਸਿੰਘ ਜੀ ਨੂੰ ਵੰਗਾਰ ਪਾਈ ਤੇ ਉਸ ਨੇ ਛਾਲ ਮਾਰਕੇ ਹੁਦੇ ਵਿਚ ਹੀ ਚੇਲੇ ਨੂੰ ਮਾਰ ਦਿਤਾ ਤੇ ਹਾਥੀ ਨੂੰ ਸ਼ਾਹੀ ਫੌਜਾਂ ਵਲ ਧੱਕ ਦਿਤਾ ਅਤੇ ਆਪੂੰ ਛਾਲ ਮਾਰ ਕੇ ਹੇਠਾਂ ਆ ਗਏ।

ਇਥੇ ਹੀ ਕੁਰਬਾਨ ਪਿੰਡ ਦੇ ਦੋ ਸਿੰਘ ਆਪਣੀਆਂ ਪੈਲੀਆਂ ਵਾਸਤੇ ਕਲਰ ਰੂੜੀ ਲੈਣ ਲਈ ਆਏ ਸਨ। ਜਦ ਉਹ ਪਿੰਡ ਨੇੜੇ ਪੁਜੇ ਤਾਂ ਸਿੰਘਾਂ ਨੂੰ ਸ਼ਹੀਦ ਹੁੰਦਾ ਦੇਖ ਇਕ ਭਰਾ ਨੇ ਦੂਜੇ ਨੂੰ ਕਿਹਾ ਕਿ 'ਲੈ ਵੀਰਾ, ਗੱਡਾ ਸੰਭਾਲ ਮੈਂ ਤਾਂ ਚਲ ਕੇ ਭਰਾਵਾਂ ਨਾਲ ਸ਼ਹੀਦ ਹੁੰਦਾ ਹਾਂ।' ਵੀਰ ਨੇ ਕਿਹਾ, 'ਮੈਂ ਕੀ ਕਰਨਾ ਹੈ, ਪਿਛੋਂ ਜ਼ਿੰਦਾ ਰਹਿ ਕੇ, ਮੈਂ ਵੀ ਸ਼ਹੀਦ ਹੁੰਦਾ ਹਾਂ।' ਦੋਹਾਂ ਭਰਾਵਾਂ ਨੇ ਤਲਵਾਰਾਂ ਧੂਹ ਲਈਆਂ ਤੇ ਪਿਛਲੇ ਪਾਸਿਉਂ ਤੁਰਕਾਂ ਦੀ ਫ਼ੌਜ ਨੂੰ ਚੀਰਦੇ ਤੇ ਮਾਰਦੇ ਸਿੰਘਾਂ ਨਾਲ ਆ ਰਲੇ ਅਤੇ ਬੀਰਤਾ ਦੇ ਨਵੇਂ ਪੂਰਨੇ ਪਾ ਦਿਤੇ।

ਮੋਮਨ ਖ਼ਾਨ ਨੇ ਡਿੱਠਾ ਕਿ ਤਕੀ ਖ਼ਾਨ ਤਾਂ ਪਿਛੋਂ ਹੀ ਹਟ ਗਿਆ ਹੈ ਤਾਂ ਉਸ ਦਇਆ ਰਾਮ, ਮਨਸਾ ਰਾਮ ਤੇ ਹੋਰ ਸਾਰੇ ਦਸਤਿਆਂ ਨੂੰ ਇਕੋ ਵਾਰ ਹੀ ਸਿੱਖਾਂ ਤੇ ਟੁੱਟ ਪੈਣ ਲਈ ਹੁਕਮ ਦਿੱਤਾ। ਗਿਣਤੀ ਦੇ ੨੧ ਸਿੰਘ ਕਿਥੋਂ ਤੱਕ ਹਜ਼ਾਰਾਂ ਦਾ ਟਾਕਰਾ ਕਰ ਸਕਦੇ ਸਨ,

ਸੋ ਦਿਨ ਡੁੱਬਦੇ ਤਕ ਸੱਭ ਸ਼ਹੀਦੀਆਂ ਪ੍ਰਾਪਤ ਕਰ ਗਏ। ਸੱਭ ਸਿਘਾਂ ਦੇ ਸੀਸ ਕੱਟ ਕੇ ਆਪਣੇ ਵਲੋਂ ਜਿਤ ਦੇ ਡੰਕੇ ਵਜਾਂਦੀਆਂ ਬਚੀਆਂ ਖੁਚੀਆਂ ਫ਼ੌਜਾਂ ਲਾਹੌਰ ਪੁਜੀਆਂ ਪਰ ਸਿੰਘਾਂ ਨੇ ਇਹ ਸਾਬਤ ਕਰ ਦਿਤਾ ਕਿ ਮਰਦਾਨਗੀ ਕਿਸ ਨੂੰ ਕਹਿੰਦੇ ਹਨ ਤੇ ਡਟਨਾ ਕੈਸਾ ਹੁੰਦਾ ਹੈ।

ਸਿੰਘਾਂ ਦਾ ਖਜ਼ਾਨਾ ਲੁਟਣਾ : ਭਾਈ ਤਾਰਾ ਸਿੰਘ ਜੀ ਸ਼ਹੀਦ ਸੁਣਕੇ ਸਾਰੇ ਮਾਝੇ ਵਿਚ ਜੋਸ਼ ਦਾ ਇਕ ਤੂਫ਼ਾਨ ਉਠ ਖਲੋਤਾ।

ਪੰਥ ਨੇ ਗੁਰਮਤਾ ਕੀਤਾ ਕਿ ਚੁੱਪ ਕਟੀ ਕਰਣੀ ਠੀਕ ਨਹੀਂ ਇਸ ਲਈ

(1) ਸ਼ਾਹੀ ਹਕੂਮਤ ਦੇ ਖਜਾਨਿਆਂ ਤੇ ਹਥ ਸਾਫ਼ ਕੀਤੇ ਜਾਣ।

(2) ਘੋੜੇ ਤੇ ਹਥਿਆਰ ਪ੍ਰਾਪਤ ਕਰਨ ਲਈ ਖਾਸ ਉਦਮ ਕੀਤਾ ਜਾਏ ।

(3) ਹਕੂਮਤ ਦੇ ਸਹਾਇਕਾਂ ਤੇ ਖੁਸ਼ਾਮਦੀਆਂ ਨੂੰ ਖਾਸ ਦੰਡ ਦਿਤੇ ਜਾਣ ।

ਕਾਹਨੂਵਾਨ ਦੇ ਛੰਭਾਂ ਤੇ ਲਖੀ ਜੰਗਲ ਵਿਚੋਂ ਸਿੰਘਾਂ ਬਾਹਰ ਨਿਕਲਣ ਦਾ ਨਿਰਣਾ ਕਰ ਲਇਆ। ਇਕ ਤਾਂ ਉਹ ਚਾਹੁੰਦੇ ਸਨ ਕਿ ਇਹ ਪ੍ਰਗਟ ਕੀਤਾ ਜਾਏ ਕਿ ਭਾਈ ਤਾਰਾ ਸਿੰਘ ਜੀ ਦੀ ਸ਼ਹਾਦਤ ਬਾਦ ਉਨ੍ਹਾਂ ਦੇ ਹੌਂਸਲੇ ਵਧੇ ਹਨ ਤੇ ਦੂਜੇ ਲਾਹੌਰੋਂ ਸਰਕਾਰ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਾਇਆ ਜਾਏ। ਸਿੱਖਾਂ ਨੂੰ ਖਬਰ ਪੁਜੀ ਕਿ ਚਵਿੰਡਾ ਥਾਨਾਂ ਵਲੋਂ ਖਜ਼ਾਨਾ ਆ ਰਿਹਾ ਹੈ, ਸੋ ਉਨ੍ਹਾਂ ਦੇ ਜਥੇ ਨੇ ਰਾਹ ਵਿਚ ਹੀ ਲੁਟ ਲਇਆ। ਉਥੇ ਹੀ ਇਹ ਖਬਰ ਪੁਜੀ ਕਿ ਕਸੂਰ ਅਤੇ ਚੂਨੀਆਂ ਦਾ ਖਜ਼ਾਨਾ ਲਾਹੌਰ ਵਲ ਚਲ ਪਿਆ ਹੈ, ਸਿੰਘਾਂ ਨੇ ਕਾਹਨਾਂ ਕਾਛਾ ਦੇ ਕਰੀਬ ਖਜ਼ਾਨਾ ਲੁਟਕੇ ਆਪਣੇ ਖਜ਼ਾਨੇ ਭਰੇ। ਜਥੇਦਾਰ ਦਰਬਾਰਾ ਸਿੰਘ ਜੀ ਦੀ ਅਗਵਾਈ ਹੇਠਾਂ ਮੁਲਤਾਨ ਤੋਂ ਦਿਲੀ ਵਲ ਜਾਂਦੇ ਸ਼ਾਹੀ ਖਜ਼ਾਨੇ ਨੂੰ ਕਬਜ਼ੇ ਵਿਚ ਕੀਤਾ। ਤਕਰੀਬਨ ੪ ਲਖ ਰੁਪਿਆ ਸਿਘਾਂ ਦੇ ਹੱਥ ਆਇਆ।[1] ਕਈ ਪਾਸੇ ਮਲਾਂ ਮਾਰੀਆਂ, ਇਨ੍ਹਾਂ ਹਲਿਆਂ ਵਿਚ ਸਿਖ ਇਤਨੀ ਏਹਿਤਆਤ ਵਰਤਦੇ ਸਨ ਕਿ ਕਿਸੇ ਬੇਦੋਸ਼ੇ ਦਾ ਨੁਕਸਾਨ ਨ ਹੋਵੇ। ਸ਼ੇਰ ਪ੍ਰਤਾਪ ਚੰਦ ਦਾ ਲੁਟਿਆ ਮਾਲ ਉਸਦੇ ਘਰ ਪਹੁੰਚਾ ਆਉਣਾ ਇਸੇ ਪਾਸੇ ਦੀ ਇਕ ਉਦਾਹਰਣ ਹੈ। ੧੭੨੭ ਈ: ਵਿਚ ਕੰਧਾਰ ਤੋਂ ਮੁਰਤਜਾ ਖਾਨ ਦਿਲੀ ਦੇ ਪਾਤਸ਼ਾਹ ਲਈ ਘੋੜੇ ਲੈ ਜਾ ਰਿਹਾ ਸੀ ਤਾਂ ਸਿੰਘਾਂ ਨੇ ਘੋੜੇ ਜੰਡਿਆਲਾ ਪਾਸ ਹੀ ਖੋਹ ਲਏ। ਜ਼ਕਰੀਆ ਖਾਨ ਵੀ ਅਵੇਸਲਾ ਨਹੀਂ ਸੀ ਰਹਿ ਸਕਦਾ, ਉਸ ਨੇ ੨੦,੦੦੦ ਦੇ ਕਰੀਬ ਸਿਪਾਹੀ ਨੇ ਸਿੰਘਾਂ ਦੇ ਟਿਕਾਣੇ ਉਜਾੜਨ ਤੇ ਉਨ੍ਹਾਂ ਦੇ ਕੰਮਾਂ ਤੇ ਰੋਕ ਪਾਉਣ ਲਈ ਨਿਯਤ ਕਰ ਦਿਤੇ। ਪਰ ਸਿੰਘ ਫੌਜਾਂ ਨਾਲ ਟਕਰਾਂ ਲੈਂਦੇ ਤੇ ਲਾਹੌਰ ਸਰਕਾਰ ਨੂੰ ਆਪਣੀ ਹੋਂਦ ਜਤਾਈ ਜਾਂਦੇ ਸਨ । ਬੇਗਮ ਪੁਰਾ ਲਾਹੌਰ ਤਕ ਉਹ ਮਾਰਾਂ ਕਰਦੇ। ਜਿਤਨੀ ਵਾਰੀ ਉਹ ਬੇਗਮ ਪੁਰ ਤਕ ਆਏ, ਉਸਨੇ ਜ਼ਕਰੀਆ ਖਾਨ ਨੂੰ ਹੈਰਾਨ ਹੀ ਕਰੀ ਰਖਿਆ । ਫਿਰ ਸਿਖ ਫੁਰਤੀ ਨਾਲ ਉਥੇ ਪੁਜ ਜਾਂਦੇ ਸਨ ਜਿਥੇ ਸ਼ਾਹੀ ਫੌਜੀਆਂ ਦਾ ਪੁਜਣਾ ਬਹੁਤ ਹਦ ਤਕ ਅਸੰਭਵ ਹੀ ਸੀ। ਕਈ ਸਾਲਾਂ ਤੋਂ ਦਿਲੀ ਮਾਮਲਾ ਨਹੀਂ ਸੀ ਜਾ ਸਕਿਆ। ਕੁਝ ਲੁਟ ਲਿਆ ਜਾਂਦਾ ਤੇ ਕੁਝ ਪ੍ਰਬੰਧ ਤੇ ਹੀ ਖਰਚ ਹੋ ਜਾਦਾ। ਸਿੰਘਾਂ ਦਾ ਹੱਥ ਉਤਾਂਹ ਹੀ ਹੋ ਰਿਹਾ ਸੀ। ਭਾਈ ਰਤਨ ਸਿੰਘ ਜੀ ਭੰਗੂ ਅਨੁਸਾਰ ਵਿਰੋਧੀਆਂ ਦਾ ਤੁਰਨਾ ਫਿਰਨਾ ਵੀ ਸਿੰਘਾਂ ਬੰਦ ਕਰ ਦਿਤਾ ਸੀ :

ਰਾਤ ਦਿਵਸ ਸਿਘ ਤੁਰਨ ਸਤਾਹਿ
ਚਲਨ ਨ ਦੇਵੈ ਉਨ ਕੋ ਰਾਹਿ।

---

੧. ਉਸ ਸਮੇਂ ਖਜ਼ਾਨਾ ਸ਼ਾਹੀ। ਮੁਲਤਾਨੋ ਦਿਲੀ ਜੋ ਜਾਹੀ। ਤਾਕੇ ਸੰਗ ਫੌਜ਼ ਰਖਵਾਰੀ। ਬੀਸੋ ਦੌੜ ਗਈ ਕਿਤਸਾਰੀ। ਗਡੇ ਭਰੇ ਰੁਪਯਨ ਕਰੇ। ਚਾਰ ਲਖ ਕੇ ਥੇ ਸੇ ਨੋਰੇ।

ਜੇ ਕੋਸ਼ਸ਼ ਕਰਕੇ ਸ਼ਾਹੀ ਫੌਜਾਂ ਸਿਖਾਂ ਦੇ ਟਿਕਾਣਿਆਂ ਤਕ ਪੁੱਜ ਹੀ ਜਾਂਦੀਆਂ ਤਾਂ ਉਹ ਝਾੜਾਂ ਵਿਚ ਉਤਰਨ ਤੋਂ ਕੁਤਰਾਂਦੀਆਂ ਪਰ ਸਿੰਘ ਝਾੜਾਂ ਵਿਚ ਖੜੇ ਖੜੇ ਹੀ ਸਾਰੀ ਰਾਤ ਗੁਜ਼ਾਰ ਦਿੰਦੇ ਸਨ ।[1] ਸੋ ਲਾਹੌਰ ਸਰਕਾਰ ਨੇ ਇਕ ਤਗੜਾ ਹੱਲਾ ਕਰਨ ਦੀ ਵਿਉਂਤ ਬਣਾਈ ਪਰ ਸਿਖਾਂ ਸਭ ਨਿਸਫਲ ਬਣਾ ਦਿਤਾ ।

ਭੀਲਵਾਲ ਦੀ ਲੜਾਈ : ਰਾਵੀ ਦੇ ਕੰਢੇ, ਸਿਖਾਂ ਦਾ ਦੂਜਾ ਵਡਾ ਟਿਕਾਣਾ ਸੀ। ਉਥੇ ਉਨ੍ਹਾਂ ਇਕ ਪਕੀ ਹਵੇਲੀ ਬਣਾਈ ਹੋਈ ਸੀ ਤੇ ਖਾਈਆਂ ਪੁਟੀਆਂ ਹੋਈਆਂ ਸਨ । ਲਾਹੌਰ ਤੋਂ ਫੌਜਾਂ ਪੈਂਡੇ ਚੀਰਦੇ ਸਿਖਾਂ ਦੇ ਟਿਕਾਣੇ ਤਕ ਪੁਜ ਗਈਆਂ । ਸਿੰਘ ਉਥੋਂ ਕਰਤਾਰ ਪੁਰ ਚਲੇ ਗਏ । ਕਰਤਾਰ ਪੁਰ ਖਾਣ ਪੀਣ ਦਾ ਅੰਨਭੰਡਾਰ ਨ ਹੋਣ ਕਾਰਨ ਸਿਖਾਂ ਨੂੰ ਛੇਤੀ ਹੀ ਭੁੱਖ ਨੇ ਸਤਾਣਾ ਅਰੰਭ ਕੀਤਾ । ਸਿਖਾਂ ਬਾਹਰ ਨਿਕਲਣ ਦਾ ਫ਼ੈਸਲਾ ਕਰ ਲਇਆ ਪਰ ਸਾਮ੍ਹਣਿਉਂ ਤੋਪਾ ਵਰ੍ਹ ਰਹੀਆਂ ਸਨ । ਦੇਵ ਨੇਤ ਨਾਲ ਉਸ ਰਾਤ ਇਤਨੀ ਬਾਰਸ਼ ਹੋਈ ਕਿ ਸਭ ਬਾਰੂਦ ਤੇ ਤੋਪਾਂ ਨਾਕਾਰਾ ਹੋ ਗਈਆਂ । ਸਿਖ ਦੁਸ਼ਮਣਾਂ ਤੇ ਟੁੱਟ ਪਏ । ਫੌਜਾਂ ਨੂੰ ਲਿਤਾੜਦੇ ਸਿੰਘ ਦੂਰ ਨਿਕਲ ਗਏ ।

ਸ਼ਾਹੀ ਫੌਜਾਂ ਪ੍ਰਸੰਨ ਸਨ ਕਿ ਉਨ੍ਹਾਂ ਨੇ ਸਿਖਾਂ ਨੂੰ ਮਾਰ ਮਕਾਇਆ ਹੈ । ਉਹ ਲਾਹੌਰ ਵਲ ਮੁੜ ਪਏ ਤੇ ਰਾਹ ਵਿਚ ਡੇਰਾ ਭੀਲਵਾਲ ਕੀਤਾ । ਫੌਜਾਂ ਤਾਂ ਰੰਗ ਰਲੀਆਂ ਮਨਾਉਣ ਵਿਚ ਰੁਝ ਗਈਆਂ । ਕੁਝ ਜੋ ਉਨ੍ਹਾਂ ਨਾਲ ਸ਼ਾਮਲ ਨ ਹੋਏ, ਆਰਾਮ ਕਰਨ ਲਗੇ । ਸਿੰਘ ਅਚਾਨਕ ਇਲ ਵਾਂਗਰ ਝੱਪਟ ਪਏ । ਮੁਗਲਾਂ ਦੇ ਘੋੜੇ ਸਿੰਘਾਂ ਦੇ ਹੀ ਕੰਮ ਆਏ । ਸਿੰਘਾਂ ਨੇ ਹੋਰ ਸਾਮਾਨ ਵੀ ਕਬਜ਼ੇ ਵਿਚ ਕੀਤਾ ਤੇ ਫਿਰ ਕਾਹਨੂਵਾਨ ਦੇ ਛੰਭਾਂ ਵਲ ਚਲੇ ਗਏ । ਕਈ ਤਾਂ ਉਥੋਂ ਡਰਕੇ ਹੀ ਨਸ ਗਏ । ਮੁਰਤਜਾ ਖਾਨ, ਰਾਜਾ ਟੋਡਰ ਮਲ ਦਾ ਪੋਤਰਾ, ਕਈ ਪੀਰ, ਫਕੀਰ, ਹਾਜੀ ਬਾਬਰ ਬੇਗ ਤੇ ਕਈ ਹੋਰ ਉਘੇ ਫੌਜੀ ਥਾਂ ਹੀ ਮਾਰੇ ਗਏ । ਭੀਲਵਾਲ ਦੀ ਲੜਾਈ ਫੈਸਲਾ ਕੁਨ ਸੀ ਤੇ ਜ਼ਕਰੀਆਂ ਖਾਨ ਇਹ ਸੋਚਨ ਤੇ ਮਜਬੂਰ ਹੋਇਆ ਕਿ ਬਹੁਤੀ ਦੇਰ ਸਖਤੀ ਦੀ ਨੀਤੀ ਅਪਨਾਉਣੀ ਲਾਭਵੰਦ ਨਹੀਂ ਰਵੇਗੀ ਸੋ ਉਸਨੇ ਇਕ ਨਵੀਂ ਵਿਉਂਤ ਬਣਾਈ ਤੇ ਜਾਗੀਰ ਭੇਜਣ ਦਾ ਫੈਸਲਾ ਕੀਤਾ ।

ਜਾਗੀਰ ਭੇਜਣੀ : ਜ਼ਕਰੀਆ ਖਾਨ ਲਈ ਸਿੰਘ ਦੀ ਹੋਂਦ ਦੁਖਦਾਈ ਹੀ ਬਣੀ ਜਾਂਦੀ ਸੀ । ਖਜਾਨੇ ਦਾ ਖਾਲੀ ਹੋਣਾ, ਫੌਜਾਂ ਦਾ ਸਿਖਾਂ ਦੇ ਪਿਛੇ ਹੀ ਰੁਝਿਆ ਰਹਿਣਾ ਤੇ ਸਿੰਘਾਂ ਦਾ ਲਾਹੌਰ ਤਕ ਹੱਲੇ ਕਰ ਜਾਣਾ ਉਸ ਲਈ ਚਿੰਤਾ ਦਾ ਹੀ ਕਾਰਣ ਸੀ । ਸੋ ਉਸਨੇ ਦਿਲੀ ਸਰਕਾਰ ਨੂੰ ਇਹ ਸੁਝਾ ਦਿਤਾ ਕਿ ਸਿੰਘਾਂ ਨੂੰ ਪਿਆਰ ਨਾਲ ਵੱਸ ਕਰਨ ਦਾ ਹਥਿਆਰ ਵੀ ਅਜਮਾਉਣਾ ਚਾਹੀਦਾ ਹੈ । ਇਸ ਤਰ੍ਹਾਂ ਛੱਲ ਕਰਕੇ ਉਨ੍ਹਾਂ ਨੂੰ ਵਸ ਕਰ ਲੈਣਾ ਚਾਹੀਦਾ ਤੇ ਸਮਾਂ ਪੈਣ ਤੇ ਝਪਟ ਕੇ ਪਕੜ ਲੈਣਾ ਚਾਹੀਦਾ ਹੈ । ਭਾਈ ਰਤਨ ਸਿੰਘ ਭੰਗੂ ਦੇ ਸਬਦਾਂ ਵਿਚ :—

ਗੁੜ ਦਿਤੇ ਦੁਸ਼ਮਨ ਮਰੈ ਕਿਮ ਮੁਹਰੈ ਖਰੀਦੀਏ ਧਾਏ
ਕਹੈ ਸਆਣੈ ਸਭ ਇਸੇ ਟੂਕ ਪਾਏ ਕੁਤਾ ਨ ਕਟਾਇ ।
ਕਹੋ ਤੋਂ ਉਸ ਸੋ ਛਲ ਕੋਊ ਕੀਜੈ ।
ਫਿਰ ਮਾਰ ਲਾਈਗ ਜਬ ਆਵਨ ਪਤੀਜੈ ।

---

੧. ਸਿੰਘਨ ਪੈ ਗੜ ਨਹਿ ਹੁਤੇ, ਜਿਤ ਕੀ ਓਟ ਲੜਹਿ,
ਉਟ ਨਠ ਰੋਹੀ ਮਧ ਛਿਪਹਿ, ਕੈ ਪੂਰਨ ਖੱਡਨ ਮਾਹਿ,
(ਪੰਥ ਪ੍ਰਕਾਸ਼)

ਸੋ ਇਸ ਨਵੀਂ ਨੀਤੀ ਅਧੀਨ ਜ਼ਕਰੀਆ ਖਾਨ ਨੇ ੧੭੩੩ ਈ: ਦੇ ਅਰੰਭ ਵਿਚ ਹੀ ਜਾਗੀਰ ਭੇਜਣ ਦਾ ਫੈਸਲਾ ਕੀਤਾ ਅਤੇ ਉਨ੍ਹਾਂ ਜਾਗੀਰ ਵੀ ਸਰਦਾਰ ਸੁਬੇਰ ਸਿੰਘ ਜੀ ਦੇ ਹੱਥ ਭੇਜੀ। ਸਰਦਾਰ ਸੁਬੇਗ ਸਿੰਘ, ਸਰਕਾਰੀ ਠੇਕੇਦਾਰ ਸਨ ਤੇ ਚੰਗੀ ਪਹੁੰਚ ਰਖਦੇ ਸਨ।

ਜਾਗੀਰ ਦਾ ਪੱਟਾ ਲੈ ਕੇ ਸਰਦਾਰ ਸੁਬੇਗ ਸਿੰਘ ਜੀ ਅਕਾਲ ਤੱਖਤ ਸਾਹਿਬ ਪੁਜੇ। ਸਰਦਾਰ ਸੁਬੇਗ ਸਿੰਘ ਜੀ ਨੇ ਸਰਬਤ ਖਾਲਸੇ ਨੂੰ ਹੱਥ ਜੋੜ ਕੇ ਬੇਨਤੀ ਕੀਤੀ

'ਹੇ ਖਾਲਸੇ ਸਭ ਬਖਸੁਨ ਜੋਗ।
ਹਮਤਨਖਾਹੀ ਘਰ ਬਾਰੀ ਲੋਕ।

ਤਨਖਾਹ ਲਵਾ ਕੇ ਉਨ੍ਹਾਂ ਨੇ ਆਪਣੇ ਆਉਣ ਦਾ ਮੰਤਵ ਦਸਿਆ ਅਤੇ ਜਾਗੀਰ ਦਾ ਪੱਟਾ, ਨਵਾਬੀ ਦਾ ਖਿਤਾਬ ਤੇ ਦੀਪਾਲਪੁਰ, ਕੰਗਨਵਾਲ ਤੇ ਝਬਾਲ ਦੇ ਪਰਗਨਿਆਂ ਦੀ ਜਾਗੀਰ ਦਾ ਇਕ ਲਖ ਰੁਪਿਆ ਪੇਸ਼ ਕੀਤਾ। ਇਕ ਆਵਾਜ਼ ਨਾਲ ਸਿੰਘਾਂ ਨਾਂਹ ਕਰ ਦਿਤੀ। ਭਾਗਾਂ ਨੂੰ ਉਸ ਸਮੇਂ ਆਗੂ ਐਸੇ ਸਨ ਜੋ ਦੁਨਿਆਵੀ ਖਾਹ ਹਿਸ਼ਾ ਤੋਂ ਬਹੁਤ ਹੀ ਉਤਾਂਹ ਸਨ। ਸੱਭ ਦੇ ਮੁੱਖੀ ਜਥੇਦਾਰ ਦਰਬਾਰਾ ਸਿੰਘ ਸਨ ਤੇ ਉਨ੍ਹਾਂ ਦੇ ਸਾਥੀ ਬੁੱਢਾ ਸਿਘ ਦੇਸੀ ਸਰਦਾਰ ਕਪੂਰ ਸਿਘ, ਜੱਜਾ ਸਿੰਘ, ਥਰਾਜ ਸਿੰਘ, ਕਰਮ ਸਿੰਘ ਭੋਗਾ ਤੇ ਗਰਜਾ ਸਿੰਘ ਜੀ ਸਨ। ਪਰ ਸਰਦਾਰ ਸੁਬੇਗ ਸਿੰਘ ਨੇ ਅਗੇ ਵੱਧ ਕੇ ਨਵਾਬੀ ਜਥੇਦਾਰ ਦਰਬਾਰਾ ਸਿੰਘ ਅਗੇ ਰੱਖ ਦਿਤੀ। ਜਥੇਦਾਰ ਜੀ ਨੇ ਨਵਾਬੀ ਲੈਣ ਤੋਂ ਇਨਕਾਰ ਕਰ ਦਿਤਾ ਅਤੇ ਕਿਹਾ 'ਨਵਾਬੀ ਕੀ ਹੈ, ਗੁਰੂ ਤਾਂ ਸਹਿਨਸ਼ਾਹੀ ਦੇ ਗਿਆ ਹੈ।' ਗੁਰੂ ਦੇ ਸ਼ਬਦ ਪੂਰੇ ਹੋਣੇ ਹਨ ਖਾਲਸਾ ਇਹ ਨਵੀਂ ਪਦਵੀ ਲੈਣ ਲਈ ਤਿਆਰ ਨਹੀਂ[1] ਉਨ੍ਹਾਂ ਨਵਾਬੀ ਪਰ੍ਹਾਂ ਕਰ ਦਿਤੀ। ਬਾਕੀ ਸਭ ਆਗੂਆਂ ਕੋਲੋਂ ਹੁੰਦੀ ਫਿਰ ਸਰਦਾਰ ਸੁਬੇਗ ਸਿੰਘ ਜੀ ਪਾਸ ਹੀ ਆ ਗਈ। ਹਰ ਇਕ ਨੇ 'ਹਮਕੋ ਲੋੜ ਨਿਵਾਬੀ ਨਹੀਂ', ਕਹਿਕੇ ਠੁਕਰਾ ਦਿਤੀ। ਸਭ ਪਾਸੇ ਚੁਪ ਚਾਂ ਛਾ ਗਈ। ਇਤਨੇ ਨੂੰ ਅਕਾਲ ਤੱਖ਼ਤ ਤੋਂ ਜਿਥੇ ਪਾਠ ਹੋ ਰਿਹਾ ਸੀ, ਗੁਰਬਾਣੀ ਦੀ ਇਸ ਤੁਕ 'ਟਹਲ ਮਹਲ ਤਾਕੋ ਮਿਲੈ ਜਾਕੋ ਸਾਧ ਕ੍ਰਿਪਾਲ, ਦੀ ਆਵਾਜ਼ ਆਈ। ਸਰਬਤ ਖਾਲਸਾ ਨੇ ਇਸ ਆਵਾਜ਼ ਨੂੰ ਅਕਾਲ ਪੁਰਖ ਤੇ ਸਤਿਗੁਰ ਦਾ ਹੁਕਮ ਸਮਝਕੇ 'ਨਵਾਬੀ' ਉਸ ਸਮੇਂ ਪੱਖਾ ਝਲਦੇ 'ਕਪੂਰ ਸਿੰਘ ਫੈਜ਼ਲ ਪੁਰੀਏ' ਨੂੰ ਦੇਣ ਦਾ ਗੁਰਮਤਾ ਪੇਸ਼ ਕੀਤਾ। ਗੁਰਮਤਾ ਸਰਬਸਮਤੀ ਨਾਲ ਪਾਸ ਹੋ ਗਿਆ ਪਰ ਕਪੂਰ ਸਿੰਘ ਜੀ ਨੇ ਆਪਣੀਆਂ ਸ਼ਰਤਾਂ ਰੱਖ ਦਿਤੀਆਂ। ਇਹ ਹੀ ਤਾਂ ਬੀਰਤਾ ਦਾ ਵਿਕਾਸ ਹੈ ਕਿ ਸਿਖ ਕਿਸੇ ਦੁਨਿਆਵੀ ਲਾਲਚ

---

੧. ਉਨੈ (ਸਿਖਾਂ ਨੂੰ) ਦਰਬਾਰੈ ਸਿੰਘ ਆਗਜੋ ਕਹੀ।
ਅਸੀਂ ਨਿਵਾਬੀ ਕਦ ਚਹੈ ਲਈ।
ਹਮਕੋ ਸਤਿਗੁਰ ਬਚਨ ਪਾਤਸ਼ਾਹੀ
ਹਮਕੇ ਜਾਪਤ ਵਿਗ ਸੋਊ ਆਈ।
ਹਮਾਰਾ ਖਤ ਪਾਤਸ਼ਾਹੀ ਦਾਵਾ।
ਜਾਇ ਤ ਕੋ ਜਾ ਅਗਲੋਂ ਪਾਵਾ।
ਜੋ ਸਤਿਗੁਰ ਸਿਖਨ ਕਹੀ ਬਾਤ।
ਹੋਗ ਸਾਈ ਨਹ ਖਾਲੀ ਜਾਤ।
ਧ੍ਰੂ ਵਿਸਰਤ ਔ ਧਵਲ ਡੁਲਾਇ
ਸਤਿਗੁਰ ਬਚਨ ਨ ਖਾਲੀ ਜਾਇ
ਪਾਤਸ਼ਾਹੀ ਛਡ ਕਿਮ ਲਹੈ ਨਿਵਾਬੀ
ਪਰਾਧੀਨ ਜਿਹ ਮਾਹਿ ਖਰਾਬੀ।

ਵਿਚ ਨਹੀਂ ਫਸਦਾ। ਉਹ ਸਮੇਂ ਦੇ ਵੇਗ ਵਿਚ ਰੁੜ ਨਹੀਂ ਜਾਂਦਾ। ਉਹ ਆਪਣੇ ਅਸਲੇ ਨੂੰ ਸਦਾ ਯਾਦ ਰਖਦਾ ਹੈ।

ਉਨ੍ਹਾਂ ਦੀ ਸਭ ਤੋਂ ਪਹਿਲੀ ਸ਼ਰਤ ਸੀ ਕਿ ਨਵਾਬੀ ਪੰਜਾਂ ਸਿੰਘਾਂ ਦੇ ਚਰਣਾ[1] ਨੂੰ ਛੁਹਾ ਕੇ ਭੇਟ ਕੀਤੀ ਜਾਏ ਮਤਾਂ ਕਦੇ ਮਾਨ ਨ ਹੋ ਜਾਏ ਕਿ ਉਨ੍ਹਾਂ ਸੇਵਾ ਕਰਦਿਆਂ ਪਾਈ ਹੈ। ਦੂਜੇ, ਨਵਾਬੀ ਦੀ ਸਾਰੀ ਰਕਮ ਗੋਲਕ ਵਿਚ ਪਾਈ ਜਾਏ ਤੇ ਉਸ ਗੋਲਕ ਦਾ ਹਿਸਾਬ ਰੱਖਿਆ ਜਾਏ, (ਹਿਸਾਬ ਲਈ ਸਰਦਾਰ ਜਸ ਸਿੰਘ ਆਹਲੂਵਾਲੀਏ ਨਿਯਤ ਹੋਏ)।

ਤੀਜੇ, ਪੱਖੇ ਦੀ ਸੇਵਾ ਤੇ ਘੋੜਿਆਂ ਦੀ ਸੇਵਾ ਉਨ੍ਹਾਂ ਕੋਲੋਂ ਨਵਾਬ ਬਨਣ ਤੋਂ ਬਹਾਦ ਵੀ ਨਾ ਖੋਹੀ ਜਾਏ।

ਚੌਥੇ, ਗੁਰਦੁਆਰਿਆਂ ਵਿਚ ਖਾਸ ਕਰ ਨਨਕਾਣਾ ਸਾਹਿਬ ਵਿਚ ਇਕਠ ਕਰਨ ਦੀ ਖੁੱਲ ਹੋਵੇ।

ਐਸਾ ਹੀ ਕੀਤਾ ਗਿਆ ਤੇ ਕਪੂਰ ਸਿੰਘ ਜੀ ਨੇ ਨਵਾਬੀ ਪਦ ਸਵੀਕਾਰ ਕੀਤਾ।

ਨਵਾਬ ਕਪੂਰ ਸਿੰਘ : ਸਿਖ ਪੰਥ ਵਿਚ ਨਵਾਬ ਕਪੂਰ ਸਿੰਘ ਇਕ ਸਤਿਕਾਰੀ ਹੋਈ ਹਸਤੀ ਸੀ। ਪੰਥ ਪ੍ਰਕਾਸ਼ ਦੇ ਲਿਖਾਰੀ ਦੇ ਲਿਖਣ ਅਨੁਸਾਰ :

ਬਹੁਤ ਸਿੰਘਨ ਕੋ ਆਦਰ ਕਰੈ
ਬਿਨਾਂ ਪੁਛੇ ਪੰਥ ਗਲ ਨ ਕਰੈ
ਟਹਲ ਅਗੈ ਤੈ ਕਰੈ ਸਵਾਈ।
ਬਹੁਤ ਗਰੀਬੀ ਉਸ ਮਨ ਆਈ।
ਜਿਮ ਜਿਮ ਪੰਥਹਿ ਟਹਲ ਕਮਾਵੈ
ਤਿਮ ਤਿਮ ਸਿੰਘ ਜੀ ਗੁਰਮਤ ਆਵੈ।

ਡਾਕਟਰ ਸਿਨਹਾ ਉਨ੍ਹਾਂ ਨੂੰ ਇਕ 'ਅਦੁਤੀ ਸਖਸ਼ੀਅਤ' ਕਹਿੰਦਾ ਹੈ। ਲੈਪਲ ਗ੍ਰਿਫਿਨ ਉਨ੍ਹਾਂ ਨੂੰ ਇਕ ਐਸੀ ਮਹਾਨ ਸਖਸ਼ਿਅਤ ਗਿਣਦਾ ਹੈ ਜਿਸ ਨੇ ਪੰਥ ਨੂੰ ਖੇਰੂੰ ਖੇਰੂੰ ਹੋਣ ਤੋਂ ਬਚਾਇਆ। ਕਨ੍ਹਈਆ ਲਾਲ ਦਾ ਕਹਿਣਾ ਹੈ ਕਿ ਸਾਰੇ ਸਿਖ ਉਸ ਨੂੰ ਆਪਣਾ ਜਥੇਦਾਰ ਸਮਝਦੇ ਤੇ ਜਿਹੜਾ ਵੀ ਉਸ ਦੇ ਹਥੋਂ ਅੰਮ੍ਰਿਤ ਪਾਣ ਕਰਦਾ, ਉਹ ਉਹ ਇਸ ਗੱਲ ਦਾ ਵੱਡਾ ਮਾਣ ਕਰਦਾ ਕਿ ਉਸ ਨੇ ਨਵਾਬ ਕਪੂਰ ਸਿੰਘ ਦੇ ਹਥੋਂ ਪਾਹੁਲ ਲਈ ਹੈ। ਬਾਬਾ ਆਲਾ ਸਿੰਘ ਜੀ ਨੇ ਵੀ ਆਪ ਜੀ ਹਥੋਂ ਹੀ ਸਤੰਬਰ ੧੭੩੬ ਈ: ਵਿਚ ਅੰਮ੍ਰਿਤ ਛਕਿਆ ਸੀ। ਨਵਾਬ ਕਪੂਰ ਸਿੰਘ ਬਿਨਾਂ ਵਿਤਕਰੇ ਉਚ ਨੀਚ ਦੇ ਹਜ਼ਾਰਾਂ ਨੂੰ ਸਿਖ ਸਜਾਇਆ। ਮੌਲਵੀ ਬੂਟੇ ਸ਼ਾਹ ਨੇ ਉਨ੍ਹਾਂ ਬਾਰੇ ਲਿਖਿਆ ਹੈ ਕਿ 'ਨਵਾਬ ਕਪੂਰ ਸਿੰਘ ਜੀ ਪ੍ਰਤਾਪੀ, ਸੁੰਦਰ ਉੱਚੇ ਕੱਦ, ਚੌੜੀ ਛਾਤੀ ਵਾਲੇ, ਬੜੇ ਤਾਕਤਵਰ ਤੇ ਬਹੁਤ ਹੀ ਦਾਨੀ ਸਨ। ਉਨ੍ਹਾਂ ਦੇ ਲੰਗਰ ਵਿਚੋਂ ਗਰੀਬਾਂ ਨੂੰ ਹਰ ਵੇਲੇ ਪ੍ਰਸ਼ਾਦ ਮਿਲਦਾ ਰਹਿੰਦਾ ਸੀ। ਵਸਤ੍ਰਹੀਣਾਂ ਨੂੰ ਪਹਿਨਣ ਲਈ ਕਪੜੇ ਮਿਲਦੇ ਸਨ। ਜੋ ਵੀ ਇਕ ਵਾਰੀ ਉਨ੍ਹਾਂ ਨੂੰ ਮਿਲਦਾ ਉਸ ਦਾ ਦਿਲ ਉਨ੍ਹਾਂ ਤੋਂ ਵਿਛੜਨ ਤੇ ਨ ਕਰਦਾ। ਫਤਹ ਨੇ ਹਮੇਸ਼ਾ ਉਨ੍ਹਾਂ ਦੇ ਪੈਰ ਚੁਮੇਂ।' ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਧਨ ਤੇ ਦੌਲਤ ਕਰਕੇ ਕਈ ਮਿਸਲਾਂ ਨਵਾਬ ਕਪੂਰ ਸਿੰਘ ਦੀ ਮਿਸਲ ਨਾਲੋਂ ਵੱਡੀਆਂ ਸਨ ਪਰ ਉਨ੍ਹਾਂ ਦੀ ਬੁਜ਼ਰਗੀ ਤੇ ਪਾਵਨ ਆਚਰਨ ਹੋਣ ਦੇ ਕਾਰਣ ਸਾਰੇ ਹੀ ਉਨ੍ਹਾਂ ਨੂੰ ਆਪਣਾ ਆਗੂ ਸਮਝਦੇ ਸਨ ਅਤੇ ਸਾਰੀਆਂ ਮਿਸਲਾਂ ਉਨ੍ਹਾਂ ਦਾ ਹਰ ਤਰ੍ਹਾਂ ਨਾਲ ਅਦਬ ਤੇ ਸਤਿਕਾਰ ਕਰਦੀਆਂ ਰਹਿੰਦੀਆਂ ਸਨ।

---

੧. ਪੰਜ ਭੁੰਜਗੀਅਨ ਚਰਨੀ ਛੁਹਾਇ।
ਧਰੇ ਸੀਸ ਮੋਹ ਪਵਿਤਰ ਕਰਾਹਿ।

ਇਸ 'ਅਦੁਤੀ ਪੁਰਸ਼' ਦਾ ਜਨਮ ਸੰਨ ੧੬੯੭ ਨੂੰ ਪਿੰਡ ਕਾਲੋਕੇ ਪਰਗਨਾ ਸ਼ੇਖੂਪੁਰਾ ਵਿਖੇ ਚੌਧਰੀ ਦਲੀਪ ਸਿੰਘ ਵਿਰਕ ਦੇ ਘਰ ਹੋਇਆ। ਘਰ ਵਿਚ ਸਿਖੀ ਦਾ ਵਾਤਾਵਰਣ ਹੋਣ ਕਰਕੇ ਮਨ ਉੱਤੇ ਡੂੰਘੇ ਪ੍ਰਭਾਵ ਪੈ ਰਹੇ ਸਨ। ਬਚਪਣ ਤੋਂ ਹੀ ਆਪ ਜੀ ਦੀਆਂ ਰੁਚੀਆਂ ਜੰਗੀ ਸਨ। ਆਪਣੇ ਹਾਣੀਆਂ ਨਾਲ ਢਾਣੀਆਂ ਬਣਾ ਕੇ ਜੰਗਾਂ ਆਦਿ ਦੀਆਂ ਖੇਡਾਂ ਕਰਦੇ। ਕੱਦ ਬਹੁਤ ਉੱਚਾ ਹੋਣ ਕਾਰਨ, ਹਜ਼ਾਰਾਂ ਵਿਚੋਂ ਵੀ ਵੱਖਰੇ ਲੱਗਦੇ ਸਨ। ਇਕ ਵਾਰੀ ਖੇਡਾਂ ਖੇਡਦੇ ਹੀ ਸਜੇ ਮੋਢੇ ਤੇ ਭਾਰੀ ਸੱਟ ਲੱਗੀ। ਇਹ ਡਰ ਸੀ ਕਿ ਅੰਗ ਨਿਕਾਰਾ ਹੀ ਨਾ ਹੋ ਜਾਏ। ਪਰ ਗੁਰੂ ਕ੍ਰਿਪਾ, ਇਲਾਜ ਤੇ ਉਨ੍ਹਾਂ ਦੀ ਆਪਣੀ ਦ੍ਰਿੜ੍ਹਤਾ ਸਦਕਾ ਬਿਲਕੁਲ ਹੀ ਠੀਕ ਹੋ ਗਿਆ। ਆਪ ਜੀ ਪਿਤਾ ਨਾਲ ਗੁਰੂ ਗੋਬਿਦ ਸਿੰਘ ਜੀ ਦੇ ਦਰਸ਼ਨਾਂ ਨੂੰ ਵੀ ਦਮਦਮਾ ਸਾਹਿਬ ਆਏ ਸਨ। ਬਾਬਾ ਬੰਦਾ ਸਿੰਘ ਜੀ ਦੀ ਸ਼ਹਾਦਤ ਉਪ੍ਰੰਤ ਜਦ ਭਾਈ ਮਨੀ ਸਿੰਘ ਜੀ ਸ੍ਰੀ ਅੰਮ੍ਰਿਤਸਰ ਆਏ ਤਾਂ ਇਹ ਧਰਮ ਯੁਧ ਮੱਚਿਆ ਜਾਣ, ਆਪਣੇ ਸਕੇ ਭਰਾ ਦੀਵਾਨ ਸਿੰਘ ਤੇ ਹੋਰ ਬਹੁਤ ਸਾਰੇ ਮਰਜੀਵੜਿਆਂ ਨੂੰ ਨਾਲ ਲੈ ਕੇ ਅੰਮ੍ਰਿਤਸਰ ਪੁੱਜ ਗਏ। ਭਾਈ ਮਨੀ ਸਿਘ ਜੀ ਹਥੋਂ ਅੰਮ੍ਰਿਤ ਛੱਕ ਕੇ ਜਥੇਦਾਰ ਦਰਬਾਰਾ ਸਿੰਘ ਜੀ ਨਾਲ ਹੋਕੇ ਦੋਖੀਆਂ ਨੂੰ ਸੋਧਨ ਲਈ ਤਤਪਰ ਹੋ ਗਏ।[1] ਮੁਲਤਾਨ ਤੋਂ ਜਾਂਦੇ ਖਜ਼ਾਨੇ ਤੇ ਆਪ ਨੇ ਹੀ ਅਗੇ ਵੱਧ ਕੇ ਵੱਧ ਹੱਥ ਸਾਫ਼ ਕੀਤੇ ਸਨ। ਨਵਾਬੀ ਸਵੀਕਾਰ ਕਰਨ ਉਪ੍ਰੰਤ ਆਪ ਜੀ ਨੇ ਪੰਥਕ ਜਥੇਬੰਦੀ ਨੂੰ ਮਜ਼ਬੂਤ ਕਰਨਾ ਅਰੰਭਿਆ। ਆਪ ਜੀ ਦਾ ਸਤਿਕਾਰ ਬਹੁਤ ਵੱਧ ਗਿਆ। ਮੁਖੋਂ ਨਿਕਲੇ ਹਰ ਸ਼ਬਦ ਨੂੰ ਸਾਰੇ ਰੱਬੀ ਬਾਨੀ ਹੀ ਸਮਝਦੇ ਸਨ। ਆਪ ਜੀ ਨੇ ਜਦ ਜੱਸਾ ਸਿੰਘ ਆਹਲੂਵਾਲੀਆ ਨੂੰ 'ਪਾਤਸ਼ਾਹ' ਕਹਿਆ ਤਾਂ ਸਾਰੀ ਕੌਮ ਨੇ ਹੀ ਉਨ੍ਹਾਂ ਨੂੰ ਪਾਤਸ਼ਾਹ ਕਹਿਣਾ ਅਰੰਭ ਕਰ ਦਿੱਤਾ ਤੇ ਫਿਰ ਸੱਚੀ ਮੁਚੀ ਪਹਿਲਾ ਪਾਤਸ਼ਾਹ ਵੀ ਉਨ੍ਹਾਂ ਨੂੰ ਬਣਾਇਆ ਭਾਵੇਂ ਦੋ ਸਾਲਾਂ ਬਾਦ ਜ਼ਕਰੀਆ ਖਾਨ ਨੇ ਨਵਾਬੀ ਵਾਪਸ ਲੈ ਲਈ ਪਰ ਆਪ ਜੀ ਨੂੰ ਸਾਰੇ ਨਵਾਬ ਕਹਿੰਦੇ ਹੀ ਰਹੇ।

ਯੁੱਧ ਨੀਤੀ ਵਿਚ ਆਪ ਨਿਪੁੰਨ ਸਨ। ਨਾਦਿਰ ਵਰਗੇ ਜਰਨੈਲ ਨਾਲ ਲੋਹਾ ਲੈ ਉਸ ਨੂੰ ਸੋਚਨ ਤੇ ਮਜ਼ਬੂਰ ਕਰ ਦੇਣਾ ਆਪ ਜੀ ਦੀ ਸੁਚੱਜੀ ਅਗਵਾਈ ਦਾ ਹੀ ਸਦਕਾ ਸੀ। ਆਪ ਜਿਤਨਾ ਹੌਂਸਲਾ ਕਿਸੇ ਵਿਰਲੇ ਦਾ ਹੀ ਸੀ। ਜੰਗ ਵਿਚ ਮਸਤ ਹਾਥੀ ਵਾਂਙੂ ਅਗੇ ਨਿਕਲ ਜਾਂਦੇ ਤੇ ਕਦੇ ਵੀ ਆਪਣੀ ਜਾਨ ਦੀ ਪ੍ਰਵਾਹ ਨ ਕਰਦੇ। ਉਨ੍ਹਾਂ ਦੇ ਸਾਰੇ ਸ਼ਰੀਰ ਤੇ ਫੱਟਾਂ ਦੇ ਚਿੰਨ੍ਹ ਸਨ ਤੇ ਉਨ੍ਹਾਂ ਨੂੰ ਇਸ ਗੱਲ ਦਾ ਮਾਨ ਸੀ ਕਿ ਉਨ੍ਹਾਂ ਨੂੰ ਰਣ-ਤਤੇ ਵਿਚ ਜੂਝਦਿਆਂ ਸ਼ਰੀਰ ਫੱਟਾਂ ਨਾਲ ਛਲਣੀ ਕਰਵਾ ਲਿਆ ਹੈ ਤੇ ਕਦੇ ਪਿਛੇ ਨਹੀਂ ਹਟੇ।

੧੭੪੮ ਦੀ ਵੈਸਾਖੀ ਨੂੰ ਸਭ ਜੱਥਿਆਂ ਨੂੰ ਇਕ 'ਦਲ ਖਾਲਸਾ' ਵਿਚ ਸ਼ਾਮਲ ਕਰਕੇ ਤੇ ਜਥੇਦਾਰੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਦੇਕੇ ਸਾਰਾ ਧਿਆਨ ਪ੍ਰਚਾਰ ਵੱਲ ਦੇਣ ਲੱਗੇ। ਜਦ ਬਿਰਧ ਹੋ ਗਏ ਤਾਂ ਘੋੜਿਆਂ ਦੀ ਸੇਵਾ ਦੀ ਥਾਂ ਸਿੰਘਾਂ ਦੇ ਕਛਹਿਰੇ ਸੀਣ ਦੀ ਸੇਵਾ ਲੈ ਲਈ। ੧੭੫੩ ਈ: ਨੂੰ ਆਪ ਜੀ ਅਕਾਲ ਚਲਾਣਾ ਕਰ ਗਏ। ਅੰਤਮ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਪਾਨ ਅਤੇ ਗੁਰਜ[2] ਸਰਦਾਰ ਜੱਸਾ ਸਿੰਘ ਜੀ ਨੂੰ ਆਪ ਜੀ ਨੇ ਹੱਥੀਂ ਸੌਂਪੇ। ਆਪ ਜੀ ਦਾ

---

੧. ਬ੍ਰਿਕ ਗੋਤ ਜ਼ਿਮੀਂਦਾਰ, ਤਹਾਕਾ ਬਧਨਵਾਰ।
ਬਾ ਦਲੀਪ ਸਿੰਘ ਭਾਗ ਤੁਰਕਨ ਸੰਤਾ ਬੋਹੈ,
ਕਪੂਰ ਸਿੰਘ ਦੀਵਾਨ ਸਿੰਘ ਦੱਸ ਪੁਤਰਾ ਸਮੇਤ
ਮਨੀ ਸਿੰਘ ਜੀ ਤੇ ਸੁਧਾ ਛਕ ਮੁਦਾ ਪਾਜੋ ਹੈ।
(ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼ ੬੯੯)

੨. ਇਹ ਗੁਰਜ ਹੁਣ ਵੀ ਅਕਾਲ ਤੱਖਤ ਤੇ ਸੁਰਖਿਅਤ ਪਿਆ ਹੈ।

ਸਸਕਾਰ ਬਾਬਾ ਅਟੱਲ ਜੀ ਦੀ ਸਮਾਧ ਪਾਸ ਹੀ ਕੀਤਾ ਗਿਆ। ਆਪ ਜੀ ਦੀ ਸਮਾਧ ਵੀ ਉਥੇ ਹੀ ਬਣਾਈ ਗਈ। ਇਸ ਸਮਾਧ ਤੇ ਇਹ ਸ਼ਬਦ ਉਕਰੇ ਹੋਏ ਸਨ।

ਸਮਾਧ ਨਵਾਬ ਕਪੂਰ ਸਿੰਘ ਜੀ ਬਹਾਦਰ
ਬਜ਼ੁਰਗ ਮਹਾਰਾਜ ਸਾਹਿਬ ਬਹਾਦਰ ਵਾਲੀਏ ਕਪੂਰ ਥਲਾ[1]

ਗੱਲਕੀ, ਨਵਾਬ ਕਪੂਰ ਸਿੰਘ ਸਿਖੀ ਆਚਰਨ ਦੀ ਮੂਰਤ, ਨਿਮ੍ਰਤਾ ਵਿਚ ਨਿਪੁੰਨ, ਨਿਰਭੈਤਾ ਵਿਚ ਸਿਖਰ, ਸਿਦਕੀ, ਤੱਗੜੇ ਜਥੇਦਾਰ, ਪ੍ਰਬੰਧਕ ਤੇ ਸਭ ਦੇ ਸਾਂਝੇ ਆਗੂ ਸਨ। ਬੁੱਢਾ ਦਲ ਅਤੇ ਤਰਨਾ ਦਲ ਤਾਂ ਜਥੇਦਾਰ ਮੰਨਦੇ ਹੀ ਸਨ ਪਰ ਹਿੰਦੂ ਮੁਸਲਮਾਨ ਵੀ ਆਦਰ ਨਾਲ ਦੇਖਦੇ ਸਨ। ਜਿਸ ਦਰਖ਼ਤ ਹੇਠਾਂ ਇਨ੍ਹਾਂ ਦਾ ਟਿਕਾਣਾ ਸੀ, ਹੁਣ ਤਕ ਹਿੰਦੂ ਮੁਸਲਮਾਨ ਪਵਿਤ੍ਰ ਸਮਝ ਕੇ ਮੰਨਤਾ ਮੰਨਦੇ ਹਨ। ਲਤੀਫ ਲਿਖਦਾ ਹੈ ਕਿ ਉਨ੍ਹਾਂ ਦੀ ਅਗਵਾਈ ਦਾ ਹੀ ਸਦਕਾ ਪੰਥ ਚੋਟੀ ਤੇ ਜਾ ਪੁਜਾ। ਉਨ੍ਹਾਂ ਦੀ ਵਡਿਆਈ ਦਾ ਇਕ ਹੋਰ ਕਾਰਣ ਸੀ ਕਿ ਉਨ੍ਹਾਂ ਸਿਖਾਂ ਲਈ ਅਜਿਹਾ ਰਾਹ ਬਣਾ ਦਿੱਤਾ ਜਿਸ ਤੇ ਟੁਰ ਕੇ ਉਹ ਪੰਜਾਬ ਵਿਚ ਸੁਤੰਤਰ ਰਾਜ ਦੇ ਮਾਲਕ ਹੋ ਸਕੇ।[2] ਡਾਕਟਰ ਗੋਕਲ ਚੰਦ ਨਾਰੰਗ ਦਾ ਕਹਿਣਾ ਹੈ ਕਿ ਸਾਰੇ ਸਿੰਘਾਂ ਵਿਚ ਓਹ ਮਹਾਨ ਪਵਿਤ੍ਰ ਜੀਵਨ ਵਾਲਾ ਸੰਤ ਮੰਨਿਆ ਜਾਂਦਾ ਸੀ। ਇਸ ਲਈ ਸਾਰਾ ਪੰਥ ਉਨ੍ਹਾਂ ਨੂੰ ਸਤਿਕਾਰਦਾ ਸੀ।[3] ਗਾਰਡਨ ਨੇ ਬੜੇ ਸੁੰਦਰ ਸ਼ਬਦਾਂ ਵਿਚ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾ ਜਾਣ ਉਪ੍ਰੰਤ ਖਾਲਸਾ ਕੌਮ ਖਿੰਡ ਪੁੰਡ ਗਈ ਸੀ। ਜੰਗ ਦੇ ਮੈਦਾਨਾਂ ਵਿਚ ਉਨ੍ਹਾਂ ਦੀ ਅਗਵਾਈ ਕਰਨ ਵਾਲਾ ਕੋਈ ਆਗੂ ਨਹੀਂ ਸੀ ਰਿਹਾ। ਇਸ ਵਰਿਆਮ ਸੂਰਮੇ ਨੇ ਅਗਵਾਈ ਕਰਕੇ ਸੱਭ ਦਾ ਦੁੱਖ ਸੁਖ ਸਾਂਝਾ ਤੇ ਕਮਾਈ ਸਾਂਝੀ ਕਰਵਾਈ।[4] ਮੈਕਰੇਗਰ, ਨਵਾਬ ਕਪੂਰ ਸਿੰਘ ਨੂੰ ਇਕ ਨਿਡਰ, ਯੋਧਾ ਤੇ ਐਸਾ ਵਿਅਕਤੀ ਲਿਖਦਾ ਹੈ ਕਿ ਜਿਸ ਦਾ ਨਿਰਣਾ ਅਚੂਕ ਹੁੰਦਾ ਸੀ।[5] ਨਵਾਬ ਕਪੂਰ ਸਿੰਘ ਦੇ ਅਕਾਲ ਚਲਾਣੇ ਉਪ੍ਰੰਤ ਮਿਸਲ ਦੀ ਜਥੇਦਾਰੀ ਦਾ ਕੰਮ ਉਨ੍ਹਾਂ ਦੇ ਛੋਟੇ ਭਰਾ ਖੁਸ਼ਹਾਲ ਸਿੰਘ ਨੇ ਸੰਭਾਲਿਆ। ਉਹ ਵੀ ਸਿਖੀ ਦੇ ਪਰਚਾਰ, ਗਰੀਬਾਂ ਤੇ ਦੁਖੀਆਂ ਦੀ ਰੱਖਿਆ ਤੇ ਜਾਲਮਾਂ ਨੂੰ ਸੋਧਨ ਵਿਚ ਅਗੇ ਅਗੇ ਰਹਿੰਦੇ। ਉਨ੍ਹਾਂ ਵੀ ਅਨੇਕਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ।

ਉਤਸ਼ਾਹ ਤੇ ਪੰਜ ਜੱਥੇ ਬਨਾਉਣੇ : ਨਵਾਬੀ ਮਿਲਣ ਕਾਰਣ ਸਿਖਾਂ ਵਿਚ ਕੁਝ ਸਾਹ ਆਇਆ ਅਤੇ ਉਤਸ਼ਾਹ ਦੀ ਲਹਿਰ ਵੀ ਦੌੜੀ। ਸਿਖਾਂ ਰਾਜ ਵਲ ਨਵਾਬੀ ਨੂੰ ਪਹਿਲਾ ਕਦਮ ਸਮਝਿਆ। ਕਈ ਸਿਖ ਜਥੇਦਾਰਾਂ ਤਾਂ ਆਰਾਮ ਕਰਨ ਦੀ ਵੀ ਸੋਚ ਲਈ। ਕਈ ਘਰਾਂ ਨੂੰ ਮੁੜ ਆਏ। ਕਈ ਸ੍ਰੀ ਅੰਮ੍ਰਿਤਸਰ ਹੀ ਟਿੱਕ ਕੇ ਬੁੰਗੇ ਬਨਾਉਣ ਲੱਗੇ। ਕਈਆਂ ਨੇ ਆਪਣਾ ਬਹੁਤਾ

---

੧. ਉਰਦੂ ਵਿਚ ਵੀ ਲਿਖਿਆ ਸੀ :

سمادھ نواب کپور سنگھ جی بہادر

بزرگ مہاراجہ صاحب بہادر والئے کپور تھلہ

ਪਰ ਇਸ ਸਮਾਧ ਨੂੰ ੧੨-੧੩ ਅਪ੍ਰੈਲ ੧੯੨੩ ਵਿਚ ਬਿਨਾਂ ਇਸ ਦੀ ਮਹੱਤਤਾ ਜਾਣੇ ਹਟਾ ਦਿਤਾ ਗਇਆ।

੨. History of the Punjab by Mahd Latif. —ਪੰਨਾ ੩੨੩
੩. Transformation of the Siahism. ਪੰਨਾ ੨੧੯ (ਦੂਜਾ ਐਡੀਸ਼ਨ)
੪. The Sikhs. ਪੰਨਾ ੭੦-੭੧
੫. History of the Sikhs by W. L. M. Gregor. ਪੰਨਾ ੧੨੮ (ਹਿਸਾ ਪਹਿਲਾ)

ਧਿਆਨ ਡਿੱਗੇ ਤੇ ਢੱਠੇ ਗੁਰਦੁਆਰਿਆਂ ਵਲ ਦੇਣ ਦੀ ਕੀਤੀ। ਕਈ ਖੇਤੀ ਬਾੜੀ ਵਿਚ ਲੱਗ ਪਏ। ਕਈ ਪਿੰਡਾਂ ਵਿਚ ਜਾ ਕੇ ਸਿੰਘ ਸਜਾਣ ਲੱਗੇ। ਕਈਆਂ ਲਿਤਾੜੇ ਜਾ ਰਹਿਆਂ ਨੇ ਸਿਖੀ ਧਾਰਨ ਕਰ ਲਈ। ਇਤਨੀ ਤਾਕਤ ਹੋ ਗਈ ਪੰਥ ਦੇ ਮੁਖੀ ਜਥੇਬੰਦੀ ਨੂੰ ਪਕਿਆਂ ਪੈਰਾਂ ਕਰਨ ਦੀ ਸੋਚਣ ਲਗੇ। ਨਵਾਬ ਕਪੂਰ ਸਿੰਘ ਜੀ ਨੂੰ ਭਾਈ ਕਾਹਨ ਸਿੰਘ ਤੇ ਭਾਈ ਬਿਨੋਧ ਸਿੰਘ ਨੇ ਸਲਾਹ ਦਿੱਤੀ ਕਿ ਜਥੇ ਬਨਾਉਣੇ ਜ਼ਰੂਰੀ ਹਨ। ਕਿਉਂਕਿ ਇਹ ਦੇਖਿਆ ਗਿਆ ਕਿ 'ਜੇ ਜੱਥਾ ਇਕੋ ਰਖੀਏ ਤਾਂ ਜਾਗੀਰ ਤੇ ਹੋਰ ਪ੍ਰਬੰਧ ਕਰਨਾ ਕਠਿਨ ਹੈ। ਸਿੱਖ ਪੰਥ ਵੱਧ ਰਿਹਾ ਹੈ। ਜੱਥੇ ਬਨਾਣੇ ਅਵਸ਼ਕ ਹਨ। ਇਕ ਥਾਵੇਂ ਲੰਗਰ ਕਰਨਾ ਵੀ ਮੁਸ਼ਕਲ ਹੈ।'

'ਅਬ ਇਕ ਥਾਂ ਪੁਜੈ ਲੰਗਰ ਨਾਹੀ।
ਕੌਊ ਜੁਗਤਿ ਆਬ ਲਈ ਸੋ ਬਨਾਈ।
ਸਿੰਘਨ ਕੈ ਦਈਯੈ ਜਥੇ ਬਣਾਇ।
ਦੇ ਦੇ ਖਰਚ ਉਨ ਦਈਯੇ ਪੁਚਾਇ।'

ਸੋ ਨਵਾਬ ਕਪੂਰ ਸਿੰਘ ਨੇ ਸਰਬਤ ਖਾਲਸਾ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ। ਇਕ ਦਾ ਨਾਂ ਬੁੱਢਾ ਦਲ ਰੱਖਿਆ ਤੇ ਦੂਜੇ ਦਾ ਨਾਂ 'ਤਰੁਨਾ ਦਲ'। ਬੁੱਢਾ ਦਲ ਦੇ ਜਥੇਦਾਰ ਨਵਾਬ ਕਪੂਰ ਸਿੰਘ, ਸਰਦਾਰ ਗੁਰਬਖਸ਼ ਸਿੰਘ, ਸਰਦਾਰ ਸ਼ਾਮ ਸਿੰਘ ਨਾਰੋਕੇ, ਭਾਈ ਬਾਘ ਸਿੰਘ ਆਹਲੂਵਾਲੀਆ, ਕਰੋੜ ਸਿੰਘ, ਭੂਮਿਆ ਸਿੰਘ ਸਨ। 'ਤਰੁਨਾ ਦਲ' ਪਹਿਲਾਂ ਤਾਂ ਜਥੇਦਾਰ ਦਰਬਾਰਾ ਸਿੰਘ ਜੀ ਦੀ ਅਗਵਾਈ ਹੇਠ ਤੁਰਦਾ ਰਿਹਾ ਪਰ ਉਨ੍ਹਾਂ ਦੇ ਚੜ੍ਹਾਈ ਕਰ ਜਾਣ ਉਪ੍ਰੰਤ ਇਕ ਥਾਵੇਂ ਰਖਣਾ ਮੁਸ਼ਕਲ ਹੋ ਗਿਆ। ਸੋ ਪੰਜ ਜਥੇ ਬਣਾਏ ਗਏ। ਪੰਜੇ ਜਥੇ ਅੰਮ੍ਰਿਤਸਰ ਵਿਚ ਟਿਕੇ। ਇਕ ਇਕ ਜਥੇ ਨੇ ਪੰਜ ਸਰੋਵਰਾਂ (ਰਾਮ ਸਰ, ਬਬੇਕ ਸਰ, ਲਛਮਣ ਸਰ, ਕੌਲ ਸਰ ਅਤੇ ਸੰਤੋਖ ਸਰ) ਵਿਚੋਂ ਇਕ ਨੂੰ ਟਿਕਾਣਾ ਬਣਾ ਲਿਆ। ਇਹ ਪੰਜੇ ਸਰ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਤੇ ਇਰਦ ਗਿਰਦ ਸਨ। ਅੰਮ੍ਰਿਤਸਰ ਤੇ ਅਕਾਲ ਤਖਤ ਬੁੱਢਾ ਦਲ ਦੀ ਨਿਗਰਾਨੀ ਹੇਠਾਂ ਸਨ। ਪੰਜ ਜਥਿਆਂ ਦੇ ਜਥੇਦਾਰਾਂ ਦੇ ਨਾਂ ਇਹ ਸਨ।

ਪਹਿਲੇ ਜਥੇ ਦੇ ਜਥੇਦਾਰ ਬਾਬਾ ਦੀਪ ਸਿੰਘ ਜੀ।

ਦੂਜੇ ਜਥੇ ਦੇ ਜਥੇਦਾਰ ਕਰਮ ਸਿੰਘ ਤੇ ਮੀਤ ਜਥੇਦਾਰ ਧਰਮ ਸਿੰਘ ਸਨ।

ਤੀਸਰੇ ਦੇ ਜਥੇਦਾਰ ਭਾਈ ਕਾਹਨ ਸਿੰਘ ਤੇ ਮੀਤ ਜਥੇਦਾਰ ਬਿਨੋਧ ਸਿੰਘ ਸਨ।

ਚੌਥੇ ਦੇ ਦਸਵੰਧਾ ਸਿੰਘ ਜੀ ਕੋਟ ਬੁਢਾ ਵਾਲੇ ਸਨ ਤੇ ਪੰਜਵੇਂ ਦੇ ਵੀਰੂ ਸਿੰਘ ਤੇ ਜੀਵਨ ਸਿੰਘ ਰੰਘਰੇਟੇ ਸਨ।

ਹਰ ਇਕ ਜਥੇ ਵਿਚ ਤਕਰੀਬਨ ੧੩੦੦ ਤੋਂ ੨੦੦੦ ਤਕ ਸਿਖ ਸਨ ਪਰ ਇਹ ਗਿਣਤੀ ਵੱਧਦੀ ਘੱਟਦੀ ਰਹਿੰਦੀ ਸੀ। ਹਰ ਜੱਥੇ ਵਾਲੇ ਇਕ ਥਾਵੇਂ ਖਾਂਦੇ, ਪਹਿਨਦੇ ਤੇ ਰਹਿੰਦੇ ਸਨ। ਕੋਈ ਜੱਥਾ ਆਪਣੇ ਕੋਲ ਕੁਝ ਨਹੀਂ ਸੀ ਰਖਦਾ। ਸਾਰੇ ਜੋ ਕੁਝ ਖੱਟ, ਕਮਾਕੇ ਲਿਆਂਦੇ ਬੁੱਢਾ ਦਲ ਦੇ ਜਥੇਦਾਰ ਕੋਲ ਲਿਆ ਕੇ ਰਖ ਦਿੰਦੇ। ਨਵਾਬ ਕਪੂਰ ਸਿੰਘ ਜੀ ਪਾਸ ਸਮੂਚੀ ਅਗਵਾਈ ਆ ਗਈ ਸੀ। ਬੁੱਢਾ ਦਲ ਵਾਲੇ ਆਮ ਤੌਰ ਤੇ ਅੰਮ੍ਰਿਤਸਰ ਹੀ ਟਿਕਦੇ ਪਰ ਤਰੁਨਾ ਦਲ ਵਾਲੇ ਦੂਰ ਦੂਰ ਤਕ ਮਾਰਾਂ ਕਰਦੇ ਰਹਿੰਦੇ। ਹਿਸਾਰ ਅਤੇ ਹਾਂਸੀ ਤਕ ਤਰੁਨਾ ਦਲ ਦੇ ਜਥੇ ਮਾਰਾਂ ਮਾਰ ਆਏ ਸਨ। ਇਨ੍ਹਾਂ ਜੱਥਿਆਂ ਦੇ ਕਾਰਨਾਮਿਆਂ ਦੀ ਕਾਰ ਗੁਜ਼ਾਰੀ ਦਾ ਚਿੱਠਾ, ਲਿਖਤ ਪੜ੍ਹਤ ਅਤੇ ਹਿਸਾਬ ਕਿਤਾਬ ਸਰਦਾਰ ਜਸਾ ਸਿੰਘ ਆਹਲੂਵਾਲੀਆ ਕੋਲ ਸੀ। ਸਿਖ ਮਿਲੀ ਜਾਗੀਰ ਦਾ ਪੂਰਾ ਲਾਭ ਉਠਾ ਰਹੇ ਸਨ, ਉਹ ਜਾਣਦੇ ਸਨ ਕਿ ਇਹ ਜਾਗੀਰ ਕੋਈ ਸਦੀਵੀ ਨਹੀਂ ਹੈ ਤੇ ਉਹ ਇਸ ਪਾਸੇ ਜੁਟੇ ਹੋਏ ਸਨ ਕਿ ਮਿਲੇ ਮੌਕੇ ਦਾ ਵੱਧ ਤੋਂ ਵੱਧ ਫਾਇਦਾ ਉਠਾਕੇ ਜਥੇਬੰਦੀ

ਨੂੰ ਤਕੜਿਆਂ ਕਰਨਾ ਚਾਹੀਦਾ ਹੈ। ਪਕੀ ਆਮਦਨ ਤੇ ਚੰਗੇ ਪ੍ਰਬੰਧ ਕਰਨ ਕਾਰਣ ਇਕ ਤਾਂ ਲੋਕਾਂ ਵਿਚ ਹਰਮਨ ਪਿਆਰਾ ਬਣਿਆ ਜਾ ਸਕਦਾ ਹੈ ਤੇ ਦੂਜੇ ਚੰਗੇ ਹਥਿਆਰ ਇਕਠੇ ਕੀਤੇ ਜਾ ਸਕਦੇ ਸਨ।

ਜ਼ਕਰੀਆ ਖਾਨ ਦੀ ਜਾਗੀਰ ਵਾਪਸ ਲੈਣੀ ਤੇ ਤਸੀਹੇ ਦੇਣੇ : ਦਿਲੀ ਵਾਲੇ ਜ਼ਕਰੀਆ ਖਾਨ ਨਾਲ ਨਾਰਾਜ਼ ਸਨ। ਉਹ ਇਹ ਸਮਝਦੇ ਸਨ ਕਿ ਸਿਖਾਂ ਨੂੰ ਖੁਸ਼ ਕਰ ਕੇ ਤੇ ਹੱਥ ਵਿਚ ਰਖ ਕੇ ਉਹ ਬਗਾਵਤ ਦੀ ਤਿਆਰੀ ਕਰ ਰਿਹਾ ਹੈ। ਆਪ ਤਾਂ ਉਹ ਸਿਖਾਂ ਦੇ ਹਲਿਆਂ ਤੋਂ ਬਚ ਗਿਆ ਹੈ ਤੇ ਉਨ੍ਹਾਂ ਦਾ ਮੂੰਹ ਹਿਸਾਰ, ਹਾਂਸੀ, ਦਿਲੀ ਵਲ ਮੋੜ ਰਿਹਾ ਹੈ।

ਦੂਜੇ, ਜਿਉਂ ਜਿਉਂ ਦਿਲੀ ਦੀ ਹਕੂਮਤ ਕੱਰ ਮੰਗਦੀ ਇਹ ਆਪਣੀ ਮਜ਼ਬੂਰੀ ਦਸਦਾ। ਦਿਲੀ ਵਾਲੇ ਇਹ ਸਮਝਦੇ ਕਿ ਖ਼ਜ਼ਾਨਾ ਇਕੱਠਾ ਕਰਕੇ ਦਿਲੀ ਨਾਲ ਟਕਰਾਏਗਾ।

ਤੀਜੇ, ਦਿਲੀ ਦੀ ਹਕੂਮਤ ਇਹ ਸਮਝਦੀ ਸੀ ਕਿ ਜ਼ਕਰੀਆ ਖਾਨ ਆਪ ਤੁਰਾਨੀ ਸਰਦਾਰ ਹੈ ਤੇ ਉਹ ਗਜ਼ਨੀ ਦੀ ਹਕੂਮਤ ਨਾਲ ਸਾਜ਼ ਬਾਜ਼ ਕਰਕੇ ਦਿਲੀ ਦਾ ਤੱਖ਼ਤਾ ਉਲਟਾ ਜਾਂ ਉਲਟਵਾ ਦੇਵੇਗਾ। ਇਨ੍ਹਾਂ ਤੇ ਕੁਝ ਸਥਾਨਕ ਕਾਰਣਾਂ ਕਰਕੇ ਜ਼ਕਰੀਆ ਖਾਨ ਸਿਖਾਂ ਨੂੰ ਢਿਲ ਦਈ ਜਾਂਦਾ ਸੀ ਪਰ ਉਸ ਇਹ ਦੇਖਿਆ ਥਾਂ ਥਾਂ ਸਿਖ ਹੀ ਰਾਜੇ ਬਣ ਗਏ ਹਨ। ਆਮ ਲੋਕੀ ਸਿਖਾਂ ਦੀ ਹੀ ਰਖਿਆ ਮੰਗਦੇ ਤੇ ਰਖਿਆ ਦੇ ਸਿਟੇ ਮਾਇਕ ਸਹਾਇਤਾ ਦਿੰਦੇ ਤੇ ਇਨਸਾਫ਼ ਲਈ ਅਕਾਲ ਤਖੱਤ ਪੁੱਜਦੇ ਤੇ ਰਕਮ ਦਰਬਾਰ ਸਾਹਿਬ ਪਹੁੰਚਾਂਦੇ। ਉਸ ਨੇ ਸਿਖਾਂ ਦੀ ਚੜ੍ਹਤ ਦਾ ਕਾਰਣ ਇਹ ਜਾਗੀਰ ਹੀ ਸਮਝਿਆ ਤੇ ੧੭੩੪ ਈ: ਵਿਚ ਜਾਗੀਰ ਵਾਪਸ ਲੈ ਲਈ।

ਜਾਗੀਰ ਵਾਪਸ ਲੈਂਦੇ ਸਾਰ ਉਸ ਤਸੀਹਾਂ ਦਾ ਚਕਰ ਵੀ ਚਲਾ ਦਿਤਾ। ਪੰਜਾਬ ਵਿਚ ਹੰਗਾਮੀ ਹਾਲਾਤ ਦਾ ਐਲਾਨ ਕਰ ਦਿੱਤਾ ਗਿਆ ਤੇ ਸਾਰੇ ਚੌਧਰੀਆਂ ਤੇ ਫੌਜਦਾਰਾਂ ਨੂੰ ਮਦਦ ਲਈ ਪੁਕਾਰਿਆ। ਦੀਵਾਨ ਲਖਪਤ ਰਾਇ ਦੀ ਖਾਸ ਡਿਊਟੀ ਲਗਾਈ ਗਈ। ਬੁੱਢਾ ਦਲ ਦਾ ਬਾਰੀ ਦੁਆਬ ਵਿਚ ਅਸਰ ਜ਼ਾਇਲ ਕੀਤਾ ਗਿਆ ਅਤੇ ਇਲਾਕੇ ਵਿਚੋਂ ਕੱਢ ਦਿਤਾ ਗਿਆ। ਬੁੱਢਾ ਦਲ ਮਾਲਵੇ ਵਲ ਵੱਧਿਆ। ਉਥੇ ਹੀ ਨਵਾਬ ਕਪੂਰ ਸਿੰਘ ਜੀ ਦਾ ਸੁਆਗਤ ਬਾਬਾ ਆਲਾ ਸਿੰਘ ਨੇ ਕੀਤਾ ਤੇ ਉਨ੍ਹਾਂ ਹਥੋਂ ਹੀ ਅੰਮ੍ਰਿਤ ਛਕਿਆ ਬੁੱਢਾ ਦਲ ਨੇ ਆਲਾ ਸਿੰਘ ਨਾਲ ਹੋ ਕੇ ਸੁਨਾਮ ਜਿਤਨ ਵਿਚ ਸਹਾਇਤਾ ਕੀਤੀ।

ਸਿਖਾਂ ਸਰਹੰਦ ਤੇ ਕਬਜ਼ਾ ਕਰ ਲਿਆ ਤੇ ਦੀਵਾਲੀ ਸ੍ਰੀ ਅੰਮ੍ਰਿਤਸਰ ਮਨਾਉਣ ਦਾ ਸੰਕਲਪ ਕੀਤਾ। ਸਿਖਾਂ ਦਾ ਜੱਥਾ ਗੋਇੰਦਵਾਲ, ਤਰਨ ਤਾਰਨ ਤੋਂ ਹੁੰਦਾ ਬਾਸਰਕੇ ਪੁਜਾ ਹੀ ਸੀ ਕਿ ਲਖਪਤ ਰਾਇ ਨੇ ਹਮਲਾ ਬੋਲ ਦਿਤਾ, ਸਿਖਾਂ ਨੂੰ ਉਹ ਚੂਨੀਆਂ ਵਲ ਧਕੇਲਣ ਵਿਚ ਕਾਮਯਾਬ ਹੋ ਗਿਆ। ਤਰੁਣਾ ਦਲ ਦੇ ਜਥਿਆਂ ਨੂੰ ਇਸ ਮੁੱਠ ਭੀੜ ਦਾ ਪਤਾ ਲਗਾ ਤਾਂ ਉਹ ਉਧਰ ਹੀ ਨੱਸ ਉਠੇ ਤੇ ਮੁੱਗਲ ਫੌਜਾਂ ਨੂੰ ਹਜ਼ਰਾ ਸ਼ਾਹ ਮੁਕੀਮ ਕੋਲ ਘੇਰ ਲਿਆ। ਲਖਪਤ ਰਾਇ ਦਾ ਭਤੀਜਾ ਦੁਨੀ ਚੰਦ ਅਤੇ ਜਮਾਲ ਖਾਨ ਤੇ ਤਾਤਾਹ ਖਾਨ ਫੌਜਦਾਰ ਥਾਂ ਤੇ ਹੀ ਮਾਰੇ ਗਏ। ਸਿਖਾਂ ਦੀਵਾਲੀ (੧੭੩੬) ਅੰਮ੍ਰਿਤਸਰ ਹੀ ਮਣਾਈ ਪਰ ਜ਼ਕਰੀਆ ਖਾਨ ਨੇ ਹੱਲੇ ਕਰਕੇ ਸਿਖਾਂ ਦਾ ਧਿਆਨ ਉਧਰ ਹੀ ਖਿਚੀ ਰਖਿਆ।

ਇਕੇ ਦੁੱਕੇ ਹਮਲੇ ਨਾਲ ਕਾਮਯਾਬੀ ਹੁੰਦੀ ਨ ਦੇਖ ਜ਼ਕਰੀਆ ਖਾਨ ਨੇ ਗਸ਼ਤੀ ਫੌਜ਼ਾਂ ਭੇਜੀਆਂ। ਚੌਧਰੀਆਂ ਨੂੰ ਖਾਸ ਹੁਕਮਾਂ ਰਾਹੀਂ ਸਿਖਾਂ ਦੇ ਘਰ ਉਜਾੜਨ, ਪਕੜਨ ਤੇ ਕਤਲ ਕਰਨ ਲਈ ਕਹਿਆ ਗਿਆ। ਇਕ ਹੋਰ ਫਰਮਾਨ ਰਾਹੀਂ ਇਹ ਵੀ ਕਹਿਆ ਗਿਆ ਕਿ ਜੇ ਕੋਈ

ਸਿਖਾਂ ਨੂੰ ਪਨਾਹ ਜਾਂ ਮਦਦ ਦੇਵੇਗਾ ਤੇ ਦੂਜੇ ਪਾਸੇ ਆਏ ਸਿਖ ਦੀ ਇਤਲਾਹ ਨਹੀਂ ਦੇਵੇਗਾ ਜਾਂ ਪੁਛਣ ਤੋਂ ਇਨਕਾਰ ਕਰੇਗਾ, ਉਸ ਨੂੰ ਕਰੜੀ ਸਜ਼ਾ ਦਿਤੀ ਜਾਏਗੀ ।

"ਜੋ ਸਿੰਘਨ ਕੋ ਕੋਊ ਲੁਕਾਵੈ ।
ਸੋ ਵਹਿ ਆਪਨੀ ਜਾਨ ਗਵਾਵੈ ।
ਆਏ ਸਿੰਘ ਬਤਾਵੈ ਨਾਹੀ ।
ਵੈ ਭੀ ਆਪਨੀ ਜਿੰਦ ਗਵਾਹੀ ।
ਜੋ ਸਿੰਘਨ ਕੋ ਦੇਵੈ ਨਾਜ ।
ਮੁਸਲਮਾਨ ਕਰੈ ਤਿਸ ਕਾਜ ।

ਸਿਖ ਇਹ ਜਾਣ ਗਏ ਸਨ ਕਿ ਇਹ ਚਕਰ ਹੁਣ ਤੁਰਨਾ ਹੈ ਤੇ ਸੋ ਉਹ ਤਾਂ ਇਸ ਦੀ ਉਡੀਕ ਵਿਚ ਹੀ ਸਨ । ਭਾਵੇਂ ਕੇਂਦਰੀ ਜਥੇਬੰਦੀ ਟੁੱਟ ਗਈ ਸੀ ਪਰ ਕਨਿੰਘਮ ਦੇ ਕਹਿਣ ਅਨੁਸਾਰ ਸਿਖ ਐਸੀ ਤਾਰ ਵਿਚ ਜੁਟੇ ਹੋਏ ਸਨ ਕਿ ਇਕ ਦੂਜੇ ਦਾ ਦਰਦ ਉਹ ਯਕਦਮ ਮਹਿਸੂਸ ਕਰਨ ਲਗ ਪੈਂਦੇ ਸਨ । ਅੰਮ੍ਰਿਤਸਰ ਤੇ ਇਕੱਠਾਂ ਤੇ ਰੋਕ ਪਾ ਦਿਤੀ ਗਈ ।

ਕਨ੍ਹਿਆ ਲਾਲ ਦੇ ਕਹਿਣ ਮੁਤਾਬਕ ਹਜ਼ਾਰਾ ਸਿਖ ਕਤਲ ਹੋਏ, ਹਜ਼ਾਰਾ ਤਬਾਹ ਤੇ ਬਰਬਾਦ ਹੋ ਗਏ । ਰਹਿੰਦੇ ਪਹਾੜਾਂ ਨੂੰ ਨੱਸ ਭੱਜ ਗਏ ਅਤੇ ਸਿੱਖਾਂ ਦਾ ਅਸਲ ਦੇਸ਼ ਮਾਝਾ ਬਿਲਕੁਲ ਹੀ ਉੱਜੜ ਗਿਆ । ਜ਼ਕਰੀਆ ਖਾਨ ਨੇ ਜਲੰਧਰ ਦੁਆਬ ਵਿਚ ਵੀ ਅਦੀਨਾ ਬੇਗ ਨੂੰ ਨਾਜ਼ਮ ਨਿਯਤ ਕੀਤਾ ਤਾਂ ਕਿ ਉਥੇ ਵੀ ਸਿਖਾਂ ਨੂੰ ਰੋਕ ਪਾਈ ਜਾ ਸਕੇ । ਇਹ ਚਕਰ ਪਤਾ ਨਹੀਂ ਕਿਤਨਾ ਚਿਰ ਰਹਿੰਦਾ ਪਰ ਨਾਦਰ ਦੇ ਹਲੇ ਨੇ ਸਭ ਕੀਤੇ ਪ੍ਰਬੰਧ ਤੋੜ ਦਿਤੇ ।

ਦੀਵਾਨ ਲਖਪਤਿ ਰਾਇ ਦਾ ਲਾਹੌਰ ਸਿਖਾਂ ਦਾ ਕਤਲ ਕਰਨਾ : ਦੀਵਾਨ ਲਖਪਤ ਰਾਇ ਜਾਤ ਦਾ ਖਤਰੀ ਸੀ ਤੇ ਨਿਕੇ ਹੁੰਦੇ ਘੁਙਣੀਆਂ ਵੇਚਿਆ ਕਰਦਾ ਸੀ । ਗੁਰੂ ਗੋਬਿੰਦ ਸਿੰਘ ਜੀ ਜਦ ਦੱਖਣ ਵਾਲੇ ਜਾਂਦੇ ਪੁਸ਼ਕਰ ਅਪੜੇ ਤਾਂ ਭਾਈ ਪਿਰਥੀ ਨੂੰ ਹੁਕਮ ਦਿਤਾ ਕਿ ਮਾਝੇ ਵਿਚ ਜਾ ਕੇ ਲੰਗਰ ਚਲਾਓ । ਭਾਈ ਪਿਰਥੀ ਜੀ ਜਦ ਮੁਜ਼ੰਗੀ ਅਪੜੇ ਤਾਂ ਇਕ ਦਿਨ ਨਖੂ ਨੇ ਆਪਣੀਆਂ ਘੁੰਗਣੀਆਂ ਵਾਲੀ ਟੋਕਰੀ ਆਪ ਦੇ ਅੱਗੇ ਰੱਖ ਦਿਤੀ ਤੇ ਕਿਹਾ ਕਿ ਜਿਤਨਿਆਂ ਦੀ ਲੋੜ ਹੈ ਲੈ ਲਵੋ । ਭਾਈ ਜੀ ਨੇ ਕਿਹਾ ਕਿ ਤੇਰੇ ਮਾਪੇ ਗੁਸੇ ਹੋ ਜਾਣਗੇ ਪਰ ਇਸ ਨੇ ਥਾਲੀ ਅਗੇ ਹੀ ਰੱਖੀ ਰਖਿਆ । ਭਾਈ ਜੀ ਨੇ ਮੁਠ ਕੁ ਘੁੰਙਣੀਆਂ ਲੈ ਕੇ ਫਰਮਾਇਆ, "ਭਾਈ ਤੂੰ ਦੀਵਾਨ ਹੈ," । ਸੋ ਸਮਾਂ ਪਾ ਕੇ ਜ਼ਕਰੀਆ ਖਾਨ ਦਾ ਇਹ ਦੀਵਾਨ ਹੀ ਬਣ ਗਿਆ ।

ਕੁਝ ਚਿਰ ਪਹਿਲਾਂ ਤਾਂ ਇਹ ਸਿਖਾਂ ਦੀ ਹਰ ਪਖੋਂ ਮਦਦ ਕਰਦਾ ਰਿਹਾ । ਉਹ ਇਹ ਸਮਝਦਾ ਸੀ ਕਿ ਸਭ ਕਲਗੀਆਂ ਵਾਲੇ ਦੇ ਸਿਖ ਦੀ ਕ੍ਰਿਪਾ ਹੋਈ ਹੈ । ਭਾਈ ਪ੍ਰਿਥੀ ਜੀ ਪਾਸ ਵੀ ਜਦ ਕੋਈ ਅਭਿਆਗਤ ਆਉਂਦਾ ਉਹ ਠੀਕਰੀ ਤੇ ਕੋਲੇ ਨਾਲ ਰਕਮ ਲਿਖਕੇ ਲਖਪਤਿਵਲ ਘਲ ਦਿੰਦੇ ਤੇ ਲਖਪਤਿ ਰਾਇ ਖੁਸ਼ੀ ਨਾਲ ਪੂਰਿਆਂ ਕਰਦਾ । ਜਦ ਭਾਈ ਜੀ ਨੇ ਮਾਣਕ ਪਿੰਡ ਅਕਾਲ ਚਲਾਣਾ ਕੀਤਾ ਤਾਂ ਸਮਾਧ ਵੀ ਲਖਪਤਿ ਰਾਇ ਨੇ ਹੀ ਬਣਾਈ । ਆਪਣੇ ਭਤੀਜੇ ਦੀ ਮੌਤ ਸੁਣਕੇ ਉਸ ਨੇ ਆਪਣੇ ਭਰਾ ਜਸਪਤਿ ਰਾਇ ਨਾਲ ਜ਼ਕਰੀਆ ਖਾਨ ਦਾ ਪੂਰਾ ਸਾਥ ਦੇਣ ਲਗ ਪਿਆ । ਸਿੰਘਾਂ ਨੂੰ ਮਾਰਨ ਵਿਚ ਉਹ ਅਗੇ ਹੋ ਬੈਠਾ । ਲਾਹੌਰ ਵਿਚ ਸਿਖਾਂ ਦੀਆਂ ਸ਼ਹੀਦੀਆਂ ਨਿਤ ਦਿਹਾੜੇ ਹੋਣ ਲਗੀਆਂ । ਸਭ ਤੋਂ ਪਹਿਲਾਂ ਉਸ ਨੇ ਆਪਣੇ ਮੁਲਾਜ਼ਮ ਸਿਖਾਂ ਨੂੰ ਸ਼ਹੀਦ ਕੀਤਾ । ਪਿਰਥੀ ਜੀ ਦੀ ਗੱਦੀ ਦੇ ਭਾਈ ਜਗਤ ਭਗਤ ਚਲਕੇ ਵੀ ਗਏ ਕਿ ਐਸਾ ਅਤਿਆਚਾਰ ਨ ਕਰੇ ਪਰ ਹੰਕਾਰੀ ਕਹਿਣ ਲਗਾ, "ਤੁਹਾਨੂੰ ਇਨ੍ਹਾਂ ਗਲਾਂ ਦਾ ਕੀ ਪਤਾ ਹੈ,

ਤੁਸੀਂ ਡੇਰੇ ਹੀ ਬੈਠਿਆ ਕਰੋ । "ਭਾਈ ਜਗਤ ਭਗਤ ਨੇ ਕਿਹਾ 'ਅਛਾ ਜਿਸ ਪਾਣੀਉ ਉਗੀ ਹੈ, ਉਸੇ ਪਾਣੀ ਮਰਾਂਗੇ ।"

ਪੰਥ ਪ੍ਰਕਾਸ਼ ਦੇ ਲਿਖਣ ਅਨੁਸਾਰ ਦੀਵਾਨ ਕੌੜਾ ਮਲ, ਕਸ਼ਮੀਰਾ ਮਲ, ਲੱਛੀ ਰਾਮ, ਸੂਰਤ ਸਿੰਘ ਦੀਵਾਨ, ਦਿਲੇ ਰਾਮ, ਹਰੀ ਮਲ, ਬਹਲੂ ਮਲ ਸਿਰ ਕਰਦੇ ਲਖਪਤਿ ਰਾਏ ਗਏ ਵੀ ਕਿ ਉਹ ਐਸਾ ਨ ਕਰੇ ਪਰ ਉਸ ਨੇ ਇਕ ਨਾ ਸੁਣੀ । ਉਹ ਸਿੰਘਾਂ ਦਾ ਪਕਾ ਵੈਰੀ ਹੀ ਬਣ ਗਿਆ ।

ਭਾਈ ਮਨੀ ਸਿੰਘ ਜੀ ਦੀ ਸ਼ਹਾਦਤ : ਪਿਛਲੇ ੧੯ ਸਾਲਾਂ ਤੋਂ ਭਾਈ ਮਨੀ ਸਿੰਘ ਜੀ ਸ੍ਰੀ ਅੰਮ੍ਰਿਤਸਰ ਟਿੱਕ ਕੇ ਸਿਖਾਂ ਦੀ ਧਾਰਮਕ ਅਗਵਾਈ ਕਰ ਰਹੇ ਸਨ । ਸਿਖਾਂ ਦੇ ਦਲ ਭਾਵੇਂ ਦੂਰ ਦੁਰਾਡੇ ਟੁਰ ਗਏ ਪਰ ਉਨ੍ਹਾਂ ਦਰਬਾਰ ਸਾਹਿਬ ਦੀ ਸੇਵਾ ਸੰਭਾਲ ਵਿਚ ਫਰਕ ਨ ਪੈਣ ਦਿਤਾ । ਦੀਵਾਲੀ ਤੇ ਵੈਸਾਖੀ ਦੇ ਦੀਵਾਨ ਤੇ ਸਾਰਾ ਪੰਥ ਇਕਤ੍ਰ ਹੋ ਜਾਂਦਾ ਸੀ । ਪਰ ਪਿਛਲੇ ਤਿੰਨ ਸਾਲਾਂ ਤੋਂ ਐਸਾ ਨਹੀਂ ਸੀ ਹੋ ਰਿਹਾ । ਦੁਸ਼ਮਣ ਦੀਆਂ ਫੌਜਾਂ ਚੀਰ ਕੇ ਵੀ ਸਿਖ ਦੀਵਾਲੀ ਨੂੰ ਪੁਜਦੇ ਸਨ । ੧੭੩੯ ਈ: ਦੀ ਦੀਵਾਲੀ ਨੂੰ ਭਾਈ ਸਾਹਿਬ ਦਾ ਵਿਚਾਰ ਪੰਥਕ ਇਕੱਠ ਕਰਨ ਦਾ ਬਣਿਆ । ਉਨ੍ਹਾਂ ਜ਼ਕਰੀਆਂ ਖਾਨ ਕੋਲੋਂ ਇਕੱਠ ਕਰਨ ਦੀ ਆਗਿਆ ਮੰਗੀ । ਉਸ ਨੇ ੫੦੦੦ ਰੁਪਏ ਕਰ ਪਿਛੇ ਇਕੱਠ ਕਰਨ ਦੀ ਆਗਿਆ ਦੇ ਦਿਤੀ । ਭਾਈ ਸਾਹਿਬ ਇਕੱਠ ਕਰਨਾ ਜ਼ਰੂਰੀ ਸਮਝਦੇ ਸਨ ਕਿਉਂਕਿ ਉਹ ਅੰਮ੍ਰਿਤਸਰ ਬੈਠਿਆਂ ਦੇਖ ਰਹੇ ਸਨ ਕਿ ਲਾਹੌਰ ਦੀ ਹਾਲਤ ਡਾਵਾਂ ਡੋਲ ਹੈ ਤੇ ਨਾਦਰ ਦੇ ਹਮਲਿਆਂ ਦੀ ਵੀ ਸੂਤ ਪੇ ਰਹੀ ਹੈ । ਸੋ ਉਹ ਸਿਘਾਂ ਨੂੰ ਅਗਲੀ ਚਾਲ ਬਨਾਉਣ ਲਈ ਪ੍ਰੇਰਣਾ ਚਾਹੁੰਦੇ ਸਨ । ਜ਼ਕਰੀਆ ਖਾਨ ਇਕਠ ਨੂੰ ਜਾਲ ਵਿਚ ਆਇਆ ਸ਼ਿਕਾਰ ਸਮਝਦਾ ਸੀ । ਉਹ ਇਹ ਸਮਝਣਾ ਸੀ ਜੁੜੇ ਖਾਲਸੇ ਨੂੰ ਦੀਵਾਲੀ ਵਾਲੀ (ਮਸਿਆ) ਰਾਤ ਘੇਰ ਕੇ ਤੋਪਾਂ ਨਾਲ ਉੱਡਾ ਸਕੇਗਾ । ਭਾਈ ਸਾਹਿਬ ਨੇ ਚਾਰੇ ਪਾਸੇ ਉਚੇਚੇ ਹੁਕਮਨਾਮੇ ਵੀ ਭੇਜੇ ।

ਉਧਰ ਚਾਲ ਇਹ ਬਣਾਈ ਗਈ ਕਿ ਅੰਮ੍ਰਿਤਸਰ ਲਾਗੇ ਹੀ ਲਖਪਤਿ ਰਾਇ, ਰਾਮਤੀਰਥ ਪੁਜੇ ਤੇ ਫੌਜਾਂ ਦਾ ਇਕਠ ਕਰੇ ਤੇ ਉਥੇ ਰਾਤ ਨੂੰ ਹਮਲਾ ਬੋਲ ਦੇਵੇ । ਜਦ ਭਾਈ ਮਨੀ ਸਿਘ ਜੀ ਨੂੰ ਇਸ ਕੋਈ ਜਾਸੂਸ ਦਾ ਪਤਾ ਲਗਾ ਤਾਂ ਉਨ੍ਹਾਂ ਸਿੰਘਾਂ ਨੂੰ ਹਰ ਪਾਸੇ ਦੁੜਾਇਆ ਕਿ ਜਿਥੇ ਵੀ ਸਿੰਘ ਹਨ, ਰੁੱਕ ਜਾਣ ਤੇ ਦੀਵਾਲੀ ਨੂੰ ਸ੍ਰੀ ਅੰਮ੍ਰਿਤਸਰ ਨ ਪੁੱਜਣ । ਐਸਾ ਕਰਦੇ ਕਰਦੇ ਵੀ ਭਾਰੀ ਇਕੱਠ ਹੋ ਗਿਆ ।

ਮਿਥੀ ਚਾਲ ਅਨੁਸਾਰ ਲਖਪਤਿ ਰਾਏ ਨੇ ਹੱਲਾ ਬੋਲ ਦਿਤਾ । ਦੀਵਾਨ ਨ ਲੱਗ ਸਕਿਆ । ਕਈ ਇਸ਼ਨਾਨ ਕਰਦੇ ਹੀ ਸ਼ਹੀਦ ਹੋ ਗਏ । ਕਈ ਇਸ਼ਨਾਨ ਕਰਕੇ ਨਿਕਲਦੇ ਹੀ ਪਰਕਰਮਾਂ ਵਿਚ ਹੀ ਸ਼ਹੀਦ ਕਰ ਦਿਤੇ ਗਏ ।

ਭਾਈ ਮਨੀ ਸਿੰਘ ਜੀ ਨੇ ਸਖ਼ਤ ਰੋਸ ਕੀਤਾ ਕਿ ਹਕੂਮਤ ਨੇ ਨ ਸਿਰਫ਼ ਵਿਸ਼ਵਾਸ ਘਾਤ ਕੀਤਾ ਹੈ ਸਗੋਂ ਬੇਦੋਸ਼ਿਆਂ ਨੂੰ ਮਾਰਿਆ ਹੈ । ਸੁਣਨਾ ਕਿਸੇ ਕੀ ਸੀ ਸਗੋਂ ਜ਼ਕਰੀਆ ਖਾਨ ਨੇ ੫੦੦੦ ਰੁਪੈ ਦੀ ਮੰਗ ਕਰ ਦਿਤੀ । ਭਾਈ ਮਨੀ ਸਿੰਘ ਜੀ ਨੇ ਕਿਹਾ ਕਿ 'ਨਾਲੇ ਖ਼ੂਨ ਵਗਾਉਣਾ ਨਾਲੇ ਰੁਪੈ ਮੰਗਣੇ' । ਭਾਈ ਜੀ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਦਿਤਾ ਗਿਆ । ਆਪ ਜੀ ਨੂੰ ਤੇ ਆਪ ਜੀ ਦੇ ਨਿਕਟ ਵਰਤੀ ਸਾਥੀ ਭਾਈ ਦੀਵਾਨ ਸਿਘ ਜੀ, ਭਾਈ ਗੁਲਜ਼ਾਰ ਸਿੰਘ ਨੂੰ ਪਕੜਕੇ ਲਾਹੌਰ ਲੈ ਗਏ । ਭਾਈ ਸਾਹਿਬ ਦੀ ਉਮਰ ਉਸ ਸਮੇਂ ਤਕਰੀਬਨ ੭੪ ਵਰ੍ਹੇ ਸੀ ।

ਜ਼ਕਰੀਆ ਖਾਨ ਨੇ ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ।

'ਖਾਨ ਕਹਯੋ ਹੋਰੁ ਮੁਸਲਮਾਨ ।

ਤਬ ਛੱਡੇਗੀ ਤਮ ਹੀ ਜਾਨ ।
ਸਿੰਘਨ ਕਹਯੋ ਹਮ ਸਿਦਕ ਨ ਹਾਰੈ
ਕਈ ਜਨਮ ਪਰ ਸਿਦਕ ਸੁ ਗਾਰੈ ।

ਭਾਈ ਸਾਹਿਬ ਨੇ ਜਦ ਇਨਕਾਰ ਕਰ ਦਿਤਾ ਤਾਂ ਉਨ੍ਹਾਂ ਨੂੰ ਸ਼ਹੀਦ ਕਰਨ ਦਾ ਹੁਕਮ ਦਿਤਾ ਤੇ ਕੱਰ ਦੀ ਰਕਮ ਨ ਤਾਰਣ ਦੀ ਸੂਰਤ ਵਿਚ ਬੰਦ ਬੰਦ ਕਟਨ ਦਾ ਹੁਕਮ ਸੁਣਾਇਆ ।

ਜਦ ਇਹ ਖਬਰ ਲਾਹੌਰ ਸ਼ਹਰ ਫੈਲੀ ਤਾਂ ਕਈ ਹਿੰਦੂਆਂ ਨੇ ਰੁਪਿਆ ਇਕੱਠਾ ਕਰ ਲਇਆ ਤੇ ਭਾਈ ਸਾਹਿਬ ਕੋਲੋਂ ਜਮਾ ਕਰਾਉਣ ਦੀ ਆਗਿਆ ਮੰਗੀ,ਉਨ੍ਹਾਂ ਨੇ ਸਖ਼ਤੀ ਨਾਲ ਐਸਾ ਨ ਕਰਨ ਦਾ ਹੁਕਮ ਦਿਤਾ । ਕਾਜ਼ੀ ਨੇ ਬੰਦ ਬੰਦ ਕਰਨ ਦਾ ਹੁਕਮ ਸੁਣਾਇਆ ਤੇ ਕਿਲ੍ਹੇ ਦੇ ਲਾਗੇ ਮੈਦਾਨ ਵਿਚ[1] ਬੰਦ ਬੰਦ ਕਟਨ ਲਈ ਲੈ ਗਏ । ਆਪ ਜੀ ਦੇ ਇਕ ਸਾਥੀ **ਭਾਈ ਦੀਵਾਨ ਸਿੰਘ** ਜੀ ਨੂੰ ਆਰੇ ਨਾਲ ਚੀਰਿਆ ਗਿਆ । ਭਾਈ ਗੁਲਜ਼ਾਰ ਸਿੰਘ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ ਗਿਆ । ਜਦ ਭਾਈ ਸੀ ਨੂੰ ਸ਼ਹੀਦ ਕਰਨ ਲਈ ਜਲਾਦ ਆਇਆ ਤਾਂ ਉਸ ਬਿਰਧ ਜਾਣ ਪਹਿਲਾ ਟੋਕਾ ਗੁੱਟ ਤੇ ਹੀ ਮਾਰਨਾ ਚਾਹਿਆ ਭਾਈ ਜੀ ਨੇ ਬੰਦ ਗਿਣਵਾਏ ਤੇ[1] ਬੰਦ ਅਜ਼ ਬੰਦ ਜੁਦਾ ਕਰਦੰਦ ਦੇ ਹੁਕਮ ਨੂੰ ਪੂਰਿਆਂ ਕਰਨ ਲਈ ਜਲਾਦ ਨੂੰ ਆਖਿਆ ।[2]

ਸੋ ਪਹਿਲਾਂ ਹਰ ਉਂਗਲ ਦੇ ਪੋਟੇ, ਫਿਰ ਹਥੇਲੀ, ਫਿਰ ਗੁੱਟ, ਫਿਰ ਕਹੁਨੀ, ਫਿਰ ਬਾਹਵਾਂ, ਫ਼ਿਰ ਮੋਢੇ,[1] ਫ਼ਿਰ ਇਸੇ ਤਰ੍ਹਾਂ ਖਬੇ ਪਾਸੇ ਦੇ ਬੰਦ ਬੰਦ ਕਟੇ ਗਏ ਪਰ ਭਾਈ ਸਾਹਿਬ ਸਨ ਕਿ ਉਹ ਅਡੋਲ ਸੁਖਮਨੀ ਸਾਹਿਬ ਦੀਆਂ ਤੁਕਾਂ :

'ਨਹਿ ਕਿਛ ਜਨਮੈ
ਨਹਿ ਕਿਛ ਮਰੈ ।
ਆਪਨ ਚਲਤਿ ਆਪ ਹੀ ਕਰੈ ।[3]

---

੧. ਉਥੇ ਸ਼ਹੀਦਗੰਜ ਬਣਿਆ ਹੋਇਆ ਸੀ । ਜਦ ਮੈਂ ੧੯੫੫ ਵਿਚ ਲਾਹੌਰ ਗਇਆ ਤਾਂ ਅਸਥਾਨ ਢਹਿ ਢੇਰੀ ਹੋ ਗਇਆ ਸੀ । ਫ਼ਿਰ ਬਣਵਾਇਆ ਤੇ ਸਮਾਧਾਂ ਦੇ ਨਿਸ਼ਾਨ ਵੀ ਉਚੇ ਕਰਾਏ ।

੨. ਪਹਲੇ ਉਂਗਲੀਯੋ ਪੋਟੇ ਕਟਾਏ ।
ਫਿਰ ਮਧ ਗੰਢ ਤੇ ਬੰਦ ਛਡਾਏ ।
ਫਿਰ ਉਂਗਲੀ ਤਿਥੀ ਵਾਰ ਕਟਾਈ ।
ਫਿਰ ਪੈਰੋ ਸੋਂ ਥੀਣੀ ਛੁੜਾਈ ।
ਚੰਡਾਲ ਚਾਹੇ ਫਿਰ ਮੋਢਯੋ ਲੁਹਾਈ ।
ਮਨੀ ਸਿੰਘ ਕਈ ਕਹੁਨੀ ਘੜਾਈ ।
ਕਹੁਣੀਓ ਕਟਾਇ ਫਿਰ ਮੋਢਿਓ ਲੁਹਾਈ ।
ਸਜੀ ਕਰਾਇ ਫਿਰ ਖਬੀ ਫੜਾਈ ।
ਤਿਨ ਹੀ ਪੈਰਜੋਂ ਬੰਦ ਕਟਾਯੋ
ਗਰ ਗਰ ਉਂਗਲ ਗੁਠੇ ਬਢਾਯੋ ।

੩. "ਸਿੰਘ ਜੀ ਮੁਖ ਗੁਰ ਪੜ੍ਹਤ ਜੋ ਬਾਣੀ
ਨਹਿ ਕੁਛ ਪੀੜ ਦੇਹ ਉਨ ਜਾਨੀ
ਪਾਠ ਸੁਖਮਨੀ ਮੁਖੋ ਉਚਰੈ
ਨਹਿ ਕਿਛੁ ਜਨਮੈ । ਨਹਿ ਕਿਛ ਮਰੈ ।"

(ਪੰਥ ਪ੍ਰਕਾਸ਼, ਭਾਈ ਰਤਨ ਸਿੰਘ ਭੰਗੂ)

ਵਿਚ ਲੀਨ ਸਨ । ਪੰਥ ਪ੍ਰਕਾਸ਼ ਦੇ ਲਿਖਾਰੀ ਭਾਈ ਰਤਨ ਸਿੰਘ ਜੀ ਭੰਗੂ ਦਾ ਕਹਿਣਾ ਠੀਕ ਹੈ ਕਿ ਮਨਸੂਰ ਸ਼ਹੀਦ ਹੋਇਆ ਹੈ ਪਰ ਭਾਈ ਜੀ ਦੀ ਸ਼ਹਾਦਤ ਕਈ ਮਨਸੂਰਾਂ ਨਾਲੋਂ ਵੱਧ ਹੈ ।

'ਮਨਸੂਰ ਮਨਸੂਰ ਇਮ ਜਗ ਭਯੋ ਕਟੈ ਹੱਥ ਇਕ ਸਟ ।
ਮਨੀ ਸਿੰਘ ਬਹੁ ਸਟ ਸਹੀ ਬੰਦ ਬੰਦ ਕਟਾਯੋ ਸਟ ।
ਜੋ ਗੁਰਸਿਖ ਕਹਾਵੈ ਕਰਨੀ ਸੇਊ ਬਹਿ ਕਮਾਵੈ ।
ਮਨੀ ਸਿੰਘ ਜੀ ਦੇ ਤੁਲ ਭਯੋ ਕੋਊ ਹੈ ਰਾਣਾ ਔ ਰੰਕ ਜੀ ।

ਸਿੰਘਾਂ ਨੇ ਭਾਈ ਸਾਹਿਬ ਦੀ ਸ਼ਹਾਦਤ ਤੇ ਰੋਸ ਵਜੋਂ ਪੰਜਾਬ ਵਿਚ ਉਠ ਖਲੋਣਾ : ਭਾਈ ਸਾਹਿਬ ਦੀ ਸ਼ਹਾਦਤ ਕੋਈ ਸਾਧਾਰਣ ਜਹੀ ਸ਼ਹਾਦਤ ਨਹੀਂ ਸੀ । ਉਹ ਸਿਖਾਂ ਦੇ ਹਰ ਮਨ ਪਿਆਰੇ ਆਗੂ ਹੀ ਨਹੀਂ, ਧਾਰਮਕ ਪੰਥ ਪਰਦਰਸ਼ਕ ਤੇ ਸ੍ਰੋਮਣੀ ਵਿਦਵਾਨ ਵੀ ਸਨ । ਉਨ੍ਹਾਂ ਦੀ ਦਸਮ ਪਿਤਾ ਦੀ ਬਾਣੀ ਨੂੰ ਇਕ ਥਾਵੇਂ ਕਰਕੇ ਪਰਉਪਕਾਰ ਕੀਤਾ ਸੀ । ਭਾਈ ਮਨੀ ਸਿੰਘ ਦੇ ਭਤੀਜੇ ਭਾਈ ਅਘੜ ਸਿੰਘ ਨੇ ਇਹ ਸ਼ਹਾਦਤ ਸੁਣ ਕੇ ਸਿਧਾ ਅੰਮ੍ਰਿਤਸਰ ਦੇ ਹਾਕਮ ਅਬਦੁਲ ਰਜ਼ਾਕ ਤੇ ਹਮਲਾ ਕੀਤਾ ਤੇ ਉਸ ਨੂੰ ਮਾਰ ਮੁਕਾਇਆ । ਜਿਸ ਕਾਜ਼ੀ ਨੇ ਫਤਵਾ ਦਿਤਾ ਸੀ ਉਸ ਨੂੰ ਵੀ ਕਰੜੀ ਸਜ਼ਾ ਦਿੱਤੀ ।

ਜ਼ਕਰੀਆ ਖਾਨ ਦਾ ਦਰਬਾਰ ਸਾਹਿਬ ਤੇ ਕਬਜ਼ਾ ਤੇ ਹਰ ਪ੍ਰਕਾਰ ਦੇ ਤਸੀਹੇ : ਜ਼ਕਰੀਆ ਖਾਨ ਨੇ ਦਰਬਾਰ ਸਾਹਿਬ ਤੇ ਕਬਜ਼ਾ ਕਰ ਲਿਆ ਤੇ ਹਰਮੰਦਰ ਦੇ ਸਰੋਵਰ ਦੁਆਲੇ ਚੌਕੀਆਂ ਬਿਠਾਲ ਦਿਤੀਆਂ । ਇਲਾਕੇ ਦੇ ਚੌਧਰੀਆਂ ਤੇ ਫੌਜਦਾਰਾਂ, ਹਰਭਗਤ ਨਿਰੰਜਨੀਆਂ, ਸਾਹਿਬ ਰਾਇ ਮਸਾਲੁੱਲ ਉਦੀਨ (ਮਸਾ ਰੰਘੜ) ਸੁਰਮਖ ਕੰਗ, ਮਿਲਖਾ, ਬਹਿਰਾਮ ਖਾਂ ਚੱਠਾ, ਭੀਮ ਖਾਂ ਕਸੂਰੀਆ, ਫੂਤੋ ਖਾਨ ਘੇਬਾ ਤੇ ਧਰਮ ਦਾਸ ਤੇ ਹੋਰ ਨੇੜੇ ਦੇ ਕਰਮਚਾਰੀਆਂ ਨੂੰ ਤਾੜਨਾ ਭੇਜੀ ਕਿ ਜੇ ਕਿਸੇ ਨੇ ਸਿਖ ਨੂੰ ਇਲਾਕੇ ਵਿਚ ਰਹਿਣ ਦਿਤਾ ਤਾਂ ਉਨ੍ਹਾਂ ਦੀ ਖੈਰ ਨਹੀਂ ।

ਸੋ ਇਹ ਜਾਣ ਲੈਣਾ ਚਾਹੀਦਾ ਹੈ ਕਿ ਭਾਈ ਸਾਹਿਬ ਦੀ ਸ਼ਹਾਦਤ ਇਕ ਨਹੀਂ ਸੀ, ਹੋਰ ਕਿੰਨੀਆਂ-ਹੀ ਨਾਲ ਹੋਈਆਂ । ਦਸਦੇ ਹਨ ਕਿ ਸ਼ਹੀਦ ਕਰਨ ਦੇ ਅਠਾਰਾਂ ਤਰੀਕੇ ਸਨ, ਸਭ ਹੀ ਸਿੰਘਾਂ ਤੇ ਵਰਤੇ ਗਏ । ਕਿਸੇ ਦਾ ਖੋਪਰ ਉਤਾਰਿਆ ਗਿਆ । ਕਿਸੇ ਨੂੰ ਚਰਖੀ ਤੇ ਚੜ੍ਹਾਇਆ ਗਿਆ । ਕਈਆਂ ਨੂੰ ਟੋਏ ਵਿਚ ਦਬ ਕੇ ਉਤੇ ਖੂਨ ਪਾ ਕੇ ਕੁਤੇ ਛੱਡੇ ਗਏ । ਹਾਥੀ ਦੇ ਪੈਰਾਂ ਹੇਠਾਂ ਲਿਤਾੜਿਆ ਗਿਆ । ਬੰਦ ਬੰਦ ਕਟੇ ਗਏ, ਦੇਗਾਂ ਵਿਚ ਉਬਾਲੇ ਦਿਤੇ ਗਏ । ਭੁਖਿਆਂ ਮਾਰਿਆ ਗਿਆ ਪਰ ਇਹ ਸਿਖ ਹੀ ਸਨ ਜਿਨ੍ਹਾਂ ਦੁੱਖ ਸਹਾਰ ਕੇ ਵੀ ਸੀ ਨ ਕੀਤੀ ।

ਕਈ ਚਰਖ ਕਈ ਫਾਂਸੀ ਮਾਰੇ ।
ਕਈ ਤੋਪਨ ਕਈ ਛੁਰੀ ਕਟਾਰੇ ।
ਕਈਆਂ ਨੇ ਸਿਰ ਮੁੰਗਲੀ ਕਟੇ ।
ਕਈ ਡੋਬੇ ਕਈ ਘਸੀਟ ਸੁ ਸਿਟੇ ।
ਦਬੇ ਕਟੇ ਬੰਦੂਕਨ ਦਏ ਮਾਰ ।
ਕੌਨ ਗਨੇ ਜੇ ਹਜ਼ਾਰ ।
ਪਾਤ ਪਾਤ ਕਈ ਪਕੜ ਬਹਾਏ ।
ਸਾਥ ਤੇਗਨ ਕੇ ਸੀਸ ਉਡਵਾਏ ।

ਕਿਸੈ ਹਥ ਕਿਸੈ ਟੰਗ ਕਟਵਾਏ ।
ਆਖ ਕਰੈ ਕਿਸੈ ਖਲ ਕਢਵਾਇ ।''

(ਪੰਥ ਪ੍ਰਕਾਸ਼)

ਪਰ ਨਾਦਰ ਦੇ ਹੱਲੇ ਨੇ ਜ਼ਕਰੀਆ ਖਾਨ ਦਾ ਸਾਰਾ ਧਿਆਨ ਖਿਚ ਲਿਆ ।

ਨਾਦਰ ਸ਼ਾਹ ਦਾ ਹਮਲਾ : ਨਾਦਰ ਦਾ ਜਨਮ ਦਸੰਬਰ ਸੰਨ ੧੬੮੮ ਨੂੰ ਇਕ ਆਜੜੀ ਛੇੜੂ ਇਮਾਮ ਕੁਲੀ ਦੇ ਘਰ ਖ਼ੁਰਾਸਾਨ ਦੀ ਰਾਜਧਾਨੀ ਮਸ਼ਹਦ ਦੇ ਲਾਗੇ ਦੋਸਤਗੜ੍ਹ ਵਿਚ ਹੋਇਆ । ਬਚਪਨ ਦੇ ਬਾਰੇ ਬਹੁਤਾ ਕੁਝ ਨਾ ਮਿਲਣ ਕਰਕੇ, ਇਹ ਹੀ ਮੰਨਿਆ ਜਾਂਦਾ ਕਿ ਉਨ੍ਹਾਂ ਦੇ ਕਬੀਲੇ ਦੀ ਦੁਸ਼ਮਣੀ ਅਬਦਾਲੀ ਕਬੀਲੇ ਨਾਲ ਸੀ । ਅਬਦਾਲੀ ਕਬੀਲੇ ਨੇ ਇਨ੍ਹਾਂ ਨੂੰ ਧਕੇਲ ਦਿਤਾ ਤੇ ਇਹ ਵੀ ਮੌਕੇ ਦੀ ਭਾਲ ਵਿਚ ਸਨ ਜਦ ਉਨ੍ਹਾਂ ਨੂੰ ਨੀਵਾਂ ਦਿਖਾ ਸਕਣ । ਬਾਲਪਣ ਤੋਂ ਹੀ ਇਸ ਵਿਚ ਲੜਾਕਾਪਣ ਵੀ ਸੀ । ਹੌਲੇ ਹੌਲੇ ਇਹ ਈਰਾਨ, ਅਫਗਾਨਿਸਤਾਨ ਦਾ ਸ਼ਾਹ ਬਣ ਗਿਆ ।

੧੭੩੦ ਈ: ਵਿਚ ਇਸ ਨੇ ਗਿਲਜ਼ਈਆਂ ਨੂੰ ਮਾਰ ਕੇ ਕੰਧਾਰ ਅਤੇ ਕਾਬਲ ਤੇ ਕਬਜ਼ਾ ਕਰ ਲਿਆ । ਅਬਦਾਲੀਆਂ ਦੇ ਸਾਰੇ ਕਬੀਲਿਆਂ ਨੇ ਰਲਕੇ ਰੋਕ ਪਾਉਣੀ ਚਾਹੀ ਪਰ ਉਹ ਸਫ਼ਲ ਨਾ ਹੋਏ । ੧੭੩੬ ਤਕ ਸਾਰੇ ਅਫਗਾਨਿਸਤਾਨ ਤੇ ਕਬਜ਼ਾ ਕਰ ਲਿਆ । ਹਿੰਦੁਸਤਾਨ ਤੇ ਉਸ ਸਮੇਂ ਮੁਹੰਮਦ ਸ਼ਾਹ ਦਾ ਰਾਜ ਸੀ ।

ਔਰੰਗਜ਼ੇਬ ਦੀ ਕੋਝੀ ਨੀਤੀ ਨੇ ਮੁਗ਼ੱਲ ਸਾਮਰਾਜ ਦੀਆਂ ਜੜ੍ਹਾਂ ਹਿਲਾ ਦਿਤੀਆਂ । ਕੇਂਦਰੀ ਹਕੂਮਤ ਤਕਰੀਬਨ ਟੁਟ ਗਈ ਸੀ । ਦੱਖਣ ਵਿਚ ਮਰਹਟੇ ਸਿਰ ਕਢਕੇ ਲੜਨ ਲਗ ਪਏ ਸਨ । ਜਾਟਾਂ ਤੇ ਰੁਹੇਲਿਆਂ ਦੀਆਂ ਬਗਾਵਤਾਂ ਆਮ ਹੋ ਗਈਆਂ ਸਨ । ਸਿਖਾਂ ਵੀ ਆਪਣੀ ਜਥੇਬੰਦੀ ਮਜ਼ਬੂਤ ਕਰ ਲਈ ਸੀ । ਔਰੰਗਜ਼ੇਬ ਦੇ ਉਤਰ ਅਧਿਕਾਰੀ ਕਮਜ਼ੋਰ ਤੇ ਬੇਖ਼ਬਰ ਸਨ । ਬਹਾਦਰ ਸ਼ਾਹ ਨੂੰ ਤਾਂ 'ਸ਼ਾਹਿ ਬੇਖਬਰ ਦੇ ਨਾਂ ਨਾਲ ਹੀ ਪੁਕਾਰਿਆ ਜਾਂਦਾ ਸੀ, ਫਰਖਸ਼ੀਅਰ ਵੀ ਇਕ ਅਯੋਗ ਰਾਜਧਿਕਾਰੀ ਸੀ । ਉਸ ਵਿਚ ਫੈਸਲੇ ਕਰਨ ਦੀ ਸ਼ਕਤੀ ਨਾਮ ਮਾਤਰ ਸੀ । ਸਦਾ ਥਿੜਕਿਆ ਤੇ ਉਖੜਿਆ ਉਖੜਿਆ ਰਹਿੰਦਾ ਸੀ । ਉਸ ਨੂੰ ਪਹਿਲਾਂ ਅੰਨਿਆਂ ਤੇ ਫਿਰ ਮਾਰ ਹੀ ਦਿਤਾ ਗਿਆ । ਮੁਹੰਮਦ ਸ਼ਾਹ ਨੇ ਭਾਵੇਂ ੩੦ ਸਾਲ ਰਾਜ ਕੀਤਾ ਪਰ ਮੁਹੰਮਦਸ਼ਾਹ ਹਰ ਸਮੇਂ ਹੀ ਕਿਸੇ ਨਾ ਕਿਸੇ ਵਿਅਕਤੀ ਦੇ ਕਬਜ਼ੇ ਵਿਚ ਹੀ ਰਿਹਾ । ਪਹਿਲ ਸੱਯਦ ਭਰਾਵਾਂ ਮਨਮਾਨੀ ਕੀਤੀ, ਫਿਰ ਕੋਕੀ, ਰੋਸ਼ਨ ਉਲਦਉਲਾ, ਮਜ਼ਫਰਖਾਨ, ਅਸਦਯਾਰ, ਮੁਹੰਮਦ ਇਸਹਾਕ ਨੇ ਆਪਣਾ ਹੁਕਮ ਚਲਾਇਆ । ਦਿਲੀ ਸਾਜ਼ਸ਼ਾਂ ਦਾ ਗੜ੍ਹ ਬਣ ਗਿਆ । ਹਾਲਤ ਇਥੋਂ ਤਕ ਵਿਗੜੀ ਕਿ ਰਾਜ ਦਰਬਾਰ ਦੇ ਵਜ਼ੀਰੇ-ਆਜ਼ਮ ਆਸਫ਼ ਜਹਾਂ ਨੇ ਨਾਦਰ ਨੂੰ ਹਿੰਦੁਸਤਾਨ ਤੇ ਹਮਲਾ ਕਰਨ ਲਈ ਪ੍ਰੇਰਿਆ ।

ਸਾਰੇ ਸੂਬੇ ਹੀ ਖੁਦ-ਮੁਖ਼ਤਿਆਰ ਹੋ ਗਏ ਤੇ ਸੱਭ ਤੋਂ ਵਧ ਇਹ ਕਿ ਖਜ਼ਾਨੇ ਵਿਚ ਮਾਲੀਆ ਤੇ ਰਕਮ ਆਉਣੀ ਬੰਦ ਹੋ ਗਈ । ਪੰਜ ਪੰਜ ਸਾਲ ਤਕ ਸਿਪਾਹੀਆਂ ਨੂੰ ਤਨਖਾਹ ਨਹੀਂ ਮਿਲੀ ਸੀ । ਮੁਗ਼ੱਲਾਂ ਦੇ ਰਾਜ ਵਰਗੀ ਕੋਈ ਚੀਜ਼ ਨਹੀਂ ਸੀ । ਹਮਲਾਵਰਾਂ ਦੀ ਨਜ਼ਰ ਫਿਰ ਇਧਰ ਹੋਈ ਤੋ ਨਾਦਰ ਨੇ ੧੭੩੯ ਨੂੰ ਹਿੰਦੁਸਤਾਨ ਤੇ ਹਮਲਾ ਬੋਲ ਦਿਤਾ ।

ਨਾਦਰ ਨੇ ਆਪਣਾ ਦੂਤ ਦਿੱਲੀ ਭੇਜਿਆ ਪਰ ਦੂਤ ਦਾ ਅਪਮਾਨ ਕੀਤਾ ਗਿਆ । ਨਾਦਰ ਹੋਰ ਲੋਹਾ ਲਾਖਾ ਹੋ ਕੇ ਹਿੰਦੁਸਤਾਨ ਵਲ ਵੱਧਿਆ । ਨਾਦਰ ਦੇ ਟਾਕਰੇ ਤੇ ਜ਼ਕਰੀਆ ਖਾਨ ਜਾਂ ਨਾਸਰ ਖਾਂ ਦੀਆਂ ਫੌਜਾਂ ਤੁਛ ਸਨ । ਉਨ੍ਹਾਂ ਰੋਕ ਪਾਉਣ ਦੇ ਯਤਨ ਕੀਤੇ ਪਰ ਸਭ

ਵਿਅਰਥ। ਸੜਕਾਂ ਤੇ ਸਭ ਰਾਹ ਖਾਲੀ ਹੋ ਗਏ। ਇਤਨੀ ਘਬਰਾਹਟ ਸੀ ਕਿ ਕਿਸੇ ਨੂੰ ਪਤਾ ਨਹੀਂ ਸੀ ਕਿ ਨਾਦਰ ਕਿਥੋਂ ਮਾਰੋ ਮਾਰ ਕਰਦਾ ਆ ਰਿਹਾ ਹੈ। ਸਾਰੇ ਪੰਜਾਬ ਵਿਚ ਹੀ ਭੱਗਦੜ ਮਚ ਗਈ। ਲਾਹੌਰ ਤੇ ਨਾਦਰ ਦਾ ਕਬਜ਼ਾ ਹੋ ਗਿਆ। ੩੦ ਲਖ ਨਜ਼ਰਾਨਾ ਦੇ ਕੇ ਜ਼ਕਰੀਆ ਖਾਨ ਨੇ ਲਾਹੌਰ ਨੂੰ ਬਰਬਾਦ ਹੋਣ ਤੋਂ ਬਚਾ ਲਿਆ। ਆਪ ਈਨ ਮੰਨ ਕੇ ਪਜਾਬ ਦਾ ਗਵਰਨਰ ਬਣਨਾ ਸਵੀਕਾਰ ਕਰ ਲਿਆ।

ਫਰਵਰੀ ੧੭੩੯ ਨੂੰ ਨਾਦਰ ਕਰਨਾਲ ਪੁਜਾ। ਉਥੇ ਸ਼ਾਹੀ ਮੁਗ਼ੱਲ ਫ਼ੌਜਾਂ ਨੇ ਕੁਝ ਰੋਕ ਪਾਉਣੀ ਚਾਹੀ ਪਰ ਘਟੀਆ ਤੇ ਕਮਜ਼ੋਰ ਫ਼ੌਜ ਉਚੀ ਅਤੇ ਜਥੇਬੰਦ ਫ਼ੌਜ ਦੇ ਟਾਕਰੇ ਤੇ ਹਾਰਨ ਤੋਂ ਬਗੈਰ ਹੋਰ ਕੁਝ ਕਰ ਹੀ ਨਹੀਂ ਸੀ ਸਕਦੀ।

੯ ਮਾਰਚ ੧੭੩੯ ਨੂੰ ਨਾਦਰ ਜੇਤੂ ਦੇ ਤੌਰ ਤੇ ਦਿਲੀ ਵਿਚ ਦਾਖਲ ਹੋਇਆ। ਨਾਦਰ ਨੇ ਤਾਵਾਨ ਵਜੋਂ ੨੫ ਕਰੋੜ ਰੁਪਿਆ ਮੰਗਿਆ। ਮੁਹੰਮਦ ਸ਼ਾਹ ਨੇ ਸਾਰੇ ਖਜ਼ਾਨੇ ਖੋਲ ਦਿਤੇ। ਤਖ਼ੱਤ ਤਾਊਸ ਆਦਿ ਦੇ ਕੇ ਰਕਮ ਪੂਰੀ ਕੀਤੀ। ਸਭ ਕੰਮ ਬੜੀ ਸ਼ਾਂਤੀ ਨਾਲ ਹੋ ਗਿਆ। ੧੦ ਮਾਰਚ ਵਾਲੇ ਦਿਨ ਈਦ ਸੀ। ਨਾਦਰ ਦੇ ਨਾਂ ਦਾ ਖੁਤਬਾ ਤਕ ਪੜ੍ਹ ਦਿਤਾ ਗਿਆ ਪਰ ਕਿਸੇ ਇਹ ਅਫਵਾਹ ਫੈਲਾ ਦਿਤੀ ਕਿ ਮੁਹੰਮਦ ਸ਼ਾਹ ਨੇ ਧੋਖੇ ਨਾਲ ਨਾਦਰ ਨੂੰ ਮਾਰ ਦਿਤਾ ਹੈ। ਮੁਗ਼ੱਲ ਫ਼ੌਜਾਂ ਨੇ ਨਾਦਰ ਦੇ ਦਸਤਿਆਂ ਤੇ ਹਲਾ ਬੋਲ ਦਿਤਾ। ਤਿੰਨ ਹਜ਼ਾਰ ਦੇ ਕਰੀਬ ਈਰਾਨੀ ਮਾਰੇ ਗਏ ਪਰ ਨਾਦਰ ਨੇ ਫਿਰ ਵੀ ਸੰਕੋਚ ਰਖਿਆ ਤੇ ਰਾਤ ਨੂੰ ਨਿਜਾਮ ਉਲਮਲਕ ਸਰਬਲੰਦ ਖਾਨ ਤੇ ਵਜ਼ੀਰ ਕਮਰ ਉਦਦੀਨ ਨੂੰ ਪਾਸ ਬੁਲਾ ਕੇ ਮੌਤ ਦਾ ਡਰ ਦਿਤਾ। ਉਨ੍ਹਾਂ ਆਪਣੀ ਅਗਿਆਨਤਾ ਦਸੀ ਅਤੇ ਕੁਰਾਨ ਦੀਆਂ ਸੁਹਾਂ ਵੀ ਚੁਕੀਆਂ ਪਰ ਦਿਨ ਚੜ੍ਹਦੇ ਸਾਰ ਹੀ ਨਾਲ ਦੀ ਛਤ ਤੋਂ ਕਿਸੇ ਨੇ ਨਾਦਰ ਵਲ ਬੰਦੂਕ ਦਾ ਨਿਸ਼ਾਨਾ ਸੇਧਿਆ। ਨਾਦਰ ਤਾਂ ਬੱਚ ਗਿਆ ਪਰ ਉਸ ਕੋਲ ਖਲੋਤਾ ਸਾਥੀ ਥਾਂ ਹੀ ਮਰ ਗਿਆ। ਬਸ, ਇਹ ਹੱਦ ਸੀ ਤੇ ਨਾਦਰ ਨੇ ਉਸੇ ਵਕਤ ਕਤਲਿਆਮ ਦਾ ਹੁਕਮ ਦੇ ਦਿੱਤਾ। ਇਕ ਅੰਦਾਜ਼ੇ ਮੁਤਾਬਕ ਇਕ ਲਖ ਬਾਰਾਂ ਹਜ਼ਾਰ ਨਰ, ਨਾਰੀ, ਬੱਚੇ ਕਤਲ ਕੀਤੇ ਗਏ। ਲੁਟ ਵੀ ਅਥਾਹ ਦੀ ਹੋਈ। ਸਾਰੇ ਸ਼ਹਿਰ ਨਿਵਾਸੀਆਂ ਕੋਲੋਂ ਸਭ ਪਦਾਰਥ ਹੀ ਲੁਟ ਲਏ ਗਏ। ਦਿੱਲੀ ਦੇ ਅਤੇ ਨੇੜੇ ਦੀਆਂ ਮੰਡੀਆਂ ਦੇ ਵਪਾਰੀਆਂ, ਸੌਦਾਗਰਾਂ ਤੇ ਜ਼ਿਮੀਦਾਰਾਂ ਨੂੰ ਤਸੀਹੇ ਦੇ ਕੇ ਧਨ ਪ੍ਰਾਪਤ ਕੀਤਾ ਗਿਆ। ਮਾਇਆ ਦੀ ਭਾਲ ਵਿਚ ਘਰਾਂ ਦੇ ਵਿਹੜੇ ਪੁਟੇ ਗਏ। ਛੱਤਾਂ ਢਾਈਆਂ ਗਈਆਂ। ਇਕ ਸਮਕਾਲੀ ਇਤਿਹਾਸਕਾਰ ਦਾ ਕਹਿਣਾ ਹੈ ਕਿ ਬਗੈਰ ਉਮਰ ਦਾ ਲਿਹਾਜ਼ ਰੱਖੇ, ਧਰਮ ਦੇ ਪੱਖ ਨੂੰ ਦੇਖੇ ਬਿਨਾਂ, ਹਿੰਦੂਆਂ ਤੇ ਮੁਸਲਮਾਨਾਂ ਦਾ ਕਤਲ ਕੀਤਾ ਗਿਆ। ਮਿ: ਫਰੇਜ਼ਰ ਦਾ ਕਥਨ ਹੈ ਕਿ ਨਾਦਰ ਆਪਣੇ ਨਾਲ ਸੱਤਰ ਕਰੋੜ ਰੁਪਏ ਦਾ ਸੋਨਾ ਤੇ ਜਵਾਹਰਾਤ, ਵੀਹ ਕਰੋੜ ਨਕਦ, ਇਕ ਹਜ਼ਾਰ ਹਾਥੀ, ਇਕ ਹਜ਼ਾਰ ਘੋੜੇ, ਦਸ ਹਜ਼ਾਰ ਊਠ, ਦੋ ਸੌ ਚੰਗੇ ਕਾਰੀਗਰ ਤਰਖਾਣ, ਇੱਕ ਸੌ ਤੀਹ ਖੁਸ਼-ਨਵੀਸ, ਦੋ ਸੌ ਲੁਹਾਰ, ਹਜ਼ਾਰ ਦੋ ਸੌ ਔਰਤਾਂ, ਕੋਹਨੂਰ ਹੀਰਾ ਤੇ ਤਖਤ ਤਾਊਸ ਲੈ ਕੇ ਈਰਾਨ ਵਲ ਚਲ ਪਿਆ। ਭਾਈ ਰਤਨ ਸਿੰਘ ਭੰਗੂ ਨੇ ਗਲ ਮਕਾਂਦੇ ਠੀਕ ਲਿਖਿਆ ਹੈ :

> ਔਰ ਦਰਬ ਕੀ ਕਿਆ ਕਹੀਏ,
> ਬਾਈ ਸੂਬੇ ਪਾਤਿਸ਼ਾਹਿ।
> ਤਿਨੈ ਇਕਠੀ ਥੀ ਕਰੀ ਇਕ ਲੈ ਗਯੋ ਨਾਦਰ ਸ਼ਾਹਿ।"

ਨਾਦਰ ਨੇ ਆਪਣੇ ਪੁਤਰ ਨਾਸਰ ਉੱਲਾ ਦਾ ਨਿਕਾਹ ਵੀ ਸ਼ਾਹੀ ਘਰਾਣੇ ਦੀ ਸ਼ਹਿਜ਼ਾਦੀ ਨਾਲ ਕਰਾਇਆ। ਜ਼ਕਰੀਆ ਖਾਨ ਨੂੰ ਖੱਬਰ ਭੇਜੀ ਕਿ ਉਹ ਵੀ ਤਵਾਨ ਦੇ ਤੌਰ ਤੇ ਇਕ ਕਰੋੜ ਹੋਰ

ਤਿਆਰ ਰਖੇ ।

ਗਰਮੀ ਵਧ ਰਹੀ ਸੀ, ਸੋ ਨਾਦਰ ਨੂੰ ਵਾਪਸ ਜਾਣ ਦੀ ਕਾਹਲ ਸੀ । ਉਹ ਆਪੂੰ ਤਾਂ ਛੇਤੀ ਹੀ ਚਨਾਬ ਦੇ ਕਿਨਾਰੇ ਅਖਨੂਰ ਪੁੱਜ ਗਿਆ । ਉਸ ਨੂੰ ਇਹ ਯਕੀਨ ਸੀ ਕਿ ਉਸ ਦੇ ਨਾਂ ਦਾ ਰੁਹਬ ਹੀ ਇਤਨੇ ਵੱਡੇ ਕਾਫਲੇ ਦੀ ਰਖਵਾਲੀ ਕਰਨ ਲਈ ਕਾਫ਼ੀ ਹੈ, ਪਰ ਸਿਖਾਂ ਦੇ ਸੁਭਾਅ ਤੋਂ ਉਹ ਜਾਣੂ ਨਹੀਂ ਸੀ ।

ਸਿਖਾਂ ਦਾ ਆਪਨਾ ਹਿੱਸਾ ਵੰਡਾਉਣਾ ਤੇ ਔਰਤਾਂ ਨੂੰ ਛੁੜਵਾਉਣਾ : ਨਾਦਰ ਦੁਨੀਆਂ ਦਾ ਅਮੀਰ ਤਰੀਨ ਪੁਰਸ਼ ਬਣ ਕੇ, ਦਿਲੀ ਤੇ ਹਿੰਦੁਸਤਾਨ ਦੀ ਦੌਲਤ ਤੇ ਇਜ਼ਤ ਲੁਟ ਕੇ ਲਈ ਜਾ ਰਿਹਾ ਸੀ । ਸਿਖ ਪਿਛਲੇ ਦੋ ਮਹੀਨਿਆਂ ਤੋਂ ਪੰਜਾਬ ਤੇ ਦਿਲੀ ਲਾਗੇ ਦੀਆਂ ਪਰਸਥਿਤੀਆਂ ਦੇ ਡੂੰਘੀ ਨਜ਼ਰ ਰਖ ਰਹੇ ਸਨ । ਜਦ ਨਾਦਰ ਆਪ ਅਖਨੂਰ ਪੁੱਜ ਗਿਆ ਤਾਂ ਸਿੰਘਾਂ ਨੇ ਸਰਦਾਰ ਜਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠਾਂ, ਜੱਥੇ ਬਣਾ ਲਏ ਤੇ ਪਹਿਲਾਂ ਲੜਕੀਆਂ ਛੁਡਵਾਈਆਂ, ਫਿਰ ਕਾਫਲੇ ਦੇ ਪਿਛਲੇ ਹਿੱਸੇ ਤੇ ਹੱਥ ਸਾਫ਼ ਕੀਤਾ । ਜਦ ਨਾਦਰ ਨੂੰ ਇਸ ਦੀ ਖੱਬਰ ਪੁਜੀ ਤਾਂ ਜ਼ਕਰੀਆ ਖਾਨ ਨੂੰ ਲਹੌਰ ਤੋਂ ਬੁਲਾ ਕੇ ਪੁਛਿਆ ਕਿ ਇਹ ਕੌਣ ਹਨ, ਕਿਥੇ ਰਹਿੰਦੇ ਹਨ, ਮੁਲਕ ਕਿਹੜਾ ਹੈ, ਮੁਰਸ਼ਦ ਕੌਣ ਹੈ ? ਤੂੰ ਮਾਰ ਕਿਉਂ ਨਹੀਂ ਮੁਕਾਉਂਦਾ ? ਉਹ ਇਤਨੀ ਜੁਰਅਤ ਵਾਲੇ ਕਿਸ ਤਰ੍ਹਾਂ ਹੋ ਗਏ ਜੋ ਉਸ ਦੇ ਨਾਂ ਤੋਂ ਵੀ ਨਹੀਂ ਡਰੇ ਅਤੇ ਡਰਦੇ, ਉਨ੍ਹਾਂ ਦੇ ਘਰ ਘਾਟ ਅੱਗ ਲਾ ਕੇ ਸੁਆਹ ਕਰ ਦਿਉ !

ਪੁਛਯੋ ਨਾਦਰ ਕੋ ਖਾਨ ਆਇ ।
ਹਮ ਕੋ ਲੂਟਨ ਕਾਰ ਬਤਾਇ ।
ਜਿਨ ਲੁਟ ਖਾਯੋ ਹਮਰੋ ਰਾਹ ।
ਮੁਲਕ ਉਸੈ ਕੀ ਉਡਾ ਦਿਉ ਸਵਾਹਿ ।

ਜ਼ਕਰੀਆ ਖਾਨ ਨੇ ਕਹਿਆ ਕਿ ਇਨ੍ਹਾਂ ਦਾ ਘਰ ਬਾਰ, ਮੁਲਕ ਕੋਈ ਨਹੀਂ, ਘਰ ਘੋੜਿਆਂ ਦੀਆਂ ਕਾਠੀਆਂ ਤੇ ਹਨ । ਮੁਰਸ਼ਦ ਇਨ੍ਹਾਂ ਦਾ ਵਲੀ ਹੋਇਆ ਹੈ ਉਸ ਨੇ ਇਨ੍ਹਾਂ ਨੂੰ ਕੋਈ ਆਬੇਹਿਯਾਤ ਦਿੱਤਾ ਹੈ, ਉਸ ਦਾ ਅਸਰ ਦੇਖਿਆ ਹੈ ਕਿ ਜੇ ਕੋਈ ਬੁਜ਼ਦਿਲ ਪੀ ਲੈਂਦਾ ਹੈ ਤਾਂ ਉਹ ਸ਼ੇਰ ਹੋ ਜਾਂਦਾ ਹੈ ।[1]

ਬੜੀਆਂ ਸਿਫਤਾਂ ਦੇ ਮਾਲਕ ਹਨ । ਆਚਰਨ ਦੀ ਮੂਰਤ ਹਨ । ਦੁੱਖ ਨੂੰ ਸੁੱਖ ਤੇ ਸੁੱਖ ਵਿਚ ਸ਼ੁਕਰ ਮਨਾਂਦੇ ਹਨ । ਮਾਰ ਮਾਰ ਥੱਕ ਗਏ ਪਰ ਇਹ ਵੱਧੀ ਹੀ ਟੁਰੀ ਜਾਂਦੇ ਹਨ। ਉਨ੍ਹਾਂ ਨੂੰ ਇਕ ਨਿਰੋਲ ਮਰਨ ਦਾ ਚਾਅ ਹੈ ।

ਤਬ ਖਾਨੂ[2] ਨੇ ਐਸ ਬਖਾਨੀ ।
ਮੁਲਕ ਉਸੈ ਕੀ ਕਾਹਿ ਨਿਸ਼ਾਨੀ ।
ਨਾਮ ਸਿੰਘ ਬਨ ਮਜ਼ਬ ਖਾਲਸਾ ।
ਛੋਡ ਦੇਤ ਸਭ ਜਗਤ ਖਾਲਸਾ ।
ਕਮਰ ਜਾਂਘੀਆ ਇਕ ਸਿਰ ਪੱਟਕਾ ।
ਜੋ ਕਿਛ ਵਸਤ ਕਿਸੀ ਕੋ ਯਾ ਹੈ ।

---

੧. ਅਸਰ ਤਿਸ ਕਾ ਹਮ ਨੇ ਯਹਿ ਦੇਖਾ । ਬੁਜ਼ਦਿਲ ਹੋਵਤ ਸ਼ੇਰ ਬਿਸੇਖਾ ।

੨. ਜ਼ਕਰੀਆ ਖਾਨ ਨੂੰ ਖਾਨ ਬਹਾਦਰ ਵੀ ਕਹਿਆ ਜਾਂਦਾ ਹੀ ।

ਦੁਨੀਆਂਦਾਰ ਨ ਇਹ ਫਕੀਰ ।
ਬੇ ਮੁਹਤਾਜ ਸਭ ਸਾਬਰ ਧੀਰ ।
ਪਰ ਤ੍ਰਿਯਾ ਸਮਝਤ ਮਾਤ ਸਮਾਨੈ ।
ਚੋਰੀ ਯਾਰੀ ਨਿੰਦ ਨ ਜਾਨੈ ।
ਸੋ ਸੋ ਕੋਸ ਤੁਰਹਿ ਹੀ ਜਹਿ ਹੈ ।
ਘੋੜਨ ਕੋ ਭੀ ਮਾਸ ਖਲਹਿ ਹੈ ।
ਰਾਤ ਕਿਤੈ ਦਿਨ ਕਿਤੈ ਬਤਹਿ ਹੈ ।
ਨੂਨ ਘਿਰਤ ਕੇ ਸੁਆਦ ਨ ਜਾਨੈ ।
ਹਮ ਦੁਖ ਦਿਵੈਂ ਤੇ ਸੁਖ ਮਾਨੈ ।
ਹਾੜ ਨਾ ਦਿਨ ਭਰ ਪੀਵੈ ਪਾਨੀ ।
ਸਾਵਲੈ ਰਖੈ ਨ ਅਗਨ ਨਿਸ਼ਾਨੀ ।
ਨਹਿ ਖਾਵੈ ਵਹਿ ਪੀਸਯੋ ਨਾਜ ।
ਲੜੈ ਬਹੁਤ ਵੈ ਕਰ ਕੇ ਭਾਜ ।
ਖੜੇ ਸੋਵੈ ਔ ਚਲਤ ਖਾਹਿ ।
ਨਹਿ ਬੈਠੇ ਹੈ ਕਿਤੈ ਰਥਾਹਿ ।
ਰਹੈ ਚਾਉ ਉਨ ਮਰਨ ਕੇ ਦੀਨ ਮਜ਼ਹਬ ਕੇ ਭਾਇ ।
ਹਮ ਮਾਰਨ ਉਨ ਥੱਕ ਗਏ, ਉਇ ਘਟਨ ਨ ਕਿਤੁਹ ਜਾਇ ।

ਇਹ ਸਭ ਗੁਣ ਤੇ ਉਪਮਾਵਾਂ ਸੁਣ ਕੇ ਨਾਦਰ ਨੇ ਕਿਹਾ ਕਿ ਐਸੇ ਗੁਣਾਂ ਵਾਲਿਆਂ ਤੋਂ ਰਾਜ ਦੀ ਬੂ ਆਂਦੀ ਹੈ । 'ਅਜ਼ੀ ਕੌਮ ਬੂਏ ਬਾਦਸ਼ਾਹੀ ਮੇ ਆਇਦ ।' ਯਾਦ ਰੱਖੀਂ ਇਹ ਛੇਤੀ ਹੀ ਰਾਜ ਕਰਨਗੇ ।

ਪੰਥ ਪ੍ਰਕਾਸ਼ ਦੇ ਸ਼ਬਦਾਂ ਵਿਚ :
ਨਾਦਰ ਕਾਦਰ ਸੋਚ ਪੁਨ ਕਹਿਯੋ ਨਵਾਬਹਿ ਐਸਾ ।
ਜੇ ਕਰ ਹੈ ਸ਼ਹਿ ਐਸਾ ਹੀ, ਭਾਖਤ ਹੋ ਤੁਮ ਜੈਸਾ ।
ਤੇ ਇਹ ਮਾਰੇ ਨਾ ਮਰੈ, ਜੀਤੈ ਇਨੈ ਕੌਣ ।
ਨਾਹਕ ਸਹਿਤ ਨਦੋਸ਼ ਤੁਮ, ਦੁਖ ਦੇਤ ਇਨ ਜੌਨ ।
ਮਾਰਤ ਹੋ ਤੁਮ ਆਪ ਹੀ ਆਪਨੈ ਪੈਰ ਕੁਠਾਰ ।
ਕੁਛ ਦਿਨ ਕੋ ਸਿੰਘ ਹੋਇ ਹੈ ਭੂਪਤ ਮੁਲਕ ਮਝਾਰ ।

ਨਾਦਰ ਦੇ ਹੱਲੇ ਦੇ ਪ੍ਰਭਾਵ, ਪੰਜਾਬ ਵਿਚ ਬੀਰਤਾਂ ਦੀਆਂ ਸਿਖਰਾਂ ਛੋਹੀਆਂ ਗਈਆਂ : ਨਾਦਰ ਦੇ ਹਮਲੇ ਨੇ ਮੁਗ਼ਲਾਂ ਦਾ ਭੜ ਬਿਲਕੁਲ ਹੀ ਤੋੜ ਦਿੱਤਾ । ਉਨ੍ਹਾਂ ਨੂੰ ਐਸੀ ਸੱਟ ਵਜੀ ਕਿ ਉਹ ਮੁੜ ਉਠ ਹੀ ਨਾ ਸਕੇ । ਫਿਰ ਇਹ ਕੋਈ ਪਹਿਲਾ ਤੇ ਆਖਰੀ ਹਮਲਾ ਨਹੀਂ ਸ਼ੀ, ਇਹ ਤਾਂ ਭੂਮਿਕਾ ਸੀ, ਹਮਲਿਆਂ ਦੀ ਕਿਤਾਬ ਤਾਂ ਅਗੋਂ ਖੁਲਣ ਵਾਲੀ ਸੀ । ਅਬਦਾਲੀ ਨੇ ਤਕਰੀਬਨ ਗਿਆਰਾਂ ਵਾਰੀ ਹਿੰਦੁਸਤਾਨ ਤੇ ਹਮਲਾ ਕੀਤਾ । ਆਰਥਕ ਢਾਂਚਾ ਅਗੇ ਹੀ ਖੱੜ ਖੱੜ ਕਰ ਰਹਿਆ ਸੀ । ਜੁੜੀ ਹੋਈ ਦੌਲਤ ਹੀ ਇਕ ਮਾਤਰ ਸਹਾਰਾ ਸੀ, ਪਰ ਉਹ ਵੀ ਇਸ ਹਮਲੇ ਨੇ ਖੋਹ ਲਿਆ ।

ਇਸ ਹਮਲੇ ਨਾਲ ਪੰਜਾਬ ਦੀ ਹਾਲਤ ਵੀ ਵਿਗੜੀ । ਪ੍ਰਬੰਧ ਨਾਂ ਮਾਤਰ ਦਾ ਰਹਿ

ਗਿਆ । ਸਿੱਖ ਆਪਣੇ ਟਿਕਾਣੇ ਛੱਡ ਬਾਹਰ ਆ ਗਏ । ਕਿਲ੍ਹੇ ਵੀ ਉਨ੍ਹਾਂ ਬਣਾ ਲਏ । ਸਿੱਖ ਹੋਣਾ ਜਿਥੇ ਅਗੇ ਜ਼ੁਰਅਤ ਦਾ ਕੰਮ ਸੀ, ਹੁਣ ਤਾਕਤ ਦਾ ਚਿੰਨ ਵੀ ਗਿਣਿਆ ਜਾਣ ਲਗ ਪਿਆ, ਸਿੱਖਾਂ ਦੀ ਗਿਣਤੀ ਵੀ ਵੱਧਣ ਲਗੀ । ਕਨਿੰਘਮ ਨੇ ਠੀਕ ਲਿਖਿਆ ਹੈ ਕਿ ਲੋਕੀ ਜਾਣ ਗਏ ਕਿ ਸਿਖ ਹੋਣ ਨਾਲ ਉਹ ਹਰ ਗਲੋਂ ਉਚੇਰੇ ਹੋ ਜਾਂਦੇ ਸਨ । ਸਿਖ ਹੁਣ ਮੈਦਾਨਾਂ ਵਿਚ ਉਤਰ ਆਏ ਨਾਦਰ ਦੇ ਲੁਟਣ ਅਤੇ ਔਰਤਾਂ ਘਰ ਘਰ ਪਹੁੰਚਾਣ ਦੀ ਖੱਬਰ ਨੇ ਸਿਖਾਂ ਲਈ ਹਰ ਪਾਸੇ ਹਮਦਰਦੀ ਹੀ ਭਰ ਦਿੱਤੀ । ਬਰਾਉਨ ਦਾ ਕਹਿਣਾ ਹੈ ਕਿ ਬਹੁਤੇ ਸਿੱਖੀ ਦੇ ਦਾਇਰੇ ਆ ਗਏ । ਰਾਵੀ ਕਿਨਾਰੇ ਡਲੇਵਾਲ ਇਕ ਗੜ੍ਹੀ ਵੀ ਬਣਾ ਲਈ । ਇਹ ਗੜ੍ਹੀ ਲਾਹੌਰ ਦੇ ਇਤਨੇ ਲਾਗੇ ਸੀ ਕਿ ਲਾਹੌਰ ਨੂੰ ਹਰ ਸਮੇਂ ਦੀ ਚਿੰਤਾ ਲਗ ਗਈ ।

ਇਸ ਹਮਲੇ ਨਾਲ ਜ਼ਕਰੀਆ ਖਾਨ ਦੇ ਹੱਥ ਬਹੁਤ ਕਮਜ਼ੋਰ ਹੋ ਗਏ । ਡਾਕਟਰ ਸਿਨਾਹ ਨੇ ਆਪਣੀ ਪੁਸਤਕ 'ਦੀ ਰਾਈਜ਼ ਔਫ ਸਿਖ ਪਾਵਰ' ਵਿਚ ਠੀਕ ਲਿਖਿਆ ਹੈ ਕਿ ਨਾਦਰ ਦੇ ਹਮਲੇ ਨੇ ਪੰਜਾਬ ਦੀ ਹਕੂਮਤ ਨੂੰ ਕਮਜ਼ੋਰ ਕਰ ਦਿੱਤਾ, ਸਿੱਖਾਂ ਦੀ ਤਾਕਤ ਤੇ ਸਨਮਾਨ ਨੂੰ ਵਧਾਇਆ । ਸਿੱਖਾਂ ਨੂੰ ਦਬਾਉਣਾ ਅਗੇ ਹੀ ਕਠਿਨ ਸਮਸਿਆ ਸੀ, ਹੁਣ ਹੋਰ ਮੁਸ਼ਕਲ ਕੰਮ ਬਣ ਗਿਆ[1] ।

----

੧. The supression of the Sikhs, difficult under all circumstances became more difficult now.

The Rise of Sikh Power.

ਅਧਿਆਇ ਦਸਵਾਂ

ਸ਼ਹਾਦਤਾਂ ਦਾ ਨਵਾਂ ਗੇੜ

ਸ੍ਰੀ ਅੰਮ੍ਰਿਤਸਰ ਪੂਰਨਾ ਅਤੇ ਸਿਖਾਂ ਦੇ ਸਿਰਾਂ ਦੇ ਮੁਲ : ਨਾਦਰ ਸ਼ਾਹ ਦੇ ਬੋਲੇ ਸ਼ਬਦ ਸੁਭਾਵਕ ਨਹੀਂ ਸਨ ਸਗੋਂ ਤੋਲੇ ਤੇ ਜਾਚੇ ਹੋਏ ਸਨ । ਸੋ ਜ਼ਕਰੀਆ ਖਾਨ ਨੇ ਇਸ਼ਾਰਾ ਸਮਝ ਲਿਆ ਤੇ ਇਕ ਧਿਆਨ ਹੋ ਕੇ ਸਿਖਾਂ ਦੀ ਸ਼ਕਤੀ ਮੁਕਾਉਣ ਦੇ ਉਪਰਾਲੇ ਕਰਨ ਲਗਾ । ਉਸ ਨੂੰ ਇਹ ਯਕੀਨ ਹੋ ਗਿਆ ਸੀ ਕਿ ਉਸ ਦੇ ਰਾਜ ਨੂੰ ਜੇ ਕੋਈ ਖਤਰਾ ਹੈ ਤਾਂ ਸਿਖਾਂ ਵਲੋਂ ਹੈ । ਉਸ ਨੇ ਸਾਰੀ ਸਰਕਾਰੀ ਮਸ਼ੀਨਰੀ ਨੂੰ ਸਿਖਾਂ ਦੇ ਸ਼ਿਕਾਰ ਵਲ ਮੋੜ ਦਿੱਤਾ ।

ਤਲਵੰਡੀ ਦੇ ਰਾਮਾ ਰੰਧਾਵਾ, ਛੀਨੇ ਦੇ ਕਰਮੇ ਚੋਧਰੀ ਤੇ ਸਾਹਿਬ ਰਾਇ ਨੋਸ਼ਹਿਰਾ ਢਿਲਵਾਂ ਤਾਂ ਅਗੇ ਹੋ ਕੇ ਅਤਿਆਚਾਰ ਕਰਨ ਲਗੇ । ਜ਼ਕਰੀਆ ਖਾਨ ਸੱਭ ਸ਼ਕਤੀਆਂ ਦਾ ਸੋਮਾ ਅੰਮ੍ਰਿਤਸਰ ਸਾਹਿਬ ਸਮਝਦਾ ਸੀ । ਸੋ ਸਰੋਵਰ ਨੂੰ ਪੂਰਨ ਦਾ ਫੁਰਮਾਨ ਜਾਰੀ ਕੀਤਾ ਤੇ ਚੋਧਰੀ ਮਸਾਉਲੱਲ-ਦੀਨ (ਮਸਾ ਰੰਘੜ) ਨੂੰ ਖਾਸ ਹਦਾਇਤ ਦਿੱਤੀ ਕਿ ਉਹ ਹਰਮੰਦਰ ਸਾਹਿਬ ਤੇ ਚੋਕੀ ਰੱਖੇ । ਉਸ ਨੇ ਹਰਮੰਦਰ ਸਾਹਿਬ ਵਿਚ ਵੇਸਵਾ ਦਾ ਨਾਚ ਵੀ ਕਰਾਉਣਾ ਸ਼ੁਰੂ ਕੀਤਾ ਤੇ ਸ਼ਰਾਬਾਂ ਦੇ ਦੋਰ ਨਿੱਤ ਚਲਣ ਲਗੇ । ਤਮਾਸ ਮਸਕੀਨ ਦਾ ਇਹ ਵੀ ਕਹਿਣਾ ਹੈ ਕਿ ਸਿੱਖਾਂ ਦੇ ਸਿਰਾਂ ਦਾ ਮੁੱਲ ਵੱਧ ਗਿਆ ਤੇ ਕਈ ਵਾਰੀ ੪੦ ਰੁਪੈ ਨੂੰ ਜਾ ਛੁਹੰਦਾ । ਜ਼ਕਰੀਆ ਖਾਨ ਨੇ ਇਹੋ ਜਿਹਾ ਫਰਮਾਨ ਵੀ ਜ਼ਾਰੀ ਕੀਤਾ ਕਿ ਜੇ ਕੋਈ ਸਿੱਖ ਕੋਲੋਂ ਘੋੜਾ ਖੋਹ ਲਿਆਵੇਗਾ, ਘੋੜਾ ਵੀ ਉਸੇ ਦਾ ਹੋਵੇਗਾ । ਸਿਖਾਂ ਨੂੰ ਮਾਰਨਾ ਵੀ ਕਾਨੂੰਨ ਵਿਚ ਹੀ ਸ਼ਾਮਲ ਕਰ ਦਿੱਤਾ ।

ਜੋ ਸਿੰਘਨ ਕੋ ਦਸੈ ਗ੍ਰਾਮ । ਤਾਕੋ ਦੇਵੈ ਬਹੁਤ ਇਨਾਮ ।
ਸਿਘਨ ਖੂਨ ਮਾਫ ਹਮ ਕੀਨੇ ।
ਜਿਤ ਲਭੈ ਤਿਤ ਮਾਰਹੁ ਚੀਨੇ ।
ਲੂਟ ਕੂਟ ਉਸ ਮਾਫ ਹਮ ਕਰੀ ।
ਹਮਰੀ ਲਿਖਤ ਏ ਜਾਨੋ ਖਰੀ ।

ਪਿੰਡਾਂ ਵਿਚ ਫੌਜਾਂ ਭੇਜ ਦਿੱਤੀਆਂ ਗਈਆਂ । ਜਿਥੇ ਵੀ ਸਿੰਘ ਜਾ ਟਿਕਦੇ ਪਿਛੇ ਗਸ਼ਤੀ ਫੌਜਾਂ ਲਗ ਜਾਂਦੀਆਂ । ਪਿੰਡਾਂ ਦੇ ਪਿੰਡ ਸਿੱਖਾਂ ਤੋਂ ਖਾਲੀ ਹੋ ਗਏ । ਸਿਘ ਜੰਗਲਾਂ ਵਿਚ ਜਾ ਵਸੇ ਪਰ ਉੱਥੇ ਵੀ ਸੂਹ ਦਾਣ ਵਾਲੇ ਪੁੱਜ ਗਏ । ਉਹਨਾਂ ਬੇਟ ਵਿਚ ਟਿਕਾਣੇ ਬਣਾਏ ਪਰ ਕਦ ਤਕ ਵਸੋਂ ਤੋਂ ਦੂਰ ਰਹਿ ਸਕਦੇ ਸਨ ।

ਟੋਲ ਟੋਲ ਸਿੰਘਨ ਕੋ ਮਾਰੇ, ਜੈਸੇ ਮਾਰੇ ਟੋਲ ਸ਼ਿਕਾਰੈ ਨੂੰ।
ਘਰ ਤੇ ਕਦੇ ਸੁ ਬਣ ਤਕੈ, ਬਨ ਤਜ ਨੀਰ ਲੁਕਾਇ।
ਜਲ ਮਹਿ ਲੁਕੇ ਤੋਂ ਕਹਿ ਬਚੈ, ਕੋਹ ਸਿੰਘ ਕਤ ਜਾਹਿ।

ਵਸੋਂ ਤੇ ਸ਼ਹਰਾਂ ਤੋਂ ਦੂਰ ਖਾਨ ਲਈ ਕੀ ਲੱਭਣਾ ਸੀ, ਕਈ ਕਈ ਦਿਨ ਭੁੱਖਾਂ ਕਟੀਆਂ। ਬਗੈਰ ਲੂਨ ਭਾਜੀ ਅੱਧਾ ਪੱਕਾ ਹੀ ਆਟਾ ਖਾਂਦੇ ਰਹੇ। ਕਈ ਜੱਥੇ ਬਣਾਕੇ ਬੀਕਾਨੇਰ ਵਲ ਤੇ ਲੱਖੀ ਜੰਗਲ ਵਲ ਚਲੇ ਗਏ ਤੇ ਕੁਝ ਪਹਾੜਾਂ ਵੱਲ।

ਕੋਊ ਜੰਗਲ ਦਖਨ ਰੁਕੇ।
ਕੋਊ ਪੂਰਬ ਪਹਾੜਨ ਝੁਕੇ।
ਸਿੰਘ ਕੜਾਕੇ ਸਯੋ ਰਹੈ ਦੂਏ ਚੌਥੇ ਦਿਨ ਖਾਹਿ।
ਬਿਨਾ ਲੂਨ, ਭਾਜੀ ਲਭੈ ਤੋਂ ਖਾਵੈ ਬਹੁਤ ਸਲਾਹਿ।

ਭਾਈ ਰਤਨ ਸਿੰਘ ਜੀ ਭੰਗੂ ਲਿਖਦੇ ਹਨ ਇਸ ਤੋਂ ਵੀ ਵੱਧ ਲਾਹੌਰ ਵਿਚੋਂ ਇਕ ਹੋਰ ਫਰਮਾਨ ਜ਼ਾਰੀ ਕੀਤਾ ਤੇ ਸਰਕੂਲਰ ਭੇੜ ਦਿੱਤਾ ਗਿਆ ਕਿ ਜੇ ਕਿਸੇ ਸਿੰਘ ਨੂੰ ਆਸਰਾ ਦਿੱਤਾ ਤਾਂ ਉਸ ਦਾ ਸਿਰ ਉਡਾ ਦਿੱਤਾ ਜਾਏਗਾ ਅਤੇ ਜੇ ਕਿਸੇ ਸਿੰਘ ਦੇ ਪੁਜਣ ਦਾ ਪਤਾ ਨ ਦਿੱਤਾ ਤਾਂ ਵੀ ਉਸ ਨੂੰ ਕਤਲ ਕਰ ਦਿੱਤਾ ਜਾਵੇਗਾ। ਜੇ ਕੋਈ ਸਿੰਘ ਨੂੰ ਦਾਣਾ ਫੱਕਾ ਦੇਵੇਗਾ ਤਾਂ ਉਸ ਨੂੰ ਬੇਸ਼ਕ ਉਥੇ ਹੀ ਮੁਕਾ ਦਿਉ।

ਜੋ ਸਿੰਘਨ ਕੋ ਕੋਊ ਲੁਕਾਵੈ।
ਸੋ ਵਹਿ ਆਪਨੀ ਜਾਨ ਗਵਾਵੈ।
ਆਏ ਸਿੰਘ ਬਤਾਵੈ ਨਾਹੀ।
ਵੈ ਭੀ ਆਪਨੀ ਜਿੰਦ ਗਵਾਹੀ।
ਜੋ ਸਿੰਘਨ ਕੋ ਦੇਵੈ ਨਾਜ।
ਮੁਸਲਮਾਨ ਕਰੈ ਤਿਸ ਕਾਜ।"

ਪਰ 'ਸ਼ਹਿਨਸ਼ਾਹ ਖੁਦੀ ਕੋ ਭਾਖਤ' ਤੇ ਤਲਵਾਰ ਦੀ ਨੋਕ ਤੇ ਜਨਮ ਲੈਣ ਵਾਲੇ ਇਨ੍ਹਾਂ ਫਰਮਾਨਾਂ ਤੇ ਸਖ਼ਤੀਆਂ ਤੋਂ ਕਿਵੇਂ ਡਰਨ ਵਾਲੇ ਸਨ।

ਭਾਈ ਮਹਿਤਾਬ ਸਿੰਘ ਤੇ ਸੁਖਾ ਸਿੰਘ ਜੀ ਦਾ ਮਸਾ ਰੰਘੜ ਦਾ ਸਿਰ ਵੱਢਣਾ : ਸਿਖ ਨੇ ਗੁਰਦੁਆਰੇ ਤੋਂ ਹੀ ਗੁਰੂ ਨੂੰ ਲਭਿਆ ਤੇ ਗੁਰੂ ਦੀ ਕ੍ਰਿਪਾ ਨਾਲ ਹੀ ਵਾਹਿਗੁਰੂ ਜੀ ਕਾ ਖਾਲਸਾ ਬਣਿਆ। ਸੋ ਇਹ ਅਵਸ਼ ਸੀ ਕਿ ਉਸ ਦਾ ਪਿਆਰ ਗੁਰਦੁਆਰਿਆਂ ਨਾਲ ਗੁਰੂ ਜਿਤਨਾ ਹੀ ਹੋਵੇ। ਇਤਿਹਾਸ ਵਿਚ ਆਉਂਦਾ ਹੈ ਕਿ ਜਦ ਗੁਰੂ ਅੰਗਦ ਦੇਵ ਜੀ ਦੇ ਅਗੂੰਠੇ ਨੂੰ ਪੀੜ ਹੁੰਦੀ ਤੇ ਕਈ ਵਾਰੀ ਛਾਲਾ ਬਣ ਜਾਂਦਾ ਤਾਂ ਗੁਰੂ ਅਮਰਦਾਸ ਜੀ ਆਪਣੇ ਮੂੰਹ ਦੀ ਭਾਪ ਨਾਲ ਉਸ ਨੂੰ ਸਹਿਲਾਂਦੇ ਤੇ ਅਰਾਮ ਪਹੁੰਚਾਂਦੇ। ਗੁਰੂ ਦੀ ਥਾਂ ਹੁਣ, ਗੁਰਦੁਆਰਿਆਂ ਨਾਲ ਉਸ ਦਾ ਪਿਆਰ ਸੁਭਾਵਕ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਸਰੀਰਕ ਜਾਮੇ ਨੂੰ ਸਮੇਟਣ ਉਪ੍ਰੰਤ ਕੇਂਦਰੀ ਅਸਥਾਨ ਗੁਰੂ ਗ੍ਰੰਥ ਸਾਹਿਬ ਨੂੰ ਦਿੱਤਾ ਜਾਣ ਲੱਗਾ ਤੇ ਓਹ ਸਭ ਅਸਥਾਨ ਪੂਜਣ ਯੋਗ ਹੋ ਗਏ ਜਿਥੇ ਗੁਰੂ ਸਾਹਿਬਾਨ ਨੇ ਚਰਣ ਪਾਏ ਸਨ ਜਾਂ ਟਿਕੇ ਸਨ। ਸਿਖਾਂ ਨੇ ਧਰਮ ਅਸਥਾਨਾਂ ਨੂੰ ਜਾਨ ਨਾਲੋਂ ਵੀ ਵੱਧ ਪਿਆਰਾ ਜਾਣ ਲਿਆ। ਗੁਰੂ ਤੋਂ ਸਦਕੇ ਹੋਣਾ ਉਸ ਦਾ ਪਹਿਲਾ ਸਬਕ ਸੀ। ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਉਸ ਦੀ ਨਿੱਤ ਅਰਦਾਸ ਸੀ। ਅੰਮ੍ਰਿਤਸਰ ਉਸ ਲਈ ਉਤਸ਼ਾਹ ਤੇ ਧਰਮ ਦਾ ਸੋਮਾ

ਸੀ । ਵੈਰੀਆਂ ਨੇ ਵੀ ਜਦੋਂ ਸਿਖਾਂ ਨੂੰ ਅਤਿ ਦਾ ਦੁੱਖ ਦੇਣਾ ਹੁੰਦਾ ਸੀ ਤਾਂ ਉਹ ਸ੍ਰੀ ਅੰਮ੍ਰਿਤਸਰ ਤੇ ਹੀ ਮਾਰੂ ਹੱਲਾ ਬੋਲਦਾ ਸੀ । ਸਿਖ ਭੁੱਖ ਝੱਲ ਸਕਦਾ ਸੀ, ਤਸੀਹੇ ਸਹਾਰ ਸਕਦਾ ਸੀ, ਵਸੋਂ ਤੋਂ ਦੂਰ ਛੰਭਾਂ ਜੰਗਲਾਂ ਵਿਚ ਵਿਸੇਬਾ ਕਰ ਸਕਦਾ ਸੀ ਪਰ ਜਦੋਂ ਉਸ ਦੀ ਕੰਨੀ ਗੁਰੂ ਧਾਮਾਂ ਦੀ ਨਿਰਾਦਰੀ ਦੀ ਅਵਾਜ਼ ਪੈਂਦੀ ਸੀ ਤਾਂ ਉਸ ਦਾ ਸਬਰ ਟੁੱਟ ਜਾਂਦਾ ਸੀ । ਉਹ ਆਪਣੇ ਜੀਵਨ ਨੂੰ ਧਿਰਕਾਰ ਪਾਉਂਦਾ ਸੀ ਤੇ ਜਦ ਤਕ ਹੋਏ ਅਪਮਾਨ ਨੂੰ ਦੂਰ ਨਹੀਂ ਸੀ ਕਰ ਲੈਂਦਾ ਜਾਂ ਆਪਣੀ ਜਾਨ ਕੁਰਬਾਨ ਨਹੀਂ ਸੀ ਕਰ ਲੈਂਦਾ ਉਸ ਨੂੰ ਸ਼ਾਂਤੀ ਨਹੀਂ ਸੀ ਆਉਂਦੀ । ਭਾਈ ਮਹਿਤਾਬ ਸਿੰਘ ਜੀ ਤੇ ਭਾਈ ਸੁਖਾ ਸਿੰਘ ਜੀ ਦਾ ਕਾਰਨਾਮਾ ਇਸੇ ਪਾਸੇ ਦੀ ਬੀਰਤਾ ਦੀ ਇਕ ਸਾਖੀ ਹੈ ।

ਮੀਰ ਮੁਸਾਲੁੱਲ-ਖਾਨ ਨੇ ਜੂਨ ੧੭੪੦ ਨੂੰ ਹਰਮੰਦਰ ਸਾਹਿਬ ਵਿਚ ਨਾਚੀਆਂ ਦੇ ਨਾਚ ਕਰਾਉਣੇ ਆਰੰਭ ਕਰ ਦਿੱਤੇ ਸਨ । ਸ਼ਹਿਰ, ਕਸਬਾ ਤੇ ਇਲਾਕਾ ਸਿੰਘਾਂ ਤੋਂ ਖਾਲੀ ਹੋ ਗਇਆ ਸੀ । ਸਿੰਘਾਂ ਦੇ ਬਹੁਤੇ ਟਿਕਾਣੇ ਲਖੀ ਜੰਗਲ ਤੇ ਜੈਪੁਰ ਸਨ । ਭਾਈ ਬੁਲਾਕਾ ਸਿੰਘ ਜੈਪੁਰ ਪੁਜੇ ਤੇ ਜਥੇਦਾਰ ਬੁੱਢਾ ਸਿੰਘ ਜੀ ਦੇ ਜੱਥੇ ਵਿਚ ਜਾ ਟਿਕੇ । ਪੰਜਾਬ ਤੇ ਹਰਮੰਦਰ ਦੇ ਹਾਲਾਤ ਜਦ ਭਾਈ ਮਹਿਤਾਬ ਸਿੰਘ ਨੇ ਪੁਛੇ ਤਾਂ ਪਹਿਲਾਂ ਤਾਂ ਉਹ ਕੁੱਝ ਝਿਜਕਿਆ ਪਰ ਜਿਗਰਾ ਕਰਕੇ ਸੁਣਾਇਆ ।

"ਕਹਯੋ ਪੁਛ ਨ ਬਾਤ ।
ਜਿਮ ਤੁਰਕਨ ਨੇ ਕੀਨੋ ਘਾਤ ।
ਮੁਖੋਂ ਕਹੋ ਮੁਖ ਫਟਤਾ ਜਾਵੈ ।
ਕੰਨੋ ਸੁਨੋ ਤੋਂ ਕੰਨ ਦੁਖਾਵੈ ।"

"ਪੰਜਾਬ ਵਿਚ ਸਿਖਾਂ ਦਾ ਰਹਿਣਾ ਮੁਸ਼ਕਲ ਹੋ ਗਇਆ ਹੈ । ਅੰਮ੍ਰਿਤਸਰ ਤੇ ਸ੍ਰੀ ਹਰਮੰਦਰ ਸਾਹਿਬ ਦੀ ਬੇਅਦਬੀ ਦੀ ਅਤਿ ਹੋ ਗਈ ਹੈ । ਮਸਾ ਰੰਘੜ ਨਾਂ ਦਾ ਇਕ ਚੌਧਰੀ ਹਰਮੰਦਰ ਸਾਹਿਬ ਵਿਖੇ ਨੀਚਤਾ ਭਰੇ ਕਰਮ ਕਰ ਰਿਹਾ ਹੈ ।"

ਕੀਯੋ ਉਪਦ੍ਰਵ ਤੁਰਕ ਬਡ ਅੰਮ੍ਰਿਤਸਰ ਗੁਰਦੁਆਰ ।
ਹਰਮੰਦਰ ਮੇ ਕੰਚਨੀ ਰਖੇ ਤੁਰਕਨ ਕੋ ਸਰਦਾਰ ।

(ਪੰਥ ਪ੍ਰਕਾਸ਼, ਭਾਈ ਰਤਨ ਸਿੰਘ)

ਗਿਆਨੀ ਗਿਆਨ ਸਿੰਘ ਜੀ ਨੇ ਵਿਸਥਾਰ ਨਾਲ ਲਿਖਿਆ ਹੈ :

"ਮਸਾ ਨਾਮ ਰੰਘੜ ਗੁਰੂ ਕੇ ਹਰਿਮੰਦਰ ਮੇ,
ਬੈਠਤ ਪਲੰਘ ਪਰ ਕੰਚਨੀ ਨਚਾਇ ਹੈ ।
ਉਡਤ ਸ਼ਰਾਬ ਤੇ ਕਬਾਬ ਸਭਾ ਤੁਰਕਨ ਮੈ ।
ਪੀਵਤ ਹੁਕੇ ਵਹਿ ਥੁਕੇ ਮਨ ਭਾਇ ਹੈ ।"

ਇਹ ਸੁਣਦੇ ਸਾਰ ਭਾਈ ਮਹਿਤਾਬ ਸਿੰਘ ਜੀ ਨੇ ਕਿਹਾ ਕਿ ਇਹ ਦੇਖਕੇ ਤੂੰ ਜਿੰਦਾ ਕਿਉਂ ਮੁੜ ਆਇਉ । ਉਥੇ ਹੀ ਕਿਉ ਨਾ ਪ੍ਰਾਨ ਤਿਆਗ ਦਿੱਤੇ :

ਬੋਲਯੋ ਤੁਮ ਹਾਲ ਯਹਿ ਦੇਖਨੇ ਸੇ ਜਰਯੋ ।
ਹਾਇ ਮਾਰਯੋ ਕਯੋ ਨਸਾਇ, ਆਇ ਜੀਵਤਾ ਤਜਾਇ ਹੈ ।"

ਭਾਈ ਬੁਲਾਕਾ ਸਿੰਘ ਜੀ ਨੇ ਵੀ ਗੱਲ ਪਲਟਾ ਕੇ ਮਾਰੀ :

"ਤੁਮ ਮਰਨੇ ਤੇ ਨਠ ਨਹ ਆਏ, ਉਨ ਕੋ ਕਾਹੇ ਦੇਤ ਉਲਾਭਾ ?
ਤੁਮ ਤਜ ਤੁਰਕਨ ਖਾਨ ਬਚ ਏ। ਤੁਮ ਜੈਸੇ ਸਭ ਉਇ ਭਏ।
ਮਰਨੋ ਡਰ ਕੇ ਸਭ ਨਠ ਗਏ। ਉਹਾਂ ਸਿੰਘ ਕੋ ਦ੍ਰਿਸ਼ਟ ਨ ਪਏ।"
ਉਹਾ ਸਿੰਘ ਕੋ ਸੁਨੀਅਤ ਨਾਹੀ। ਕਰਤ ਮਸਖਰੀ ਸਿੰਘਨ ਤਾਈ।

"ਜ਼ਕਰੀਆ ਖਾਨ ਨੇ ਇਹ ਗੱਲ ਸਾਰੇ ਪਾਸੇ ਫੈਲਾ ਦਿੱਤੀ ਹੈ ਕਿ ਉਹ ਸਿੰਘ ਖਤਮ ਹੋ ਗਏ ਹਨ ਜੋ ਹੱਸ ਹੱਸ ਸ਼ਹੀਦੀਆਂ ਪਾਂਦੇ ਸਨ। ਉਹ ਨਹੀਂ ਰਹੇ ਜੋ ਅਣਖ ਲਈ ਲੜ ਮਰਦੇ ਸਨ। ਇਹ ਸਿੱਖ ਤਾਂ ਕੇਵਲ ਬਹਿਰੂਪ ਦੇ ਸਿੱਖ ਹਨ। ਜਿਵੇਂ ਤੁਸੀਂ ਜਾਨ ਬਚਾ ਕੇ ਇਥੇ ਤੁਰ ਆਏ ਹੋ। ਇਵੇਂ ਹੀ ਜੋ ਪੰਜਾਬ ਵਿਚ ਰਹਿ ਗਏ ਹਨ, ਲੁਕ ਛੁਪ ਕੇ ਗੁਜ਼ਾਰਾ ਕਰ ਰਹੇ ਹਨ।"

ਜਾਨ ਤੈ ਬਚਾਈ ਜਿਸ ਦੇਸ਼ ਤਜ ਆਯੋ ਧਾਈ।
ਤੈਸੇ ਹਮ ਤੁਮ ਤੁਮ ਸਮ ਔਰ ਨ ਰਹਾਏ ਹੈ।

ਉਹ ਸਿਖ ਨਹੀਂ ਲਭਦੇ,

'ਜੰਗ ਜੋ ਮਚਾਵਤੇ ਥੇ ਲੂਟ ਕੂਟ ਖਾਵਤੇ ਥੇ,
ਤੁਰਕਨ ਕੋ ਘਾਵਤੇ ਥੇ ਸਿੰਘ ਸੋ ਸਿਧਾਵਤੇ ਹੈ।
ਜਪਤੇ ਅਕਾਲ, ਜੋ ਅਕਾਲ ਸਿੰਘ ਸੂਰੇ ਪੂਰੇ,
ਹਠੀ, ਤਪੀ, ਜਪੀ, ਸਤੀ ਜੰਗ ਖੁਸ਼ ਹੈ ਮਚਾਵਤੇ।
ਲੇਵਤੇ ਸ਼ਹੀਦੀ ਜਮ ਜਾਲ ਤੇ ਰਸੀਲ,
ਘਰਿ ਮਾਰਤੇ ਤਰੀਨੀ ਕਰਯੋ ਤੇ ਰਹੇ ਜਾਵਤੇ।
ਸੁਧਾ ਛਕ ਕੀਓ ਖਵਾਰੇ, ਆਏ ਛੋਡ ਗੁਰਦੁਆਰੇ,
ਫਿਰਤ ਲੁਕਤ ਸਾਰੇ ਜਾਨ ਕੋ ਬਚਾਵਤੇ।'

ਇਸ ਬੋਲੀ ਨੇ ਭਾਈ ਮਹਿਤਾਬ ਸਿੰਘ ਨੂੰ ਗੋਲੀ ਵਾਂਗ ਵਿੰਨਿਆ, ਆਖੀਆਂ ਗੱਲਾਂ ਨੇ ਬਿਛੂ ਵਾਂਗ ਡੱਸਿਆ :

ਯਹ ਸੁਨ ਸਿੰਘ ਜੀ ਚਿਪ ਲਗੀ ਜਨ ਕਰ ਬਿਛੂ ਡਾਂਕ,
ਤਨ ਮਨ ਅਚਬੀ ਬਹੁ ਲਗੀ ਚਿਤ ਧਾਰਯੋ ਮਨ ਨਿਧਾਂਕ।

ਉਥੇ ਹੀ ਕਿਰਪਾਨ ਧੂ ਲਈ ਤੇ 'ਅਕਾਲ ਅਕਾਲ' ਦੇ ਜੈਕਾਰੇ ਗਜਾਏ। ਜਿਵੇਂ ਮਹਿਤਾਬੀ ਨੂੰ ਅੱਗ ਲਗਾ ਦਿਉ ਤਾਂ ਉਹ ਭੜਕ ਉਠਦੀ ਹੈ ਤਿਵੇਂ ਹੀ ਸਿੰਘ ਦੀ ਬੋਲੀ ਨੇ ਭਾਈ ਮਹਿਤਾਬ ਸਿੰਘ ਨੂੰ ਭੜਕਾ ਦਿੱਤਾ। ਅੱਣਖ ਨੂੰ ਵੰਗਾਰ ਪੈ ਜਾਏ ਤਾਂ ਸਿਖ ਨਹੀਂ ਟਿੱਕਦਾ। ਭਾਈ ਸੁਖਾ ਸਿੰਘ ਜੀ ਨੇ ਵੀ ਨਾਲ ਹੀ ਜਾਣ ਦਾ ਚਾਅ ਪ੍ਰਗਟ ਕੀਤਾ।

ਭਾਈ ਸੁਖਾ ਸਿੰਘ ਨੇ ਆਪਣੇ ਮਾਪਿਆਂ ਦੀ ਮਰਜ਼ੀ ਵਿਰੁਧ ਸਿਖੀ ਧਾਰਨ ਕੀਤੀ ਸੀ। ਜਦ ਮਾਪਿਆਂ ਨੇ ਸਿਖੀ ਤੋਂ ਹਟਾਉਣਾ ਚਾਹਿਆ ਤਾਂ ਉਨ੍ਹਾਂ ਖੂਹ ਵਿਚ ਛਾਲ ਮਾਰ ਦਿੱਤੀ। ਜਦ ਅੰਮ੍ਰਿਤਸਰ ਦੇ ਇਸ਼ਨਾਨ ਤੇ ਜ਼ਕਰੀਆਂ ਖਾਨ ਨੇ ਪਾਬੰਦੀ ਲਗਾਈ ਸੀ ਤਾਂ ਆਪ ਜੀ ਗਜ ਵਜਾ ਕੇ ਇਸਨਾਨ ਕਰਨ ਗਏ ਸਨ। ਉਸ ਸਮੇਂ ਵੀ ਉਨ੍ਹਾਂ ਕਹਿਆ ਸੀ :

ਸੁਖਾ ਸਿੰਘ ਤਬ ਯੋਂ ਕਹਯੋ,
ਰਾਤ ਨਹਾਊ ਤਬ ਚੋਰ।
ਨਾਵੈ ਗੋ ਮੈ ਦਿਨ ਬਿਖੈ, ਸ੍ਰੀ ਸਤਿਗੁਰ ਕੇ ਜ਼ੋਰ।

(ਪ੍ਰਾਚੀਨ ਪੰਥ ਪ੍ਰਕਾਸ਼)

ਦੋਵੇਂ ਯੋਧੇ ਖਾਲਸੇ ਦੀ ਅਸ਼ੀਰਵਾਦ ਲੈ ਕੇ ਪੰਜਾਬ ਵਲ ਚਲ ਪਏ, ਹਾੜ ਤਪ ਰਹਿਆ ਸੀ। ਗਰਮੀ ਕਹਿਰਾਂ ਦੀ ਸੀ ਪਰ ਸਿੰਘ ਵੱਧਦੇ ਹੀ ਗਏ ਤੇ ਰਾਹ ਵਿਚ ਕਿਧਰੇ ਕਿਧਰੇ ਹੀ ਠਹਿਰੇ।

ਅੰਮ੍ਰਿਤਸਰ ਪੁੱਜ ਕੇ ਉਨ੍ਹਾਂ ਦਰਬਾਰ ਸਾਹਿਬ ਦਾਖਲ ਹੋਣ ਦੀ ਵਿਉਂਤ ਬਣਾਈ। ਠੀਕਰਿਆਂ ਦੇ ਦੋ ਥੈਲੇ ਭਰ ਲਏ ਤੇ ਆਪਣੇ ਮੂੰਹ ਢੱਕ ਲਏ। ਗੁਰੂ ਪਾਤਸ਼ਾਹ ਅਗੇ ਅਰਦਾਸ ਕੀਤੀ ਤੇ ਐਸੀ ਬਿਧ ਬਣ ਗਈ ਕਿ ਹਨੇਰੀ ਤੇਜ਼ੀ ਨਾਲ ਚਲ ਪਈ।

ਸੋਈ ਸਤਿਗੁਰ ਬਿਧ ਬਨਾਈ।
ਸਿਖਰ ਦੁਪਹਿਰੀ ਮੈ ਬਣ ਆਈ।
ਵਗੀ ਪਵਨ ਬਹੁ ਘਟਾ ਉਡਾਨਾ।
ਇਮਕਰ ਕੀਨੋ ਮੁਖ ਛਪਾਨਾ।

ਘੋੜੇ ਸਰਪੱਟ ਦੁੜਾਂਦੇ ਹੋਏ, ਉਹ ਹਰਮੰਦਰ ਸਾਹਿਬ ਪੁੱਜੇ। ਇਸ ਤਰ੍ਹਾਂ ਜਾਪਦਾ ਸੀ ਕਿ ਜਿਵੇਂ ਸੱਚ ਮੁੱਚ ਹੀ ਉਹ ਕਰ ਭਰਨ ਆਏ ਹਨ। ਪਰਕਰਮਾ ਪੁੱਜ ਦੇ ਹੀ ਉਨ੍ਹਾਂ ਫਿਰ ਅਰਦਾਸ ਕੀਤੀ "ਹੇ ਮਾਲਕ, ਸੇਵਕਾਂ ਦੀ ਲਾਜ ਰੱਖਣੀ ਤੇ ਬਖਸ਼ਸ਼ ਕਰਨੀ ਕਿ ਮੱਸੇ ਦਾ ਸਿਰ ਕੱਟ ਕੇ ਤੇ ਬਗ਼ੈਰ ਅਟਕਾ ਦੇ ਵਾਪਸ ਪੁੱਜ ਸਕੀਏ।" ਧੁਪ ਤੇ ਧੂੜ ਕਰਕੇ ਸਾਰੇ ਸਿਪਾਹੀ ਤੇ ਫੌਜੀ ਇਕ ਪਾਸੇ ਛਾਂਵੇਂ ਲੇਟੇ ਹੋਏ ਸਨ। ਦਰਸ਼ਨੀ ਡਿਉੜੀ ਤਕ ਉਨ੍ਹਾਂ ਨੂੰ ਕੋਈ ਰੋਕ ਨਾ ਪਈ। ਘੋੜਿਆਂ ਨੂੰ ਲਾਚੀ ਬੇਰੀ ਨਾਲ ਬੰਨ ਦਿੱਤਾ ਤੇ ਠੀਕਰੀਆਂ ਨਾਲ ਭਰੀਆਂ ਥੈਲੀਆਂ ਚੁੱਕ ਲਈਆਂ। ਨੇਜ਼ੇ ਦਰਵਾਜ਼ੇ ਨਾਲ ਅਟਕਾ ਦਿੱਤੇ। ਕਿਰਪਾਨਾਂ ਕੋਲ ਹੀ ਰੱਖੀਆਂ। ਬਗ਼ੈਰ ਝਿਜਕ ਦੇ ਹੀ ਉਹ ਹਰਮੰਦਰ ਸਾਹਿਬ ਪੁੱਜ ਗਏ। ਭਾਈ ਮਹਿਤਾਬ ਸਿੰਘ ਨੇ ਡਿਠਾ ਕੇ ਨਾਚੀਆਂ ਨਾਚ ਕਰ ਰਹੀਆਂ ਹਨ ਤੇ ਮੱਸਾ ਹੁੱਕਾ ਪੀ ਰਹਿਆ ਹੈ। ਜਰਨਾ ਤਾਂ ਕਠਿਨ ਸੀ ਪਰ ਨੀਤੀ ਵਸ ਚੁੱਪ ਰਹੇ ਤੇ ਅਗੇ ਵਧੇ।[1] ਮਹਫਲ ਉਸੇ ਤਰ੍ਹਾਂ ਗਰਮ ਰਹੀ। ਕਰਮਚਾਰੀਆਂ ਨੇ ਇਹ ਹੀ ਜਾਤਾ ਕੇ ਕੋਈ ਜ਼ਮੀਦਾਰ ਕਰ ਤਾਰਨ ਆਇਆ ਹੈ। ਸਿੰਘਾਂ ਨੇ ਅਗੇਰੇ ਹੋ ਕੇ ਜ਼ੋਰ ਦੀਆਂ ਥੈਲੀਆਂ ਪਿਛੇ ਪਲੰਘ ਹੇਠਾਂ ਸੁਟ ਦਿਤੀਆਂ। ਮੱਸੇ ਨੇ ਝੁਕ ਕੇ ਦੇਖਿਆ ਤੇ ਉਸ ਦੇ ਸਿਰ ਝੁਕਾਣ ਨਾਲ ਹੀ ਭਾਈ ਮਹਿਤਾਬ ਸਿੰਘ ਨੇ ਤਲਵਾਰ ਖਿਚਕੇ ਮਸੇ ਦਾ ਸਿਰ ਉਤਾਰ ਲਇਆ। ਇਕ ਝਟਕੇ ਨਾਲ ਹੀ ਸਿਰ ਉਤਾਰਿਆ ਜਿਵੇਂ ਘੁਮਿਆਰ ਚਕ ਤੋਂ ਬਰਤਨ ਉਤਾਰਦਾ ਹੈ।

"ਝੁਕ ਕਰ ਝਾਤ ਜਬੇ ਮਸੇ ਪਾਈ
ਥੈਲੀ ਦਿਸ ਤਬਹੀ, ਮਤਾਬ ਸਿੰਘ ਵਖਤ ਵਿਚਾਰਯੋ।
ਖੈਂਚ ਤਰਵਾਰ ਮਾਰ ਮਸੇ ਕਾ ਉਤਾਰ ਸਿਰ ਡਾਰਯੋ
ਘੁਮਯਾਰ ਜਿਮ ਬਧਨਾ ਉਤਾਰਯੋ।"

ਸਿਰ ਚੁੱਕਕੇ ਉਹ ਬਾਹਰ ਆ ਗਏ। ਡਿਉੜੀ ਤੇ ਆ ਕੇ ਸਿਰ ਨੇਜ਼ੇ ਤੇ ਟੰਗ ਲਇਆ। ਫੌਜਾਂ ਨੂੰ ਖਬਰ ਪੁੱਜਦੇ ਤਕ ਉਹ ਬਹੁਤ ਦੂਰ ਨਿਕਲ ਗਏ। ਅੰਮ੍ਰਿਤਸਰ ਤੋਂ ਵਾਟਾਂ ਕਰਦੇ ਉਹ ਬੀਕਾਨੇਰ ਪੁਜੇ ਤੇ ਸਿਰ ਨੂੰ ਸੰਗਤਾਂ ਤੇ ਜਥੇਦਾਰ ਤੇ ਸਾਹਮਣੇ ਰੱਖਿਆ। ਸਿੰਘਾਂ ਨੇ ਜੈਕਾਰੇ ਛਡੇ।

---

੧. ਜਾਇ ਹਰਮੰਦਰ ਕੇ ਅੰਦਰ ਨਿਹਾਰਯੋ ਤਿਨੈ
ਕੰਚਨੀ ਨਚਤ ਰਾਗ ਸਾਰੰਗ ਉਚਾਰਕੇ।
ਮੁਸਲਯੋ ਕੀ ਮਜਲਸ ਨਾਚਤੀ ਥੀ ਨਿਹਾਰ ਰਹੀ,
ਮਸਾ ਹੁਕਾ ਪੀਏ ਬੈਠਾ ਮੰਚ ਪੈ ਸੁਧਾਰ ਕੈ।

"ਸਿੰਘ ਗਏ ਬੀਕਾਨੇਰ ਹੇਰ ਪੰਥ ਥੀਉ ਖੁਸ਼ੀ,
ਬਿਨਾ ਦੇਰ ਸਿੰਘਨ ਗਜ਼ਾਈ ਫਤੇ ਜਾਇ ਹੈ।
ਸਭ ਕੇ ਮਝਾਰੀ ਬੁੱਢਾ ਸਿੰਘ ਕੇ ਆਗਾਰੀ
ਸਿਰ ਦੀਉ ਧਰ ਮਸੇ ਕਾ ਨਿਹਾਰ ਮੋਦ ਥਾਏ ਹੈ।"

ਇਸ ਕਾਰਨਾਮੇ ਨਾਲ ਸਭ ਪਾਸੇ ਸਿੰਘਾਂ ਵਿਚ ਇਕ ਨਵਾਂ ਉਤਸ਼ਾਹ ਜਾਗ ਪਿਆ।

ਤਸੀਹਾਂ ਤੇ ਸ਼ਹੀਦੀਆਂ ਦਾ ਲੰਮਾ ਚਕਰ : ਮਸੇ ਰੰਘੜ ਦੇ ਸਿਰ ਵੱਡਣ ਦੇ ਸਾਕੇ ਨੇ ਜ਼ਕਰੀਆ ਖਾਨ ਨੂੰ ਇਹ ਮਹਿਸੂਸ ਕਰਾਇਆ ਕਿ ਉਸ ਦੇ ਉਠਾਏ ਕਦਮ ਕਾਫ਼ੀ ਨਹੀਂ ਹਨ। ਉਸ ਨੇ ਆਪੂੰ ਨਿਗਰਾਨ ਬਣਕੇ ਮੁਹੰਮ ਦੀ ਅਗਵਾਈ ਕਰਨੀ ਅਰੰਭ ਕਰ ਦਿੱਤੀ। ਦੁਆਬੇ ਦਾ ਨਾਜ਼ਮ ਉਸ ਅਦੀਨਾ ਬੇਗ ਨੂੰ ਥਾਪਿਆ। ਦਰਬਾਰ ਸਾਹਿਬ ਦੇ ਦਰਸ਼ਨ, ਇਸ਼ਨਾਨ ਤੇ ਕਰੜੀ ਪਾਬੰਦੀ ਲਗਾ ਦਿੱਤੀ ਪਰ ਸਿਖ ਪਤਾ ਨਹੀਂ ਕਿਹੜੀ ਮਿਟੀ 'ਦੇ ਬਣੇ ਹੋਏ ਸਨ ਕਿ ਸਗੋਂ ਉਨ੍ਹਾਂ ਨੇ ਦਿਨ ਦਿਹਾੜੇ ਦਰਬਾਰ ਸਾਹਿਬ ਪੁਜਣਾ ਅਰੰਭ ਕਰ ਦਿੱਤਾ। 'ਮਰਾਂ ਤਾਂ ਹਰ ਕੇ ਦੁਆਰ' ਉਨ੍ਹਾਂ ਦਾ ਕੌਮੀ ਆਦਰਸ਼ ਹੀ ਬਣ ਗਇਆ। ਕੋਈ ਵੀ ਸਿਖਾਂ ਨੂੰ ਅੰਮ੍ਰਿਤਸਰ ਘੋੜੇ ਦੜਾਉਂਦਾ ਦੇਖ ਸਕਦਾ ਸੀ। ਮੈਲਕਮ ਨੇ ਇਹ ਹੀ ਲਿਖਿਆ ਹੈ ਕਿ ਕਈ ਭਾਵੇਂ ਰਾਹ ਵਿਚ ਮਾਰੇ ਜਾਂਦੇ, ਪਕੜੇ ਜਾਂਦੇ ਪਰ ਇਕ ਅਨੋਖੀ ਗੱਲ ਇਹ ਸੀ ਕਿ ਕਿਸੇ ਵੀ ਉਸ ਸਿਖ ਨੇ ਆਪਣਾ ਧਰਮ ਨ ਛਡਿਆ ਜੋ ਅੰਮ੍ਰਿਤਸਰ ਲਈ ਚਲ ਪੈਂਦਾ ਸੀ।

ਅਦੀਨਾ ਬੇਗ ਦੀ ਨਿਯੁਕਤੀ ਵੀ ਸਗੋਂ ਸਿੰਘਾਂ ਲਈ ਲਾਹੇਵੰਦ ਹੀ ਸਾਬਤ ਹੋਈ। ਬਹੁਤੇ ਸਿਖ ਮਾਝਾ ਛੱਡ ਕੇ ਦੁਆਬਾ ਵਿਚ ਆ ਗਏ। ਅਦੀਨਾ ਬੇਗ ਸਿੱਖਾਂ ਨੂੰ ਮੂਲੋਂ ਮੁਕਾਉਣਾ ਆਪਣੀ ਪਾਲਿਸੀ ਦੇ ਉਲਟ ਸਮਝਦਾ ਸੀ। ਉਹ ਇਹ ਸਮਝਦਾ ਸੀ ਕਿ ਸਿਖਾਂ ਦੀ ਹੋਂਦ ਨੇ ਉਸ ਨੂੰ ਉੱਚ ਪਦਵੀ ਤੇ ਪਹੁੰਚਾਇਆ ਸੀ। ਜ਼ਕਰੀਆ ਖਾਨ ਨੂੰ ਇਹ ਦਰਸਾਉਣ ਲਈ ਕਿ ਉਹ ਸਿਖਾਂ ਦਾ ਖੂਬ ਪਿਛਾ ਕਰਦਾ ਹੈ, ਸਮੇਂ ਸਮੇਂ ਕੁਝ ਸਿਖ ਪਕੜਕੇ ਲਾਹੌਰ ਭੇਜ ਦੇਂਦਾ ਸੀ।

ਬਾਬਾ ਬੋਤਾ ਸਿੰਘ ਜੀ ਦੀ ਸ਼ਹਾਦਤ : ਜਦ ਸਾਰੇ ਪੰਜਾਬ ਵਿਚ ਇਹ ਫਰਮਾਨ ਜਾਰੀ ਕੀਤਾ ਗਿਆ ਕਿ ਸਿਖ ਹੋਣਾ ਜੁਰਮ ਹੈ ਤਾਂ ਐਸੇ ਫੁਰਮਾਨ ਲਗਾਤਾਰ ਢੰਡੋਰੇ ਰਾਹੀਂ ਪੰਜਾਬ ਦੇ ਪਿੰਡਾਂ ਵਿਚ ਸੁਣਾਏ ਗਏ। ਉਨ੍ਹਾਂ ਦਿਨਾਂ ਵਿਚ ਕਈ ਅਨੋਖੀਆਂ ਤੇ ਦਿਲ ਹਿਲਾਉਣ ਵਾਲੀਆਂ ਅਣਖੀਲੀਆਂ ਵਰਤਾਵਾਂ ਹੋਈਆਂ। ਬਾਬਾ ਬੋਤਾ ਸਿੰਘ ਜੀ ਦੀ ਸ਼ਹਾਦਤ ਵੀ ਇਸੇ ਹੀ ਸਮੇਂ ਹੋਈ ਜੋ ਅਣਖ ਤੇ ਸੂਰਮਗਤੀ ਦੀ ਇਕ ਉੱਚੀ ਉਦਾਹਰਣ ਹੈ।

ਬਾਬਾ ਬੋਤਾ ਸਿੰਘ ਆਪਣੇ ਇਕ ਸਾਥੀ ਭਾਈ ਬੁਲਾਕਾ ਸਿੰਘ ਨਾਲ ਪਿੰਡੋਂ ਪਿੰਡੀ ਸਿਖੀ ਦਾ ਸੁਨੇਹਾ ਪਹੁੰਚਾ ਰਹੇ ਸਨ ਕਿ ਸਿਖਾਂ ਨੂੰ ਮੁਕਾਉਣ ਤੇ ਮੁੱਕਣ ਦੇ ਢੰਡੋਰੇ ਦੀ ਅਵਾਜ਼ ਉਨ੍ਹਾਂ ਦੇ ਕੰਨੀ ਪਈ। ਦੋ ਮੁਸਲਮਾਨਾਂ ਨੇ ਇਨ੍ਹਾਂ ਦੋਵਾਂ ਨੂੰ ਦੇਖ ਕੇ, ਆਪਣੇ ਸਾਥੀ ਨੂੰ ਇਸ ਪ੍ਰਕਾਰ ਦੀ ਗੱਲ ਕਹੀ ਕਿ ਇਹ ਸਿਖ ਤਾਂ ਅਜੇ ਜ਼ਿੰਦਾ ਹਨ। ਦੂਜੇ ਨੇ ਕਹਿਆ, "ਨਹੀਂ ਇਹ ਕੋਈ ਬਹਿਰੂਪੀਏ ਹੋਣਗੇ। ਸਿਖ ਹੁੰਦੇ ਤਾਂ ਛੁੱਪ ਛੁੱਪ ਕੇ ਸਮਾਂ ਕਟਦੇ ? ਇਹ ਬੋਲੀ ਸਿਖਾਂ ਕੋਲੋਂ ਸਹਾਰੀ ਨ ਗਈ। ਬਾਬਾ ਬੋਤਾ ਸਿੰਘ ਆਪਣੇ ਸਾਥੀ ਨਾਲ ਉਥੇ ਹੀ ਨੂਰਦੀਨ ਸਰਾਂ, ਤਰਨ ਤਾਰਨ ਲਾਗੇ, ਜਰਨੈਲੀ ਸੜਕ ਤੇ ਖੜੇ ਹੋ ਗਏ ਤੇ ਹੱਥ ਵਿਚ ਸੋਟਾ ਲੈ ਕੇ ਮਾਲੀਆ ਉਗਰਾਹਨ ਲਗ ਪਏ। ਕਿਸੇ ਵੀ ਗੱਡੇ, ਖੋਤੇ ਤੇ ਕਿਸੇ ਰਾਹੀ ਨੂੰ ਬਗੈਰ ਮਾਮਲਾ ਦਿਤੇ ਨ ਲੰਘਣ ਦਿੱਤਾ। ਆਪਣੀ ਪੇਂਡੂ ਬੋਲੀ ਵਿਚ ਬਾਬਾ ਬੋਤਾ ਸਿੰਘ ਨੇ ਲਾਹੌਰ ਦੇ ਨਵਾਬ ਨੂੰ ਚਿਠੀ ਵੀ ਲਿਖੀ ਤਾਕਿ ਸਿਖਾਂ ਦੀ ਹੋਂਦ ਦਾ ਪਤਾ ਲਗ ਜਾਏ :

"ਚਿਠੀ ਲਿਖਾਈ ਸਿੰਘ ਬੋਤਾ
ਹੱਥ ਹੈ ਸੋਟਾ ।
ਵਿਚ ਰਾਹਿ ਖਲੋਤਾ ।
ਆਨਾ ਲਾਏ ਗੱਡੇ ਨੂੰ
ਪੈਸਾ ਲਾਇ ਖੋਤਾ ।
ਆਖੋ ਭਾਬੀ ਖਾਨੋ[1] ਨੂੰ ।
ਇਉਂ ਆਖੈ ਸਿੰਘ ਬੋਤਾ ।

ਇਹ ਚਿਠੀ ਇਸ ਗੱਲ ਦੀ ਸੂਚਕ ਸੀ ਕਿ ਸਿਖ ਅਜੇ ਜ਼ਿੰਦਾ ਹਨ ਅਤੇ ਇਕਲਾ ਬੋਤਾ ਸਿੰਘ ਹੀ ਇਤਨਾ ਸ਼ਕਤੀਵਾਨ ਹੈ ਕਿ ਉਸ ਦੇ ਰਾਜ ਵਿਚ ਹਕੂਮਤ ਕਾਇਮ ਕਰ ਸਕਦਾ ਹੈ ।

ਇਸ ਤਰ੍ਹਾਂ ਬਾਬਾ ਬੋਤਾ ਸਿੰਘ ਦਾ ਮਾਮਲਾ ਉਗਰਾਹਨ ਦੀ ਖਬਰ ਚਾਰੇ ਪਾਸੇ ਫੈਲੀ ਤਾਂ ਤਰਨ ਤਾਰਨ ਦਾ ਫੌਜ਼ਦਾਰ ਫੌਜਾਂ ਲੈ ਕੇ ਪੁੱਜਾ । ਬਾਬਾ ਬੋਤਾ ਸਿੰਘ ਜੀ ਨੇ ਆਈ ਫੌਜ ਦਾ ਇਕਲਇਆ ਹੀ ਮੁਕਾਬਲਾ ਕੀਤਾ ਤੇ ਸ਼ਹੀਦੀ ਪ੍ਰਾਪਤ ਕੀਤੀ । ਇਹ ਸ਼ਹਾਦਤ[2] ਸਿਖਾਂ ਦੀ ਸਪਿਰਟ, ਜੁਅਰਤ ਤੇ ਅਣਖ ਦੀ ਇਕ ਜੀਉਂਦੀ ਜਾਗਦੀ ਉਦਾਹਰਣ ਹੈ ।

ਭਾਈ ਤਾਰੂ ਸਿੰਘ ਜੀ ਦੀ ਸ਼ਹਾਦਤ :—ਆਪਣੇ ਵਲੋਂ ਜ਼ਕਰੀਆ ਖਾਨ ਨੇ ਅੰਮ੍ਰਿਤਸਰ ਦੇ ਇਰਦ ਗਿਰਦ ਸਰਕਾਰੀ ਮਦਦਗਾਰਾਂ[3] ਦਾ ਇਕ ਜਾਲ ਵਿਛਾਇਆ ਹੋਇਆ ਸੀ ਪਰ ਉਹ ਹੈਰਾਨ ਹੁੰਦਾ ਸੀ ਕਿ ਇਹ ਫਿਰ ਕਿਉਂ ਤੇ ਕਿਵੇਂ ਵੱਧ ਰਹੇ ਹਨ । ਉਸ ਨੂੰ ਫਿਰ ਇਹ ਖਿਆਲ ਆਇਆ ਕਿ ਸ਼ਾਇਦ ਉਹ ਕੁਝ ਸਿੰਘ ਨਾਲ ਜੋ ਦਿਲ ਵਰਤ ਰਹਿਆ ਹੈ ਉਹ ਹੀ ਉਨ੍ਹਾਂ ਦੀ ਸਹਾਇਤਾ ਕਰਦੇ ਹਨ । ਉਨ੍ਹਾਂ ਵਿਚ ਲਾਹੌਰ ਦੇ ਕਈ ਪ੍ਰਸਿਧ ਸਿੰਘ ਤੇ ਮਾਝੇ ਦੇ ਕਈ ਉਘੇ ਪਤਵੰਤੇ ਸਨ । ਸੋ ਉਨ੍ਹਾਂ ਵਿਰੁਧ ਵੀ ਉਸ ਨੇ ਕਾਰਵਾਈ ਅਰੰਭ ਕਰ ਦਿੱਤੀ । ਐਸੇ ਸਿੰਘਾਂ ਵਿਚੋਂ ਭਾਈ ਤਾਰੂ ਸਿੰਘ ਜੀ ਦਾ ਨਾਂ ਪਹਿਲਾਂ ਆਉਂਦਾ ਹੈ । ਭਾਈ ਹਕੀਕਤ ਰਾਇ, ਸਰਦਾਰ ਸੁਬੇਗ ਸਿੰਘ, ਸਰਦਾਰ ਸ਼ਹਿਬਾਜ਼ ਸਿੰਘ, ਇਸੇ ਲੜੀ ਵਿਚ ਗਿਣੇ ਜਾ ਸਕਦੇ ਹਨ ।

ਇਧਰ ਜ਼ਕਰੀਆਂ ਖਾਨ ਨੇ ਅਤਿਆਚਾਰਾਂ ਦੀ ਅਤਿ ਕੀਤੀ ਤੇ ਉਧਰ ਸਿਖ ਵੀ ਆਚਰਣ ਦੇ ਸਿਖਰਾਂ ਨੂੰ ਛੋਹਣ ਲਗੇ । ਜੋ ਸਿੰਘ ਪਿੰਡਾਂ ਵਿਚ ਵਸਦੇ ਸਨ ਉਹ ਵੀ ਆਪਣਾ ਫਰਜ਼ ਪਛਾਣ ਰਹੇ ਸਨ । ਆਪ ਭੁੱਖ ਨੰਗ ਕਟ ਲੈਂਦੇ ਸਨ ਤੇ ਲੋੜਵੰਦਾਂ ਨੂੰ ਅੰਨ ਤੇ ਦਾਣਾ ਹਰ ਸੂਰਤ ਪੁਜਾਂਦੇ ।

"ਐਸੇ ਐਸੇ ਸਿੰਘ ਜਗ ਮਾਹੀ
ਸਿੰਘ ਛਕਾਇ ਪੀਐ ਨਿਜ ਖਾਹੀ ।
ਆਪ ਸਹੈ ਵੈ ਨੰਗ ਅਰ ਭੁਖ ।

---

੧. ਭਾਬੀ ਖਨੋ ਲਿਖਣਾ ਵੀ ਵਿਅੰਗਮਈ ਸੀ । ਕਈ ਇਤਿਹਾਸਕਾਰਾਂ ਦਾ ਕੱਥਨ ਹੈ ਕਿ ਜ਼ਕਰੀਆ ਦੇ ਘਰੋਂ ਉਸੇ ਪਿੰਡ ਦੀ ਸੀ ਜਿਥੋਂ ਦੇ ਬਾਬਾ ਬੋਤਾ ਸਿੰਘ ਸਨ ।

੨. ਬਾਬਾ ਬੋਤਾ ਸਿੰਘ ਜੀ ਦਾ ਸ਼ਹੀਦ ਗੰਜ ਅੰਮ੍ਰਿਤਸਰ ਬਾਬਾ ਦੀਪ ਸਿੰਘ ਦੇ ਸ਼ਹੀਦੀ ਅਸਥਾਨ ਚਾਟੀ ਵਿੰਡ ਕੋਲ ਹੀ ਬਣਾਇਆ ਹੋਇਆ ਹੈ ।

੩. ਛੀਨਿਆਂ ਦਾ ਚੌਧਰੀ ਕਰਮ; ਤਲਵੰਡੀ ਦਾ ਚੌਧਰੀ ਰਾਮਾ ਰੰਧਾਵਾ, ਜੋਧ ਨਗਰੀ ਦਾ ਚੌਧਰੀ ਧਰਮ ਦਾਸ ਟੋਪੀ, ਜੰਡਿਆਲੇ ਦਾ ਚੌਧਰੀ ਸਰਨ ਦਾਸ ਹਿੰਦਾਲੀਆ, ਨੁਸ਼ਹਿਰੇ ਢਾਲੇ ਦਾ ਚੌਧਰੀ ਸਾਹਿਬ ਰਾਇ, ਨੁਸ਼ਹਿਰੇ ਤੇ ਪਨੂੰਆਂ ਤੇ ਮਜੀਠੇ ਦੇ ਚੌਧਰੀ ਸਿੰਘਾਂ ਦੇ ਵੈਰੀ ਸਨ ।

ਦੇਖ ਸਕਹਿ ਨਹਿ ਸਿੰਘ ਨ ਦੁਖ ।
ਬਾਣ ਵੱਟ ਕਈ ਕਰੈ ਮਜ਼ੂਰੀ ।
ਭੇਜੈ ਸਿੰਘ ਪਾਸ ਜਰੂਰੀ ।

ਐਸੇ ਹੀ ਸਿੰਘਾਂ ਵਿਚੋਂ ਇਕ ਭਾਈ ਤਾਰੂ ਸਿੰਘ ਜੀ ਸਨ । ਪਿੰਡ ਪੂਲਹਾ ਦੇ ਵਸਨੀਕ ਸਨ । ਇਹ ਪੰਜੀ ਕੁ ਸਾਲਾਂ ਦੇ ਨੌਜਵਾਨ ਸਨ ਪਰ ਸਿਖੀ ਰਹਤ-ਮਰਯਾਦਾ ਤੇ ਆਚਰਨ ਵਿਚ ਇਨ੍ਹਾਂ ਦੇ ਕੋਈ ਤੁੱਲ ਨਹੀਂ ਸੀ । ਆਂਦੇ ਜਾਂਦੇ ਸਿਖ ਦੀ ਮਦਦ ਕਰਦੇ, ਲੋੜਵੰਦ ਜਾਣਕੇ ਪ੍ਰਸ਼ਾਦ ਛਕਾਂਦੇ ਸਨ । ਜੋ ਕੁਝ ਖੇਤੀ ਤੋਂ ਉਪਜ ਹੁੰਦੀ, ਉਸ ਨੂੰ ਵੀ ਭਰਾਵਾਂ ਤਕ ਪਹੁੰਚਾ ਆਂਦੇ । ਆਪ ਜੀ ਦੀ ਭੈਣ ਵੀ ਉਨ੍ਹਾਂ ਨਾਲ ਰਲ ਕੇ ਸੇਵਾ ਵਿਚ ਜੁਟੀ ਰਹਿੰਦੀ ।

ਆਪ ਖਾਇ ਵਹਿ ਰੁਖੀ ਮੀਸੀ ।
ਮੋਟਾ ਪਹਰੇ ਆਪ ਰਹੈ ਲਿਸੀ ।

ਜੰਡਿਆਲੇ ਦੇ ਹਰਿਭਗਤ ਨੇ ਲਾਹੌਰ ਇਤਲਾਹ ਭੇਜੀ ਕਿ ਇਹ ਭੈਣ ਭਰਾ ਸਿੰਘਾਂ ਦੀ ਸਹਾਇਤਾ ਕਰਦੇ ਹਨ । ਸਰਕਾਰ ਨੇ ਉਨ੍ਹਾਂ ਨੂੰ ਲਾਹੌਰ ਪਕੜ ਮੰਗਵਾਇਆ । ਸ਼ਹੀਦ ਗੰਜ, ਲਾਹੌਰ ਜਿੱਥੇ ਘੋੜਿਆਂ ਦੀ ਮੰਡੀ ਲਗਦੀ ਸੀ, ਲੋਕਾਂ ਜਾ ਬਹੁਤ ਇਕਠ ਹੁੰਦਾ ਸੀ ।[1] ਜਦ ਆਪ ਜੀ ਨੂੰ ਦੀਨ ਕਬੂਲ ਕਰਨ ਦੀ ਗੱਲ ਕਹੀ ਗਈ ਤੇ ਕੇਸ ਕਤਲ ਕਰਨ ਲਈ ਕਿਹਾ ਗਿਆ ਤਾਂ ਆਪ ਜੀ ਨੇ ਬੜੀ ਦ੍ਰਿੜ੍ਹਤਾ ਨਾਲ ਕਿਹਾ ਕਿ ਕੇਸ, ਸੀਸ, ਖੋਪਰ ਤੇ ਖਲੜੀ ਇਕ ਮਿਕ ਹਨ[2] । ਜੇ ਕੇਸ ਤੁਹਾਨੂੰ ਚਾਹੀਦੇ ਹੀ ਹਨ ਤਾਂ ਇਹ ਖੋਪਰ ਉਤਾਰਨ ਨਾਲ ਹੀ ਮਿਲ ਸਕਦੇ ਹਨ । ਖੋਪਰੀ ਸਮੇਤ ਕੇਸ ਉਤਾਰਨ ਦਾ ਹੁਕਮ ਦਿੱਤਾ ਗਇਆ । ਆਪ ਜੀ ਨੇ ਹੱਸ ਕੇ ਸੱਭ ਤਸੀਹੇ ਸਹਿਨ ਕੀਤੇ । ਨਾਲ ਨਾਲ ਓਹ ਜਪੁਜੀ ਪੜ੍ਹੀ ਜਾ ਰਹੇ ਸਨ ।

"ਜਿਮ ਜਿਮ ਸਿੰਘਨ ਕੋ ਤੁਰਕ ਸਤਾਵੈ ।
ਤਿਮ ਤਿਮ ਮੁਖ ਸਿੰਘ ਲਾਲੀ ਆਵੈ ।"

ਆਪ ਜੀ ਦੀ ਖੋਪਰੀ ਉਤਾਰ ਕੇ ਆਪ ਜੀ ਨੂੰ ਖਾਹੀ ਵਿਚ ਸੁਟ ਦਿੱਤਾ ਗਿਆ । ਉਸੇ ਦਸ਼ਾ ਵਿਚ ੨੨ ਦਿਨ ਰਹੇ ।

"ਬਾਈ ਦਿਨ ਬੀਤੇ ਇਸ ਝਗਰੈ ।" ਝਗਰਾ ਇਹ ਹੀ ਸੀ ਕਿ ਆਪ ਜੀ ਨੇ ਕਿਹਾ ਸੀ ਕਿ 'ਨਵਾਬ ਨੂੰ ਅਗੇ ਲਗਾ ਕੇ ਹੀ ਲੈ ਜਾਵਾਂਗਾ ।' ਭਾਵ ਪਹਿਲਾਂ ਜ਼ਕਰੀਆ ਮਰੇਗਾ ਤੇਫਿਰ ਉਹ ਚੜ੍ਹਾਈ ਕਰਨਗੇ ।

ਇਸੇ ਦੌਰਾਨ ਜ਼ਕਰੀਆ ਖਾਨ ਦਾ ਪੇਸ਼ਾਬ ਬੰਦ ਹੋ ਗਿਆ ਤੇ ਉਹ ਮੌਤ ਦੇ ਮੂੰਹ ਜਾ ਬੈਠਾ ।

ਉਸ ਹੀ ਵਖਤ ਨਵਾਬ ਕੋ ਭਯੋ ਜੁ ਬੰਦ ਪਿਸ਼ਾਬ
ਬੋ ਤੜਪੈ ਜਿਮ ਥਲ ਮੱਛੀ ਪਾਵਤ ਭਯੋ ਅਜ਼ਾਬ ।

---

੧. ਨਖਾਸ ਸਰਕਾਰੀ ਇਮਾਰਤ ਸੀ ਜੋ ਸਰਾਂ ਲਈ ਵਰਤੀ ਜਾਂਦੀ ਸੀ । ਘੋੜੇ ਵੇਚਣ ਵਾਲੇ ਇਥੇ ਹੀ ਟਿਕਦੇ ਸਨ । ਸੋ ਇਕੱਠ ਹੋ ਜਾਣਾ ਕੁਦਰਤੀ ਸੀ ।

੨. The Hair, the scalp & skull have a mutual connection, the head is linked with life, and I am prepared to yieed it with pleasuree—Latif—ਪੰਨਾ ੨੧੩.

ਸੋਮਵਾਰ, ਪਹਲੀ ਜੁਲਾਈ ੧੭੪੫ ਈ: ਨੂੰ ਜ਼ਕਰੀਆ ਖਾਨ ਦੀ ਮ੍ਰਿਤੂ ਹੋ ਗਈ[1]। ਸ਼ਹਰ ਦੇ ਕੁਝ ਲੋਕੀ ਚਲਕੇ ਆਏ ਵੀ ਕਿ ਹੁਣ ਤੁਹਾਡਾ ਪ੍ਰਣ ਪੂਰਾ ਹੋ ਗਇਆ ਹੈ, ਆਖੋ ਤਾਂ ਜਿਰਾਹ ਸਦਵਾ ਕੇ ਖੋਪਰ ਸੀ ਦਿੰਦੇ ਹਾਂ ਤਾਂ ਆਪ ਜੀ ਨੇ ਕਿਹਾ, "ਦੁਨੀਆਂ ਨਾਲੋਂ ਰਿਸ਼ਤਾ ਤੋੜ ਚੁਕਾ ਹਾਂ, ਹੁਣ ਚੜ੍ਹਾਈ ਕਰਨੀ ਹੀ ਸੋਭਦੀ ਹੈ।' ਆਪ ਜੀ ਨੇ ਵੀ ਪਹਲੀ ਜੁਲਾਈ ੧੭੪੫ ਨੂੰ ਪ੍ਰਾਣ ਤਿਆਗ ਦਿੱਤੇ। ਉਸ ਦਿਨ ਸਾਵਨ ਦੀ ਸੰਗ੍ਰਾਂਦ ਵੀ ਸੀ। ਜੇ ਭਾਈ ਤਾਰੂ ਸਿਘ ਜੀ ਦੀ ਸ਼ਹਾਦਤ ਜੁਲਮਾਂ ਦਾ ਅਤਿ ਸੀ ਤਾਂ ਜਾਲਮ ਦਾ ਵੀ ਅੰਤ ਸੀ। ਖੁਸ਼ਵਕਤ ਰਾਇ, ਸੋਹਣ ਲਾਲ, ਅਲੀ-ਉਲਦੀਨ ਆਦਿ ਨੇ ਵੀ ਲਿਖਿਆ ਹੈ। ਭਾਈ ਰਤਨ ਸਿੰਘ ਜੀ ਲਿਖਦੇ ਹਨ।

"ਅਠਾਰਾਂ ਸੈ ਦੋ ਉਪਰੈ ਸਾਲ ਜੋ ਬਿਕਰਮ ਰਾਇ।
ਖਾਨ ਬਹਾਦਰ ਮਾਰਯੋ ਤਾਰੂ ਸਿੰਘ ਅਜਾਏ।"

ਹੋਰ ਕਈ ਉਥੇ ਹੀ ਸ਼ਹੀਦ : ਭਾਈ ਦਇਆ ਸਿੰਘ ਸਹਿਸਰ, ਭਾਈ ਹੀਰਾ ਸਿੰਘ ਰੰਗੜ ਨੰਗਲ, ਭਾਈ ਰੂਪ ਸਿੰਘ ਖੁਡੀਆਂ ਵਾਲੇ, ਭਾਈ ਤੇਗ ਸਿੰਘ ਮਹਿਤਾਬ ਕੋਟ, ਭਾਈ ਸਦਨ ਸਿੰਘ, ਭਾਈ ਤਕੜਾ ਸਿੰਘ, ਭਾਈ ਬਹਾਦਰ ਸਿੰਘ, ਭਾਈ ਬੁਲਾਕਾ ਸਿੰਘ, ਭਾਈ ਪਹਾੜ ਸਿੰਘ, ਜੋ ਸਭ ਸਿੰਘਾਂ ਦੀ ਇਮਦਾਦ ਕਰਦੇ ਸਨ ਪਕੜ ਕੇ ਲਾਹੌਰ ਲਿਆਂਦੇ ਜਾਂਦੇ ਰਹੇ ਤੇ ਇਸੇ ਮਹੀਨੇ ਸ਼ਹੀਦ ਕੀਤੇ ਗਏ।

ਭਾਈ ਹਕੀਕਤ ਰਾਇ ਦੀ ਸ਼ਹਾਦਤ : ਭਾਈ ਹਕੀਕਤ ਰਾਇ ਦੇ ਦਾਦਾ ਭਾਈ ਨੰਦ ਨਾਲ ਪੁਰੀ ਗਲੋਟੀਆ ਖੁਰਦ, (ਸਿਆਲ ਕੋਟ) ਦੇ ਰਹਿਣ ਵਾਲੇ ਸਨ। ਜਦ ਗੁਰੂ ਹਰਿ ਰਾਇ ਜੀ ਗਲੋਟੀਆਂ ਪੁੱਜੇ ਤਾਂ ਨੰਦ ਲਾਲ ਜੀ ਪੁਰੀ ਨੇ ਆ ਕੇ ਉਪਦੇਸ਼ ਮੰਗਿਆ ਜਿਸ ਰਾਹੀਂ ਉਹ ਵੀ ਸਿਖੀ ਨੂੰ ਪਾ ਸਕੇ। ਗੁਰੂ ਹਰਿ ਰਾਇ ਜੀ ਨੇ ਫਰਮਾਇਆ, "ਤਿੰਨ ਗੱਲਾਂ ਨ ਕਰੀਂ ਤਾਂ ਤੇਰੇ ਘਰ ਧਰਮ ਰਵ੍ਹੇਗਾ। ਇਕ, ਟੋਪੀ ਨ ਪਹਿਨਣੀ ਦੂਜੇ ਤੰਮਾਕੂ ਨ ਪੀਣਾ, ਤੀਜੇ ਕੇਸ ਕਤਲ ਨੀ ਕਰਾਉਣੇ।" ਭਾਈ ਨੰਦ ਲਾਲ ਜੀ ਨੇ ਤਿੰਨੇ ਗੱਲਾਂ ਪਲੇ ਬੰਨ੍ਹ ਲਈਆਂ ਤੇ ਉਨ੍ਹਾਂ ਨਾਂ 'ਧਰਮੀ' ਪੈ ਗਿਆ। ਉਨ੍ਹਾਂ ਦੇ ਪੁੱਤਰ ਭਾਈ ਮਾਘ ਮਲ ਸਿੰਘਾਂ ਨਾਲ ਹਮਦਰਦੀ ਰੱਖਦੇ ਸਨ ਤੇ ਹਰ ਸਮੇਂ ਸਿੰਘਾਂ ਨੂੰ ਰਸਦ ਪਾਣੀ ਤੇ ਜ਼ਰੂਰੀ ਖੱਬਰਾਂ ਪਹੁੰਚਾਂਦੇ ਰਹਿੰਦੇ ਸਨ। ਇਨ੍ਹਾਂ ਘਰ ਹੀ ਭਾਈ ਹਕੀਕਤ ਰਾਇ ਦਾ ਜਨਮ ਹੋਇਆ। ੧੭੪੧ ਤਕ ਤਾਂ ਠੀਕ ਤੁਰਦੀ ਰਹੀ ਪਰ ਜਦ ਜ਼ਕਰੀਆ ਖਾਨ ਨੇ ਇਹ ਫ਼ੈਸਲਾ ਕਰ ਲਿਆ ਕਿ ਕਿਸੇ ਨੂੰ ਵੀ ਸਿੰਘਾਂ ਤਕ ਮਦਦ ਨਹੀਂ ਪਹੁੰਚਾਣ ਦੇਣੀ ਤਾਂ ਉਹ ਬਹਾਨੇ ਬਣਾ ਕੇ ਸਰਕਾਰੀ ਕਰਮਚਾਰੀਆਂ ਨੂੰ ਤੰਗ ਕਰਨ ਲਗਾ। ਭਾਈ ਹਕੀਕਤ ਰਾਇ ਦੀ ਸ਼ਾਦੀ ਬਟਾਲਾ ਦੇ ਸਰਦਾਰ ਕਿਸ਼ਨ ਸਿੰਘ ਦੀ ਲੜਕੀ ਨਾਲ ਹੋਈ ਹੋਈ ਸੀ। ਉਂਝ ਤਾਂ ਇਹ ਬਹਾਨਾ ਹੀ ਕਾਫੀ ਸੀ ਪਰ ਢੁੱਚਰ ਇਹ ਰਖੀ ਗਈ ਕਿ ਉਸ ਨੇ ਹਜ਼ਰਤ ਮੁਹੰਮਦ ਸਾਹਿਬ ਦੀ ਸ਼ਾਨ ਵਿਚ ਕੋਝੇ ਸ਼ਬਦ ਬੋਲੇ ਹਨ। ਆਪ ਜੀ ਨੂੰ ਪਕੜ ਲਿਆ ਗਿਆ। ਕਾਜ਼ੀ ਨੇ ਫਤਵਾ ਲਗਾਇਆ ਤੇ ਰਵਾਜ ਮੁਤਾਬਕ ਪਕੜ ਕੇ ਲਾਹੌਰ ਭੇਜ ਦਿੱਤਾ ਕਿ ਇਸ ਨੂੰ ਸ਼ਹੀਦ ਕਰ ਦਿਤਾ ਜਾਏ। ਜਦ ਉਨ੍ਹਾਂ ਨੂੰ ਸ਼ਹੀਦ ਕਰਨ ਦੀ ਖੱਬਰ ਲਾਹੌਰ ਪੁਜੀ ਤਾਂ ਦੀਵਾਨ ਸੂਰਤ ਸਿੰਘ, ਲਾਲਾ ਦਰਘਾਹੀ ਮਲ ਅਤੇ ਜਮਾਦਾਰ ਕਸੂਰ ਬੇਗ ਵੀ ਜ਼ਕਰੀਆ ਖਾਨ ਪਾਸ ਗਏ, ਪਰ ਉਸ ਨੇ ਇਕ ਨਾ ਸੁਣੀ। ਭਾਈ ਹਕੀਕਤ ਰਾਇ ਨੇ ਸਿੰਘਾਂ ਨਾਲ ਹੀ ਸ਼ਹਾਦਤ

---

੧. ੧੨ ਜਮਾਦੀ-ਉਲ-ਸਾਂਨੀ ਸੰਨ ੧੧੪੮ ਹਿਜਰੀ ਨੂੰ ਲਾਹੌਰ ਹੀ ਗੁਜ਼ਰਿਆ ਤੇ ੧੯ ਜਮਾਦੀ ਉਲ-ਸਾਨੀ ਨੂੰ ਉਸ ਦੀ ਮੌਤ ਦੀ ਖੱਬਰ ਦਿਲੀ ਪੁੱਜੀ ਜੋ ਦਰਜ ਹੋਈ। ਬਿਕਰਮੀ ਦੇ ਹਿਸਾਬ ਨਾਲ ਸੋਮਵਾਰ ੧ ਸਾਵਨ, ਸੰਮਤ ੧੮੦੨ ਬਿਕਰਮੀ ਬਣਦਾ ਹੈ।

ਪ੍ਰਾਪਤ ਕੀਤੀ ਤੇ ਉਨ੍ਹਾਂ ਦੇ ਮਿਰਤਕ ਸ਼ਰੀਰ ਦਾ ਸਸਕਾਰ ਸ਼ਾਹ ਬਿਲਾਵਲ[1] ਦੇ ਮਕਬਰੇ ਲਾਗੇ ਕੀਤਾ ਗਿਆ। ਹਕੀਕਤ ਰਾਇ ਦੇ ਸੋਹਰੇ ਸਰਦਾਰ ਕਿਸ਼ਨ ਸਿੰਘ ਉਪਲ ਤੇ ਉਸ ਦੇ ਭਰਾਵਾਂ ਮੱਲ ਸਿੰਘ ਅਤੇ ਡਲ ਸਿੰਘ ਨੇ ਜਦ ਸਾਰਾ ਹਾਲ ਸਿੰਘਾਂ ਨੂੰ ਦਸਿਆ ਤਾਂ ਸਿੰਘਾਂ ਨੇ ਸਿਆਲ ਕੋਟ ਤੇ ਹੱਲਾ ਬੋਲਿਆ ਤੇ ਕਾਜ਼ੀ ਨੂੰ ਥਾਂ ਹੀ ਖਤਮ ਕੀਤਾ ਤੇ ਫ਼ੌਜ਼ਦਾਰ ਅਮੀਰ ਖਾਨ ਜੋ ਹਕੀਕਤ ਰਾਇ ਨੂੰ ਲਾਹੌਰ ਲੈ ਗਿਆ ਸੀ, ਦਾ ਸਿਰ ਵੱਢ ਕੇ ਬਟਾਲੇ ਦੇ ਬਜ਼ਾਰਾਂ ਵਿਚ ਫਿਰਾਇਆ।

ਭਾਈ ਸੁਬੇਗ ਸਿੰਘ ਤੇ ਭਾਈ ਸ਼ਹਿਬਾਜ਼ ਦੀਆਂ ਸ਼ਹਾਦਤਾਂ : ਭਾਈ ਸੁਬੇਗ ਸਿੰਘ ਜੰਬਰ ਪਿਡ ਦੇ ਰਹਿਣ ਵਾਲੇ ਸਨ ਅਤੇ ਸਰਕਾਰੀ ਠੇਕੇਦਾਰ ਸਨ। ਸਰਕਾਰ ਤਕ ਉਨ੍ਹਾਂ ਦੀ ਚੰਗੀ ਪਹੁੰਚ ਸੀ। ਰਹਿਤ ਵਿਚ ਪੂਰੇ, ਸਿੱਖ ਆਚਰਨ ਦੀ ਮੂਰਤ ਦੇ ਸਿਖੀ ਦਰਦ ਰੱਖਣ ਵਾਲੇ ਸਨ। ਸਿੱਖ ਵੀ ਉਨ੍ਹਾਂ ਨੂੰ ਇਜ਼ਤ ਦੀ ਨਿਗਾਹ ਨਾਲ ਦੇਖਦੇ ਸਨ। ਜ਼ਕਰੀਆ ਖਾਨ ਨੇ ਜਦ ਜ਼ਗੀਰ ਦੇਣ ਦਾ ਨਿਰਣਾ ਕੀਤਾ ਸੀ ਤਾਂ ਜ਼ਗੀਰ ਤੇ ਨਵਾਬੀ ਦਾ ਖਿਤਾਬ ਵੀ ਭਾਈ ਸੁਬੇਗ ਸਿਘ ਜੀ ਹੱਥ ਹੀ ਭੇਜਿਆ ਸੀ। ਉਨ੍ਹਾਂ ਦੀ ਪਰੇਰਨਾ ਦਾ ਸਦਕਾ ਹੀ ਸੀ ਕਿ ਪੰਥ ਨੇ ਨਵਾਬੀ ਸਵੀਕਾਰ ਕੀਤੀ।

ਜਦ ਜ਼ਕਰੀਆ ਖਾਨ ਨੇ ਨਾਦਰ ਸ਼ਾਹ ਦੇ ਹਮਲੇ ਪਿਛੋਂ ਆਪਣੀ ਨਵੀਂ ਨੀਤੀ ਅਪਣਾਈ ਤਾਂ ਭਾਈ ਸਾਹਿਬ ਵੀ ਉਸ ਦੀ ਪਕੜ ਵਿਚ ਆ ਗਏ। ਬਹਾਨਾ ਲਭਣਾ ਕੋਈ ਔਖੀ ਗੱਲ ਨਹੀਂ ਸੀ। ਆਪ ਜੀ ਦਾ ਪੁਤਰ ਕਾਜ਼ੀ ਕੋਲ ਪੜ੍ਹਦਾ ਸੀ। ਕਾਜ਼ੀ ਨੇ ਜਦ ਬਾਲਕ ਸ਼ਹਿਬਾਜ਼ ਸਿੰਘ ਨੂੰ ਪੁਠੀ ਵਿਦਿਆ ਦੇਣੀ ਅਰੰਭੀ ਤਾਂ ਆਪ ਜੀ ਨੇ ਗੁੱਸਾ ਕੀਤਾ ਤੇ ਗੱਲ ਆਪਣੇ ਪਿਤਾ ਜੀ ਨੂੰ ਕਹੀ। ਸਰਦਾਰ ਸੁਬੇਗ ਸਿੰਘ ਜੀ ਨੇ ਜਦ ਸ਼ਕਾਇਤ ਕੀਤੀ ਤਾਂ ਉਲਟ ਕਾਜ਼ੀ ਨੇ ਇਹ ਦੋਸ਼ ਲਗਾਇਆ ਕਿ ਬੱਚੇ ਨੇ ਹਜ਼ਰਤ ਮੁਹੰਮਦ ਸਾਹਿਬ ਨੂੰ ਉੱਚਾ ਨੀਵਾਂ ਕਿਹਾ ਹੈ ਅਤੇ ਹਜ਼ਰਤ ਦੀ ਲੜਕੀ ਫਾਤਮਾ ਸਬੰਧੀ ਮਾੜੇ ਸ਼ਬਦ ਬੋਲੇ ਹਨ। ਜ਼ਕਰੀਆ ਖਾਨ ਜਰ ਨ ਸਕਿਆ ਤੇ ਸਰਦਾਰ ਸਹਿਬਾਜ਼ ਸਿੰਘ ਨੂੰ ਚਰਖੜੀ ਤੇ ਚਾੜ੍ਹ ਸ਼ਹੀਦ ਕਰਨ ਦਾ ਹੁਕਮ ਦਿੱਤਾ ਗਿਆ। ਸਰਦਾਰ ਸੁਬੇਗ ਸਿੰਘ ਜੀ ਨੇ ਜਦ ਰੋਸ ਪਰਗਟ ਕੀਤਾ ਤਾਂ ਉਨ੍ਹਾਂ ਨੂੰ ਵੀ ਨਾਲ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਦੂਸ਼ਨ ਇਹ ਲਗਾਇਆ ਕਿ ਉਹ ਜੰਗਲਾਂ ਵਿਚ ਬੈਠੇ ਸਿੰਘਾਂ ਨੂੰ ਸਰਕਾਰੀ ਭੇਦ ਦੇਂਦੇ ਹਨ ਤੇ ਰਸਦ ਪੁਜਾਂਦੇ ਹਨ।

ਗ੍ਰਿਫ਼ਤਾਰੀ ਦੇ ਦੌਰਾਨ ਹੀ ਜ਼ਕਰੀਆ ਖਾਨ ਦੀ ਮੌਤ ਹੋ ਗਈ। ਉਸ ਦੇ ਪੁਤਰ ਯਾਹੀਆ ਖਾਨ ਨੇ ਗਵਰਨਰ ਬਣਦੇ ਸਾਰ ਕੁਝ ਪਾਬੰਦੀਆਂ ਢਿਲੀਆਂ ਕੀਤੀਆਂ ਤੇ ਜਤਨ ਵੀ ਅਰੰਭੇ ਕਿ ਸਿੱਖਾਂ ਨੂੰ ਨਾਲ ਮਿਲਾਇਆ ਜਾ ਸਕੇ। ਸਰਦਾਰ ਸੁਬੇਗ ਸਿੰਘ ਨੂੰ ਲਾਹੌਰ ਦਾ ਕੋਤਵਾਲ ਵੀ ਬਣਾਇਆ ਗਿਆ ਪਰ ਇਹ ਸੱਭ ਖੁਸ਼ੀ ਛਿਨ ਭਰ ਲਈ ਸੀ। ਲਖਪਤਿ ਰਾਇ ਯਾਹੀਆ ਖਾਨ ਦੇ ਬਹੁਤ ਨੇੜੇ ਸੀ ਤੇ ਉਸ ਨੇ ਨਵੀਂ ਨੀਤੀ ਦਾ ਖੰਡਨ ਕੀਤਾ ਤੇ ਚਰਖੜੀ ਤੇ ਚਾੜ੍ਹ ਮਾਰਨ ਦੇ ਹੁਕਮ ਕਾਇਮ ਰੱਖੇ। ਬਾਪ ਤੇ ਬੇਟੇ ਨੂੰ ਵਾਰੀ ਵਾਰੀ ਚਰਖੜੀ ਤੇ ਚੜ੍ਹਾਇਆ ਗਿਆ। ਦੋਵੇਂ ਪਿਉ ਪੁਤਰਾਂ ਨੇ 'ਅਕਾਲ ਅਕਾਲ' ਕਹਿੰਦੇ ਚਰਖੜੀ ਦੇ ਤਸੀਹੇ ਝੱਲੇ।

"ਉਚੈ ਚਾੜ੍ਹ ਫਿਰ ਬਹੁਤ ਘੁਮਾਇਆ,
ਵਾਹਿਗੁਰੂ ਤਿਨ ਨਹਿ ਭੁਲਾਇਆ।

---

੧. ਸ਼ਾਹ ਬਿਲਾਵਲ ਕਾਦਰੀਆਂ ਖਾਨਦਾਨ ਦੇ ਇਕ ਬਜ਼ੁਰਗ ਸਨ। ਮੀਆਂ ਮੀਰ ਨਾਲ ਇਨ੍ਹਾਂ ਦੇ ਚੰਗੇ ਸਬੰਧ ਸਨ। ਇਨ੍ਹਾਂ ਦਾ ਮਕਬਰਾ ਰਾਵੀ ਦੇ ਕਿਨਾਰੇ ਸੀ।

ਜਯੋ ਜਯੋ ਮੁੱਖ ਤੇ ਗੁਰੂ ਉਚਾਰੇ
ਅਕਾਲ ਅਕਾਲ ਕਰ ਉਚ ਪੁਕਾਰੇ।''

ਸ਼ਹਿਬਾਜ਼ ਸਿੰਘ ਦੀ ਪਹਿਲਾਂ ਤਾਂ ਅਵਾਜ਼ ਉਚੀ ਉਚੀ ਆਉਂਦੀ ਰਹੀ ਪਰ ਫਿਰ ਕੁਝ ਹੌਲੀ ਪੈ ਗਈ। ਸ਼ਹਿਬਾਜ਼ ਸਿੰਘ ਨਿਢਾਲ ਹੋ ਗਏ। ਜਲਾਦ ਨੇ ਪੁਛਿਆ, ਇਸਲਾਮ ਕਬੂਲ ਹੈ ਤਾਂ ਭਾਈ ਸ਼ਹਿਬਾਜ਼ ਸਿੰਘ ਨੇ ਸਿਰ ਸੁਟ ਦਿਤਾ। ਭਾਈ ਸੁਬੇਗ ਸਿੰਘ ਦੀ ਚਰਖੜੀ ਰੋਕ ਦਿੱਤੀ ਗਈ। ਭਾਈ ਸੁਬੇਗ ਸਿਘ ਜੀ ਨੇ ਕੇਵਲ ਸ਼ਹਿਬਾਜ਼ ਵਲ ਵੇਖਿਆ, ਸ਼ਹਿਬਾਜ਼ ਸਿੰਘ ਨੇ ਉੱਚਾ ਜੈਕਾਰਾ ਛਡਿਆ, ਤੇ ਫਿਰ ''ਅਕਾਲ, ਅਕਾਲ'' ਗੂੰਜਾਣ ਲਗ ਪਏ। ਇਸ ਗੱਲ ਨੇ ਤਾਂ ਜਲਾਦਾਂ ਤੇ ਨਵਾਬ ਨੂੰ ਹੋਰ ਗੁੱਸਾ ਚੜ੍ਹਾ ਦਿਤਾ।

''ਤਬ ਨਵਾਬ ਮਨ ਆਯੋ ਰੋਸ।
ਮਾਰੋ ਲੜਕੇ ਕੋ ਕਰ ਜੋਸ਼।

ਜਲਾਦਾਂ ਉਸ ਸਮੇਂ ਤਕ ਨ ਛੱਡਿਆ ਜਦ ਤਕ ਦੋਵੇਂ ਸਿੰਘ ਚੜ੍ਹਾਈ ਨ ਕਰ ਗਏ।

ਇਹ ਵੀ ਕਿਹਾ ਜਾਂਦਾ ਹੈ ਕਿ ਸ਼ਹਿਰ ਦੇ ਲੋਕਾਂ ਤੇ ਯਹੀਆ ਖਾਨ ਨੇ ਸਰਦਾਰ ਸੁਬੇਗ ਸਿੰਘ ਅਗੇ ਇਹ ਤਜ਼ਵੀਜ ਰੱਖੀ ਕਿ ਕਿਸੇ ਹੀਲੇ ਆਪਣੇ ਬੱਚੇ ਸ਼ਹਿਬਾਜ਼ ਸਿੰਘ ਨੂੰ ਬਚਾ ਲਵੇ ਅਤੇ ਨਾਲ ਹੀ ਸ਼ਹਿਬਾਜ਼ ਸਿੰਘ ਨੂੰ ਕਿਹਾ ਕਿ ਤੇਰੇ ਪਿਉ ਤਾਂ ਖਾ ਪੀ ਲਿਆ ਹੈ, ਤੇਰੇ ਦਿਨ ਖਾਣ ਪੀਣ ਦੇ ਹਨ।[1] ਹੋਰ ਕੁਲ ਦਾ ਨਿਸ਼ਾਨ ਰਹਿ ਜਾਵੇਗਾ। ਭਾਈ ਸੁਬੇਗ ਸਿੰਘ ਜੀ ਨੇ ਉਸ ਸਮੇਂ ਜੋ ਉਤਰ ਦਿਤਾ, ਉਹ ਉਨ੍ਹਾਂ ਦੀ ਅਣਖ ਤੇ ਸਿਦਕ ਦਾ ਪ੍ਰਗਟਾਵਾ ਹੀ ਹੈ:

''ਸਿਖਨ ਕਾਜ ਸੁ ਗੁਰੂ ਹਮਾਰੇ।
ਸੀਸ ਦਿਉ ਨਿਜ ਸਣ ਪਰਵਾਰੇ।
ਚਾਰੇ ਪੁਤਰ ਜਾਨ ਕੁਹਾਏ,
ਸੋ ਚੰਡੀ ਕੀ ਭੇਟ ਕਰਾਏ।
ਹਮ ਕਾਰਨ ਗੁਰ ਕੁਲਹਿ ਗਵਾਈ।
ਹਮ ਕੁਲ ਰਾਖੈ ਕੌਣ ਵਡਾਈ।

ਇਹ ਸ਼ਹਾਦਤ ਨਵੰਬਰ ੧੭੪੫ ਨੂੰ ਹੋਈ ਤੇ ਇਹ ਪ੍ਰਗਟ ਕਰ ਗਈ ਕਿ ਸਿੱਖ ਜਿੱਥੇ ਵੀ ਬੈਠਾ ਹੈ ਉਹ ਮਹਿਫੂਜ ਨਹੀਂ ਤੇ ਗੁਰੂ ਦਾ ਸਿੱਖ ਜਿਥੇ ਵੀ ਹੈ ਉਸ ਵਿਚ ਸਿਦਕ ਨਿਭਾਉਣ ਦੀ ਸ਼ਕਤੀ ਹੈ।

ਮਾਲਵੇ ਤੇ ਦੁਆਬੇ ਵਿਚ ਸਿੰਘਾਂ ਦਾ ਜ਼ੋਰ: ਮਾਝੇ ਵਿਚ ਤਾਂ ਜ਼ਕਰੀਆ ਖਾਨ ਆਪ ਮਹਿੰਮ ਨੂੰ ਦੇਖ ਰਹਿਆ ਸੀ, ਇਸ ਲਈ ਸਿੰਘ ਕੋਈ ਪੱਕਾ ਟਿਕਾਣਾ ਬਣਾਉਣ ਤੋਂ ਅਸਮਰਥ ਸਨ। ਨੀਤੀ ਇਹ ਮਗ ਕਰਦੀ ਸੀ ਕਿ ਟਿਕਾਣਾ ਲਾਹੌਰ ਤੋਂ ਦੂਰ ਰੱਖਿਆ ਜਾਏ। ਅਤੇ ਮਾਝੇ ਵਿਚ ਜੁਝਦੇ 'ਤਰੁਣਾ ਦਲ' ਨੂੰ ਪੂਰੀ ਕੁਮਕ ਪੁਜਾਈ ਜਾਏ। ਨਵਾਬ ਕਪੂਰ ਸਿੰਘ ਜੀ ਮਾਲਵਾ ਜਾ ਟਿਕੇ ਸਨ ਤੇ ਉਥੋਂ ਅਗਵਾਈ ਕਰ ਰਹੇ ਸਨ। ਸਰਦਾਰ ਜਸਾ ਸਿੰਘ ਰਾਮਗੜੀਆ ਨੇ ਅਦੀਨਾ ਬੇਗ ਜਲੰਧਰ ਨਾਲ ਕੰਮ ਚਲਾਊ ਸਮਝੌਤਾ ਵੀ ਕਰ ਲਿਆ ਸੀ। ਅਦੀਨਾ ਬੇਗ ਵੀ ਇਹ ਜਾਣਦਾ ਸੀ ਕਿ ਸਿਖਾਂ ਨੂੰ ਪੂਰਨ ਤੌਰ ਤੇ ਹਟਾਉਣਾ ਨ ਸੰਭਵ ਹੈ, ਨ ਯੋਗ। ਸਿੰਘ ਉਥੋਂ ਮਾਝੇ ਆਕੇ ਆਪਣੇ ਹੱਥ ਦਿਖਾਲ ਜਾਂਦੇ ਸਨ। ਬਰਾਊਨ, ਇੰਡੀਅਨ ਟ੍ਰੈਕਟਸ ਵਿਚ ਇਸ ਦੀ

---

੧. ਪਿਤਾ ਤੇਰੇ ਨੇ ਸਭ ਕਛ ਲਖ ਲਜਾ।
ਤੁਮਰੇ ਦਿਨ ਆਯ ਦੇਖਣ ਭਜਾ।

ਸਾਖੀ ਭਰਦਾ ਹੈ । ਬਾਬਾ ਆਲਾ ਸਿੰਘ ਆਪਣੀ ਹੋਂਦ ਦਾ ਅਹਿਸਾਸ ਕਰਾ ਰਹੇ ਸਨ, ਤੇ ਘੇਰਾ ਵਧਾ ਰਹੇ ਸਨ । ਦਿਲੀ ਤਕ ਉਹ ਮਾਰਾਂ ਕਰ ਰਹੇ ਸਨ । ਦਿਲੀ ਦੀ ਹਕੂਮਤ ਇਤਨੀ ਕਮਜ਼ੋਰ ਸੀ ਕਿ ਉਹ ਦਖਲ ਦੇਣ ਜੋਗ ਨਹੀਂ ਸੀ ਰਹੀ ।

ਬੀਰਤਾ ਦੀ ਇਕ ਹੋਰ ਝਾਕੀ : ਮੁਲਤਾਨ ਦੇ ਲਾਗੇ ਨੂਰ ਪੁਰ ਵਿਚ ਅੱਢਨ ਸ਼ਾਹੀਏ ਭਾਈ ਭਲਾ ਰਾਮ ਦਾ ਟਿਕਾਣਾ ਸੀ । ਉਹ ਜਿਥੇ ਨਾਮ ਸਿਮਰਨ ਵਿਚ ਦ੍ਰਿੜ ਸਨ ਉਥੇ ਜੁਅਰਤ ਦਾ ਵੀ ਮੁਜਸਮਾ ਸਨ । 'ਰਤਨ ਮਾਲ' ਦੇ ਲਿਖਣ ਅਨੁਸਾਰ 'ਸੋ ਸੋ ਪ੍ਰਸ਼ਾਦਿ ਆਵੈ ਸੋ ਭਾਈ ਜੀ ਵਰਤਾਇ ਦੇਵੈ' ਘਰ ਦੋਇ ਵੇਲੇ ਕਥਾ ਹੋਵੇ । ਦੁਪਹਿਰ ਅਰ ਪਿਛਲੇ ਪਹਰ । ਦੋਇ ਵੇਲੇ ਕੀਰਤਨ ਹੋਵੇ । ਆਸਾ ਕੀ ਵਾਰ ਨਿਤ ਹੋਵੇ । ਸੰਤਾਂ ਨੇ ਪਰਤਾਪ ਕਰਕੇ ਸਾਰੇ ਨਗਰ ਮੈਂ ਗੁਰਮਤ ਕਾ ਘੱਸ ਪੜਾ ਸੰਗਤਾਂ ਵਿਚ ਉਤਸ਼ਾਹ ਭਰਿਆ ਰਹਿੰਦਾ ।''

ਮੁਲਤਾਨ ਦੇ ਹਾਕਮ ਨੇ ਨੂਰ ਪੁਰ ਤੇ ਚੜ੍ਹਾਈ ਕਰ ਦਿੱਤੀ । ਉਹ ਵੀ ਆਪਣਾ ਨਾਂ ਲਿਖਵਾਉਣਾ ਚਾਹੁੰਦਾ ਸੀ ਕਿ ਉਸ ਨਾਨਕ ਨਾਮ ਲੇਵਿਆਂ ਨੂੰ ਮਾਰ ਮੁਕਾਇਆ ਹੈ । ਨੂਰ ਪੁਰ ਦੀ ਫੌਜ਼ ਟਾਕਰੇ ਲਈ ਤਿਆਰ ਹੋਈ ਪਰ ਮੁਲਤਾਨ ਨੂੰ ਸ਼ਕਤੀ ਸ਼ਾਲੀ ਜਾਣ ਪਿਛੇ ਹਟ ਆਈ ਅਤੇ ਕਿਲ੍ਹੇ ਵਿਚ ਕੈਦ ਕਰ ਲਿਆ । ਦੁਸ਼ਮਣਾਂ ਨੇ ਘੇਰਾ ਪਾ ਲਿਆ । ਇਸਤਰੀਆਂ ਨੇ ਵੀ ਨੂਰ ਪੁਰ ਦੀਆਂ ਫ਼ੌਜਾਂ ਨੂੰ ਫਿਟਕਾਰ ਪਾਈ ਤੇ ਕਿਹਾ ਕਿ 'ਜੋ ਬੰਦੂਕਾਂ, ਤੇ ਤਲਵਾਰਾਂ ਤੇ ਸ਼ਸਤ੍ਰ ਸਾਨੂੰ ਦਿਉ ਜੋ ਅਸੀਂ ਜਾਇ ਲੜਾਂ ਗਈਆਂ । ਜੋ ਤੁਸੀਂ ਹੁਣ ਕਾਇਰ ਹੁਏ ਹੋ । ਭਾਈ ਭਲਾ ਰਾਮ ਜੀ ਕੋਠੇ ਉਪਰ ਖੜੇ ਹੋਏ ਤੇ ਲਾਠੀ ਨੂੰ ਸਿਰ ਉਪਰ ਫੇਰ ਕੇ ਸਨਮੁਖ ਚਲਾਈ । ਸੂਰਮੇ ਸੰਤ ਨੂੰ ਮੈਦਾਨ ਵਿਚ ਜੂਝਦਾ ਦੇਖ ਕੇ ਸਾਰੇ ਹੀ ਮੁਲਤਾਨ ਦੀਆਂ ਫ਼ੌਜਾਂ ਤੇ ਟੁੱਟ ਪਏ ਤੇ ਦੁਸ਼ਮਣਾਂ ਨੂੰ ਭੱਜਾ ਦਿਤਾ ਅਤੇ ਬਹੁਤਿਆਂ ਨੂੰ ਬੰਦੀ ਬਣਾ ਲਿਆ । ਬੰਦੀਆਂ ਦਾ ਦੁੱਖ ਵੀ ਭਾਈ ਸਾਹਿਬ ਨ ਜਰ ਸਕੇ ਤੇ ਆਪ ਜਾ ਕੇ ਰਿਹਾ ਕਰਾ ਆਏ । ਫਿਰ ਪਿਛੋਂ ਅਹਿਮਦਸ਼ਾਹ ਅਬਦਾਲੀ ਨੇ ਵੀ ਇਸ ਪਿੰਡ ਤੇ ਹੱਲਾ ਬੋਲਿਆ ਪਰ ਜਿਉਂ ਅਬਦਾਲੀ ਦੀਆਂ ਫ਼ੌਜਾਂ ਗੁਰਦੁਆਰੇ ਵਲ ਵਧਦੀਆਂ ਅਗੋਂ ਐਸਾ ਟਾਕਰਾ ਹੁੰਦਾ ਕਿ ਜ਼ਖਮੀ ਹੋ ਕੇ ਮੁੜ ਜਾਂਦੇ । ਉਨ੍ਹਾਂ ਨੂੰ ਇਹ ਮੰਨਣਾ ਪਇਆ ਕਿ ਇਹ ਕਿਸੇ ਕਾਮਲ ਫਕੀਰ ਦਾ ਅਸਥਾਨ ਹੈ ।

———

ਅਧਿਆਇ ਗਿਆਰਵਾਂ

ਛੋਟਾ ਘਲੂਘਾਰਾ

ਜ਼ਕਰੀਆ ਖਾਨ ਪਿਛੋਂ ਨਵਾਬੀ ਦਾ ਝਗੜਾ : ਜ਼ਕਰੀਆ ਖਾਨ ਨੇ ਅਜੇ ਨਿਰਣਾ ਲਇਆ ਹੀ ਸੀ ਕਿ ਜੰਗਲਾ ਨੂੰ ਕਟ ਕੇ ਸਾਫ਼ ਕੀਤਾ ਜਾਏ ਕਿ ਉਸ ਦੀ ਪਹਿਲੀ ਜੁਲਾਈ ੧੭੪੫ ਨੂੰ ਮੌਤ ਹੋ ਗਈ। ਉਸ ਦੇ ਪੁੱਤਰਾਂ ਵਿਚ ਲਾਹੌਰ ਦੀ ਨਵਾਬੀ ਲਈ ਝਗੜਾ ਤਿਖਾ ਹੋ ਗਿਆ। ਜ਼ਕਰੀਆ ਖਾਨ ਦੇ ਤਿੰਨ ਪੁੱਤਰ ਸਨ, ਯਾਹੀਆ ਖਾਨ, ਸ਼ਾਹਨਵਾਜ਼ ਖਾਨ ਤੇ ਮੀਰ ਬੱਕੀ। ਇਹ ਤਿੰਨੇ ਸਕੇ ਭਰਾ ਸਨ। ਇਨ੍ਹਾਂ ਦੀ ਮਾਂ ਜ਼ਕਰੀਆ ਖਾਨ ਦੇ ਮਤ੍ਰਏ ਚਾਚੇ ਨਵਾਬ ਮੁਹੰਮਦ ਅਮੀਨ ਖਾਨ ਦੀ ਬੇਟੀ ਤੇ ਵਜ਼ੀਰ ਕਮਰ-ਊਦ-ਦੀਨ ਦੀ ਭੈਣ ਸੀ। ਯਾਹੀਆ ਖਾਨ ਆਪਣੇ ਮਾਮਾ ਕਮਰਉਦ-ਦੀਨ ਦਾ ਜੁਆਈ ਵੀ ਸੀ। ਜ਼ਕਰੀਆ ਖਾਨ ਦੀ ਮੌਤ ਸਮੇਂ ਯਾਹੀਆ ਖਾਨ ਦਿਲੀ ਸੀ ਤੇ ਕਮਰਉਦ-ਦੀਨ ਨੇ ਕੋਸ਼ਸ਼ ਵੀ ਕੀਤੀ ਕਿ ਉਸ ਨੂੰ ਲਾਹੌਰ ਦਾ ਨਾਜ਼ਮ ਨਿਯਤ ਕਰ ਦਿੱਤਾ ਜਾਏ ਪਰ ਬਾਦਸ਼ਾਹ ਟਾਲ ਗਿਆ। ਕਮਰਉਦ-ਦੀਨ ਨੇ ਯਾਹੀਆ ਖਾਨ ਨੂੰ ਛੇਤੀ ਨਾਲ ਲਾਹੌਰ ਭੇਜਿਆ ਕਿ ਉਹ ਕੰਮ ਸੰਭਾਲੇ ਤੇ ਪਿਛੋਂ ਉਹ ਫੁਰਮਾਨ ਭੇਜ ਦੇਵੇਗਾ। ਬੜੀ ਮੁਸ਼ਕਲ ਨਾਲ ਕਿਧਰੇ ਤਿੰਨ ਜਨਵਰੀ ੧੭੪੬ ਨੂੰ ਇਹ ਫੁਰਮਾਨ ਮਿਲਿਆ ਕਿ ਪੰਜਾਬ ਦਾ ਨਾਜ਼ਮ ਤਾਂ ਕਮਰਉਦ ਦੀਨ ਰਵ੍ਹੇਗਾ, ਪੰਜਾਬ ਦਾ ਨਾਇਬ ਯਾਹੀਆ ਖਾਨ ਹੋਵੇਗਾ।

ਦੂਜਾ ਬੇਟਾ ਹਿਯਾਤ-ਉਲਾ ਖਾਨ (ਸ਼ਾਹਨਵਾਜ਼ ਖਾਨ) ਜਲੰਧਰ ਦੁਆਬ ਦਾ ਹਾਕਮ ਸੀ। ਉਹ ਵੀ ਇਸ ਕੋਸ਼ਸ਼ ਵਿਚ ਸੀ ਕਿ ਉਸ ਨੂੰ ਪੰਜਾਬ ਦੀ ਨਵਾਬੀ ਮਿਲੇ। ਉਸ ਵੀ ਕਈ ਦਾਅ ਪੇਚ ਖੇਡੇ ਪਰ ਜਦ ਲਾਹੌਰ ਨਵੰਬਰ ੨੧, ੧੭੪੫ ਨੂੰ ਪੁੱਜਾ ਤਾਂ ਯਾਹੀਆ ਖਾਨ ਪੂਰਨ ਤੌਰ ਤੇ ਮਾਲਕ ਬਣ ਚੁੱਕਾ ਸੀ। ਸ਼ਾਹਨਵਾਜ਼ ਖਾਨ ਨੇ ਆਪਣਾ ਹੱਕ ਮੰਗਿਆ ਤੇ 'ਤੂੰ ਤੂੰ ਮੈਂ ਮੈਂ' ਸ਼ੁਰੂ ਹੋ ਗਈ। ਸਿਪਾਹੀਆਂ ਵਿਚ ਵੀ ਝੜਪਾਂ ਹੋਣ ਲਗੀਆਂ ਤੇ ਸ਼ਾਹਨਵਾਜ਼ ਹਾਰ ਖਾ ਕੇ ਬਟਾਲੇ ਵਲ ਚਲਾ ਗਇਆ। ਤੀਜਾ ਪੁਤਰ ਮੀਰ ਬੱਕੀ ਮੁਲਤਾਨ ਦਾ ਗਵਰਨਰ ਸੀ ਪਰ ਉਹ ਇਨ੍ਹਾਂ ਝਗੜਿਆਂ ਵਿਚ ਨਾ ਪਇਆ ਸਗੋਂ ਉਹ ਇਹ ਹੀ ਚਾਹੁੰਦਾ ਸੀ ਕਿ ਉਸ ਦੀ ਮੁਲਤਾਨ ਦੀ ਨਵਾਬੀ ਬੱਚ ਜਾਏ। ਸ਼ਾਹਨਵਾਜ਼ ਜਦ ਬਟਾਲੇ ਵਲ ਗਿਆ ਤੇ ਉਥੋਂ ਜਲੰਧਰ ਦੁਆਬ ਦੀ ਫ਼ੌਜਦਾਰੀ ਤੇ ਹੀ ਕੁਝ ਚਿਰ ਲਈ ਚੁੱਪ ਕਰ ਗਇਆ। ਉਥੇ ਹੀ ਉਸ ਨੇ ਅਦੀਨਾ ਬੇਗ ਤੇ ਦੀਵਾਨ ਕੌੜਾ ਮਲ ਦੀ ਮਦਦ ਨਾਲ ਸਿਖਾਂ ਦੀ ਮਦਦ ਵੀ ਕੀਤੀ। ਪਰ ਯਾਹੀਆ ਖਾਨ ਨੇ ਨਜ਼ਾਮਤ ਲੈਂਦੇ ਸਾਰ ਬਾਗ ਡੋਰ ਲਖਪਤਿ ਰਾਇ ਹੱਥ ਪਕੜਾ ਦਿੱਤੀ।

ਸਿੰਘਾਂ ਦਾ ਸ਼ਾਹੀ ਝਗੜੇ ਤੋਂ ਲਾਭ ਉਠਾਉਣਾ : ਲਾਹੌਰ ਦੀ ਹਕੂਮਤ ਕਮਜ਼ੋਰ ਹੋਣ

ਵਿਚ ਹੀ ਸਿਖ ਆਪਣਾ ਭਲਾ ਸਮਝਦੇ ਸਨ। ਉਹ ਸਦਾ ਨਜ਼ਰ ਰੱਖ ਰਹੇ ਸਨ ਕਿ ਕਦ ਸਰਕਾਰ ਢਿਲੀ ਤੇ ਕਮਜ਼ੋਰ ਹੋਵੇ ਤੇ ਉਹ ਖੇਰੂੰ ਖੇਰੂੰ ਹੋ ਰਹੀ ਜਥੇਬੰਦੀ ਨੂੰ ਜਥੇਬੰਦ ਕਰਨ। ਜ਼ਕਰੀਆ ਖਾਨ ਦੀ ਮੌਤ ਤੇ ਤਿੰਨਾਂ ਭਰਾਵਾਂ ਦੇ ਝਗੜਿਆਂ ਨਾਲ ਸਿੰਘਾਂ ਅੰਮ੍ਰਿਤਸਰ ਵਲ ਮੂੰਹ ਕਰ ਲਿਆ। ਸਿੰਘਾਂ ਦੇ ਘੋੜੇ ਲਾਹੌਰ ਬੇਗਮ ਪੁਰਿਉ ਹੋਕੇ ਆਪਣੀ ਹੋਂਦ ਦਾ ਅਹਿਸਾਸ ਕਰਾ ਜਾਂਦੇ। ਸਿੰਘਾਂ ਦੇ ਜਥੇ ਰੋੜੀ ਸਾਹਿਬ (ਐਮਨਾਬਾਦ) ਤਕ ਵੀ ਮਾਰਾਂ ਮਾਰ ਆਏ।

ਨਵਾਬ ਕਪੂਰ ਸਿੰਘ ਨੇ ਸਾਰੇ ਪੰਥ ਦਾ ਸ੍ਰੀ ਅੰਮ੍ਰਿਤਸਰ ਦੀਵਾਲੀ ਤੇ ਪੰਥਕ ਇਕੱਠ ਸੱਦ ਲਿਆ। ਉਥੇ ਹੀ ੧੪ ਅਕਤੂਬਰ ੧੭੪੫ ਨੂੰ ਪਹਿਲਾਂ ਗੁਰਮਤਾ ਕੀਤਾ ਜਿਸ ਰਾਹੀਂ ੨੫ ਜਥੇ ਬਣਾਏ ਤੇ ਹਰ ਜੱਥੇ ਵਿਚ ਇਕ ਸੌ ਤੋਂ ਹਜ਼ਾਰ ਸਿੰਘ ਰੱਖੇ ਗਏ। ਜੱਥੇ ਵਿਚ ਸ਼ਾਮਲ ਹਰ ਸਿਖ ਲਈ ਤਲਵਾਰ, ਘੋੜਾ, ਤੇ ਬੰਦੂਕ ਰੱਖਣਾ ਲਾਜ਼ਮੀ ਬਣਾ ਦਿੱਤਾ ਗਿਆ।

ਪੰਝੀ ਜਥੇਦਾਰਾਂ ਦੇ ਨਾਂ ਸਨ :—

੧. ਸਰਦਾਰ ਸ਼ਾਮ ਸਿੰਘ ਨਾਰੋਕੇ
੨. ਸਰਦਾਰ ਗੁਰਬਖਸ਼ ਸਿੰਘ ਕਲਸੀਆਂ
੩. ਸਰਦਾਰ ਕਰਮ ਸਿੰਘ ਪੈਜ ਗੜ੍ਹ
੪. ਸਰਦਾਰ ਨੌਧ ਸਿੰਘ ਸੁਕਰਚਕ
੫. ਸਰਦਾਰ ਕਰੋੜਾ ਸਿੰਘ
੬. ਸਰਦਾਰ ਗੁਰਦਿਆਲ ਸਿੰਘ ਡਲੇਵਾਲ
੭. ਸਰਦਾਰ ਚੰਦਾ ਸਿੰਘ
੮. ਸਰਦਾਰ ਕਾਲਾ ਸਿੰਘ
੯. ਸਰਦਾਰ ਖਿਆਲਾ ਸਿੰਘ
੧੦. ਸਰਦਾਰ ਧਰਮ ਸਿੰਘ
੧੧. ਸਰਦਾਰ ਜਸਾ ਸਿੰਘ ਆਹਲੂਵਾਲੀਆ
੧੨. ਸਰਦਾਰ ਹਰੀ ਸਿੰਘ ਭੰਗੀ
੧੩. ਬਾਬਾ ਦੀਪ ਸਿੰਘ
੧੪. ਸਰਦਾਰ ਜੈ ਸਿੰਘ
੧੫. ਸਰਦਾਰ ਸਦਾ ਸਿੰਘ
੧੬. ਸਰਦਾਰ ਹੀਰਾ ਸਿੰਘ ਨਕਈ
੧੭. ਸਰਦਾਰ ਅਘੜ ਸਿੰਘ
੧੮. ਸਰਦਾਰ ਸੁੱਖਾ ਸਿੰਘ ਮਾੜੀ।
੧੯. ਸਰਦਾਰ ਮਦਨ ਸਿੰਘ
੨੦. ਸਰਦਾਰ ਬਾਘ ਸਿੰਘ ਆਹਲੂਵਾਲੀਆ
੨੧. ਸਰਦਾਰ ਛੱਜਾ ਸਿੰਘ ਪੰਜਵੜ
੨੨. ਸਰਦਾਰ ਧੀਰ ਸਿੰਘ ਮਜ਼ੂਬੀ
੨੩. ਸਰਦਾਰ ਕਰਮ ਸਿੰਘ ਨਾਰਲੀ
੨੪. ਸਰਦਾਰ ਭੂਪਾ ਸਿੰਘ
੨੫. ਨਵਾਬ ਕਪੂਰ ਸਿੰਘ ਜੀ ਦਾ ਆਪਣਾ।

ਇਨ੍ਹਾਂ ਜੱਥਿਆਂ ਦੇ ਬਨਣ ਨਾਲ ਵਸਦੇ ਲੋਕਾਂ ਨੂੰ ਵੀ ਸਾਹਸ ਆਇਆ । ਰਾਖੀ ਪ੍ਰਣਾਲੀ ਵੀ ਚਾਲੂ ਕਰ ਦਿੱਤੀ ਗਈ । ਜੋ ਵੀ ਉਨ੍ਹਾਂ ਨੂੰ ਭੇਟਾ ਦਿੰਦਾ ਸਿੰਘਾਂ ਦਾ ਜੱਥਾ ਉਨ੍ਹਾਂ ਦੀ ਰਾਖੀ ਦਾ ਭਾਰ ਆਪਣੇ ਸਿਰ ਲੈ ਲੈਂਦਾ । 'ਕੰਬਲੀ' ਦੀ ਰੀਤੀ ਵੀ ਉਨ੍ਹਾਂ ਚਲਾਈ ਜੋ ਸਿੰਘ ਦੀ ਵਿਛਾਈ ਕੰਬਲੀ ਨੂੰ ਹੱਥ ਲਗਾ ਲੈਂਦਾ ਜਾਂ ਪਲਾ ਫੜ ਲੈਂਦਾ, ਸਿੱਖ ਉਸ ਦੀ ਰਖਿਆ ਦੀ ਜ਼ਿਮੇਂਵਾਰੀ ਆਪਣੇ ਸਿਰ ਚੁੱਕ ਲੈਂਦੇ ।

ਜਸਪਤਿ ਰਾਇ ਦਾ ਕਤਲ : ਜਸਪਤ ਰਾਇ ਐਮਨਾਬਾਦ ਦਾ ਫੋਜਦਾਰ ਸੀ । ਯਾਹੀਆ ਖਾਨ ਨੇ ਨਾਇਬ ਨਵਾਬੀ ਦੀ ਜ਼ਿਮੇਂਵਾਰੀ ਸੰਭਾਲ ਦੇ ਸਾਰ ਲਖਪਤ ਰਾਇ ਨੂੰ ਦੀਵਾਨ ਥਾਪਿਆ । ਜਸਪਤ ਰਾਇ ਸਿਖਾਂ ਨੂੰ ਮਾਰਨ ਵਿਚ ਅਗੇ ਹੋ ਗਿਆ । ਸਿੰਘ ਰੋੜੀ ਸਾਹਿਬ ਇਕੱਠ ਕਰ ਰਹੇ ਸਨ ਤੇ ਲਖਪਤ ਰਾਇ ਨੇ ਜਸਪਤਿ ਰਾਇ ਨੂੰ ਖਾਸ ਹਦਾਇਤਾਂ ਭੇਜੀਆਂ ਕਿ ਇਕਠੇ ਸਿੰਘਾਂ ਤੇ ਹੱਲਾ ਬੋਲੇ । ਸਿੰਘ ਨੂੰ ਵੀ ਸਰੋਤ ਪੁਜ ਗਈ, ਉਨ੍ਹਾਂ ਨੂੰ ਜਦ ਰੋੜੀ ਸਾਹਿਬ ਖਾਲੀ ਕਰਨ ਲਈ ਜਸਪਤਿ ਰਾਇ ਨੇ ਕਹਿਆ ਤਾਂ ਸਿੰਘ ਟਾਕਰੇ ਤੇ ਡੱਟ ਗਏ । ਜਸਪਤਿ ਰਾਇ ਹਾਥੀ ਤੇ ਚੜ੍ਹਿਆ ਹੋਇਆ ਮਹਿੰਮ ਦੀ ਅਗਵਾਈ ਕਰ ਰਹਿਆ ਸੀ । ਭਾਈ ਨਿਭੈ ਸਿਘ ਅਗੇ ਵੱਧਕੇ ਜਸਪਤ ਰਾਇ ਦੇ ਹਾਥੀ ਤਕ ਪੁੱਜ ਗਿਆ ਤੇ ਘੋੜੇ ਤੋਂ ਛਾਲ ਮਾਰ ਕੇ ਹਾਥੀ ਦੀ ਪੂਛ ਪਕੜਕੇ ਹੁੰਦੇ ਵਿਚ ਜਾ ਵੜਿਆ ਤੇ ਜਸਪਤ ਰਾਇ ਦਾ ਸਿਰ ਵੱਢ ਆਂਦਾ । ਸਿੰਘਾਂ ਸ਼ਹਿਰ ਵਿਚੋਂ ਰਸਦ ਰਕਮ ਇਕਠੀ ਕੀਤੀ । ਗੁਸਾਈ ਕਿਰਪਾ ਰਾਮ ਬਦੋਕੀ ਨੇ ੫੦੦ ਰੁਪੈ ਦੇ ਕੇ ਜਸਪਤਿ ਦੇ ਸਿਰ ਨੂੰ ਵਾਪਸ ਲਿਆ ।

ਲਖਪਤ ਰਾਇ ਦੀਆਂ ਕਸਮਾਂ : ਲਖਪਤ ਰਾਇ ਨੇ ਜਦ ਜਸਪਤ ਰਾਇ ਦੇ ਇਸ ਤਰ੍ਹਾਂ ਮਾਰੇ ਜਾਣ ਦੀ ਖੱਬਰ ਸੁਣੀ ਤਾਂ ਲੋਹਾ ਲਾਖਾ ਹੋ ਗਿਆ । ਭਰੇ ਹੋਏ ਦਰਬਾਰ ਵਿਚ ਲਖਪਤ ਰਾਇ ਨੇ ਸਿਰੋਂ ਪਗੜੀ ਉਤਾਰੀ ਤੇ ਪਾਨ ਦਾ ਬੀੜਾ ਚੁਕਕੇ ਸਹੁੰ ਚੁਕੀ ਕਿ ਉਸ ਦਿਨ ਤਕ ਪਗੜੀ ਸਿਰ ਤੇ ਨਹੀਂ ਰਖੇਗਾ ਜਦ ਤਕ ਸਿੱਖਾਂ ਦਾ ਖੁਰਾ ਖੋਜ ਮਿਟਾ ਨਹੀਂ ਲੈਂਦਾ । ਫਿਰ ਬੜਾ ਬੋਲ ਅਤੇ ਕੋੜੇ ਸ਼ਬਦ ਬੋਲਦੇ ਕਿਹਾ ਕਿ ਸਿਖੀ ਇਕ ਖਤਰੀ (ਗੁਰੂ ਨਾਨਕ) ਨੇ ਸ਼ੁਰੂ ਕੀਤੀ ਸੀ ਤੇ ਹੁਣ ਇਕ ਖਤਰੀ (ਉਸਦਾ ਭਾਵ ਆਪਣੇ ਆਪ ਤੋਂ ਸੀ) ਹੀ ਮੁਕਾਵੇਗਾ । ਸਿਖਾਂ ਦੇ ਸਿਰ ਵਿਚ ਕੈਂਚੀਆਂ ਫੇਰਾਂਗਾ ਤੇ ਇਨ੍ਹਾਂ ਦਾ ਨਾਂ ਵੀ ਕੋਈ ਨਹੀਂ ਲੈਣ ਲਗਾ ।

> "ਕਸਮ ਉਠਾਇ ਕਹਯੋ ਇਮ ਖੀਜ ।
> ਮੈ ਜਬ ਲੋ ਸਿੰਘ ਨਿਰਬੀਜ ।
> ਨਹਿ ਕਰ ਲੇਹੈ ਤਕ ਲੋ ਜਾਣ ।
> ਪਗੜੀ ਧਰਨੀ ਸਿਰ ਮੁਹਿ ਆਣ ।

(ਪੰਥ ਪ੍ਰਕਾਸ਼ ਪਨਾ ੬੯੫)

ਸ਼ਹਿਰ ਦੇ ਸਾਰੇ ਸਿੱਖ ਵਸਨੀਕ ਉਸ ਪਕੜ ਲਏ ਤੇ ੧੦ ਮਾਰਚ ੧੭੪੬ ਨੂੰ ਉਸ ਸ਼ਹੀਦ ਕਰ ਦਿੱਤਾ । ਸ਼ਹਿਰ ਦੇ ਸਾਰੇ ਪਤਵੰਤੇ ਦੀਵਾਨ ਸੂਰਤ ਸਿੰਘ, ਦੀਵਾਨ ਦੇਸ ਰਾਜ, ਚੋਧਰੀ ਜਵਾਹਰ ਮਲ, ਕੁੰਜਾ ਮਲ, ਹਰੀ ਰਾਮ, ਸੁਖੂ ਮਲ, ਬਹਲ ਮਲ, ਆਦ ਉਸ ਪਾਸ ਵੀ ਗਏ ਪਰ ਉਸ ਇਕ ਨ ਸੁਣੀ । ਭਾਈ ਜਗਤ ਉਚੇਰੇ ਤੌਰ ਤੇ ਟੁਰਕੇ ਵੀ ਆਏ ਪਰ ਉਸ ਬੇਦੋਸ਼ੇ ਸਿਖਾਂ ਨੂੰ ਸ਼ਹੀਦ ਕਰ ਦਿੱਤਾ ।

ਦੀਵਾਨ ਕੌੜਾ ਮਲ ਨੇ ਸਿਖ ਵਸਨੀਕਾਂ ਨੂੰ ਸ਼ਹਿਰ ਛੱਡ ਜਾਣ ਦੀ ਸੂਚਨਾਂ ਵੀ ਘਲ ਦਿਤੀ ਸੀ ਪਰ ਉਹ ਇਤਨੀ ਦੇਰ ਨਾਲ ਪੁੱਜੀ ਕਿ ਇਕ ਵੀ ਸ਼ਹਿਰ ਨ ਛੱਡ ਸਕਿਆ ।

ਯਾਹੀਆ ਖਾਨ ਦੇ ਹੋਰ ਕਰੜੇ ਹੁਕਮਾ : ਯਾਹੀਆ ਖਾਨ ਇਹ ਸਮਝਦਾ ਸੀ ਕਿ ਦੀਵਾਨ ਕੌੜਾ ਮਲ ਸ਼ਾਹਨਵਾਜ਼ ਖਾਨ ਦੀ ਪਿਠ ਤੇ ਹੈ ਅਤੇ ਦੀਵਾਨ ਕੌੜਾ ਮਲ ਸਿੱਖਾਂ ਦੀ ਮਦਦ ਕਰਦਾ ਹੈ। ਇਸ ਲਈ ਦੀਵਾਨ ਤੇ ਟਾਕਰੇ ਤੇ ਕਿਸੇ ਦੀਵਾਨ ਦੀ ਲੋੜ ਹੈ, ਅਤੇ ਇਹ ਲਖਪਤ ਰਾਇ ਹੀ ਹੋ ਸਕਦਾ ਹੈ। ਦੀਵਾਨ ਲਖਪਤ ਰਾਇ ਸਿਖਾਂ ਦੇ ਗੁੱਪਤ ਟਿਕਾਣੇ ਵੀ ਜਾਣਦਾ ਸੀ ਤੇ ਸਿਖਾਂ ਨੂੰ ਮੁਕਾਉਣ ਵਿਚ ਉਸ ਦਾ ਚੰਗਾ ਸਹਾਇਕ ਵੀ ਸਿੱਧ ਹੋ ਸਕਦਾ ਸੀ। ਯਾਹੀਆ ਖਾਨ ਲਖਪਤ ਰਾਇ ਦੇ ਇਸ਼ਾਰੇ ਤੇ ਹੋ ਗਿਆ। ਯਾਹੀਆ ਖਾਨ ਨੇ ਵੀ ਕਰੜੇ ਤੋਂ ਕਰੜੇ ਹੁਕਮ ਕਢੇ। ਢੰਡੋਰੇ ਦੇ ਰਾਹੀਂ ਇਹ ਸੱਭ ਪਾਸੇ ਪ੍ਰਗਟਾ ਦਿੱਤਾ ਗਿਆ ਕਿ ਜਿਥੇ ਵੀ ਸਿਖ ਮਿਲੇ ਉਸ ਨੂੰ ਪਕੜ ਕੇ ਰਾਜ ਦਰਬਾਰ ਵਿਚ ਪੇਸ਼ ਕੀਤਾ ਜਾਏ। ਕੋਈ ਵੀ ਮਨੁੱਖ ਗੁੜ ਨੂੰ ਗੁੜ ਨ ਆਖੇ, ਗੁੜ ਕਿਹਾ ਗੁਰੂ ਯਾਦ ਆਉਂਦਾ ਹੈ ਅਤੇ ਗੁਰੂ ਯਾਦ ਆਇਆਂ ਗੁਰੂ ਗੋਬਿੰਦ ਸਿੰਘ। ਗੁਰੂ ਗੋਬਿੰਦ ਸਿੰਘ ਜੀ ਦਾ ਨਾਂ ਲਿਆਂ ਜ਼ਜਬਾ ਭੜਕ ਉਠਦਾ ਹੈ, ਇਸ ਲਈ ਗੁੜ ਨੂੰ ਭੇਲੀ ਕਿਹਾ ਜਾਏ। ਕੋਈ ਪੁਰਸ਼ ਪੁਸਤਕ ਨੂੰ ਗ੍ਰੰਥ ਨਾ ਆਖੇ, ਗ੍ਰੰਥ ਆਖਿਆਂ ਸਿਖਾਂ ਦਾ ਗੁਰੂ ਗ੍ਰੰਥ, ਚੇਤੇ ਆ ਜਾਂਦਾ ਹੈ। ਗ੍ਰੰਥ ਸਾਹਿਬ ਯਾਦ ਆਇਆ ਸਿਖੀ ਵਿਚ ਸ਼ਰਧਾ ਵਧਦੀ ਹੈ ਸੋ ਗ੍ਰੰਥ ਨੂੰ ਪੋਥੀ ਕਿਹਾ ਜਾਏ। ਗੁਰੂ ਗ੍ਰੰਥ ਸਾਹਿਬ ਢੂੰਡ ਢੂੰਡ ਕੇ ਅਗਨੀ ਭੇਂਟ ਕੀਤੇ ਗਏ। ਅੰਮ੍ਰਿਤਸਰ ਨੂੰ ਮਿਟੀ ਨਾਲ ਪੂਰ ਦਿੱਤਾ ਗਿਆ। ਇਹ ਛੋਟੇ ਘਲੂਘਾਰਾ ਦਾ ਅਰੰਭ ਸੀ।

ਛੋਟਾ ਘਲੂਘਾਰਾ : ਲਖਪਤ ਰਾਇ ਲਾਹੌਰ ਦੇ ਸਿਖ ਵਸਨੀਕਾਂ ਨੂੰ ਮੁਕਾਉਣ ਉਪ੍ਰੰਤ ਅੰਮ੍ਰਿਤਸਰ ਵਲ ਵਧਿਆ। ਅੰਮ੍ਰਿਤਸਰ ਦਾ ਹਲਾ ਇਤਨੀ ਛੇਤੀ ਨਾਲ ਹੋਇਆ ਕਿ ਸਿਖ ਆਪਣੇ ਟਿਕਾਣਿਆਂ ਵਲ ਨਹੀਂ ਸਨ ਜਾ ਸਕਦੇ। ਸੋ ਇਹ ਹੀ ਗੁਰਮਤਾ ਪਕਾਇਆ ਗਿਆ ਕਿ ਕਾਹਨੂਵਾਨ ਦੇ ਛੰਭਾਂ ਵਲ ਚਲਿਆ ਜਾਏ। ਲਖਪਤ ਰਾਇ ਨੂੰ ਧੋਖੇ ਵਿਚ ਪਾਉਣ ਲਈ ਇਕ ਜਥਾ ਅੰਮ੍ਰਿਤਸਰ ਹੀ ਟਿੱਕੇ ਤੇ ਬਾਕੀ ਜੱਥੇ ਦੱਖਣ ਵਲ ਚਲ ਪੈਣ। ਲਖਪਤ ਰਾਇ ਦਾ ਕੁਝ ਧਿਆਨ ਇਸ ਤਰ੍ਹਾਂ ਖਿਚਣ ਨਾਲ ਪਹਾੜੀਆਂ ਤਕ ਸਿੰਘ ਪੁਜ ਜਾਣਗੇ। ਦੀਵਾਨ ਕੌੜਾ ਮਲ ਨੇ ਕੁਝ ਰਸਦ ਵੀ ਪੁਜਾਈ ਪਰ ਉਸ ਨਾਲ ਉਹ ਕਿਤਨੀ ਦੇਰ ਕਟ ਸਕਦੇ ਸਨ।

ਲਖਪਤ ਰਾਇ ਵੀ ਚਾਲ ਸਮਝ ਗਿਆ ਤੇ ਉਸ ਨੇ ਸਿਖਾਂ ਦੇ ਜੱਥਿਆਂ ਦਾ ਇਕ ਪਾਸਾ ਰੋਕ ਲਿਆ ਤੇ ਮੂੰਹ ਰਾਵੀ ਦੀਆਂ ਝਾੜਾ ਤੇ ਝਲਾਂ ਵਲ ਕਰ ਲਿਆ। ਸਿੰਘ ਝਲਾਂ, ਬੇਲਿਆਂ ਤੋਂ ਬਾਹਰ ਨਹੀਂ ਸਨ ਨਿਕਲ ਸਕਦੇ। ਲਖਪਤ ਰਾਇ ਨੇ ਜੰਗਲ ਕਟਵਾਨੇ ਅਰੰਭ ਦਿੱਤੇ ਤੇ ਝਲ ਸਾੜਕੇ ਤੋਪਾਂ ਸੇਧ ਕੇ ਸਿੰਘਾਂ ਤੇ ਚਲਾਉਣ ਲਗਾ। ਭਾਈ ਰਤਨ ਸਿੰਘ ਜੀ ਲਿਖਦੇ ਹਨ :

> ਤਬੇ ਦੀਵਾਨ ਬੁਲਾਏ। ਬਿਕਟ ਛੋਰ ਤਹਾ ਰਾਹ ਬਨਵਾਏ।
> ਝਲ ਗਾੜੇ ਤਹਿ ਫੂਕ ਜਲਾਵੈ। ਸੇਧ ਧਰੇ ਤੁਰ ਤੋਪ ਚਲਾਵੈ। ੪੯
> ਤਬ ਸਿੰਘਨ ਕੋ ਬਹੁਤ ਸਤਾਯਾ। ਖਾਨੇ ਨੂੰ ਕੁਝ ਹਾਥ ਨ ਆਯਾ।

ਸੋ ਸਿੰਘਾਂ ਫੈਸਲਾ ਕਰ ਲਿਆ ਕਿ ਝਲਾਂ ਵਿਚ ਲੁਕਿਆ, ਸ਼ਹੀਦੀਆਂ ਲੈਣੀਆਂ ਠੀਕ ਨਹੀਂ, ਸੋ ਉਹ ਝਲਾ ਤੋਂ ਬਾਹਰ ਆ ਗਏ।

> "ਭੁੱਖੇ ਹੋਏ ਸਿੰਘ ਆਗੇ ਤੁਰੇ।
> ਝਲੋਂ ਬਾਹਰ ਸਿੰਘ ਨਿਕਰੇ।"

ਸਿੰਘ ਪਹਾੜਾਂ ਦੇ ਰੁਖ ਨੂੰ ਹੋ ਗਏ। ਨਿਸ਼ਾਨਾ ਬਸੋਲੀ ਦੀਆਂ ਪਹਾੜੀਆਂ ਵਿਚ ਪਨਾਹ ਲੈਣਾ ਸੀ ਪਰ ਉਥੇ ਪਹਿਲਾਂ ਹੀ ਸ਼ਾਹੀ ਫਰਮਾਨ ਪੁਜ ਚੁਕੇ ਸਨ। ਕਿ ਸਿਖਾਂ ਨੂੰ ਉਪਰ ਆਉਣ ਹੀ ਨ ਦਿੱਤਾ ਜਾਏ, 'ਬਸੋਲੀ' (ਕਠੂਆ) ਦੇ ਨੇੜੇ ਪੁੱਜੇ ਤਾਂ ਉਪਰੋਂ ਸਵਾਗਤ ਗੋਲੀਆਂ ਤੇ ਪੱਥਰਾਂ ਨਾਲ

ਹੋਇਆ ਸਿੰਘਾਂ ਨੇ ਆਪਣੇ ਆਪ ਨੂੰ ਇਕ ਅਜ਼ੀਬ ਥਾਂ ਘਿਰੇ ਹੋਏ ਦੇਖਿਆ। ਸੱਜੇ ਪਾਸੇ ਰਾਵੀ, ਪਿਛੇ ਫੌਜ਼ ਤੇ ਸਾਮਿਣਉ ਪਹਾੜੀ ਤੋਂ ਪੱਥਰ ਤੇ ਗੋਲੀਆਂ ਦੀ ਬਾਰਸ਼। ਇਕ ਰਾਤ ਵੀ ਟਿਕ ਕੇ ਨ ਮਿਲੀ ਤੇ ਇਸ ਤੋਂ ਵੀ ਵੱਧ ਨ ਰਸਦ, ਨ ਪਾਣੀ, ਨ ਤੋਪਾਂ, ਨ ਬਾਰੂਦ, ਨ ਦਾਰੂ। ਸ਼ਸਤ੍ਰ ਕਟ ਕਟ ਤੇ ਲੜ ਲੜ ਖੁੰਡੇ ਹੋ ਗਏ ਸਨ। ਕਮਾਨਾਂ ਕਮਜ਼ੋਰ ਹੋ ਗਈਆਂ ਤੇ ਤੀਰ ਮੁੱਕ ਗਏ। ਨੇਜ਼ੇ ਤੇ ਫਾਲੇ ਤਾਂ ਦੁਸ਼ਮਨਾਂ ਨੇ ਤਨਾਂ ਵਿਚ ਰਹ ਗਏ ਸਨ ਤੇ ਹੋਰ ਘੜਨ ਵਾਲੇ ਕੋਲ ਨਹੀਂ ਸਨ। ਘੋੜੇ ਇਕ ਤਾਂ ਥੱਕ ਗਏ ਤੇ ਦੂਜੇ ਦਾਣਾ ਫੱਕਾ ਨ ਮਿਲਣ ਕਰਕੇ ਮਾਂਦੇ ਹੋ ਗਏ। ਫਿਰ ਚੜ੍ਹਾਈਆਂ ਤੇ ਦੁਸ਼ਮਣ ਪਿਛੇ। ਭਾਈ ਰਤਨ ਸਿੰਘ ਜੀ ਨੇ ਸਾਰਾ ਨਕਸ਼ਾ ਬਹੁਤ ਹੀ ਦਿਲ ਚੀਰਵਾਂ ਖਿਚਿਆ ਹੈ :

ਨਹਿ ਡੇਰੋ ਸਿੰਘ ਕਰਨਾ ਮਿਲੈ। ਕਹੂੰ ਰਾਤ ਕਹੂੰ ਦਿਨ ਹੂੰ ਚਲੈ।
ਨਹਿ ਸਿੰਘਨ ਕਛ ਰਹਿਓ ਪਲੈ। ਭਾਰ ਬ੍ਰਾਦਰੀ ਦਿਨ ਕਯਾ ਚਲੈ।੫੪।
ਗੋਲੀ ਦਾਰੂ ਕਹੂੰ ਪਹੁੰਚੇ ਨਾਹੀਂ। ਕਾ ਸੋ ਸਿੰਘ ਸੁ ਕਰੈ ਲਰਾਈ।
ਸ਼ੁਸਤ੍ਰ ਕਾਟਤ ਖੁੰਢੇ ਹੋਏ। ਰਾਤ ਦਿਵਸ ਨਾਹੀ ਸੋਏ।੫੫।
ਗਈ ਕਮਾਨ ਟੂਟਸੋ ਚਲਤੀ। ਤੀਰ ਮੁਕੇ ਫਿਰ ਮਿਲੇ ਨ ਭਰਤੀ।
ਨੇਜ਼ੇ ਫਲ ਰਹੇ ਦੁਸ਼ਮਣ ਤਨ ਮੇ। ਘਾੜੂ ਲਭੇ ਸੁ ਨਾਹੀ ਬਨ ਮੇ। ੫੬।
ਬਿਨ ਦਾਨੇ ਭਏ ਘੋੜੇ ਮਾੜੇ। ਬਿਨ ਬਸਤਰ ਤਨ ਧੂਪ ਸੁ ਸਾੜੇ।
ਆਟਾ ਦਾਣਾ ਨਹੀਂ, ਕਿਆ ਖਾਵੈਂ। ਪਾਣੀ ਵੀ ਤਹਿ ਹੱਥ ਨ ਆਵੈ।੫੭।
ਦੋਹਰਾ———ਅੱਧੀ ਮੌਤ ਮੁਸਾਫਰੀ ਸਾਰੀ ਮੌਤ ਸੁ ਭੁੱਖ।
ਉਹਾ ਅਇ ਦੋਊ ਮਿਲੀ ਯਹਿ ਭਇਓ ਖਾਲਸੇ ਦੁੱਖ[1]।

ਸੋ ਇਹ ਹੀ ਵਿਚਾਰ ਬਣੀ ਕਿ ਇਕ ਜੱਥਾ ਹਲਾ ਮਾਰਕੇ ਪਹਾੜੀਆਂ ਤੇ ਚੜ੍ਹੇ, ਦੂਜਾ ਰਾਵੀ ਨੂੰ ਪਾਰ ਕਰਨ ਦੀ ਕੋਸ਼ਿਸ਼ ਕਰੇ ਤੇ ਤੀਜਾ ਜੱਥਾ ਭਾਈ ਸੁਖਾ ਸਿੰਘ ਮਾੜੀ ਕੰਬੋ ਦੀ ਅਗਵਾਈ ਹੇਠਾਂ ਲਖਪਤ ਰਾਇ ਦਾ ਟਾਕਰਾ ਕਰੇ। ਕੁਝ ਸਿੰਘ ਤ੍ਰਿਖੇ ਸਿਧੇ ਪਹਾੜਾਂ ਤੇ ਜੜੀਆਂ ਬੂਟੀਆਂ ਨੂੰ ਪਕੜ ਚੜ੍ਹ ਗਏ, ਕਈ ਡਿਗੇ ਅਰ ਥਾਂ ਹੀ ਸ਼ਹੀਦ ਹੋ ਗਏ। ਜੋ ਚੜ੍ਹ ਗਏ ਉਹ ਕੁਲੂ ਤੇ ਮੰਡੀ ਵਲ ਨਿਕਲ ਗਏ ਤੇ ਛੇ ਮਹੀਨਿਆਂ ਉਪ੍ਰੰਤ ਕੀਰਤ ਪੁਰ ਆ ਮਿਲੇ।

ਸਰਦਾਰ ਗੁਰਦਿਆਲ ਸਿੰਘ ਜੀ ਡਲੇ ਵਾਲੀਆ ਅਤੇ ਉਸ ਦੇ ਭਰਾ ਨੇ ਰਾਵੀ ਦਾ ਵੇਗ ਦੇ ਹਾਥ ਪਾਉਣ ਲਈ ਆਪਣੇ ਆਪਣੇ ਘੋੜੇ ਠੇਲ ਦਿੱਤੇ ਪਰ ਵੇਗ ਇਤਨਾ ਜ਼ੋਰ ਦਾ ਸੀ ਕਿ ਉਹ ਦੋਵੇਂ ਰਾਵੀ ਦੀ ਭੇਟ ਹੋ ਗਏ। ਹੋਰ ਕਿਸੇ ਦਾ ਹੁਣ ਦਰਿਆ ਪਾਰ ਕਰਨ ਦਾ ਹੀਯਾ ਨਾ ਪਇਆ।

ਜੋ ਬਾਕੀ ਬਚੇ ਉਨ੍ਹਾਂ ਨੇ ਇਹ ਸਲਾਹ ਬਣਾਈ ਕਿ ਗੋਲਾਕਾਰ ਕਿਲ੍ਹੇ ਦੀ ਸ਼ਕਲ ਬਣਾ ਕੇ ਲਖਪਤ ਰਾਇ ਦੀਆਂ ਫੌਜ਼ਾਂ ਤੇ ਹੱਲਾ ਬੋਲ ਦਿੱਤਾ ਜਾਏ ਸੋ ਬਚ ਜਾਣਗੇ ਉਹ ਹੀ ਗਨੀਮਤ। ਮੱਤਾ ਇਹ ਸੀ :—

"ਸਭ ਹਟੋ ਪੀਛੈ ਖਾਲਸਾ ਜੀ ਬਾਂਧ ਕਰ ਸਭ ਗੋਲ।
ਇਕ ਵਾਰ ਵੱਟ ਕਸੀਸ ਬਿਸਵੇ ਬੀਸ ਹੱਲਾ ਬੋਲ।

---

੧. ਪੰਥ ਪਕਾਸ਼ ਪੰਨਾ ੩੩੧ (ਐਡੀਸ਼ਨ ਤੀਜਾ)

ਬਲ ਧਾਰ ਅਸੂ[1] ਵਧਾਇਕੈ ਦਲ ਲਖੋ ਤੁਰਕੀ ਧਾਇ,
ਜੋ ਨਿਕਸੁ ਜੈਹੈ ਰਾਜ ਲੈਹੈ, ਮਰੈ ਗੁਰਪੁਰਿ ਜਾਇ ।

(ਪੰ: ਪ੍ਰਕਾਸ਼)

ਇਸ ਮਤੇ ਅਨੁਸਾਰ ਖਾਲਸੇ ਨੇ ਸਿਧੀ ਫੌਜ਼ਾਂ ਵਿਚ ਟਕਰ ਮਾਰੀ । ਸ਼ੇਰਾਂ ਵਾਂਙੂ ਉਹ ਗਰਜੇ । ਮੋਰਾਂ ਵਾਂਙ ਪੈਲਾਂ ਪਾਂਦੇ ਉਹ ਵੈਰੀਆਂ ਦੀਆਂ ਤੋਰੀਆਂ ਵਾਂਙ ਵੇਲਾਂ ਨੂੰ ਚੀਰਕੇ ਨਿਕਲ ਗਏ । ਗੁਰੂ ਨੇ ਸਿੰਘਾਂ ਦੀ ਇਵੇਂ ਰਖਿਆ ਕੀਤੀ ਜਿਵੇਂ ਬਤੀ ਦੰਦਾਂ ਵਿਚ ਜੀਭ ਨੂੰ ਕੁਝ ਨਹੀਂ ਹੋਣ ਦਿੰਦਾ ।

"ਕੇਹਰਿ ਜਿਉਂ ਭਬਕਾਰ ਇਤ ਉਤੇ ਸਿੰਘ ਪਰੈ ਦਸ ਬੀਸ ਕਦਾਂਈ ।
ਸਿੰਘ ਸ਼ਹੀਦ ਚਹੈ ਸਭ ਹੋਵਨ, ਤੁਰਕ ਲਰੈ ਨਿਜ ਜਾਨ ਬਚਾਈ ।
ਮਾਰ ਸਥਾਰ ਕਰੈਂ ਤਲਵਾਰ, ਖੋਜ ਫਿਰੇ ਲਖੂ ਦੁਸ਼ਟ ਕੇ ਤਾਈ ।
ਰਾਖਤ ਸਿੰਘ ਕੋ ਗੁਰਯੋਂ, ਜਿਮ ਦਾਤਨ ਪਾਂਤਨ ਜੀਭ ਰਹਾਈ ।

(ਪੰਥ ਪ੍ਰਕਾਸ਼)

ਨਵਾਬ ਕਪੂਰ ਸਿੰਘ ਅਗਵਾਈ ਕਰ ਰਹੇ ਸਨ । ਸਰਦਾਰ ਜਸਾ ਸਿੰਘ ਜੀ ਇਕ ਸਿਰੇ ਨੂੰ ਸਾਂਭ ਰਹੇ ਸਨ ਤੇ ਸਰਦਾਰ ਸੁਖਾ ਸਿੰਘ ਅਗੇ ਵੱਧਕੇ ਮੁਹਰਲਾ ਪੱਖ ਤੋੜ ਰਹੇ ਸਨ । ਨੇੜੇ ਹੀ ਸੀ ਕਿ ਸਰਦਾਰ ਸੁਖਾ ਸਿੰਘ ਲਖਪਤਿ ਰਾਇ ਨੂੰ ਮਾਰ ਮੁਕਾਉਂਦੇ ਪਰ ਉਨ੍ਹਾਂ ਦੇ ਘੋੜੇ ਨੂੰ ਤੋਪ ਦਾ ਇਕ ਐਸਾ ਗੋਲਾ ਲਗਾ ਕਿ ਉਨ੍ਹਾਂ ਦੀ ਲੱਤ ਸਖ਼ੱਤ ਜ਼ਖਮੀ ਹੋ ਗਈ ਤੇ ਪਿਛੇ ਹੱਟ ਗਏ ।

ਸਰਦਾਰ ਜਸਾ ਸਿੰਘ ਆਹਲੂਵਾਲੀਆ ਦੇ ਪਟ ਵਿਚ ਵੀ ਗੋਲੀ ਲਗੀ ਪਰ ਆਪ ਜੀ ਨੇ ਪੱਟ ਨੂੰ ਹੰਨੇ ਨਾਲ ਬੰਨ ਲਿਆ ਤੇ ਉਸੇ ਤਰ੍ਹਾਂ ਲੜਦੇ ਰਹੇ ਜਿਵੇਂ ਸੱਟ ਲਗੀ ਹੀ ਨਹੀਂ ਹੁੰਦੀ । ਨਵਾਬ ਕਪੂਰ ਸਿੰਘ ਜੀ ਤੇ ਵੀ ਸਿਧਾ ਵਾਰ ਹੋਇਆ ਪਰ ਗੁਰੂ ਕ੍ਰਿਪਾ ਨਾਲ ਬੱਚ ਗਏ । ਜੂਝਦੇ, ਕਟਦੇ ਅਤੇ ਵਢਦੇ ਸਿੱਖ ਰਾਵੀ ਪਾਰ ਕਰ ਗਏ ਤੇ ਅਗੇ ਰੇਤ ਮੈਦਾਨ ਦਿਸ ਪਏ ਤੇ ਰਾਤ ਵੀ ਪੈ ਗਈ । ਇਸੇ ਨੂੰ ਇਤਿਹਾਸ ਦਾ ਛੋਟਾ ਘਲੂ ਘਾਰਾ ਕਿਹਾ ਜਾਂਦਾ ਹੈ । ਇਹ ਪਹਿਲੀ ਜੂਨ ੧੭੪੬ ਨੂੰ ਅਰੰਭ ਹੋਇਆ ਤੇ ਸਾਰਾ ਜੂਨ ਦਾ ਮਹੀਨਾ ਚਲਦਾ ਹੀ ਰਿਹਾ ।

"ਭਯੋ ਘਲੂਘਾਰਾ ਭਾਰਾ, ਕਹਿਰ ਕਹਾਰਾ,
ਤਹਿ ਜੂੰਝੇਗੇ ਹਜ਼ਾਰਾ ਸਿੰਘ ਤੁਰਕਨ ਕੋ ਘਾਇਕੇ ।
ਯਾ ਬਿਧ ਕਰਤ ਜੰਗ ਲਰਤ ਭਿਰਤ,
ਸਿੰਘ ਮਾਰਤ ਮਰਤ ਬਹੁ ਹੂਲ ਹਾਲ ਪਾਇਕੈ ।
ਦਹੂੰ ਦਿਸ਼ ਤੁਰਕ ਪਹਾੜੀਏ ਲਰਤ ਜਾਹਿ ਮੱਧ ।
ਦਲ ਸਿੰਘਨ ਕਾ ਚਲਯੋ ਤਬ ਧਾਇਕੈ ।
ਯਾ ਬਿਧ ਲਰਤ ਗਏ ਲਾਗ ਦੋਇ ਤੀਨ ਕੋਸ਼
ਸੂਰਜ ਅਥੈ ਯੋ ਛਯੋ ਅੰਧਕਾਰ ਆਇਕੈ ।

ਨੇੜੇ ਦੇ ਪਿੰਡ ਦੀ ਲੋਅ ਦੇਖ,ਕੁਝ ਪਿੰਡ ਜਾ ਵੜੇ ਤੇ ਹੱਲਾ ਬੋਲ ਕੁਝ ਖਾਧਾ ਪੀਤਾ । ਸ੍ਰ:ਜਮਾ ਸਿੰਘ, ਸਰਦਾਰ ਸੁਖਾ ਸਿੰਘ ਅਜੇ ਘੋੜਿਆਂ ਤੇ ਹੀ ਸਨ । ਉਨ੍ਹਾਂ ਸਲਾਹ ਦਿੱਤੀ ਕਿ ਜ਼ਖਮ ਰਾਤ ਵਿਚ ਆਕੜ ਜਾਣਗੇ ਤੇ ਸਵੇਰੇ ਟੁਰਨਾ ਮੁਸ਼ਕਲ ਹੋ ਜਾਵੇਗਾ, ਸੋ ਡੇਰਾ ਦੂਰ ਹੀ ਕਰਨਾ ਚਾਹੀਦਾ

੧. ਘੋੜੇ ।

ਹੈ । ਸੋ ਉਥੋਂ ਸਿੰਘ ਹੇਠਾਂ ਵਲ ਨਸੇ ਤੇ ਦਿਨ ਚੜ੍ਹਦੇ ਤਕ ਭਾਵੇਂ ਦੂਰ ਨਿਕਲ ਗਏ ਪਰ ਹੁਣ ਕੜਕਦੀ ਧੁੱਪ ਨੇ ਆ ਘੇਰਿਆ । ਥਲੋਂ ਰੇਤ ਗਰਮ, ਉਤੋਂ ਸੂਰਜ ਤਪੇ । ਸਿੰਘਾਂ ਨੇ ਆਪਣੇ ਤਨ ਦੇ ਕਪੜੇ ਪਾੜ ਪਾੜ ਪੈਰਾਂ ਨੂੰ ਬੰਨ੍ਹ ਲਏ ਅਤੇ ਹਰਿ ਗੋਬਿੰਦ ਪੁਰ ਤੋਂ ਬਿਆਸ ਪਾਰ ਹੋਏ ।[1]

ਉਥੇ ਹੀ ਸਿੰਘਾਂ ਨੇ ਢਾਲਾਂ ਰੇਤਾਂ ਵਿਚ ਰੱਖ ਕੇ ਅਧ ਗੁੰਨੇ ਆਟੇ ਦੀਆਂ ਰੋਟੀਆਂ ਪਕਾਈਆਂ ਪਰ ਸਿਖੀ ਸਿਦਕ ਨਹੀਂ ਹਾਰਿਆ ।

ਫਾਰ ਫਾਰ ਕਪਰੇ ਤਨ ਕੇਰੇ । ਬਾਂਧੇ ਨਿਜ ਨਿਜ ਪਰਾਨ ਚੁਫੇਰੇ ।
ਤੋ ਭੀ ਜਰੈ ਚਰਨ ਅਤਿ ਗੋਰੇ । ਚਿਲ ਚਿਲਾਇ ਸਿੰਘ ਆਗੇ ਦੋਰੇ ।
ਭੁੱਖ ਤਿਖਾ ਕਰ ਭਏ ਲਚਾਰੀ । ਘਾਮ ਮਰੈ ਊਪਰ ਤੇ ਭਾਰੀ ।
ਯਾ ਬਿਧਿ ਪਾਇ ਮੁਸੀਬਤ ਕੇਤੀ । ਦਲ ਸਿੰਘਨ ਕਾ ਲਖਯੋ ਬਰੇਤੀ ।

ਮਾਝੇ ਵਿਚ ਵੀ ਸਿੰਘ ਨ ਟਿਕੇ । ਪਠਾਨਾਂ ਦੇ ਇਕ ਦਸਤੇ ਨੇ ਉਨ੍ਹਾਂ ਤੇ ਹੱਲਾ ਬੋਲਿਆ । ਪਰ ਸਿੰਘਾਂ ਉਨ੍ਹਾਂ ਨਾਲ ਸਿੜ ਕੇ ਅਲੀਵਾਲ ਵਲ ਨੱਠ ਤੁਰੇ ਤੇ ਸਤਲੁਜ ਪਾਰ ਕਰਕੇ ਮਾਲਵਾ ਦੀ ਧਰਤੀ ਤੇ ਜਾ ਪੈਰ ਰੱਖਿਆ । ਲਖਪਤ ਰਾਇ ਸ਼ਹੀਦ ਹੋਏ ਸਿੰਘਾਂ ਦੇ ਗੱਡੇ ਲਾਹੌਰ ਲਿਆਇਆ । ਜਿਨ੍ਹਾਂ ਨਾਲ ਖੂਹ ਭਰੇ ਤੇ ਬੁਰਜ ਉਸਾਰੇ ।

ਪਾਸ ਨਵਾਬ ਗਏ ਥੇ ਸਾਰੇ ।
ਉਨ ਕੇ ਸੀਸਨ ਬੁਰਜ ਉਸਾਰੇ ।[2]

ਲਖਪਤ ਰਾਇ ਇਹ ਸਮਝਦਾ ਸੀ ਕਿ ਸਿਖਾਂ ਦੀ ਉਸ ਕਮਰ ਤੋੜ ਦਿੱਤੀ ਹੈ । ਨਾਲ ਹੀ ਲਾਹੌਰ ਦੇ ਰਾਜਸੀ ਹਲਾਤ ਵੀ ਤੇਜ਼ੀ ਨਾਲ ਬਦਲ ਰਹੇ ਸਨ ਸੋ ਉਸ ਨੇ ਲਾਹੌਰ ਵਾਪਸ ਹੋਣਾ ਜ਼ਰਰੀ ਸਮਝਿਆ ।

ਇਸ ਘਲੂਘਾਰੇ ਵਿਚ ੧੦,੦੦੦ ਦੇ ਕਰੀਬ ਸਿਖਾਂ ਦਾ ਜਾਨੀ ਨੁਕਸਾਨ ਹੋਇਆ ਤੇ ਇਹ ਘਲੂਘਾਰਾ ਤਕਰੀਬਨ ੩੦ ਦਿਨ ਹੀ ਟੁਰਦਾ ਰਿਹਾ । ਸਿੰਘਾਂ ਦਾ ਆਖਰੀ ਜੱਥਾ ਸਤਲੁਜ ਤੋਂ ਜੂਨ ਦੇ ਆਖਰੀ ਹਫਤੇ ਪਾਰ ਹੋਇਆ ਸੀ ।

---

੧. ਉਸ ਦਰਦਨਾਕ ਹਾਲਤ ਨੂੰ ਗਿਆਨੀ ਗਿਆਨ ਸਿੰਘ ਨੇ ਇਸ ਤਰ੍ਹਾਂ ਦਰਸਾਇਆ ਹੈ :
"ਫਿਡਾ ਜੈਸਾ ਟਟੂਆ ਜੁਲਫ਼ੂ ਕਾ ਕਾਠੀ ਪਾਇ,
ਰਸੜ ਲਗਾਮ ਤੇ ਰਸੜੂ ਰਕਾਬ ਜੂ ।
ਪਾਟਿਆ ਸਾ ਕਛੜੂ ਤੇ ਨੀਲ ਸਾ ਚਾਦਰੂ,
ਡੂਰੋਂ ਜੈਸਾ ਪਗੜੂ ਬਣਾਇਆ ਸਿਰਤਾਜ ਜੂ ।
ਟੁਟਿਆ ਜੈਸਾ ਤੇਗੜੂ ਤੇ ਲੀਹੜੂ ਮਿਆਨ ਜਾਕੋ,
ਗਰ ਸਰ ਗਾਤਰਾ ਬਣਾਇਆ ਸਭ ਸਾਜ ਜੂ ।
ਨਾਮ ਤੇ ਅਕਾਲੜੂ ਸੋ ਫਿਰੈ ਬੁਰੇ ਹਾਲੜ ਸੋ,
ਲੂਟ ਕੂਟ ਖਾਵਣੇ ਕੋ ਡਾਢੇ ਉਸਤਾਦ ਜੂ ।"

੨. ਉਥੇ ਹੀ ਅਜ ਕਲ੍ਹ ਸ਼ਹੀਦ ਗੰਜ ਹੈ । ਸ਼ਹੀਦ ਗੰਜ ਦੇ ਝਗੜੇ ਪਿਛੋਂ ਜਦ ੧੯੩੨ ਵਿਚ ਢਾਹ ਕੇ ਨਵੀਂ ਤੇ ਵਡੀ ਬਿਲਡਿੰਗ ਬਨਾਉਣ ਦੀ ਵਿਚਾਰ ਹੋਈ ਤਾਂ ਇਮਾਰਤ ਹੇਠੋਂ ਬੇਅੰਤ ਸਿਖਾਂ ਦੀਆਂ ਖੋਪਰੀਆਂ ਤੇ ਹੱਡੀਆਂ ਨਿਕਲੀਆਂ ਸਨ । ਜਦ ਮੈਂ ਸੰਨ ੧੯੬੪ ਵਿਚ ਫਿਰ ਪਾਕਿਸਤਾਨ ਗਿਆ ਤਾਂ ਉਥੇ ਸ਼ਹੀਦਾਂ ਦੀਆਂ ਅਸਥੀਆਂ ਨ ਦੇਖ ਸਕਿਆ ।

ਅਧਿਆਇ ਬਾਰ੍ਹਵਾਂ

ਰਾਮ ਰੌਣੀ ਤੇ ਅਬਦਾਲੀ ਦਾ ਹਿੰਦੁਸਤਾਨ ਵਲ ਮੂੰਹ

ਯਾਹੀਆ ਖਾਨ ਦੀ ਹਾਰ ਸ਼ਾਹਨਵਾਜ਼ ਦੀ ਜਿੱਤ ਅਬਦਾਲੀ ਨੂੰ ਸਦਾ : ਲਖਪਤਿ ਰਾਇ ਨੇ ਭਾਵੇਂ ਦਿਲ ਦੀ ਭੜਾਸ ਹਜ਼ਾਰਾਂ ਸਿਖਾਂ ਨੂੰ ਸ਼ਹੀਦ ਕਰਕੇ ਕੱਢ ਲਈ ਪਰ ਉਸ ਦਾ ਅੰਤ ਵੀ ਨੇੜੇ ਹੀ ਆ ਗਿਆ ਜਦ ਯਾਹੀਆ ਖਾਨ ਆਪਣੇ ਭਰਾ ਸ਼ਹਾਨਵਾਜ਼ ਖਾਨ ਦੇ ਹੱਥੋਂ ਹਾਰ ਕੇ ਨੱਸ ਗਿਆ। ਸ਼ਾਹਨਵਾਜ਼ ਖਾਨ ਜਦ ਨੱਸ ਕੇ ਬਟਾਲਾ ਤੋਂ ਜਲੰਧਰ ਦੁਆਬ ਵਲ ਚਲਾ ਗਿਆ ਸੀ। ਉਥੇ ਅਦੀਨਾ ਬੇਗ ਅਤੇ ਉਸ ਨੇ ਲਾਹੌਰ ਕਬਜ਼ੇ ਕਰਨ ਦੀਆਂ ਵਿਉਂਤਾਂ ਬਣਾਈਆਂ। ਉਧਰ ਲਖਪਤ ਰਾਇ ਸਿੰਘਾਂ ਵਿਰੁਧ ਜੁੱਟਿਆ ਹੋਇਆ ਸੀ ਤੇ ਇਧਰ ਸ਼ਾਹਨਵਾਜ਼ ਦੀਆਂ ਫੌਜਾਂ ਨੇ ਲਾਹੌਰ ਬੇਗਮ ਪੁਰੇ ਆ ਪੁਜੀਆਂ। ਸਖ਼ਤ ਜੰਗ ਹੋਈ ਅਤੇ ਉਸ ਦੇ ਜਰਨੈਲ ਮੋਮਨ ਖਾਨ ਨੂੰ ਅਦੀਨਾ ਬੇਗ ਨੇ ਨੱਸਾ ਦਿੱਤਾ ਤੇ ਯਾਹੀਆ ਖਾਨ ਨੂੰ ਗ੍ਰਿਫ਼ਤਾਰ ਕਰ ਲਿਆ। ਲਾਹੌਰ ਤੇ ਕਬਜ਼ਾ ਕਰਕੇ ਦੀਵਾਨ ਲਖਪਤ ਰਾਇ ਨੂੰ ਦੀਵਾਨੀ ਤੋਂ ਹਟਾ ਦਿੱਤਾ ਤੇ ਉਸ ਦੀ ਥਾਵੇਂ ਕੌੜਾ ਮਲ ਨੂੰ ਦੀਵਾਨ ਨਿਯਤ ਕਰ ਦਿੱਤਾ। ਜਲੰਧਰ ਦੁਆਬ ਅਦੀਨਾ ਬੇਗ ਦੇ ਹਵਾਲੇ ਕਰ ਦਿੱਤਾ। ਦਿਲੀ ਵੀ ਉਸ ਵਿਰੁਧ ਕਾਰਵਾਈ ਕਰਨ ਤੋਂ ਝਿਜਕਦਾ ਸੀ ਕਿ ਮਤਾਂ ਸ਼ਾਹਨਵਾਜ਼ ਖਾਨ ਯਾਹੀਆ ਖਾਨ ਨੂੰ ਕੈਦ ਵਿਚ ਮਾਰ ਹੀ ਨ ਦੇਵੇ। ਕੁਝ ਮਹੀਨਿਆਂ ਦੀ ਕੈਦ ਬਾਹਦ ਯਾਹੀਆ ਖਾਨ ਆਪਣੀ ਭੂਆ ਦੁਰਾਨੀ ਬੇਗਮ ਦੀ ਮਦਦ ਨਾਲ ਕੈਦ ਵਿਚੋਂ ਨੱਸ ਗਇਆ ਅਤੇ ਦਿਲੀ ਪੁੱਜ ਗਿਆ। ਸ਼ਾਹਨਵਾਜ਼ ਘਬਰਾਇਆ ਜ਼ਰੂਰ ਪਰ ਅਦੀਨਾ ਬੇਗ ਨੇ ਉਸ ਦਾ ਧਿਆਨ, ਅਫਗਾਨਸਤਾਨ ਦੇ ਨਵੇਂ ਸ਼ਾਹ ਅਹਿਮਦ ਸ਼ਾਹ ਅਬਦਾਲੀ ਵਲ ਮੋੜ ਦਿਤਾ ਕਿ ਉਸ ਕੋਲੋਂ ਮਦਦ ਲਈ ਜਾਏ। ਜਦ ਦਿਲੀ ਨੂੰ ਇਹ ਪਤਾ ਲਗਾ ਕਿ ਸ਼ਾਹਨਵਾਜ਼ ਖਾਨ ਪੰਜਾਬ ਨੂੰ ਅਫਗਨਸਤਾਨ ਦਾ ਅੰਗ ਬਣਾਉਣ ਤੇ ਤੁਲ ਗਿਆ ਹੈ ਤਾਂ ਕਮਰ ਦੀਨ ਨੇ ਇਕ ਲੰਮੇ ਖੱਤ ਵਿਚ ਵਾਸਤੇ ਪਾਏ ਕਿ ਐਸਾ ਨ ਕਰੇ, ਸਗੋਂ ਉਸ ਨੂੰ ਕਾਬਲ ਤੇ ਹੱਲਾ ਬੋਲਣਾ ਚਾਹੀਦਾ ਹੈ ਤੇ ਅਹਿਮਦ ਸ਼ਾਹ ਨੂੰ ਹਿੰਦੁਸਤਾਨ ਵਿਚ ਦਾਖਲ ਹੋਣ ਤੇ ਰੋਕੇ।' ਸ਼ਾਹਨਵਾਜ ਖਾਨ ਦਾ ਇਰਾਦਾ ਫਿਰ ਬਦਲਿਆ ਪਰ ਅਹਿਮਦ ਸ਼ਾਹ ਅਠਾਰਾਂ ਹਜ਼ਾਰ ਦੀ ਫੌਜ ਨਾਲ ਪੰਜਾਬ ਵਲ ਵੱਧਣ ਲਈ ਤਿਆਰ ਖੜ੍ਹਾ ਸੀ। ਪੂਰਾ ਪ੍ਰੋਗਰਾਮ ਬਣਾਉਣ ਲਈ ਉਸ ਨੇ ਜਦ ਹਾਰੂੰ ਖਾਨ ਸਦਜ਼ੋਈ ਨੂੰ ਭੇਜਿਆ ਤਾਂ ਉਸ ਲਾਹੌਰ ਦੀ ਦਸ਼ਾ ਹੀ ਵਿਗੜੀ ਦੇਖੀ। ਉਹ ਵਾਪਸ ਮੁੜਿਆ ਤੇ ਰਹੁਤਾਸ (ਜਿਹਲਮ) ਜਾ ਕੇ ਸਾਰੇ ਹਾਲਾਤ ਦੱਸੇ। ਅਹਿਮਦ ਸ਼ਾਹ ਗੁੱਸੇ ਵਿਚ ਆਇਆ, ਪਰ ਉਸ ਦੇ ਪੀਰ ਸਾਬਰ ਸ਼ਾਹ ਨੇ ਕਿਹਾ ਕਿ ਇਕ ਵਾਰੀ ਅਵਸਰ ਦੇਣਾ ਉਚਿਤ ਹੈ ਤੇ ਉਸ ਨੂੰ ਜਾ ਕੇ ਸ਼ਾਹਨਵਾਜ਼ ਖਾਨ ਨੂੰ ਸਮਝਾਉਣ ਦਿਉ। ਸਾਬਰ ਸ਼ਾਹ ਦੇ ਵਡੇਰੇ ਲਾਹੌਰ ਦੇ ਸਨ ਤੇ ਉਨ੍ਹਾਂ ਦੇ ਦਾਦਾ ਘੋੜਿਆਂ ਦੇ ਹਕੀਮ ਸਨ

ਅਤੇ ਕਾਬਲ ਜਾ ਕੇ ਵੱਸੇ ਗਏ ਸਨ। ਉਨ੍ਹਾਂ ਪਿਛੋਂ ਕੰਮ ਕਾਜ ਛੱਡਕੇ ਦਰਵੇਸ਼ੀ ਧਾਰ ਲਈ ਸੀ। ਉਨ੍ਹਾਂ ਦਾ ਪੁੱਤਰ ਵੀ ਫਕੀਰ ਸੀ ਤੇ ਸਾਬਰ ਦੀ ਪ੍ਰਸਿਧੀ ਬਹੁਤ ਹੋ ਗਈ। ਸਾਬਰ ਸ਼ਾਹ ਨੇ ਅਹਿਮਦ ਸ਼ਾਹ ਨੂੰ ਨਾਦਰ ਸ਼ਾਹ ਵੇਲੇ ਹੀ ਬਾਦਸ਼ਾਹ ਹੋਣ ਦੀ ਅਸੀਸ ਦਿੱਤੀ ਸੀ ਤੇ ਬਾਦਸ਼ਾਹ ਬਣਨ ਉਪ੍ਰੰਤ ਉਹ ਸਦਾ ਉਸ ਨੂੰ ਆਪਣੇ ਨਾਲ ਹੀ ਰੱਖਦਾ ਸੀ ਅਤੇ ਬੇਪਨਾਹ ਸਤਿਕਾਰ ਦਿੰਦਾ ਸੀ।

ਸਾਬਰ ਸ਼ਾਹ ਲਾਹੌਰ ਪੁਜਿਆ ਤੇ ਸ਼ਾਹਨਵਾਜ਼ ਨੂੰ ਸਮਝਾਇਆ ਕਿ ਆਪਣੇ ਕੀਤੇ ਸ਼ਬਦਾਂ ਤੇ ਫੁੱਲ ਚੜ੍ਹਾਏ। ਉੱਧਰ ਲਾਹੌਰ ਵਿਚ ਇਹ ਹਵਾਈ ਉੱਡਾ ਦਿਤੀ ਗਈ ਕਿ ਅਹਿਮਦ ਸ਼ਾਹ ਕੋਲ ਤੋਪ ਖਾਨਾ ਘੱਟ ਹੈ, ਇਸ ਲਈ ਉਸ ਨੇ ਆਪਣਾ ਜਾਦੂਗਰ ਭੇਜਿਆ ਹੈ ਕਿ ਲਾਹੌਰ ਦਾ ਤੋਪ ਖਾਨਾ ਬਰਬਾਦ ਕਰ ਦੇਵੇ। ਸਾਬਰ ਸ਼ਾਹ ਨੇ ਜਦ ਸਾਫ ਸਾਫ ਸ਼ਾਹਨਵਾਜ਼ ਨੂੰ ਕਹਿਆ ਤਾਂ ਉਸ ਨੇ ਗੁਸੇ ਵਿਚ ਪਿਘਲਿਆ ਹੋਇਆ ਸਿੱਕਾ ਸਾਬਰ ਸ਼ਾਹ ਦੇ ਗਲੇ ਵਿਚ ਪਾਉਣ ਦਾ ਹੁਕਮ ਦਿੱਤਾ। ਸਾਬਰ ਸ਼ਾਹ ਥਾਂ ਹੀ ਖਤਮ ਹੋ ਗਇਆ ਤੇ ਜਦ ਅਬਦਾਲੀ ਨੂੰ ਇਸ ਦਰਦਨਾਕ ਮੌਤ ਦਾ ਪਤਾ ਲਗਾ ਤਾਂ ਉਹ ਗੁੱਸੇ ਵਿਚ ਲਾਲ ਪੀਲਾ ਹੋਇਆ। ੯ ਜਨਵਰੀ ੧੭੪੮ ਨੂੰ ਉਹ ਸ਼ਾਹਦਰਾ (ਲਾਹੌਰ) ਪੁੱਜ ਗਿਆ। ਸ਼ਾਹਦਰਾ ਦੇ ਉਤਰ ਤੋਂ ਰਾਵੀ ਪਾਰ ਕੀਤੀ ਤੇ ਸ਼ਾਲਾਮਾਰ ਬਾਗ ਫੋਜਾਂ ਸਮੇਤ ਪੁੱਜ ਗਇਆ। ਸ਼ਾਹਨਵਾਜ਼ ਖਾਨ ਆਪਣੀਆਂ ਸਤਰ ਹਜ਼ਾਰ ਫੌਜਾਂ ਲੈ ਕੇ ਆਇਆ ਤੇ ਬੇਗਮਪੁਰਾ ਦੀਆਂ ਦੀਵਾਰਾਂ ਤੇ ਤੋਪਾਂ ਚੜ੍ਹਾ ਦਿੱਤੀਆਂ। ਜੰਗ ਹੋਈ ਤੇ ਸ਼ਾਹਨਵਾਜ ਖਾਨ ਦਾ ਸਾਥੀ ਤੇ ਸਜਾ ਹੱਥ ਹਸ਼ੁਮਤਉੱਲਾ ਮਾਰਿਆ ਗਿਆ, ਕਸੂਰ ਦਾ ਅਫਖਾਨ ਸਰਦਾਰ ਜੁਮਲਾ ਖਾਨ, ਅਬਦਾਲੀ ਨਾਲ ਹੀ ਮਿਲ ਗਇਆ। ਸ਼ਾਹਨਵਾਜ਼ ਖਾਨ ਦੀ ਸਾਰੀ ਫੋਜ਼ ਤਿਤਰ ਬਿਤਰ ਹੋ ਗਈ ਤੇ ੧੨ ਜਨਵਰੀ ੧੭੪੮ ਨੂੰ ਅਬਦਾਲੀ ਜੇਤੂ ਦੇ ਤੌਰ ਤੇ ਲਾਹੌਰ ਦਾਖਲ ਹੋਇਆ ਤੇ ਸ਼ਾਹਨਵਾਜ ਖਾਨ ਰਾਤ ਨੂੰ ਖਜ਼ਾਨੇ ਦਾ ਬਹੁਤ ਸਾਰਾ ਧੰਨ ਲੈ ਕੇ ਦਿਲੀ ਵੱਲ ਨੱਸ ਗਿਆ। ਅਹਿਮਦ ਸ਼ਾਹ ਨੇ ਲਾਹੌਰ ਵਿਚ ਕਤਲਿਆਮ ਦਾ ਹੁਕਮ ਦਿੱਤਾ। ਕਈ ਬੇਦੋਸ਼ੇ ਮਾਰੇ ਗਏ। ਲਾਹੌਰ ਦੀ ਇਕ ਦਿਨ ਵਿਚ ਹੀ ਸ਼ਕਲ ਬਦਲ ਗਈ। ਔਰਤਾਂ ਦੀ ਬੇਪਤੀ ਹੋਈ। ਇਹ ਸੱਭ ਦੇਖ ਸ਼ਾਮ ਨੂੰ ਮੀਰ ਮੋਮਨ ਖਾਨ, ਸਯਦ ਜਮੀਲ ਉੱਦਦੀਨ, 'ਮੀਰ ਨਿਆਮਤ ਖਾਨ ਬੁਖਾਰੀ, ਦੀਵਾਨ ਲਖਪਤ ਰਾਇ ਤੇ ਦੀਵਾਨ ਸੂਰਤ ਸਿੰਘ ਸ਼ਾਹ ਪਾਸ ਹਾਜ਼ਰ ਹੋਏ ਤੇ ੩੦ ਲੱਖ ਦਾ ਨਜ਼ਰਾਨਾ ਰੱਖਿਆ ਤੇ ਲਾਹੌਰ ਦਾ ਕਤਲਿਆਮ ਬੰਦ ਕਰਨ ਦੀ ਬੇਨਤੀ ਕੀਤੀ। ਸਾਰੀ ਤਬਾਹੀ ਬੇਗਮ ਪੁਰਾ ਹੀ ਹੋਈ ਸੀ ਤੇ ਉਥੋਂ ਹੀ ਇਤਨਾ ਮਾਲ ਮਿਲ ਗਇਆ ਸੀ ਕਿ ਬਾਕੀ ਸ਼ਹਿਰ ਵਿਚ ਲੜਾਈ ਬੰਦ ਕਰਨ ਦਾ ਹੁਕਮ ਉਸ ਦੇ ਦਿੱਤਾ। ਅਬਦਾਲੀ ਦੇ ਆਪਣੇ ਨਾਂ ਦਾ ਸਿਕਾ ਵੀ ਜਾਰੀ ਕੀਤਾ ਅਤੇ ਸਰਦਾਰ ਜੁਮਲਾ ਖਾਨ ਕਸੂਰੀਏ ਨੂੰ ਲਾਹੌਰ ਦਾ ਨਾਜ਼ਮ ਨਿਯਤ ਕਰਕੇ ਅਗੇ ਵੱਧਿਆ। ਸਰਹੰਦ ਦੇ ਅਸਥਾਨ ਤੇ ਕਮਰਦੀਨ ਦੀਆਂ ਫੌਜ਼ਾਂ ਨਾਲ ਟਾਕਰਾ ਹੋਇਆ ਜਿਥੇ ਉਸ ਦੇ ਪੁਤਰ ਮੀਰ ਮੁਯਨ-ਉਲ ਮਲਕ ਨੇ ਬੜੇ ਜੋਹਰ ਦਿਖਾਏ। ਅਬਦਾਲੀ ਹਾਰ ਕੇ ਵਾਪਸ ਮੁੜਿਆ। ਭਾਵੇਂ ਕਮਰਦੀਨ ਤਾਂ ਆਪ ਮਾਰਿਆ ਗਇਆ ਪਰ ਇਕ ਵਾਰੀ ਅਬਦਾਲੀ ਨੂੰ ਵੀ ਜੰਗ ਦਾ ਅਰਥ ਸਮਝਾ ਗਿਆ। ਮੁਯਨ-ਉਲ-ਮਲਕ ਲਾਹੌਰ ਦਾ ਨਵਾਬ ਬਣਕੇ ਪੰਜਾਬ ਪੁੱਜਾ।

ਸਿਖਾਂ ਦਾ ਅੰਮ੍ਰਿਤਸਰ ਜੁੜਨਾ, ਗੁਰਮਤਾ ਤੇ ਰਾਮ ਰੌਣੀ : ੧੭੪੬ ਤੋਂ ੧੭੪੮ ਤਕ ਲਾਹੌਰ ਵਿਚ ਐਸੇ ਝਗੜੇ ਰਹੇ ਕਿ ਕਰਮਚਾਰੀ ਸਿਖਾਂ ਵੱਲੋਂ ਅਵੇਸਲੇ ਹੀ ਹੋ ਗਏ। ਭਾਵੇਂ ਛੋਟੇ ਘਲੂਘਾਰੇ ਵਿਚ ਤਗੜੀ ਸੱਟ ਵੱਜੀ ਸੀ ਪਰ ਲਾਹੌਰ ਦੇ ਝਗੜੇ ਨੂੰ ਗਨੀਮਤ ਸਮਝ ਕੇ ਛੁੱਪਨ ਗਾਹਾਂ ਵਿਚੋਂ ਸਿੰਘਾਂ ਨੂੰ ਨਿਕਲ ਕੇ ਮੈਦਾਨਾਂ ਵਿਚ ਆ ਗਏ। ਤਰੁਣਾ ਦਲ ਤਾਂ ਖਾਸ ਕਰ ਤਿੱਖਾ

ਹੋ ਗਿਆ ਬੁੱਢਾ। ਦਲ ਦੇ ਜਥੇਦਾਰ ਕਪੂਰ ਸਿੰਘ ਵੀ ਸ੍ਰੀ ਅੰਮ੍ਰਿਤਸਰ ਹੀ ਆ ਗਏ । ੧੭੪੬ ਦੀ ਦੀਵਾਲੀ ਵੀ ਸਿਖਾਂ ਅੰਮ੍ਰਿਤਸਰ ਆ ਕੇ ਮਨਾਈ। ਉਥੇ ਹੀ ਸਿਖਾਂ ਨੂੰ ਖੱਬਰ ਪੁੱਜੀ ਕਿ ਲਖਪਤ ਰਾਇ ਗ੍ਰਿਫਤਾਰ ਕਰ ਲਇਆ ਗਿਆ ਹੈ ਜੋ ਸਿਖਾਂ ਨੇ ਗੁਰਮਤਾ ਕਰਕੇ ਉਸ ਨੂੰ ਸਿਖਾਂ ਦੇ ਹਵਾਲੇ ਕਰਨ ਦੀ ਮੰਗ ਕੀਤੀ। ਉਥੇ ਹੀ ਸਿੰਘਾਂ ਦੂਜਾ ਗੁਰਮਤਾ ਕੀਤਾ ਕਿ ਅੰਮ੍ਰਿਤਸਰ ਦੀ ਰਖਿਆ ਲਈ ਰਾਮ ਰੋਣੀ ਬਣਾਈ ਜਾਏ ।

ਰਾਮ ਰੌਣੀ : ਰਾਮ ਰੌਣੀ ਉਸਾਰਨ ਲਈ ਸਰਦਾਰ ਜਸਾ ਸਿੰਘ 'ਇਛੋਗਿਲ' ਦੀ ਨਿਯੁਕਤੀ ਕੀਤੀ ਗਈ। ਇਹ ਸਰਦਾਰ ਜਸਾ ਸਿੰਘ ਪਿੱਛੋਂ ਰਾਮਗੜ੍ਹੀਆ ਨਾਂ ਨਾਲ ਪ੍ਰਸਿਧ ਹੋਏ। ਇਕ ਮਹੀਨੇ ਵਿਚ ਹੀ ਉਨ੍ਹਾਂ ਨੇ ਗੜ੍ਹੀ ਤਿਆਰ ਕਰ ਦਿੱਤੀ ਤੇ ਉਸ ਦਾ ਨਾਂ ਰਾਮ ਰੌਣੀ ਰਖਿਆ ਗਇਆ ਕਿਉਂਕਿ ਸਿਖ ਕਿਸੇ ਵੇਲੇ ਵੀ ਵਾਹਿਗੁਰੂ ਨੂੰ ਨਹੀਂ ਸਨ ਵਿਸਰਦੇ ਤੇ 'ਚੌਗਿਰਦ ਹਮਾਰੇ ਰਾਮ ਕਾਰ', ਉਨ੍ਹਾਂ ਦੀ ਟੇਕ ਸੀ। ਕਸੂਰ ਤੇ ਵੀ ਸਿੰਘਾਂ ਧਾਵਾ ਬੋਲਿਆ ਤੇ ਕਬਜ਼ਾ ਕੀਤਾ।

ਅੰਮ੍ਰਿਤਸਰ ਸਿਖਾਂ ਦੀ ਸ਼ਕਤੀ ਤੇ ਜੁਗਤੀ ਦਾ ਫਿਰ ਕੇਂਦਰ ਬਣ ਗਿਆ ਸੀ । ਜਦ ਸਿੱਖਾਂ ਨੂੰ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਦੀ ਸੂਹ ਮਿਲੀ ਤਾਂ ਉਨ੍ਹਾਂ ਸਰਬੱਤ ਖਾਲਸੇ ਦਾ ਇਕਠ ਅੰਮ੍ਰਿਤਸਰ ਸਦਿਆ ਤੇ ਵੈਸਾਖੀ (੧੭੪੭) ਨੂੰ ਗੁਰਮਤਾ ਕੀਤਾ ਕਿ ਕਿਸੇ ਹਾਲਤ ਵਿਚ ਵੀ ਪੰਜਾਬ ਨੂੰ ਅਫਗਾਨ ਸਾਮਰਾਜ ਦਾ ਹਿੱਸਾ ਨਹੀਂ ਬਣਨ ਦਿੱਤਾ ਜਾਵੇਗਾ। ਸੋ ਸਿਖਾਂ ਦੇ ਜਥੇ ਸੁਚੇਤ ਹੋ ਗਏ ਤੇ ਸਰਦਾਰ ਚੜ੍ਹਤ ਸਿੰਘ ਸੁਕਰਚਕੀਆ ਦੀ ਅਗਵਾਈ ਹੇਠਾਂ ਪੂਰੀ ਅੱਖ ਰਖਣ ਲਗੇ ।

ਉਧਰ ਸਿਖ ਸਰਦਾਰ ਜਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਹੇਠਾਂ ਅਨੰਦ ਪੁਰ ਪੁੱਜ ਗਏ ਤੇ ਉਥੋਂ ਸਰਹੰਦ ਵਿਚ ਮੁੱਗਲਾਂ ਤੇ ਅਫਗਾਨਾਂ ਦੀ ਟੱਕਰ ਨੂੰ ਦੇਖਣ ਲਗੇ। ਅਬਦਾਲੀ ਨੂੰ ਸਰਹੰਦ ਵਿਚ ਹਾਰ ਦਾ ਮੂੰਹ ਦੇਖਣਾ ਪਿਆ ਤੇ ਉਹ ਲਾਹੌਰ ਵਲ ਭੱਜ ਉਠਿਆ। ਸਿੰਘਾਂ ਵੀ ਦੁਰਾਨੀ ਦਾ ਪਿੱਛਾ ਕੀਤਾ ਤੇ ਸਰਦਾਰ ਚੜ੍ਹਤ ਸਿੰਘ ਜੀ ਤਾਂ ਉਸ ਨੂੰ ਸਿੰਧ ਪਾਰ ਕਰਕੇ ਹੀ ਵਾਪਸ ਮੁੜੇ, ਅੰਮ੍ਰਿਤਸਰ ਤੇ ਸਿਖਾਂ ਦਾ ਕਬਜ਼ਾ ਹੋ ਗਿਆ ਅਤੇ ਫੌਜਦਾਰ ਸਲਾਬਤ ਖਾਨ ਲਾਹੌਰ ਭੱਜ ਗਿਆ ।

੨੯ ਮਾਰਚ, ੧੭੪੮ ਨੂੰ ਵੈਸਾਖੀ ਵਾਲਾ ਦਿਨ ਨੇੜੇ ਆ ਰਿਹਾ ਸੀ। ਸੋ ਨਵਾਬ ਕਪੂਰ ਸਿੰਘ ਨੇ ਸਰਬੱਤ ਖਾਲਸੇ ਨੂੰ ਉਸ ਦਿਨ ਜੁੜਨ ਲਈ ਹਰ ਥਾਂ ਸਦੇ ਪਤਰ ਭੇਜੇ। ਨਵਾਬ ਕਪੂਰ ਸਿੰਘ ਜੀ ਬਿਰਧ ਹੋ ਗਏ ਸਨ ਤੇ ਉਹ ਖਾਲਸੇ ਦੀ ਬਾਗ ਡੋਰ ਵੀ ਕਿਸੇ ਹੋਰ ਨੂੰ ਸੌਂਪਣਾ ਚਾਹੁੰਦੇ ਸਨ । ਦੂਜੇ ਉਹ ਦੇਖ ਰਹੇ ਸਨ ਕਿ ਜਥਿੱਆਂ ਦੀ ਗਿਣਤੀ ਵੱਧਦੀ ਵੱਧਦੀ ੬੩ ਤਕ ਪੁੱਜ ਗਈ ਹੈ ਤੇ ਇਸ ਤਰ੍ਹਾਂ ਜੇ ਜੱਥਿਆਂ ਦੀ ਗਿਣਤੀ ਤੇ ਰੋਕ ਨਾ ਲਗਾਈ ਗਈ ਤਾਂ ਸਾਰੀ ਜਥੇਬੰਦੀ ਹੀ ਖੇਰੂੰ ਖੇਰੂੰ ਹੋ ਜਾਵੇਗੀ। ਸਮੇਂ ਦੀ ਲੋੜ ਹੈ ਕਿ ਸਰਬੱਤ ਖਾਲਸੇ ਦਾ ਇਕ ਹੀ ਦਲ ਹੋਵੇ ਤੇ ਉਸ ਅਧੀਨ ਕੁਝ ਜਥੇ ਕੰਮ ਕਰਨ ਅਤੇ ਹਰ ਜਥੇ ਦਾ ਖੇਤਰ ਤੇ ਕਰਮ ਵੀ ਨਿਯਤ ਕਰ ਦਿੱਤਾ ਜਾਏ ।

ਵੈਸਾਖੀ ਦੇ ਇਕੱਠ ਤੇ ਨਵਾਬ ਕਪੂਰ ਸਿੰਘ ਨੇ ਆਪਣੇ ਬਿਰਧ ਹੋਣ ਦੀ ਗੱਲ ਕਹੀ, ਫਿਰ ਖਾਲਸੇ ਤੇ ਵਾਪਰੇ ਘਲੂਘਾਰੇ ਦਾ ਜ਼ਿਕਰ ਕੀਤਾ ਤੇ ਅਗੋਂ ਆ ਰਹੇ ਹੋਰ ਖਤਰੇ ਤੋਂ ਜਾਣੂ ਕਰਵਾਇਆ। ਸਾਰਿਆਂ ਨੂੰ ਆਪਣੇ ਜੱਥੇ ਤੋੜਨ ਦੀ ਬੇਨਤੀ ਕੀਤੀ ਤੇ ਇਕੋ 'ਦਲ ਖਾਲਸਾ' ਬਨਾਉਣ ਦਾ ਐਲਾਨ ਕੀਤਾ। ਇਕੋ ਆਗੂ ਸਰਦਾਰ ਜਸਾ ਸਿੰਘ ਆਹਲੂਵਾਲੀਆ ਥਾਪਿਆ ਤੇ ਇਕੋ ਉਦੇਸ਼ 'ਰਾਜ ਕਰੇਗਾ ਖਾਲਸਾ' ਦ੍ਰਿੜ ਕਰਾਇਆ । ਦਲ ਖਾਲਸਾ ਨੂੰ ਸੁਤੰਤਰ ਰਾਜ

ਕਿਹਾ । ਦਲ ਖਾਲਸੇ ਨੂੰ ਅਗੋਂ ਗਿਆਰਾਂ ਜੱਥਿਆਂ ਵਿੱਚ ਵੰਡ ਦਿੱਤਾ ਗਿਆ ਤੇ ਜਥੇਦਾਰ ਵੀ ਨਿਯੁਕਤ ਕਰ ਦਿੱਤੇ ਗਏ । ਗਿਆਰਾਂ ਜਥੇ ਤੇ ਜਥੇਦਾਰ ਇਸ ਪ੍ਰਕਾਰ ਸਨ । ਇਹ ਹੀ ਜੱਥੇ ਪਿਛੋਂ ਮਿਸਲਾ ਬਣ ਗਏ ਤੇ ਜਥੇਦਾਰ, ਮਿਸਲਦਾਰ ।

੧. ਜਥਾ ਫੈਜ਼ਲ ਪੁਰੀਆ————ਜਥੇਦਾਰ ਨਵਾਬ ਕਪੂਰ ਸਿਘ
੨. ,, ਆਹਲੂਵਾਲੀਆ————ਸਰਦਾਰ ਜਸਾ ਸਿੰਘ ਜੀ ਆਹਲੂਵਾਲੀਆ
੩. ,, ਸੁਕਰਚਕੀਆ————ਜ: ਬਾਬਾ ਨੌਧ ਸਿੰਘ ਜੀ
੪. ,, ਭੰਗੀ——————ਜਥੇਦਾਰ ਭਾਈ ਹਰੀ ਸਿੰਘ
੫. ,, ਨਿਸ਼ਾਨਵਾਲੀਆ————,, ਦਸੌਂਧਾ ਸਿੰਘ
੬. ,, ਕਨ੍ਹਈਆ——————,, ਜੈ ਸਿੰਘ ਕਾਨ੍ਹਾ
੭. ,, ਨਕਈ——————,, ਸਰਦਾਰ ਹੀਰਾ ਸਿੰਘ ਨਕਈ
੮. ,, ਡਲੇਵਾਲੀਆ————,, ਸਰਦਾਰ ਗੁਲਾਬ ਸਿੰਘ ਡਲੇਵਾਲ
੯. ,, ਸ਼ਹੀਦ——————,, ਬਾਬਾ ਦੀਪ ਸਿੰਘ
੧੦. ,, ਕ੍ਰੋੜੀਆ——————,, ਕ੍ਰੋੜਾ ਸਿੰਘ
੧੧. ,, ਸੰਘਾਣੀਆਂ/ਰਾਮਗੜ੍ਹੀਆ—ਜਥੇਦਾਰ ਨੰਦ ਸਿੰਘ ਸੰਘਾਣੀਆ

ਵੈਸਾਖੀ ਵਾਲੇ ਦਿਨ ਹੀ ਇਤਹਾਸਕ ਗੁਰਮਤਾ ਕੀਤਾ ਗਿਆ ਕਿ ਪੰਜਾਬ ਸਿਖਾਂ ਦਾ ਹੈ, ਕਿਸੇ ਬਾਹਰਲੀ ਤਾਕਤ ਨੂੰ ਹਮਲਾ ਕਰਨ ਦੀ ਸੂਰਤ ਵਿਚ ਰੋਕਿਆ ਜਾਏਗਾ । ਪੰਜਾਬ ਤੇ ਹਮਲਾ ਸਿਖਾਂ ਤੇ ਹੀ ਹਮਲਾ ਸਮਝਿਆ ਜਾਏਗਾ ਅਤੇ ਸਿਖਾਂ ਨੂੰ ਉਸ ਦੇ ਵਿਰੋਧ ਵਿਚ ਡਟ ਜਾਣਾ ਚਾਹੀਦਾ ਹੈ । ਜੱਥਿਆਂ ਦਾ ਖੇਤ੍ਰ ਵੀ ਵੰਡ ਦਿੱਤਾ ਗਿਆ । ਬਾਰੀ ਦੁਆਬਾ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਭਾਈ ਹਰੀ ਸਿੰਘ ਭੰਗੀ ਤੇ ਜਥੇਦਾਰ ਕ੍ਰੋੜਾ ਸਿੰਘ ਦੇ ਪ੍ਰਭਾਵ ਹੇਠਾਂ ਸੀ । ਜਲੰਧਰ ਦੁਆਬ ਵਿਚ ਸਰਦਾਰ ਬਾਘ ਸਿੰਘ ਹਲੇਵਾਲੀਆ, ਸਰਦਾਰ ਜਸਾ ਸਿੰਘ ਆਹਲੂਵਾਲੀਆ ਤੇ ਸਰਦਾਰ ਜਸਾ ਸਿੰਘ 'ਰਾਮਗੜ੍ਹੀਆ' ਨੇ ਆਪਣੀ ਧਾਕ ਬਿਠਾਉਣੀ ਸ਼ੁਰੂ ਕਰ ਦਿੱਤੀ । ਸਰਦਾਰ ਚੜ੍ਹਤ ਸਿੰਘ ਸੁਕਰਚਕੀਆ ਨੇ 'ਗੁਜਰਾਂ ਵਾਲਾ ਕਿਲ੍ਹਾ ਬਣਾ ਕੇ ਰਚਨਾ ਦੁਆਬ ਵਿਚ ਆਪਣੀ ਹੋਂਦ ਦਾ ਪ੍ਰਗਟਾਵਾ ਕੀਤਾ । ਜਿੱਤਾਂ, ਮੱਲਾਂ ਤੇ ਕਿਲ੍ਹਿਆਂ ਦੇ ਪ੍ਰਭਾਵ ਕਰਕੇ ਦਲ ਖਾਲਸਾ ਦੀ ਜਥੇਬੰਦੀ ਵੱਧਣ ਲੱਗੀ ਤੇ ਲੋਕ ਸਿਖ ਜਥੇਬੰਦੀ ਵਿਚ ਸ਼ਾਮਲ ਹੋਣ ਲੱਗੇ । ਹਰ ਪੁਰਸ਼ ਜੋ ਜਾਬਰਾਂ ਦੀ ਸਖ਼ਤੀ ਤੇ ਬਾਹਰਲੇ ਹਮਲਿਆਂ ਤੋਂ ਨਿਜਾਤ ਹਾਸਲ ਕਰਨਾ ਚਾਹੁੰਦਾ ਸੀ । ਸਿੱਖ ਜਥੇਬੰਦੀ ਵਿਚ ਸ਼ਾਮਲ ਹੋ ਗਿਆ ।

ਅਪ੍ਰੈਲ ੧੭੪੯ ਨੂੰ ਮੀਰ ਮੰਨੂੰ ਲਾਹੌਰ ਤੇ ਮੁਲਤਾਨ ਦਾ ਗਵਰਨਰ ਬਣ ਚੁੱਕਾ ਸੀ । ਸਿਆਰ-ਉਲ-ਮੁਤਾਖਰੀਨ ਦੇ ਸ਼ਬਦਾਂ ਵਿਚ ਮੁਯੀਨ-ਉਲ-ਮਲਕ ਦੇ ਸਮੇਂ ਫੌਜ਼ ਬਹੁਤ ਰੱਖਣੀ ਪਈ ਤੇ ਖਰਚ ਵੀ ਬਹੁਤ ਹੀ ਵੱਧ ਗਏ । ਆਮਦਨੀ ਬਹੁਤ ਘਟ ਗਈ ਸੀ । ਪਰਜਾ ਤੇ ਜ਼ੋਰ ਤੇ ਜ਼ੁਲਮ ਅਰੰਭ ਹੋ ਗਏ । ਸਿੱਖਾਂ ਲਈ ਵੀ ਸੁਖ ਤੇ ਸ਼ਾਂਤੀ ਨ ਰਹੀ ਪਰ ਸਿੱਖ ਲੋਕ ਇਕ ਦੂਜੇ ਦੇ ਦੁੱਖ ਅਗੇ ਵੱਧ ਕੇ ਵੰਡਾ ਲੈਂਦੇ ਸਨ । ਸੋ ਜਿਸ ਪ੍ਰਾਣੀ ਤੇ ਵੀ ਜ਼ੁਲਮ ਹੁੰਦਾ ਉਹ ਕੇਸ ਰੱਖ ਲੈਂਦਾ ਤੇ 'ਅਕਾਲ ਅਕਾਲ' ਦਾ ਨਾਅਰਾ ਮਾਰਦਾ ਗੁਰੂ ਗੋਬਿੰਦ (ਸਿੰਘ) ਦਾ ਸਿੱਖ ਬਣ ਜਾਂਦਾ, ਤੇ ਇਸ ਤਰ੍ਹਾਂ ਸ਼ਕਤੀ ਵੱਧਦੀ ਹੀ ਗਈ[1] ।

1. ਸਿਆਰ-ਉਲ-ਮੁਤਾਖਰੀਨ, ਜਿਲਦ ਤੀਜੀ, ਪੰਨਾ ੮੯ ।

ਕਨਿੰਘਮ ਨੇ ਵੀ ਲਿਖਿਆ ਹੈ ਕਿ ਧਰਮ ਤੇ ਅਟੁਟ ਵਿਸ਼ਵਾਸ ਤੇ ਭਗਤੀ ਤੋਂ ਸਿਵਾ ਸਿੱਖਾਂ ਦੀ ਜਥਬੰਦੀ ਦਾ ਹੋਰ ਕੋਈ ਬਕਾਇਦਾ ਅਸੂਲ ਨਹੀਂ ਸੀ। ਸਿੱਖ ਇਹ ਸਮਝਦੇ ਸਨ ਕਿ ਸਿਰਫ ਵਾਹਿਗੁਰੂ ਹੀ ਉਨ੍ਹਾਂ ਦਾ ਮਦਦਗਾਰ ਤੇ ਨਿਰੋਲ ਨਿਆਕਾਰ ਹੈ ਤੇ ਉਹ ਹੀ ਉਨ੍ਹਾਂ ਦਾ ਹਰ ਸਮੇਂ ਧਿਆਨ ਰੱਖਣ ਵਾਲੀ ਵਸਤੂ ਹੈ। ਉਹ ਇਕ ਹੀ ਧਰਮ ਤੇ ਯਕੀਨ ਰੱਖਦੇ ਸਨ ਤੇ ਲੋਕਾਂ ਨੂੰ ਸੁੱਖ ਪਹੁੰਚਾਉਣਾ ਉਨ੍ਹਾਂ ਦਾ ਮੁੱਖ ਮੰਤਵ ਸੀ। ਇਸ ਨਿਸ਼ਾਨੇ ਨੂੰ ਮੁੱਖ ਰੱਖਕੇ ਹੀ ਸੱਭ ਕੰਮਾਂ ਵਿਚ ਲਗਦੇ ਤੇ ਜੰਗਾਂ ਵਿਚ ਹਿੱਸਾ ਲੈਂਦੇ। (ਗੁਰੂ) ਗੋਬਿੰਦ (ਸਿੰਘ) ਦੀ ਤਲਵਾਰ ਦੀ ਠੀਕ ਵਰਤੋਂ ਉਹ ਜਾਣਦੇ ਸਨ। ਜਨਰਲ ਗਾਰਡਨ ਨੇ ਆਪਣੀ ਪੁਸਤਕ ਦੀ ਸਿਖਸ[1] ਵਿਚ ਲਿਖਿਆ ਹੈ ਕਿ "ਸਰਦਾਰਾਂ ਨੇ ਸਰਬ ਸਮਤੀ ਨਾਲ ਇਹ ਫ਼ੈਸਲਾ ਕੀਤਾ ਕਿ ਸਮੇਂ ਸਮੇਂ ਸਾਡੇ ਵਿਚੋਂ ਹੀ ਸੰਗਤਾਂ ਤੇ ਰਾਜਨੀਤਕ ਕੰਮਾਂ ਲਈ ਇਕ ਲੀਡਰ ਹੋਵੇ, ਜਿਸ ਦੀ ਚੋਣ ਸਮੁਚੀ ਕੌਮ ਕਰੇ ਤੇ ਇਹ ਚੋਣ ਸੀ ਅੰਮ੍ਰਿਤਸਰ ਕੌਮੀ ਜਥੇਬੰਦੀ ਵਿਚ ਹੀ ਹੋਵੇ ਤਾਕਿ ਸਾਂਝੀ ਸ਼ਕਤੀ ਦੀ ਵਰਤੋਂ ਕੀਤੀ ਜਾ ਸਕੇ। ਇਸ ਤਰ੍ਹਾਂ ਸਿੱਖਾਂ ਵਿਚ ਇਕ ਲੋਕ ਰਾਜ ਦੀ ਸ਼ਕਤੀ ਆ ਗਈ। ਅੰਮ੍ਰਿਤਸਰ ਅਕਾਲੀਆਂ ਦਾ ਇਕ ਕੌਮੀ ਜੱਥਾ ਵੀ ਬਣ ਗਿਆ ਜਿਨ੍ਹਾਂ ਦਾ ਮੁੱਖ ਫਰਜ਼ ਸੀ ਕਿ ਖਾਲਸਾ ਵਿਚ ਬੁਰੀਆਂ ਰਸਮਾਂ ਨੂੰ ਨ ਆਵਨ ਦੇਵੇ ਤੇ ਧਰਮ ਦੀ ਹਫ਼ਾਜ਼ਤ ਕਰੇ, ਗਲਤੀ ਕਰਨ ਵਾਲਿਆਂ ਨੂੰ ਟੋਕੇ ਤੇ ਗੰਗਾ ਜਮਨੀ ਖਿਆਲਾਂ ਵਾਲੇ ਢਿਲੜ ਨ ਪੈਦਾ ਹੋਣ ਦੇਵੇ। ਉਹ ਜੱਥਾ ਰਾਵਾਂ ਦੇ ਕੇ ਸੋਧਾ ਕਰਕੇ, ਤਰੱਕੀ ਦੇ ਰਾਹ ਪਾ ਕੇ, ਕੌਮ ਨੂੰ ਆ ਰਹੇ ਖਤਰਿਆਂ ਤੋਂ ਰੋਕਣ ਵਿਚ ਖਾਸ ਤੌਰ ਤੇ ਹਿੱਸਾ ਲੈਂਦੇ ਅਤੇ ਸਿੱਖਾਂ ਵਿਚ ਧਾਰਮਕ ਸਿਖਆ ਦਾ ਖਾਸ ਪ੍ਰਚਾਰ ਕਰਦੇ ਸਨ"। ਮੈਲਕਮ, ਆਪਣੀ ਪੁਸਤਕ ਸਕੇਚ ਔਫ ਦੀ ਸਿਖਸ ਵਿਚ ਲਿਖਦਾ ਹੈ ਕਿ "ਸਿੱਖਾਂ ਕੋਲ ਇਕ ਹੋਰ ਹਥਿਆਰ ਗੁਰਮਤਾ ਸੀ"। ਗਾਰਡਨ ਵੀ ਅਗੇ ਚਲਕੇ ਲਿਖਦਾ ਹੈ ਕਿ 'ਇਹ ਸਰਦਾਰ ਆਪਣੀਆਂ ਮਿਸਲਾਂ ਤੇ ਖੁਦਮੁਖਤਾਰਾਨਾ ਹਕੂਮਤ ਨਹੀਂ ਕਰਦੇ ਸਨ। ਜਥੇਦਾਰ ਤੇ ਜੱਥੇ ਦਾ ਕੁੰਡਾ ਹੁੰਦਾ ਸੀ। ਇਨ੍ਹਾਂ ਜਥੇਦਾਰਾਂ ਵਿਚੋਂ ਬਹੁਤੇ ਹੇਠੋਂ ਉਠੇ ਸਨ। ਕਿਸੇ ਜ਼ਾਤ, ਜਮਾਤ ਦੀ ਪੂਜਾ ਨਹੀਂ ਹੁੰਦੀ ਸੀ। ਕਈ ਵਾਹਕ, ਤਰਖਾਣ ਜਾਂ ਛੇੜੂ ਸਨ। **ਜਥੇਦਾਰ ਉਹ ਹੀ ਬਣ ਸਕਦਾ ਸੀ ਜੋ ਬਰਾਦਰੀ ਰਾਹੀਂ ਲੋਕਾਂ ਤੇ ਪ੍ਰਭਾਵ ਪਾ ਲੈਂਦਾ ਸੀ**। (ਗੁਰੂ) ਗ੍ਰੰਥ (ਸਾਹਿਬ) ਮੁਤਾਬਕ ਹੀ ਉਹ ਕੰਮ ਕਰਦੇ ਸਨ। ਗੱਲ ਕੀ ਹਰ ਜਥੇਦਾਰ ਮਾਲਕ ਵੀ ਸੀ, ਨੌਕਰ ਵੀ। ਸਰਦਾਰ ਵੀ ਸੀ, ਪਰਜਾ ਵੀ ਸੀ। ਉਹੀ ਨਿਜੀ ਤੌਰ ਤੇ ਖ਼ੁਦਾ ਪ੍ਰਸਤ ਦਰਵੇਸ਼ ਤੇ ਜਥੇਬੰਦਕ ਤੌਰ ਤੇ ਦੁਸ਼ਮਣ ਦਾ ਖੂਨ ਪੀਣ ਲਈ ਮੌਤ ਦਾ ਫਰਿਸ਼ਤਾ। ਅਕਾਲ ਪੁਰਖ ਨੂੰ ਉਹ ਸਚਾ ਸਹਾਇਕ ਤੇ ਨਾਨਕ ਪੰਥ ਤੇ ਟੁਰ ਕੇ ਹੀ ਉਹ ਆਪਣੀ ਮੁਕਤੀ ਦਾ ਰਾਹ ਸਮਝਦਾ ਸੀ। ਗੁਰੂ ਗੋਬਿੰਦ ਸਿੰਘ ਦੀ ਸਿਖਿਆ ਅਨੁਸਾਰ ਬਖਸ਼ਿਆ ਫੌਲਾਦ ਉਨ੍ਹਾਂ ਦਾ ਹਥਿਆਰ ਸੀ'।

— - — —

੧. ਦੀ ਸਿਖਸ ਪੰਨਾ, ੬੩.

ਅਧਿਆਇ ਤੇਰ੍ਹਵਾਂ

ਮੀਰਮਨੂ ਦੇ ਸੋਏ
ਉਤੋਂ ਉਤੋਂ ਲਾਹ ਪੜੇ. ਹੇਠੋਂ ਦੂਨ ਹੋਏ ।

ਲਖਪਤ ਰਾਇ ਦਾ ਅੰਤ : ਮੀਰਮਨੂੰ ਨੇ ਬਾਗਡੋਰ ਸੰਭਾਲਦਿਆਂ ਹੀ ਇਹ ਦੇਖ ਲਿਆ ਕਿ ਲਖਪਤ ਰਾਇ ਸਿੱਖਾਂ ਨਾਲ ਸੰਘਰਸ਼ ਵਿਚ ਤਾਂ ਸਹਾਇਕ ਹੋ ਸਕਦਾ ਸੀ ਪਰ ਉਸ ਨੇ ਅਹਿਮਦ ਸ਼ਾਹ ਅਬਦਾਲੀ ਨਾਲ ਗਠ ਜੋੜ ਕਰਕੇ ਇਕ ਅਤਿ ਮਾੜਾ ਕਰਮ ਕੀਤਾ ਸੀ, ਸੋ ਉਸ ਨੇ ਕੋੜਾ ਮਲ ਨੂੰ ਆਪਣਾ ਦੀਵਾਨ ਥਾਪ ਦਿੱਤਾ । ਦੀਵਾਨ ਕੋੜਾ ਮਲ ਰਾਂਹੀ ਮੀਰ ਮਨੂੰ ਨੇ ਅਬਦਾਲੀ ਦੇ ਨਵੇਂ ਹਮਲੇ ਦਾ ਹੋਣਾ ਦਸਕੇ ਇਮਦਾਦ ਮੰਗੀ। ਸਿਖ ਗੁਰਮਤਾ ਕਰ ਹੀ ਚੁਕੇ ਸਨ ਕਿ ਅਬਦਾਲੀ ਦੇ ਹਮਲੇ ਵੇਲੇ ਉਸ ਦਾ ਡੱਟ ਕੇ ਵਿਰੋਧ ਕਰਨਾ ਹੈ, ਸੋ ਉਨ੍ਹਾਂ ਇਹ ਸਵੀਕਾਰ ਕਰ ਲਿਆ ਪਰ ਇਕ ਸ਼ਰਤ ਲਾਈ ਕਿ ਮੀਰ ਮਨੂੰ ਲਖਪਤ ਰਾਇ ਨੂੰ ਸਿੱਖਾਂ ਦੇ ਹਵਾਲੇ ਕਰ ਦੇਵੇ । ਸੌਦਾ ਸਸਤਾ ਜਾਣਕੇ ਮੀਰ ਮਨੂੰ ਨੇ ਲਖਪਤ ਰਾਇ ਨੂੰ ਕੋੜਾ ਮਲ ਦੇ ਹਵਾਲੇ ਦਸ ਲੱਖ ਟਕੇ ਲੈ ਕੇ ਕਰ ਦਿੱਤਾ ।[1] ਉਸ ਨੇ ਅਗੋਂ ਸਿੱਖਾਂ ਦੇ ਹਾਵਲੇ ਕਰ ਦਿੱਤਾ । ਲਖਪਤ ਰਾਇ[2] ਦੁੱਖ ਭੋਗਦਾ ਖ਼ਤਮ ਹੋ ਗਿਆ । ਕਹਿੰਦੇ ਹਨ ਕਿ ਹਰ ਦੇਖਣ ਆਏ ਸਿੱਖ ਨੇ ਇਕ ਜੁਤੀ ਉਸ ਨੂੰ ਮਾਰੀ । ਮੀਰ ਮਨੂੰ ਦੇ ਉਸ ਸਮੇਂ ਸਿਖਾਂ ਨਾਲ ਨ ਵਿਗਾੜਨ ਦੇ ਕਈ ਹੋਰ ਕਾਰਣ ਵੀ ਸਨ । ਅਬਦਾਲੀ-ਬਦਲ ਸਿਰ ਤੇ ਮੰਡਲਾ ਰਹੇ ਸਨ । ਲਾਹੌਰ ਵਿਚ ਅਜੇ ਉਸ ਦੀ ਆਪਣੀ ਤਗੜੀ ਫੌਜ ਵੀ ਨਹੀਂ ਸੀ ਅਤੇ ਮੁਲਤਾਨ ਵਿਚ ਅਹਿਮਦ ਸ਼ਾਹ ਅਬਦਾਲੀ ਦਾ ਨਿਯਤ ਕੀਤਾ ਹੋਆ ਗਵਰਨਰ ਜ਼ਹੀਦ ਖਾਨ ਅਜੇ ਬੈਠਾ ਹੋਇਆ ਸੀ । ਉਸਨੂੰ ਹਰਾ ਕੇ ਹੀ ਮੁਮਤਾਨ ਕਬਜ਼ੇ ਵਿਚ ਲਿਆ ਜਾ ਸਕਦਾ ਸੀ ।

ਹੋਰ ਦਿਲੀ ਦਾ ਨਵਾਂ ਵਜ਼ੀਰ ਸਫਦਰ ਜੰਗ ਮੀਰ ਮਨੂੰ ਦੇ ਵਿਰੁੱਧ ਸ਼ਾਜਸਾਂ ਘੜ ਰਿਹਾ ਸੀ । ਸੋ ਦਿਲੀ ਦੀ ਵਿਰੋਧਤਾ ਹੁੰਦਿਆਂ ਸਿੱਖਾਂ ਨਾਲ ਵਿਗਾੜਨੀ ਸਿਆਣਪ ਨਹੀਂ ਸੀ । ਜਲੰਧਰ ਦੁਆਬ ਵਿਚ ਉਸ ਨੇ ਅਦੀਨਾ ਬੇਗ ਰਹਿਣ ਦਿੱਤਾ ਕਿਉਂਕਿ ਅਦੀਨਾ ਬੇਗ ਸਿੱਖਾਂ ਨਾਲ ਮੇਲੂ ਪਾਲਿਸੀ ਰੱਖਦਾ ਸੀ ।

---

੧. ਕੋੜਾ ਮੱਲ ਹੁਤੇ ਗੁਰ ਸਿਖ, ਦਸ ਲੱਖ ਟਕੇ ਦੀਉ ਤਹਿ ਲਿਖ ।

(ਪੰਥ ਪ੍ਰਕਾਸ਼ ਪੰਨਾ, ੩੨੪)

੨. ਦੁਖ ਰਾਹ ਅਤਿ ਲਖੁ ਮਰਯੋ, ਪਾਛੇ ਕੋੜਾ ਮਲ ।
ਕਰੀ ਦੀਵਾਨੀ ਧਰਮ ਕੀ, ਲੀਨੋ ਜਸ ਜਗ ਭਲ ।

ਅਦੀਨਾ ਬੇਗ ਦਾ ਸਰਦਾਰ ਜਸਾ ਸਿੰਘ ਆਹਲੂਵਾਲੀਆ ਨੂੰ ਸਦਾ : ਮੀਰ ਮਨੂੰ ਆਪੂੰ ਤਾਂ ਅਜੇ ਸਿਖਾਂ ਵਿਰੁੱਧ ਨ ਹੋਆ ਪਰ ਉਹ ਇਹ ਸਮਝਣ ਲਗ ਪਿਆ ਸੀ ਕਿ ਸਿੱਖਾਂ ਨੂੰ ਦਿੱਤੀ ਢਿਲ ਉਸ ਲਈ ਖਤਨਾਕ ਸਿਧ ਹੋਏਗੀ । ਉਸ ਨੇ ਅਦੀਨਾ ਬੇਗ ਨੂੰ ਜਲੰਧਰ ਦੁਆਬ ਵਿਚ ਸਿੱਖਾਂ ਤੇ ਸਖ਼ਤੀ ਕਰਨ ਲਈ ਲਿਖਿਆ । ਅਗੋਂ ਅਦੀਨਾ ਬੇਗ ਨੇ ਸਾਰੀ ਗੱਲ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਦਸੀ ਕਿ ਮੀਰਮਨੂੰ ਦੀ ਨੀਯਤ ਮਾੜੀ ਹੈ ਤੇ ਭਲਾ ਇਸ ਵਿਚ ਹੈ ਕਿ ਦਿਲੀ ਸਰਦਾਰ ਤੋਂ ਲਾਹੌਰ ਦੀ ਸੂਬੇਦਾਰੀ ਲੈ ਲਈ ਜਾਏ ਤੇ ਮੀਰ ਮਨੂੰ ਨੂੰ ਨੀਵਾਂ ਦਿਖਾਇਆ ਜਾਏ । ਸਰਦਾਰ ਜਸਾ ਸਿੰਘ ਆਹਲੂਵਾਲੀਆ ਨੇ ਸਪੱਸ਼ਟ ਤੌਰ ਤੇ ਕਿਹਾ ਕਿ ਅਦੀਨਾ ਬੇਗ ਨਾਲ ਰਲਕੇ ਟੁਰਨਾ ਉਨ੍ਹਾਂ ਲਈ ਮੁਸ਼ਕਲ ਹੈ । 'ਦਿਲੀ ਦੀ ਅਧੀਨਗੀ ਸਿੱਖ ਕਿਸੀ ਤਰ੍ਹਾਂ ਵੀ ਮੰਨਣ ਲਈ ਤਿਆਰ ਨਹੀਂ ਹਨ ; ਸਿੱਖ ਉਸੇ ਹੀ ਤਲਵਾਰ ਨਾਲ ਰਾਜ ਅਸਥਾਪਣ ਕਰਨਗੇ ਜਿਸ ਨਾਲ ਮੁੱਗਲਾਂ ਬਣਾਇਆ ਸੀ । ਯੋਧਿਆਂ ਦੀ ਮੁਲਕਾਤ ਜੰਗ ਦੇ ਮੈਦਾਨ ਵਿਚ ਹੀ ਫਬੱਦੀ ਹੈ । ਸ਼ਹੀਦੀਆਂ ਦੇ ਜਾਮ ਪੀਤੇ ਤੇ ਖ਼ੂਨ ਦੀਆਂ ਨਦੀਆਂ ਲੰਘੇ ਬਗੈਰ ਅਜ਼ਾਦੀਆਂ ਨਹੀਂ ਮਿਲ ਜਾਂਦੀਆਂ; ਜੇ ਮਿਲ ਵੀ ਜਾਣ ਤਾਂ ਟਿਕਦੀਆਂ ਨਹੀਂ । ਸਿਖ ਦੀ ਚਮਕਦੀ ਕ੍ਰਿਪਾਨ ਦੇਖ ਕੇ ਮੁੱਗਲ ਸਾਝਾਂ ਦੀਆਂ ਗੱਲਾਂ ਕਰਨ ਲੱਗੇ ਹਨ ਤੇ ਜਿਸ ਵਕਤ ਇਹ ਕ੍ਰਿਪਾਨ ਚਲ ਪਈ ਤਾਂ ਰਾਜ ਕਦਮਾਂ ਵਿਚ ਹੋਵੇਗਾ । ਰਾਜ ਕਰਗੇ ਖਾਲਸਾ ਕਿਸੇ ਦੀ ਮਿਨਤ ਤੇ ਰਹਮ ਨਾਲ ਨਹੀਂ ਵਹਿਗੁਰੂ ਦੀ ਬਰਕਤ ਨਾਲ ਬਣੇਗਾ ।'

ਅਦੀਨਾ ਬੇਗ ਦੀ ਜਦ ਸਰਦਾਰ ਜਸਾ ਸਿੰਘ ਆਹਲੂਵਾਲੀਆ ਨਾਲ ਗੱਲ ਬਾਤ ਸਿਰੇ ਨ ਚੜ੍ਹੀ ਤਾਂ ਉਸ ਨੇ ਸਰਦਾਰ ਜਸਾ ਸਿੰਘ ਰਾਮਗੜ੍ਹੀਆ ਨਾਲ ਗੱਲ ਬਾਤ ਪੱਕੀ ਕਰ ਲਈ । ਸਰਦਾਰ ਜਸਾ ਸਿੰਘ ਦੀ ਦਲ ਖਾਲਸਾ ਨਾਲ ਵਿਗੜ ਗਈ ਸੀ ਕਿਉਂਕਿ ਉਨ੍ਹਾਂ ਨੂੰ ਬਗੈਰ ਸਫ਼ਾਈ ਦਾ ਅਵਸਰ ਦਿਤੇ ਹੀ ਜਥੇਬੰਦੀ ਵਿਚੋਂ ਕੱਢ ਦਿੱਤਾ ਗਿਆ ਸੀ । ਉਨ੍ਹਾਂ ਤੇ ਦੂਸ਼ਨ ਇਹ ਲਗਾਇਆ ਗਿਆ ਸੀ ਕਿ ਉਨਾਂ ਆਪਣੀ ਨਵ-ਜਨਮੀ ਲੜਕੀ ਨੂੰ ਮਾਰ ਦਿੱਤਾ ਹੈ ਪਰ ਘਟਨਾਵਾਂ ਤੇ ਗਵਾਈਆਂ ਇਸ ਦੇ ਉਲਟ ਸਨ । ਇਹ ਦੋਸ਼ ਸਾਬਤ ਨ ਹੋ ਸਕਿਆ । ਸਰਦਾਰ ਸਿੰਘ ਰਾਮਗੜ੍ਹੀਆ ਨੇ ਗੁੱਸੇ ਵਿਚ ਹੀ ਅਦੀਨਾ ਬੇਗ ਨਾਲ ਇਕ ਕਿਸਮ ਦੀ ਸੰਧੀ ਹੀ ਕਰ ਲਈ ।

ਰਾਮ ਰੌਣੀ ਦਾ ਘੇਰਾ : ਮੀਰ ਮਨੂੰ ਨੂੰ ਜਦ ਸਿਖਾਂ ਵਿਚ ਪਈ ਪਾੜ ਦਾ ਪੱਤਾ ਲੱਗਾ ਅਤੇ ਅਦੀਨਾ ਬੇਗ ਦਾ ਸਰਦਾਰ ਜਸਾ ਸਿੰਘ ਰਾਮਗੜ੍ਹੀਆ ਨੂੰ ਨਾਲ ਮਿਲਾਂ ਲੈਣ ਦੀ ਖਬਰ ਪੁਜੀ ਤਾਂ ਉਸ ਨੇ ਆਪਣਾ ਅਸਲ ਰੰਗ ਦਿਖਾਣਾ ਸ਼ੁਰੂ ਕਰ ਦਿੱਤਾ । ਸ੍ਰੀ ਅੰਮ੍ਰਿਤਸਰ ਦੀ ਰਾਮ ਰੌਣੀ ਤੇ ਤਿੰਨ-ਪੱਖੀ ਘੇਰਾ ਪਾ ਕੇ ਹਮਲਾ ਬੋਲ ਦਿਤਾ ਗਿਆ । ਸਿਖ ਫੌਜ਼ਾ ਨੇ ਘੇਰੇ ਨੂੰ ਸੋੜਾ ਨ ਹੋਣ ਦਿੱਤਾ ਤੇ ਡੱਟ ਕੇ ਟਾਕਰਾ ਕਰਦੇ ਰਹੇ । ਨਵੰਬਰ ੧੭੪੮ ਦਾ ਘੇਰਾ ਪਾਇਆ ਤਿੰਨ ਮਹੀਨੇ ਹੋ ਗਏ । ਸੈਂਕੜੇ ਸਿੰਘ ਸ਼ਹੀਦ ਹੋ ਗਏ । ਕਈ ਸੂਰਮਗਤੀ ਦੇ ਸਾਕੇ ਉਥੇ ਵੀ ਹੋਏ । ਸਰਦਾਰ ਜੈ ਸਿੰਘ ਕਨ੍ਹਈਆ, ਆਪਣੀ ਘੋੜੀ ਸਮੇਤ ਕਿਲ੍ਹੇ ਦੀ ਦੀਵਾਰ ਟੱਪ ਜਾਂਦੇ ਤੇ ਦੁਸ਼ਮਣਾਂ ਦੇ ਘੇਰੇ ਨੂੰ ਚੀਰ ਕਈ ਵਾਰ ਬਾਹਰ ਨਿਕਲ ਜਾਂਦੇ । ਪਰ ਰੌਣੀ ਅੰਦਰ ਰਸਦ ਪਾਣੀ ਦੀ ਘਾਟ ਛੇਤੀ ਹੀ ਅਨੁਭਵ ਹੋਣ ਲੱਗੀ । ਸਿੰਘਾਂ ਮੱਤਾ ਪਕਾਇਆ ਕਿ ਘੁੱਟ ਘੁੱਟ ਕੇ ਮਰਨਾ ਠੀਕ ਨਹੀਂ, ਸਿਧੇ ਟਾਕਰੇ ਵਿਚ ਸ਼ਹੀਦੀਆਂ ਪਾਉਣ ਨਾਲ ਹੀ ਸਿੱਖੀ ਸ਼ਾਨ ਬੱਚਦੀ ਹੈ । ਮਤਾ ਪੱਕਾ ਕੇ ਜੈਕਾਰੇ ਛੱਡੇ । ਇਕ ਪਤਰਕਾ ਸਰਦਾਰ ਜਸਾ ਸਿੰਘ ਰਾਮਗੜ੍ਹੀਆ ਨੂੰ ਵੀ ਲਿਖੀ ਕਿ ਇਸ ਸਮੇਂ ਉਹ ਵਿਰੋਧੀਆਂ ਦਾ

ਪੱਖ ਲੈ ਕੇ ਸਾਡੀ ਤਬਾਹੀ ਦਾ ਕਾਰਣ ਕਿਉਂ ਬਣ ਰਿਹਾ ਹੈ[1] । ਪਰ ਪੰਥ ਪ੍ਰਕਾਸ਼ ਦੇ ਲਿਖਾਰੀ ਦਾ ਮੱਤ ਹੈ ਕਿ ਸਰਦਾਰ ਜਸਾ ਸਿੰਘ ਨੇ ਜਦ ਜੈਕਾਰਿਆਂ ਦੀ ਆਵਾਜ਼ ਸੁਣੀ ਤਾਂ ਉਸ ਨੇ ਆਪ ਹੀ ਚਿੱਠੀ ਲਿਖੀ ਤੇ ਤੀਰ ਨਾਲ ਬੰਨ ਕੇ ਅੰਦਰ ਭੇਜੀ । ਸਰਦਾਰ ਜਸਾ ਸਿੰਘ ਨੇ ਲਿਖਿਆ ਸੀ :

''ਹਮ ਕਬ ਖਾਲਸਯੋ ਟੂਟਨ ਚਹਯੋ
ਹਮ ਭੀ ਰਲੇਂਗੇ ਖਾਲਸੇ ਨਾਲ
ਖਾਲਸੋ ਟੁਟੀ ਗੰਢਨ ਵਾਲ ।''

ਸਿੱਖਾਂ ਨੇ ਉਸਦਾ ਉਤਰ ਉਸੇ ਭਾਵਨਾ ਵਿਚ ਦਿੱਤਾ ਅਤੇ ਉਹ ਸਮਾਂ ਦੇਖ ਕੇ ਕਿਲ੍ਹੇ ਅੰਦਰ ਜਾ ਪੁੱਜੇ

''ਜਬ ਜਸਾ ਸਿੰਘ ਅੰਦਰ ਵੜਾ
ਤੁਰਕਨ ਸਿਰ ਜਨ ਪਾਣੀ ਪੜਾ ।''

ਅਲੀ ਉਦ ਦੀਨ ਦੇ ਸ਼ਬਦਾਂ ਵਿਚ, ਆਪਣੇ ਭਰਾਵਾਂ ਨੂੰ ਸੰਕਟ ਵਿਚ ਫਸਿਆ ਦੇਖ ਕੇ ਜਸਾ ਸਿੰਘ ਦੇ ਦਿਲ ਨੂੰ ਬੜੀ ਖੋਹ ਪਈ । ਉਸ ਨੇ ਇਹ ਜਾਣਿਆ ਕਿ ਸਿਖਾਂ ਦੀ ਸ਼ਾਨ ਤੇ ਮਾਨ ਦਾ ਇਕੋ ਇਕ ਪ੍ਰਤੀਕ ਰਾਮਰੌਣੀ ਉਸ ਵੇਲੇ ਦੁਸ਼ਮਣ ਦੇ ਘੇਰੇ ਵਿਚ ਹੈ, ਇਸ ਲਈ ਉਸ ਨੇ ਆਪਣੇ ਭਰਾਵਾਂ ਨਾਲ ਸੱਭ ਮਤ ਭੇਦ ਭੁਲਾ ਕੇ ਸਹਾਇਤਾ ਕਰਨ ਦਾ ਪੱਕਾ ਮੰਨ ਬਣਾ ਲਇਆ । ਸਿਟੇ ਵਜੋਂ, ਇਕ ਰਾਤ ਢੁਕਵਾਂ ਮੌਕਾ ਦੇਖ ਕੇ ਉਹ ਆਪਣੇ ਸਾਰੇ ਜੱਥੇ ਸਮੇਤ ਕਿਲ੍ਹੇ ਵਿਚ ਜਾ ਵੜਿਆ ਤੇ ਉਸਦੀ ਰਖਿਆ ਦਾ ਸਾਰਾ ਭਾਰ ਹੀ ਉਸ ਆਪਣੇ ਜ਼ਿਮੇ ਲੈ ਲਿਆ । ਉਸ ਦਿਨ ਤੋਂ ਸਰਦਾਰ ਜਸਾ ਸਿੰਘ ਦਾ ਨਾਂ ਰਾਮਗੜ੍ਹੀਆ ਪੈ ਗਿਆ ।

''ਰਾਮਰੌਣੀ ਰਾਮ ਗੜ ਭਇਉ ਤਿਸ ਦਿਨ ਤੇ ਮਸ਼ਹੂਰ ।
ਠੋਕੇ ਰਾਮਗੜ੍ਹਏ ਭਏ, ਲੜੇ ਜੋ ਵਕਤ ਜਰੂਰ ।

ਇਧਰ ਸਿੱਖਾਂ ਨੇ ਆਪਣੇ ਆਪ ਨੂੰ ਮਜਬੂਤ ਪਾਇਆ । ਉਧਰ ਅਬਦਾਲੀ ਦੇ ਹਮਲੇ ਦੀ ਫਿਰ ਖੱਬਰ ਉਠੀ ਤੇ ਲਾਹੌਰ ਵਿਚ ਦੀਵਾਨ ਕੋੜਾ ਮਲ ਨੇ ਮੀਰ ਮਨੂੰ ਨੂੰ ਆਪਣੀ ਸ਼ਕਤੀ ਅਜ਼ਾਈ ਨ ਗਵਾਉਣ ਦੀ ਦਲੀਲ ਦਿੱਤੀ ਤੇ ਸਿਖਾਂ ਨੂੰ ਨਾਲ ਲੈ ਕੇ ਮੁਲਤਾਨ ਅਤੇ ਅਬਦਾਲੀ ਤੇ ਟਾਕਰੇ ਦੀ ਤਜਵੀਜ ਰਖੀ । ਮੁਲਤਾਨ ਵਿਚ ਸ਼ਾਹਨਵਾਜ਼ ਖਾਨ ਨੇ ਬਗਾਵਤ ਕਰ ਦਿੱਤੀ ਸੀ । ਮੀਰ ਮਨੂੰ ਨੇ ਅਦੀਨਾ ਬੇਗ ਨੂੰ ਆਖ ਕੇ ਘੇਰਾ ਉਠਵਾ ਦਿੱਤਾ,

ਮੁਲਤਾਨ ਦੀ ਜਿੱਤ : ਮੀਰਮਨੂੰ ਅਬਦਾਲੀ ਦੇ ਹਮਲੇ ਦੀ ਖੱਬਰ ਦੇ ਨਾਲ ਹੀ ਮੁਲਤਾਨ ਵਿਖੇ ਸ਼ਾਹਨਵਾਜ ਖਾਨ ਦੀ ਬਗਾਵਤ ਦੀ ਖਬਰ ਨੇ ਹੈਰਾਨ ਕਰ ਦਿਤਾ । ਮੀਰ ਮਨੂੰ ਨੇ ਆਪਣੇ ਆਪ ਨੂੰ ਚਾਰਾਂ ਪਾਸਿਆਂ ਤੋਂ ਘਿਰਿਆ ਹੋਇਆ ਦੇਖਿਆ । ਪੂਰਬ ਵਲੋਂ ਦਿਲੀ, ਪੱਛਮ ਵਲੋਂ ਅਬਦਾਲੀ, ਉਤਰ ਵਲੋਂ ਜੰਮੂ ਤੇ ਦੱਖਨ ਵਲੋਂ ਸ਼ਾਹਨਵਾਜ਼ ਖਾਨ ਦੇ ਹਮਲਿਆਂ ਨੇ ਸਿਖਾਂ ਵਿਰੁਧ ਕੁਝ ਚਿਰ ਹੋਰ ਨਰਮ ਨੀਤੀ ਅਪਨਾਉਣ ਲਈ ਉਸ ਨੂੰ ਮਜ਼ਬੂਰ ਕਰ ਦਿੱਤਾ । ਦੀਵਾਨ ਕੌੜਾ ਮਲ ਨੇ ਜਦ ਸਰਦਾਰ ਜਸਾ ਸਿੰਘ ਆਹਲੂਵਾਲੀਆ ਕੋਲੋਂ ਇਮਦਾਦ ਮੰਗੀ ਤਾਂ ਉਨ੍ਹਾਂ ਨੇ ਸਵੀਕਾਰ ਕਰ ਲਈ । ਝਬਾਲ ਤੇ ਪਟੀ ਦੀ ਜ਼ਗੀਰ ਦਲ ਖਾਲਸਾ ਨੂੰ ਦਿਤੀ ਗਈ । ਰਾਮ ਰੌਣੀ ਦਾ ਕਿਲ੍ਹਾ ਪਕਿਆ ਕਰਨ ਦੀ ਰੋਕ ਹਟਾ ਦਿਤੀ ਗਈ । ਸਿਖ ਫੌਜਾਂ ਮੁਲਤਾਨ ਵਲ ਚਲ ਪਈਆਂ । ਇਹ ਵੀ ਤਹਿ ਪਾਇਆ ਸੀ ਕਿ ਹਰ ਸਿੱਖ ਪਿਆਦਾ ਨੂੰ ਅੱਠ ਆਨੇ ਰੋਜ਼ ਤੇ ਘੋੜ ਸਵਾਰ ਨੂੰ ਇਕ ਰੁਪਿਆ ਮਿਲੇਗਾ ਤੇ ਮੁਲਤਾਨ ਦੇ ਕਾਬਜ਼ ਹੋਣ ਵੇਲੇ ਸਿੱਖਾਂ ਨੂੰ ਲੁੱਟਿਆ ਮਾਲ—ਅਸਬਾਬ ਨਾਲ ਲੈ ਜਾਣਦੀ ਖੁਲ੍ਹ ਹੋਵੇਗੀ ।

੧. ਤਾਰਖ—ਇ—ਸਿੱਖਾਂ, ਖੁਸ਼ਵਕਤ ਰਾਇ

ਦਿਲੀ ਦੇ ਨਵੇਂ ਵਜ਼ੀਰ ਸਫਦਰ ਜੰਗ ਨੇ ਹੀ ਸ਼ਾਹ ਨਵਾਜ਼ ਖਾਨ ਨੂੰ ਚੁਕਿਆ ਸੀ । ਉਸ ਪਹਿਲਾਂ ਕਾਬਲ ਦੇ ਰਹਿ ਚੁਕੇ ਗਵਰਨਰ ਨਾਸਰ ਖਾਨ ਨੂੰ ਆਪਣੇ ਚਾਰ ਮਹਾਲ ਸਿਆਲ ਕੋਟ, ਪਸਰੂਰ, ਗੁਜਰਾਤ ਤੇ ਔਰੰਗਾਬਾਦ, ਵਿਚ ਬਗਾਵਤ ਕਰਨ ਲਈ ਪਰੇਰਿਆ ਸੀ । ਉਸ ਦੀ ਬਗਾਵਤ ਕਾਮਯਾਬ ਨਹੀਂ ਸੀ ਹੋ ਸਕੀ । ਫਿਰ ਸਫਦਰ ਜੰਗ ਨੇ ਪੁਰਾਣੇ ਘੁਲਾਟੀਏ ਸ਼ਾਹ ਨਵਾਜ਼ ਖਾਨ ਨੂੰ ਇਮਦਾਦ ਕਰਨ ਦਾ ਯਕੀਨ ਦਿਲਵਾਕੇ ਜੰਗ ਦੇ ਮੈਦਾਨ ਵਿਚ ਉਤਾਰ ਹੀ ਦਿੱਤਾ । ਉਸ ਨੂੰ ਮੁਲਤਾਨ ਦਾ ਗਵਰਨਰ ਨਿਯਤ ਕਰ ਦਿੱਤਾ ਗਇਆ ਤੇ ਉਹ ੧੫੦੦੦ ਦੀ ਤਗੜੀ ਫੌਜ ਲੈ ਕੇ ਮੁਲਤਾਨ ਪੁੱਜਾ । ਮੀਰਮਨੂੰ ਤੇ ਦਿਲੀ ਦਾ ਸਿਧਾ ਹਮਲਾ ਸੀ । ਸ਼ਾਹਨਵਾਜ ਖਾਨ ਲਖੀ ਜੰਗਲ ਵਿਚ ਸਿਖਾਂ ਨੂੰ ਲਾਹੌਰ ਤੇ ਹਮਲੇ ਕਰਨ ਲਈ ਚਿਰਾਂ ਤੋਂ ਚੁਕਦਾ ਆ ਰਿਹਾ ਸੀ । ਲਖੀ ਜੰਗਲ ਤੋਂ ਸਿਖ ਨਿਕਲਕੇ ਪੰਜਾਬ ਵਲ ਵੱਧ ਰਹੇ ਸਨ । ਲਾਹੌਰ ਤੇ ਹਮਲਾ ਕਰਨ ਦਾ ਸ਼ਾਹਨਵਾਜ ਖਾਨ ਨੇ ਬਹਾਨਾ ਇਹ ਬਣਾਇਆ ਕਿ ਉਹ ਆਪਣੇ ਪਿਤਾ ਜ਼ਕਰੀਆ ਖਾਨ ਦੀ ਕਬਰ ਦੀ ਜਿਆਰਤ ਕਰਨ ਲਾਹੌਰ ਆਉਣਾ ਚਾਹੁੰਦਾ ਹੈ । ਮੀਰਮਨੂੰ ਸਾਰੀ ਸ਼ਾਜਸ਼ ਨੂੰ ਸਮਝ ਗਿਆ, ਸੋ ਉਸ ਨੇ ਸ਼ਾਹਨਵਾਜ ਖਾਨ ਨੂੰ ਰਾਹ ਵਿਚ ਹੀ ਰੋਕਣ ਲਈ ਦੀਵਾਨ ਕੌੜਾ ਮਲ ਨੂੰ ਸਿੱਖ ਫੌਜਾਂ ਨਾਲ ਭੇਜ ਦਿੱਤਾ । ਲੰਘਾਨਾ ਦੇ ਦੌਰਾਨਾ ਦੇ ਪਿੰਡਾਂ ਲਾਗੇ ਟਕਰ ਹੋ ਗਈ। ਪਹਿਲੀ ਟਕਰ ਵਿਚ ਹੀ ਸ਼ਾਹਨਵਾਜ ਖਾਨ ਮਾਰਿਆ ਗਇਆ ਤੇ ਉਸ ਦੀ ਕਬਰ ਵੀ ਉਥੇ ਹੀ ਸ਼ਮਸ ਤਬਰੇਜ਼ ਲਾਗੇ ਹੀ ਬਣੀ । ਦੀਵਾਨ ਕੌੜਾ ਮਲ ਨੂੰ ਮਹਾਰਾਜ ਬਹਾਦਰ ਦਾ ਖਿਤਾਬ ਮਿਲਿਆ । ਸਿਖਾਂ ਨੂੰ ਵੀ ਇਸ ਜੰਗ ਵਿਚ ਕਈ ਦੂਰ ਰੱਸ ਲਾਭ ਮਿਲੇ । ਸਿਖਾਂ ਨੇ ਚਿਰਾਂ ਬਾਦ ਮੈਦਾਨੀ ਜੰਗ ਦਾ ਸੁਆਦ ਚਖਿਆ ਸੀ । ਉਨ੍ਹਾਂ ਨੂੰ ਆਪਣੀ ਜਥੇਬੰਦਕ ਤ੍ਰੁਟੀਆਂ ਦਾ ਗਿਆਨ ਹੋਇਆ ਤੇ ਉਸ ਵਲ ਸਰਦਾਰ ਜਸਾ ਸਿੰਘ ਆਹਲੂਵਾਲੀਆ ਨੇ ਧਿਆਨ ਦਿੱਤਾ।

ਅਬਦਾਲੀ ਦਾ ਦੂਜਾ ਹਮਲਾ : ਇਧਰ ਕੌੜਾ ਮਲ ਸ਼ਾਹ ਨਵਾਜ ਖਾਨ ਨਾਲ ਜੁਟਿਆ ਹੋਇਆ ਸੀ ਕਿ ਉਧਰ ਮੀਰ ਮਨੂੰ ਨੂੰ ਅਬਦਾਲੀ ਵਿਰੁਧ ਅੜਨਾ ਪੈ ਗਇਆ । ਅਬਦਾਲੀ ਨੇ ਮਨੂਪੁਰ ਦੀ ਹਾਰ ਨੂੰ ਮਨੋਂ ਨਹੀਂ ਸੀ ਵਿਸਰਿਆ । ਅਬਦਾਲੀ ਨੂੰ ਡਰ ਸੀ ਕਿ ਜੇ ਮੀਰਮਨੂੰ ਦੇ ਪੈਰ ਪੰਜਾਬ ਵਿਚ ਪੱਕੇ ਜੰਮ ਗਏ ਤਾਂ ਉਹ ਆਪਣੇ ਅਗੇ ਵਧੂ ਸੂੱਭਾ ਮੁਤਾਬਕ ਕਾਬਲ ਤੇ ਚੜ੍ਹਾਈ ਕਰ ਦੇਵੇਗਾ ਤੇ ਐਸੀ ਸੰਭਾਵਨਾ ਦਿਸਣ ਵੀ ਲਗ ਗਈ ਜਦ ਮੀਰ ਮਨੂੰ ਨੇ ਕਾਬਲ ਦੇ ਹਟਾਏ ਗਵਰਨਰ ਨਾਸਰ ਖਾਨ ਨੂੰ ਲਾਹੌਰ ਵਿਖੇ ਆਦਰ ਦਿੱਤਾ ।

ਮਨੂੰ ਨੇ ਦਿਲੀ ਨੂੰ ਵੀ ਮਦਦ ਲਈ ਲਿਖਿਆ ਪਰ ਦਿਲੀ ਦੀ ਸਰਕਾਰ ਨੇ ਤਾਂ ਸ਼ਾਹਨਵਾਜ਼ ਖਾਨ ਨੂੰ ਮੁਲਤਾਨ ਭੇਜ ਕੇ ਉਸ ਲਈ ਨਵੀਂ ਸਿਰਦਰਦ ਖੜੀ ਕਰ ਦਿਤੀ । ਦਿਲੀ ਤਾਂ ਸਗੋਂ ਮਨੂੰ ਦੇ ਵਖੀ ਵਿਚ ਚੁੱਭਦੇ ਕੰਡੇ ਨੂੰ ਕਢਣਾ ਚਾਹੁੰਦੀ ਸੀ ।

ਅਬਦਾਲੀ ਨੇ ਹੱਲਾ ਬੋਲ ਦਿਤਾ । ਅਬਦਾਲੀ ਨੇ ਆਪਣੀਆਂ ਫੌਜਾਂ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਤੇ ਇਕ ਹਿੱਸੇ ਦਾ ਕਮਾਨ ਜਹਾਨ ਖਾਨ ਦੇ ਸਪੁਰਦ ਕੀਤੀ ਤੇ ਉਸ ਨੂੰ ਰਾਹ ਸਾਫ ਕਰਨ ਤੇ ਲਗਾਇਆ ਤੇ ਆਪੂੰ ਫੌਜ ਲੈ ਕੇ ਮਨੂੰ ਦੇ ਟਾਕਰੇ ਲਈ ਸੋਹਦਰਾ ਪੁੱਜ ਗਿਆ । ਜਹਾਨ ਖਾਨ ਰਾਹਾਂ ਵਿਚ ਤਬਾਹੀ ਮਚਾਂਦਾ ਰਾਵੀ ਦੇ ਕਿਨਾਰੇ ਸ਼ਾਹਦਰਾ ਤਕ ਪੁੱਜ ਗਇਆ ਪਰ ਇਵਾਜ ਖਾਨ ਨੇ ਉਸ ਨੂੰ ਰਾਵੀ ਪਾਰ ਨਾ ਕਰਨ ਦਿਤੀ । ਦੋ ਮਹੀਨੇ ਇਵੇਂ ਹੀ ਰਹੀ ਪਰ ਲਾਹੌਰ ਵਿਚ ਦੁਰਾਨੀਆਂ ਦੇ ਪੈਰ ਨ ਪੈ ਸਕੇ । ਜਹਾਨ ਖਾਨ ਵਾਪਸ ਅਬਦਾਲੀ ਕੋਲ ਜਾਣ ਦੀ ਤਿਆਰੀ ਕਰਨ ਲਗਾ ।

ਇਥੇ ਨਵਾਬ ਕਪੂਰ ਸਿੰਘ ਜੀ ਨੇ ਸੂਰਮਗਤੀ ਦੀ ਇਕ ਹੋਰ ਘਟਨਾ ਕਰ ਦਿਖਾਈ । ਜਿਸ ਦੁਰਾਨੀ ਕੋਲੋਂ ਲਾਹੌਰ ਕੰਬ ਰਿਹਾ ਸੀ। ਉਸੇ ਦੇ ਸਾਮ੍ਹਣੇ ਕੇਵਲ ਵੀਹ ਘੋੜ ਸਵਾਰਾਂ ਨਾਲ ਨਵਾਬ ਕਪੂਰ ਸਿੰਘ ਨੇ ਸ਼ਹਾਦਰਾ ਤੇ ਕਬਜ਼ਾ ਕਰ ਲਇਆ। ਥੋੜ੍ਹੇ ਜਿਹੇ ਹੀ ਸਮੇਂ ਵਿਚ ਸ਼ਾਹੀ ਮਾਲ ਲੁਟ ਕੇ ਉਹ ਆਪਣੇ ਟਿਕਾਣਿਆਂ ਵਲ ਚਲੇ ਗਏ। ਇਸ ਜੁਅਰਤਮਈ ਘਟਨਾ ਨੇ ਕਈਆਂ ਨੂੰ ਹੈਰਾਨ ਕਰ ਦਿੱਤਾ ।

ਜਹਾਨ ਖਾਨ ਦੇ ਵਾਪਸ ਪੁਜਣ ਤੇ ਅਬਦਾਲੀ ਨੇ ਆਪਣਾ ਇਕ ਕਾਸਦ ਮਹਿਰਾਬ ਖਾਨ ਭੇਜਿਆ ਕਿ ਮਨੂੰ ਈਨ ਮੰਨ ਲਵੇ ਤਾਂ ਉਹ ਵਾਪਸ ਜਾਣ ਲਈ ਤਿਆਰ ਹੈ । ਮਨੂੰ ਨੇ ਵੀ ਸਮਝੌਤਾ ਸਮੇਂ ਦੀ ਲੋੜ ਜਾਣਿਆ ਅਤੇ ਸਮਝੌਤੇ ਦੀਆਂ ਸ਼ਰਤਾਂ ਨੂੰ ਤਹਿ ਕਰਨ ਲਈ ਅਬਦੁਲ ਕਾਦਰ, ਅਲਾਮਾ ਮੌਲਵੀ ਅਬਦੁਲਾ ਤੇ ਨਿਜ਼ਾਮ-ਉਦ-ਦੀਨ ਇਸ਼ਰਤ ਲੇਖਕ ਸ਼ਾਹਨਾਮਾ ਅਹਿਮਦੀਆ ਭੇਜੇ। ਮੀਰ ਮਨੂੰ ਨੇ ਅਬਦਾਲੀ ਨੂੰ ੧੪ ਲਖ ਰੁਪੈ ਸਲਾਨਾਂ ਜੋ 'ਚਾਰ ਮੁਹਾਲ' ਦਾ ਮਾਲੀਆ ਬਣਦਾ ਸੀ ਦੇਣਾ ਪ੍ਰਵਾਨ ਕਰ ਲਿਆ ਤੇ ਦਰਿਆ ਸਿੰਧ ਦੇ ਪਾਰ ਇਲਾਕੇ ਤੇ ਅਫਗਾਨਸਤਾਨ ਦੀ ਮਲਕੀਅਤ ਮੰਨ ਲਈ। ਮੀਰਮਨੂੰ ਦਿਲੋਂ ਇਸ ਸਮਝੌਤੇ ਤੇ ਖੁਸ਼ ਸੀ ਕਿਉਂਕਿ ਉਹ ਪੱਛਮ ਵਲੋਂ ਹਮਲੇ ਤੋਂ ਨਿਸ਼ਚਿੰਤ ਹੋ ਕੇ ਪੰਜਾਬ ਤੇ ਹਕੂਮਤ ਕਰ ਸਕਦਾ ਸੀ। ਦਿਲੀ ਉਸ ਦੀ ਮਦਦ ਤੇ ਨਹੀਂ ਰਹੀਂ ਸੀ। ਦਿਲੀ ਦੂਰ ਹੋ ਗਈ ਸੀ ਤੇ ਕਾਬਲ ਨੂੰ ਦੂਰ ਰੱਖਣ ਦੀ ਜਾਂਚ ਉਸ ਨੂੰ ਆ ਗਈ ਸੀ ।

ਸਿਖਾਂ ਨੂੰ ਵੀ ਕੁਝ ਲਾਭ : ਇਸ ਹਮਲੇ ਨਾਲ ਜਿੱਥੇ ਅਬਦਾਲੀ ਦੀ ਸ਼ਕਤੀ ਵਿਚ ਵਾਧਾ ਹੋਇਆ, ਉਥੇ ਸਿੱਖ ਵੀ ਆਪਣੇ ਆਪ ਨੂੰ ਕੁਝ ਚਿਰ ਲਈ ਸੁਰਖਿਅਤ ਅਨੁਭਵ ਕਰਨ ਲਗੇ। ਦੀਵਾਨ ਕੌੜਾ ਮਲ ਦੇ ਹੁੰਦਿਆਂ ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਮੀਰਮਨੂੰ ਸਿੱਧਾ ਹਮਲਾ ਨਹੀਂ ਕਰਨ ਲੱਗਾ ਕਿਉਂ ਕਿ ਦੀਵਾਨ ਜੀ ਨੇ ਮਨੂੰ ਨੂੰ ਇਹ ਚੰਗੀ ਤਰ੍ਹਾਂ ਗਿਆਨ ਕਰਾ ਦਿਤਾ ਸੀ ਕਿ ਸਿਖਾਂ ਨਾਲ ਵਿਗਾੜਨਾ ਠੀਕ ਨੀਤੀ ਨਹੀਂ । ਦਿਲੀ ਦੇ ਕਾਬਲ ਵਿਚਕਾਰ, ਇਕ ਹੋਰ ਤਾਕਤ ਆਪਣੇ ਵਿਰੁਧ ਕਰ ਲੈਣੀ ਰਾਜਨੀਤੀ ਨਹੀਂ ਕਹੀ ਜਾ ਸਕਦੀ ਸੀ।

ਸੇਵਾ, ਸੰਭਾਲ ਤੇ ਕਾਰਸੇਵਾ : ਅੰਮ੍ਰਿਤਸਰ ਦੀ ਕਾਰ ਸੇਵਾ ਅਰੰਭ ਕਰ ਦਿੱਤੀ ਗਈ। ੧੭੪੯ਦੀ ਦੀਵਾਲੀ ਵੀ ਸਿਖਾਂ ਬੜੇ ਉਤਸ਼ਾਹ ਨਾਲ ਮਨਾਈ। ਨਨਕਾਣਾ ਸਾਹਿਬ ਦਾ ਗੁਰਦੁਆਰਾ 'ਬਾਲ ਲੀਲਾ' ਦੀਵਾਨ ਕੌੜਾ ਮਲ ਨੇ ਤਿੰਨ ਲੱਖ ਰੁਪੈ ਖਰਚ ਕਰਕੇ ਬਣਾਇਆ। ਸਿਖੀ ਦੀ ਗਿਣਤੀ ਵਿਚ ਵੀ ਵਾਧਾ ਹੋਇਆ। ਜਿਥੇ ਅਗੇ ਸਿਖ ਹੋਣਾ ਜ਼ੁਰਮ ਸੀ, ਹੁਣ ਪੁੰਨ ਸਮਝਿਆ ਜਾਣ ਲਗਾ। ਸਭ ਜੱਥੇ ਆਪਣੇ ਆਪਣੇ ਇਲਾਕੇ ਵਿਚ ਕਿਲ੍ਹੇ ਬਨਾਉਣ ਲਗ ਪਏ ਸਨ। ਮੀਰ ਮਨੂੰ ਵੀ ਅਵੇਸਲਾ ਨਹੀਂ ਸੀ ਪਰ ਉਹ ਮਜ਼ਬੂਰ ਸੀ ਕਿਉਂਕਿ ਉਸ ਨੂੰ ਹਰ ਸਮੇਂ ਅਬਦਾਲੀ ਦੇ ਹਮਲੇ ਦਾ ਡਰ ਸੀ। ਇਨ੍ਹਾਂ ਸੋਚਾਂ ਵਿਚ ਹੀ ਸੀ ਕਿ ਅਹਿਮਦ ਸ਼ਾਹ ਦਾ ਤੀਜਾ ਹਮਲਾ ਹੋ ਗਿਆ ।

ਅਬਦਾਲੀ ਦਾ ਤੀਜਾ ਹਮਲਾ : ਅਹਿਮਦ ਸ਼ਾਹ ਹਰਾਤ ਤੇ ਖੁਰਾਸਾਨ ਵਲੋਂ ਹੁਣ ਵਿਹਲਾ ਹੋ ਚੁੱਕਾ ਸੀ। ਉਸ ਨੇ ਸਾਰਾ ਧਿਆਨ ਫਿਰ ਹਿੰਦੁਸਤਾਨ ਵਲ ਕੀਤਾ। ਖੁਰਾਸਾਨ ਵਿਚ ਅਬਦਾਲੀ ਨੂੰ ਘਿਰਿਆਂ ਹੋਏ ਦੇਖਕੇ ਮੀਰਮਨੂੰ ਨੇ ਲਾਭ ਉਠਾਉਣਾ ਚਾਹਿਆ ਸੀ ਤੇ ਨਾਸਰ ਖਾਨ ਨੂੰ ਫਿਰ ਚੁਕ ਦਿਤੀ ਸੀ। ਦੀਵਾਨ ਕੌੜਾ ਮਲ ਵੀ ਮੀਰ ਮਨੂੰ ਨੂੰ ਅਬਦਾਲੀ ਨਾਲ ਸਿਧੀ ਟਕਰ ਲੈਣ ਲਈ ਪ੍ਰੇਰ ਰਿਹਾ ਸੀ । ਦੀਵਾਨ ਕੌੜਾ ਮਲ ਦਾ ਵਿਚਾਰ ਸੀ ਕਿ ਐਸਾ ਹੋਣ ਨਾਲ ਸਿਖ ਹੋਰ ਮਜ਼ਬੂਤ ਹੋ ਜਾਣਗੇ। ਮੀਰ ਮਨੂੰ ਨੇ ਸੰਧੀ ਮੁਤਾਬਕ ਨਿਯਤ ਕੀਤੀ ਰਕਮ ਪਿਛਲੇ ਦੋ ਸਾਲਾਂ

ਤੋਂ ਨਹੀਂ ਭੇਜੀ ਸੀ । ੧੭੫੦ ਦੇ ਅਖੀਰ ਵਿਚ ਅਬਦਾਲੀ ਨੇ ਉਗਾਹੀ ਲਈ ਸੁਖਜੀਵਨ ਨੂੰ ਭੇਜਿਆ । ਮਨੂੰ ਨੇ ਕੁਝ ਰਕਮ ਦੇ ਕੇ ਟਾਲ ਦਿਤਾ । ਜਦ ਫਿਰ ਅਬਦਾਲੀ ਨੇ ਹਾੜੂ ਖਾਨ ਨੂੰ ਅਕਤੂਬਰ ੧੭੫੧ ਵਿਚ ਰਕਮ ਪ੍ਰਾਪਤ ਕਰਨ ਲਈ ਭੇਜਿਆ ਤਾਂ ਮਨੂੰ ਨੇ ਨਾਸਰ ਖਾਨ ਦਾ ਬਹਾਨਾ ਅਗੇ ਰੱਖਿਆ ਕਿ ਉਸ ਦੀਆਂ ਫੌਜਾਂ ਨੇ ਦੋ ਫਸਲਾਂ ਉਜਾੜ ਦਿੱਤੀਆਂ ਸਨ । ਫ਼ਿਰ ਇਕ ਸਾਲ ਦੇ ਮਾਲੀਏ ਦੀ ਰਕਮ ਭੇਜ ਦਿੱਤੀ ਗਈ ਸੀ। ਮਨੂੰ ਸਮਾਂ ਟਾਲ ਕੇ ਦੀਵਾਨ ਕੌੜਾ ਮਲ ਦੀ ਉਡੀਕ ਕਰ ਰਿਹਾ ਸੀ । ਕੌੜਾ ਮਲ ਨੇ ੨੦,੦੦੦ ਦੀ ਤਗੜੀ ਫੌਜ਼ ਇਕਤ੍ਰ ਕਰ ਲਈ । ਦੀਵਾਨ ਕੌੜਾ ਮਲ ਸਿਖਾਂ ਨੂੰ ਇਹ ਕਹਿਕੇ ਨਾਲ ਰੱਖੀ ਜਾਂਦਾ ਸੀ ਕਿ ਅਬਦਾਲੀ ਨੂੰ ਇਸ ਵਾਰੀ ਹਾਰ ਉਪ੍ਰੰਤ ਕਠੂਆ, ਬਸੋਲੀ, ਪਰੋਲ ਦੀਆਂ ਪਹਾੜੀਆਂ ਵਿਚ ਸਿਖਾਂ ਨੂੰ ਸੁਤੰਤਰ ਰਾਜ ਮਿਲ ਜਾਏਗਾ। ਭਾਈ ਸੰਗਤ ਸਿੰਘ ਤੇ ਭਾਈ ਸੁੱਖਾ ਸਿੰਘ ਮਾੜੀ ਕੰਬੋ ਦੇ ਜੱਥੇ ਕੌੜਾ ਮਲ ਨਾਲ ਪੂਰਾ ਸਹਿਯੋਗ ਦੇ ਰਹੇ ਸਨ । ਸਿਖਾਂ ਆਪਣੇ ਕੈਂਪ ਸ਼ਾਲਾਮਾਰ ਬਾਗ (ਲਾਹੌਰ) ਲਗਾ ਲਏ ਤੇ ਦਰਵਾਜ਼ੇ ਤੇ ਮੋਰਚੇ ਵੀ ਗੱਡ ਦਿਤੇ । ਨਵੰਬਰ ੧੭੫੧ ਨੂੰ ਅਬਦਾਲੀ ਫੌਜਾਂ ਲੈ ਕੇ ਪੈਸ਼ਾਵਰ ਪੁੱਜ ਗਇਆ । ਸਰਦਾਰ ਜਹਾਨ ਖਾਨ ਅਟਕ ਤੋਂ ਰੁਹਤਾਸ ਪੁੱਜ ਗਿਆ । ਮੀਰ ਮਨੂੰ ਨੂੰ ਅਗੇ ਵੱਧਦਾ ਦੇਖ ਉਸ ਨੇ ੯ ਲੱਖ ਰੁਪੈ ਭੇਜੇ, ਹਰ ਰੁਪੈ ਅਬਦਾਲੀ ਪਾਸ ਰਖ ਲਏ ਤੇ ਅਗੇ ਵੱਧਦਾ ਹੀ ਗਿਆ ਅਤੇ ਉਸ ਨੇ ਆਪਣਾ ਕੈਂਪ ਵਜ਼ੀਰਾਬਾਦ ਲਾਗੇ ਕੋਟਲਾ ਸਯਦ ਲਗਾਇਆ ਮੀਰ ਮਨੂੰ ਵੀ ਸ਼ਾਹਦਰਾ ਤੋਂ ਚਾਰ ਮੀਲ ਦੂਰ ਸਰਾਇ ਬਲਖੀਆਂ ਵਿਚ ਕੈਂਪ ਲਗਾ ਬੈਠਾ ।

ਭਾਈ ਸੁਖਾ ਸਿੰਘ ਜੀ ਦੀ ਸ਼ਹਾਦਤ : ਜਹਾਨ ਖਾਨ ਨੇ ਅਗੇ ਵੱਧ ਹਮਲੇ ਜਾਰੀ ਰੱਖੇ । ਸਿੱਖ ਉਸ ਦੇ ਹਮਲਿਆਂ ਦਾ ਅਗੇ ਵੱਧ ਕੇ ਜੁਆਬ ਦਿੰਦੇ । ਇਨ੍ਹਾਂ ਹੀ ਹਮਲਿਆਂ ਵਿਚ ਸੂਰਮਾ, ਸੁਖਾ ਸਿੰਘ ਸ਼ਹੀਦ ਹੋ ਗਿਆ । ਸੁਖਾ ਸਿੰਘ ਮਾੜੀ ਕੰਬੋ ਵਾਲੇ ਆਪਣੇ ਸਾਥੀਆਂ ਸਮੇਤ ਰਾਵੀ ਟੱਪ ਗਏ । ਅਗੋਂ ਪਠਾਣ ਇਨ੍ਹਾਂ ਵਲ ਵੱਧੇ । ਵੈਰੀ ਨੂੰ ਆਉਂਦਿਆਂ ਦੇਖਕੇ ਸੁਖਾ ਸਿੰਘ ਸਮਝ ਗਏ ਵੈਰੀ ਬਹੁਤੇ ਹਨ ਤੇ ਉਹ ਗਿਣਤੀ ਦੇ ਹੀ ਹਨ । ਆਪ ਭੱਜਕੇ ਬਚ ਸਕਦੇ ਸਨ ਪਰ ਇਸ ਨੂੰ ਆਪ ਨੇ ਕਾਇਰਤਾ ਸਮਝੀ । ਆਪਣੇ ਸਾਥੀਆਂ ਨੂੰ ਕਹਿਆ ਕਿ ਜਿਸ ਬਚ ਕੇ ਜਾਣਾ ਹੈ ਜਾ ਸਕਦਾ ਹੈ । ਪਰ ਸੂਰਮੇ ਤਾਂ ਪਾਠ ਜੁਝਣ ਦਾ ਪੜ੍ਹ ਚੁਕੇ ਸਨ । ਗਹਿਗਚ ਲੜਾਈ ਹੋਈ ਤੇ ਸਾਰੇ ਸਿੰਘ ਸ਼ਹੀਦ ਹੋ ਗਏ । ਸੂਰਮਤਾਈ ਇਹ ਹੀ ਹੈ ਕਿ ਉਹ ਜਾਨਾਂ ਬਚਾ ਸਕਦੇ ਸਨ ਪਰ ਵੈਰੀ ਨੂੰ ਦੇਖ ਭਜਣਾ ਨਹੀਂ ਚਾਹੁੰਦੇ ਸਨ । ਭਾਈ ਸੁਖਾ ਸਿੰਘ ਦੀ ਸ਼ਹਾਦਤ ਦੇਖ ਕੇ ਬਾਕੀ ਦੇ ਸਿੰਘਾਂ ਨੇ ਅਗੇ ਵੱਧ ਹਮਲਾ ਕਰਨਾ ਚਾਹਿਆ ਪਰ ਮੀਰ ਮਨੂੰ ਦੇ ਸਿਪਾਹੀਆਂ ਨੇ ਨ ਸਿਰਫ ਰੋਕ ਦਿੱਤਾ ਸਗੋਂ ਸਿੰਘਾਂ ਤੇ ਹੀ ਗੋਲੀਆਂ ਚਲਾਉਣੀਆਂ ਅਰੰਭ ਕਰ ਦਿੱਤੀਆਂ । ਸਿੰਘਾਂ ਨੇ ਚਾਲ ਸਮਝ ਲਈ ਤੇ ਉਥੋਂ ਵਾਪਸ ਅੰਮ੍ਰਿਤਸਰ ਆ ਗਏ ।

ਉਧਰ ਅਬਦਾਲੀ ਨੇ ਰਾਜਪੁਰ ਤੋਂ ਰਾਵੀ ਪਾਰ ਕੀਤੀ ਤੇ ਲਾਹੌਰ ਤੇ ਹਮਲਾ ਬੋਲ ਦਿੱਤਾ । ਜਹਾਨ ਖਾਨ ਦੂਜੇ ਪਾਸੇ ਮਾਰੋ ਮਾਰ ਕਰ ਰਿਹਾ ਸੀ । ਦੋਵਾਂ ਦਾ ਮੇਲ ਹੋਣਾ ਮੁਸ਼ਕਲ ਸੀ । ਅਬਦਲੀ ਕੋਲ ਵਡੀਆਂ ਤੋਪਾਂ ਵੀ ਨਹੀਂ ਸਨ । ਸੋ ਦੋਵੇਂ ਧਿਰਾਂ ਇਕ ਦੂਜੇ ਸਾਹਮਣੇ ਡੱਟ ਗਈਆਂ ।

ਦੀਵਾਨ ਕੌੜਾ ਮਲ ਦੀ ਸ਼ਹਾਦਤ : ਇਸੇ ਖਿਚੋਤਾਨ ਵਿਚ ੧੭੫੨ ਦਾ ਨਵਾਂ ਸਾਲ ਚੜ੍ਹ ਪਇਆ । ਇਰਦ ਗਿਰਦ ਦਾ ਇਲਾਕਾ ਅਫਗਾਨਾਂ ਉਜਾੜ ਦਿੱਤਾ ਸੀ । ਆਟਾ ਦੋ ਰੁਪੈ ਸੇਰ ਵਿਕਨ ਲਗਾ ਤੇ ਚਾਰਾ ਦੋ ਰੁਪੈ ਸੇਰ ਵੀ ਨ ਮਿਲੇ । ਇਸ ਹਾਲਤ ਵਿਚ ਮਨੂੰ ਨੇ ਆਪਣੇ

ਸਾਥੀਆਂ ਦੀ ਸਲਾਹ ਲਈ। ਭਿਖਾਰੀ ਖਾਨ ਨੇ ਬਗੈਰ ਸ਼ਰਤ ਤੋਂ ਸਮਝੌਤਾ ਕਰਨ ਲਈ ਕਿਹਾ। ਅਦੀਨਾ ਬੇਗ ਨੇ ਸਿਧਾ ਹਮਲਾ ਕਰਨ ਲਈ ਤੇ ਕੌੜਾ ਮਲ ਨੇ ਕੁਝ ਸਮਾਂ ਹੋਰ ਉਡੀਕਨ ਦੀ ਸਲਾਹ ਦਿਤੀ। ਕੌੜਾ ਮਲ ਦਾ ਯਕੀਨ ਸੀ ਕਿ ਸਿਧਾ ਹਮਲਾ ਮਹਿੰਗਾ ਪਵੇਗਾ ਤੇ ਕੁਝ ਹੋਰ ਦਿਨ ਉਡੀਕਨ ਨਾਲ ਗਰਮੀ ਦੇ ਦਿਨ ਆ ਜਾਣਗੇ। ਅਫਗਾਨ ਪੰਜਾਬ ਦੀ ਗਰਮੀ ਸਹਾਰ ਨਹੀਂ ਸਕਣਗੇ ਤੇ ਅਬਦਾਲੀ ਨੂੰ ਵਾਪਸ ਮੁੜਨਾ ਪਵੇਗਾ। ਦੀਵਾਨ ਕੌੜਾ ਮਲ ਦੀ ਸਲਾਹ ਦੀ ਪਰਵਾਹ ਨ ਕਰਦੇ ਹੋਏ ੬ ਮਾਰਚ ੧੭੫੨ ਨੂੰ ਹਮਲਾ ਕਰ ਦਿੱਤਾ ਗਿਆ। ਮੀਰ ਮਨੂੰ ਨੂੰ ਹਾਰ ਦਾ ਮੂੰਹ ਦੇਖਣਾ ਪਇਆ। ਇਸੇ ਮਹਿਮਦ ਬੂਟੀ (ਸ਼ਾਲਾਮਾਰ ਬਾਗ ਦੇ ਨੇੜੇ) ਦੀ ਲੜਾਈ ਵਿਚ ੬ ਮਾਰਚ ੧੭੫੨ ਨੂੰ ਦੀਵਾਨ ਕੌੜਾ ਮਲ ਵੀ ਮਾਰਿਆ ਗਿਆ ਪਰ ਦੀਵਾਨ ਕੌੜਾ ਮਲ ਨੂੰ ਮਾਰਨ ਵਾਲਾ ਕੋਈ ਦੁਸਨਣ ਫੌਜ਼ੀ ਨਹੀਂ ਸੀ ਸਗੋਂ ਅਦੀਨਾ ਬੇਗ ਦਾ ਜਰਖਰੀਦ ਬਜ਼ੀਰ ਖਾਨ ਸੀ[1]। ਸੰਗਤ ਸਿੰਘ ਮਾੜੀ ਕੰਬੋ ਵਾਲੇ ਵੀ ਇਥੇ ਹੀ ਦੀਵਾਨ ਕੌੜਾ ਮਲ ਨਾਲ ਹੀ ਸ਼ਹੀਦ ਹੋ ਗਏ। ਸ਼ਹਿਰ ਦੇ ਇਰਦ ਗਿਰਦ ਹੁਣ ਅਹਿਮਦ ਸ਼ਾਹ ਅਬਦਾਲੀ ਦਾ ਅਧਿਕਾਰ ਸੀ। ਸ਼ਾਹ ਨੇ ਮੀਰ ਮਨੂੰ ਨੂੰ ਲਿਖਆ ਕਿ ਦੋਵੇਂ ਪਾਸੇ ਹੀ ਮੁਸਲਮਾਨ ਮਾਰੇ ਜਾ ਰਹੇ ਹਨ। ਦੀਵਾਨ ਕੌੜਾ ਮਲ ਮਾਰਿਆ ਜਾ ਚੁੱਕਾ ਹੈ ਤੇ ਸਿਖ ਕਿਧਰੇ ਦਿਖਾਈ ਨਹੀਂ ਦਿੰਦੇ, ਸੋ ਲੜਨਾ ਫਜ਼ੂਲ ਹੈ। ਤਹਿਮਾਸ ਖਾਨ ਲਿਖਦਾ ਹੈ ਕਿ ਅਬਦਾਲੀ ਨੇ ਮੀਰ ਮਨੂੰ ਨੂੰ ਲਿਖਿਆ ਸੀ "ਅਜ ਚਾਰ ਮਹੀਨੇ ਹੋ ਗਏ ਹਨ ਜਦ ਦੋਵੇਂ ਪਾਸਿਆਂ ਤੋਂ ਮੁਸਲਮਾਨ ਮਾਰੇ ਜਾ ਰਹੇ ਹਨ। ਹੁਣ ਤੂੰ ਫਿਰ ਲੜਨ ਲਈ ਤਿਆਰ ਹੋ ਰਿਹਾ ਹੈਂ। ਕੀ ਇਸ ਤਰ੍ਹਾਂ ਫਿਰ ਲੜਾਈ ਵਿਚ ਮੁਸਲਮਾਨ ਮਾਰੇ ਜਾਣ ਤੇ ਹਜ਼ਰਤ ਤੇ ਅਲਾਹ ਨਰਾਜ ਨਾ ਹੋਣਗੇ। ਮੈਨੂੰ ਯਕੀਨ ਹੈ ਕਿ ਉਹ ਸਾਡੇ ਇਸ ਰਕਮ ਨੂੰ ਪਰਵਾਨ ਨਹੀਂ ਕਰਣਗੇ ਤਾਕਿ ਤੇਰੇ ਲਈ ਸੱਭ ਤੋਂ ਚੰਗੀ ਗੱਲ ਇਹ ਹੈ ਕਿ ਤੂੰ ਕਿਸੇ ਭਰੋਸੇ ਵਾਲੇ ਕਾਸਦ ਨੂੰ ਭੇਜੇ ਤਾਕਿ ਗਲ ਨਜਿਠੀ ਜਾਏ। ਤੈਨੂੰ ਯਕੀਨ ਰਖਣਾ ਚਾਹੀਦਾ ਹੈ ਤੇ ਕਿਸੇ ਕਿਸਮ ਦਾ ਸ਼ਕ ਨਹੀਂ ਕਰਨਾ ਚਾਹੀਦਾ ਹੱਸ ਕੇ ਤੈਨੂੰ ਕੈਂਪ ਵਿਚ ਆਉਣਾ ਚਾਹੀਦਾ ਹੈ। ਮੇਰਾ ਝਗੜਾ ਤਾਂ ਦੀਵਾਨ ਕੌੜਾ[2] ਮਲ ਨਾਲ ਸੀ, ਤੂੰ ਕਿਲ੍ਹੇ ਵਿਚ ਸੁਖੀ ਵੱਸ, ਮੇਰਾ ਤੇਰੇ, ਤੇਰੇ ਕਿਲ੍ਹੇ ਜਾਂ ਸ਼ਹਿਰ ਨਾਲ ਕੋਈ ਵਾਸਤਾ ਨਹੀਂ'। ਇਹ ਚਿਠੀ ਖੜ੍ਹਕੇ ਮੀਰ ਮਨੂੰ ਨੇ ਆਪੂੰ ਅਬਦਾਲੀ ਦੇ ਕੈਂਪ ਵਿਚ ਜਾਨ ਦਾ ਪੱਕਾ ਇਰਾਦਾ ਕਰ ਲਿਆ।

ਮੀਰ ਮਨੂੰ ਅਬਦਾਲੀ ਦੇ ਕੈਂਪ ਵਿਚ : ਦੀਨੀ ਭਰਾਵਾਂ ਦਾ ਖੂਨ ਡੋਲਣ ਦੀ ਗੱਲ ਨੇ ਮਨੂੰ ਨੂੰ ਵੀ ਟੁੰਭਿਆ। ਮਨੂੰ ਇਕ ਰਾਤ ਨੂੰ ਅਹਿਮਦ ਸ਼ਾਹ ਦੇ ਕੈਂਪ ਵਿਚ ਜਾ ਪੁੱਜਾ। ਅਹਿਮਦ ਸ਼ਾਹ ਉਸ ਦੀ ਜੁਅਰਤ ਨੂੰ ਦੇਖ ਕੇ ਹੈਰਾਨ ਹੋਇਆ ਤੇ ਨ ਸਿਰਫ਼ ਉਸ ਦੀ ਉਪਮਾ ਕੀਤੀ ਸਗੋਂ ਆਪਣਾ ਬੇਟਾ ਤੇ 'ਫਰਜੰਦ ਖਾਨ ਬਹਾਦਰ' ਦਾ ਖਿਤਾਬ ਦੇ ਕੇ ਗਵਰਨਰ ਥਾਪ

---

੧. ਅਦੀਨਾ ਬੇਗ ਦੇ ਇਸ਼ਾਰੇ ਨਾਲ ਹੀ ਕਸੂਰੀ ਪਠਾਣ ਨੇ ਦੀਵਾਨ ਜੀ ਨੂੰ ਗੋਲੀ ਮਾਰੀ ਸੀ। ਫਰਹ-ਤੁ-ਨਾਜ਼ਰੀਨ ਕ੍ਰਿਤ ਮੁਹੰਮਦ ਅਸਲਮ, ਇਲਅਟ ਹਿਸਟਰੀ ਔਫ ਇੰਡੀਆਂ ਜਿਲਦ ੮ ਪੰਨਾ ੧੬੮

੨. ਦੀਵਾਨ ਕੌੜਾ ਮਲ ਝੰਗ ਜ਼ਿਲ੍ਹੇ ਦੇ ਵਸਨੀਕ ਸਨ। ਉਨ੍ਹਾਂ ਦੇ ਪਿਤਾ ਦਾ ਨਾ ਭਾਈ ਵਲ੍ਹੂ ਰਾਮ ਸੀ। ਉਨ੍ਹਾਂ ਨੇ ਪਹਿਲਾਂ ਜ਼ਕਰੀਆ ਖਾਨ ਨੂੰ ਸਿਖਾਂ ਵਿਰੁਧ ਸਿਧਾ ਟਾਕਰਾ ਕਰਨ ਤੋਂ ਰੋਕੀ ਰਖਿਆ ਤੇ ਪਿਛੋਂ ਮੀਰ ਮਨੂੰ ਨੂੰ ਵੀ ਸਿੱਖਾਂ ਨਾਲ ਸੰਧੀ ਕਰਨ ਲਈ ਮਨਵਾ ਲਿਆ ਸੀ। ਸਿਖ ਪਿਆਰ ਨਾਲ ਉਨ੍ਹਾਂ ਨੂੰ ਮਿਠਾਮਲ ਕਹਿੰਦੇ ਸਨ।

ਦਿੱਤਾ। ਉਥੇ ਕੈਂਪ ਵਿਚ ਦੋਵਾਂ ਵਿਚਕਾਰ ਜੋ ਗੱਲ ਬਾਤ ਹੋਈ ਉਸ ਨੇ ਤਾਂ ਅਹਿਮਦ ਸ਼ਾਹ ਅਬਦਾਲੀ ਨੂੰ ਅਚੰਭਤ ਹੀ ਕਰ ਦਿੱਤਾ। ਦੋਵਾਂ ਦੀ ਹੋਈ ਗੱਲ ਬਾਤ ਇਸ ਭਾਵ ਦਾ ਸੀ।

ਅਹਿਮਦਸ਼ਾਹ : ਤੂੰ ਪਹਿਲਾਂ ਈਨ ਮੰਨਣ ਕਿਉਂ ਨ ਆਇਆ ?

ਮੀਰ ਮਨੂੰ : ਮੈਂ ਕਿਸੇ ਹੋਰ ਦਾ ਸਾਂ।

ਅਹਿਮਦ ਸ਼ਾਹ : ਉਹ ਮਾਲਕ ਤੇਰੀ ਮਦਦ ਤੇ ਕਿਉਂ ਨ ਆਇਆ ?

ਮੀਰ ਮਨੂੰ : ਉਹ ਮੈਨੂੰ ਕਾਫ਼ੀ ਤਾਕਤਵਰ ਸਮਝਦਾ ਸੀ ਕਿ ਮੈਂ ਆਪਣੀ ਰਖਿਆ ਕਰਨ ਜੋਗ ਹਾਂ।

ਅਹਿਮਦ ਸ਼ਾਹ : ਜੇ ਮੈਂ ਤੇਰੇ ਹੱਥ ਆ ਜਾਂਦਾ ਤੂੰ ਕੀ ਕਰਦਾ ?

ਮੀਰ ਮਨੂੰ : ਮੈਂ ਤੁਹਾਡਾ ਸਿਰ ਵੱਢ ਕੇ ਦਿਲੀ ਆਪਣੇ ਮਾਲਕਾਂ ਨੂੰ ਭੇਜ ਦਿੰਦਾ।

ਅਹਿਮਦ ਸ਼ਾਹ : ਹੁਣ ਜਦ ਤੂੰ ਮੇਰੇ ਰਹਮ ਤੇ ਹੈ, ਮੇਰੇ ਕੋਲੋਂ ਕੀ ਆਸ ਰਖਦਾ ਹੈ ?

ਮੀਰ ਮਨੂੰ : ਜੇ ਤੂੰ ਵਪਾਰੀ ਹੈ ਤਾਂ ਮੈਨੂੰ ਵੇਚ ਦੇ, ਜੇ ਕਸਾਈ ਹੈ ਤਾਂ ਮੈਨੂੰ ਮਾਰ ਦੇ, ਪਰ ਜੇ ਸ਼ਾਹ ਹੈ ਤਾਂ ਖਿਮਾ ਕਰ ਦੇ।

ਅਹਿਮਦ ਸ਼ਾਹ ਨੇ ਉਠ ਕੇ ਉਸ ਨੂੰ ਜਫ਼ੀ ਪਾਈ ਤੇ ਕਿਹਾ, 'ਅਲਾਹ ਰਹਮ ਕਰੇ, ਤੈਨੂੰ ਮੁਆਫ਼ ਕੀਤਾ।'

ਮੀਰ ਮਨੂੰ ਨੂੰ ਖਿੱਲਤ ਦਿੱਤੀ ਗਈ। ਅਦੀਨਾ ਬੇਗ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਅਬਦਾਲੀ ਨੇ ਦਿਲੀ ਕਹਿਲਾ ਭੇਜਿਆ ਕਿ ਹਮਲਾ ਇਸੇ ਸੂਰਤ ਵਿਚ ਰੁੱਕ ਸਕਦਾ ਹੈ ਜੇ ਲਾਹੌਰ ਤੇ ਮੁਲਤਾਨ ਅਫ਼ਗਾਨਸਤਾਨ ਨਾਲ ਮਿਲਾ ਦਿੱਤੇ ਜਾਣ। ਦਿਲੀ ਨੇ ਇਹ ਸ਼ਰਤਾਂ ਮੰਨ ਲਈਆਂ ਤੇ ਮੀਰ ਮਨੂੰ ਨੇ ਸੌਦਾ ਕਰਕੇ ਲਾਹੌਰ ਆਪਣੇ ਲਈ ਰਾਖਵਾ ਰੱਖਵਾ ਲਿਆ। ਤੀਹ ਲੱਖ ਰੁਪਿਆਂ ਦੀ ਮੰਗ ਅਬਦਾਲੀ ਨੇ ਕੀਤੀ। ੧੦ ਲੱਖ ਉਸਦੀ ਆਪਣੀ ਜ਼ਿੰਦਗੀ ਦਾ, ੧੦ ਲੱਖ ਲਾਹੌਰ ਵਾਪਸ ਕਰਨ ਦਾ ਤੇ ੧੦ ਲੱਖ ਬਾਕੀ ਹਿੰਦੁਸਤਾਨ ਤੇ ਹਮਲਾ ਨ ਕਰਨ ਦਾ। ੨੬ ਲੱਖ ਤਾਂ ਉਸੇ ਵਕਤ ਹੀ ਮੀਰ ਮਨੂੰ ਨੇ ਦੇ ਦਿੱਤਾ ਬਾਕੀ ਸਿੰਧ ਪਾਰ ਹੋਣ ਸਮੇਂ ਹੀ ਦੇਣ ਦਾ ਵਾਹਿਦਾ ਕੀਤਾ। ਅਬਦਾਲੀ ਨੇ ਕਸ਼ਮੀਰ ਨੂੰ ਵੀ ਨਾਲ ਰਲਾ ਲਿਆ।

ਦਿਲੀ ਵਿਖੇ ਸਫਦਰ ਜੰਗ ਨੇ ਮਰਹਟਿਆਂ ਨੂੰ ਪੰਜਾਬ ਵਿਚ ਲਿਆਉਣਾ ਚਾਹਿਆ ਤੇ ਪੰਜਾਬ ਸਿੰਧ, ਸਿਆਲ ਕੋਟ, ਪਸਰੂਰ, ਗੁਜਰਾਤ, ਔਰੰਗਾਬਾਦ, ਹਿਸਾਰ ਦੇ ਸਾਰੇ ਇਲਾਕੇ ਵਿਚ ਮਰਹਟਿਆਂ ਨੂੰ ਚੋਥ ਉਗਰਾਹਣ ਦੀ ਖੁੱਲ ਦੇਣੀ ਮਨ ਲਈ ਪਰ ਅਹਿਮਦ ਸ਼ਾਹ ਦਿਲੀ ਨੇ ਐਸੀ ਸੰਧੀ ਮੰਨਣ ਤੋਂ ਇਨਕਾਰ ਕਰ ਚਿੱਤਾ। ਉਹ ਦੀਨੀ ਭਰਾਵਾਂ ਹੱਥ ਪੰਜਾਬ ਦੇਣਾ ਜ਼ਿਆਦਾ ਠੀਕ ਸਮਝਦਾ ਸੀ। ਭਾਵੇਂ ਉਹ ਸੰਧੀ ਤਾਂ ਟੁਟ ਗਈ ਪਰ ਪਿਛੋਂ ੧੭੫੯ ਨੂੰ ਅਦੀਨਾ ਬੇਗ ਨੇ ਇਕ ਐਸੀ ਹੀ ਗੱਲ ਬਾਤ ਮਰਹਟਿਆਂ ਨਾਲ ਕਰ ਲਈ। ਦਿਲੀ ਦੇ ਵਿਚੋਂ ਨਿਕਲ ਜਾਣ ਤੇ ਅਹਿਮਦ ਸ਼ਾਹ ਦੇ ਕਾਬਲ ਪੁਜਣ ਨਾਲ ਮੀਰ ਮਨੂੰ ਪੰਜਾਬ ਦਾ ਪੂਰਨ ਮਾਲਕ ਬਣ ਗਿਆ।

ਮੀਰ ਮਨੂੰ ਦੇ ਅਤਿਆਚਾਰ ਤੇ ਸ਼ਹੀਦੀਆਂ : ਪੰਜਾਬ ਵਿਚ ਹੁਣ ਕੇਵਲ ਸਿਖ ਹੀ ਸਨ ਜੋ ਉਸ ਦੇ ਮੁਕਾਬਲੇ ਵਿਚ ਰਹਿ ਗਏ ਸਨ। ਕੋੜਾ ਮਲ ਦਾ ਕੰਡਾ ਵੀ ਹੱਟਾ ਦਿੱਤਾ ਗਿਆ ਸੀ। ਸੋ ਉਸ ਨੇ ਸਿਖਾਂ ਨੂੰ ਜ਼ੇਰ ਕਰਨਾ ਤੇ ਮੁਕਾਉਣਾ ਆਪਣੀ ਮੁੱਖ ਨੀਤੀ ਹੀ ਬਣਾ ਲਿਆ। ਪਰ ਦੂਜੇ ਪਾਸੇ ਮੀਰ ਮਨੂੰ ਇਹ ਜਾਣਦਾ ਨਹੀਂ ਸੀ ਕਿ ਦਿਲੀ, ਕਾਬਲ ਤੇ ਲਾਹੌਰ ਤੇ ਪਿਛਲੇ ਛੇ ਸਾਲਾਂ ਦੇ ਝਗੜਿਆਂ ਵਿਚ ਸਿੱਖਾਂ ਨੇ ਤਗੜੀ ਤਾਕਤ ਬਣਾ ਲਈ ਸੀ। ਸਰਹੰਦ ਥਾਨੇਸਰ ਤੇ ਜੀਂਦ ਦੇ

ਇਲਾਕਿਆਂ ਤੇ ਉਨ੍ਹਾਂ ਦਾ ਹੀ ਕਬਜ਼ਾ ਸੀ। ਸਰਦਾਰ ਚੜ੍ਹਤ ਸਿੰਘ ਸਯਦ ਕਸੱਰਾਂ ਜਿਹਲਮ ਤਕ ਮਾਰਾਂ ਮਾਰ ਰਹੇ ਸਨ।

ਮੀਰ ਮਨੂੰ ਨੇ ਰਾਜ ਪ੍ਰਬੰਧ ਨੂੰ ਮਜ਼ਬੂਤ ਕਰਨ ਦੇ ਬਹਾਨੇ ਸਿਖਾਂ ਤੇ ਅਤਿਆਚਾਰ ਅਰੰਭ ਕਰ ਦਿੱਤੇ। ਤਾਰੀਖ-ਇ-ਪੰਜਾਬ ਵਾਲੇ ਵੀ ਲਿਖਿਆ ਹੈ ਕਿ ਮੀਰ ਮਨੂੰ ਨੇ ਸੱਭ ਤੋਂ ਜ਼ਰੂਰੀ ਕੰਮ ਇਹ ਸਮਝਿਆ ਕਿ ਸਿਖਾਂ ਨੂੰ ਚੰਗੀ ਤਰ੍ਹਾਂ ਦਬਾਇਆ ਜਾਏ ਅਦੀਨਾ ਬੇਗ ਨੂੰ ਉਸ ਨੇ ਜਲੰਧਰ ਦਾ ਨਾਜ਼ਮ ਬਣਾਇਆ। ਸਿਖਾਂ ਵਿਰੁਧ ਇਕ ਗ਼ਸ਼ਤੀ ਫੌਜ ਬਣਾਈ। ਗੱਸ਼ਤੀ ਜਥੇ ਦੇ ਆਗੂ ਮਜ਼ਬੀ ਜੂਨਨ ਵਿਚ ਰੰਗੇ ਹਾਜੀ ਤੇ ਮੁੱਲਾਂ ਬਣਾਏ। ਇਕ ਹਜ਼ਾਰ ਨਿਸ਼ਾਂਨਚੀ ਵੱਖ ਵੱਖ ਦਸਤਿਆਂ ਨਾਲ ਭੇਜੇ। ਮੀਰ ਮੋਮਨ ਖਾਨ ਤੇ ਹੁਸੈਨ ਖਾਨ ਕਸੂਰ ਵਾਲਿਆਂ ਨੂੰ ਸਿੱਖਾਂ ਵਿਰੁਧ ਕਰੜੀ ਕਾਰਵਾਈ ਕਰਨ ਲਈ ਹਦਾਇਤਾਂ ਦਿੱਤੀਆਂ। ਮਨੂੰ ਆਪੂੰ ਮਾਝੇ ਦੇ ਸਿਖਾਂ ਵਿਰੁਧ ਤਤਪਤ ਹੋ ਗਿਆ। ਮਾਝੇ ਵਿਚ ਸਯਦ ਜਮਾਲ ਦੀਨ ਤੇ ਬਖਸ਼ੀ ਗਾਜ਼ੀ ਖਾਨ ਨੂੰ ਵੀ ਦਸਤੇ ਭੇਜਣ ਲਈ ਕਿਹਾ। ਪਹਾੜਾਂ ਤੇ ਜੰਗਲਾਂ ਵਿਚ ਖਾਸ ਤੌਰ ਤੇ ਸਿਖਾਏ ਗਏ ਸਿਪਾਹੀ ਤੇ ਦਸਤੇ ਭੇਜੇ ਗਏ। ਰਾਮ ਰੌਣੀ ਅੰਮ੍ਰਿਤਸਰ ਤੇ ਅਚਾਨਕ ਹਮਲਾ ਕਰਕੇ ੯੦੦ ਦੇ ਕਰੀਬ ਸਿਖਾਂ ਨੂੰ ਥਾਂ ਉਤੇ ਹੀ ਸ਼ਹੀਦ ਕਰ ਦਿੱਤਾ ਗਿਆ। ਸਾਰੇ ਪੰਜਾਬ ਵਿਚ ਥਾਂ ਥਾਂ ਚੌਕੀਆਂ ਵੀ ਨਿਯਤ ਕੀਤੀਆਂ। ਜਿਥੇ ਵੀ ਸਿੱਖ ਮਿਲਿਆ, ਉਸ ਨੂੰ ਪਕੜਿਆ, ਮਾਰਿਆ ਤੇ ਸ਼ਹੀਦ ਕਰ ਦਿੱਤਾ ਗਿਆ। ਮੁੰਗਲੀਆਂ ਨਾਲ ਦੌਰੀ ਵਿਚ ਪਾ ਕੇ ਸਿਖਾਂ ਦੇ ਸੀਸ ਕੁਟੇ ਗਏ। ਨਖਾਸ ਵਾਲੀ ਥਾਂ ਰੋਜ਼ ਸੈਕੜੇ ਸਿੰਘ ਸ਼ਹੀਦ ਕੀਤੇ ਜਾਣ ਲਗੇ। ਅਦੀਨਾ ਬੇਗ ਵੀ ਦੂਜੇ ਚੌਥੇ ਦਿਨ ਸ਼ਹੀਦ ਸਿੰਘਾਂ ਦੇ ਸਿਰ ਭੇਜ ਦਿੰਦਾ ਸੀ। ਅੰਮਿਤਸਰ ਸਿੰਘਾਂ ਦਾ ਵੈਸਾਖੀ ਨੂੰ ਜੁੜਨਾ ਮੁਸ਼ਕਲ ਬਣਾ ਦਿੱਤਾ ਗਿਆ। ਉਨ੍ਹਾਂ ਅਨੰਦ ਪੁਰ ਵਲ ਮੂੰਹ ਕਰ ਲਿਆ। ੧੭੫੩ ਦੀ ਵੈਸਾਖੀ ਉਨ੍ਹਾਂ ਅਨੰਦ ਪੁਰ ਹੀ ਮਨਾਈ। ਮਨੂੰ ਨੇ ਅਦੀਨਾ ਬੇਗ ਨੂੰ ਅਨੰਦ ਪੁਰ ਤੇ ਅਚਾਨਕ ਹਮਲਾ ਕਰਨ ਲਈ ਕਿਹਾ। ਉਸ ਦੇ ਹਮਲੇ ਕਾਰਣ ਅਨੇਕਾਂ ਸਿੰਘ ਅਨੰਦਪੁਰ ਸ਼ਹੀਦ ਹੋ ਗਏ। ਪਰ ਅਦੀਨਾ ਬੇਗ ਦੀ ਨੀਤੀ ਸੀ ਕਿ ਸ਼ਾਹਾਂ ਨੂੰ ਕਹਿਣਾ ਚੋਰ ਆਏ ਨੀ, ਤੇ ਚੋਰਾਂ ਨੂੰ ਕਹਿਣਾ ਲੁਟ ਲਵੋ। ਉਸ ਨੇ ਮਨੂੰ ਦੇ ਆਖੇ ਲੱਗ ਹਮਲਾ ਤਾਂ ਕੀਤਾ ਪਰ ਉਥੇ ਸਿਖਾਂ ਨੂੰ ਆਪਣੀ ਹੋਂਦ ਜਤਲਾ ਕੇ ਵਾਪਸ ਆ ਗਿਆ। ਸਰਦਾਰ ਜਸਾ ਸਿੰਘ ਰਾਮਗੜ੍ਹੀਆ ਨਾਲ, ਉਸ ਫਿਰ ਸੰਧੀ ਕਰ ਲਈ। ਇਹ ਉਹ ਹੀ ਸਮਾਂ ਹੈ ਜਦ ਸਿੱਖ ਮਾਤਾਵਾਂ ਨੇ ਸਵਾ ਸਵਾ ਮਣ ਦੇ ਪੀਸਣੇ ਪੀਸੇ ਤੇ ਬੱਚਿਆਂ ਦੇ ਟੋਟਿਆਂ ਵਿਚ ਹਾਰ ਗਲਾਂ ਵਿਚ ਪਵਾਏ ਪਰ ਸਿਖੀ ਸਿਦਕ ਨਾ ਹਾਰਿਆ।

ਵਿਸ਼ਵਾਸ ਦੀ ਉਦਾਹਰਣ : ਨਿੱਤ ਦੇ ਹੋ ਰਹੇ ਅਤਿਆਚਾਰ ਵੀ ਸਿਖੀ ਵਿਚ ਵਿਸ਼ਵਾਸ ਦੀ ਕੰਧ ਹਿਲਾ ਨ ਸਕੇ। ਸਿਖਾਂ ਦੇ ਵਿਸ਼ਵਾਸ ਸਗੋਂ ਵਧੇ। ਮੁਨਸ਼ੀ ਖੁਸ਼ਵਕਤ ਰਾਇ ਨੇ ਆਪਣੀ ਪੁਸਤਕ 'ਤਾਰੀਖ-ਇ-ਸਿਖਾਂ' ਵਿਚ ਮੀਰ ਮਨੂੰ ਦੇ ਸਮੇਂ ਦੇ ਇਕ ਸਾਖੀ ਲਿਖੀ ਹੈ। ਇਕ ਦਿਨ ਮੀਰ ਮਨੂੰ ਨੂੰ ਖਬਰ ਪੁਜੀ ਕਿ ਨਿਆਜ ਬੇਗ[1] ਪਿੰਡ ਵਿਚ ਕੁਝ ਸਿੰਘ ਲੁਕੇ ਹੋਏ ਹਨ। ਉਸ ਨੇ ਆਪਣੇ ਦੋ ਸੌ ਸਵਾਰ ਹਮਲੇ ਲਈ ਭੇਜੇ। ਉਨ੍ਹਾਂ ਨਿਆਜ ਬੇਗ ਪੁੱਜ ਕੇ ਹਰ ਘਰ ਲੁਟਿਆ ਤੇ ਹਰ ਹੱਥ ਆਈ ਵਸਤੂ ਨੂੰ ਆਪਣਾ ਜਾਇਜ਼ ਹੱਕ ਮੰਨ ਕੇ ਖੋਹ ਲਿਆ। ਇਕ ਗਰੀਬ ਵਿਧਵਾ (ਸਿੰਘਣੀ) ਨੇ ਇਹ ਸਭ ਦੇਖ ਦੁਖੀ ਹਿਰਦੇ ਨਾਲ ਅਰਦਾਸ ਕੀਤੀ 'ਹੇ ਦਸਵੇਂ ਪਾਤਸ਼ਾਹ!

---

੧. ਨਿਆਜ ਬੇਗ ਲਾਹੌਰ ਸ਼ਹਿਰ ਤੋਂ ਦੱਖਣ ਤੋਂ ਸਤ ਕੁ ਮੀਲ, ਚੁਬਰਜੀ ਵਾਲੀ ਪਕੀ ਸੜਕ ਤੇ ਨਵਾਂ ਕੋਟ ਤੋਂ ਅਗੇਰੇ ਹੈ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਦਾ ਗੁਰਦੁਆਰਾ ਵੀ ਹੈ।

ਜੇ ਤੂੰ ਸਾਨੂੰ ਛੱਡ ਜਾਣਾ ਸੀ ਤਾਂ ਇਨ੍ਹਾਂ ਲੋਕਾਂ ਨੂੰ ਆਪਣੇ ਸਿਖ ਬਣਾ ਕੇ ਕਿਉਂ ਖਰਾਬ ਕਰਨਾ ਸੀ। ਜੇ ਸਾਡਾ ਸੱਚਾ ਗੁਰੂ ਹੈਂ, ਤਾਂ ਇਨ੍ਹਾਂ ਬਿਪਤਾਵਾਂ ਤੋਂ ਛਡਾਉ।" ਆਖਦੇ ਨੇ, ਉਸੇ ਸਮੇਂ ਇਕ ਨੀਲੇ ਬਾਣੇ ਵਾਲਾ ਸਵਾਰ ਹੱਥ ਵਿਚ ਬਰਛਾ ਫੜਿਆ ਹੋਇਆ ਪ੍ਰਗਟ ਹੋਇਆ ਤੇ ਉਸ ਸਿੰਘਣੀ ਨੂੰ ਕਹਿਣ ਲਗਾ, "ਤੂੰ ਚਾਹੁੰਦੀ ਕੀ ਹੈ ?" ਮਾਈ ਬੋਲੀ "ਗੁਰੂ ਗੋਬਿੰਦ ਸਿੰਘ, ਜਿਸ ਨੇ ਅਸਾਂ ਲੋਕਾਂ ਨੂੰ ਖਰਾਬ ਕੀਤਾ,ਠੀਕ ਹੀ ਗੁਜ਼ਰ ਗਿਆ ਹੈ। ਜੇ ਜੀਉਂਦਾ ਹੁੰਦਾ ਤਾਂ ਇਸ ਵੇਲੇ ਇਹ ਅਤਿਆਚਾਰ ਸਾਡੇ ਤੇ ਨਾ ਹੁੰਦੇ, ਅਸੀਂ ਉਸਦੇ ਸਿਖ ਜੋ ਸਾਂ।" ਉਸ ਅਨੋਖੇ ਸਵਾਰ ਨੇ ਕਹਿਆ, "ਯਕੀਨ ਰੱਖ, ਉਹ ਜ਼ਰੂਰ ਬਹੁੜੇਗਾ।" ਮਾਈ ਨੇ ਦਰਵਾਜ਼ਾ ਬੰਦ ਕੀਤਾ ਤੇ ਉਸ ਸਵਾਰ ਦੀ ਖਬਰ ਸੁਣ ਕੇ ਮਨੂੰ ਦੇ ਸਿਪਾਹੀ ਉਸ ਦੇ ਇਰਦ ਇਕਠੇ ਹੋ ਗਏ। ਭਾਵੇਂ ਉਹ ਸਵਾਰ ਇਕਲਾ ਸੀ ਪਰ ਉਸ ਵਿਚ ਹਜ਼ਾਰਾਂ ਦਾ ਬਲ ਸੀ। ਫੌਜ ਥੋੜ੍ਹਾ ਕੁ ਚਿਰ ਲੜੀ ਤੇ ਥਾਂ ਹੀ ਮੁੱਕ ਗਈ। ਉਸ ਦੇ ਸਾਥੀ ਜੋ ਬੱਚੇ ਉੱਠ ਨੱਸੇ। ਉਸ ਸਿੰਘ ਦਾ ਪਤਾ ਨਹੀਂ ਲਗ ਸਕਿਆ ਕਿ ਉਹ ਕਿਥੇ ਗਿਆ। ਸਿਖਾਂ ਦਾ ਖਿਆਲ ਹੈ ਕਿ ਉਹ ਆਪੂੰ ਗੁਰੂ ਗੋਬਿਦ ਸਿੰਘ ਸਨ ਤੇ ਜ਼ਾਲਿਮਾਂ ਦਾ ਨਾਸ ਕਰਨ ਆਏ ਸਨ। ਗੱਲ ਸੱਚ ਹੈ ਕਿ ਅਜੇ ਤਕ ਲੋਕੀ ਇਹ ਨਹੀਂ ਜਾਣ ਸਕੇ ਕਿ ਗੁਰੂ ਜੀ ਦੀ ਹੋਂਦ ਉਨ੍ਹਾਂ ਦੇ ਸਿਖਾਂ ਵਿਚ ਹੈ। ਜਦ ਵੀ ਕੋਈ ਪੁਕਾਰਦਾ ਹੈ, ਗੁਰੂ ਗੋਬਿੰਦ ਸਿੰਘ ਜੀ ਦੀ ਸ਼ਕਤੀ ਉਸ ਵਿਚ ਆ ਜਾਂਦੀ ਹੈ ਕਿਉਂਕਿ ਉਹ ਆਪੂੰ ਆਖ ਗਏ ਸਨ ਕਿ 'ਆਤਮਾ (ਗੁਰੂ) ਗ੍ਰੰਥ ਵਿਚ ਤੇ ਸਰੀਰ 'ਪੰਥ' ਵਿਚ।

ਮੀਰ ਮਨੂੰ ਸਫਲ ਨ ਹੋਇਆ : ਜ਼ੁਲਮਾਂ ਦੀ ਭੱਠੀ ਵਿਚ ਪੈ ਕੇ ਸਿੰਘਾਂ ਦਾ ਰੂਪ ਹੋਰ ਨਿਖਰਿਆ। ਜਿਉਂ ਜਿਉਂ ਮਨੂੰ ਅਤਿਆਚਾਰ ਕਰਦਾ ਸਿਖ ਹੋਰ ਗੁਰੂ ਦੇ ਨੇੜੇ ਹੁੰਦੇ ਗਏ ਤੇ ਸ਼ਹੀਦਾਂ ਦਾ ਧਿਆਨ ਧਰਕੇ ਮੌਤ ਨੂੰ ਹੱਸ ਹੱਸ ਜਫ਼ੀ ਪਾਉਂਦੇ। ਸਿਖਾਂ ਕੋਈ ਸ਼ਿਕਾਇਤ ਜਾਂ ਸ਼ਿਕਵੇ ਨ ਕੀਤੇ। ਉਨ੍ਹਾਂ ਗੁਰੂ ਅਰਜਨ ਜੀ ਪਾਸੋਂ ਇਹ ਸਬਕ ਚੰਗੀ ਤਰ੍ਹਾਂ ਪੜ੍ਹ ਲਿਆ ਸੀ "ਉਲਾਨੋ ਮੈ ਕਾਹੂ ਨ ਕੀਯੋ। ਮਨ ਮੀਠ ਤੁਮਾਰੇ ਕਿਉ।" ਸੋ ਉਨ੍ਹਾਂ ਇਹ ਕਹਿਣਾ ਸ਼ੁਰੂ ਕਰ ਦਿੱਤਾ, ਕਿ ਮਨੂੰ ਤਾਂ ਸਾਡੀ ਦਾਤ੍ਰੀ ਹੈ, ਅਸੀਂ ਮਨੂੰ ਦੇ ਸੋਏ ਹਾਂ, ਜਿਉਂ ਜਿਉਂ ਮਨੂੰ ਦੀ ਦਾਤਰੀ ਸਾਨੂੰ ਵੱਢਦੀ ਹੈ ਤਿਉਂ ਤਿਉਂ ਸੋਇਆ[1] ਦੀ ਤਰ੍ਹਾਂ ਅਸੀਂ ਵੱਧ ਫੁੱਲ ਰਹੇ ਹਾਂ

"ਮਨੂੰ ਅਸਾਂ ਦੀ ਦਾਤਰੀ, ਅਸੀ ਮਨੂੰ ਦੇ ਸੋਏ।
ਜਿਉਂ ਜਿਉਂ ਮਨੂੰ ਵੱਢਦਾ, ਅਸੀ ਦੂਨੇ ਚੋਣੇ ਹੋਏ। ਤੇ
'ਅਸੀ ਮਨੂੰ ਦੇ ਸੋਏ, ਉਤੋਂ ਉਤੋਂ ਲਾਹ ਪੜੇ, ਹੇਠਾਂ ਦੂਨੇ ਹੋਏ।"

ਸਿੱਖਾਂ ਨੂੰ ਨਿੱਤ ਦੀ ਅਰਦਾਸ ਦੇ ਸ਼ਬਦ "ਜਹਾਂ ਜਹਾਂ ਗੁਰ ਖਾਲਸਾ ਜੀ ਸਾਹਿਬ ਤਹਾਂ ਤਹਾਂ ਰੱਛਿਆ ਰਿਆਇਤ," ਉਤਸ਼ਾਹ ਦੇ ਕੇ ਇਕ ਦੂਜੇ ਦਾ ਦਰਦ ਵੰਡਾਣ ਲਈ ਪ੍ਰੇਰਨਾ ਦਿੰਦੇ ਸਨ। 'ਮਰਨੇ ਕਾ ਚਾਓ' ਸਿਖ ਰਗਾਂ ਵਿਚ ਉਛਾਲੇ ਮਾਰਦਾ ਰਹਿੰਦੀ ਸੀ।[2] ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਲਈ ਪਹਿਰਿਆਂ ਦੇ ਬਾਵਜੂਦ ਪੁੱਜਦੇ ਭਾਵੇਂ ਥਾਂ ਤੇ ਹੀ ਸ਼ਹੀਦ ਹੋ ਜਾਂਦੇ। ਇਹ ਅਤਿਆਚਾਰਾਂ ਦਾ ਚਕਰ ਛੇਤੀ ਹੀ ਮੁੱਕ ਗਿਆ ਜਦ ਚਕਰ ਚਲਾਉਣ ਵਾਲਾ ਆਪੂੰ ਹੀ ਕਾਲ-ਚਕਰ ਵਿਚ ਆ ਗਿਆ।

ਮੀਰ ਮਨੂੰ ਦਾ ਅੰਤ : ਪਿੰਡ ਵਲਣ ਵਿਚ ਸਿਖਾਂ ਦਾ ਇਕ ਵੱਡਾ ਦਲ ਸੀ। ਮੀਰ ਮਨੂੰ ਆਪੂੰ ਮਹੁੰਮ ਚੜ੍ਹਾਕੇ ਉਥੇ ਗਿਆ। ਉਸ ਨੇ ਕੈਂਪ ਮਲਕ ਪੁਰ ਲਗਾਇਆ। ਸਿਖ ਦੱਲ

੧. ਸੋਇਆਂ ਦੇ ਸੁੱਭਾ ਹੈ ਕਿ ਜਿਉਂ ਜਿਉਂ ਉਨ੍ਹਾਂ ਨੂੰ ਵੱਢੋ ਉਹ ਹੋਰ ਵੱਧ ਜਾਂਦੇ ਹਨ।
੨. ਭਾਈ ਰਤਨ ਸਿੰਘ ਭੰਗੂ, ਪੰਥ ਪ੍ਰਕਾਸ਼ ਪੰਨਾ ੩੪੧-੪੨।

ਦੀ ਹੋਂਦ ਸੁਣ ਕੇ ਮੰਨੂ ਨੇ ਘੋੜੇ ਨੂੰ ਤੇਜ਼ ਦੁੜਾਇਆ ਪਰ ਇਤਨੇ ਨੂੰ ਇਕ ਇੱਲ ਘੋੜੇ ਨੂੰ ਛੋਂਹਦੀ ਹੋਈ ਪਰ੍ਹਾਂ ਹੱਟ ਗਈ। ਘੋੜਾ ਅਥਰਾ ਹੋ ਗਿਆ। ਤਰੀਖ-ਇ-ਸਿੰਘਾਂ ਨੇ ਘੋੜੇ ਦੇ ਅਥਰੇ ਹੋਣ ਦਾ ਕਾਰਣ ਗੰਨਿਆਂ ਦੇ ਖੇਤ ਵਿਚੋਂ ਫ਼ਾਇਰ ਦਾ ਹੋਣਾ ਲਿਖਿਆ ਹੈ। ਮੀਰ ਮਨੂੰ ਘੋੜੇ ਤੋਂ ਡਿਗ ਪਿਆ। ਪਰ ਉਸ ਦਾ ਇਕ ਪੈਰ ਰਕਾਬ ਵਿਚ ਹੀ ਅੜਿਆ ਰਿਹਾ। ਘੋੜਾ ਮੀਰ ਮਨੂੰ ਨੂੰ ਘਸੀਟ ਕੇ ਹੀ ਟੁਰਿਆ ਜਾ ਰਿਹਾ ਸੀ ਤੇ ਐਸੀ ਦਸ਼ਾ ਵਿਚ ਹੀ ਮੀਰ ਮਨੂੰ ਦੀ ਮੌਤ ਨਵੰਬਰ ੪, ੧੭੫੩ ਨੂੰ ਹੋ ਗਈ।

ਪੰਜਾਬ ਦਾ ਜੋ ਬੁਰਾ ਹਾਲ ਪਿਛਲੇ ਦਸਾਂ ਮਹੀਨਿਆਂ ਵਿਚ ਹੋਇਆ ਉਸ ਬਾਰੇ ਬੁਲ੍ਹੇਸ਼ਾਹ ਨੇ ਵੀ ਲਿਖਿਆ ਹੈ:

ਦਰ ਖੁਲਾ ਹੈ ਹਸ਼ਰ ਅਜ਼ਾਬ ਦਾ,
ਬੁਰਾ ਹਾਲ ਹੋਇਆ ਪੰਜਾਬ ਦਾ।

ਮੀਰ ਮਨੂੰ ਨੇ ਸਿਖਾਂ ਨੂੰ ਮੁਕਾਉਣ ਦੇ ਜੋ ਉਪਾ ਕੀਤੇ, ਉਹ ਹੀ ਪਿਛੋਂ ਪੰਜਾਬ ਦੇ ਵੈਰੀ ਬਣੇ। ਵੱਡੀ ਫੌਜ ਸਾਂਭਣੀ ਮੁਸ਼ਕਲ ਹੋ ਗਈ। ਖਜ਼ਾਨਾ ਖਾਲੀ ਹੋ ਗਿਆ ਸੀ। ਸਿਖਾਂ ਦਾ ਬਹੁਤਾ ਕੁਝ ਨ ਵਿਗੜਿਆ ਪਰ ਪੰਜਾਬ ਦਾ ਰਾਜ ਖੋਖਲਾ ਹੋ ਗਿਆ। ਸਿਖਾਂ ਦੇ ਜੱਥਿਆਂ ਵਿਚ ਗਿਣਤੀ ਫਿਰ ਵੱਧਣ ਲਗੀ। ਸਰ ਜੋਗਿੰਦਰ ਸਿੰਘ ਨੇ ਠੀਕ ਲਿਖਿਆ ਹੈ ਕਿ ਇਨਕਲਾਬ ਕਦੇ ਪਿਛੇ ਨਹੀਂ ਮੁੜਿਆ ਕਰਦੇ ਤੇ ਫਿਰ ਜੋ ਕੌਮਾਂ ਮਰਨਾ ਜਾਣਦੀਆਂ ਹਨ ਉਹ ਗੁਲਾਮ ਕਦੇ ਨਹੀਂ ਰਹਿੰਦੀਆਂ। ਨੌਜਵਾਨਾਂ ਨੇ ਚੰਗੀ ਤਰ੍ਹਾਂ ਸਮਝ ਲਿਆ ਕੇ ਜੇ ਕੋਈ ਉਨ੍ਹਾਂ ਨੂੰ ਜ਼ੁਲਮਾਂ ਦੇ ਪੰਜੇ ਵਿਚੋਂ ਬਚ ਸਕਦਾ ਹੈ ਤਾਂ ਉਹ ਸਿਖ ਹੀ ਹਨ। ਸੋ ਉਹ ਲੋਕੀ ਜੋ ਬੇਸਹਾਰਾ ਮਾਰੇ ਜਾ ਰਹੇ ਸਨ ਉਨ੍ਹਾਂ ਸਿਖਾਂ ਦੀ ਜਥੇਬੰਦੀ ਵਿਚ ਹੀ ਆਪਣਾ ਬਚਾਉ ਜਾਣਿਆ।

ਅਧਿਆਇ ਚੌਧਵਾਂ

ਪਾਟੋਧਾੜ ਤੇ ਸਿੱਖਾਂ ਦੀ ਚੜ੍ਹਦੀ ਕਲਾ

ਮੀਰ ਮਨੂੰ ਉਪ੍ਰੰਤ : ਮੀਰ ਮਨੂੰ ਜੋ ਆਪੂੰ ਇਕ ਹੌਸਲੇ ਵਾਲਾ ਮੌਕਾ ਸੰਭਾਲੂ, ਖਤਰਿਆਂ ਅਗੇ ਨ ਝੁਕਣ ਵਾਲਾ ਤੇ ਖੁਦਮੁਖਤਿਆਰ ਪੁਰਸ਼ ਸੀ. ਪਿਛੋਂ ਲਾਹੌਰ ਤੇ ਦਿਲੀ ਵਿਚ ਆਪੋ ਧਾਪੀ ਪੈ ਗਈ। ਦਿਲੀ ਦੇ ਅਹਿਮਦ ਸ਼ਾਹ ਨੇ ਆਪਣੇ ਪੁਤਰ ਮਹਿਮੂਦ ਸ਼ਾਹ ਨੂੰ ਜੋ ਕੇਵਲ ਤਿੰਨਾਂ ਸਾਲਾਂ ਦਾ ਸੀ ਗਵਰਨਰ ਥਾਪ ਦਿੱਤਾ ਤੇ ਨਾਇਬ ਨਵਾਬ ਮੀਰ ਮਨੂੰ ਦੇ ਦੋ ਸਾਲਾ ਪੁਤਰ ਮਹੰਮਦ ਅਮੀਨ ਖਾਨ ਨੂੰ ਬਣਾਇਆ । ਇਹ ਖੇਲ ਕੁਝ ਦਿਨ ਹੀ ਚਲ ਸਕਿਆ ਤੇ ਮੀਰ ਮਨੂੰ ਦੇ ਛੋਟੇ ਭਰਾ ਨਿਜ਼ਾਮ ਉਦ-ਦੀਨ ਨੂੰ ਗਵਰਨਰ ਥਾਪ ਦਿੱਤਾ ਗਿਆ। ਨਿਜ਼ਾਮ ਉਦ-ਦੀਨ ਦੇ ਉਥੇ ਨਾ ਹੋਣ ਕਰਕੇ ਮੀਰ ਮੋਮਨ ਖਾਨ ਕਸੂਰ ਦੇ ਹੱਥ ਸਾਰੀ ਤਾਕਤ ਆ ਗਈ। ਮੋਮਨ ਖਾਨ ਇਕ ਸੁਲਝਿਆ ਹੋਇਆ ਹਾਕਮ ਸੀ। ਉਸ ਨਾਲ ਭਿਖਾਰੀ ਖਾਨ ਮਿਲ ਗਿਆ। ਭਿਖਾਰੀ ਖਾਨ ਰੋਸ਼ਨ-ਉਦ-ਦਉਲਾ, ਤੁੱਗ ਬਾਜ ਖਾਨ, ਜੋ ਮੁਹੰਮ ਸ਼ਾਹ ਦਾ ਇਕ ਪਤਵੰਤਾ ਸਰਦਾਰ ਸੀ, ਦਾ ਪੁਤਰ ਸੀ। ਉਹ ਸਯਦ ਭੀਖਣ ਦੇ ਮੁਰੀਦਾਂ ਵਿਚੋਂ ਸੀ ਤੇ ਭਿਖਾਰੀ ਖਾਨ ਦਾ ਨਾਂ ਸਯਦ ਭੀਖਣ ਕਰਕੇ ਹੀ ਰਖਿਆ ਗਿਆ ਸੀ। ਉਧਰ ਅਹਿਮਦ ਸ਼ਾਹ ਨੇ ਮੀਰ ਮਨੂੰ ਦੇ ਦੋ ਸਾਲਾਂ ਬੱਚੇ ਨੂੰ ਪੰਜਾਬ ਦਾ ਗਵਰਨਰ ਮੰਨ ਕੇ ਬਾਕੀ ਸਾਰੇ ਇਤਜ਼ਾਮ ਮੰਨ ਲਏ ਪਰ ਅਮੀਨ ਖਾਨ ਵੀ ਮਈ ੧੭੫੪ ਵਿਚ ਮਾਰਿਆ ਗਿਆ ਤੇ ਸਾਰੀ ਤਾਕਤ ਸਿੱਧੀ 'ਮੁਰਾਦ ਬੇਗਮ' ਜਿਸ ਨੂੰ ਮੁਗਲਾਨੀ ਬੇਗਮ ਵੀ ਕਹਿੰਦੇ ਸਨ ਤੇ ਹੱਥ ਆ ਗਈ। ਉਸ ਨੇ ਆਪਣੇ ਸਫੀਰ ਦਿਲੀ ਤੇ ਕੰਧਾਰ ਭੇਜੇ ਤਾਕਿ ਦੁਰਾਨੀ ਤੇ ਮੁੱਗਲ ਦੋਵੇਂ ਮਾਲਕਾਂ ਕੋਲੋਂ ਫਰਮਾਨ ਲਏ ਜਾ ਸਕਣ । ਦਿਲੀ ਵਿਚ ਅਹਿਮਦ ਸ਼ਾਹ ਤੈਮੂਰ ਤੇ ਵਜ਼ੀਰ ਅਹਿਮਦ ਉਲ ਮਲਕ ਵਿਚ ਝਗੜਾ ਹੋ ਰਿਹਾ ਸੀ। ਇਸ ਝਗੜੇ ਵਿਚ ਹੀ ਅਹਿਮਦ ਸ਼ਾਹ ਨੂੰ ਗੱਦੀ ਤੋਂ ਉਤਾਰ ਦਿੱਤਾ ਗਿਆ ਤੇ ਆਲਮਗੀਰ ਦੂਜਾ ਜੋ ਜਹਾਨ ਦਾਰ ਸ਼ਾਹ ਦਾ ਪੁਤਰ ਸੀ ਨੂੰ ਤਖੱਤ ਤੇ ਬਿਠਾ ਦਿੱਤਾ ਗਿਆ। ਉਸ ਨੇ ਮੀਰ ਮੋਮਨ ਖਾਨ ਨੂੰ ਲਾਹੌਰ ਤੇ ਮੁਲਤਾਨ ਦਾ ਨਾਜ਼ਮ ਨਿਯਤ ਕਰ ਦਿੱਤਾ। ਪਰ ਮੁਗਲਾਨੀ ਬੇਗਮ ਨੇ ਹਕੂਮਤ ਉਸ ਦੇ ਹਵਾਲੇ ਨ ਕੀਤੀ।

ਲਾਹੌਰ ਵਿਚ ਹੁਣ ਇਸ ਤਰ੍ਹਾਂ ਹੁੰਦਾ ਕਿ ਸਵੇਰੇ ਅਹਿਲਕਾਰ ਮੀਰ ਮੋਮਨ ਖਾਨ ਪਾਸ ਜਾਂਦੇ ਤੇ ਫਿਰ ਦੁਪੈਹਰ ਨੂੰ ਮੁਗਲਾਨੀ ਬੇਗਮ ਪਾਸ। ਉਹ ਆਪਣੇ ਖਾਸ ਮਸ਼ੀਰਾਂ, ਮੀਯਾ ਖੁਸ਼ ਫਹਮ, ਮੀਆਂ ਅਰਜਮੰਦ ਤੇ ਮੀਆਂ ਮਹਾਬਤ ਮਮਤਾਜ਼ ਰਾਹੀਂ ਅੰਦਰੋਂ ਹੁਕਮ ਭੇਜਦੀ ਪਰ ਇਨ੍ਹਾਂ ਤਿੰਨਾਂ ਦੀ ਬਣਦੀ ਨਹੀਂ ਸੀ। ਸੋ ਹੁਕਮ ਅੰਦਰੋਂ ਬਾਹਰ ਆਂਦੇ ਹੀ ਉਲਟ ਪੁਲਟ ਹੋ ਜਾਂਦੇ। ਇਨ੍ਹਾਂ ਦਿਨਾਂ ਵਿਚ ਹੀ ਮੁਗਲਾਨੀ ਬੇਗਮ ਦੇ ਚਾਲ ਚਲਨ ਸੰਬੰਧੀ ਵੀ ਖੱਬਰਾਂ ਉੜਾ ਦਿਤੀਆਂ ਗਈਆਂ ਤੇ ਕਦੇ ਕਿਸੇ ਨਾਲ ਕਦੇ ਕਿਸੇ ਨਾਲ ਸੰਬੰਧ ਜੋੜੇ ਗਏ।

ਭਿਖਾਰੀ ਖਾਨ ਨੇ ਮੌਕਾ ਤਾੜ ਕੇ ਐਮਨਾਬਾਦ ਦੇ ਖਵਾਜਾ ਮਿਰਜ਼ਾ ਖਾਨ ਨੂੰ ਲਿਖਿਆ ਕਿ ਉਹ ਬੇਗਮ ਤੋਂ ਪੰਜਾਬ ਨੂੰ ਬਚਾਏ। ਉਸ ਨੇ ਆਪਣੇ ਸਵਾਰਾਂ ਨਾਲ ਲਾਹੌਰ ਤੇ ਹਮਲਾ ਕੀਤਾ ਤੇ ਬੜੀ ਆਸਾਨੀ ਨਾਲ ਸ਼ਹਿਰ ਤੇ ਕਬਜ਼ਾ ਕਰ ਲਇਆ। ਬੇਗਮ ਨੂੰ ਗ੍ਰਿਫਤਾਰ ਕਰਕੇ ਦੂਜੇ ਮਕਾਨ ਵਿਚ ਬੰਦ ਕਰ ਦਿਤਾ ਗਿਆ। ਤੁਰਕ ਸਿਪਾਹੀਆਂ ਵੀ ਮਿਰਜ਼ਾ ਦੀ ਮਦਦ ਕੀਤੀ। ਬੇਗਮ ਦੀ ਨਜ਼ਰ ਬੰਦੀ ਦੀ ਖੱਬਰ ਸੁਣ ਕੇ ਕੁਝ ਪੂਰਬੀਏ ਸਿਪਾਹੀਆਂ ਨੇ ਟਾਕਰਾ ਕੀਤਾ ਪਰ ਉਹ ਹਾਰ ਗਏ। ਕੁਝ ਚਿਰ ਤਾਂ ਇੰਝ ਲਗਾ ਕਿ ਜਿਵੇਂ ਪ੍ਰਬੰਧ ਠੀਕ ਹੋ ਗਿਆ ਹੈ ਪਰ ਫਿਰ ਸ਼ਾਜਸ਼ਾਂ ਆਰੰਭ ਹੋਈਆਂ ਤੇ ਮਿਰਜ਼ਾ ਦਾ ਇੰਤਜਾਮ ਸਾਰਿਆਂ ਨਾਲੋਂ ਮਾੜਾ ਹੋ ਗਿਆ। ਜੇਲ੍ਹ ਵਿਚੋਂ ਹੀ ਮੁਗਲਾਨ੍ਹੀ ਨੇ ਆਪਣੇ ਮਾਮੇ ਖਵਾਜਾ ਉਬੈਦ-ਉੱਲਾ ਖਾਨ ਜੋ ਅਬਦੁਲ ਸਮਦ ਦਾ ਪੁਤਰ ਤੇ ਜ਼ਕਰੀਆ ਦਾ ਛੋਟਾ ਭਰਾ ਸੀ, ਨੂੰ ਕਾਬਲ ਭੇਜਿਆ ਕਿ ਅਬਦਾਲੀ ਆਪਣੀ ਬੇਟੀ[1] ਦਾ ਹਾਲ ਆ ਕੇ ਦੇਖੇ। ਮੁਗਲਾਨੀ ਬੇਗਮ ਦੀ ਭੈੜੀ ਦਸ਼ਾ ਸੁਣਦੇ ਸਾਰ ਹੀ ਅਬਦਾਲੀ ਨੇ ਪੈਸ਼ਾਵਰ ਦੇ ਗਵਰਨਰ ਜਹਾਨ ਖਾਨ ਦੇ ਛੋਟੇ ਭਰਾ ਅਮਾਨ ਖ਼ਾਨ ਨੂੰ ਹੁਕਮ ਦਿਤਾ ਕਿ ਉਹ ਦਸ ਹਜ਼ਾਰ ਸਿਪਾਹੀ ਲੈ ਕੇ ਲਾਹੌਰ ਪੁਜੇ ਤੇ ਮੁਗਲਾਨੀ ਬੇਗਮ ਦੀ ਹਕੂਮਤ ਵਾਪਸ ਦਿਲਵਾਏ। ਅਮਾਨ ਖਾਨ ਜੇਤੂ ਦੇ ਤੌਰ ਤੇ ਲਾਹੌਰ ਦਾਖਲ ਹੋਇਆ ਤੇ ਬੇਗਮ ਨੂੰ ਨਾਜ਼ਮ ਨਿਯਤ ਕੀਤਾ ਤੇ ਖੁਆਜਾ ਅਬੈਦੁੱਲਾ ਨੂੰ ਨਾਇਬ ਬਣਾਇਆ।

ਰਾਜ ਦੀ ਵਾਗ ਡੋਰ ਹੱਥ ਆਂਦਿਆਂ ਹੀ ਬੇਗਮ ਨੇ ਸਭ ਤੋਂ ਪਹਿਲਾਂ ਭਿਖਾਰੀ ਖਾਨ ਦੀਆਂ ਮਸ਼ਕਾਂ ਕਸਾ ਕੇ ਸਾਹਮਣੇ ਪੇਸ਼ ਕਰਨ ਦਾ ਹੁਕਮ ਦਿੱਤਾ। ਕਮਰੇ ਵਿਚ ਬੰਦ ਕਰਕੇ ਆਪਣੀਆਂ ਨੌਕਰਾਣੀਆਂ ਤੇ ਨੌਕਰਾਂ ਕੋਲੋਂ ਜੁਤੀਆਂ ਦੀ ਮਾਰ ਪਵਾਈ। ਇਥੋਂ ਤਕ ਕਿ ਉਹ ਨੀਮ ਬੇ ਹੋਸ਼ ਹੋ ਗਿਆ। ਬੇਗਮ ਨੇ ਆਪਣੇ ਹੱਥ ਦੇ ਖਜਰ ਨਾਲ ਦੋ ਜ਼ਖਮ ਲਗਾਏ। ਜਿਸ ਨਾਲ ਭਿਖਾਰੀ ਖਾਨ ਦੀ ਮ੍ਰਿਤੂ ਹੋ ਗਈ। ਉਸ ਦੀ ਲਾਸ਼ ਵੀ ਬਾਹਰ ਖਾਹੀ ਵਿਚ ਸੁਟਵਾ ਦਿਤੀ। ਕਈ ਇਹ ਕਹਿੰਦੇ ਹਨ ਕਿ ਮੀਰ ਮਨੂੰ ਦੀ ਮੌਤ ਦੇ ਪਿਛੋਂ ਮੁਗਲਾਨੀ ਨੇ ਭਿਖਾਰੀ ਤੇ ਮਾੜੀ ਨਜ਼ਰ ਸੁਟੀ ਤੇ ਭਿਖਾਰੀ ਨੇ ਪਰਵਾਹ ਨਹੀਂ ਕੀਤੀ ਸੀ। ਉਸ ਨੇ ਇਸ ਤਰ੍ਹਾਂ ਮਾਰ ਕੇ ਆਪਣਾ ਗੁਸਾ ਹੀ ਕੱਢਿਆ ਸੀ।

ਇਕ ਵਿਚਾਰ ਇਹ ਵੀ ਹੈ ਕਿ ਭਿਖਾਰੀ, ਸਿਖਾਂ ਨਾਲ ਦੋਸਤੀ ਬਨਾਉਣ ਦੇ ਹੱਕ ਵਿਚ ਸੀ। ਉਹ ਸਿਖਾਂ ਨੂੰ ਹਥਿਆਰ ਵੀ ਭੇਜਦਾ ਸੀ। ਉਸ ਦਾ ਇਹ ਖਿਆਲ ਸੀ ਕਿ ਸਿਖਾਂ ਦੀ ਮਦਦ ਨਾਲ ਦਿਲੀ ਤੇ ਲਾਹੌਰ ਦੋਨਾਂ ਨੂੰ ਸਜ਼ਾ ਦਿਤੀ ਜਾ ਸਕਦੀ ਹੈ। ਸਿਖਾਂ ਨਾਲ ਗਠ ਜੋੜ ਕਰਨ ਨਾਲ ਮੁਸਲਮਾਨ ਉਸ ਦੇ ਵਿਰੁਧ ਹੋ ਗਏ ਤੇ ਇਸੇ ਕਾਰਣ ਉਹ ਗ੍ਰਿਫ਼ਤਾਰ ਹੋਇਆ ਤੇ ਮੁੱਗਲਾਨੀ ਹਥੋਂ ਉਸ ਦਾ ਅੰਤ ਹੋਇਆ।

ਅਮਾਨ ਖਾਨ ਦਾ ਵਾਪਸ ਹੋਣਾ ਹੀ ਸੀ ਕਿ ਅਬੈਦੁੱਲਾ ਨੇ ਪੰਦਰਾਂ ਵੀਹ ਹਜ਼ਾਰ ਫ਼ੌਜੀਆਂ ਨਾਲ ਲਾਹੌਰ ਦੀ ਨਜ਼ਾਮਤ ਤੇ ਕਬਜ਼ਾ ਕਰਨਾ ਚਾਹਿਆ। ਬੇਗਮ ਨੂੰ ਜਦ ਪਤਾ ਲੱਗਾ ਤਾਂ ਉਸ ਫ਼ੌਜੀਆਂ ਨੂੰ ਵਰਗਲਾਨਾ ਚਾਹਿਆ ਪਰ ਅਬੈਦੁੱਲਾ ਨੇ ਮੀਰ ਮੋਮਨ ਖਾਨ ਤੇ ਦੁਰਾਨੀ ਏਜੰਟ ਹਾਦੀ ਖਾਨ ਦੀ ਮਦਦ ਨਾਲ ਬੇਗਮ ਨੂੰ ਨਜ਼ਰਬੰਦ ਕਰ ਦਿਤਾ ਤੇ ਜੁਲਾਈ ੧੭੫੫ ਵਿਚ ਆਪੂੰ ਹਕੂਮਤ ਸੰਭਾਲ ਲਈ। ਰੁਪਿਆਂ ਦੀ ਘਾਟ ਬਹੁਤ ਹੋ ਗਈ ਸੀ। ਸੋ ਉਸ ਨੇ ਲਾਹੌਰ ਦੇ ਹਰ ਘਰ ਨੂੰ ਲੁੱਟਣਾ ਆਰੰਭ ਕਰ ਦਿੱਤਾ। ਇਤਨਾ ਲੁਟਿਆ ਕਿ ਪੰਜਾਬੀਆਂ ਆਪਣੇ ਸੁਭਾਅ ਅਨੁਸਾਰ ਇਹ ਅਖਾਣ ਹੀ ਬਣਾ ਲਇਆ :—

੧. ਅਹਿਮਦਸ਼ਾਹ ਅਬਦਾਲੀ ਨੇ ਮੁਗਲਾਣੀ ਬੇਗਮ ਨੂੰ ਆਪਣੀ ਬੇਟੀ ਕਹਿਕੇ ਹੀ ਤਖ਼ਤ ਸੌਂਪਿਆ ਸੀ।

"ਹਕੂਮਤ ਅਬੈਦੁੱਲਾ,
ਨ ਰਹੀ ਚੱਕੀ, ਨ ਰਿਹਾ ਚੁੱਲਾ ।"

ਅਨਾਜ ਤਕ ਮਿਲਣਾ ਮੁਸ਼ਕਲ ਹੋ ਗਿਆ ਅਤੇ ਲੋਕੀ ਭੁਖਿਆਂ ਮਰਨ ਲੱਗੇ ।

ਅਦੀਨਾ ਬੇਗ ਦਾ ਲਾਹੌਰ ਤੇ ਕਬਜ਼ਾ : ਲਾਹੌਰ ਵਿਚ ਵਾਪਰ ਰਹੇ ਹਾਲਾਤ ਤੋਂ ਅਦੀਨਾ ਬੇਗ ਅਵੇਸਲਾ ਨਹੀਂ ਸੀ ਮੀਰ ਮਨੂੰ ਬਾਹਦ ਉਹ ਹੀ ਜਲੰਧਰ ਦਾ ਪੂਰਨ ਤੌਰ ਤੇ ਹਾਕਮ ਸੀ । ੧੭੫੫ ਅਪ੍ਰੈਲ ਵਿਚ ਉਸ ਨੇ ਕੁਤਬ ਖਾਨ ਰੋਹੇਲੇ ਨੂੰ ਸਰਹੰਦ ਵਿਖੇ ਹਾਰ ਦੇ ਕੇ ਉਸ ਦਾ ਇਲਾਕਾ ਵੀ ਜਿੱਤ ਲਿਆ । ਦਿੱਲੀ ਨੇ ਕੁਤਬ ਖਾਨ ਦੀ ਹਾਰ ਤੇ ਖੁਸ਼ੀ ਮਨਾਈ । ਅਦੀਨਾ ਬੇਗ ਨੇ ਆਪਣਾ ਮੂੰਹ ਲਾਹੌਰ ਵੱਲ ਕੀਤਾ । ਉਸ ਦਾ ਆਉਣਾ ਸੁਣਦੇ ਸਾਰ ਹੀ ਅਬੈਦੁੱਲਾ ਸਿੰਧ ਵਲ ਭੱਜ ਗਿਆ । ਅਦੀਨਾ ਬੇਗ ਆਪ ਜਲੰਧਰ ਰਹਿ ਗਿਆ ਤੇ ਨਾਇਬ ਸਾਦਕ ਬੇਗ ਖਾਨ ਨੂੰ ਨਿਯਤ ਕਰ ਗਿਆ ।

ਇਸੇ ਦਸ਼ਾ ਵਿਚ ਮੁਗਲਾਨੀ ਬੇਗਮ ਨੇ ਦਿਲੀ ਦੇ ਵਜ਼ੀਰ ਗਾਜ਼ੀ ਉੱਦ-ਦੀਨ-ਖਾਨ, ਅਮਾਨ-ਉਲ-ਮਲਕ ਨੂੰ ਸਹਾਇਤਾ ਲਈ ਖੱਤ ਲਿਖਿਆ । ਗਾਜ਼ੀ ਖਾਨ ਮੀਰ ਮਨੂੰ ਦਾ ਭਣਵਈਆ ਸੀ ਤੇ ਮੁਗਲਾਨੀ ਦੀ ਬੇਟੀ ਉਮਦਾ ਬੇਗਮ ਨਾਲ ਉਸ ਦੀ ਮੰਗਣੀ ਹੋਈ ਸੀ । ਮੁਗਲਾਨੀ ਨੇ ਬੇਟੀ ਨੂੰ ਉਸ ਨਾਲ ਭੇਜਣ ਦਾ ਵਿਸ਼ਵਾਸ ਦਿਲਵਾਇਆ । ਭਾਵੇਂ ਗਾਜ਼ੀ ਉਦਦੀਨ ਖਾਨ ਨੇ ਇਸ ਤੋਂ ਪਹਿਲਾਂ ਮੁਨਾ ਬੇਗਮ ਨਾਲ ਸ਼ਾਦੀ ਕਰਵਾਈ ਹੋਈ ਸੀ ਪਰ ਉਹ ਲਾਹੌਰ ਤੇ ਕਬਜ਼ੇ ਦਾ ਮੌਕਾ ਹੱਥੋਂ ਖਾਲੀ ਨਹੀਂ ਸੀ ਜਾਣ ਦੇਣਾ ਚਾਹੁੰਦਾ । ਮੁਨਾ ਬੇਗਮ ਦੀ ਬਦਨਸੀਬੀ ਕਿ ਜਦ ੧੭੫੧ ਵਿਚ ਅਬਦਾਲੀ ਨੇ ਦਿਲੀ ਤੇ ਕਬਜ਼ਾ ਕੀਤਾ ਤਾਂ ਉਸ ਮੁਨਾ ਬੇਗਮ ਨੂੰ ਮੁਗਲਾਨੀ ਦੇ ਹਵਾਲੇ ਕਰ ਦਿੱਤਾ ਜਿਸ ਨੂੰ ਨੌਕਰਾਣੀ ਬਣਾ ਕੇ ਮੁਗਲਾਣੀ ਬੇਗਮ ਨੇ ਕੋਲ ਰਖਿਆ ।

ਸੋ ਸ਼ਿਕਾਰ ਦੇ ਬਹਾਨੇ, ਅਮਾਨਉਲਮਲਕ ਸ਼ਹਿਜਾਦਾ ਅਲੀ ਗਹੁਰ ਦੇ ਨਾਲ ਦਸ ਹਜ਼ਾਰ ਸਿਪਾਹੀ ਲੈ ਕੇ ਸਰਹੰਦ ਪੁੱਜਾ । ਅਦੀਨਾ ਬੇਗ ਸਭ ਚਾਲ ਸਮਝ ਗਿਆ । ਉਸ ਚਿੱਠੀ ਪਾਈ ਕਿ ਅਮਾਨ ਸਰਹੰਦ ਹੀ ਠਹਿਰੇ ਤੇ ਕਿਸੇ ਖਵਾਜਾ ਸਰਾ ਨੂੰ ਦੋ ਤਿਨ ਹਜ਼ਾਰ ਸਿਪਾਹੀ ਦੇ ਕੇ ਭੇਜੇ । ਉਸ ਦੇ ਲਾਹੌਰ ਪੁਜਣ ਨਾਲ ਮੁਸ਼ਕਲਾਂ ਹੋਰ ਵੱਧ ਜਾਣ ਗਈਆਂ । ਨਸੀਮਖਾਨ, ਖੁਆਜਾ ਸਰਾ ਕੁਝ ਸਿਪਾਹੀਆਂ ਨਾਲ ਲਾਹੌਰ ਪੁੱਜਾ । ਵਜ਼ੀਰ ਦਾ ਖੱਤ ਮੁਗਲਾਣੀ ਬੇਗਮ ਨੂੰ ਦਿਤਾ ਗਿਆ ਕਿ ਉਮਦਾ ਬੇਗਮ ਨੂੰ ਭੇਜ ਦੇਵੇ । ਅਬੈਦੁੱਲਾ ਜਮੂੰ ਵਲ ਨੱਸ ਗਿਆ ਸੀ । ਮਾਰਚ ੧੭੫੬ ਨੂੰ ਉਮਦਾ ਬੇਗਮ ਮਾਛੀ ਵਾੜੇ, ਵਜ਼ੀਰ ਪਾਸ ਪਹੁੰਚਾ ਦਿਤੀ ਗਈ ਤਾਂ ਉਸ ਫਿਰ ਅਦੀਨਾ ਬੇਗ ਨੂੰ ਕਿਹਾ ਕਿ ਮੁਗਲਾਨੀ ਬੇਗਮ ਵੀ ਲਿਆਉਣੀ ਜ਼ਰੂਰੀ ਹੈ । ਸੋ ਉਸ ਨੇ ਫ਼ੌਜ ਦੇ ਕੇ ਲਾਹੌਰ ਭੇਜਿਆ ਤੇ ਹਵੇਲੀ ਦਾ ਘੇਰਾ ਪਾ ਕੇ ਬੇਗਮ ਨੂੰ ਨਾਲ ਜਾਣ ਲਈ ਮਜ਼ਬੂਰ ਕਰ ਦਿੱਤਾ । ਜਦ ਮੁਗਲਾਣੀ ਬੇਗਮ ਮਾਛੀ ਵਾੜੇ ੨੮ ਮਾਰਚ ੧੭੫੬ ਨੂੰ ਪੁਜੀ ਤਾਂ ਮੁਗਲਾਨੀ ਨੇ ਬਹੁਤ ਹੀ ਗੁੱਸੇ ਵਿਚ ਅਮਾਦ-ਉਲ ਮਲਕ ਨੂੰ ਕਿਹਾ, "ਤੇਰਾ ਇਹ ਕੰਮ ਦਿਲੀ ਅਤੇ ਅਮੀਰਾਂ ਲਈ ਬਰਬਾਦੀ ਦਾ ਕਾਰਨ ਬਣੇਗਾ । ਮੇਰੀ ਬੇਇਜ਼ਤੀ ਦਾ ਬਦਲਾ ਲੈਣ ਲਈ ਬਹੁਤ ਛੇਤੀ ਅਹਿਮਦ ਸ਼ਾਹ ਦੁਰਾਨੀ ਪੁਜੇਗਾ ।" ਅਮਾਦ-ਉਲ-ਮਲਕ ਨੇ ਸਿਰਫ ਹੱਸ ਦਿੱਤਾ ਤੇ ਲਾਹੌਰ ਤੇ ਮੁਲਤਾਨ ਦੀ ਨਵਾਬੀ ਅਦੀਨਾ ਬੇਗ ਨੂੰ ਤੀਹ ਲੱਖ ਰੁਪਿਆਂ ਸਲਾਨ ਖਰਾਜ ਦੇ ਬਦਲੇ ਦੇ ਦਿੱਤੀ ਤੇ ਉਸ ਦਾ ਨਾਇਬ ਸਯਦ ਜਮੀਲ ਉਲ ਦੀਨ ਖਾਨ ਨੂੰ ਨਿਯਤ ਕੀਤਾ ।

ਉਬੈਦ-ਉੱਲਾ ਖਾਨ ਨੇ ਕਾਬਲ ਜਾ ਕੇ ਸਾਰੀ ਦਸ਼ਾ ਅਬਦਾਲੀ ਨੂੰ ਦਸੀ ਤੇ ਮੁਗਲਾਨੀ ਬੇਗਮ ਦੇ ਗ੍ਰਿਫ਼ਤਾਰ ਕੀਤੇ ਜਾਣ ਦੀ ਵਾਰਤਾ ਸੁਣਾਈ। ਮੁਗਲਾਨੀ ਨੇ ਵੀ ਨਜ਼ਰ ਬੰਦੀ ਵਿਚੋਂ ਹੀ ਕੀਰਨੇ ਪਾ ਕੇ ਅਬਦਾਲੀ ਨੂੰ ਚਿੱਠੀ ਲਿਖੀ ਸੀ ਕਿ ਵਜ਼ੀਰ ਦਿੱਲੀ ਨੇ ਉਸ ਕੋਲੋਂ ਪੰਜਾਬ ਦੀ ਹਕੂਮਤ ਖੋਹ ਲਈ ਹੈ ਤੇ ਉਸ ਨੂੰ ਮੀਰ ਮੋਮਨ, ਅਦੀਨਾ ਬੇਗ ਤੇ ਸਯਦ ਜਮੀਲ ਦੀ ਗਦਾਰੀ ਨੇ ਤਬਾਹ ਕੀਤਾ ਹੈ। ਬਦਲਾ ਲੈਣ ਲਈ ਦਿੱਲੀ ਤੇ ਹਮਲਾ ਕਰੇ। ਕ੍ਰੋੜਾਂ ਰੁਪਏ ਮੇਰੇ ਸਹੁਰੇ ਦੇ ਮਹਲ ਵਿਚ ਹਨ। ਇਸੇ ਤਰ੍ਹਾਂ ਹੋਰਨਾਂ ਦੇ ਘਰਾਂ ਵਿਚ ਹਨ। ਅਬਦਾਲੀ ਨੇ ਜੰਗ ਬਾਜ਼ਖਾਨ, ਖੁਆਜਾ ਅਬੈਦੁੱਲਾ ਨਾਲ ਭੇਜ ਦਿੱਤਾ। ਸਯਦ ਜਮੀਲ ਨੇ ਅਦੀਨਾ ਬੇਗ ਨੂੰ ਸਹਾਇਤਾ ਲਈ ਲਿਖਿਆ। ਅਦੀਨਾ ਬੇਗ ਨੇ ਕਿਹਾ ਕਿ ਲੜਨਾ ਫਜ਼ੂਲ ਹੈ। ਸੋ ਸਯਦ ਜਮੀਲ ਲਾਹੌਰ ਨੂੰ ਖਾਲੀ ਛੱਡ ਗਇਆ। ਜੰਗ ਬਾਜ਼ ਖਾਨ ੧੪ ਅਕਤੂਬਰ ੧੭੫੬ ਨੂੰ ਲਾਹੌਰ ਦਾਖਲ ਹੋਇਆ ਤੇ ਖੁਆਜਾ ਅਬੈਦੁੱਲਾ ਖਾਨ ਨੂੰ ਨਾਜ਼ਮ ਤੇ ਖੁਆਜਾ ਮਿਰਜ਼ਾ ਖਾਨ ਨੂੰ ਨਾਇਬ ਨੀਯਤ ਕੀਤਾ।

ਉਧਰ ਅਹਿਮਦ ਸ਼ਾਹ ਨੇ ਕਲੰਦਰ ਬੇਗ ਖਾਨ ਨੂੰ ਦਿੱਲੀ ਭੇਜਿਆ ਕਿ ਉਸ ਨੇ ਲਾਹੌਰ ਤੇ ਮੁਲਤਾਨ ਦੇ ਆਪਣੇ ਮੁਗਲ ਨਾਜ਼ਮ ਕਿਉਂ ਨਿਯਤ ਕੀਤੇ ਹਨ? ਕੋਈ ਉੱਤਰ ਨਾ ਪਾ ਕੇ ਅਹਿਮਦ ਸ਼ਾਹ ਨੇ ਜਹਾਨ ਖਾਨ ਅਤੇ ਆਪਣੇ ਪੁੱਤਰ ਤੈਮੂਰ ਦੀ ਅਗਵਾਈ ਹੇਠਾਂ ਅਗਾਊਂ ਦਸਤੇ ਭੇਜੇ। ਉਨ੍ਹਾਂ ਦਾ ਆਉਣਾ ਸੁਣ ਕੇ ਅਦੀਨਾ ਬੇਗ ਕਾਂਗੜੇ ਦੀਆਂ ਪਹਾੜੀਆਂ ਤਕਾਲੀ ਬਲਵਾਨ ਚਲਾ ਗਿਆ। ਅਬਦਾਲੀ ਲਾਹੌਰ ਤੇ ਸਾਰੇ ਪੰਜਾਬ ਨੂੰ ਲਿਤਾੜਦਾ ਹੋਇਆ ਦਿਲੀ ਦੇ ਦਰਵਾਜ਼ੇ ਤਕ ਜਾ ਪੁੱਜਾ। ਅਮਾਦ ਉਲ ਮਲਕ ਨੇ ਟਾਕਰਾ ਕਰਨ ਦੀ ਥਾਂ ਉਨ੍ਹਾਂ ਫਕੀਰਾਂ ਦਾ ਹੀ ਸਹਾਰਾ ਢੂੰਡਦਾ ਰਿਹਾ ਜੋ ਜਾਦੂ ਟੂਣਿਆਂ ਨਾਲ ਅਬਦਾਲੀ ਨੂੰ ਰੋਕ ਪਾ ਸਕਣ। ਅਮਾਦ-ਉਲ-ਮਲਕ ਨੇ ਮੁਗਲਾਨੀ ਨੂੰ ਦੁਰਾਨੀ ਕੋਲ ਭੇਜਿਆ ਕਿ ਅਬਦਾਲੀ ਨੂੰ ਸਮਝਾ ਕੇ ਵਾਪਸ ਭੇਜ ਦੇਵੇ। ਪਰ ਅਬਦਾਲੀ ਦਿਲੀ ਵਲ ਵੱਧਦਾ ਹੀ ਗਿਆ। ਨਜ਼ੀਬ ਉਦ ਦਉਲਾ ਤੇ ਅਮਾਦ ਉਲ ਮਲਕ ਵਾਰੋ ਵਾਰੀ ਦੁਰਾਨੀ ਦੇ ਕੈਂਪ ਵਿਚ ਪੁੱਜੇ। ੨੮ ਜਨਵਰੀ ੧੭੫੭ ਨੂੰ ਅਬਦਾਲੀ ਲਾਲ ਕਿਲ੍ਹਾ ਵਿਚ ਦਾਖਲ ਹੋਇਆ। ਅਬਦਾਲੀ ਨੇ ਭਾਂਵੇਂ ਆਪਣੇ ਆਪ ਨੂੰ ਦਿਲੀ ਵਿਚ ਪ੍ਰਾਹੁਣਾ ਹੀ ਕਿਹਾ ਪਰ ਫ਼ੌਜਾਂ ਨੇ ਫਿਰ ਵੀ ਲੁੱਟ ਮਚਾਈ। ਮੁਗਲਾਨੀ ਬੇਗਮ ਨੇ ਹਰ ਅਮੀਰ ਕੋਲ ਜਿਤਨੀ ਵੀ ਰਕਮ ਨਕਦੀ ਸੀ ਦਸੀ ਅਤੇ ਅਬਦਾਲੀ ਨੇ ਸਿਧੇ ਜਾਂ ਪੁੱਠੇ ਢੰਗ ਨਾਲ ਮਾਲ ਅਸਬਾਬ ਤੇ ਕਬਜ਼ਾ ਕੀਤਾ। ਦਿਲੀ ਨੇ ਹਰ ਵਡੇ ਘਰ ਤੇ ਨਕਦੀ ਰਕਮ ਨਿਯਤ ਕਰ ਦਿੱਤੀ ਗਈ। ਜ਼ਕਰੀਆ ਖਾਨ ਦੇ ਪੁਤਰ ਯਾਹੀਆ ਖਾਨ ਨੂੰ ਰੁਪਿਆ ਇਕਠਿਆਂ ਕਰਨ ਦਾ ਇੰਚਾਰਜ਼ ਲਗਾਇਆ ਗਿਆ। ਕਮਰ-ਉਦ ਦੀਨ ਦੇ ਘਰ ਜਦ ਪੁੱਟ ਪੁਟਾਈ ਕੀਤੀ ਗਈ ਤਾਂ ਡੇਢ ਕਰੋੜ ਰੁਪਏ ਦਾ ਮਾਲ ਅਬਦਾਲੀ ਦੇ ਹੱਥ ਆਇਆ। ਇਤਨੀ ਰਕਮ ਇਕ ਥਾਂ ਦੇਖ ਕੇ ਅਬਦਾਲੀ ਦੇ ਮੂਹੋਂ ਨਿਕਲ ਗਇਆ, 'ਸੁਭਾਨ-ਅਲਾਹ'। ਪਿਛਲੇ ਸੱਤਰ ਸਾਲਾਂ ਦੀ ਇਕੱਠੀ ਹੋਈ ਦੌਲਤ ਉਸ ਦੇ ਹੱਥ ਆਈ। ਇਸੇ ਤਰ੍ਹਾਂ ਸ਼ਮਸ-ਉਦ-ਦਉਲਾ, ਕੋਤਵਾਲ ਫੌਲਾਦ ਖਾਨ, ਸਾਦ-ਉਦ-ਦੀਨ, ਖਾਨ ਸਾਮਾ, ਰਾਜਾ ਨਾਗਰ ਮਲ, ਹੀਰਾ ਨੰਦ ਜੌਹਰੀ ਦੀਆਂ ਹਵੇਲੀਆਂ ਲੁਟਣ ਨਾਲ ਵੀ ਬਹੁਤ ਵੱਡੀ ਰਕਮ ਹੱਥ ਆਈ।

ਦੁਰਾਨੀ ਨੇ ਆਪਣੇ ਬੇਟੇ ਤੈਮੂਰ ਦੀ ਸ਼ਾਦੀ ਆਲਮਗੀਰ ਦੂਜੇ ਦੀ ਬੇਟੀ ਜ਼ੁਹਰਾ ਬੇਗਮ ਨਾਲ ਕਰ ਦਿੱਤੀ। ਆਪ ਉਸ ਨੇ ਮਰੇ ਮੁਹੰਮਦ ਸ਼ਾਹ ਦੀ ਸੋਲਾਂ ਸਾਲ ਦੀ ਬੱਚੀ ਹਜ਼ਰਤ ਬੇਗਮ ਨਾਲ ਜਬਰਦਸਤੀ ਨਿਕਾਹ ਕਰ ਲਿਆ। ਮੁਗਲਾਨੀ ਬੇਗਮ ਦੀ ਕਾਰਗੁਜ਼ਾਰੀ ਦੇ ਅਬਦਾਲੀ

ਇਤਨਾ ਖੁਸ਼ ਹੋਇਆ ਕਿ ਉਸ ਨੂੰ 'ਸੁਲਤਾਨ ਮਿਰਜ਼ਾ' ਦਾ ਖਿਤਾਬ ਦਿੱਤਾ ਤੇ ਕਿਹਾ ਕਿ ਮੈਂ ਹੁਣ ਤਕ ਤਾਂ ਤੈਨੂੰ ਬੇਟੀ ਸਮਝਦਾ ਸੀ, ਅਜ ਤੋਂ ਬਾਦ ਤੈਨੂੰ ਬੇਟਾ ਹੀ ਆਖਾਂਗਾ।

ਅਬਦਾਲੀ ਦੇ ਜਰਨੈਲ ਜਹਾਨ ਖਾਨ ਨੇ ਹੋਲੀ ਦੇ ਤਿਉਹਾਰ ਤੇ ਮਥਰਾ ਲੁਟ ਮਚਾਈ ਤੇ ਹਿੰਦੂ ਮੰਦਰਾਂ ਦੀ ਰੱਜ ਕੇ ਬੇਪਤੀ ਕੀਤੀ। ਬੈਰਾਗੀ ਤੇ ਸੰਨਿਆਸੀਆਂ ਦੇ ਮਠ ਲੁਟੇ ਗਏ। ਬਿੰਦਰਾਬਨ ਵੀ ਉਜਾੜ ਦਿਤਾ ਗਿਆ।

ਇਨ੍ਹਾਂ ਹੀ ਦਿਨਾਂ ਵਿਚ ਜਮਨਾ ਵਿਚ ਹੜ੍ਹ ਆਇਆ ਤੇ ਲਾਸ਼ਾਂ ਅਬਦਾਲੀ ਦੇ ਕੈਂਪ ਵਿਚ ਆ ਪਈਆਂ। ਬੀਮਾਰੀ ਫੈਲ ਗਈ ਤੇ ਸੈਂਕੜੇ ਅਫਗਾਨ ਮਾਰੇ ਗਏ। ਅਬਦਾਲੀ ਵਾਪਸ ਮੁੜ ਪਿਆ। ਇਹ ਕਿਹਾ ਜਾਂਦਾ ਹੈ ਕਿ ਜੋ ਮਾਲ ਸਾਮਾਨ ਉਸ ਦੇ ਹੱਥ ਆਇਆ, ਉਸ ਨੂੰ ੨੮,੦੦੦ ਲਦੂ ਜਾਨਵਰ ਤੇ ੮੦੦੦੦ ਘੋੜਿਆਂ ਤੇ ਲੱਦ ਕੇ ਕਾਬਲ ਲੈ ਜਾਇਆ ਗਿਆ। ਕਸ਼ਮੀਰ ਪੰਜਾਬ ਤੇ ਸਿੰਧ ਉਸ ਆਲਮਗੀਰ ਤੋਂ ਲਿਖਵਾ ਲਏ। ਇਨ੍ਹਾਂ ਸਾਰੇ ਇਲਾਕਿਆਂ ਦਾ ਗਵਰਨਰ ਤੈਮੂਰ ਅਤੇ ਨਾਇਬ ਜਹਾਨ ਜਾਨ ਨੂੰ ਥਾਪਿਆ। ਮੁਗਲਾਨੀ ਬੇਗਮ ਬਹੁਤ ਹੀ ਨਿਰਾਸ ਹੋਈ। ਕਹਿੰਦੇ ਹਨ ਕਿ ਜਹਾਨ ਖਾਨ ਨੇ ਮੁਗਲਾਨੀ ਬੇਗਮ ਨੂੰ ਖੂਬ ਕੁਟਿਆ ਵੀ। ਅਦੀਨਾ ਬੇਗ ਨੂੰ ਜਹਾਨ ਖਾਨ ਨੇ ਜਲੰਧਰ ਦਾ ਨਵਾਬ ਥਾਪ ਦਿਤਾ ਤੇ ਖਿਰਾਜ ਭੇਜਣ ਲਈ ਜ਼ੋਰ ਵੀ ਲਗਵਾਇਆ। ਮੁਗਲਾਨੀ ਬੇਗਮ ਅਦੀਨਾ ਬੇਗ ਪਾਸ ਹੀ ਚਲੀ ਗਈ ਤੇ ਉਥੋਂ ਉਹ ਜੰਮੂ ਟੁਰ ਗਈ ਤੇ ਜੰਮੂ ਹੀ ਉਸ ਦੀ ਮੌਤ ੧੭੭੯-੮੦ ਵਿਚ ਹੋਈ।

ਇਸ ਪਾਟੋ-ਧਾੜ ਵਿਚ ਸਿੱਖਾਂ ਦਾ ਲਾਭ ਉਠਾਉਣਾ : ਮੀਰ ਮਨੂੰ ਦੀ ਮੌਤ (ਨਵੰਬਰ ੧੭੫੩) ਤੋਂ ਲੈ ਕੇ ਅਬਦਾਲੀ ਦੇ ਚੌਥੇ ਹਮਲੇ (ਜਨਵਰੀ ੧੭੫੯) ਤਕ ਤਿੰਨ ਸਾਲ ਤੋਂ ਵਧ ਲਾਹੌਰ ਤੇ ਦਿਲੀ ਦੇ ਪਾਟੋ-ਧਾੜ ਦੇ ਸਾਲ ਸਨ। ਨਵਾਬਾਂ ਤੋਂ ਲੈ ਕੇ ਚੌਧਰੀ ਤੇ ਬਾਦਸ਼ਾਹਾਂ ਤੋਂ ਲੈ ਕੇ ਸਿਪਾਹੀ ਇਕ ਦੂਜੇ ਵਿਰੁਧ ਜੁੱਟੇ ਹੋਏ ਸਨ। ਲਾਹੌਰ ਖਾਲੀ ਹੋ ਗਿਆ ਸੀ ਤੇ ਦਿਲੀ ਦੂਜੀ ਵਾਰੀ ਲੁਟੀ ਗਈ ਸੀ। ਸਿਖਾਂ ਨੇ ਨ ਕੇਵਲ ਆਪਣੀ ਜਥੇਬੰਦੀ ਨੂੰ ਹੀ ਤਗੜਿਆਂ ਕੀਤਾ ਸਗੋਂ ਕੁਝ ਇਲਾਕਿਆਂ ਵਿਚ ਪੂਰਨ ਤੌਰ ਤੇ ਅਧਿਕਾਰ ਵੀ ਜਮਾ ਲਿਆ। ਵਾਰਸ਼ ਸ਼ਾਹ ਨੇ ਵੀ ਆਪਣੀ ਕ੍ਰਿਤ ਹੀਰ ਵਿਚ ਇਕ ਥਾਵੇਂ ਲਿਖਿਆ ਕਿ :

'ਜਦੋਂ ਦੇਸ਼ ਦੇ ਜਟ ਤਿਆਰ ਹੋਏ।
ਘਰੋ ਘਰੀ ਜਾਂ ਨਵੀਂ ਸਰਕਾਰ ਹੋਈ।'

ਸਿਖਾਂ ਨੇ ਰਾਖੀ ਸਿਸਟਮ ਵੀ ਬਣਾਇਆ ਜਿਸ ਅਨੁਸਾਰ ਹਿੰਦੂ ਤੇ ਮੁਸਲਮਾਨਾਂ ਨੂੰ ਖਾਸ ਨਿਯਤ ਕੀਤੀ ਰਕਮ ਦੇਣ ਦੀ ਸੂਰਤ ਵਿਚ ਹਮਲਿਆਂ ਤੋਂ ਰੱਖਿਆ ਕੀਤੀ ਜਾਂਦੀ ਸੀ। ਮੈਲਕਮ ਦਾ ਕਹਿਣਾ ਹੈ "ਸਿਖਾਂ ਨੇ ਉਸ ਢਹਿੰਦੇ ਸਾਮਰਾਜ ਤੋਂ ਹਰ ਉਹ ਲਾਭ ਉਠਾਇਆ ਜੋ ਉਨ੍ਹਾਂ ਨੂੰ ਉਠਾਉਣਾ ਚਾਹੀਦਾ ਸੀ। ਉਨ੍ਹਾਂ ਆਪਣੀ ਤਾਕਤ ਨੂੰ ਵਧਾਇਆ ਤੇ ਵੱਧੀ ਤਾਕਤ ਨੂੰ ਕਾਇਮ ਰੱਖਿਆ। ਸਿੱਖਾਂ ਦੇ ਜਥਿਆਂ ਆਪਣੇ ਆਗੂਆਂ ਦੀ ਅਗਵਾਈ ਹੇਠਾਂ ਹਰ ਪਾਸੇ ਮਾਰ ਕੀਤੀ।[1]

ਅੰਮ੍ਰਿਤਸਰ, ਬਟਾਲਾ, ਕਲਾਨੌਰ ਤੇ ਪਠਾਨਕੋਟ ਆਦਿ ਉਤਰੀ ਇਲਾਕੇ ਤਾਂ ਸਿੰਘਾਂ ਦੇ ਗੜ੍ਹ ਹੀ ਬਣ ਗਏ, ਸਿੱਖਾਂ ਦੇ ਹੱਥ ਇਤਨੇ ਮਜ਼ਬੂਤ ਹੋ ਗਏ ਕਿ ਉਹ ਜਿਥੇ ਜਾਂਦੇ, ਫਤਹਿ ਉਨ੍ਹਾਂ ਦੇ ਪੈਰ ਚੁੰਮਦੀ। ਪੰਜਾਬ ਤੇ ਨਾਮ ਮਾਤਰ ਹਕੂਮਤ ਜ਼ਰੂਰ ਮੁਗਲਾਨੀ ਬੇਗਮ ਜਾਂ ਮੁੱਗਲਾਂ

1, Sikh's Sketch, Malcolm; ਪੰਨਾ ੯੩.

ਦੀ ਸੀ ਪਰ ਅਸਲ ਰਾਜ ਸਿੱਖਾਂ ਦਾ ਹੀ ਸੀ। ਸ਼ਾਹੀ ਮਸਜਦ ਲਾਹੌਰ ਵਿਚ ਹਾਥੀ ਘੋੜੇ ਬੰਨੇ ਜਾਂਦੇ ਸਨ। ਈਦਗਾਹ ਤੋਪਾਂ ਢਾਲਨ ਦਾ ਕਾਰਖਾਨਾਂ ਬਣ ਗਿਆ ਸੀ। ਮੁਸਲਮਾਨਾਂ ਵੀ ਮਹਿਸੂਸ ਕਰਨ ਲਗ ਪਏ ਸਨ ਕਿ ਰਾਜ ਦਾ ਅੰਤ ਹੈ।

ਸਰਦਾਰ ਜਸਾ ਸਿੰਘ ਆਹਲੂਵਾਲੀਆ ਨੇ ਜਲੰਧਰ ਵਿਚ ਆਪਣਾ ਰਾਜ ਅਸਥਾਪਣ ਕਰ ਲਿਆ। ਸਰਦਾਰ ਜੈ ਸਿੰਘ ਕਨ੍ਹਈਆ ਤੇ ਸਰਦਾਰ ਜਸਾ ਸਿੰਘ ਰਾਮਗੜ੍ਹੀਆ ਨੇ ਬਟਾਲਾ ਦੇ ਨੇੜੇ ਦੇ ਇਲਾਕਿਆਂ ਨੂੰ ਪਕੇ ਤੌਰ ਤੇ ਆਪਣੇ ਪ੍ਰਭਾਵ ਖੇਤਰ ਵਿਚ ਲੈ ਆਂਦਾ ਸੀ। ਬਾਰੀ ਤੇ ਰਚਨਾ ਦੁਆਬ ਵਿਚ ਭੰਗੀ ਜਥੇ ਦੇ ਜਥੇਦਾਰ ਸਰਦਾਰ ਹਰੀ ਸਿੰਘ ਭੰਗੀ, ਸਰਦਾਰ ਝੰਡਾ ਸਿੰਘ ਲਹਿਣਾ ਸਿੰਘ ਤੇ ਗੁਜ਼ਰ ਸਿੰਘ ਨੇ ਪ੍ਰਭਾਵ ਵਧਾ ਲਿਆ। ਨਕਈ ਸਰਦਾਰਾਂ ਨੇ ਰਾਵੀ ਦੇ ਨਾਲ ਲਗਦੇ ਇਲਾਕੇ ਜਿਨ੍ਹਾਂ ਨੂੰ ਨ ਕਈ ਕਹਿੰਦੇ ਹਨ, ਕਬਜੇ ਵਿਚ ਕਰ ਲਏ। ਸਰਦਾਰ ਚੜ੍ਹਤ ਸਿੰਘ ਨੇ ਜਿਹਲਮ ਤਕ ਮਾਰਾਂ ਮਾਰੀਆਂ। ਮਾਰਚ ੧੭੫੭ ਨੂੰ ਜਹਾਨ ਖਾਨ ਤੇ ਤੈਮੂਰ ਦੇ ਫੌਜ਼ੀ ਦਸਤਿਆਂ ਨੂੰ ਸਰਹੰਦ ਲਾਗੇ ਸਿਖਾਂ ਨੇ ਰੋਕ ਕੇ ਆਪਣੀ ਹੋਂਦ ਪ੍ਰਗਟਾਈ।

ਸਰਦਾਰ ਮਿਤ ਸਿੰਘ ਦੀ ਸੂਰਮਗਤੀ : ਅਹਿਮਦਸ਼ਾਹ ਸਰਹੰਦ ਪੁਜ ਚੁੱਕਾ ਸੀ, ਡਲੇਵਾਲੀਏ ਮਿਸਲ ਦੇ ਆਗੂ ਸਰਦਾਰ ਮਿਤ ਸਿਘ ਦੇ ਮਨ ਆਈ ਕਿ ਜਮਨਾ ਟੱਪ ਕੇ ਕੁਝ ਇਲਾਕੇ ਹੀ ਉਗਰਾਹ ਲਈਏ। ਜਦ ਸਰਦਾਰ ਤਾਰਾ ਸਿੰਘ ਡਲੇਵਾਲੀਏ ਨੂੰ ਇਹ ਖੱਬਰ ਪੁਜੀ ਤਾਂ ਉਨ੍ਹਾਂ ਕਿਹਾ ਕਿ ਅਹਿਮਦ ਸ਼ਾਹ ਨੂੰ ਦੂਰ ਨ ਜਾਣੋ। ਜੱਥੇ ਨੂੰ ਉਸ ਸਮੇਂ ਖੇਰੂ ਖੇਰੂ ਕਰਨਾ ਠੀਕ ਨਹੀਂ। ਪਰ ਸਰਦਾਰ ਮਿਤ ਸਿੰਘ ਜੀ ਪੰਜ ਹਜ਼ਾਰ ਸਵਾਰਾਂ ਨਾਲ ਜਮਨਾ ਪਾਰ ਹੋ ਗਏ।

ਜਮਨਾ ਪਾਰ ਤੇ ਨਜੀਬ-ਉਦ ਦਉਲਾ ਦਾ ਰਾਜ ਸੀ। ਉਹ ਆਪ ਤਾਂ ਅਹਿਮਦ ਸ਼ਾਹ ਪਾਸ ਗਿਆ ਹੋਇਆ ਸੀ ਪਰ ਉਸ ਦਾ ਬੇਟਾ ਜ਼ਾਬਤਾ ਖਾਨ ਸਾਰਾ ਪ੍ਰਬੰਧ ਕਰ ਰਿਹਾ ਸੀ। ਜਾਬਤਾ ਖਾਨ ਸਰਦਾਰ ਮਿਤ ਸਿੰਘ ਦੇ ਜੱਥੇ ਨੂੰ ਰੋਕ ਨ ਸਕਿਆ। ਮੇਰਠ ਤਕ ਦਾ ਇਲਾਕਾ ਸਿੰਘਾਂ ਕਬਜ਼ੇ ਕਰ ਲਿਆ। ਜਾਬਤਾ ਖਾਨ ਅਬਦਾਲੀ ਪਾਸ ਪੁਜਾ ਤੇ ਜਹਾਨ ਖਾਨ ਨੇ ਮੇਰਠ ਤੇ ਹਮਲਾ ਬੋਲ ਦਿੱਤਾ। ਜਹਾਨ ਖਾਨ ਨੇ ਮੂੰਹ ਹਨੇਰੇ ਹੀ ਅਚਾਨਕ ਸਿੰਘਾਂ ਨੂੰ ਜਾ ਲਿਆ। ਸਿੰਘਾਂ ਸ਼ਸਤ੍ਰ ਸੰਭਾਲੇ ਤੇ ਲੜਾਈ ਆਰੰਭ ਕਰ ਦਿੱਤੀ। ਸਰਦਾਰ ਮਿਤ ਸਿੰਘ ਨੇ ਸਾਰਿਆਂ ਨੂੰ ਕਹਿ ਦਿੱਤਾ ਕਿ ਜੋ ਜਮਨਾ ਟੱਪ ਕੇ ਜਾਨ ਬਚਾ ਸਕਦਾ ਹੈ ਬਚਾ ਲਵੇ, ਉਹ ਉਥੋਂ ਨਹੀਂ ਜਾਣਗੇ, ਤੇ ਡੱਟ ਕੇ ਅਬਦਾਲੀ ਦੀਆਂ ਫੌਜਾਂ ਦਾ ਟਾਕਰਾ ਕਰਣਗੇ। ਜੇ ਉਹ ਵੀ ਜਾਨ ਬਚਾ ਕੇ ਟੁਰ ਗਏ ਤਾਂ ਸਾਰੇ ਸਿੰਘ ਕਹਿਣਗੇ ਕਿ ਸਿੰਘਾਂ ਨੂੰ ਮਰਵਾ ਕੇ ਆ ਗਇਆ। ਸਰਦਾਰ ਮਿਤ ਸਿੰਘ ਤੇ ਉਨ੍ਹਾਂ ਦੇ ਸਾਰੇ ਹੀ ਸਾਥੀ ਸ਼ਹੀਦ ਹੋ ਗਏ ਪਰ ਬੀਰ, ਪਰੰਪਰਾ ਵਿਚ ਨਵੇਕਲਾ ਮੀਲ ਪੱਥਰ ਲਗਾ ਗਏ।

ਅਬਦਾਲੀ ਦੀ ਲੁੱਟ ਵਿਚੋਂ ਹਿਸਾ : ਫਿਰ ਸਿੰਘਾਂ ਨੂੰ ਇਹ ਖਬਰਾਂ ਪੁਜੀਆਂ ਕਿ ੨੮੦੦੦ ਲਦੂਆਂ ਤੇ ੪੦੦੦੦ ਘੋੜਿਆਂ ਤੇ ਦਿਲੀ ਦੀ ਲੁੱਟ ਦਾ ਮਾਲ ਜਾ ਰਿਹਾ ਹੈ ਤਾਂ ਉਨ੍ਹਾਂ ਆਪਣਾ ਹਿੱਸਾ ਅਗੇ ਵਧ ਕੇ ਵੰਡਾਇਆ। ਸਰਦਾਰ ਚੜ੍ਹਤ ਸਿੰਘ ਸੁਕਰਚਕੀਆਂ ਨੇ ਤਾਂ ਅਬਦਾਲੀ ਨੂੰ ਇਕ ਪਰਕਾਰ ਦਾ ਰੋਗ ਹੀ ਲਗਾ ਦਿੱਤਾ। ਅਬਦਾਲੀ ਦਾ ਪੁਤਰ ਤੈਮੂਰ ਵੀ ਇਕ ਵਾਰੀ ਸਿਖਾਂ ਦੇ ਕਬਜ਼ੇ ਵਿਚ ਆ ਗਿਆ। ਦਿਲੀ ਤੋਂ ਜਿਹਲਮ ਤਕ ਵੱਖ ਵੱਖ ਜੱਥਿਆਂ ਨੇ ਅਬਦਾਲੀ ਦਾ ਨੂੰ ਪਿਛਾ ਕੀਤਾ। ਅਬਦਾਲੀ ਨੇ ਇਹ ਸਭ ਸੁਣ ਦੇਖ ਕਿਹਾ ਵੀ ਕਿ 'ਸਿਖਾਂ ਨੂੰ ਉਨ੍ਹਾਂ ਦੀ ਜ਼ਿਆਦਤੀ ਦਾ ਸੁਆਦ ਚਖਾਂਗਾ।

ਮਜ਼ਾ ਚਖਾਉਣ ਲਈ ਉਸ ਨੇ ਜਹਾਨ ਖਾਨ ਨੂੰ ਨਿਯਤ ਕੀਤਾ । ਜਹਾਨ ਖਾਨ ਨੇ ਜਲੰਧਰ ਦੇ ਨਵਾਬ ਕੁਤਬਦੀਨ ਨੂੰ ਕਿਹਾ ਕਿ ਉਹ ਕਰਤਾਰ ਪੁਰ, ਥੰਮ ਸਾਹਿਬ ਨੂੰ ਕਬਜ਼ੇ ਵਿਚ ਕਰੇ ਤੇ ਉਸ ਪਾਵਨ ਬੀੜ ਨੂੰ ਕਬਜ਼ੇ ਵਿਚ ਲੈ ਜੋ ਗੁਰੂ ਅਰਜਨ ਦੇਵ ਜੀ ਦੀ ਸੰਪਾਦ ਕੀਤੀ ਹੋਈ ਦਸੀ ਜਾਂਦੀ ਹੈ । ਨਿਜ਼ਾਮ ਉਦ ਦੀਨ ਫੋਜ਼ਦਾਰ ਨੇ ਕਰਤਾਰ ਪੁਰ ਲੁਟਿਆ; ਗੁਰਦੁਆਰਾ ਥੰਮ ਸਾਹਿਬ ਸਾੜਿਆ ਤੇ ਗੁਰਦੁਆਰੇ ਨੂੰ ਜਾਣ ਬੁਝ ਕੇ ਗਊ ਦੀ ਰੱਤ ਨਾਲ ਧੋਤਾ । ਹਰਮੰਦਰ ਸਾਹਿਬ ਤੇ ਹਮਲਾ ਕਰਕੇ ਢਾਹਿਆ ਗਿਆ ਤੇ ਪਾਵਨ ਸਰੋਵਰ ਪੂਰਿਆ ਗਿਆ ।

ਸਿੰਘਾਂ ਵੀ ਅੰਮ੍ਰਿਤਸਰ ਇਕਤ੍ਰ ਹੋਣਾ ਅਰੰਭ ਕਰ ਦਿੱਤਾ । ਜਹਾਨ ਖਾਨ ਨੇ ਡਿਠਾ ਕਿ ਜਦ ਤਕ ਜਹਾਦ ਦਾ ਝੰਡਾ ਨਹੀਂ ਉਠਾਇਆ ਜਾਂਦਾ ਸਿੱਖਾਂ ਦੇ ਧਰਮੀ ਜੋਸ਼ ਨੂੰ ਠੰਡਾ ਕਰਨਾ ਅਸੰਭਵ ਹੈ । ਸੋ ਉਸ ਨੇ ਹਾਜੀ ਅਤਾ ਖਾਨ ਨੂੰ ਅਗੇ ਲਗਾ ਕੇ ਅੰਮ੍ਰਿਤਸਰ ਤੇ ਹਮਲਾ ਕਰਨ ਲਈ ਕਿਹਾ । ਸਿਖ ਉਸੇ ਤਰ੍ਹਾਂ ਦਰਬਾਰ ਸਾਹਿਬ ਪੁਜਦੇ, ਇਸ਼ਨਾਨ ਕਰਦੇ, ਜਾਂ ਸ਼ਹੀਦੀਆਂ ਪਾ ਜਾਂਦੇ ਜਾਂ ਲੜਦੇ ਆਪਣੇ ਜੱਥਿਆਂ ਵਿਚ ਜਾਂ ਮਿਲਦੇ । ਸਯਦ ਮਹੰਮਦ ਲਤੀਫ ਦਾ ਕਹਿਣਾ ਹੈ ਕਿ ਦੂਰ ਨੇੜੇ ਸੁਨੇਹਾ ਘਲ ਦਿੱਤਾ ਜਾਂਦਾ ਸੀ ਕਿ ਅਜ ਰਾਤ ਨੂੰ ਕੂਚ ਹੋਵੇਗਾ ਅਤੇ ਕੂਚ ਲਈ ਖਾਸ ਸ਼ਬਦ ਨਿਯਤ ਕਰ ਦਿੱਤੇ ਜਾਂਦੇ ਸਨ । ਇਹ ਸ਼ਬਦ ਅੰਮ੍ਰਿਤਸਰ ਇਸ਼ਨਾਨ ਕਰਨ ਲਈ ਹੁੰਦਾ ਸੀ । ਇਸ ਸਮੇਂ ਜੋ ਵੀ ਸਿੱਖ ਗ੍ਰਿਫ਼ਤਾਰ ਹੋ ਜਾਂਦਾ, ਉਹ ਸ਼ਹੀਦ ਕਰ ਦਿੱਤਾ ਜਾਂਦਾ । ਇਕ ਵੀ ਉਦਾਹਰਣ ਅਜਿਹੀ ਨਹੀਂ ਮਿਲਦੀ ਕਿ ਕਿਸੇ ਨੇ ਸਿਖ ਧਰਮ ਛੱਡਕੇ ਜਾਨ ਬਚਾਈ ਹੋਵੇ । ਅਜਿਹੇ ਅਵਸਰ ਤੇ ਸ਼ਹੀਦੀ ਮੌਤ ਉਸ ਦੇ ਸਿਰ ਦਾ ਤਾਜ ਸਮਝੀ ਜਾਂਦੀ ਸੀ[1] ।

ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤ : ਸਿਖਾਂ ਜਦ ਅੰਮ੍ਰਿਤਸਰ ਤੇ ਹਮਲੇ ਦੀ ਗੱਲ ਸੁਣੀ ਤਾਂ ਬਾਬਾ ਦੀਪ ਸਿੰਘ ਦੀ ਅਗਵਾਈ ਹੇਠ ਇਕੱਠੇ ਹੋ ਗਏ । ਬਾਬਾ ਦੀਪ ਸਿੰਘ ਜੀ ਦਾ ਜਨਮ ਸੰਨ ੧੬੮੨ ਨੂੰ ਪਿੰਡ ਪੂਹ ਵਿੰਡ (ਅੰਮ੍ਰਿਤਸਰ) ਭਾਈ ਭਗਤਾ ਸੰਧੂ ਤੇ ਮਾਤਾ ਜੀਉਣੀ ਦੀ ਕੁੱਖ ਤੋਂ ਹੋਇਆ ਸੀ । ਗੁਰੂ ਗੋਬਿੰਦ ਸਿੰਘ ਜੀ ਨੇ ਦੀਪ ਸਿੰਘ ਨੂੰ ਕੋਲ ਹੀ ਰੱਖ ਲਇਆ । ਆਪ ਜੀ ਨੇ ਗੁਰੂ ਜੀ ਪਾਸ ਰਹਿੰਦੇ ਹੋਏ ਹੀ ਅਖਰੀ ਵਿਦਿਆ ਤੇ ਸ਼ਸਤ੍ਰ ਵਿਦਿਆ ਪ੍ਰਾਪਤ ਕੀਤੀ । ੧੭੦੪ ਵਿਚ ਜਦ ਅਨੰਦ ਪੁਰ ਛੱਡਿਆ ਗਿਆ ਤਾਂ ਆਪ ਜੀ ਆਪਣੇ ਪਿੰਡ ਪੂਹ ਵਿੰਡ ਆ ਗਏ ਅਤੇ ਜਦ ਗੁਰੂ ਗੋਬਿੰਦ ਸਿੰਘ ਜੀ ਦਾ ਦਮਦਮਾ ਸਾਹਿਬ ਆਉਣਾ ਸੁਣਿਆ ਤਾਂ ਆਪਣੇ ਸਾਥੀ ਬੁੱਢਾ ਸਿੰਘ ਨਾਲ ਦੋਵੇਂ ਉਥੇ ਪੁੱਜ ਗਏ ।

ਬਾਬਾ ਬੰਦਾ ਸਿੰਘ ਜੀ ਦਾ ਪੰਜਾਬ ਆਉਣਾ ਸੁਣਕੇ ਆਪ ਜੀ ਫਿਰ ਸਾਥੀਆਂ ਸਮੇਤ ਉਨ੍ਹਾਂ ਨਾਲ ਜਾ ਮਿਲੇ । ਆਪ ਜੀ ਸਦਾ ਅਗੇ ਹੋ ਕੇ ਜੂਝੱਦੇ, ਇਸ ਕਰਕੇ ਇਨ੍ਹਾਂ ਦੇ ਜੱਥੇ ਦਾ ਨਾਂ ਹੀ ਸ਼ਹੀਦਾਂ ਦੀ ਮਿਸਲ ਪੈ ਗਿਆ । ਇਹ ਵੀ ਕਿਹਾ ਜਾਂਦਾ ਹੈ ਕਿ ਆਪ ਜਿਥੇ ਜੰਗ ਵਿਚ ਕਾਰਨਾਮੇ ਦਿਖਾਉਂਦੇ ਸਨ, ਉਥੇ ਗੁਰਬਾਣੀ ਦੇ ਰਸੀਏ ਸਨ । ਸੰਨ ੧੭੨੬ ਈ: ਨੂੰ ਆਪ ਜੀ

---

1. The Message would be sent round the villages who will ride to-night, the watch-ward for dash to be, made, to bathe in the sacred tank. It is said that no instance was known of a sikh then captured consenting to abjure his religion. Death was the martyr's crown on such occasion, History of the Sikh Was.

ਨੇ ਗੁਰ ਗ੍ਰੰਥ ਸਾਹਿਬ ਦੇ ਚਾਰ ਉਤਾਰੇ ਕੀਤੇ। ਆਪ ਜੀ ਦੇ ਜੱਥੇ ਨੇ ਸਿਆਲ ਕੋਟ ਤਕ ਮਾਰਾਂ ਕੀਤੀਆਂ ਕਈ ਇਲਾਕੇ ਵੀ ਜਿੱਤੇ।

ਜਹਾਨ ਖਾਨ ਹੱਥੋਂ ਦਰਬਾਰ ਸਹਿਬ ਦੀ ਬੇਅਦਬੀ ਸੁਣਕੇ ਆਪ ਜੀ ਨੇ ਜਥੇ ਦੀ ਜਥੇਦਾਰੀ ਨਥਾ ਸਿੰਘ ਜੀ ਨੂੰ ਦੇ ਕੇ ਆਪਣੇ ਅੱਠਾਂ ਸਾਥੀਆਂ, ਬਾਬਾ ਸੁਧਾ ਸਿੰਘ, ਬਾਬਾ ਦਿਆਲ ਸਿੰਘ, ਬਾਬਾ ਬਸੰਤ ਸਿੰਘ, ਭਾਈ ਰਾਮ ਸਿੰਘ ਜੀ, ਭਾਈ ਬੀਰ ਸਿੰਘ, ਬਾਬਾ ਹਰੀ ਸਿੰਘ, ਬਾਬਾ ਕੌਰ ਸਿੰਘ, ਬਾਬਾ ਸੂਰ ਸਿੰਘ, ਨਾਲ ਅੰਮ੍ਰਿਤਸਰ ਵਲ ਚਲ ਪਏ। ਆਪ ਜੀ ਦੀ ਆਯੂ ਉਸ ਸਮੇਂ ੭੫ ਸਾਲਾਂ ਦੀ ਸੀ। ਆਪ ਜੀ ਨੇ ਖੰਡਾ ਹੱਥ ਵਿਚ ਲੈ ਪ੍ਰਣ ਕੀਤਾ ''ਸੀਸ ਸੁਧਾਸਰ ਹੇਤ ਦੇਵੇਂਗੇ ਹਮ ਜਾਇ। ਕਰ ਅਰਦਾਸਾ ਟੁਰ ਪਏ ਸਿੰਘ ਜੀ ਫਤੇ ਗਜਾਇ।''

ਜਦ ਅਨੰਦ ਪੁਰ ਸਾਹਿਬ ਦੇ ਸਰਦਾਰ ਗੁਰਬਖਸ਼ ਸਿੰਘ ਨੇ ਉਨ੍ਹਾਂ ਦਾ ਆਉਣਾ ਸੁਣਿਆਂ ਤਾਂ ਉਹ ਵੀ ਨਾਲ ਹੀ ਰਲ ਗਏ। ਰਾਹ ਵਿਚੋਂ ਜਗੇ ਬਹਮਨ, ਨੀਹਾਂ ਵਾਲੇ, ਭੰਜੂਕੇ, ਗੁਰੂ ਚੌਤਰੇ, ਲਖੀ ਜੰਗਲ, ਫੂਲ, ਮੇਹਰਾਜ, ਦਰਾਜ, ਭਗੂ, ਗੋਬਿੰਦ ਪੁਰਾ, ਕੋਟ ਆਦਿ ਥਾਵਾਂ ਤੋਂ ੫੦੦੦ ਸਿੰਘ ਨਾਲ ਰਲ ਗਏ। ਹਰੀ-ਕਾ-ਪਤਨ ਪਾਰ ਕਰਕੇ ਸਿੰਘ ਤਰਨ ਤਾਰਨ ਪੁੱਜ ਗਏ। ਬਾਬਾ ਦੀਪ ਸਿੰਘ ਨੇ ਸ਼ਹੀਦੀ ਗਾਨਾ ਬੰਨ ਕੇ ਖੰਡੇ ਨਾਲ ਜ਼ਮੀਨ ਤੇ ਲਕੀਰ ਖਿਚੀ ਕਿ ਜਿਸ 'ਹਰਿਕੇ ਦੁਆਰਾ' ਸ਼ਹੀਦੀਆਂ ਪ੍ਰਾਪਤ ਕਰਣੀਆਂ ਹਨ, ਉਹ ਲਕੀਰ ਟੱਪ ਜਾਏ। ਦੇਖ ਦੇ ਹੀ ਦੇਖਦੇ ਸਾਰੇ ਹੀ ਲਕੀਰ ਟੱਪ ਗਏ।

ਉੱਧਰ ਜਹਾਨ ਖਾਨ, ਹਾਜ਼ੀ ਅਤਾਖਾਨ ਨੂੰ ਉਡੀਕ ਰਿਹਾ ਸੀ ਪਰ ਯਕੂਬ ਖਾਨ, ਸਾਬਰ ਅਲੀ ਖਾਨ ਨੇ ਪਹਿਲਾਂ ਹੀ ਮੋਰਚੇ ਪੱਕੇ ਕਰ ਲਏ ਅਤੇ ਉਨ੍ਹਾਂ ਅਗੇ ਵੱਧਕੇ ਸਿੰਘਾਂ ਨੂੰ ਰੋਕਣਾ ਚਾਹਿਆ। ਯਕੂਬ ਖਾਨ ਤੇ ਬਾਬਾ ਦੀਪ ਸਿੰਘ ਜੀ ਦੀ ਦੁੱਵਲੀ ਜੰਗ ਹੋ ਗਈ। ਪਹਿਲਾਂ ਦੋਵਾਂ ਦੇ ਘੋੜੇ ਜ਼ਖਮੀ ਹੋਏ ਤੇ ਦੋਵੇ ਹੀ ਧਰਤ ਤੇ ਆ ਪਏ। ਫਿਰ ਇਕ ਦੂਜੇ ਨਾਲ ਗੁੱਥਮ ਗੁੱਥ ਹੋ ਗਏ। ਯਕੂਬ ਖਾਨ ਦੇ ਸਿਰ ਬਾਬਾ ਜੀ ਨੇ ਐਸਾ ਜ਼ੋਰ ਦਾ ਗੁਰਜ ਮਾਰਿਆ ਕਿ ਉਹ ਥਾਂ ਹੀ ਖਤਮ ਹੋ ਗਿਆ। ਬਾਬਾ ਸੂਰ ਸਿੰਘ ਨੇ ਦੂਜੇ ਅਫਗਾਨ ਸਰਦਾਰ ਮੀਰ ਜਹਾਨ ਨੂੰ ਥਾਂ ਤੇ ਰੱਖ ਲਇਆ। ਯਕੂਬ ਖਾਨ ਨੂੰ ਡਿਗਦਾ ਦੇਖ ਇਕ ਹੋਰ ਪਠਾਨ ਯੋਧਾ ਅਮਾਨ ਖਾਨ ਸਾਹਮਣੇ ਆਇਆ। ਦੋਵਾਂ ਨੇ ਇਸ ਫੁਰਤੀ ਨਾਲ ਤਲਵਾਰਾਂ ਚਲਾਈਆਂ ਕਿ ਦੋਵਾਂ ਦੇ ਸਿਰ ਇਕੋ ਸਮੇਂ ਲੱਥ ਗਏ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ:

''ਚਲੀ ਤੇਗ ਇਤ ਬੇਗ ਸੇ
ਦੋਹੂੰ ਕੇਰ ਬਲ ਧਾਰ।
ਉੱਤਰ ਗਏ ਸਿਰ ਦੋਹਾਂ ਕੇ, ਪਰਸ ਪਰੇ ਇਕ ਸਾਰ।''

ਅਜੇ ਬਾਬਾ ਜੀ ਡਿਗੇ ਹੀ ਸਨ ਕਿ ਇਕ ਸਿਖ ਨੇ ਪੁਕਾਰਿਆ।

''ਢਿਗ ਤੇ ਇਕ ਸਿੰਘ ਪਖ ਕਿਹੋ।
ਪ੍ਰਣ ਤੁਮਾਰਾ ਦੀਪ ਸਿੰਘ ਰਿਹੋ।
'ਗੁਰ ਪੁਰ ਜਾਏ ਸੀਸ ਮੈਂ ਦੇ ਹਉ[1]।
ਸੋ ਤੇ ਦੋਏ ਕੋਸ ਇਸ ਥੇ ਹਉ।
ਸੁਨ ਸਿੰਘ ਜੀ ਨਿਜ ਪ੍ਰਨ ਸੰਭਾਰਾ।

੧. ਸੰਗਰਾਨਾ ਸਾਹਿਬ ਤਕਰੀਬਨ ਅੰਮ੍ਰਿਤਸਰ ਤੋਂ ਦੋ ਕੋਹ ਹੀ ਹੈ।

ਨਿਜ ਸਰ ਬਾਮ ਹਾਥ ਨਿਜ ਧਾਰਾ ।
ਦਾਹਨੇ ਹਾਥ ਤੇਗ ਕੋ ਧਾਰਾ ।
ਵਜ਼ਨ ਜਾਹੇ ਥਾ ਸੇਰ ਅਠਾਰਾ ।
ਲਰਤ ਕੋਂਦ ਤੁਰਕ ਮਨ ਸੰਗੇ ।
ਔਰ ਸੁਧਾ ਸਿਰ ਚਲਿਉਨ ਸੰਗੇ ।
ਗਰਜਤ, ਤਰਜਤ ਤਨ ਅਨ ਨਿਆਈ ।
ਤੁਰਕ ਚਲੇ ਭਗ ਡਰ ਅਗਵਾਈ ।
ਲਰਿਓ ਕਬੰਦ ਤਾਹਿ ਕਾ ਭਾਰਾ ।
ਢਿਗ ਚਾਟੀ ਵਿੰਡ ਗਿਰਉ ਜੁਆਰਾ ।" (ਪਥ ਪ੍ਰਕਾਸ਼)

ਇਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਨੇ ਸਚ ਮੁਚ ਸੀਸ ਤਲੀ ਤੇ ਧਰ ਕੇ ਦਿਖਾਇਆ । ਉਨ੍ਹਾਂ ਦੀ ਸਮਾਧ ਤੇ ਸ਼ਹੀਦੀ ਅਸਥਾਨ ਬਾਹਰ ਰਾਮਸਰ ਪਾਸ ਹੀ ਹੈ ।

ਸਾਰੇ ਵੈਰੀ ਹੈਰਾਨ ਹੋਏ ਤੇ ਲਾਸ਼ਾਂ ਲੜਦੀਆਂ ਆਖ ਕੇ ਭਜ ਗਏ । ਗਿਆਨੀ ਗਿਆਨ ਸਿੰਘ ਜੀ ਦੇ ਹੀ ਸ਼ਬਦਾਂ ਵਿਚ

"ਹੋਏ ਹੈਰਾਨ ਦੁਰਾਨੀ ਰਹੇ ।
ਹੋਏ ਭੈ ਭੀਤ ਚਲੇ ਭਗ ਵਹੇ ।
ਇਮ ਭਾਤ ਫਰਕਤ ਸਿੰਘ ਸੂਰੇ ।
ਪਹੁੰਚ ਜਬੇ ਗੁਰੂ ਚਕ ਮੂਰੇ ।
ਤਬ ਇਕ ਸਿੰਘ ਨੇ ਏਸ ਇਯਾਚਾ ।
ਧਨਹਿ ਦੀਪ ਸਿੰਘ ਪ੍ਰਣ ਕੀਯੋ ਸਾਚਾ ।
ਗੁਰ ਪੁਰ ਤੀਰ ਰਾਮ ਸਰ ਆਏ ।
ਯਹਿ ਸੁਨ ਸਿੰਘ ਜੀ ਤਹਾਂ ਥਰਾਏ,
ਨਿਜ ਸਰ ਨਿਜ ਸੁਥਲ ਪਰ ਧਰਕੇ
ਫਤਿਹ ਗਜਾਈ ਊਚ ਉੱਚਰਕੇ ।

ਆਪ ਜੀ ਦੇ ਬਾਕੀ ਸਾਰੇ ਸਾਥੀ ਵੀ ਸ਼ਹੀਦ ਹੋ ਗਏ । ਬਾਬਾ ਨੋਧ ਸਿੰਘ ਜੀ ਚੱਬੇ ਪਿੰਡ ਲਾਗੇ ਹੀ ਸ਼ਹੀਦ ਹੋ ਗਏ ਸਨ । ਹਾਜੀ ਅਤਾ ਖਾਨ ਦੇ ਪੁਜਣ ਨਾਲ ਜਹਾਨ ਖਾਨ ਵਿਚ ਫਿਰ ਜਾਨ ਆ ਗਈ । ਉਸ ਨੇ ਸਿੱਧਾ ਮੂੰਹ ਦਰਬਾਰ ਸਾਹਿਬ ਵਲ ਕੀਤਾ । ਗੁਰੂ ਕੇ ਬਾਗ, ਮੰਜੀ ਸਾਹਿਬ, ਅੰਮ੍ਰਿਤਸਰ, ਗਿਣਤੀ ਦੇ ਸਿੰਘਾਂ ਨੇ ਰੋਕ ਪਾ ਦਿੱਤੀ । ਸਰਦਾਰ ਅਖੜ ਸਿੰਘ, ਸਰਦਾਰ ਸੰਤ ਸਿੰਘ, ਸਰਦਾਰ ਸਜਨ ਸਿੰਘ, ਸਰਦਾਰ ਹੀਰਾ ਸਿੰਘ, ਸਰਦਾਰ ਨਿਹਾਲ ਸਿੰਘ, ਸਰਦਾਰ ਬਹਾਦਰ ਸਿੰਘ ਸਾਰਿਆਂ ਹੀ ੧੭ ਨਵੰਬਰ, ੧੭੫੭ ਨੂੰ ਸ਼ਹਾਦਤ ਪਾਈ, ਪਰ ਇਹ ਦਰਸਾ ਦਿੱਤਾ ਕਿ ਬੀਰਤਾ ਕੀ ਹੁੰਦੀ ਹੈ ।

ਰਾਮ ਰੌਣੀ ਦਾ ਗਿਰਾਨਾ ਤੇ ਜਹਾਨ ਖਾਨ ਦਾ ਭੱਜ ਜਾਣਾ : ਜਹਾਨ ਖਾਨ ਨੇ ਰਾਮ ਰੌਣੀ ਨੂੰ ਢਾਹ ਢੇਰੀ ਕਰ ਦਿੱਤਾ । ਸਿਖਾਂ ਨੇ ਜਦ ਬਾਬਾ ਦੀਪ ਸਿੰਘ ਜੀ ਦੀ ਅਦੁਤੀ ਸ਼ਹਾਦਤ ਬਾਰੇ ਸੁਣਿਆ ਤਾਂ ਅੰਮ੍ਰਿਤਸਰ ਵਲ ਧਾ ਪਏ । ਜਹਾਨ ਖਾਨ ਆਪੂੰ ਫਿਰ ਟਾਕਰੇ ਤੇ ਹੋਇਆ । ਉਸ ਨੇ ਮੁਢੱਲੀ ਜਿੱਤ ਪ੍ਰਾਪਤ ਕਰ ਲਈ । ਸਿਖਾਂ ਨੇ ਉਸ ਨੂੰ ਲਾਹੌਰ ਨਾਲੋਂ ਤੋੜਨ ਦੀ ਵਿਉਂਤ ਕੀਤੀ ਤੇ ਰਸਦ ਪਾਣੀ ਨੂੰ ਲਾਹੌਰ ਹੀ ਰੋਕ ਲਇਆ । ਲਾਹੌਰ ਦੀ ਐਸੀ ਨਾਕਾ ਬੰਦੀ

ਕੀਤੀ ਕਿ ਕੋਈ ਵਸਤੂ ਵੀ ਜਹਾਨ ਖਾਨ ਤਕ ਪੁਜ ਨ ਸਕੀ । ਤੈਮੂਰ ਨੇ ਆਪ ਵੀ ਕੋਸਿਸ਼ ਕੀਤੀ ਪਰ ਉਹ ਕਾਮਯਾਬ ਨ ਹੋਇਆ । ਜਹਾਨ ਖਾਨ ਨੂੰ ਰਸਦ-ਪਾਣੀ ਤੋਂ ਆਤੁਰ ਦੇਖ ਕੇ ਸਿਖਾਂ ਨੇ ਜਹਾਨ ਖਾਨ ਤੇ ਸਿਧਾ ਹਮਲਾ ਬੋਲ ਦਿੱਤਾ । ਗੋਲੀਆਂ ਦੀ ਲਗਾਤਾਰ ਵਾਛੜ ਲਾ ਦਿੱਤੀ ! ਇਕ ਗੋਲੀ ਜਹਾਨ ਖਾਨ ਦੇ ਘੋੜੇ ਨੂੰ ਲਗੀ ਤੇ ਉਹ ਘੋੜੇਤੋਂ ਹੇਠਾਂ ਡਿਗ ਪਇਆ । ਜਹਾਨ ਖਾਨ ਨੂੰ ਡਿਗਦਾ ਦੇਖ, ਸਿਖ ਵਾਹਿਗੁਰੂ ਜੀ ਕੀ ਫਤਹਿ ਤੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਬੋਲਦੇ ਉਸ ਵਲ ਵਧੇ । ਇਹ ਨੇੜੇ ਹੀ ਸੀ ਕਿ ਜਹਾਨ ਖਾਨ ਥਾਂ ਹੀ ਮੁਕ ਜਾਂਦਾ ਕਿ ਉਹ ਸਿਖਾਂ ਨੂੰ ਆਪਣੇ ਵਲ ਆਉਂਦਾ ਦੇਖਕੇ ਪੈਦਲ ਹੀ ਨੱਸ ਉਠਿਆ । ਭੱਜਦੇ ਤੇ ਵਾਰ ਕਰਨਾ ਸਿਖ ਸਦਾਚਾਰ ਵਿਚ ਨਹੀਂ ਸੀ,ਸੋਉਨ੍ਹਾਂ ਉਸ ਨੂੰ ਨਸਣ ਦਿੱਤਾ । ਉਸ ਲਾਹੌਰ ਪੁਜ ਕੇ ਹੀ ਸਾਹ ਲਿਆ । ਲਤੀਫ ਦਾ ਕਹਿਣਾ ਹੈ ਕਿ ਸਿਖਾਂ ਦੀ ਇਹ ਪਹਿਲੀ ਨਿਰਨੇ ਜਨਕ ਜਿੱਤ ਸੀ[1] ।

ਦੁਆਬੇ ਵਿਚ ਮਾਰਾਂ : ਉਸ ਸਮੇਂ ਅਦੀਨਾ ਬੇਗ ਨੇ ਜਲੰਧਰ ਦੁਆਬੇ ਵਿਚ ਵੀ ਅਫਗਾਨਾਂ ਦੇ ਸਰਦਾਰ ਸਰਫਗਜ਼ ਖਾਨ ਨੂੰ ਵੀ ਹਾਰ ਦਿੱਤੀ । ਅਦੀਨਾ ਬੇਗ ਤੇ ਸਿਖਾਂ ਦੀਆਂ ਸਾਂਝੀਆ ਫੌਜਾਂ ਨੇ ਮਹਿਲ ਪੁਰ (ਹੁਸ਼ਿਆਰ ਪੁਰ) ਦੇ ਅਸਥਾਨ ਤੇ ਅਫਗਾਨਾਂ ਨੂੰ ਜਾ ਲਿਆ । ਸਰਫਗਜ਼ ਖਾਨ ਨੂੰ ਹੱਥਾਂ ਪੈਰਾਂ ਦੀ ਪੈ ਗਈ । ਇਹ ਜੰਗ ਦਸੰਬਰ ੧੭੫੭ ਵਿਚ ਹੋਈ । ਜੇਤੂ ਫੌਜਾਂ ਨੇ ਜਲੰਧਰ ਜਾ ਲਿਆ । ਕੁਤਬਦੀਨ ਜਿਸ ਨੇ ਕਰਤਾਰਪੁਰ ਹਮਲਾ ਕਰਕੇ ਥੰਮ ਸਾਹਿਬ ਸਾੜਿਆ ਸੀ ਉਸ ਨੂੰ ਜ਼ਿੰਦਾ ਸਾੜਿਆ ਗਇਆ । ਕਰਤਾਰ ਪੁਰ ਦੀ ਮੁੜ ਉਸਾਰੀ ਕੀਤੀ ਗਈ । ਅਦੀਨਾ ਬੇਗ ਨੇ ਸਵਾ ਲੱਖ ਰੁਪਿਆ ਰਾਖੀ ਦਾ ਸਿਖਾਂ ਨੂੰ ਦਿੱਤਾ ਤੇ ਆਪੂੰ ਸਿਰ ਤੇ ਕੜਾਹ ਪ੍ਰਸ਼ਾਦ ਚੁਕ ਸਿਖ ਸੰਗਤਾਂ ਵਿਚ ਆਇਆ ਤੇ ਆਪਣੇ ਆਪ ਨੂੰ ਬੋਧਾ ਸਿੰਘ ਕਿਹਾ ।

"ਜਿਉ ਤੁਮ ਗੁਰ ਕੇ ਸਿੰਘ ਕੇਸ ਧਾਰੀ ਸਭ ਨੀਕੇ ।
ਤਿਉਂ ਮੋਹਿ ਭੋਡਾ ਸਿਖ ਮਾਨਤੇ ਰਹੀਓ ਠੀਕੇ ।"

(ਗਿਆਨੀ ਗਿਆਨ ਸਿਘ)

ਤੈਮੂਰ ਇਹ ਜਾਣ ਗਿਆ ਕਿ ਸਿਖਾਂ ਨੂੰ ਜ਼ੇਰ ਕਰਨਾ ਮੁਸ਼ਕਲ ਹੈ ਜਦ ਤਕ ਆਪੂੰ ਅਹਿਮਦ ਸ਼ਾਹ ਅਬਦਾਲੀ ਪੰਜਾਬ ਨ ਆਏ । ਸੋ ਜਹਾਨ ਖਾਨ ਤੈਮੂਰ ਵੀ ਕਾਬਲ ਵਲ ਚਲਾ ਗਿਆ । ਮੈਦਾਨ ਅਦੀਨਾ ਬੇਗ ਜਾਂ ਸਿੱਖਾਂ ਦੇ ਹੱਥ ਸੀ ।

ਅਦੀਨਾ ਬੇਗ, ਪੰਜਾਬ ਦਾ ਨਵਾਬ : ਅਦੀਨਾ ਬੇਗ ਦਾ ਨਿਸ਼ਾਨਾ ਸਮੁੱਚੇ ਪੰਜਾਬ ਦੀ ਹਕੂਮਤ ਸੀ । ਸਿਖ ਉਸ ਦੇ ਰਾਹ ਵਿਚ ਰੁਕਾਵਟ ਸਨ । ਉਹ ਇਕ ਤਗੜੇ ਤੇ ਨਵੇਂ ਦੋਸਤ ਦੀ ਭਾਲ ਵਿਚ ਸੀ । ਭਾਵੇਂ ਅਜੇ ਉਹ ਤੁਰਤ ਸਿਖਾਂ ਨਾਲ ਵਿਗਾੜਨਾ ਨਹੀਂ ਸੀ ਚਾਹੁੰਦਾ ਕਿਉਂਕਿ ਉਹ ਸਮਝਦਾ ਸੀ ਕਿ ਅਬਦਾਲੀ ਨੂੰ ਹਰਾਉਣ ਲਈ ਅਜੇ ਸਿਖਾਂ ਦੀ ਲੋੜ ਹੈ । ਸੋ ਉਸ ਦੀ ਤਿਖੀ ਨਰੋਈ ਅੱਖ ਨੇ ਮਰਹਟਿਆਂ ਵਲ ਡਿੱਠਾ । ਉਸ ਦਾ ਖਿਆਲ ਸੀ ਕਿ ਮਰਹਟੇ ਉਸ ਦੇ ਸੁਪਨੇ ਨੂੰ ਸਾਕਾਰ ਕਰਨ ਵਿਚ ਸਹਾਇਤਾ ਦੇ ਸਕਣਗੇ । ਅਦੀਨਾ ਬੇਗ ਨੇ ਮਰਹਟਿਆਂ ਦੇ ਆਗੂ ਰਘੂਨਾਥ ਰਾਉ ਤੇ ਮਲ੍ਹਾਰ ਰਾਉ ਹੁਲਕਰ ਨਾਲ ਗੱਲ ਬਾਤ ਅਰੰਭ ਕਰ ਦਿੱਤੀ । ਉਸ ਨੇ ਮਰਹਟਿਆਂ ਨੂੰ ਪੰਜਾਬ ਆਉਣ ਦਾ ਸਦਾ ਦਿੱਤਾ ਤੇ ਇਕ ਲੱਖ ਰੁਪੈ ਕੂਚ ਵਾਲੇ ਦਿਨ ਦਾ ਤੇ ਟਿਕਣ ਵਾਲੇ ਦਿਹਾੜੇ ਦਾ ੫੦,੦੦੦ ਦੇਣਾ ਕਰ ਲਿਆ । ਮਰਹਟੇ ਕੁੰਜ ਪੁਰੇ ਪੁਜ ਗਏ ! ਅਦੀਨਾ ਬੇਗ, ਸਿਖ ਫੌਜਾਂ ਨਾਲ ਸਰਹੰਦ ਪੁਜ ਗਿਆ ।

---

1. History of the Punjab; Latif. ਪੰਨਾ, ੨੩੦

ਅਦੀਨਾ ਬੇਗ ਲਈ ਹੁਣ ਇਹ ਮੁਸ਼ਕਲ ਆ ਬਣੀ ਕਿ ਮੱਤੇ ਮਰਹੱਟੇ ਤੇ ਸਿਖ ਹੀ ਨ ਮਿਲ ਜਾਣ ਤੇ ਦੂਸਰੇ ਕਿਧਰੇ ਸਿਖ ਤੇ ਮਰਹਟੇ ਦੂਜੇ ਨੂੰ ਦੇਖ ਕੇ ਲੜ ਹੀ ਨ ਪੈਣ। ਸੋ ਉਸ ਨੇ ਦੋਵਾਂ ਨੂੰ ਮਿਲਣ ਹੀ ਨ ਦਿੱਤਾ। ਅਮਾਦ-ਉਲ-ਸਾਦਤ ਦਾ ਲਿਖਾਰੀ ਖ਼ੂਬ ਲਿਖਦਾ ਹੈ ਕਿ ਅਦੀਨਾ ਬੇਗ ਇਤਨਾ ਚਾਤਰ ਸੀ ਕਿ ਉਹ ਇਕੋ ਵੇਰ ਮਰਹਟਿਆਂ ਦੇ ਮੂੰਹ ਤੋਂ ਮੱਖੀ ਉਡਾਉਣ ਦਾ ਕਰਮ ਵੀ ਕਰਨਾ ਜਾਣਦਾ ਸੀ ਤੇ ਉਸੇ ਵੇਲੇ ਸਿਖਾਂ ਦੀ ਦਾਹੜੀ ਵਿਚ ਅੜੇ ਤੀਲੇ ਨੂੰ ਵੀ ਝਾੜ ਸਕਦਾ ਸੀ। 'ਦੋਵਾਂ ਧਿਰਾਂ ਖੁਸ਼ ਕਰਨ ਦਾ ਵਲ ਕੋਈ ਉਸ ਕੋਲੋਂ ਸਿਖੇ।' ਅਵਸਰ ਤੇ ਸਮੇਂ ਦੀ ਸੰਭਾਲ ਉਸ ਜਿਤਨੀ ਕੋਈ ਨਹੀਂ ਸੀ ਕਰ ਸਕਦਾ। ਡਾਕਟਰ ਸਿਨਹਾ ਦਾ ਵਿਚਾਰ ਹੈ ਕਿ ਜੇ ਮਰਹਟੇ ਤੇ ਸਿਖ ਮਿਲ ਜਾਂਦੇ ਤਾਂ ਪਾਨੀਪਤ ਦੀ ਤੀਜੀ ਲੜਾਈ ਦੇ ਸਮੇਂ ਨਤੀਜੇ ਹੋਰ ਹੀ ਨਿਕਲਦੇ। ਸਿਖ ਦੇ ਟਾਕਰੇ ਵੱਡਾ ਤੋਂ ਵੱਡਾ ਸ਼ਹਿਨਸ਼ਾਹ ਵੀ ਮਾਤ ਖਾ ਸਕਦਾ ਸੀ ਕਿਉਂਕਿ ਸਿਖ ਵਿਚ ਦ੍ਰਿੜਤਾ ਤੇ ਸਿਰੜਪੁਣਾ ਆਖਰਾਂ ਦਾ ਸੀ। ਸਿਖ ਘਾਇਲ ਹੋਇਆ ਵੀ ਦੁਸ਼ਮਣ ਲਈ ਹੂਆ ਸੀ। ਦੱਖਣ ਤੇ ਉਤਰ ਦਾ ਮੇਲਾ ਦੁਰਾਨੀ ਲਈ ਮੌਤ ਸਾਬਤ ਹੁੰਦਾ ਪਰ ਅਦੀਨਾ ਇਹ ਕਦਾਚਿਤ ਵੀ ਨਹੀਂ ਸੀ ਹੋਣ ਦਿੰਦਾ। ਉਸ ਨੇ ਦੋਵਾਂ ਵਿਚ ਹੀ ਜ਼ਹਰ ਦੇ ਬੀਜ ਬੀਜ ਦਿੱਤੇ। ਸਿਨਹਾ ਲਿਖਦਾ ਹੈ ਕਿ 'ਜਦ ਭਾਊ ਸਾਹਿਬ ਨੇ ਆਪਣੀਆਂ ਫੌਜਾਂ ਕੰਜ ਪੁਰੇ (ਕਰਨਾਲ) ਉਤਾਰੀਆਂ ਤਾਂ ਭਾਊ ਸਾਹਿਬ ਨੇ ਸਿਖਾਂ ਨਾਲ ਸਿਧੀ ਗੱਲ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਅਦੀਨਾ ਬੇਗ ਨੇ ਇਹ ਗਲ ਨ ਹੋਣ ਦਿੱਤੀ।' ਦੁਖ ਨਾਲ ਸਿਨਹਾ ਲਿਖਦਾ ਹੈ ਕਿ ਨ ਹੀ ਸਿਖਾਂ ਵਿਚ ਤੇ ਨ ਹੀ ਮਰਹਟਿਆਂ ਵਿਚ ਕੋਈ ਐਸਾ ਆਗੂ ਸੀ ਜੋ ਦੋਵਾਂ ਨੂੰ ਮੇਲਦਾ। ਮਰਹਟੇ ਆਪਣਾ ਵਰਗਾ ਕਿਸੇ ਨੂੰ ਸਮਝਦੇ ਨਹੀਂ ਸਨ ਤੇ ਸਿਖ ਮਰਹਟਿਆਂ ਨੂੰ ਬਾਹਰੋਂ ਆਇਆ ਮਿਥਦੇ ਸਨ। ਅਦੀਨਾ ਬੇਗ ਆਪਣੀ ਚਾਲ ਵਿਚ ਕਾਮਯਾਬ ਸੀ।

ਮਰਹਟਿਆਂ ਨੇ ਸਰਹੰਦ ਤੇ ਹਮਲਾ ਬੋਲ ਦਿੱਤਾ। ਅਬੁਦਸ ਸਮਦ ਖਾਨ, ਮਹੰਮਦ ਜ਼ਈ ਸਰਹੰਦ ਛੱਡ ਕੇ ਨੱਸ ਗਿਆ। ਸਿਖ ਜੋ ਪਹਿਲਾਂ ਹੀ ਪੁੱਜ ਗਏ ਸਨ ਉਨ੍ਹਾਂ ਸਰਹੰਦ ਨੂੰ ਖ਼ੂਬ ਲੁਟਿਆ। ਮਰਹੱਟੇ ਸ਼ਹਿਰ ਤੇ ਆਪਣਾ ਹੱਕ ਸਮਝਦੇ ਸਨ, ਸੋ ਉਨ੍ਹਾਂ ਸਿਖਾਂ ਤੇ ਹੀ ਹਮਲਾ ਕਰਨ ਦੀ ਵਿਉਂਤ ਬਣਾ ਲਈ। ਅਦੀਨਾ ਬੇਗ ਨੇ ਸਿਖਾਂ ਨੂੰ ਸਚੇਤ ਕਰ ਦਿੱਤਾ ਤੇ ਨਾਲੇ ਸਿਖਾਂ ਕੋਲੋਂ ਮਣਵਾ ਲਿਆ ਕਿ ਮਰਹਟੇ ਤੇ ਉਹ ਆਪਣੇ ਕੈਂਪ ਦੂਰ ਦੂਰ ਰੱਖਣਗੇ।

ਅਦੀਨਾ ਬੇਗ ਨੇ ਉਧਰ ਜਹਾਨ ਖਾਨ ਨੂੰ ਸੁਨੇਹਾ ਪੁਜਾ ਦਿੱਤਾ ਕਿ ਮਰਹੱਟੇ ਪੰਜਾਬ ਵਲ ਆ ਰਹੇ ਹਨ। ਇਹ ਦੁਹਰੀ ਚਾਲ ਚਲਣਾ ਉਸ ਦੇ ਸੁਭਾ ਵਿਚ ਸੀ। ਜਹਾਨ ਖਾਨ ਨੇ ਮਰਹਟਿਆਂ, ਸਿਖਾਂ ਤੇ ਅਦੀਨਾ ਬੇਗ ਨੂੰ ਰੁਕਾਵਟ ਪਾਉਣੀ ਚਾਹੀ ਪਰ ਇਹ ਉਸ ਦੇ ਬਸ ਦਾ ਰੋਗ ਨਹੀਂ ਸੀ।

੧੯ ਅਪ੍ਰੈਲ ੧੭੫੮ ਨੂੰ ਸਿਖ ਤੇ ਮਰਹੱਟੇ ਲਾਹੌਰ ਦਾਖਲ ਹੋਏ। ਅਫਗਾਨਾਂ ਨੂੰ ਪਕੜ ਕੇ ਸ੍ਰੀ ਅੰਮ੍ਰਿਤਸਰ ਲਿਆਂਦਾ ਗਿਆ ਤੇ ਉਨ੍ਹਾਂ ਕੋਲੋਂ ਹੀ ਸਰੋਵਰ ਦੀ ਕਾਰ ਸੇਵਾ ਕਰਵਾਈ ਗਈ। ਰਘੂਨਾਥ, ਮਰਹੱਟਾ ਆਗੂ ਵੀ ਅੰਮ੍ਰਿਤਸਰ ਪੁੱਜਾ ਤੇ ਦਰਬਾਰ ਸਾਹਿਬ ਤੇ ਦਰਸ਼ਨ ਕੀਤੇ। ਸਿਖਾਂ ਲਈ ਉਹ ਅਤਿ ਖੁਸ਼ੀ ਦਾ ਸਮਾਂ ਸੀ।

ਰਘੂਨਾਥ ਇਕ ਮਹੀਨੇ ਦੇ ਕਰੀਬ ਲਾਹੌਰ ਰਿਹਾ। ਉਸਨੇ ਇਹ ਪ੍ਰਤੱਖ ਦੇਖ ਲਿਆ ਕਿ ਸਿਖਾਂ ਦੀ ਹੋਂਦ ਹੁੰਦਿਆਂ, ਉਹ ਪੰਜਾਬ ਕਬਜ਼ੇ ਵਿਚ ਨਹੀਂ ਰੱਖ ਸਕਦਾ। ਨਾਲੇ ਉਹ ਆਪਣੇ ਕੇਂਦਰ ਪੂਨਾ ਤੋਂ ਬਹੁਤ ਦੂਰ ਹੋ ਗਿਆ ਸੀ ਅਤੇ ਨਜ਼ਾਮ ਹੈਦਰਾ ਬਾਦ ਨੇ ਹਮਲਾ ਵੀ ਬੋਲ ਦਿੱਤਾ ਸੀ। ਪੰਜਾਬ ਦਾ ਨਾਜ਼ਮ ਅਦੀਨਾ ਬੇਗ ਨੂੰ ਥਾਪ ਕੇ, ਰਘੂਨਾਥ ੧੦ ਮਈ ੧੭੫੮ ਨੂੰ ਪੰਜਾਬ

ਖਾਲੀ ਕਰ ਗਿਆ। ਅਦੀਨਾ ਬੇਗ ਨੇ ਹਰ ਸਾਲ ੭੫ ਲੱਖ ਰੁਪੈ ਕਰ ਦੇਣਾ ਪਰਵਾਨ ਕਰ ਲਿਆ। ਦਿਲੀ, ਉਸ ਨੇ ਜਾਨਕੋ ਜੀ ਨੂੰ ਛੱਡਿਆ ਤੇ ਆਪ ਪੂਨਾ ਟੁਰ ਗਿਆ।

ਅਦੀਨਾ ਅਸਲ ਰੂਪ ਵਿਚ : ਅਦੀਨਾ ਬੇਗ ਨੇ ਪੰਜਾਬ ਹੱਥ ਆਉਂਦੇ ਸਾਰ ਪਹਿਲਾਂ ਆਪਣੀ ਰਾਜਧਾਨੀ ਅਦੀਨਾ ਨਗਰ, ਬਟਾਲਾ ਬਣਾਈ। ਲਾਹੌਰ ਦਾ ਪ੍ਰਬੰਧ ਉਸ ਖਵਾਜ਼ਾ ਮਿਰਜ਼ਾ ਖਾਨ ਨੂੰ ਸੌਂਪਿਆ। ਸਰਹੰਦ ਦਾ ਪ੍ਰਬੰਧ ਸਦੀਕ ਬੇਗ ਨੂੰ ਦੇ ਦਿੱਤਾ। ਉਸ ਆਪਣਾ ਸਾਰਾ ਧਿਆਨ ਸਿਖਾਂ ਨੂੰ ਅਧੀਨ ਕਰਨ ਲਈ ਲਗਾ ਦਿੱਤਾ।

ਅਦੀਨਾ ਬੇਗ ਨੇ ਆਪਣਾ ਅਸਲੀ ਰੰਗ ਦਿਖਾਉਣਾ ਅਰੰਭ ਕੀਤਾ। ਅਫਗਾਨਾਂ ਨੂੰ ਦੂਰ ਤੇ ਮਰਹਟਿਆਂ ਨੂੰ ਦੂਰ ਕਰਕੇ ਸਿਖਾਂ ਨੂੰ ਹਟਾਉਣ ਦਾ ਪ੍ਰੋਗਰਾਮ ਬਣਾਇਆ। ਅਦੀਨਾ ਬੇਗ ਨੂੰ ਇਹ ਮਾਣ ਸੀ ਕਿ ਉਹ ਸਿਖਾਂ ਦੇ ਸਾਰੇ ਟਿਕਾਣੇ, ਨਕਲਾਂ, ਹਰਕਤਾਂ ਤੋਂ ਜਾਣੂੰ ਹੈ। ਸੋ ਉਸ ਦੇ ਖਿਆਲ ਵਿਚ ਸਿਖਾਂ ਨੂੰ ਮੁਕਾਉਣਾ ਕੋਈ ਮੁਸ਼ਕਲ ਕੰਮ ਨਹੀਂ ਸੀ। ਇਹ ਉਸ ਦੇ ਅੰਦਾਜ਼ੇ ਦੀ ਸਖ਼ੱਤ ਭੁੱਲ ਸੀ।

ਉਸ ਇਸ ਕੰਮ ਲਈ ੩੦,੦੦੦ ਦੀ ਫੌਜ ਨਿਰੋਲ ਅਦੀਨਾ ਨਗਰ ਹੀ ਇਕਤ੍ਰ ਕਰ ਲਈ। ਆਕਲ ਦਾਸ ਨਿਰੰਜਨੀਏ ਨੇ ਵੱਧ ਚੜ੍ਹ ਕੇ ਹਿੱਸਾ ਪਾਇਆ। ਉਸ ਨੇ ਸਿਖਾਂ ਨੂੰ ਮੁਕਾਉਣ ਦੀ ਮਹਿੰਮ ਦਾ ਇੰਚਾਰਜ਼ ਮਿਰਜ਼ਾ ਅਜੀਜ਼ ਬਖਸ਼ੀ ਨੂੰ ਥਾਪਿਆ। ਇਕ ਵੱਖਰੀ ਫੌਜ਼ ੨੦੦੦ ਲਕੜ ਹਾਰਿਆਂ ਦੀ ਵੀ ਬਣਾਈ ਤਾਂ ਕਿ ਉਹ ਜੰਗਲ ਕਟੀ ਜਾਣ ਤੇ ਸਿਖਾਂ ਨੂੰ ਟਿਕਾਣਿਆਂ ਤੋਂ ਬਾਹਰ ਨਿਕਲਣ ਤੇ ਮਜ਼ਬੂਰ ਕਰ ਦੇਣ। ਰਾਮ ਰੌਣੀ ਤੇ ਵੀ ਉਸ ਹਮਲਾ ਬੋਲ ਦਿੱਤਾ। ਸਰਦਾਰ ਜਸਾ ਸਿੰਘ ਰਾਮ ਗੜ੍ਹੀਆ, ਸਰਦਾਰ ਜੈ ਸਿੰਘ ਕਨ੍ਹਈਆ, ਸਰਦਾਰ ਨੰਦ ਸਿੰਘ ਸੰਘਾਣੀਆਂ ਸਰਦਾਰ ਕਰਮ ਸਿੰਘ ਕਿੰਗਰਾ ਨੇ ਅਗੇ ਵੱਧ ਕੇ ਟਾਕਰਾ ਕੀਤਾ। ਬਹੁਤੇ ਸ਼ਹੀਦ ਹੋ ਗਏ। ੪ ਮਹੀਨਿਆਂ ਵਿਚ ਹੀ ਅਦੀਨਾ ਬੇਗ ਨੇ ਮੀਰ ਮਨੂੰ ਦੀ ਯਾਦ ਨਵੀਂ ਕਰ ਦਿੱਤੀ। ਪਰ 'ਜਿਸ ਕੇ ਸਿਰ ਉਪਰ ਤੂ ਸੁਆਮੀ ਸੋ ਦੁਖ ਕੈਸਾ ਪਵੈ' ਵਾਲੀ ਗਲ ਹੋਈ। ੧੫ ਸਤੰਬਰ, ੧੭੫੮ ਨੂੰ ਅਦੀਨਾ ਬੇਗ ਦੀ ਮ੍ਰਿਤੂ ਹੋ ਗਈ।

ਸਿਖਾਂ ਦੀ ਤਾਕਤ ਵਿਚ ਵਾਧਾ : ਅਦੀਨਾ ਬੇਗ ਦੀ ਮੌਤ ਸਿਖਾਂ ਲਈ ਇਕ ਸੁਗਾਤ ਸਾਬਤ ਹੋਈ। ਅਦੀਨਾ ਬੇਗ ਭਾਵੇਂ ਥੋੜ੍ਹਾ ਚਿਰ ਹੀ ਲਾਹੌਰ ਦਾ ਨਾਜ਼ਮ ਰਿਹਾ ਪਰ ਇਹ ਜਰੂਰ ਦਸ ਗਿਆ ਕਿ ਉਹ ਸਿਖਾਂ ਨੂੰ ਇਕ ਖਤਰਨਾਕ ਤਾਕਤ ਸਮਝਦਾ ਹੈ। ਅਦੀਨਾ ਬੇਗ ਲੱਖ ਜਤਨ ਕਰਦਾ, ਸਿਖਾਂ ਦੀ ਹੋਂਦ ਨੂੰ ਉਹ ਮਿਟਾਉਣ ਵਿਚ ਸਫਲ ਨਹੀਂ ਸੀ ਹੋ ਸਕਦਾ। ਇਕ ਤਾਂ ਸਿਖ ਆਪੂੰ ਜਥੇਬੰਦ ਹੋ ਚੁਕੇ ਸਨ। ਦੂਜੇ ਅਬਦਾਲੀ ਨੇ ਅਦੀਨਾ ਬੇਗ ਕੋਲੋਂ ਤੈਮੂਰ ਤੇ ਜਹਾਨ ਖਾਨ ਦਾ ਬਦਲਾ ਜ਼ਰੂਰ ਲੈਣਾ ਸੀ।

ਅਦੀਨਾ ਬੇਗ ਦੀ ਮੌਤ ਸੁਣ ਕੇ ਜਨਕੋਜੀ ਨੇ ਸਾਬਾ ਜੀ ਨੂੰ ਭੇਜਿਆ ਪਰ ਇਧਰ ਖਵਾਜਾ ਮਿਰਜਾ ਖਾਨ ਨੇ ਸਿਖਾਂ ਦੀ ਮਦਦ ਨਾਲ ਅਫ਼ਗਾਨਾਂ ਤੇ ਗੱਖੜਾਂ ਨੂੰ ਹਾਰ ਦੇ ਦਿੱਤੀ ਸੀ। ਜਾਨਕੋ ਜੀ ਆਪੂੰ ਵੀ ਆਇਆ ਪਰ ਉਸ ਨੇ ਵੀ ਸਿਖਾਂ ਨਾਲ ਸਿਧੀ ਟਕਰ ਲੈਣੀ ਠੀਕ ਨ ਸਮਝੀ। ਜਦ ਸਾਬਾ ਜੀ ਲਾਹੌਰ ਪੁਜਾ ਤਾਂ ਉਸ ਨੇ ਮਿਰਜ਼ਾ ਖਾਨ ਨੂੰ ਹਟਾ ਕੇ ਅਹਿਮਦਖਾਨ ਨੂੰ ਗਵਰਨਰ ਥਾਪ ਦਿੱਤਾ। ਅਹਿਮਦਨਖਾਨ ਵੀ ਸਿਖਾਂ ਬਗੈਰ ਟੁਰ ਨਹੀਂ ਸੀ ਸਕਦਾ, ਕਿਉਂਕਿ ਉਧਰੋਂ ਜਹਾਨ ਖਾਨ ਨੇ ਲਾਹੌਰ ਤੇ ਹਮਲਾ ਕਰ ਦਿੱਤਾ ਸੀ। ਜਹਾਨ ਖਾਨ ਫਿਰ ਹਾਰ ਗਿਆ ਤੇ ਅਬਦਾਲੀ ਨੇ ਮਜਬੂਰ ਹੋ ਆਪੂੰ ਹੱਲਾ ਬੋਲ ਦਿੱਤਾ।

ਅਧਿਆਇ ਪੰਦਰਵਾਂ

ਪਾਨੀਪਤ ਦੀ ਤੀਜੀ ਜੰਗ

ਅਹਿਮਦ ਸ਼ਾਹ ਅਬਦਾਲੀ ਦਾ ਪੰਜਵਾਂ ਹਮਲਾ : ਅਹਿਮਦ ਸ਼ਾਹ ਕਾਬਲ ਵਿਚ ਰੁਝਿਆ ਸਾਰੇ ਹਾਲਾਤ ਬੜੇ ਦੁੱਖ ਨਾਲ ਦੇਖ ਰਿਹਾ ਸੀ। ਆਪਣੇ ਪੁਤਰ ਤੈਮੂਰ ਦੀ ਹੇਠੀ ਤੇ ਜਹਾਨ ਖਾਨ ਦੀਆਂ ਹਾਰਾਂ ਉਸ ਨੂੰ ਚੁੱਭ ਰਹੀਆਂ ਸਨ। ਅਦੀਨਾ ਬੇਗ ਦੀ ਮੌਤ ਨੇ ਤਾਂ ਉਸ ਨੂੰ ਜਲਦੀ ਹਮਲਾ ਕਰਨ ਲਈ ਤਿਆਰ ਕਰ ਦਿੱਤਾ।

ਦਿਲੀ ਵਿਖੇ ਮਰਹਟਿਆਂ ਦਾ ਹੀ ਰਾਜ ਸੀ। ਅਬਦਾਲੀ ਦੇ ਥਾਪੇ ਨਜ਼ੀਬ-ਉਦ-ਦਉਲਾ ਨੂੰ ਮਾਰ ਕੇ ਬਾਹਰ ਕੱਢ ਦਿੱਤਾ ਗਿਆ ਸੀ। ਰਾਜ ਪੂਤ ਸਰਦਾਰ ਵੀ ਹਮਲਾ ਕਰਨ ਲਈ ਲਿਖ ਰਹੇ ਸਨ। ਜੈਪੁਰ ਦੇ ਮਾਧੋ ਸਿੰਘ ਤੇ ਮਾਰਵਾੜ ਦੇ ਬਿਜੈ ਸਿੰਘ ਨੇ ਖਾਸ ਸੰਦੇਸ਼ ਭੇਜੇ ਸਨ। ਆਲਮਗੀਰ ਦੂਜਾ ਵੀ ਇਸੇ ਕੋਸ਼ਿਸ਼ ਵਿਚ ਸੀ ਕਿ ਅਬਦਾਲੀ ਛੇਤੀ ਹਮਲਾ ਕਰੇ ਪਰ ਉਸ ਵਿਚਾਰੇ ਤੇ ਇੰਤਜਾਮਉਦ-ਦਉਲਾ (ਮੀਰ ਮਨੂੰ ਦੇ ਭਰਾ) ਨੂੰ ਵਜ਼ੀਰ ਅਮਾਦ ਉਲ ਮਲਕ ਨੇ ਵਾਰੋ ਵਾਰੀ ਜਾਨੋਂ ਹੀ ੨੯ ਤੇ ੩੦ ਨਵੰਬਰ ੧੭੫੯ ਨੂੰ ਮਾਰ ਦਿੱਤਾ। ਉਸ ਦੀ ਥਾਵੇਂ ਕਿਸੇ ਹੋਰ ਸ਼ਹਿਜਾਦੇ ਨੂੰ ਸ਼ਾਹ ਜਹਾਨ ਦੂਜਾ ਦੀ ਪਦਵੀ ਦੇ ਕੇ ਤੱਖ਼ਤ ਤੇ ਬਿਠਾਲ ਦਿੱਤਾ।

ਅਬਦਾਲੀ ਨੇ ੬੦,੦੦੦ ਫ਼ੌਜੀ ਸਿਪਾਹੀਆਂ ਸਮੇਤ ਸਿੰਧ ਪਾਰ ਕੀਤਾ। ਮਰਹਟਿਆਂ ਦੇ ਕੁਝ ਦਸਤੇ ਉਸ ਦਾ ਕੁਝ ਵੀ ਵਿਗਾੜ ਨ ਸਕੇ। ਸਾਬਾ ਜੀ ਅਬਦਾਲੀ ਦਾ ਆਉਣਾ ਸੁਣਕੇ ਲਾਹੌਰ ਛੱਡ ਗਿਆ ਤੇ ਸ਼ੁਕਰਤਾਲ (ਪਾਨੀਪਤ) ਉਹ ਮਰਹਟਿਆਂ ਦੀ ਵੱਡੀ ਫੌਜ ਨੂੰ ਜਾ ਮਿਲਿਆ।

ਤੈਮੂਰ ਜੇਤੂ ਦੇ ਤੌਰ ਲਾਹੌਰ ਜ਼ਰੂਰ ਦਾਖਲ ਹੋਇਆ ਪਰ ੨੦੦੦ ਦੇ ਕਰੀਬ ਸਾਥੀ ਸਿਖਾਂ ਹਥੀਂ ਰਾਜਵਾੜੇ ਦੇ ਅਸਥਾਨ ਤੇ ਗਵਾਕੇ। ਉਸ ਝੜਪ ਵਿਚ ਜਹਾਨ ਖਾਨ ਨੂੰ ਵੀ ਕਈ ਫੱਟ ਲਗੇ। ਸਿਖ ਲਾਹੌਰ ਛੱਡ ਕੇ ਦੂਰ ਪ੍ਰੇਰੇ ਹੋ ਗਏ। ਉਨ੍ਹਾਂ ਦਾ ਝਈ ਲੈਣ ਦਾ ਭਾਵ ਨਿਰੋਲ ਆਪਣੀ ਹੋਂਦ ਦਾ ਪਰਗਟਾਵਾ ਸੀ। ਲਾਹੌਰ ਤੇ ਕਬਜ਼ੇ ਦੀ ਅਬਦਾਲੀ ਨੂੰ ਤਗੜੀ ਕੀਮਤ ਦੇਣੀ ਪਈ।

ਪਾਣੀ ਪੱਤ ਦੀ ਤੀਜੀ ਲੜਾਈ : ਅਬਦਾਲੀ ਦਿਲੀ ਵਲ ਵੱਧਦਾ ਗਿਆ। ਸਰਹੰਦ, ਅੰਬਾਲਾ, ਤਰਾਵੜੀ ਵਿਚ ਦਾਤਾ ਜੀ ਸਿੰਡੇ ਨੂੰ ਹਰਾਕੇ ਉਹ ਸਹਾਰਨਪੁਰ ਪੁਜਾ। ਅਬਦਾਲੀ ਦਾ ਆਉਣਾ ਸੁਣਕੇ ਨਜੀਬ-ਉਦ-ਦਉਲਾ ਰੂਹੇਲਾ ਆਪਣੀਆ ਫੌਜਾਂ ਲੈ ਕੇ ਆ ਮਿਲਿਆ। ੯ ਜਨਵਰੀ ੧੭੬੦ ਨੂੰ ਅਫਗਾਨਾਂ ਤੇ ਮਰਹਟਿਆਂ ਦੀ ਟਕਰ ਬਰਾੜੀ ਘਾਟ ਹੋਈ ਅਤੇ ਦਾਤਾ ਜੀ ਮਾਰਿਆ ਗਿਆ। ਅਬਦਾਲੀ ਇਕ ਸਾਲ ਦਿਲੀ ਦੇ ਆਸ ਪਾਸ ਸਮੇਂ ਦੀ ਭਾਲ ਵਿਚ ਲਗਾ

ਰਿਹਾ। ਇਹ ਵੀ ਕਿਹਾ ਜਾਂਦਾ ਹੈ ਕਿ ਸ਼ੁਜਾਹ-ਉਦ-ਦਉਲਾ ਨੇ ਮਰਹਟਿਆਂ ਤੇ ਅਬਦਾਲੀ ਵਿਚਕਾਰ ਸੁਲਾਹ ਦਾ ਕੰਮ ਅਰੰਭਿਆ ਹੋਇਆ ਸੀ ਪਰ ਭਾਉ ਸਾਹਿਬ ਨੇ ਜਦ ਪੂਨਾ ਤੋਂ ਆਕੇ ਦਿਲੀ ਜਿੱਤ ਲਈ ਤਾਂ ਮਰਹੱਟੇ ਕਰੜੇ ਹੋ ਗਏ। ਅਬਦਾਲੀ ਉਸ ਸਮੇਂ ਬੁਲੰਦ ਸ਼ਹਿਰ ਸੀ। ਅਬਦਾਲੀ ਨੂੰ ਇਹ ਵੀ ਖ਼ਬਰ ਪੁੱਜੀ ਕਿ ਮਰਹਟਿਆਂ ਕੁੰਜਪੁਰਾ (ਕਰਨਾਲ) ਕਬਜ਼ਾ ਕਰ ਲਿਆ ਹੈ ਤੇ ਉਨ੍ਹਾਂ ਅਬਦੁਸਮਦ ਖਾਨ ਤੇ ਮੀਆ ਕੁਤਬਸ਼ਾਹ ਦੇ ਕੱਟੇ ਹੋਏ ਸਿਰਾਂ ਨੂੰ ਫੌਜਾਂ ਵਿਚ ਫਿਰਾਇਆ ਵੀ ਹੈ ਤਾਂ ਉਸ ਬੜੇ ਰੋਹ ਵਿਚ ਆ ਕੇ ਕਿਹਾ 'ਹੁਣ ਹੋਰ ਅਫਗਾਨਾਂ ਦਾ ਅਪਮਾਣ ਮੇਰੇ ਕੋਲੋਂ ਸਹਾਰਨਾ ਮੁਸ਼ਕਲ ਹੈ, ਮੈਂ ਅਜੇ ਜਿਉਂਦਾ ਹਾਂ'। ਨਮਾਜ਼ ਪੜ੍ਹਕੇ ਬਾਗ ਪੱਟ ਤੋਂ ਉਸ ਨੇ ਜਮਨਾ ਪਾਰ ਕੀਤੀ ਤੇ ਫੌਜਾਂ ਨੂੰ ਪੱਛਮੀ ਕਿਨਾਰੇ ਤੇ ੨੬ ਅਕਤੂਬਰ ੧੭੬੦ ਨੂੰ ਲਿਆ ਖੜਾ ਕੀਤਾ।

ਮਰਹਟੇ ਵੀ ਤਿਆਰ ਬੈਠੇ ਸਨ। ਮਰਹਟਿਆਂ ਨੇ ਆਪਣੀਆਂ ਛਾਉਣੀਆਂ ਪਾਨੀ ਪਤ ਪਾਈਆਂ ਹੋਈਆਂ ਸਨ। ਸਾਰਾ ਦੱਖਣ ਹੀ ਪਾਨੀਪਤ ਪੁੱਜ ਗਿਆ ਸੀ। ਹੁਲਕਰ ਦੀ ਕਮਾਨ ਹੇਠਾਂ ਇਕ ਲੱਖ ਮਰਹੱਟੇ ਇਕਤ੍ਰ ਹੋ ਚੁੱਕੇ ਸਨ। ਸਿਖਾਂ ਨਾਲ ਵੀ ਮਰਹਟਿਆਂ ਸੰਬੰਧ ਜੋੜਨੇ ਚਾਹੇ ਪਰ ਉਹ ਇਸ ਮੰਤਵ ਵਿਚ ਸਫਲ ਨਾ ਹੋਏ।

ਮਰਹਟਿਆਂ ਤੇ ਅਫਗਾਨਾਂ ਦੀਆਂ ਫੌਜਾਂ ਆਹਮਣੇ ਸਾਹਮਣੇ ਸਨ। ਕਈ ਨਿਕੀਆਂ ਮੋਟੀਆਂ ਝੜਪਾ ਹੋਈਆਂ। ਅਬਦਾਲੀ ਨੇ ਮਰਹਟਿਆਂ ਦਾ ਘੇਰਾ ਹੀ ਘਤ ਲਿਆ ਸੀ। ਗੋਵਿੰਦ ਬਲਾਲ ਮਰਹਟਿਆਂ ਦੀ ਮਦਦ ਲਈ ਪੁਜਾ ਪਰ ਅਫਗਾਨਾਂ ਨੇ ਉਸ ਨੂੰ ਰਾਹ ਵਿਚ ਹੀ ਜਾ ਲਿਆ। ਅਹਿਮਦ ਸ਼ਾਹ ਹੱਥ ਕਾਫ਼ੀ ਰਸਦ ਪਾਣੀ ਵੀ ਆਇਆ। ਗੋਪਾਲ ਗਨੇਸ਼ ਬਾਹਰਵੇਂ ਅਤੇ ਕ੍ਰਿਸ਼ਨੰਦ ਵੀ ਘੇਰਾ ਤੋੜਦੇ ਤੋੜਦੇ ਸਰੀਰ ਛੱਡ ਗਏ। ਨਾਰੋਂ ਸ਼ੰਕਰ ਪੰਡਤ ਦਾ ਮਾਲ ਵੀ ਲੁਟ ਲਿਆ ਗਿਆ। ਉਸ ਦਾ ਕੇਵਲ ਇਕੋ ਸਾਥੀ ਹੀ ਬਚਿਆ। ਜਦ ਭਾਉ ਸਾਹਿਬ ਨੂੰ ਹੋ ਰਹੀ ਦੁਰਦਸ਼ਾ ਦਾ ਪਤਾ ਲੱਗਾ ਤਾਂ ਉਸ ਸੁਲਹ ਲਈ ਹੱਥ ਪਸਾਰੇ ਪਰ ਅਬਦਾਲੀ ਨੇ ਮੋੜਵਾ ਉਤਰ ਦਿੱਤਾ "ਜੰਗ ਦਾ ਨਗਮਾ ਗਾਉ, ਸੁਲਹ ਕਰਨ ਦਾ ਸਮਾਂ ਨਿਕਲ ਗਿਆ"। ਭਾਉ ਸਾਹਿਬ ਦੀ ਛਾਉਣੀ ਵਿਚ ਖਾਣ ਪੀਣ ਲਈ ਕੁੱਛ ਨਹੀਂ ਸੀ ਰਿਹਾ ਪਰ ਹੁਣ ਲੜਾਈ ਤੋਂ ਬਗੈਰ ਕੋਈ ਰਾਹ ਵੀ ਨਹੀਂ ਸੀ। ਦੋ ਦਿਨਾਂ ਤੋਂ ਮਰਹਟਿਆਂ ਦੇ ਮੂੰਹ ਵਿਚ ਅਨ ਦਾ ਇਕ ਦਾਨਾ ਨਹੀਂ ਸੀ ਪਿਆ। ਭਾਉ ਨੇ ਫਿਰ ਕੋਸ਼ਿਸ਼ ਕੀਤੀ ਕਿ ਜੰਗ ਟਲ ਜਾਏ ਪਰ ਅਬਦਾਲੀ ਪਾਸ ਜਦ ਸੁਲਹ ਪੈਗਾਮ ਪੁਜਾ ਤਾਂ ਉਸ ਨੇ ਉਸੇ ਸਮੇਂ ਉਨ੍ਹਾਂ ਹੀ ਕਪੜਿਆਂ ਵਿਚ ਆਪਣੇ (ਚੋਕੀ) ਤੇ ਸਵਾਰ ਹੋ ਜੰਗ ਦਾ ਬਿਗਲ ਬਿਜਾ ਦਿੱਤਾ। ਭਾਉ ਸਾਹਿਬ ਦੀ ਕੋਈ ਤਿਆਰੀ ਨਹੀਂ ਸੀ।

੧੪ ਜਨਵਰੀ ੧੭੬੧ ਨੂੰ ਸਿਧੀ ਜੰਗ ਹੋਈ ਤੇ ਮਰਹਟੇ ਪੂਰਨ ਤੌਰ ਤੇ ਹਾਰ ਗਏ। ਜੇ ਉਧਰ ਮਰਹਟੇ ਇਕ ਝੰਡੇ ਹੇਠਾਂ ਸਨ ਤਾਂ ਮੁਸਲਮਾਨ ਵੀ ਇਕ ਜਾਨ ਹੋ ਕੇ ਲੜ੍ਹ ਰਹੇ ਸਨ। ਬਾਬਾ ਆਲਾ ਸਿੰਘ ਨੇ ਅਬਦਾਲੀ ਨੂੰ ਰਸਦ ਪਾਣੀ ਦੀ ਮਦਦ ਭੇਜੀ। ਵਿਸ਼ਵਾਸ ਰਾਉ ਤੇ ਸਦਾ ਸਿਵ ਰਾਉ ਥਾਂ ਤੇ ਮਾਰੇ ਹੀ ਗਏ। ੨੮ ਹਜ਼ਾਰ ਲਾਸ਼ਾਂ ਦਾ ਢੇਰ ਇਕ ਥਾਂ ਹੀ ਲੱਗਾ ਦੇਖਿਆ ਗਿਆ। ਹਜ਼ਾਰਾਂ ਭੱਜਦੇ ਮਾਰੇ ਗਏ ਤੇ ਕਈਆਂ ਨੂੰ ਖਾਹੀਆਂ ਵਿਚ ਡਿਗਦੇ ਥਾਂ ਨਾ ਮਿਲੀ। ੨੨ ਹਜ਼ਾਰ ਗ੍ਰਿਫਤਾਰ ਹੋਏ। ਮਰਹਟਿਆਂ ਨੂੰ ਪੂਰਨ ਤੌਰ ਤੇ ਹਾਰ ਹੋਈ। ਇਧਰ ਸਿਖ ਪੰਜਾਬ ਵਿਚ ਸ਼ਕਤੀ ਬਨਾਉਣ ਵਿਚ ਸਫਲ ਹੋ ਗਏ।

ਸਿਖਾਂ ਦਾ ਲਾਹੌਰ ਤੇ ਕਬਜ਼ਾ : ਅਹਿਮਦ ਸ਼ਾਹ ਮਰਹਟਿਆਂ ਨਾਲ ਲੋਹਾ ਲੈਣ ਲਈ ਇਤਨਾ ਉਤਾਵਲਾ ਸੀ ਕਿ ਉਹ ਪੰਜਾਬ ਵਿਚ ਕੋਈ ਪਕਾ ਪ੍ਰਬੰਧ ਨ ਕਰ ਸਕਿਆ। ਜਾਂਦੇ ਜਾਂਦੇ

ਉਸ ਲਾਹੌਰ ਦਾ ਪ੍ਰਬੰਧ ਕਰੀਮਦਾਦ ਖਾਨ ਨੂੰ ਸੌਂਪ ਦਿੱਤਾ ਤੇ ਜ਼ੈਨ ਖਾਨ ਨੂੰ ਸਰਹੰਦ ਦਾ ਇੰਤਜਾਮ ਸੰਭਾਲਣ ਲਈ ਕਿਹਾ। ਜਲੰਧਰ ਦਾ ਪ੍ਰਬੰਧ ਸਰਬੁਲੰਦ ਖਾਨ ਕੋਲ ਸੀ। ਜਦ ਕਰੀਮ ਦਾਦ ਖਾਨ ਸਰਹੰਦ ਦਾ ਚੰਗਾ ਇੰਤਜਾਮ ਨਾ ਕਰ ਸਕਿਆ ਤਾਂ ਸਾਰੀ ਜਿਮੇਵਾਰੀ ਸਰਬੁਲੰਦ ਖਾਨ ਨੂੰ ਸੌਂਪ ਦਿੱਤੀ ਗਈ। ੧੨,੦੦੦ ਫੌਜੀ ਵੀ ਉਸ ਪੰਜਾਬ ਵਿਚ ਛੱਡ ਦਿੱਤੇ ਸਨ। ਅਬਦਾਲੀ ਦੇ ਚਿਤ ਵਿਚ ਵੀ ਨਹੀਂ ਸੀ ਕਿ ਦਿਲੀ ਦੇ ਆਸ ਪਾਸ ਹੀ ਸਾਲ ਤੋਂ ਉਤੇ ਲਗ ਜਾਏਗਾ। ਸਰਬੁਲੰਦ ਖਾਨ ਵਿਚ ਵੀ ਐਸਾ ਸਾਹਸ ਨਹੀਂ ਸੀ ਕਿ ਉਹ ਲਾਹੌਰ ਤੋਂ ਸਿਖਾਂ ਨੂੰ ਹਟਾ ਸਕੇ ਜਾਂ ਉਨ੍ਹਾਂ ਵਿਰੁਧ ਮਹੁੰਮ ਹੀ ਚਾੜ੍ਹ ਦੇਵੇ। ਸਿਖ ਤਾਂ ਐਸੇ ਮੌਕੇ ਨੂੰ ਰੱਬੀ—ਬਖਸ਼ਸ਼ ਸਮਝਦੇ ਸਨ। ਸਰਬੁਲੰਦ ਖਾਨ ਨੇ ਇਕ ਵਾਰੀ ਸਾਦਤ ਯਾਰ ਖਾਨ ਨੂੰ ਲਾਹੌਰ ਵਲ ਭੇਜਿਆ ਵੀ ਪਰ ਉਹ ਲਾਹੌਰ ਪੁਜਦੇ ਹੀ ਨੱਸ ਗਿਆ। ਦੀਵਾਨ ਸੂਰਤ ਸਿੰਘ ਨੇ ਪ੍ਰਬੰਧ ਸੁਧਾਰਨਾ ਚਾਹਿਆ ਪਰ ਅਸਫਲ ਹੋਇਆ। ਕਸੂਰ ਦੇ ਮੋਮਨ ਖਾਨ ਦੇ ਪੁਤਰ ਮੀਰ ਮਹੰਮਦ ਨੇ ਪ੍ਰਬੰਧ ਦੀ ਵਾਗ ਡੋਰ ਸੰਭਾਲਣੀ ਚਾਹੀ ਪਰ ਉਹ ਵੀ ਕੁਝ ਨ ਕਰ ਸਕਿਆ।

ਸਰਬਤ ਖਾਲਸਾ ੭ ਨਵੰਬਰ ੧੭੬੦ ਦੀ ਦੀਵਾਲੀ ਨੂੰ ਅੰਮ੍ਰਿਤਸਰ ਜੁੜਿਆ ਤੇ ਗੁਰਮਤਾ ਕੀਤਾ ਕਿ ਲਾਹੌਰ ਤੇ ਹੱਲਾ ਬੋਲਿਆ ਜਾਏ। ਸਰਦਾਰ ਜਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠਾਂ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ, ਸਰਦਾਰ ਹਕੀਕਤ ਸਿੰਘ, ਕਨ੍ਹਈਆ, ਸਰਦਾਰ ਹਰੀ ਸਿੰਘ ਭੰਗੀ, ਭਾਈ ਗੁਜ਼ਰ ਸਿੰਘ ਤੇ ਭਾਈ ਲਹਿਣਾ ਸਿੰਘ ਨੇ ਹਮਲੇ ਕੀਤੇ। ਲਾਹੌਰ ਦੀਆਂ ਬਾਹਰਲੀਆਂ ਸਾਰੀਆਂ ਬਸਤੀਆਂ ਤੇ ਸਿਖਾਂ ਦਾ ਹੀ ਕਬਜ਼ਾ ਸੀ। ਖੂਬ ਰਜਕੇ ਉਨ੍ਹਾਂ ਖਜ਼ਾਨੇ ਭਰੇ। ੧੫ ਦਿਨ ਤਕ ਕਿਸੇ ਰੋਕ ਨਾ ਪਾਈ। ਸਿਖ ਇਹ ਜਾਣਦੇ ਸਨ ਕਿ ਮੀਰ ਮਹੰਮਦ ਖਾਨ ਕਿਲ੍ਹੇ ਦੀ ਦੀਵਾਰ ਪਾਰ ਕਰਕੇ ਉਨ੍ਹਾਂ ਦੇ ਟਾਕਰੇ ਤੇ ਨਹੀਂ ਆਉਣ ਲਗਾ ਕਿਉਂਕਿ ਅਬਦਾਲੀ ਦਾ ਬਹੁਤਾ ਖਜ਼ਾਨਾ ਉਥੇ ਹੀ ਸੀ। ਸਿਖ ਵੀ ਲਾਹੌਰ ਨੂੰ ਕਬਜ਼ੇ ਵਿਚ ਕਰਨਾ ਠੀਕ ਨਹੀਂ ਸਨ ਸਮਝਦੇ। ਰਾਜਨੀਤੀ ਦੀ ਇਹ ਹੀ ਮੰਗ ਸੀ। ਅਬਦਾਲੀ ਅਜੇ ਪਾਨੀ ਪਤ ਸੀ ਤੇ ਉਸ ਦੇ ਮੁੜਨ ਨਾਲ ਲਾਹੌਰ ਕਬਜ਼ੇ ਵਿਚ ਰੱਖਣਾ ਮੁਸ਼ਕਲ ਹੋ ਜਾਣਾ ਸੀ।

ਸ਼ਹਿਰ ਦੇ ਵਸਨੀਕ ਦੀ ਘਬਰਾਹਟ ਬਰਾਬਰ ਬਣੀ ਰਹੀ। ਉਨ੍ਹਾਂ ਮਹੰਮਦ ਖਾਨ ਨੂੰ ਪ੍ਰੇਰਿਆ ਕਿ ਸਿਖਾਂ ਨੂੰ ਰਾਖੀ ਦੇ ਕੇ ਲਾਹੌਰ ਤੋਂ ਦੂਰ ਭੇਜ ਦਿੱਤਾ ਜਾਏ। ਸੋ ਮਹੰਮਦ ਖਾਨ ਨੇ ੩੦,੦੦੦ ਰੁਪਏ ਭੇਜੇ ਤੇ ਸਿਖਾਂ ਨੂੰ ਲਾਹੌਰ ਤੋਂ ਪਰੇ ਹੋਣ ਲਈ ਕਿਹਾ। ਸਿਖਾਂ ਦਾ ਮੰਤਵ ਪੂਰਾ ਹੋ ਗਇਆ ਸੀ। ਸਰਬੁਲੰਦ ਖਾਨ ਨੇ ਇਤਨਾ ਗੁੱਸਾ ਕੀਤਾ ਕਿ ਉਸ ਨੇ ਯਕੂਬ ਖਾਨ ਤੇ ਅਜਮਲ ਖਾਨ ਨੂੰ ਭੇਜਿਆ ਕਿ ਮਹੰਮਦ ਖਾਨ ਨੂੰ ਗ੍ਰਿਫਤਾਰ ਕਰਕੇ ਉਸ ਸਾਹਮਣੇ ਪੇਸ਼ ਕਰੇ। ਸਰਬੁਲੰਦ ਖਾਨ ਨੇ ਲਾਹੌਰ ਦਾ ਪ੍ਰਬੰਧ ਆਪ ਸੰਭਾਲ ਲਿਆ।

ਲਾਹੌਰ ਵਿਹਲੇ ਹੋ ਕੇ ਸਿਖਾਂ ਚਾਰ ਮੁਹਾਲ ਦੇ ਗਵਰਨਰ ਤਮਾਸਖਾਨ ਨੂੰ ਵੀ ਗ੍ਰਿਫਤਾਰ ਕਰ ਲਿਆ ਤੇ ਤਗੜੀ ਰਕਮ ਲੈ ਕੇ ਹੀ ਛੱਡਿਆ। ਪੰਜਾਬ ਵਿਚ ਸਿਖਾਂ ਦਾ ਬੋਲ ਬਾਲਾ ਸੀ।

ਪਾਨੀਪਤ ਤੋਂ ਮੁੜਦੇ ਅਬਦਾਲੀ ਨੂੰ ਸਿਖਾਂ ਦਾ ਤੰਗ ਕਰਨਾ : ਅਬਦਾਲੀ ਦਾ ਪਾਨੀ ਪਤ ਦੀ ਜਿੱਤ ਤੋਂ ਪਿਛੋਂ ਇਹ ਚਿਤ ਸੀ ਕਿ ਦੱਖਣ ਤਕ ਮਰਹਟਿਆਂ ਦਾ ਪਿਛਾ ਕੀਤਾ ਜਾਏ ਤੇ ਦੱਖਣ ਵਿਚ ਸਦੀਆਂ ਤੋਂ ਪਏ ਧੰਨ ਤੇ ਕਬਜ਼ਾ ਕੀਤਾ ਜਾਏ ਪਰ ਅਬਦਾਲੀ ਦੀਆਂ ਫ਼ੌਜਾਂ ਨੂੰ ਹਿੰਦੁਸਤਾਨ ਆਏ ਦੋ ਸਾਲ ਹੋ ਗਏ ਸਨ। ਉਹ ਮੁੜਨ ਲਈ ਮਜ਼ਬੂਰ ਕਰ ਰਹੀਆਂ ਸਨ।

ਸਿਖਾਂ ਨੂੰ ਜਦ ਅਬਦਾਲੀ ਦੇ ਮੁੜਨ ਦੀ ਖੱਬਰ ਪੁੱਜੀ ਤਾਂ ਉਨ੍ਹਾਂ ਵੀ ਆਪਣੀ ਹੋਂਦ

ਦ੍ਰਿੜਾਉਣ ਦਾ ਨਿਰਣਾ ਕਰ ਲਿਆ । ਕੈਸੀ ਜੁਅਰਤ ਸੀ ਸਿਖਾਂ ਦੀ ਕਿ ਉਹ ਆਪਣੇ ਜਥਿਆਂ ਨੂੰ ਅਬਦਾਲੀ ਦੇ ਨੇੜੇ ਲੈ ਆਏ । ਬ੍ਰਾਊਨ ਲਿਖਦਾ ਹੈ "ਤੀਜੀ ਪਾਨੀਪਤ ਦੀ ਜੰਗ ਉਪ੍ਰੰਤ ਅਬਦਾਲੀ ਦੀਆਂ ਫ਼ੌਜਾਂ ਜਦ ਸਤਲੁਜ ਨੂੰ ਪਾਰ ਕਰ ਰਹੀਆਂ ਸਨ ਤਾਂ ਸਿਖਾਂ ਨੇ ਅਬਦਾਲੀ ਦੀ ਫ਼ੌਜ ਨੂੰ ਲੁਟਣਾ ਆਰੰਭ ਕਰ ਦਿੱਤਾ । ਜੋ ਪਿਛੇ ਰਹਿ ਜਾਂਦਾ ਉਹ ਸਿਖਾਂ ਦਾ ਹੀ ਸ਼ਿਕਾਰ ਬਣਦਾ । ਅਬਦਾਲੀ ਦੀਆਂ ਫ਼ੌਜਾਂ ਵਿਚ ਸਿਖਾਂ ਦਾ ਟਾਕਰਾ ਕਰਨ ਦਾ ਸਾਹਸ ਨਹੀਂ ਸੀ ਰਿਹਾ, ਕਿਉਂ ਜੋ ਇਕ ਤਾਂ ਉਹ ਥੱਕ ਟੁੱਟ ਕੇ ਮੁੜੀਆਂ ਸਨ ਦੂਜੇ ਉਹ ਧਨ ਪਦਾਰਥਾਂ ਨਾਲ ਲਦੀਆਂ ਹੋਈਆਂ ਸਨ । ਸਿਖਾਂ ਨੇ ਅਟਕ ਤਕ ਅਬਦਾਲੀ ਦਾ ਪਿਛਾ ਕੀਤਾ ਤੇ ਅਟਕ ਤੋਂ ਮੁੜਦੇ ਹੀ ਲਾਹੌਰ ਤੇ ਕਬਜ਼ਾ ਕਰ ਲਿਆ ।" ਤੈਮੂਰ ਸ਼ਾਹ ਆਪੂੰ ਵੀ ਸਿਖਾਂ ਦੀ ਦੀਦਾ ਦਲੇਰੀ ਦਾਂ ਜ਼ਿਕਰ ਕਰਦਾ ਹੈ । ਜਦ ਅਬਦਾਲੀ ਦੀਆਂ ਫ਼ੌਜਾਂ ਨੇ ਚਨਾਬ ਪਾਰ ਕੀਤਾ ਤਾਂ ਚੜ੍ਹਤ ਸਿੰਘ ਸੁਕਰਚਕੀਆ ੧੨੦੦ ਸਿਪਾਹੀਆਂ ਨੂੰ ਨਾਲ ਲੈ ਕੇ ਅਬਦਾਲੀ ਦੇ ਪਿਛੇ ਹੀ ਲੱਗ ਪਇਆ । ਸਿਖਾਂ ਇਹ ਵਿਉਂਤ ਬਣਾਈ ਰਖੀ ਕਿ ਇਕ ਰਾਤ ਤਾਂ ਉਹ ਚੁਪ ਕਰਕੇ ਟੁਰਦੇ ਤੇ ਦੂਜੀ ਰਾਤ ਨੂੰ ਹਮਲਾ ਕਰਕੇ ਮਾਲ ਮਤਾ ਸੱਭ ਖੋਹ ਲੈਂਦੇ । ਅਬਦਾਲੀ ਰੋਕ ਪਾਉਣਾ ਚਾਹੁੰਦਾ ਵੀ ਤਾਂ ਨਹੀਂ ਸੀ ਪਾ ਸਕਦਾ ਕਿਉਂਕਿ ਸਿਖ ਅਬਦਾਲੀ ਦੇ ਵੱਡੇ ਕੈਂਪ ਤੋਂ ਘਟ ਤੋਂ ਘਟ ੧੨ ਕੋਹ ਦੂਰ ਰਹਿੰਦੇ ਸਨ ।

ਭਾਈ ਹਾਠੂ ਸਿੰਘ ਤੇ ਭਾਈ ਅਘੜ ਸਿੰਘ ਦੀ ਬੀਰਤਾ : ਸਿਖ ਬੀਰਤਾਂ ਦੀਆਂ ਜਿਹੜੀਆਂ ਸਿਖਰਾਂ ਛੋਹ ਰਹੇ ਸਨ ਉਸ ਦੀ ਇਕ ਉਦਾਹਰਨ ਭਾਈ ਹਾਠੂ ਸਿੰਘ ਤੇ ਭਾਈ ਅਘੜ ਸਿੰਘ ਜੀ ਦੀ ਸ਼ਹਾਦਤ ਹੈ । ਇਹ ਦੋਵੇਂ ਬੀਰ ਅਬਦਾਲੀ ਦੇ ਕੈਂਪ ਦੇ ਲਾਗੇ ਰਹਿ ਕੇ ਫ਼ੌਜਾਂ ਵਿਚ ਭਾਜੜਾਂ ਹੀ ਪਾਈ ਰੱਖਦੇ ਸਨ । ਇਕ ਮੁਠ ਭੀੜ ਵਿਚ ਦੋਵੇਂ ਪਕੜੇ ਗਏ ਤੇ ਅਹਿਮਦਸ਼ਾਹ ਅਬਦਾਲੀ ਸਾਹਮਣੇ ਪੇਸ਼ ਕੀਤੇ ਗਏ । ਅਬਦਾਲੀ ਨੇ ਪੁਛਿਆ ਕਿ ਉਹ ਕੈਂਪ ਲਾਗੇ ਕੀ ਕਰਨ ਆਏ ਸੀ । ਸਿਘਾਂ ਨੇ ਨਿਡਰ ਤੇ ਨਿਸੰਗ ਉੱਤਰ ਦਿੱਤਾ "ਤੈਨੂੰ ਜਾਨੋਂ ਮਾਰਨ ਆਏ ਸਾਂ" । ਅਬਦਾਲੀ ਨੇ ਦੋਵੇਂ ਸਿੰਘਾਂ ਨੂੰ ਹਾਥੀ ਥਲੇ ਲਿਤਾੜ ਸ਼ਹੀਦ ਕਰਨ ਦਾ ਹੁਕਮ ਦਿੱਤਾ । ਦੋਵਾਂ ਸਿੰਘਾਂ ਨੇ ਖਿੜੇ ਮੱਥੇ ਸ਼ਹਾਦਤਾਂ ਪਰਵਾਨ ਕੀਤੀਆਂ ਪਰ ਇਹ ਦਰਸਾ ਗਏ ਕਿ ਸਿੰਘਾਂ ਵਿਚ ਬੀਰਤਾ ਦਾ ਵਿਕਾਸ ਕਿਥੋਂ ਤਕ ਹੋ ਚੁਕਾ ਹੈ ।

੨੨੦੦ ਲੜਕੀਆਂ ਨੂੰ ਵੀ ਅਬਦਾਲੀ ਦੇ ਚੰਗਲ ਵਿਚੋਂ ਕਢਿਆ : ਸਰਦਾਰ ਜਸਾ ਸਿੰਘ ਆਹਲੂਵਾਲੀਆ ਨੂੰ ਇਹ ਸਰੋਤ ਪਜ ਗਈ ਸੀ ਕਿ ਅਬਦਾਲੀ ਦੇਸ਼ ਦੇ ਧੰਨ ਪਦਾਰਥ ਨਾਲ ੨੨੦੦ ਲੜਕੀਆਂ ਵੀ ਲੈ ਜਾ ਰਿਹਾ ਹੈ । 'ਬ੍ਰਹਮ ਗਿਆਨੀ' ਪਰਉਪਕਾਰ ਦੇ ਕਥਨ ਅਨੁਸਾਰ ਸਿਖਾਂ ਨੂੰ ਜਦ ਐਸੀ ਦੁਰਦਸ਼ਾ ਦੀ ਖ਼ਬਰ ਪੁਜੀ ਤਾਂ ਉਨ੍ਹਾਂ ਲੜਕੀਆਂ ਨੂੰ ਛੁਡਵਾਉਣ ਲਈ ਪ੍ਰਬੰਧ ਕਰਨਾ ਸ਼ੁਰੂ ਕਰ ਦਿੱਤਾ । ਜਿਹਲਮ ਤਕ ਪਿਛਾ ਕਰਦੇ ਟੁਰਦੇ ਗਏ ਪਰ ਕੋਈ ਸਮਾਂ ਨ ਮਿਲ ਸਕਿਆ ਕਿ ਲੜਕੀਆਂ ਨੂੰ ਮੋੜਿਆ ਜਾਏ । ਜਦ ਜਿਹਲਮ ਪਾਰ ਕਰਨ ਲਈ ਲੜਕੀਆਂ ਨੂੰ ਬੇੜੀਆਂ ਵਿਚ ਚੜ੍ਹਾਇਆ ਜਾਣ ਲੱਗਾ ਤਾਂ ਇਕੋ ਸਾਹ ਹੀ ਸਿਖਾਂ ਨੇ ਹਮਲਾ ਕਰਕੇ ੨੨੦੦ ਬਚੀਆਂ ਨੂੰ ਛੁਡਵਾ ਲਿਆ ਤੇ ਘਰ ਘਰ ਪੁਜਾ ਕੇ ਹੀ ਸਾਹ ਲਿਆ ।

———

ਅਧਿਆਇ ਸੋਲਵਾਂ

ਵੱਡਾ ਘਲੂਘਾਰਾ ਤੇ ਹੋਰ ਟੱਕਰਾਂ

ਅਬਦਾਲੀ ਤੇ ਸਿਖਾਂ ਵੀ ਟੱਕਰ ੧੭੬੧ ਤੋਂ ੬੮ ਤਕ :—

ਅਬਦਾਲੀ ਦਾ ਰੋਸ ਤੇ ਗੁੱਸਾ : ਲਾਹੌਰ ਪੁੱਜਦੇ ਹੀ ਅਬਦਾਲੀ ਨੂੰ ਲੋਕਾਂ ਨੇ ਸਿਖਾਂ ਵਿਰੁਧ ਖੂਬ ਭਰਿਆ। ਇਕ ਉਹ ਅੱਖੀਂ ਰਾਹ ਵਿਚ ਦੇਖ ਆਇਆ ਸੀ, ਦੂਜੇ ਸ਼ਹਿਰ ਨਿਵਾਸੀਆਂ ਨੇ ਜਦ ਦੁੱਖ ਭਰੀ ਦਾਸਤਾਨ ਸੁਣਾਈ ਤਾਂ ਉਹ ਸਿਖਾਂ ਨੂੰ ਤਗੜੀ ਸਟ ਮਾਰਨ ਲਈ ਵਿਉਂਤ ਬਣਾਉਣ ਲਗਾ। ਪਰ ਉਸ ਸਮੇਂ ਉਸ ਦਾ ਕਾਬਲ ਵਾਪਸ ਪੁਜਣਾ ਜ਼ਰੂਰੀ ਸੀ। ਹਹ ਕੋਈ ਇਹ ਜਾਣ ਗਿਆ ਕਿ ਅਬਦਾਲੀ ਦਾ ਅਗਲਾ ਹਮਲਾ ਨਿਰੋਲ ਸਿਖ਼ਾਂ ਵਿਰੁਧ ਹੀ ਹੋਵੇਗਾ।

ਪੰਜਾਬ ਵਿਚ ਅਠਾਰਵੀਂ ਸਦੀ ਦੇ ਅੱਧ ਤੋਂ ਪਿਛੋਂ ਚਾਰ ਤਾਕਤਾਂ ਆਪਣਾ ਕਬਜ਼ਾ ਜਮਾਉਣ ਲਈ ਸਿਰ ਤੋੜ ਕੋਸ਼ਿਸ਼ ਵਿਚ ਲਗੀਆਂ ਹੋਈਆਂ ਸਨ। ਉਨ੍ਹਾਂ ਵਿਚ ਅਦੀਨਾ ਬੇਗ ਦੀ ਲਾਲਸਾ ਸਭ ਤੋਂ ਪ੍ਰਬਲ ਸੀ। ਮਰਹਟਿਆਂ ਨੇ ਵੀ ਪੰਜਾਬ ਦਾਖਲ ਹੁੰਦੇ ਹੀ ਆਪਣੀ ਖਾਹਿਸ਼ ਦਾ ਪ੍ਰਗਟਾਵਾ ਕਰ ਹੀ ਦਿੱਤਾ ਸੀ। ਅਬਦਾਲੀ ਦੀ ਅਗਵਾਈ ਹੇਠਾਂ ਅਫਗਾਨ ਪੰਜਾਬ ਨੂੰ ਜਿੱਤ ਕੇ ਅਰਗਾਨਸਤਾਨ ਨਾਲ ਅਮਲੀ ਤੌਰ ਤੇ ਮਿਲਾ ਚੁਕੇ ਸਨ ਤੇ ਇਸ ਵਿਚ ਰੋਕ ਪਾਉਣ ਵਾਲੀ ਹਰ ਸ਼ਕਤੀ ਉਨ੍ਹਾਂ ਦੀ ਦੁਸ਼ਮਣ ਸੀ। ਦਿਲੀ ਦੀ ਤਾਕਤ ਖ਼ਤਮ ਹੋ ਚੁਕੀ ਸੀ। ਉਹ ਤਾਂ ਹੁਣ ਪੰਜਾਬ ਨੂੰ ਵਿਕਾਊ ਵਸਤੂ ਸਮਝ, ਕਦੇ ਇਕ ਨੂੰ, ਕਦੇ ਦੂਜੇ ਨੂੰ ਵੇਚਦੇ ਹੀ ਰਹਿੰਦੇ ਸੀ। ਚੌਥੇ ਸਿਖ ਸਨ ਜੋ ਪੰਜਾਬ ਤੇ ਆਪਣਾ ਹੱਕ ਸਮਝਦੇ ਸਨ। ਸਗੋਂ ਆਪਣੀ ਜਨਮ ਭੂਮੀ ਸਮਝ ਕੇ ਇਸ ਨੂੰ ਸੁਤੰਤਰ ਕਰਾਉਣਾ ਫ਼ਰਜ਼ ਚਾਹੁੰਦੇ ਸਨ। ਪਿਛਲੇ ਤਿੰਨ ਸਾਲ ਵਿਚ ਦੋ ਤਾਕਤਾਂ ਖ਼ਤਮ ਹੋ ਗਈਆਂ। ਅਕਤੂਬਰ ੧੭੫੮ ਨੂੰ ਅਦੀਨਾ ਬੇਗ ਦੀ ਮੌਤ ਨਾਲ ਇਕ ਹੋਰ ਦਾਹਵੇਦਾਰ ਚਲ ਵਸਿਆ ਤੇ ਦੂਜਾ ਪਾਨੀਪਤ ਦੀ ਤੀਜੀ ਜੰਗ ਵਿਚ ਆਪਣਾ ਮੂੰਹ-ਲਕ ਤੜਵਾ ਬੈਠਾ। ਮੈਦਾਨ ਵਿਚ ਦੋ ਹੀ ਸ਼ਕਤੀਆਂ ਰਹਿ ਗਈਆਂ। ਅਬਦਾਲੀ ਤੇ ਸਿਖ। ਅਗਲੇ ਛੇ ਸਾਲਾਂ ਦਾ ਇਤਿਹਾਸ ਅਬਦਾਲੀ ਤੇ ਸਿਖਾਂ ਦੀ ਟੱਕਰ ਦੀ ਹੀ ਵਾਰਤਾ ਹੈ। ਇਸ ਟਾਕਰੇ ਵਿਚ ਅਬਦਾਲੀ ਨੂੰ ਆਪਣੀ ਹਾਰ ਮੰਨਣੀ ਪਈ ਕਿਉਂਕਿ ਸਿਖਾਂ ਨੂੰ ਹਰਾਉਣਾ ਉਸ ਦੇ ਵਸ ਦਾ ਰੋਗ ਨਹੀਂ ਸੀ ਰਿਹਾ। ਸਿਖਾਂ ਨੂੰ ਦਿਤੀ ਮਾਰ ਜਾਂ ਅਖੋਤੀ ਹਾਰ ਪਾਣੀ ਵਿਚ ਸੋਟੇ ਮਾਰਨ ਵਾਂਙ ਸੀ। ਸਿਖ ਪਿਛਲੇ ਸਾਲਾਂ ਦੇ ਥਪੇੜੇ ਖਾ ਖਾ ਕੇ ਇਤਨੇ ਕਰੜੇ ਹੋ ਗਏ ਸਨ ਕਿ ਇਕ ਜਾਂ ਦੋ ਸਟਾਂ ਉਨ੍ਹਾਂ ਦਾ ਕੁਝ ਵਿਗਾੜ ਨਹੀਂ ਸਨ ਸਕਦੀਆਂ। ਹੁਣ ਤਾਂ ਸਿਖ ਮੈਦਾਨ ਵਿਚ ਲੜਨ ਤੋਂ ਵੀ ਨਹੀਂ ਝਿਜਕਦੇ ਸਨ।

ਸਿੱਖਾਂ ਦਾ ਦਬ ਦਬਾ : ਅਬਦਾਲੀ ਨੂੰ ਸਿੰਧ ਪਾਰ ਕਰਾ ਕੇ ਸਿਖ ਵਾਪਸ ਮੁੜੇ ਅਤੇ ਦੇਖਦੇ ਦੇਖਦੇ ਸਾਰੇ ਪੰਜਾਬ ਵਿਚ ਛਾ ਗਏ । ਸ਼ਿਵਾਲਕ ਦੀਆਂ ਪਹਾੜੀਆਂ ਉਨ੍ਹਾਂ ਦੇ ਨਾਂ ਨਾਲ ਗੂੰਜਣ ਲਗ ਪਈਆਂ । ਦੁਆਬੇ ਵਿਚ ਵੀ ਉਨ੍ਹਾਂ ਦਾ ਹੀ ਦਬਦਬਾ ਹੋ ਗਿਆ । ਮਾਝਾਂ ਵੀ ਉਨ੍ਹਾਂ ਦੇ ਕਬਜ਼ੇ ਵਿਚ ਸੀ ਤੇ ਚਾਰ ਮੁਹਾਲ ਦੇ ਫੋਜਦਾਰ ਖੁਵਾਜ਼ਾ ਮਿਰਜਾ ਖਾਨ ਨੂੰ ਖਤਮ ਕਰਕੇ ਰਾਖੀ ਵਸੂਲ ਕੀਤੀ । ਅਹਿਮਦਸ਼ਾਹ ਅਬਦਾਲੀ ਨੇ ਆਪਣੇ ਜਰਨੈਲ ਨੂਰਉਦ ਦੀਨ ਬਮਜ਼ਈ ਨੂੰ ਨਿਯਤ ਕੀਤਾ ਕਿ ਸਿਖਾਂ ਨੂੰ ਰੋਕ ਪਾਏ । ਉਹ ਪੰਜਾਬ ਆਇਆ ਹੀ ਸੀ ਕਿ ਸਰਦਾਰ ਚੜ੍ਹਤ ਸਿੰਘ ਸੁਕਰਚਕੀਆ ਨੇ ਹਾਰ ਦੇ ਕੇ ਭੱਜਾ ਦਿੱਤਾ । ਪੂਰੇ ਪੰਜਾਬ ਤੇ ਸਿਖਾਂ ਦਾ ਹੀ ਕਬਜ਼ਾ ਸੀ ।

ਗੁਜਰਾਂਵਾਲੇ ਤੇ ਕਬਜ਼ਾ : ਜਦ ਨੂਰ ਉਦ ਦੀਨ ਦੀ ਹਾਰ ਦੀ ਖੱਬਰ ਅਬਦਾਲੀ ਨੂੰ ਮਿਲੀ ਤਾਂ ਉਸ ਨੇ ਖਵਾਜਾ ਉਬੈਦ ਖਾਨ ਨੂੰ ਪੰਜਾਬ ਕਾ ਡਿਪਟੀ ਗਵਰਨਰ ਨਿਯਤ ਕੀਤਾ । ਉਬੈਦ ਖਾਨ ਨੇ ਆਉਂਦਿਆਂ ਹੀ ਸਰਦਾਰ ਚੜ੍ਹਤ ਸਿੰਘ ਤੇ ਹਮਲਾ ਕਰ ਦਿੱਤਾ । ਉਸ ਕਿਲ੍ਹਾ ਘੇਰ ਲਿਆ ਪਰ ਸਰਦਾਰ ਚੜ੍ਹਤ ਸਿੰਘ ਕਿਲੇ ਤੋਂ ਬਾਹਰ ਆਉਂਦੇ, ਅਫਗਾਨੀ ਫ਼ੌਜਾਂ ਵਿਚ ਭਾਜੜ ਪਾ ਕੇ ਵਾਪਸ ਟੁਰ ਜਾਂਦੇ । ਜਦ ਇਹ ਡਰ ਵਧਣ ਲਗਾ ਕਿ ਮਤਾਂ ਕਿਲ੍ਹਾ ਜਿਤਿਆ ਨਾ ਜਾਵੇ ਤਾਂ ਉਸੇ ਸਮੇਂ ਸਰਦਾਰ ਜਸਾ ਸਿੰਘ ਆਹਲੂਵਾਲੀਆ, ਸਰਦਾਰ ਲਹਿਣਾ ਸਿੰਘ, ਸਰਦਾਰ ਹਰੀ ਸਿੰਘ ਭੰਗੀ, ਸਰਦਾਰ ਜੈ ਸਿੰਘ ਕਨ੍ਹਈਆ ਤੇ ਸਰਦਾਰ ਸੋਭਾ ਸਿੰਘ ਨੇ ਬਾਹਰੋਂ ਹਮਲਾ ਕਰਕੇ ਉਬੈਦ ਖਾਨ ਨੂੰ ਨਸਣ ਤੇ ਮਜ਼ਬੂਰ ਕਰ ਦਿੱਤਾ । ਮੁਸ਼ਕਲ ਨਾਲ ਉਬੈਦ ਖਾਨ ਲਾਹੌਰ ਵਾਪਸ ਪੁੱਜ ਸਕਿਆ । ਫ਼ੌਜੀ ਤੇ ਹੋਰ ਬਹੁਤ ਸਾਰਾ ਕੀਮਤੀ ਸਾਮਾਨ ਸਿੰਘਾਂ ਦੇ ਹੱਥ ਆਇਆ ।

ਸੁਲਤਾਨ ਉਲ ਕੌਮ ਸਰਦਾਰ ਜਸਾ ਸਿੰਘ ਆਹਲੂਵਾਲੀਆ : ਸਿਖਾਂ ਉਸ ਜਿੱਤ ਸਮੇਂ ਗੁਜਰਾਂਵਾਲਾ ਹੀ ਟਿਕਣਾ ਠੀਕ ਨ ਸਮਝਿਆ ਤੇ ਉਨ੍ਹਾਂ ਫ਼ੁਰਤੀ ਨਾਲ ਲਾਹੌਰ ਜਾ ਲਿਆ । ਸ਼ਹਿਰ ਦੇ ਵਸਨੀਕਾਂ ਨੇ ਸਿਖਾਂ ਦਾ ਆਉਣਾ ਸੁਣਦੇ ਹੀ ਲਾਹੌਰ ਦੇ ਦਰਵਾਜ਼ੇ ਖੋਲ੍ਹ ਦਿੱਤੇ । ਸਰਦਾਰ ਜਸਾ ਸਿੰਘ ਆਹਲੂਵਾਲੀਆ ਜੇਤੂ ਦੇ ਤੌਰ ਤੇ ਲਾਹੌਰ ਦਾਖਲ ਹੋਏ । ਕੌਮ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਸੁਲਤਾਨ ਕੌਮ ਦੀ ਪਦਵੀ ਦੇ ਕੇ ਸਨਮਾਨਿਆ । ਸਰਦਾਰ ਜੱਸਾ ਸਿੰਘ ਨੇ 'ਦੇਗ, ਤੇਗ, ਫਤਹ, ਨੁਸ਼ਰਤ ਬੇਦਰੰਗ ।

ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ, ਦੇ ਸਿਕੇ[1] ਜਾਰੀ ਕੀਤੇ । ਲਾਹੌਰ ਦਾ ਕਿਲ੍ਹਾ ਅਜੇ ਖੁਵਾਜਾ ਉਬੈਦਖਾਨ ਕੋਲ ਹੀ ਸੀ । ਸਿਖਾਂ ਨੇ ਦੁਆਬੇ ਦੇ ਫ਼ੌਜਦਾਰ ਸਾਦਤ ਖਾਨ ਤੇ ਸਾਦਕ ਖਾਨ ਅਫਰੀਦੀ ਨੂੰ ਸਜ਼ਾ ਦੇਣ ਲਈ ਜਲੰਧਰ ਹਮਲਾ ਬੋਲ ਦਿੱਤਾ । ਉਨਾਂ ਦਾ ਵੱਡਾ

---

੧. ਕਈਆਂ ਇਤਿਹਾਸਕਾਰਾਂ ਇਹ ਲਿਖਿਆ ਹੈ ਕਿ ਸਰਦਾਰ ਜੱਸਾ ਸਿੰਘ ਨੇ ਸਿਕਿਆਂ ਤੇ ੲ

ਸਿਕਾ ਜ਼ਦ ਦਰ ਜਹਾਨ ਬਫਜ਼ਲੇ ਅਕਾਲ ।

ਮੁਲਕੇ ਅਹਿਮਦ ਗ੍ਰਿਫ਼ਤ ਜਸਾ ਕਲਾਲ ਉਕ੍ਰਾਏ;

ਇਹ ਨਿਰਮੂਲ ਲਗਦਾ ਹੈ । ਸਿਖ ਕਦੇ ਵੀ ਪੰਜਾਬ ਨੂੰ ਅਹਿਮਦਸ਼ਾਹ ਦਾ ਨਹੀਂ ਸਨ ਗਿਣਦੇ, ਉਹ ਤਾਂ ਪੰਜਾਬ ਨੂੰ ਗ਼ੈਰ ਦੇ ਕਬਜ਼ੇ ਗਿਆ ਗਿਣਦੇ ਸਨ ।

ਦੂਜੇ ਸਰਦਾਰ ਜਸਾ ਸਿੰਘ ਆਪਣੇ ਆਪ ਨੂੰ ਪੰਥ ਦਾ ਨਿਮਾਣਾ ਸੇਵਕ ਸਮਝਦੇ ਸਨ । ਗਨੇਸ਼ ਦਾਸ ਵਡੇਰਾ ਨੇ ਸਿਕੇ ਤੇ ਐਸੇ ਸ਼ਬਦ ਉਕਰੇ ਜਾਣ ਦਾ ਕਾਰਣ ਠੀਕ ਲਿਖਿਆ ਹੈ ਕਿ ਕਈ ਮੁਸਲਮਾਨਾਂ ਨੇ ਇਹੋ ਜਿਹੇ ਸਿਕੇ ਢਾਲ ਕੇ ਅਹਿਮਦ ਸ਼ਾਹ ਪਾਸ ਭੇਜੇ ਤੇ ਉਸ ਨੂੰ ਹਮਲਾ ਕਰਨ ਲਈ ਭੜਕਾਇਆ ।

ਹਮਾਇਤੀ ਘਮੰਡ ਚੰਦ ਕਟੋਚ ਵਾਲਾ ਪਹਾੜੀਆਂ ਨੂੰ ਨੱਸ ਗਿਆ। ਸਾਰਾ ਪੰਜਾਬ ਸਿਖਾਂ ਦੇ ਰਹਮ ਕਰਮ ਤੇ ਸੀ। ਉਨ੍ਹਾਂ ਨੇ ਦੋਖੀਆਂ ਨੂੰ ਸਜ਼ਾਵਾਂ ਅਤੇ ਕਬਜ਼ਾ ਪੂਰਨ ਕਰਨ ਦੀ ਵਿਉਂਤ ਬਣਾਉਣ ਲਈ ੨੭ ਅਕਤੂਬਰ ੧੭੬੧ ਦੀ ਦੀਵਾਲੀ ਨੂੰ ਅੰਮ੍ਰਿਤਸਰ ਇਕੱਠ ਸਦਿਆ।

ਗੁਰਮਤਾ : ਸਰਬਤ ਖਾਲਸਾ ਦੀਵਾਲੀ ਤੇ ਜੁੜਿਆ। ਉਥੇ ਹੀ ਗੁਰਮਤਾ ਕੀਤਾ ਗਿਆ ਕਿ ਦੋਖੀਆਂ ਤੇ ਸ਼ਾਜਸੀਆਂ ਨੂੰ ਕਰੜੀਆਂ ਸਜਾਵਾਂ ਦਿਤੀਆਂ ਜਾਣ। ਉਨ੍ਹਾਂ ਸਾਜਸ਼ੀਆਂ ਵਿਚ ਪਹਿਲਾ ਨਾਂ ਆਕਲ ਦਾਸ ਦਾ ਆਉਂਦਾ ਸੀ। ਆਕਲ ਦਾਸ ਦੇ ਵਡਿਕੇ ਨਿਰੰਜਨੀਏ ਸਿਖਾਂ ਵਿਰੁਧ ਹਰ ਮਹਿਮ ਦੇ ਮੋਢੀ ਰਹੇ ਸਨ। ਇਹ ਨਿਰੰਜਨੀਏ ਹੀ ਸਨ ਜੋ ਬੇਦੋਸ਼ੇ ਸਿਖਾਂ ਦਾ ਪਤਾ ਦਸਦੇ ਤੇ ਫੜ ਫੜ ਕੇ ਲਾਹੌਰ ਭੇਜਦੇ ਸਨ। ੧੭੫੩ ਵਿਚ ਸੁਖਾ ਸਿੰਘ ਮਾੜੀ ਕੰਬੋ ਦੀ ਗ੍ਰਿਫਤਾਰ ਤੇ ਸ਼ਹਾਦਤ ਦਾ ਕਾਰਣ ਇਹ ਹੀ ਸਨ। ਭਾਈ ਮਹਿਤਾਬ ਸਿੰਘ ਮੀਰਾ ਕੋਟ ਤੇ ਹਮਲਾ ਕੀਤਾ ਤੇ ਉਸ ਦੇ ਸਾਰੇ ਪਰਵਾਰ ਨੂੰ ਕਤਲ ਕਰਾਉਣ ਵਾਲੇ ਇਹ ਹੀ ਸਨ। ੧੭੪੫ ਵਿਚ ਭਾਈ ਤਾਰੂ ਸਿੰਘ ਜੀ ਨੂੰ ਪਕੜਾਉਣ ਵਾਲੇ ਗੁਰਮਖ ਦਾਸ ਵੀ ਨਿਰੰਜਨੀਏ ਸਨ। ਪਿਛਲੇ ਕਈ ਸਾਲਾਂ ਤੋਂ ਆਕਲ ਦਾਸ ਸਿਖਾਂ ਦਾ ਵੈਰ ਕਮਾਉਣ ਵਿਚ ਅਗੇਰੇ ਸੀ। ਸੋ ਖਾਲਸਾ ਨੇ ਜੰਡਿਆਲਾ ਨੂੰ ਘੇਰ ਲਿਆ।

ਆਕਲ ਦਾਸ ਦਾ ਅਬਦਾਲੀ ਨੂੰ ਲਿਖਣਾ : ਸਰਬਤ ਖਾਲਸਾ ਨੇ ਜੰਡਿਆਲਾ ਨੂੰ ਘੇਰਾ ਪਾਉਣ ਦੀ ਖੱਬਰ ਆਕਲ ਦਾਸ ਨੂੰ ਪਹੁੰਚਾ ਦਿਤੀ ਤੇ ਕਿਲ੍ਹਾ ਹਵਾਲੇ ਕਰਨ ਲਈ ਲਿਖਿਆ। ਆਕਲ ਦਾਸ ਨੇ ਈਨ ਮੰਨਣ ਦੀ ਥਾਂ ਉਬੈਦੇਖਾਨ ਨੂੰ ਲਿਖਆ। ਉਬੈਦ ਖਾਨ ਤਾਂ ਆਪ ਸਿਖਾਂ ਹਥੋਂ ਖਾਦੀਆਂ ਸਟਾਂ ਤੇ ਸੇਕ ਦੇ ਰਿਹਾ ਸੀ ਉਹ ਕੀ ਮਦਦ ਕਰ ਸਕਦਾ ਸੀ। ਸਿੱਖਾਂ ਨੇ ਜੰਡਿਆਲਾ ਨੂੰ ਘੇਰ ਲਿਆ। ਅਕਾਲ ਦਾਸ ਨੇ ਘਿਰੇ ਹੋਏ ਹੀ ਅਬਦਾਲੀ ਨੂੰ ਚਿਠੀ ਲਿਖੀ ਕਿ ਉਸ ਨੂੰ ਸਿਖਾਂ ਤੋਂ ਬਚਾਇਆ ਜਾਏ। ਅਬਦਾਲੀ ਪਹਿਲਾਂ ਹੀ ਸਿਖਾਂ ਦੇ ਵਧਣ ਦੀਆਂ ਖੱਬਰਾਂ ਸੁਣ ਕੇ ਚਲ ਪਿਆ ਸੀ। ਅਕਾਲ ਦਾਸ ਦਾ ਭੇਜਿਆ ਕਾਸਦ ਉਸ ਨੂੰ ਰੁਹਤਾਸ ਮਿਲਿਆ। ਸਿਖਾਂ ਨੂੰ ਵੀ ਅਬਦਾਲੀ ਦੇ ਪੁੱਜਣ ਦੀ ਸੂਹ ਮਿਲ ਗਈ, ਸੋ ਉਨ੍ਹਾਂ ਜੰਡਿਆਲਾ ਦਾ ਘੇਰ ਉਠਾ ਦਿਤਾ ਤੇ ਪਰਵਾਰਾਂ ਨੂੰ ਬੀਕਾਨੇਰ ਪਹੁੰਚਾਣ ਲਈ ਚਲ ਪਏ। ਉਨ੍ਹਾਂ ਦਾ ਖਿਆਲ ਸੀ ਕਿ ਅਬਦਾਲੀ ਨਾਲ ਇਸ ਵਾਰੀ ਕਰਾਰੀ ਝੜਪ ਹੋਵੇਗੀ। ਜਥਾ ਸਰਹੰਦ ਵਲ ਚਲਾ ਗਿਆ ਕਿਉਂਕਿ ਸਰਹੰਦ ਦੇ ਨਵਾਬ ਜੈਨਖਾਨ ਨੇ ਭਾਈ ਦਿਆਲ ਸਿੰਘ ਬਰਾੜ ਨੂੰ ਸ਼ਹੀਦ ਕਰ ਦਿੱਤਾ ਸੀ।

ਜੈਨਖਾਨ ਨੇ ਮਲੇਰ ਕੋਟਲਾ ਤੋਂ ਭੀਖਨ ਸ਼ਾਹ ਨੂੰ ਬੁਲਾਇਆ। ਜੈਨਖਾਨ ਨੇ ਅਬਦਾਲੀ ਨੂੰ ਤੁਰਤ ਹਮਲਾ ਕਰਨ ਲਈ ਕਿਹਾ। ਅਬਦਾਲੀ ਮਹੀਨਿਆਂ ਦਾ ਪੈਂਡਾ ਦਿਨਾਂ ਵਿਚ ਕਰਦਾ ਲਾਹੌਰ ਪੁੱਜ ਗਿਆ।

ਵਡਾ ਘਲੂਘਾਰਾ : ਆਸ ਤੋਂ ਉਲਟ ਅਹਿਮਦ ਸ਼ਾਹ ੩ ਫਰਵਰੀ ੧੭੬੨ ਨੂੰ ਲਾਹੌਰ ਪੁੱਜ ਗਇਆ। ਸਿੰਘਾਂ ਦੇ ਅੰਦਾਜੇ ਮੁਤਾਬਕ ਉਸ ਨੂੰ ਲਾਹੌਰ ਪੁਜਦਿਆਂ ਘੱਟ ਤੋਂ ਘੱਟ ਦਸ ਦਿਨ ਲਗ ਜਾਣੇ ਚਾਹੀਦੇ ਸਨ ਅਤੇ ਉਹ ਸਮਝਦੇ ਸਨ ਕਿ ਉਤਨੇ ਚਿਰ ਵਿਚ ਟੱਬਰ ਛੱਡ ਕੇ ਬੀਕਾਨੇਰ ਤੋਂ ਵਾਪਸ ਆ ਸਕਣਗੇ। ਅਬਦਾਲੀ ਨੇ ਲਾਹੌਰ ਤੋਂ ਜੈਨਖਾਨ ਨੂੰ ਲਿਖਿਆ ਕਿ ਉਹ ਸਿਖਾਂ ਨੂੰ ਅਗੋਂ ਦੀ ਲਵੇ ਤੇ ਪਿਛਲਾ ਹਿੱਸਾ ਉਹ ਆਪੇ ਉੜਾ ਦੇਵੇਗਾ। ਇਹ ਸੰਦੇਸ਼ ਪੁਜਦੇ ਸਾਰ ਜ਼ੈਨਖਾਨ, ਭੀਖਨ ਖਾਨ ਮਲੇਰੀਆ, ਮੁਰਤਜ਼ਾ ਖਾਨ ਬਰਾਇਚ, ਕਾਸਦ ਖਾਨ

ਮਰਹਾਲ, ਦੀਵਾਨ ਲਛਮੀ ਮਲ ਤੇ ਹੋਰ ਸਾਰੇ ਫ਼ੌਜਦਾਰ ਸਿਖਾਂ ਦੇ ਟਾਕਰੇ ਲਈ ਪੁੱਜ ਗਏ।

ਸਿਖਾਂ ਦੀ ਹੈਰਾਨੀ ਦੀ ਹੱਦ ਹੀ ਨ ਰਹੀ ਜਦ ਉਨ੍ਹਾਂ ਪੰਜ ਫਰਵਰੀ, ਦੇ ਸਵੇਰ ਵੇਲੇ ਕਾਸਦ ਖਾਨ ਨੂੰ ਹਮਲਾ ਕਰਦੇ ਦੇਖਿਆ। ਅਬਦਾਲੀ ਨੂੰ ਜਿੱਤ ਦਾ ਇਤਨਾ ਵਿਸ਼ਵਾਸ ਸੀ ਕਿ ਸ਼ਾਹ ਵਲੀ ਖਾਨ ਨੂੰ ਜਦ ਰਾਜਾ ਹਰਿ ਸਹਾਇ ਨੇ ਇਮਦਾਦ ਲਈ ਲਿਖਿਆ ਸੀ ਤਾਂ ਉਸ ਨੇ ਉਤਰ ਦਿੱਤਾ ਸੀ ਕਿ ਸਿਖਾਂ ਦੀ ਜੜ੍ਹ ਮੁਕਾ ਕੇ ਉਹ ਕੁਝ ਚਿਰ ਸਰਹੰਦ ਸ਼ਿਕਾਰ ਖੇਡੇਗਾ। ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰ ਸਿੰਘ ਅਜੇ ਤੜਕ ਸਾਰ ਤਿਆਰ ਵੀ ਨਹੀਂ ਸਨ ਹੋਏ ਕਿ ਹਮਲਾ ਹੋ ਗਇਆ।

"ਨਹਿ ਤਾੜੇ ਸੁਚੇਤੇ ਸਜੇ ਦਸਤਾਰੇ।
ਆਨ ਕਵੇਲੇ ਪਰੈ ਤਿਤੈ ਤਬ ਸਿਘ ਕਹੇ ਗਿਲਜੇ ਗੁਰਮਾਰੇ।
ਓੜਕ ਸ਼ੀਘਰ ਸਿੰਘ ਝਟਪਟ ਤਯਾਰ ਭਏ ਹਿਤ ਜੰਗ ਅਪਾਰੇ॥
ਅਗੇਰੇ ਹੋਇ ਲਰਨੇ ਲਗੇ ਸਿੰਘ ਤੁਪਕ ਤੀਰ ਚਲਾਏ ਕਰਾਰੇ॥"

ਭਾਂਵੇ ਹਮਲਾ ਅਚਾਨਕ ਸੀ ਪਰ ਫਿਰ ਵੀ ਸਿਖਾਂ ਡੱਟ ਕੇ ਮੁਕਾਬਲਾ ਕਰਨ ਦੀ ਠਾਨ ਲਈ। ਦਿਨ ਚੜ੍ਹਦੇ ਸਾਰ ਅਬਦਾਲੀ ਵੀ ਪੁੱਜ ਗਇਆ। ਪਹਿਲੇ ਹਲੇ ਵਿਚ ਬਹੁਤੇ ਸ਼ਹੀਦ ਹੋ ਗਏ। ਟੱਬਰਾਂ ਨੂੰ ਬਚਾਉਣ ਲਈ ਸਿੱਖਾਂ ਨੇ ਵਿਚਾਰ ਬਣਾਈ ਪਰ ਦੂਜੇ ਪਲ ਇਹ ਵਿਚਾਰ ਵੀ ਬਣੀ ਕਿ

"ਬਾਹਿ ਤੇ ਸਾਰੇ ਸ਼ਹੀਦ ਭਵੇ,
ਅਬ ਮਰੋ ਇਹ ਬਾਤ ਖਰੀ ਹੈ।"

ਪਰ ਇਸ ਵਿਚਾਰ ਨੇ ਜ਼ੋਰ ਪਕੜਿਆ ਕਿ ਬੇਦੋਸ਼ਿਆਂ ਸਿੰਘ ਨੂੰ ਮਰਨ ਨਹੀਂ ਦੇਣਾ ਚਾਹੀਦਾ, ਸੋ ਇਹ ਨਿਰਣਾ ਕੀਤਾ ਕਿ ਵਹੀਰਾਂ ਦੇ ਇਰਦ ਗਿਰਦ ਚੋਖਟਾ (ਗੋਲ ਕਿਲ੍ਹਾ) ਬਣਾ ਕੇ ਦੁਸ਼ਮਣ ਦਾ ਟਾਕਰਾ ਕੀਤਾ ਜਾਏ। ਸਰਦਾਰ ਜੱਸਾ ਸਿੰਘ ਨੇ ਕਮਾਨ ਆਪਣੇ ਹੱਥ ਲੈ ਲਈ। ਵਹੀਰ ਦੀ ਰਾਖੀ ਲਈ ਭਾਈ ਸੰਗੂ ਸਿੰਘ (ਜੋ ਕੈਥਲ ਭਾਈਆ ਵਲੋਂ ਪੁਜੇ ਸਨ), ਸੇਖੂ ਸਿੰਘ ਹੰਬਲਵਾਲੀਆ ਤੇ ਸਰਦਾਰ ਆਲਾ ਸਿੰਘ (ਪਟਿਆਲਾ ਵਾਲੇ ਆਏ ਸਨ) ਤੇ ਭਾਈ ਬੁੱਢਾ ਸਿਘ ਦੀ ਨਿਯੁਕਤੀ ਕੀਤੀ ਗਈ। ਇਹ ਤਿੰਨ ਮੀਲ ਹੀ ਗਏ ਸਨ ਕਿ ਭੀਖਨ ਖਾਨ, ਜੈਨਖਾਨ ਤੇ ਸਾਹ ਵਲੀ ਖਾਨ ਨੇ ਆ ਲਿਆ। ਉਹ ਤਿੰਨੇ ਗੋਲ ਕਿਲ੍ਹਾ ਤੋੜਨ ਵਿਚ ਕਾਮਯਾਬ ਨ ਹੋ ਸਕੇ। ਟਾਕਰੇ ਤੇ ਸਿਖਾਂ ਦੀ ਜੀਉਂਦੀ ਜਾਗਦੀ ਦੀਵਾਰ ਸੀ। ਸਿੱਖ ਜੱਥੇ ਟਾਕਰਾ ਕਰਦੇ ਰਹੇ ਤੇ ਵਹੀਰ ਅਗੇ ਬਰਨਾਲਾ ਵੱਧਦੀ ਗਈ। ਗਿਆਨੀ ਗਿਆਨ ਸਿੰਘ ਦੇ ਸ਼ਬਦਾਂ ਵਿਚ :—

ਆਪ ਬਚਾਵਹਿ ਗੋ ਹੱਥ ਦੈ ਇਹੁ ਪੰਥ ਅਹੇ ਜਿਸ ਹੀ ਗੁਰ ਕੇਰੋ।
ਅਗ੍ਰ ਬਹੀਰ ਚਲਾਇ ਦਿਜੈ ਸਭ ਪਾਛੈ ਚਲਤ ਕਰਤੇ ਭਰ ਭੌਰੈ।
ਮਾਨ ਲਈ ਸਭ ਪੰਥ ਇਹੀ ਝਟ ਕੀਨ ਵਹੀ ਸਰਦਾਰ ਜੁ ਟੇਰੋ।
ਸਿੰਘ ਕਟੀਲੇ ਭਏ ਕਿਛੁ ਦਾਹਿਨੇ ਬਾਏ ਭਏ ਬਹੁ ਬੀਰ ਪਿਛਾਰੀ।
ਬੀਚ ਵਹੀਰ ਕੀ ਭੀਰ ਲਈ ਕਰ ਬਾਲ ਤ੍ਰਿਆ ਅਰ ਭਰ ਬ੍ਰਿਦਾਰੀ।
ਯਾ ਬਿਧ ਸਿੰਘ ਚਲੇ ਰਣ ਕੋ ਲਰਤ ਭਿਰਤੇ ਕਰਤੇ ਬਲ ਭਾਰੀ।

ਇਸ ਤਰ੍ਹਾਂ ਭਾਵੇ ਜਾਨੀ ਨੁਕਸਾਨ ਤਾਂ ਬਹੁਤ ਹੋ ਰਿਹਾ ਸੀ ਪਰ ਅਬਦਾਲੀ ਦੀਆਂ ਫੋਜਾਂ ਨੂੰ ਵੀ ਸਿੰਘਾਂ ਅਲਾਹ ਯਾਦ ਕਰਾਂ ਰਹੇ ਸਨ।

"ਸਿੰਘਨ ਵਟ ਕਸੀਸ ਦਈ,
ਤਬ ਯਾਦ ਕਰਾ ਦਯੋ ਅੱਲਾ।"

ਸਿਘ ਵਹੀਰ ਦੀ ਰਾਖੀ ਇਸ ਤਰ੍ਹਾਂ ਕਰ ਰਹੇ ਸਨ ਜਿਵੇਂ ਕੁਕੜੀ ਆਪਣੇ ਬੱਚਿਆਂ ਦੀ ਪੱਖ ਖਿਲਾਰ ਕੇ ਰਾਖੀ ਕਰਦੀ ਹੈ

"ਜਿਮ ਕਰ ਕੁਕੜੀ ਬਚਿਅਨ ਛਪਾਵੈ।
ਫਲਾਇ ਪੰਖ ਦੁਇ ਤਰਫ ਰਖਾਵੈ।
ਇਹ ਖਾਲਸੇਨ ਬਹੀਰ ਛਪਾਯੋ।"

(ਭਾਈ ਰਤਨ ਸਿੰਘ)

ਅਹਿਮਦ ਸ਼ਾਹ ਤੇ ਜੈਨਖਾਨ ਨੂੰ ਕਹਿਆ ਕਿ ਜੇ ਉਹ ਅਗੋਂ ਰੋਕ ਪਾ ਦੇਵੇ ਤਾਂ ਉਹ ਸਿਖਾਂ ਦ ਸਫਾਇਆ ਪਲ ਵਿਚ ਕਰ ਦੇਵੇਗਾ।" ਜੈਨ ਖਾਨ ਨੇ ਕਿਹਾ ਕਿ ਇਹ ਅਸੰਭਵ ਸੰਭਵ ਨਹੀਂ ਹੋ ਸਕਦਾ। ਉਸ ਨੇ ਵੀ ਜ਼ਕਰੀਆ ਖਾਨ ਵਾਂਗ ਕਿਹਾ :—

ਹਮ ਤੇ ਕਭੀ ਨ ਮਰੈ ਹੈ ਯਾਹਿ।
ਪਹਿਲੇ ਮੁੱਗਲੋਂ ਨੇ ਬਹੁ ਮਾਰੇ।
ਪੁਨ ਹਮ ਨੇ ਮਾਰੇ ਬਹੁ ਬਾਰੈ।
ਕਸਰ ਮੁਕਾਵਨ ਪੈ ਨਹਿ ਛੋਡੀ।
ਫਿਰ ਇਹੁ ਬਢਤੇ ਜੈਹੈ ਹੋਡੀ।"

ਅਬਦਾਲੀ ਦਾ ਇਕ ਹੀ ਦਿਲ ਸੀ ਕਿ ਵਹੀਰ ਦੇ ਐਨ ਵਿਚਕਾਰ ਪੁਜਕੇ ਐਸਾ ਕਤਲਿਆਮ ਕਰੇ ਕਿ ਫਿਰ ਸਿੱਖ ਉੱਠ ਨ ਸਕਣ। ਸਿੰਘਾਂ ਵੀ ਭਾਪ ਲਇਆ ਕਿ ਅਬਦਾਲੀ ਦਾ ਸਾਰਾ ਜ਼ੋਰ ਗੋਲ ਕਿਲ੍ਹਾ ਤੋੜਨ ਤੇ ਹੈ। ਉਨ੍ਹਾਂ ਵੀ ਸਾਰੇ ਜੱਥਿਆਂ ਭੰਗੀ, ਕਨ੍ਹਈਏ ਸੁਕਰਚਕੀਏ, ਡਲੇਵਾਲੀਏ, ਸ਼ਹੀਦ, ਕਰੋੜੀਏ, ਰਾਮਗੜੀਏ, ਨਿਸ਼ਾਨ ਵਾਲੀਏ ਦੇ ਸਿਰ ਕੱਢ ਜੱਥੇਦਾਰਾਂ ਤੇ ਫੌਜੀਆਂ ਨੂੰ ਇਕ ਥਾਂ ਇਕੱਠਾ ਕਰ ਲਿਆ :

"ਭੰਗੀ ਔਰਨ ਕਈ ਘੰਨਯੇ।
ਆਹਲੂਵਾਲੀਏ ਸੁਕਰ ਚਕਯੇ।
ਡਲੇਵਾਲੀਏ, ਸ਼ਹੀਦ, ਕਰੋੜੀਏ।
ਔ ਰਾਮਗੜ੍ਹੀਏ ਬਡਬੀਰ।
ਮਿਲੇ ਨਿਸ਼ਾਨ ਵਾਲੀਏ ਧੀਰ।
ਸਭ ਸਰਦਾਰ ਭਏ ਤਬ ਕਠੇ।
ਚਲੇ ਚਾਰ ਦਿਸ ਚਲਤੇ ਕਠੇ।
ਬੀਰ ਚਲਾਯੋਂ ਸਰਬ ਵਹੀਰ।
ਲਰਤੇ ਚਲੇ ਐਸ ਤਦਬੀਰ।"

(ਪੰਥ ਪ੍ਰਕਾਸ਼)

ਇਸ ਅਚਾਨਕ ਹਮਲੇ ਤੇ ਫਿਰ ਟਾਕਰੇ ਵਿਚ ਸਿੰਘਾਂ ਜਿਵੇਂ ਆਪਣੇ ਆਪ ਨੂੰ ਬਚਾਇਆ ਉਹ ਜੰਗੀ ਇਤਿਹਾਸ ਵਿਚ ਇਕ ਅਮਿਟ ਯਾਦਗਾਰ ਹੈ। ਅਬਦਾਲੀ ਨੇ ਵੀ ਸਿਖਾਂ ਦੇ ਸਿਰੜ ਦੀ ਉਪਮਾ ਕੀਤੀ। ਜਿਸ ਪਾਸੇ ਸਿੰਘ ਦੋੜ ਕੇ ਪੈਂਦੇ ਸਨ ਉਸ ਪਾਸਿਉਂ ਦੁਸ਼ਮਣਾਂ ਦਾ ਤਕਰੀਬਨ ਖਾਤਮਾ ਹੀ ਹੋ ਜਾਂਦਾ ਸੀ।

"ਜਿਤ ਵਲ ਪਰਤ ਸਿੰਘ ਭਟ ਦੌੜਾ ।
ਕਰਤ ਤੁਰਕਨ ਕੀ ਤਰੱਟੀ ਚੌੜਾ ।"

ਲੜ੍ਹਦੇ ਉਹ ਪਿੰਡ ਮਹਿਲ ਪੁਜੇ ਪਰ ਉਥੇ ਕੋਈ ਪਨਾਹ ਨਹੀਂ ਸੀ । ਸ਼ਾਮ ਤਕ ਇਸੇ ਤਰ੍ਹਾਂ ਕਟਾ ਵੱਢੀ ਕਰਦੇ ਹੋਏ ਸਿੰਘ ਕੁਤਬਾ ਬ੍ਹਮਣੀ ਪੁੱਜੇ । ਉਥੇ ਪਹਿਲਾਂ ਹੀ ਰੰਘੜ ਹਮਲਾ ਕਰਨ ਲਈ ਤਿਆਰ ਬੈਠੇ ਸਨ । ਸਰਦਾਰ ਚੜ੍ਹਤ ਸਿੰਘ ਨੇ ਰੰਘੜਾਂ ਨੂੰ ਤਗੜੀ ਹਾਰ ਦਿੱਤੀ ਪਰ ਅਫਗਾਨਾਂ ਘੇਰਾ ਤੋੜ ਹੀ ਦਿੱਤਾ ਤੇ ਜਿਸ ਬੇਰਹਿਮੀ ਨਾਲ ਉਨ੍ਹਾਂ ਬੱਚੇ ਬੁੱਢੇ, ਔਰਤਾਂ ਜਵਾਨ ਸ਼ਹੀਦ ਕੀਤੇ, ਉਸ ਨੇ ਕਈ ਹਿਰਦੇ ਕੰਬਾ ਦਿੱਤੇ । ਇਸ ਦਿਲ ਕੰਬਾਊ ਹਾਲਤ ਵਿਚ ਵੀ ਸਿਖ ਟਾਕਰਾ ਕਰਦੇ ਰਹੇ । ਦੋਵਾਂ ਪਾਸੇ ਪਿਆਸ ਐਸਾ ਤੰਗ ਕੀਤਾ ਹੋਇਆ ਸੀ ਕਿ ਤਾਲਾਬ ਦੇ ਇਕ ਪਾਸੇ ਅਫਗਾਨ ਸਿਪਾਹੀ ਪਾਣੀ ਪੀ ਰਹੇ ਸਨ ਤੇ ਦੂਜੇ ਪਾਸੇ ਸਿਘ ਆਪਣੀ ਤ੍ਰੇਹ ਮਿਟਾ ਰਹੇ ਸਨ[1] । ਉਸ ਸਮੇਂ ਤਕ ਸਿੰਘਾਂ ਨੇ ੨੦ ਮੀਲ ਦਾ ਪੈਂਡਾ ਕਰ ਲਿਆ ਸੀ ਅਤੇ ਅਬਦਾਲੀ ਦੀਆਂ ਫੌਜਾਂ ੩੬ ਘੰਟਿਆਂ ਵਿਚ ੧੫੦ ਮੀਲ ਪੈਂਡਾ ਕਰਕੇ ਆਈਆਂ ਸਨ । ਸੋ ਅਗੇ ਜਾਣਾ ਮੁਸ਼ਕਲ ਸੀ । ਬਰਨਾਲਾ ਪੁੱਜ ਕੇ ਅਬਦਾਲੀ ਨੇ ਪਿਛਾਂ ਮੁੜਨਾ ਹੀ ਠੀਕ ਜਾਤਾ, ਉਸ ਨੇ ਆਪਣੇ ਹਿੱਸਾਬ ਨਾਲ ਸਿਖਾਂ ਨੂੰ ਕਰਾਰੀ ਚੋਟ ਮਾਰ ਦਿੱਤੀ ਸੀ । ਨਾਲੇ ਸਿੱਖ ਅਬਦਾਲੀ ਨੂੰ ਉਸ ਥਾਂ ਤੇ ਲੈ ਆਏ ਸਨ ਜਿੱਥੇ ਪਾਣੀ ਨਹੀਂ ਸੀ । ਸਿੱਖ ਤਾਜ਼ਾ ਦਮ ਹੋ ਕੇ ਅਬਦਾਲੀ ਨੂੰ ਨੁਕਸਾਨ ਪਹੁੰਚਾ ਸਕਦੇ ਸਨ । ਸੋ ਉਸ ਨੇ ਪਿਛਾ ਛੱਡ ਦਿੱਤਾ । ਇਸ ਜੰਗ ਵਿਚ ਉਝ ਤਾਂ ਹਰ ਜਥੇ ਤੇ ਜਥੇਦਾਰ ਨੇ ਬਹਾਦਰੀ ਦੇ ਨਵੇਂ ਪੂਰਨੇ ਪਾਏ ਪਰ ਸਰਦਾਰ ਜਸਾ ਸਿੰਘ ਆਹਲੂਵਾਲੀਆ, ਸਰਦਾਰ ਸ਼ਾਮ ਸਿੰਘ ਤੇ ਚੜ੍ਹਤ ਸਿੰਘ ਨੇ ਕਮਾਲ ਕਰ ਦਿੱਤੀ । ਸਰਦਾਰ ਜੱਸਾ ਸਿੰਘ ਆਹਲੂਵਾਲੀਏ ਤਾਂ ਕਈ ਵਾਰੀ ਮੌਤ ਦੇ ਮੂੰਹੋਂ ਮਸਾਂ ਮਸਾਂ ਬਚੇ । ਸਰਦਾਰ ਜਸਾ ਸਿੰਘ ਅਹਲੂਵਾਲੀਏ ਨੂੰ ਸਰੀਰ ਤੇ ੨੨ ਜ਼ਖਮ ਤੇ ਸਰਦਾਰ ਚੜ੍ਹਤ ਸਿੰਘ ਸੁਕਰਚਕੀਏ ਨੂੰ ੧੯ ਜ਼ਖਮ ਆਏ । ਜਿਥੇ ਕੋਈ ਵਹੀਰ ਨੂੰ ਔਕੜ ਆਈ । ਉਥੇ ਸਰਦਾਰ ਚੜ੍ਹਤ ਸਿੰਘ ਘੋੜਾ ਦੁੜਾਕੇ ਪੁੱਜਦੇ । ਉਨ੍ਹਾਂ ਦੀ ਕਰਨੀ ਤੇ,

"ਸਭੈ ਬਹੀਰੀਏ ਧੰਨ ਧੰਨ ਆਖੈ ।
ਹਮ ਜਿਵਾਏ ਚੜ੍ਹਤ ਸਿੰਘ ਭਾਖੈ ;
ਰਲ ਬਹੀਰੀਏ ਦਏ ਅਸੀਸ ।
ਹੋਇ ਸਰਦਾਰ ਬਹ ਬਿਸਵੈ ਬੀਸ ।"

ਇਸ ਸਾਰੀ ਘਟਨਾ ਨੂੰ ਸਿਖ ਇਤਿਹਾਸ ਵਿਚ ਵੱਡਾ ਘਲੂਘਾਰਾ ਆਖਿਆ ਜਾਂਦਾ ਹੈ । ਹੁਸੈਨ ਸ਼ਾਹੀ, ਤਰੀਖੇ ਅਹਿਮਦ, ਅਲੀ ਉਦ ਦੀਨ ਤੇ ਭਾਈ ਰਤਨ ਸਿੰਘ ਭੰਗੂ ਦੇ ਕਥਨ

---

੧. ਸਤ ਕੋ ਜਲ ਤਹਿ ਨਦਰੀ ਆਇਆ ।
ਜਨ ਮਰਤੇ ਕਿਨ ਜੀਵਨ ਪਾਯਾ ॥ ੧੩੩ ॥
ਭਜੀ ਢਾਬ ਬਡ ਦੇਵੈ ਨੱਠੇ ।
ਪਿਆਸੇ ਪਰੇ ਦੁਤਰਫੋ ਨੱਠੇ ।
....
ਜਲ ਦੋਇਨ ਰਲ ਇਕ ਥਾਂ ਪੀਜੋ ॥ ੧੪੦ ॥

ਅਨੁਸਾਰ ਇਸ ਘਲੂਘਾਰੇ ਵਿਚ ਤੀਹ ਹਜ਼ਾਰ ਸਿੰਘ ਸ਼ਹੀਦ ਹੋਏ[1] । ਇਹ ਸਿੱਖ ਕੌਮ ਤੇ ਨਾ ਮਿਟਣ ਵਾਲੀ ਸਟ ਸੀ । ਪਰ ਸੰਸਾਰ ਨੇ ਹੈਰਾਨੀ ਨਾਲ ਪੜ੍ਹਿਆ ਤੇ ਇਤਿਹਾਸਕਾਰਾਂ ਲਿਖਿਆ ਕਿ ਸਿਖਾਂ ਨ ਸਿਰਫ ਚੜ੍ਹਦੀ ਕਲਾ ਵਿਚ ਰਹੇ ਤੇ ਸ਼ੁਕਰ ਕੀਤਾ ਸਗੋਂ ਮਈ ੧੭੬੨, ਉਸੇ ਸਾਲ ਸਰਹੰਦ ਦੇ ਨਵਾਬ ਜ਼ੈਨ ਖਾਨ ਨੂੰ ਘੇਰ ਲਿਆ ।

ਚੜ੍ਹਦੀ ਕਲਾ ਉਸੇ ਤਰ੍ਹਾਂ ਹੀ : ੫ ਫਰਵਰੀ ਦੀ ਰਾਤ ਨੂੰ ਦਲ ਵਿਚ ਇਕ ਸਿੰਘ ਕਹਿੰਦਾ ਫਿਰਦਾ ਸੀ ਕਿ ਜੋ ਖੋਟ ਸੀ, ਉਹ ਜਾਂਦੀ ਰਹੀ ਹੈ; ਹੁਣ ਤਤ ਖਾਲਸਾ ਰਹਿ ਗਿਆ ਹੈ। ਐਸੀ ਚੜ੍ਹਦੀ ਕਲਾਂ ਕਿਸੇ ਦੇ ਇਤਿਹਾਸ ਵਿਚੋਂ ਕਿਧਰੋਂ ਵੀ ਮਿਲਣੀ ਕਠਨ ਹੈ। ਅਬਦਾਲੀ ਦੀ ਨਿਰੀ ਇਹ ਖੁਸ਼ੀ ਫ਼ਹਮੀ ਹੀ ਸੀ ਕਿ ਉਸ ਸਿੰਘਾਂ ਨੂੰ ਜ਼ੇਰ ਕਰ ਲਿਆ ਸੀ । ਜਿਸ ਕੌਮ ਦੀ ਅੱਧ ਨਾਲੋਂ ਵੱਧ ਗਿਣਤੀ ਸ਼ਹੀਦ ਹੋ ਜਾਏ, ਉਸ ਬਾਰੇ ਕਿਸੇ ਦੇ ਇਹ ਖਿਆਲ ਰੱਖਣੇ ਸੁਭਾਵਕ ਸਨ ਪਰ ਅਬਦਾਲੀ ਇਹ ਨਹੀਂ ਸੀ ਜਾਣਦਾ ਕਿ ਸਿੱਖ ਕਿਸ ਮਿਟੀ ਦੇ ਬਣੇ ਹੋਏ ਹਨ। ਮੌਤ ਨਾਲ ਉਹ ਮਖੌਲ ਕਰਨਾ ਜਾਣਦੇ ਸਨ। ਦਬਣਾ ਉਨ੍ਹਾਂ ਦੇ ਸੁਭਾਅ ਵਿਚ ਨਹੀਂ ਸੀ। ਇਧੱਰ ਅੰਮ੍ਰਿਤਸਰ ਅਬਦਾਲੀ ਸਿਖਾਂ ਦੇ ਧਰਮ ਕੇਂਦਰ ਢਾਉਣ ਵਿਚ ਰੁੱਝਾ ਸੀ ਤੇ ਉੱਧਰ ਸਿੰਘ ਸਰਹੰਦ ਨੂੰ ਕਬਜ਼ੇ ਲੈਣ ਲਈ ਜੁੱਟੇ ਹੋਏ ਸਨ। ਫਿਰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਅਹਿਮਦ ਸ਼ਾਹ ਦੀ ਕੋਈ ਜਿਤ ਨਹੀਂ ਸੀ । ਬਰਾਬਰ ਦੀ ਟੱਕਰ ਹੋਈ ਸੀ । ਅਹਿਮਦ ਸ਼ਾਹ ਆਇਆ ਤੇ ਲੜਾਈ ਕਰਕੇ ਪਿਛੇ ਹੱਟ ਗਿਆ । ਸਿੰਘ ਉਵੇਂ ਹੀ ਇਲਾਕੇ ਵਿਚ ਕੁੱਦ ਰਹੇ ਸਨ।

ਸਿੱਖਾਂ ਵਿਚ, ਮਰਮਰ ਜੀਵੇ ਦੀ ਸ਼ਕਤੀ ਅਥਾਹ ਹੈ। ਇਸੇ ਨੂੰ ਸਿਰੜ (Resilience) ਕਹਿੰਦੇ ਹਨ । ਕਿਤਨਾ ਕੁ ਸਿਰੜ ਸੀ, ਇਸ ਦਾ ਅਨੁਮਾਨ ਬਾਪੂ ਨਾ ਦੇ ਮਰਹੱਟੇ ਦੀ ਲਿਖੀ ਜੂਨ ੧੭੬੨ ਦੀ ਚਿੱਠੀ ਤੋਂ ਹੀ ਲਗਾਇਆ ਜਾ ਸਕਦਾ ਹੈ । ਤਹਿਮਾਸ ਮਸਕੀਨ ਨੇ ਵੀ ਲਿਖਿਆ ਹੈ ਕਿ 'ਸਿੱਖਾਂ ਦੀ ਤਾਕਤ ਦਿਨੋ ਦਿਨ ਵੱਧ ਰਹੀ ਹੈ ਤੇ ਉਨ੍ਹਾਂ ਲਾਹੌਰ ਦੇ ਇਰਦ ਗਿਰਦ ਵੀ ਮਾਰਾਂ ਮਾਰਨੀਆਂ ਅਰੰਭ ਕਰ ਦਿੱਤੀਆਂ ਹਨ। ਤਾਰੀਖੇ ਸੁਲਤਾਨ ਅਫਗਨ ਨੇ ਇਕ ਸਾਖੀ ਲਿਖੀ ਹੈ ਕਿ ਇਕ ਵਾਰੀ ਅਹਿਮਦ ਸ਼ਾਹ ਅਬਦਾਲੀ ਸਤਲੁਜ ਦੇ ਪਾਰ ਕਿਲ੍ਹੇ ਵਿਚ ਹੁਕਾ ਪੀ ਰਿਹਾ ਸੀ ਤੇ ਇਕ ਸਿੱਖ ਨੇ ਲਲਕਾਰ ਕੇ ਹਮਲਾ ਕਰ ਦਿੱਤਾ । ਭਾਵੇਂ ਉਹ ਥਾਂ ਤੇ ਹੀ ਮਾਰਿਆ ਗਿਆ ਪਰ ਇਹ ਦਰਸਾਉਣ ਲਈ ਕਾਫੀ ਹੈ ਕਿ ਸਪਿਰਟ ਉਸੇ ਤਰ੍ਹਾਂ ਕਾਇਮ ਸੀ। ਅਹਿਮਦ ਸ਼ਾਹ ਦਾ ਕੋਈ ਰਹੁਬ ਨਹੀਂ ਸੀ ਰਿਹਾ । ਸਿਖ ਲਾਹੌਰ ਦੀਆਂ ਕੰਧਾਂ ਤਕ ਮਾਰਾਂ ਮਾਰ ਆਉਂਦੇ ਤੇ ਜੈ ਸਿੰਘ ਕਨ੍ਹਈਆ ਤਾਂ ਕਈ ਵਾਰ ਸ਼ਹਿਰ ਦੇ ਅੰਦਰ ਵੀ ਹੱਥ ਮਾਰ ਆਉਂਦੇ । ਅਬਦਾਲੀ ਸਭ ਕੁਝ ਦੇਖਦਾ ਸੀ ਪਰ ਕਰ ਕੁਝ ਨਹੀਂ ਸੀ ਸਕਦਾ ।

ਅੰਮ੍ਰਿਤਸਰ ਨੂੰ ਬਾਰੂਦ ਨਾਲ ਢਾਹੁਣਾ : ਘਲੂਘਾਰੇ ਦੇ ਮੈਦਾਨ ਤੋਂ ਅਹਿਮਦ ਸ਼ਾਹ

---

੧. ਲੋਕ ਕਹੇ ਸਿੰਘ ਇਕ ਲਖ ਸਾਰਾ।
ਪਚਾਸ ਬਚਯੋ ਔਰ ਸਭ ਗਯੋ ਮਾਰਾ । ੧੪੨ ।
ਪਿਤਾ ਹਮਾਰੇ ਤੀਸ ਬਤਾਏ।
ਰਹੇ ਸੁ ਮਰ ਔਰ ਬਚ ਕਰ ਆਏ ।
ਪਿਤਾ ਚਾਰੋ ਦੋਇ ਹਮ ਥੇ ਸਾਥ ।
ਉਨ ਤੇ ਸੁਨ ਹਮ ਆਖੀ ਬਾਤ ।" (ਪੰਥ ਪ੍ਰਕਾਸ਼)

ਬਰਨਾਲਾ ਗਿਆ ਤੇ ਉਥੇ ਬਾਬਾ ਆਲਾ ਸਿੰਘ ਕੋਲੋਂ ਈਨ ਮਨਵਾਈ। ਉਥੋਂ ਸਰਹੰਦ ਤੇ ਫਿਰ ਸਰਹੰਦ ਤੋਂ ੧੫ ਫਰਵਰੀ ੧੭੬੨ ਨੂੰ ਟੁਰ ਕੇ ੩ ਮਾਰਚ ਨੂੰ ਲਾਹੌਰ ਪੁੱਜਾ। ਆਪਣੇ ਨਾਲ ਉਹ ਸ਼ਹੀਦ ਸਿੰਘਾਂ ਦੇ ਸਿਰਾਂ ਦੇ ਭਰੇ ਹੋਏ ੫੦ ਗੱਡੇ ਲਿਆਇਆ ਤਾਂ ਕਿ ਲਾਹੌਰ ਦੇ ਵਸਨੀਕਾਂ ਨੂੰ ਵਿਸ਼ਵਾਸ ਦਿਲਵਾ ਸਕੇ ਕਿ ਸਿਖ ਖਤਮ ਹੋ ਗਏ ਹਨ। ਫਾਰਸਟਰ ਲਿਖਦਾ ਹੈ ਕਿ ਉਨ੍ਹਾਂ ਮਸਜਦਾਂ ਨੂੰ ਜਿਨ੍ਹਾਂ ਸਿੱਖਾਂ ਨੇ ਕਦੇ ਛੋਹਿਆ ਤਕ ਨਹੀਂ ਸੀ, ਸਿੱਖਾਂ ਦੇ ਖੂਨ ਨਾਲ ਧੋਤਾ ਗਿਆ। ਅਬਦਾਲੀ ਦਾ ਅਗਲਾ ਨਿਸ਼ਾਨਾ ਸ੍ਰੀ ਅੰਮ੍ਰਿਤਸਰ ਹਰਮੰਦਰ ਸਾਹਿਬ ਸੀ। ਉਸ ਨੂੰ ਜਦ ਇਹ ਸਰੋਤ ਪੁਜੀ ਕਿ ਸਿਖ ਵੈਸਾਖੀ ਵਾਲੇ ਦਿਨ ਘਲੂਘਾਰਾ ਹੋਣ ਦੇ ਬਾਵਜੂਦ ਇਕੱਠ ਕਰ ਰਹੇ ਤਾਂ ਉਸ ਨੇ ਵੈਸਾਖੀ (੧੦ ਅਪ੍ਰੈਲ ੧੭੬੨) ਨੂੰ ਤੋਪਾਂ ਨਾਲ ਹਮਲਾ ਕਰ ਦਿੱਤਾ। ਪਹਿਲਾਂ ਅੰਮ੍ਰਤ ਸਰੋਵਰ ਪੂਰਿਆ ਗਿਆ, ਫਿਰ ਤੋਪਾਂ ਬੀੜ ਕੇ ਹਰਮੰਦਰ ਸਾਹਿਬ ਉੜਾ ਦਿੱਤਾ ਗਿਆ। ਨੀਹਾਂ ਤਕ ਪੁੱਟ ਦਿਤੀਆਂ। ਸਾਰੇ ਇਰਦ ਗਿਰਦ ਦੇ ਬੁੰਗੇ ਤਾਂ ਮਿਟੀ ਦਾ ਢੇਰ ਹੋ ਗਏ। ਮੈਲਕਮ, ਸੋਹਣ ਲਾਲ, ਗਿਆਨੀ ਗਿਆਨ ਸਿੰਘ ਤੇ ਕਈ ਹੋਰ ਇਤਿਹਾਸਕਾਰਾਂ ਦਾ ਕੱਥਨ ਹੈ ਕਿ ਜਦ ਅਬਦਾਲੀ ਤੋਪਾਂ ਨਾਲ ਦਰਬਾਰ ਸਾਹਿਬ ਉੜਾ ਰਹਿਆ ਸੀ ਤਾਂ ਇਕ ਇਟ ਉੱਡਦੀ ਅਬਦਾਲੀ ਦੇ ਨੱਕ ਤੇ ਆ ਵੱਜੀ। ਨੱਕ ਤੇ ਐਸਾ ਫਟੜ ਹੋਇਆ ਕਿ ਉਹ ਫੱਟ ਹੀ ਉਸ ਦੀ ਜਾਨ ਦਾ ਨਾਮ ਲੇਵਾ ਬਣਿਆ।

ਅਬਦਾਲੀ ਇਕ ਮਹੀਨਾ ਹੋਰ ਲਾਹੌਰ ਰਿਹਾ ਪਰ ਇਸ ਦੌਰਾਨ ਵਿਚ ਉਸ ਨੇ ਕਸ਼ਮੀਰ ਜਿੱਤਿਆ ਤੇ ਸੁਖਜੀਵਨ ਦੀ ਥਾਂ ਨੂਰ ਦੀਨ ਨੂੰ ਕਸ਼ਮੀਰ ਦਾ ਨਾਜ਼ਮ ਥਾਪਿਆ। ਉਸ ਦਾ ਚਿੱਤ ਸੀ ਕਿ ਪਹਿਲਾਂ ਵਾਂਗ ਹੀ ਸਿੱਖਾਂ ਵਿਰੁਧ ਮੁਹਿੰਮ ਚਲਦਾਂ ਰਵੇ, ਪਰ ਪੰਜਾਬ ਵਿਚ ਗਰਮੀ ਜ਼ੋਰਾਂ ਤੇ ਸੀ। ਸੋ ਉਸ ਆਪਣਾ ਡੇਰਾ ਅਖਨੂਰ ਲਗਾ ਲਿਆ।

ਸਿਖਾਂ ਦਾ ਸਰਹੰਦ ਤੇ ਹਮਲਾ : ਅਬਦਾਲੀ ਦਾ ਲਾਹੌਰ ਵਲ ਪਿਠ ਮੋੜਨਾ ਸੀ ਕਿ ਸਿੱਖਾਂ ਆਪਣੀਆਂ ਸ਼ਕਤੀਆਂ ਨੂੰ ਇਕੱਠਿਆਂ ਕੀਤਾ ਤੇ ਸਰਹੰਦ ਤੇ ਹਮਲਾ ਕਰਨ ਦੀ ਵਿਉਂਤ ਬਣਾ ਲਈ। ਅਬਦਾਲੀ ਦੇ ਸਾਰੇ ਅਨੁਮਾਨ ਗਲਤ ਨਿਕਲੇ। ਵੱਡਾ ਘਲੂਘਾਰਾ ਹੋਇਆ ਅਜੇ ਮਸਾਂ ਤਿੰਨ ਮਹੀਨੇ ਵੀ ਪੂਰੇ ਨਹੀਂ ਹੋਏ ਸਨ। ਅਬਦਾਲੀ ਦਾ ਖਿਆਲ ਸੀ ਕਿ ਮਰਹਟਿਆਂ ਨੂੰ ਪਾਨੀਪੱਤ ਚਪੇੜ ਮਾਰੀ ਹੈ ਤੇ ਉਹ ਅਜੇ ਤਕ ਫੱਟਾਂ ਤੇ ਸੇਕ ਪਏ ਕਰਦੇ ਹਨ ਤੇ ਸਿੱਖ ਵੀ ਘੱਟ ਤੋਂ ਘੱਟ ੧੦ ਸਾਲ ਤਾਂ ਉਠਨ ਯੋਗ ਨਹੀਂ ਰਹੇ। ਪਰ ਸਿੱਖਾਂ ਉਸੇ ਤਰ੍ਹਾਂ ਹੀ ਕੁਝ ਮਹੀਨਿਆਂ ਉਪ੍ਰੰਤ ਮਲਾਂ ਮਾਰਨ ਲਗ ਪਏ। ਸਿੱਖਾਂ ਮਈ ੧੭੬੨ ਦੇ ਪਹਿਲੇ ਹਫਤੇ ਸਰਹੰਦ ਦੇ ਨਵਾਬ ਜੈਨ ਖਾਨ ਨੂੰ ਹਰਾ ਦਿੱਤਾ। ਹਮਲਾ ਇਤਨਾਂ ਤੁਰਤ ਤੇ ਅਚਾਨਕ ਸੀ ਕਿ ਉਹ ਜੈਨ ਖਾਨ ਸੰਭਾਲ ਹੀ ਨ ਸਕਿਆ ਤੇ ਵੱਡੀ ਰਕਮ ਦੇ ਕੇ ਛੁਟਕਾਰਾ ਪਾਇਆ। ਸਿੱਖ ਵਾਪਸ ਮੁੜ ਹੀ ਰਹੇ ਸਨ ਕਿ ਲਛਮੀ ਨਰਾਇਣ ਦੇ ਆਖੇ ਲਗ ਕੇ ਜੈਨਖਾਨ ਨੇ ਸਿੱਖ ਜੱਥੇ ਦੇ ਪਿਛਲੇ ਹਿੱਸੇ ਤੇ ਹਮਲਾ ਕਰ ਦਿੱਤਾ। ਜਦ ਅਗਲੇ ਜੱਥੇ ਦੇ ਜਥੇਦਾਰ ਨੂੰ ਪਤਾ ਲੱਗਾ ਤਾਂ ਉਨ੍ਹਾਂ ਪਿਛਾ ਮੁੜ ਕੇ ਹਰਨੌਲਗੜ ਦੇ ਅਸਥਾਨ ਤੇ ਕਰਾਰੀ ਹਾਰ ਦਿੱਤੀ। ਸਿੱਖਾਂ ਹਥ ਕਾਫੀ ਮਾਲ ਮਤਾ ਆਇਆ। ਸਰਹੰਦ ਦੀ ਜਿੱਤ ਨੇ ਖਾਲਸੇ ਦੇ ਹੌਸਲੇ ਵਧਾਏ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਤਾਰਾ ਸਿੰਘ ਘੇਬਾ ਨੇ ਜਲੰਧਰ ਦੁਆਬ ਦੇ ਹੱਥ ਸਾਫ ਕੀਤੇ। ਸਰਦਾਰ ਚੜ੍ਹਤ ਸਿੰਘ ਸੁਕਰਚਕੀਆ ਤੇ ਭਾਈ ਹਰੀ ਸਿੰਘ, ਭਾਈ ਗੁਜ਼ਰ ਸਿੰਘ ਭੰਗੀ ਸਰਦਾਰਾਂ ਨੇ ਲਾਹੌਰ ਦੇ ਉਤਰ ਪੱਛਮ ਵਲ ਆਪਣਾ ਦੱਬ ਦਬਾ ਕਾਇਮ ਕੀਤਾ। ਉੱਧਰ ਪਾਣੀ ਪਤ ਤੇ ਕਰਨਾਲ ਵੀ ਛਾਉਣੀਆਂ ਪਾ ਲਈਆਂ। ਪਰ ਦੀਵਾਲੀ ਦਾ ਨੇੜੇ ਆਉਣਾ ਸੁਣ ਕੇ ਸਿੱਖਾਂ ਨੇ ਅੰਮ੍ਰਿਤਸਰ ਇਕੱਠ ਕਰਨ ਦਾ ਫੈਸਲਾ ਕੀਤਾ।

ਅੰਮ੍ਰਿਤਸਰ ਵਿਖੇ ਦੀਵਾਲੀ (੧੭੬੨) : ਸਤ ਹਜ਼ਾਰ ਦੇ ਨੇੜੇ ਤੇੜੇ ਸਿੱਖ ਘੋੜ ਸਵਾਰ ਅੰਮ੍ਰਿਤਸਰ ਪੁੱਜ ਗਏ। ਸਿੱਖਾਂ ਦਾਂ ਗੁਰਮਤਾ ਕਰ ਲਿਆ ਸੀ ਕਿ ਅਬਦਾਲੀ ਨੂੰ ਕੀਤੇ ਘਲੂਆਰੇ ਦੀ ਸਜ਼ਾ ਜ਼ਰੂਰ ਦੇਣੀ ਹੈ। ਅਬਦਾਲੀ ਵੀ ਅਖਨੂਰ ਤੋਂ ਲਾਹੌਰ ਪੁੱਜ ਗਿਆ। ਅਬਦਾਲੀ ਨੇ ਹੁਣ ਸੁਲਹ ਦੀ ਨੀਤੀ ਅਪਨਾਈ ਤੇ ਇਕ ਕਾਸਦ ਭੇਜਿਆ। ਸਿੱਖਾਂ ਨੇ ਸੁਨੇਹਾ ਲਿਆਉਣ ਵਾਲੇ ਦੀ ਗੱਲ ਵੀ ਨਾ ਸੁਣੀ। ਜਦ ਇਹ ਨੀਤੀ ਸਫਲ ਨਾ ਹੋਈ ਤਾਂ ਅਬਦਾਲੀ ੧੬ ਅਕਤੂਬਰ ਨੂੰ ਆਪਣੀਆਂ ਫੌਜਾਂ ਲੈ ਕੇ ਅੰਮ੍ਰਿਤਸਰ ਲਾਗੇ ਪੁਜਾ। ਅਗਲੇ ਦਿਨ ਸਿਖਾਂ ਧਾਵਾ ਬੋਲ ਦਿੱਤਾ। ਗਹਿਗਚ ਲੜਾਈ ਹੋਈ। ਸਵੇਰ ਤੋਂ ਸ਼ਾਮ ਤਕ ਖੰਡੇ ਖੜਕਦੇ ਰਹੇ। ਮੱਸਿਆ ਦੀ ਰਾਤ ਤੇ ਪੂਰਾ ਸੂਰਜ ਗ੍ਰਹਿਣ ਹੋਣ ਕਾਰਨ ਚਾਰੇ ਪਾਸੇ ਹਨੇਰਾ ਹੀ ਸੀ। ਰਾਤ ਦੇ ਘੁਪ ਹਨੇਰੇ ਵਿਚ ਅਬਦਾਲੀ ਤੇ ਅਬਦਾਲੀ ਦੀਆਂ ਫ਼ੌਜਾਂ ਲਾਹੌਰ ਵਾਪਸ ਮੁੜ ਗਈਆਂ। ਰਾਜਾ ਦਲਭ ਰਾਉ ਨੇ ਚਿੱਠੀ ੨੩ ਅਪ੍ਰੈਲ ੧੭੬੪ ਨੂੰ ਲਿਖੀ ਉਸ ਵਿਚ ਇਸ ਵਹਿਰਤਾ ਦਾ ਵਰਨਣ ਕਰਦੇ ਹੋਏ ਉਸ ਲਿਖਿਆ ਕਿ ਜੰਗ ਕਾਫੀ ਸਮੇਂ ਤਕ ਹੁੰਦੀ ਰਹੀ। ਦੋਵੇਂ ਧਿਰਾਂ ਦਾ ਇਤਨਾ ਵੱਧ ਨੁਕਸਾਨ ਹੋਇਆ ਕਿ ਦੋਵੇਂ ਹੀ ਆਪਣੇ ਆਪਣੇ ਕੈਂਪਾਂ ਵਿਚ ਜਾ ਟਿਕੀਆਂ। ਕੋਈ ਧਿਰ ਵੀ ਫੇਰ ਲੜਨਾ ਨਹੀਂ ਸੀ ਚਾਹੁੰਦੀ।

ਅਬਦਾਲੀ ਨਾਲ ਸਿਧੀ ਝੜਪ : ਸਿਖ ਇਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਅਬਦਾਲੀ ਹੋਰ ਫੌਜ਼ ਇਕੱਠੀ ਕਰਕੇ ਸਿੱਖਾਂ ਤੇ ਹਮਲਾ ਕਰੇਗਾ, ਸੋ ਉਨ੍ਹਾਂ ਲਖੀ ਜੰਗਲ ਜਾਣਾ ਹੀ ਨੀਤੀ ਸਮਝੀ। ਛੋਟੀਆਂ ਮੋਟੀਆਂ ਝੜਪਾਂ ਭਾਵੇਂ ਜਰੂਰ ਹੁੰਦੀਆਂ ਰਹੀਆਂ। ਇਕ ਵਾਰੀ ਸ਼ਿਕਾਰ ਖੇਡਦੇ ਅਬਦਾਲੀ ਨਾਲ ਇਕ ਸਿੱਖ ਜੱਥੇ ਦੀ ਝੜਪ ਹੋਈ ਤੇ ਉਸ ਜੱਥਾ ਪਕੜ ਹੀ ਲਿਆ ਪਰ ਛੇਤੀ ਹੀ ਦੂਜਾ ਜੱਥਾ ਆ ਗਿਆ। ਇਕ ਸਿੱਖ ਨੇ ਅਗੇ ਵੱਧਕੇ ਅਬਦਾਲੀ ਨੂੰ ਲਲਕਾਰਿਆ। ਇਹ ਨੇੜੇ ਹੀ ਸੀ ਕਿ ਸਿਖ ਸਰਦਾਰ ਅਬਦਾਲੀ ਦੀ ਛਾਤੀ ਚੀਰ ਦਿੰਦਾ ਕਿ ਇਕ ਤੀਰ ਨੇ ਸਿਖ ਨੂੰ ਉਥੇ ਹੀ ਰੱਖ ਲਿਆ। ਅਬਦਾਲੀ ਬਹੁਤੀ ਦੇਰ ਹੋਰ ਪੰਜਾਬ ਟਿਕਣਾ ਉਚਿਤ ਨਹੀਂ ਸੀ ਸਮਝਦਾ। ਸੋ ੧੨ ਦਸੰਬਰ ੧੭੬੨ ਨੂੰ ਉਸ ਲਾਹੌਰ ਛੱਡਿਆ ਪਰ ਪੰਜਾਬ ਛਡਣ ਤੋਂ ਪਹਿਲਾਂ, ਪੰਜਾਬ ਦਾ ਪ੍ਰਬੰਧਕ ਕਾਬਲੀ ਮਲ ਨੂੰ, ਸਰਹੰਦ ਦਾ ਜੈਨਖਾਨ ਨੂੰ, ਜਲੰਧਰ ਦਾ ਸਾਅਦਤ ਯਾਰ ਖਾਨ ਨੂੰ, ਕਾਂਗੜਾ ਦਾ ਘੁੰਮਡ ਚੰਦ ਨੂੰ, ਦੁਆਬ ਬਾਰੀ ਦਾ ਮੁਰਾਦ ਖਾਨ ਨੂੰ, ਕਲਾਨੌਰ ਦਾ ਉਬਦੇ ਖਾਨ ਨੂੰ ਤੇ ਦੁਆਬ ਰਚਨਾ ਤੇ ਸਿੰਧ ਸਾਗਰ ਦਾ ਜਹਾਨ ਖਾਨ ਨੂੰ ਤੇ ਕਸ਼ਮੀਰ ਦਾ ਨੂਰ ਦੀਨ ਬਮਜ਼ਈ ਨੂੰ ਥਾਪ ਦਿੱਤਾ। ਇਹ ਸਭ ਪ੍ਰਬੰਧ ਇਸ ਲਈ ਸਨ ਕਿ ਸਿੱਖ ਨੂੰ ਦੁਆਬਿਆਂ ਵਿਚ ਰੋਕ ਪਾਈ ਜਾ ਸਕੇ।

ਅਬਦਾਲੀ ਨੇ ਮਾਂਝੇ ਤੇ ਮਾਲਵੇ ਵਿਚਕਾਰ ਫੁੱਟ ਵੀ ਪਾਉਣੀ ਚਾਹੀ ਪਰ ਉਹ ਆਪਣੇ ਮੰਤਵ ਵਿਚ ਕਾਮਯਾਬ ਨ ਹੋ ਸਕਿਆ। ਜਦ ਅਬਦਾਲੀ ਨੇ ਬਾਬਾ ਆਲਾ ਸਿੰਘ ਨੂੰ ਮੁਆਫੀ ਦੇ ਕੇ ਜਾਗੀਰ ਦਿੱਤੀ ਸੀ ਤਾਂ ਸਿੱਖਾਂ ਵਿਚ ਦੋ ਖਿਆਲਾਂ ਦਾ ਆ ਜਾਣਾ ਕੁਦਰਤੀ ਗੱਲ ਸੀ, ਪਰ ਸਿਆਣੇ ਆਗੂ ਨੇ ਬਹੁਤੀ ਵਿਗੜਨ ਨ ਦਿੱਤੀ।

ਵੈਸਾਖੀ ਵਾਲੇ ਦਿਹਾੜੇ ਪੁਕਾਰ : ਦਸੰਬਰ ੧੭੬੨ ਤੋਂ ਅਕਤੂਬਰ ੧੭੬੪ ਤਕ, ਜਿਸ ਸਮੇਂ ਅਬਦਾਲੀ ਨੇ ਸਤਵਾਂ ਹਮਲਾ ਕੀਤਾ, ਸਿਖ ਪੰਜਾਬ ਤੇ ਛਾ ਹੀ ਗਏ। ਬੁੱਢਾ ਦਲ ਤਾਂ ਪੰਜਾਬ ਤੋਂ ਦੂਰ ਵੀ ਮਾਰਾਂ ਕਰਦੇ ਰਹੇ ਤੇ ਥਾਣੇ ਨਿਯਤ ਕਰਦੇ ਰਹੇ ਤੇ ਤੁਰਣਾ ਦਲ ਅੰਮ੍ਰਿਤਸਰ

ਟਿਕ ਕੇ ਦੁਸ਼ਮਣਾਂ ਨੂੰ ਸਜ਼ਾਵਾਂ ਦਿੰਦੇ ਰਹੇ। ਅੰਮ੍ਰਿਤਸਰ ਦੀ ਕਾਰ ਸੇਵਾ ਵੀ ਉਨ੍ਹਾਂ ਅਰੰਭ ਕੀਤੀ।

੧੭੬੩ ਦੀ ਵੈਸਾਖੀ ੧੦ ਅਪ੍ਰੈਲ ਨੂੰ ਸਿਖ ਅੰਮ੍ਰਿਤਸਰ ਮਨਾ ਰਹੇ ਸਨ ਕਿ ਕਸੂਰ ਦੇ ਬ੍ਰਮਹਣਾਂ ਨੇ ਆ ਕੇ ਕਸੂਰ ਦੇ ਨਵਾਬ ਉਸਮਾਨ ਖਾਨ ਦੀਆਂ ਕਰਤੂਤਾਂ ਦਸੀਆਂ ਕਿ ਉਨ੍ਹਾਂ ਦੀਆਂ ਬਹੂ, ਬਟੀਆਂ ਦੀਆਂ ਇਜ਼ਤਾਂ ਸੁਰਖਿਅਤ ਨਹੀਂ ਹਨ ਤੇ ਉਸ ਨੇ ਹੁਣੇ ਹੀ ਇਕ ਬ੍ਰਹਮਣ ਦੀ ਬੇਟੀ ਜ਼ਬਰਦਸਤੀ ਘਰ ਪਾ ਲਈ ਹੈ। ਸਿਖ ਵਿਚਾਰਾਂ ਵਿਚ ਪੈਣ ਲਗੇ ਤਾਂ ਸਰਦਾਰ ਹਰੀ ਸਿੰਘ ਨੇ ਕਹਿਆ ਕਿ ਸਿੱਖ ਹਰ ਧੀ ਭੈਣ ਦੀ ਇਜ਼ਤ ਦਾ ਰਾਖਾ ਹੈ। ਕਸੂਰ ਨੂੰ ਸੋਧਨਾ ਜਰੂਰੀ ਹੈ ਜਦ ਫਿਰ ਵੀ ਵਿਚਾਰ ਕਰਨ ਲਈ ਕਿਹਾ ਤਾਂ ਸਰਦਾਰ ਹਰੀ ਸਿੰਘ ਜੀ ਨੇ ਕਿਹਾ

"ਤੁਮ ਚਲੋ ਕਊ ਨਾ ਚਲੋ, ਹਮ ਤੋ ਚਲੋ ਜ਼ਰੂਰ ਹੈ
ਹਮ ਤੋਂ ਸ਼ਹੀਦੀ ਲੈਗੇ, ਛੁਟੈ ਨ ਜਬ ਕਸੂਰ ਹੈ।"

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਵਿਚਾਰ ਪੇਸ਼ ਕੀਤੀ ਕੇ ਗੁਰੂ ਵਾਕ ਜ਼ਰੂਰ ਲਿਆ ਜਾਏ। ਜੋ ਹੁਕਮ ਆਵੇ ਉਸ ਤੇ ਅਮਲ ਕੀਤਾ ਜਾਵੇ। ਵਾਕ ਲਿਆ ਤਾਂ ਹੁਕਮ ਆਇਆ :

"ਥਿਰ ਘਰਿ ਬੈਸਹੁ ਹਰਜਨ ਪਿਆਰੇ।
ਸਤਿਗੁਰ ਤਮਰੇ ਕਾਜ ਸਵਾਰੇ। ਰਹਾਉ।
ਦੁਸ਼ਟ ਦੂਤ ਪਰਮੇਸ਼ਰ ਮਾਰੇ
ਜਨਕੀ ਪੈਜ ਰਖੀ ਕਰਤਾਰੇ।"

ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ ਕਿ

"ਜਸੇ ਸਿੰਘ ਸਰਦਾਰ, ਭਾਖਯੋ ਵਿਚਾਰ
ਅਬ ਚਲੋ ਦਰਬਾਰ ਵਾਕ ਚਾਹੀਏ ਗੁਰੂ ਲਯੋ।
ਜਾਇ ਖੜੇ ਸਾਰੇ, ਗੁਰੂ ਗ੍ਰੰਥ ਜੀ ਪੁਕਾਰੇ,
ਪੈਜ ਰਾਖੀ ਕਰਤਾਰੇ, ਦੂਤ ਦੁਸ਼ਟ ਕਰੇ ਖਯੋ।
ਸੁਨ ਕੇ ਮਹਾਨ, ਮੋਦ ਪੰਥਮਾਨ ਸਹੀ,
ਬਾਂਟ ਕੇ ਤਿਹਾਵਲੈ, ਉਤਾਵਲੈ ਚਢੇ ਪਯੋ।"

ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਤੇ ਸਰਦਾਰ ਜੈ ਸਿੰਘ ਕਨ੍ਹਈਆਂ ਵੀ ਨਾਲ ਚਲ ਪਏ। ਕਸੂਰ ਤੇ ਖਾਲਸੇ ਨੇ ਚੜ੍ਹਾਈ ਕਰ ਦਿੱਤੀ। ਉਸਮਾਨ ਖਾਨ ਆਪਣੇ ਪੰਜ ਸੋ ਸਾਥੀਆਂ ਸਮੇਤ ਮਾਰਿਆ ਗਿਆ ਤੇ ਬ੍ਰਹਮਣ ਦੀ ਪਤਨੀ ਸਨਮਾਨ ਸਹਿਤ ਸਿੰਘਾਂ ਘਰ ਪਹੁੰਚਾਈ।

ਜਲੰਧਰ ਦੇ ਨਵਾਬ ਨੂੰ ਭਾਜੜਾਂ : ਜਲੰਧਰ ਦੇ ਨਿਯੁਕਤ ਨਵਾਬ ਸਾਦਤ ਯਾਰ ਖਾਨ ਨੇ ਸਿੱਖਾਂ ਦੀ ਤਾਕਤ ਨੂੰ ਰੋਕ ਪਾਉਣ ਦੀ ਕੋਸ਼ਸ਼ ਕੀਤੀ ਪਰ ਆਪੂੰ ਉਹ ਇਤਨਾ ਡਰਪੋਕ ਸੀ ਕਿ ਸਿੱਖਾਂ ਦੇ ਇਕ ਹੱਲੇ ਸਾਹਮਣੇ ਵੀ ਨ ਟਿਕ ਸਕਿਆ। ਸਰਦਾਰ ਜਸਾ ਸਿੰਘ ਆਹਲੂਵਾਲੀਆ ਨੇ ਜਦ ਉਸ ਦੇ ਵਕੀਲ ਬਿਸ਼ੰਭਰ ਦਾਸ ਲਸਾੜਾ ਨੂੰ ਉਰਮੜ ਟਾਂਡਾ ਦੇ ਅਸਥਾਨ ਦੇ ਹਰਾ ਕੇ ਪਿੰਡ ਤੇ ਕਬਜ਼ਾ ਕਰ ਲਿਆ ਤਾਂ ਵੀ ਉਹ ਕਿਲ੍ਹਾ ਛੱਡ ਕੇ ਬਾਹਰ ਨ ਆਇਆ।

ਜਹਾਨ ਖਾਨ ਨੂੰ ਹਰਾਉਣਾ : ਸਿੱਖਾਂ ਦੇ ਵਾਧੇ ਤੇ ਆਪਣੇ ਫੌਜ਼ਦਾਰਾਂ ਦੀ ਹਾਰ ਦੀ ਖੱਬਰ ਅਹਿਮਦ ਸ਼ਾਹ ਨੇ ਸੁਣੀ ਤਾਂ ਉਸ ਨੇ ਰਹਤਾਸ ਤੋਂ ਜਹਾਨ ਖਾਨ ਨੂੰ ਭੇਜਿਆ। ੪ ਨਵੰਬਰ ੧੭੬੩ ਦੀਵਾਲੀ ਦੇ ਅਵਸਰ ਤੇ ਸਿੰਘ ਇਕਤ੍ਰ ਹੋਏ ਹੀ ਸਨ ਕਿ ਜਹਾਨ ਖਾਨ ਦੇ ਹਮਲਿਆਂ ਦੀ ਖਬਰ ਪੁੱਜ ਗਈ। ਦੀਵਾਲੀ ਵਾਲੇ ਦਿਨ ਦਰਬਾਰ ਸਾਹਿਬ ਦਾ ਨੀਂਹ ਪੱਥਰ

ਰੱਖਣਾ ਸੀ। ਉਸ ਨੂੰ ਅਗੇਰੇ ਪਾ ਕੇ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ ਦੀ ਇਮਦਾਦ ਲਈ ਭੰਗੀ ਸਰਦਾਰ ਟੁਰ ਪਏ। ਉਸ ਜੰਗ ਵਿਚ ਜਹਾਨ ਖਾਨ ਨੂੰ ਹਾਰ ਹੋਈ ਤੇ ਉਥੇ ਹੀ ਸਿਖਾਂ ਹੱਥ ਜਹਾਨ ਖਾਨ ਦੀਆਂ ਨੇੜੇ ਦੀਆਂ ਰਿਸਤੇਦਾਰਾਂ ਔਰਤਾਂ ਤੇ ਬੇਗਮਾਂ ਵੀ ਆਈਆਂ ਪਰ ਆਚਰਣ ਦੀ ਮੂਰਤ ਸਿੱਖਾਂ ਨੇ ਉਨ੍ਹਾਂ ਨੂੰ ਘਰੋਂ ਘਰੀ ਪਹੁੰਚਾਇਆ।

ਜਮਾਨ ਖਾਨ ਨੂੰ ਹਰਾ ਕੇ ਦਰਬਾਰ ਸਾਹਿਬ ਦਾ ਦੁਬਾਰਾ ਨੀਂਹ ਪੱਥਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਹੱਥੀਂ ਰਖਿਆ ਗਿਆ। ਉਨ੍ਹਾਂ ਨੇ ਨੀਂਹ ਪੱਥਰ ਰੱਖਣ ਸਮੇਂ ਆਪਣਾ ਭੂਰਾ ਵਿਛਾਇਆ ਤੇ ਅਪੀਲ ਕੀਤੀ ਕਿ ਜੋ ਵੀ ਕਿਸੇ ਕੋਲ ਨਕਦ ਜਾਂ ਮਾਲ ਹੈ, ਉਹ ਦਰਬਾਰ ਸਾਹਿਬ ਦੀ ਮੁੜ ਉਸਾਰੀ ਲਈ ਦੇ ਦੇਵੇ। ੭ ਲੱਖ ਇਕਾਸੀ ਹਜ਼ਾਰ ਰੁਪੈ ਉਸੇ ਸਮੇਂ ਹੋ ਗਿਆ।

ਦੋਖੀਆਂ ਨੂੰ ਸਜ਼ਾਵਾਂ, ਮਲੇਰ ਕੋਟਲਾ ਤੇ ਹਮਲਾ : ਅੰਮ੍ਰਿਤਸਰ ਦੀ ਪਹਲੀ ਸ਼ਾਨ ਮੁੜਨ ਲੱਗੀ। ਸਿੱਖਾਂ ਇਹ ਵਿਚਾਰ ਤਾਂ ਬਣਾਈ ਹੀ ਹੋਈ ਸੀ ਕਿ ਉਨ੍ਹਾਂ ਸਭ ਦੋਖੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ ਜਿਨ੍ਹਾਂ ਪਿਛਲੇ ਵੱਡੇ ਘਲੂਘਾਰੇ ਵਿਚ ਅਬਦਾਲੀ ਦੀ ਕਿਸੇ ਪਰਕਾਰ ਦੀ ਵੀ ਸਹਾਇਤਾ ਕੀਤੀ ਹੈ। ਇਸ ਵਿਚ ਪਹਿਲਾਂ ਮਲੇਰ ਕੋਟਲਾ ਦੇ ਨਵਾਬ ਭੀਖਨ ਖਾਨ ਦਾ ਨਾਂ ਆਉਂਦਾ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਮਲੇਰ ਕੋਟਲਾ ਤੇ ਹਮਲਾ ਕੀਤਾ। ਬਾਬਾ ਆਲਾ ਸਿੰਘ ਨੇ ਵੀ ਫੌਜੀ ਦਸਤੇ ਭੇਜੇ। ਇਕ ਹੀ ਝੜਪ ਵਿਚ ਭੀਖਨ ਖਾਨ ਤੇ ਉਸ ਦੇ ਸਾਥੀ ਮਾਰੇ ਗਏ।

ਉਥੋਂ ਬੁੱਢਾ ਦਲ ਮੁਰਿੰਡਾ ਪੁਜਾ ਤੇ ਜਾਨੀ ਖਾਨ ਤੇ ਮਾਨੀ ਖਾਨ ਦੀ ਸੰਤਾਨ ਨੂੰ ਜਿਨ੍ਹਾਂ ਛੋਟੇ ਸਾਹਿਬਜ਼ਾਦਿਆ ਨੂੰ ਪਕੜਾਉਣ ਦਾ ਕੁਕਰਮ ਕੀਤਾ ਸੀ ਸਜ਼ਾਵਾਂ ਦਿੱਤੀਆਂ। ਰੰਘੜ ਜਾਤੀ ਸਦਾ ਸਿੱਖਾਂ ਵਿਰੁਧ ਅਗੇਰੇ ਹੋ ਲੜਦੀ ਹੁੰਦੀ ਸੀ, ਉਨ੍ਹਾਂ ਨੂੰ ਵੀ ਸੋਧਿਆ।

ਸਰਹੰਦ ਤੇ ਹਮਲਾ : ਤਮਾਸ ਮਸਕੀਨ ਨੇ ਲਿਖਿਆ ਹੈ ਕਿ ਜ਼ੈਨ ਖਾਨ ਇਤਨਾ ਵਿਗੜ ਗਿਆ ਸੀ ਕਿ ਉਸ ਨੇ ਜ਼ਾਲਮਾਂ ਵਾਲਾ ਰਾਹ ਅਪਣਾ ਲਿਆ ਸੀ। ਉਸ ਦਾ ਹਰ ਕਰਮ ਨਿਆਂ ਦੇ ਉਲਟ ਤੇ ਮੂਰਖਾਂ ਵਾਲਾ ਸੀ। ਮੈਂ ਹਰ ਇਕ ਨੂੰ ਕਹਿ ਦਿੱਤਾ ਸੀ ਕਿ ਛੇਤੀ ਹੀ ਸਰਹੰਦ ਨਸ਼ਟ ਹੋ ਜਾਏਗਾ ਤੇ ਫੌਜ਼ਾਂ ਹੱਲਾ ਕਰਣ ਗਈਆਂ। "ਉਸ ਦੀ ਭਵਿਸ਼ ਬਾਣੀ ਠੀਕ ਨਿਕਲੀ ਤੇ ਸਿੱਖਾਂ ੧੪ ਜਨਵਰੀ ੧੭੬੪ ਨੂੰ ਸਰਹੰਦ ਤੇ ਹਮਲਾ ਕਰ ਦਿੱਤਾ। ਉਸ ਦੇ ਸਾਥੀ ਮੁਰਤਜ਼ਾ ਖਾਨ ਬਹਾਦਰ ਤੇ ਕਾਸਮ ਖਾਨ ਭੱਜ ਗਏ।

ਜਦ ਦਲ ਖਾਲਸੇ ਨੇ ਹੱਲਾ ਬੋਲਿਆ ਤਾਂ ਉਸ ਦਿਨ ਜ਼ੈਨ ਖਾਨ ਸਰਹੰਦ ਤੋਂ ਬਾਹਰ ਸੀ। ਉਸ ਛੇਤੀ ਮੁੜਨ ਦੀ ਕੀਤੀ ਪਰ ਉਸ ਦਾ ਰਾਹ ਬੁਢਲਾਡਾ ਦੇ ਅਸਥਾਨ ਤੇ ਰੋਕ ਲਿਆ ਗਿਆ ਤੇ ਮਨ੍ਹੇੜ ਦੇ ਪਿੰਡ ਉਸ ਗਿਰਦ ਘੇਰਾ ਪਾ ਦਿੱਤਾ ਅਤੇ ਸਰਦਾਰ ਜਸਾ ਸਿੰਘ ਆਹਲੂਵਾਲੀਆ ਨੇ ਉਸ ਨੂੰ ਥਾਂ ਹੀ ਮਾਰ ਦਿੱਤਾ। ਖਾਲਸਾ ਫ਼ੌਜਾਂ ਜੇਤੂ ਰੂਪ ਵਿਚ ਸਰਹੰਦ ਦਾਖਲ ਹੋਈਆਂ। ਸੱਚ ਮੁੱਚ ਹੀ ਸਰਹੰਦ ਦੀ ਇੱਟ ਨਾਲ ਇੱਟ ਵਜਾ ਦਿੱਤੀ ਗਈ। ਜਿਸ ਥਾਂਵੇ ਬਾਬਾ ਜ਼ੋਰਾਵਾਰ ਸਿੰਘ ਤੇ ਬਾਬਾ ਫਤਹ ਸਿੰਘ ਜੀ ਨੂੰ ਦੀਵਾਰਾਂਵਿਚਚਿਣਿਆ ਗਿਆ ਸੀ ਉਥੇ 'ਫਤਹਿਗੜ੍ਹ' ਬਣਾਇਆ ਗਿਆ। ਗੁਰੂ ਮਾਰੀ ਸਰਹੰਦ ਨੂੰ ਕੋਈ ਵੀ ਕਬਜ਼ੇ ਵਿਚ ਲੈਣ ਲਈ ਤਿਆਰ ਨਹੀਂ ਸੀ। ਪਰ ਫਿਰ ਵੀ ਪ੍ਰਬੰਧ ਲਈ ਭਾਈ ਬੁੱਢਾ ਸਿੰਘ ਜੀ ਨੂੰ ਅਰਦਾਸ ਕਰਕੇ ਸੌਂਪ ਦਿੱਤਾ ਗਿਆ ਤੇ ਪਿਛੋਂ ਪੰਜੀ ਹਜ਼ਾਰ ਰੁਪੈ ਦੇ ਕੇ ਬਾਬਾ ਆਲਾ ਸਿੰਘ ਨੇ ਖਰੀਦ ਲਿਆ।

ਗੰਗ ਜਮਨ ਦੁਆਬ ਵਿਚ ਮਾਰਾਂ : ਇਕ ਮਹੀਨਾ ਵੀ ਪੂਰਾ ਨ ਲੱਗਾ ਤੇ ਸਾਰਾ ਪੰਜਾਬ ਫਿਰ ਸਿਖਾਂ ਦੇ ਕਬਜ਼ੇ ਹੋ ਗਿਆ। ਤਰੁਣਾ ਦਲ ਵਾਪਸ ਆ ਗਿਆ ਤੇ ਬੁੱਢਾ ਦਲ ਨੇ

ਧਿਆਨ ਗੰਗ ਜਮਨ ਦੁਆਬ ਵਲ ਦਿੱਤਾ। ੪੦ ਹਜ਼ਾਰ ਸਿੰਘਾਂ ਦੇ ਜੱਥੇ, ਨੂੰ ਨਾਲ ਲੈ ਕੇ ਬੁੱਢਾ ਦਲ ਨੇ ਬੂੜੀਆਂ ਘਾਟ ਤੋਂ ਜਮਨਾ ਪਾਰ ਕੀਤੀ ਤੇ ਗੰਗ ਦੁਆਬ ਤੇ ਜਾ ਪਏ। ਦਿਨਾਂ ਵਿਚ ਹੀ ਸਹਾਰਨਪੁਰ, ਦਿਉਬੰਦ, ਨਜੀਬਾ ਬਾਦ, ਮੁਜ਼ਫਰ ਨਗਰ, ਮੁਰਾਦਾਬਾਦ,ਗੜ ਮੁਕਤੇਸ਼ਵਰ ਤੇ ਕਬਜ਼ਾ ਕਰ ਲਿਆ। ਬੁੱਢਾ ਦਲ ਦਾ ਆਉਣਾ ਹੀ ਸੁਣਕੇ ਬਹੁਤੇ ਪਿੰਡ ਅਧੀਨਗੀ ਮੰਨ ਲੈਂਦੇ ਸਨ। ਜਦ ਸਿੰਘਾਂ ਨੂੰ ਪਤਾ ਲੱਗਾ ਕਿ ਜਲਾਲਾਬਾਦ ਲੁਹਾਰੀ ਦੇ ਨਵਾਬ ਬੜੇ ਮੰਦ ਚਲਣ ਤੇ ਹਿੰਦੂਆਂ ਦੀਆਂ ਬਹੂ ਬੇਟੀਆਂ ਦੀ ਇਜ਼ਤ ਨਾਲ ਖੇਡਦੇ ਹਨ ਤਾਂ ਉਨ੍ਹਾਂ ਸੋਧਣ ਦਾ ਫ਼ੈਸਲਾ ਕੀਤਾ। ਲੜਕੀਆਂ ਛੁਡਵਾਕੇ ਆਂਦੀਆਂ ਤੇ ਜਦ ਉਨ੍ਹਾਂ ਨੂੰ ਘਰੀਂ ਘਰੀਂ ਪਹੁੰਚਾਇਆ ਗਿਆ ਤਾਂ ਹਿੰਦੂਆਂ ਨੇ ਘਰ ਵਸਾਉਣ ਤੋਂ ਇਨਕਾਰ ਕਰ ਦਿੱਤਾ। ਸਿੰਘਾਂ ਨੇ ਉਨ੍ਹਾਂ ਨੂੰ ਬਹੁਤ ਹੀ ਸਮਝਾਇਆ ਪਰ ਜਦ ਉਹ ਨ ਸਮਝੇ ਤਾਂ ਹੁਕਮ ਦਿੱਤਾ ਗਿਆ ਕਿ ਉਹ ਬਚੀਆਂ ਹੀ ਲੰਗਰ ਪਕਾਉਣਗੀਆਂ ਤੇ ਸਾਰੇ ਇਕ ਥਾਂ ਬੈਠ ਕੇ ਖਾਣਗੇ। ਸਿੰਘਾਂ ਪਹਿਲਾਂ ਆਪ ਪਰਸ਼ਾਦਾ ਛਕਿਆ ਤੇ ਫਿਰ ਉਨ੍ਹਾਂ ਉਚ ਜਾਤੀਏ ਹਿੰਦੂਆਂ ਨੂੰ ਛਕਾਇਆ। ਉਨ੍ਹਾਂ ਸੱਭ ਬੱਚੀਆਂ ਨੂੰ ਆਪਣੀਆਂ ਬੱਚੀਆਂ ਆਖ ਕੇ ਘਰੋ ਘਰੀਂ ਵਸਾ ਕੇ ਵਾਪਸ ਮੁੜੇ।

ਨਜੀਬ-ਉਦ-ਦਉਲਾ ਕਰਤਾਰ ਪੁਰ ਦੇ ਸੂਰਜਮਲ ਨਾਲ ਲੜ ਲੜ ਅੱਕ ਕੇ ਥੱਕ ਚੁੱਕਾ ਸੀ, ਹੁਣ ਸਿੱਖਾਂ ਦਾ ਸ਼ਾਮਲੀ ਵਲ ਵਧਦਾ ਦੇਖੇ, ਉਸ ਨੇ ਗਿਆਰਾਂ ਲੱਖ ਰੁਪਏ ਭੇਜੇ ਕਿ ਸਿਖ ਵਾਪਸ ਹੋ ਜਾਣ। ਸਿੱਖਾਂ ਵਾਪਸ ਹੋਣਾ ਠੀਕ ਜਾਣ ਰੁਪਏ ਸਵੀਕਾਰ ਕਰ ਲਏ। ਗੰਗ ਦੁਆਬ ਤੇ ਸਿੰਘਾਂ ਨੇ ੧੭ ਵਾਰੀ ਹਮਲੇ ਕੀਤੇ ਸਨ।

ਲਾਹੌਰ ਕਬਜ਼ੇ ਵਿਚ : ਗੰਗ ਜੰਮਨ ਦੁਆਬ ਵਲ ਬੁੱਢਾ ਦਲ ਮਾਰਾਂ ਮਾਰ ਰਿਹਾ ਸੀ ਤੇ ਇਧਰ ਤਰੁਣਾ ਦਲ ਨੇ ਜਲੰਧਰ ਦੁਆਬ ਨੂੰ ਕਬਜ਼ੇ ਕਰ ਲਿਆ। ਸਾਦਤ ਖਾਨ ਭੱਜ ਗਿਆ।

ਉਥੋਂ ਤਰੁਣਾ ਦਲ ਲਾਹੌਰ ਵੱਲ ਵਧਿਆ। ਕਲਾਨੌਰ ਤੋਂ ਉਬੈਦੇਖਾਨ ਆਇਆ ਪਰ ਉਹ ਮਾਰਿਆ ਗਿਆ। ਸਿੱਖ ਸ਼ਹਿਰ ਵਿਚ ਦਾਖਲ ਹੋ ਗਏ ਤੇ ਕਾਬਲੀ ਮਲ ਨੂੰ ਕਿਹਾ ਕਿ ਉਹ ਸਾਰੇ ਕਸਾਈ ਹਵਾਲੇ ਕਰ ਦੇਵੇ ਜਿਨ੍ਹਾਂ ਪਿਛੇ ਜਹੇ ਗਊਆਂ ਨੂੰ ਮਾਰ ਕੇ ਬਜ਼ਾਰਾਂ ਵਿਚ ਟੰਗਿਆ ਸੀ। ਪਹਿਲਾਂ ਤਾਂ ਕਾਬਲੀ ਮਲ ਨੇ ਨਾਂਹ ਕੀਤੀ ਪਰ ਪਿਛੋਂ ਕਸਾਈਆਂ ਦੇ ਨਕ ਤੇ ਹੱਥ ਵੱਢਕੇ ਪੇਸ਼ ਕਰ ਦਿੱਤਾ। ਉਸ ਨੇ ਟੇਕ ਚੰਦ ਨੂੰ ਆਪਣੇ ਦਰਬਾਰ ਵਿਚ ਸਿੱਖਾਂ ਦੇ ਵਕੀਲ ਦੇ ਤੌਰ ਤੇ ਰੱਖਣਾ ਮੰਨ ਲਿਆ।

ਲਾਹੌਰ ਨੂੰ ਕਬਜ਼ੇ ਕਰਨ ਪਿਛੋਂ ਤਰੁਣਾ ਦਲ ਨੇ ਦੋ ਜੱਥੇ ਬਣਾ ਲਏ ਇਕ ਨੇ ਸਰਦਾਰ ਹਰੀ ਸਿੰਘ ਦੀ ਅਗਵਾਈ ਹੇਠਾਂ ਦੱਖਣ ਪੱਛਮ, ਮੁਲਤਾਨ, ਡੇਰਾ ਜਾਤ ਖਾਨ, ਝੰਗ ਤੇ ਖੁਸ਼ਾਬ, ਚਿਨਓਟ ਤਕ ਕਬਜ਼ਾ ਕਰ ਲਿਆ। ਸਰਦਾਰ ਚੜ੍ਹਤ ਸਿੰਘ ਸੁਕਰਚਕੀਆ ਨੇ ਪੱਛਮ ਵਲ ਰਹੁਤਾਸ ਕਿਲ੍ਹੇ ਤਕ ਕਬਜ਼ਾ ਕਰ ਲਿਆ।

ਅਬਦਾਲੀ ਦਾ ਚਾਚਾ : ਰਹੁਤਾਸ ਦੇ ਕਬਜ਼ੇ ਵੇਲੇ ਸਰਬੁਲੰਦ ਖਾਨ ਕਿਲ੍ਹੇ ਤੋਂ ਨੱਸਣਾ ਚਾਹਿਆ ਪਰ ਉਹ ਸਰਦਾਰ ਚੜ੍ਹਤ ਸਿੰਘ ਦੇ ਹੱਥ ਆ ਹੀ ਗਿਆ। ਸਰਦਾਰ ਚੜ੍ਹਤ ਸਿੰਘ ਨੇ ਐਸਾ ਹਲੀਮੀ ਵਾਲਾ ਵਰਤਾਵ ਕੀਤਾ ਕਿ ਉਸ ਨੇ ਖਾਹਿਸ਼ ਪਰਗਟ ਕੀਤੀ ਕਿ ਜਦ ਸਰਦਾਰ ਚੜ੍ਹਤ ਸਿੰਘ ਬਾਦਸ਼ਾਹ ਬਣੇ ਤਾਂ ਉਹ ਉਸ ਦਾ ਨਾਜ਼ਮ ਬਣਨ ਲਈ ਤਿਆਰ ਹੈ। ਸਰਦਾਰ ਚੜ੍ਹਤ ਸਿੰਘ ਸੁਕਰਚਕੀਆ ਨੇ ਕਿਹਾ, "ਬਾਦਸ਼ਾਹੀ ਤਾਂ ਗੁਰੂ ਨੇ ਸਾਨੂੰ ਪਹਿਲਾਂ ਹੀ ਦਿੱਤੀ ਹੋਈ ਹੈ। ਤੁਹਾਨੂੰ ਗ੍ਰਿਫਤਾਰ ਕਰ ਪਾਸ ਹੀ ਰੱਖਣਾ ਚਾਹੁੰਦਾ ਹਾਂ ਤਾਂ ਕਿ ਲੋਕੀ ਇਹ ਕਹਿਣ ਕਿ ਚੜ੍ਹਤ ਸਿੰਘ ਨੇ ਅਬਦਾਲੀ ਦੇ ਚਾਚੇ ਨੂੰ ਬੰਦੀ ਵਿਚ ਪਾਇਆ ਹੋਇਆ ਹੈ।" ਸਰਬੁਲੰਦ ਖਾਨ ਨੇ ਕਿਹਾ

ਕਿ ਉਸ ਦੀ ਬਹੁਤੀ ਪ੍ਰਸਿਧੀ ਇਸ ਗੱਲ ਵਿਚ ਹੈ ਕਿ ਲੋਕੀ ਕਹਿਣ ਕਿ ਅਬਦਾਲੀ ਦੇ ਚਾਚਾ ਨੂੰ ਚੜ੍ਹਤ ਸਿੰਘ ਨੇ ਪਕੜ ਲਿਆ ਤੇ ਫਿਰ ਛੱਡ ਵੀ ਦਿੱਤਾ । ਸਰਦਾਰ ਚੜ੍ਹਤ ਸਿੰਘ ਨੇ ਦੋ ਲੱਖ ਰੁਪਏ ਲੈ ਕੇ ਉਸ ਨੂੰ ਛੱਡ ਦਿੱਤਾ ।

ਜਹਾਦ ਤੇ ਸਤਵਾਂ ਹਮਲਾ : ਅਬਦਾਲੀ ਨੇ ਜਦ ਜਹਾਨ ਖਾਨ ਦੀ ਹਾਰ, ਪੰਜਾਬ ਤੇ ਕਬਜ਼ਾ, ਸਰਬੁਲੰਦ ਖਾਨ ਦਾ ਪਕੜਿਆ ਜਾਣਾ, ਮੁਲਤਾਨ ਤੇ ਕਬਜ਼ੇ ਦੀਆਂ ਖ਼ਬਰਾਂ ਸੁਣੀਆਂ ਤਾਂ ਉਸ ਨੇ ਪੰਜਾਬ ਤੇ ਹਮਲਾ ਬੋਲਣ ਦਾ ਐਲਾਨ ਕੀਤਾ ਤੇ ਇਸ ਮੰਤਵ ਲਈ ਕਲਾਤ ਦੇ ਅਮੀਰ ਨਸੀਰ ਖਾਨ ਨੂੰ ਲਿਖਿਆ ਪਰ ਉਸ ਕਹਿਲਾ ਭੇਜਿਆ ਕਿ ਉਹ ਹਜ ਲਈ ਮੱਕਾ ਜਾ ਰਿਹਾ ਹੈ । ਅਬਦਾਲੀ ਨੇ ਕਰੜੇ ਸ਼ਬਦਾਂ ਵਿਚ ਲਿਖਿਆ ਕਿ 'ਹੱਜ ਦਾ ਕੀ ਫਾਇਦਾ ਜਦ ਦੀਨੀ ਭਰਾਵਾਂ ਦੀ ਇਜ਼ਤ ਰੁਲ ਰਹੀ ਹੋਵੇ । ਉਸ ਦਾ ਪਹਿਲਾ ਫਰਜ਼ ਹੈ ਕਿ ਇਨ੍ਹਾਂ ਕਾਫ਼ਰਾਂ ਨੂੰ ਮਕਾਏ, ਤੇ ਫਿਰ ਹਜ ਜਾਣ ਦੀ ਸੋਚੇ । ਕਲਾਤ ਵਲੋਂ ਉਹ ਹਮਲਾ ਕਰੇ ਤੇ ਇਧਰੋਂ ਉਹ ਹੱਲਾ ਬੋਲੇਗਾ । ਅਬਦਾਲੀ ਨੇ ਲਿਖਿਆ, "ਤੂੰ ਮੇਰੇ ਬੱਚੇ ਵਾਂਙ ਹੈ, ਦੀਨੀ ਭਰਾ ਹੈਂ' । ਸੋ ਉੱਠ ਤਾਕਿ ਇਨ੍ਹਾਂ ਕਾਫਰਾਂ ਨੂੰ ਕਰੜੀ ਸਜ਼ਾ ਦੇ ਕੇ ਇਨ੍ਹਾਂ ਦੇ ਬਚਿਆਂ ਤੇ ਇਸਤ੍ਰੀਆਂ ਨੂੰ ਬੰਦੀ ਵਿਚ ਪਾਇਆ ਜਾਏ" ਨਸੀਰ ਖਾਨ ਨੇ ਜਹਾਦ ਦਾ ਝੰਡਾ ਉਠਾ ਦਿੱਤਾ ਤੇ ਅਬਦਾਲੀ ਦੇ ਹੁਕਮ ਦੀ ਉਡੀਕ ਕਰਨ ਲੱਗਾ ।

ਅਕਤੂਬਰ ੧੭੬੪ ਨੂੰ ਅਬਦਾਲੀ ਨੇ ਸਿੰਧ ਪਾਰ ਕੀਤਾ ਤੇ ਨਸੀਰ ਖਾਨ ੧੨੦੦੦ ਬਲੋਚਾਂ ਨਾਲ ਐਮਨਾਬਾਦ ਉਸ ਨਾਲ ਆ ਮਿਲਿਆ ।

ਸਿੱਖ ਵੀ ਅਬਦਾਲੀ ਦਾ ਆਉਣਾ ਸੁਣਕੇ, ਲਾਹੌਰ ਦੇ ਨੇੜੇ ਤੇੜੇ ਹੋ ਗਏ ਤੇ ਵਿਰੋਧੀਆਂ ਦੀਆਂ ਚਾਲਾਂ ਨੂੰ ਨੀਝ ਲਗਾ ਕੇ ਦੇਖਣ ਲਗੇ । ਜਹਾਨ ਖਾਨ ਨੇ ਕਾਬਲੀ ਮਲ ਦੇ ਖਿਲਾਫ ਕਾਰਵਾਈ ਕਰਨ ਲਈ ਕਿਹਾ ਪਰ ਅਬਦਾਲੀ ਨੇ ਪੁੱਛ ਪੜਤਾਲ ਪਿਛੋਂ ਕਾਬਲੀ ਮਲ ਨੂੰ ਨਿਰਦੋਸ਼ ਦਸਿਆ ਤੇ ਉਸੇ ਨੂੰ ਲਾਹੌਰ ਦਾ ਨਾਜ਼ਮ ਰਹਿਣ ਦਿੱਤਾ ।

ਸਿੱਖਾਂ ਨੂੰ ਲਾਹੌਰ ਵਿਚ ਨਾ ਦੇਖ ਕੇ ਅਹਿਮਦ ਸ਼ਾਹ ਨੇ ਨਸੀਰ ਖਾਨ ਨੂੰ ਪੁਛਿਆ ਕਿ ਕੀ ਕਰਨਾ ਚਾਹੀਦਾ ਹੈ । ਨਸੀਰ ਖਾਨ ਨੇ ਜੋਸ਼ ਵਿਚ ਕਿਹਾ ਕਿ ਜੇ ਸਿੱਖ ਸਾਹਮਣੇ ਹੋਣ ਤਾਂ ਮਜ਼ਾ ਚਖਾ ਦਈਏ ਪਰ ਉਹ ਤਾਂ ਦੂਰ ਲਖੀ ਜੰਗਲ ਨੱਸ ਗਏ ਹਨ । ਸੋ ਇਹ ਫੈਸਲਾ ਹੋਇਆ ਕਿ ਫੌਜਾਂ ਨੂੰ ਲਖੀ ਜੰਗਲ ਦੇ ਸਿਰੇ ਤਕ ਲੈ ਜਾਇਆ ਜਾਏ ਤੇ ਜਦ ਉਹ ਬਾਹਰ ਨਿਕਲਣ ਤਾਂ ਹਮਲਾ ਕਰ ਦਿੱਤਾ ਜਾਏ ।

ਲਾਹੌਰ ਲਾਗੇ ਝੜਪਾਂ : ਲਾਹੌਰ ਤੋਂ ਛੇ ਕੁ ਮੀਲ ਗਏ ਸਨ ਕਿ ਸਿੰਘਾਂ ਨਾਲ ਝੜਪ ਹੋ ਗਈ । ਪਹਿਲੀ ਝੜਪ ਵਿਚ ਹੀ ਸਰਦਾਰ ਚੜ੍ਹਤ ਸਿੰਘ ਜੀ ਦੇ ਜੱਥੇ ਨੇ ਅਹਿਮਦਖਾਨ ਬਲੀਦੀ ਤੇ ਉਸ ਦੇ ਪੁਤਰ ਨੂੰ ਥਾਂ ਰੱਖ ਲਿਆ । ਮੀਰ ਅਬਦੁਲ ਨਬੀ ਰਏਸਾਨੀ ਤੇ ਮੀਰ ਨਸੀਰ ਖਾਨ ਉਸ ਦੀ ਸਹਾਇਤਾ ਤੇ ਗਏ ਪਰ ਗਹਿਗਚ ਜੰਗ ਵਿਚ ਮੀਰ ਨਸੀਰ ਖਾਨ ਦਾ ਘੋੜਾ ਸਿੱਖ ਦੀ ਗੋਲੀ ਨਾਲ ਮਾਰਿਆ ਗਿਆ । ਉਸ ਸਮੇਂ ਉਸ ਦੇ ਅੰਗ ਰਖਸ਼ਕ ਮਹੰਮਦ ਹੁਸੈਨ ਤੇ ਮੀਰ ਮਾਂਗਾਹ ਨੇ ਅਗੇ ਵੱਧ ਨਸੀਰ ਖਾਨ ਨੂੰ ਉੱਠਾ ਲਿਆ ਤੇ ਸਿੱਖ ਜਿਸ ਨੇ ਗੋਲੀ ਚਲਾਈ ਸੀ ਉਸ ਨੂੰ ਤੇ ਉਸ ਦੇ ਘੋੜੇ ਨੂੰ ਮਾਰ ਦਿੱਤਾ । ਰਾਤ ਪੈਣ ਤਕ ਲੜਾਈ ਹੁੰਦੀ ਰਹੀ । ਸਿੱਖ ਦੂਰ ਨਿਕਲ ਗਏ । ਕਾਜ਼ੀ ਨੂਰ ਮਹੰਮਦ ਸਿੱਖਾਂ ਦੀ ਜੰਗ ਨੀਤੀ ਬਾਰੇ ਲਿਖਦਾ ਹੈ ਕਿ 'ਇਹ ਕਾਫ਼ਰ ਗਾਜ਼ੀਆਂ ਤੇ ਦੂਰ ਤੋਂ ਹਮਲਾ ਕਰਦੇ ਤੇ ਮਾਰ ਕੇ ਨੱਸ ਜਾਂਦੇ ਹਨ । ਸ਼ਾਹ ਨੇ ਹੁਕਮ ਦੇ ਰਖਿਆ ਹੈ ਕਿ

ਕੋਈ ਵੀ ਸਿਪਾਹੀ ਆਪਣਾ ਕੈਂਪ ਛੱਡਕੇ ਅਗੇ ਨ ਵਧੇ, ਦੁਸ਼ਮਣ ਬੇਸ਼ਕ ਆਉਂਦਾ ਦਿਖਾਈ ਦੇਵੇ'। ਇਸ ਝੜਪ ਬਾਰੇ ਉਸ ਲਿਖਿਆ ਹੈ ਕਿ 'ਮਸਾਂ ਛੇ ਕੁ ਮੀਲ ਗਏ ਸਾਂ ਕਿ ਕਾਲੇ ਕੁਤੇ (ਨੀਲੇ ਬਾਣੇ ਵਾਲੇ ਸਿਖ) ਸਾਡੇ ਤੇ ਫਿਰ ਹਮਲਾਵਰ ਹੋਏ, ਉਹ ਸ਼ੇਰ ਦੀ ਤਰ੍ਹਾਂ ਆਏ ਤੇ ਚਾਲਕ ਲੰਬੜ ਵਾਂਙ ਭੱਜ ਗਏ। ਇਹ ਭੈੜੇ ਆਦਮੀ ਰੋਜ਼ ਮੈਦਾਨ ਵਿਚ ਆ ਕੇ ਲੜਦੇ ਹਨ ਤੇ ਦੌੜ ਜਾਂਦੇ ਹਨ ਇਨਾਂ ਦਾ ਨੱਸਣਾ ਵੀ ਇਕ ਦਾਅ ਹੈ'।

ਬਾਬਾ ਗੁਰਬਖਸ਼ ਸਿੰਘ ਜੀ ਦੀ ਸ਼ਹਾਦਤ : ਅਹਿਮਦ ਸ਼ਾਹ ਨੂੰ ਖੱਬਰ ਪੁੱਜ ਗਈ ਸੀ ਕਿ ਸਿੱਖ ਅੰਮ੍ਰਿਤਸਰ ਚਲੇ ਗਏ ਹਨ। ਉਸ ਨੇ ਉਸੇ ਸਮੇਂ ਚੋਣਵੇਂ ਸਿਪਾਹੀ ਸਿਕਾ ਤੇ ਬਾਰੂਦ ਦੇ ਕੇ ਭੇਜ ਦਿੱਤੇ। ਸਿੱਖ ਉਥੇ ਨਹੀਂ ਸਨ ਕੇਵਲ ਗਿਣਤੀ ਦੇ ਤ੍ਰੀਹ ਸਿੱਖ ਸਨ ਜੋ ਬਾਬਾ ਗੁਰਬਖਸ਼ ਸਿੰਘ ਜੀ ਦੀ ਅਗਵਾਈ ਹੇਠਾਂ ਅਕਾਲ ਤੱਖਤ ਦੀ ਰੱਖਿਆ ਕਰ ਰਹੇ ਸਨ। ਪਹਿਲੀ ਦਸੰਬਰ ੧੭੬੪ ਨੂੰ ਜਦ ਅਬਦਾਲੀ ਦੀਆਂ ਫੌਜਾਂ ਨੇ ਦਰਬਾਰ ਸਾਹਿਬ ਹਮਲਾ ਕੀਤਾ ਤਾਂ ਇਹ ਤ੍ਰੀਹ ਸ਼ੇਰ ਭੱਬਕ ਕੇ ਵਿਰੋਧੀਆਂ ਤੇ ਟੁੱਟ ਪਏ। ਨੂਰ ਦੀਨ ਦੇ ਸ਼ਬਦਾਂ ਵਿਚ "ਨਾ ਉਨ੍ਹਾਂ ਨੂੰ ਕੋਈ ਕੋਹੇ ਜਾਣ ਦਾ ਡਰ ਸੀ ਤੇ ਨਾ ਕਾਲ ਦਾ। ਉਹ ਗਾਜ਼ੀਆਂ, ਨਾਲ ਗੁਥਮਗੁਥਾ ਹੋ ਗਏ, ਆਪਣਾ ਖੂਨ ਵਗਾਕੇ, ਗੁਰੂ ਲਈ ਜਾਨਾਂ ਵਾਰ ਗਏ। ਜਦ ਬਾਬਾ ਗੁਰਬਖਸ਼ ਸਿੰਘ ਜੀ ਨੂੰ ਬਰਛੇ ਮਾਰ ਮਾਰ ਸ਼ਹੀਦ[1] ਕੀਤਾ ਗਿਆ ਤਾਂ ਉਨ੍ਹਾਂ ਦੀ ਇਕ ਹੀ ਪੁਕਾਰ ਸੀ ਕਿ ਉਨ੍ਹਾਂ ਦਾ ਮੂੰਹ ਹਰਮੰਦਰ ਸਾਹਿਬ ਵਲ ਹੋਵੇ ਅਤੇ ਪਿਠ ਦੇ ਕੋਈ ਬਰਛਾ ਨਾ ਮਾਰਿਆ ਜਾਏ।'

ਸਰਹੰਦ ਵੱਲ ਵੱਧਣਾ : ਅੰਮ੍ਰਿਤਸਰ ਦੇ ਇਰਦ ਗਿਰਦੋਂ ਵੀ ਸਿਖਾਂ ਦੀ ਭਾਲ ਕਰਕੇ ਅਬਦਾਲੀ ਵਾਪਸ ਮੁੜ ਲਾਹੌਰ ਆਇਆ। ਇਹ ਤਜ਼ਵੀਜ ਬਣਾਈ ਗਈ ਕਿ ਨਜੀਬ-ਉਦ-ਦਉਲਾ ਦੀ ਮਦਦ ਤੇ ਪੁਜਿਆ ਜਾਏ ਤੇ ੧੫੦੦੦ ਸਿੱਖ ਜੋ ਜਵਾਹਰ ਸਿੰਘ ਦੀ ਮਦਦ ਤੇ ਪੁੱਜੇ ਹੋਏ ਹਨ, ਖਤਮ ਕੀਤੇ ਜਾਣ।

ਉਸ ਨੇ ਲਾਹੌਰ ਤੋਂ ਸਰਹੰਦ ਵੱਲ ਵੱਧਣਾ ਅਰੰਭਿਆ ਅਤੇ ਰਾਹ ਵਿਚ ਪਿੰਡਾਂ ਦੇ ਪਿੰਡ ਉਜਾੜੀ ਟੁਰੀ ਗਿਆ। ੧੪ ਕੁ ਮੀਲ ਰੋਜ਼ ਫੌਜਾਂ ਪੈਂਡਾਂ ਕਰਦੀਆਂ ਪਰ ਜਿਥੋਂ ਲੰਘ ਜਾਂਦੀਆਂ ਤਬਾਹੀ ਦੇ ਨਿਸ਼ਾਨ ਛੱਡੀ ਜਾਂਦੀਆਂ। ਇਨ੍ਹਾਂ ਤਬਾਹੀਆਂ ਕਾਰਨ ਹੀ ਇਹ ਅਖਾਣ ਪ੍ਰਚਲਤ ਹੋ ਗਿਆ।

'ਖਾਧਾ ਪੀਤਾ ਲਾਹਿ ਦਾ,
ਬਾਕੀ ਅਹਿਮਦ ਸ਼ਾਹਿ ਦਾ।'

ਬਿਆਸ ਅਤੇ ਸਤਲੁਜ ਕੰਢੇ ਝੜਪ : ਅਹਿਮਦ ਸ਼ਾਹ ਦੀ ਫੌਜ਼ ਸਤਲੁਜ ਪਾਰ ਕਰਕੇ ਹੁਸ਼ਿਆਰ ਪੁਰ ਜ਼ਿਲ੍ਹੇ ਪੁਜੀ ਹੀ ਸੀ ਕਿ ਸਿੰਘਾਂ ਦਾ ਜੱਥਾ ਟਾਕਰੇ ਤੇ ਆ ਗਿਆ। ਜਹਾਨ ਖਾਨ ਫੌਜਾਂ ਦੀ ਅਗਵਾਈ ਕਰ ਰਿਹਾ ਸੀ। ਉਸ ਨੂੰ ਸਿੱਖਾਂ ਦੇ ਲੜਨ ਢੰਗ ਦਾ ਪਤਾ ਲੱਗ ਚੁਕਾ ਸੀ। ਸੋ ਸਿੱਖਾਂ ਉਨ੍ਹਾਂ ਨੂੰ ਇਕ ਥਾਂ ਜੰਮ ਕੇ ਟਾਕਰਾ ਕਰਦਿਆਂ ਦੇਖ ਫੁਰਤੀ ਨਾਲ ਹੱਲਾ ਬੋਲਿਆ ਤੇ ਗੋਲੀਆਂ ਦੀ ਬਾਰਸ਼ ਕੀਤੀ। ਜਦ ਪਿਛੋਂ ਨਸੀਰ ਖਾਨ ਦੀ ਅਗਵਾਈ ਹੇਠਾਂ ਫੌਜ਼ ਪੁਜ ਗਈ ਤਾਂ ਸਿਖਾਂ ਨੇ ਆਪਣੇ ਸਿਧੇ ਢੰਗ ਅਨੁਸਾਰ ਮੈਦਾਨ ਛੱਡ ਦਿੱਤਾ ਤੇ ਅੱਖੀਆਂ ਤੋਂ ਉਹਲੇ ਹੋ ਗਏ। ਉਧਰੋਂ ਰਾਤ ਪੈ ਜਾਣ ਕਰਕੇ ਫੌਜਾਂ ਨੂੰ ਵੀ ਰੁਕਣਾ ਪਿਆ ਜਦ ਫੌਜਾਂ ਸਤਲੁਜ ਪਾਰ ਕਰ ਰਹੀਆਂ ਸਨ ਤਾਂ ਫਿਰ ਸਿੱਖ ਬਾਜ਼ ਵਾਂਙੂ ਝਪਟ ਪਏ।

---

੧. ਇਨ੍ਹਾਂ ਦਾ ਸ਼ਹੀਦ ਗੰਜ ਅਕਾਲ ਤਖਤ ਪਿਛੇ ਹੈ।

ਅਬਦਾਲੀ ਦੀ ਮਾਯੂਸੀ ਤੇ ਵਾਪਸੀ : ਅਹਿਮਦ ਸ਼ਾਹ ਅਬਦਾਲੀ ਨੇ ਸਰਹੰਦ ਪੁੱਜਣ ਦਾ ਖਿਆਲ ਵੀ ਛੱਡ ਦਿੱਤਾ ਤੇ ਕੁੰਜਪੁਰਾ ਪੁੱਜਾ। ਉਸ ਦਾ ਚਿੱਤ ਸੀ ਕਿ ਜਾਟਾਂ ਤੇ ਸਿੱਖਾਂ ਨੂੰ ਹਰਾ ਕੇ ਹੀ ਸਰਹੰਦ ਵਲ ਧਿਆਨ ਦੇਣਾ ਚਾਹੀਦਾ ਹੈ ਪਰ ਜਦ ਉਹ ਕੁੰਜਪੁਰਾ ਪੁੱਜਾ ਤਾਂ ਖੱਬਰ ਮਿਲ ਗਈ ਕਿ ਜਾਟਾਂ ਤੇ ਰੁਹੇਲਿਆਂ ਦੀ ਸਲਾਹ ਹੋ ਗਈ ਹੈ। ਉਥੇ ਨਸੀਰ ਖਾਨ ਨੇ ਸਲਾਹ ਦਿਤੀ ਕਿ ਦਿਲੀ ਪੁਜਿਆ ਜਾਏ ਤੇ ਉਥੇ ਰੁਹਲਿਆਂ,ਜਾਟਾਂ,ਮਰਹਟਿਆਂ ਤੇ ਹੋਰ ਸਰਦਾਰਾਂ ਨੂੰ ਇਕਠਿਆਂ ਕਰਕੇ ਸਿਖਾਂ ਵਿਰੁਧ ਲੜਿਆ ਜਾਏ। ਅਬਦਾਲੀ ਜਾਣਦਾ ਸੀ ਕਿ ਦਿਲੀ ਪੁਜਣਾ ਤਾਂ ਅਸਾਨ ਹੈ ਪਰ ਉਥੇ ਗਰਮੀਆਂ ਕਟਣੀਆਂ ਫੌਜਾਂ ਨੂੰ ਮਰਵਾਨਾ ਹੀ ਹੈ। ਦੂਜੇ ਸਿੱਖ, ਜਾਟਾਂ ਤੇ ਰੁਹਲਿਆ ਦੇ ਪੰਜਾਬ ਆਉਣ ਤਕ ਖਰੂਦ ਮਚਾਉਣਗੇ ਤੇ ਉਸ ਦੇ ਤਾਕਤਾਂ ਇਕਠੀਆਂ ਕਰਨ ਤਕ ਉਸ ਦਾ ਪੈਂਡਾ ਹੀ ਖੋਟਾ ਕਰ ਦੇਣਗੇ। ਸੋ ਨਸੀਰ ਖਾਨ ਦੀ ਮਰਜ਼ੀ ਦੇ ਉਲਟ ਉਸ ਵਾਪਸੀ ਦਾ ਕੂਚ ਕਰ ਦਿੱਤਾ। ਅਬਦਾਲੀ ਸਤਲੁਜ ਪਾਰ ਕਰਕੇ ਜਦ ਜਲੰਧਰ ਦੁਆਬ ਪੁਜਾ ਹੀ ਸੀ ਕਿ ਸਿੰਘਾਂ ਉਸ ਤੇ ਹਲਾ ਬੋਲ ਦਿੱਤਾ। ਹਮਲਾ ਹੁੰਦਾ ਦੇਖ ਅਬਦਾਲੀ ਨੇ ਕਿਹਾ ਹੈ "**ਮੇਰੇ ਹੁੰਦਿਆਂ ਹੀ ਸ਼ਾਹੀ ਤਖਤ ਸਿੱਖਾਂ ਦੇ ਹਥੋਂ ਹਿਲ ਰਿਹਾ ਹੈ। ਕੀ ਹੋਵੇਗਾ ਜਦ ਮੈਂ ਨਹੀਂ ਹੋਵਾਂਗਾ। ਲੋਕੀ ਕੀ ਆਖਣਗੇ ਜਦ ਪੰਜਾਬ ਦੇ ਹਰ ਕੋਨੇ ਵਿਚ ਸਿਖਾਂ ਦਾ ਹੀ ਬੋਲ ਬਾਲਾ ਹੋਵੇਗਾ** ਸੋ ਇਹ ਹੀ ਜੱਚਦਾ ਹੈ ਕਿ ਇਨ੍ਹਾਂ ਦਾ ਡਟ ਕੇ ਟਾਕਰਾ ਕੀਤਾ ਜਾਏ।" ਅਬਦਾਲੀ ਨੇ ਟਾਕਰੇ ਵਜੋਂ ੧੨੦੦੦ ਫ਼ੌਜ ਜਹਾਨ ਖਾਨ ਨੂੰ ਸਜੇ ਪਾਸੇ ਦੀ ਕਮਾਨ ਸੌਂਪੀ ਤੇ ਖਬੇ ਪਾਸੇ ਇਤਨੀ ਹੀ ਫ਼ੌਜ ਨਸੀਰ ਖਾਨ ਨੂੰ ਦਿੱਤੀ ਤੇ ਆਪੂੰ ਵਿਚਕਾਰ ਅੜ ਖਲੋਤਾ। ਇਸੇ ਵਿਉਂਤ ਨਾਲ ਸਰਦਾਰ ਜਸਾ ਸਿੰਘ ਆਹਲੂਵਾਲੀਆ ਤੇ ਸਰਦਾਹ ਜੱਸਾ ਸਿੰਘ ਰਾਮਗੜ੍ਹੀਆ ਨੂੰ ਵਿਚਕਾਰਲੀ ਕਮਾਨ ਸੰਭਾਲੀ। ਸਜੇ ਪਾਸੇ ਸਰਦਾਰ ਚੜ੍ਹਤ ਸਿੰਘ, ਝੰਡਾ ਸਿੰਘ ਤੇ ਲਹਿਣਾ ਸਿੰਘ ਤੇ ਖੱਬਾ ਪਾਸਾ ਸਰਦਾਰ ਹਰੀ ਸਿੰਘ ਭੰਗੀ, ਗੁਲਾਬ ਸਿੰਘ ਨੇ ਮਲ ਲਿਆ। ਸਿਖਾਂ ਦੂਰੋਂ ਗੋਲੀ ਚਲਾ ਕੇ ਅਗਲੇ ਹਿਸੇ ਨੂੰ ਵੱਡੀ ਫ਼ੌਜ ਨਾਲ ਨਿਖੇੜਦੇ ਤੇ ਆਪ ਦੂਰ ਭਜ ਜਾਂਦੇ ਤੇ ਯਕਦਮ ਘੋੜੇ ਖੜੇ ਕਰਕੇ ਮੁਕਾਬਲਾ ਕਰਦੇ ਤੇ ਦੁਸਮਣਾਂ ਦਾ ਸਫ਼ਾਇਆ ਕਰਦੇ। ਬਿਆਸ ਪਾਰ ਹੋਣ ਤਕ ਸਤ ਦਿਨ ਦੁਰਾਨੀ ਸਿੱਖਾਂ ਹੱਥੋਂ ਹੀ ਮਾਰ ਖਾਂਦੇ ਰਹੇ। ਬਿਆਸ ਤੋਂ ਸਿਖ ਵਾਪਸ ਹੋ ਗਏ ਤੇ ਉਡੀਕਣ ਲਗੇ ਕਿ ਅਬਦਾਲੀ ਲਾਹੌਰ ਕੁਝ ਚਿਰ ਸਾਹ ਲੈ ਕੇ ਹਮਲਾ ਕਰੇਗਾ। ਪਰ ਅਬਦਾਲੀ ਲਾਹੌਰ ਨਾ ਰਿਹਾ ਤੇ ਉਸ ਰਹ੍ਤਾਸ ਜਾ ਕੇ ਹੀ ਸਾਹ ਲਿਆ। ਕਾਜ਼ੀ ਨੂਰ ਮੁਹੰਮਦ ਦੇ ਸ਼ਬਦਾਂ ਵਿਚ "ਸ਼ਰਮ ਲਾਹੇ ਬਗੈਰ ਸਿੱਖ ਬਾਰ ਬਾਰ ਅਬਦਾਲੀ ਤੇ ਹਮਲਾ ਕਰਦੇ ਤੇ ਪਿਛੇ ਹਟਦੇ।" ਸਚ ਹੈ ਕਿ ਸਿੱਖ ਨੂੰ ਇਕ ਵਾਰੀ ਨਹੀਂ ਦੋ ਵਾਰੀ ਮਾਰਨਾ ਪੈਂਦਾ ਹੈ। ਰਹ੍ਤਾਸ ਤੋਂ ਹੀ ਅਬਦਾਲੀ ਨੇ ਕਾਬਲੀ ਮਲ ਨੂੰ ਲਾਹੌਰ ਭੇਜਿਆ ਤੇ ਨਸੀਰ ਖਾਨ ਨੂੰ ਸ਼ਾਲ (ਕੋਇਟਾ) ਦੇ ਕੇ ਛੁਟੀ ਲਈ। ਅਬਦਾਲੀ ਤਾਂ ਨਸੀਰ ਖਾਨ ਨੂੰ ਚਨਾਬ, ਝੰਗ, ਮੁਲਤਾਨ ਤੇ ਡੇਰਾ ਜਾਤ ਖਾਨ ਦੇਣਾ ਚਾਹੁੰਦਾ ਸੀ ਪਰ ਉਹ ਸਿੱਖਾਂ ਦੇ ਹੱਲੇ ਦਾ ਸੁਆਦ ਚੱਖ ਚੁੱਕਾ ਸੀ, ਸੋ ਉਸ ਨੇ ਸ਼ਾਲ ਤੇ ਹੀ ਸਬਰ ਕੀਤਾ।

———

ਅਧਿਆਇ ਸਤਾਰਵਾਂ

ਪੰਜਾਬ ਦੇ ਮਾਲਕ ਸਿੱਖ

ਲਾਹੌਰ ਤੇ ਕਬਜ਼ਾ : ਅਹਿਮਦ ਸ਼ਾਹ ਅਬਦਾਲੀ ਮਾਰਚ, ੧੭੬੫ ਨੂੰ ਵਾਪਸ ਕਾਬਲ ਮੁੜਿਆ ਹੀ ਸੀ ਕਿ ਵੈਸਾਖੀ ਵਾਲੇ ਦਿਨ ੧੦ ਅਪ੍ਰੈਲ ੧੭੬੫ ਨੂੰ ਸਿਖ ਅੰਮ੍ਰਿਤਸਰ ਇਕਠੇ ਹੋ ਗਏ। ਸਿਖਾਂ ਗੁਰਮਤਾ ਪਾਸ ਕਰਕੇ ਲਾਹੌਰ ਤੇ ਕਬਜ਼ਾ ਕਰਨ ਦਾ ਫ਼ੈਸਲਾ ਕੀਤਾ। ਲਾਹੌਰ ਦਾ ਗਵਰਨਰ ਕਾਬਲੀ ਮਲ ਜੰਮੂ ਫ਼ੌਜਾਂ ਨੂੰ ਜਥੇਬੰਦ ਕਰਨ ਲਈ ਗਿਆ ਹੋਇਆ ਸੀ। ਭੰਗੀ ਸਰਦਾਰ ਭਾਈ ਗੁਜਰ ਸਿੰਘ ਤੇ ਲਹਿਣਾ ਸਿੰਘ, ੨੦੦੦ ਸਿੱਖ ਸਿਪਾਹੀਆਂ ਸਮੇਤ ਲਾਹੌਰ ਦਾਖਲ ਹੋਏ। ਕਿਲੇ ਵਿਚ ਮਘੋਰ ਕਰਕੇ ਭਾਈ ਗੁਜਰ ਸਿੰਘ ਸੱਭ ਤੋਂ ਪਹਿਲਾਂ ਦਾਖਲ ਹੋਏ। ਫਿਰ ਲਹਿਣਾ ਸਿੰਘ ਤੇ ਦੂਜੇ ਸਿੰਘ ਕਿਲੇ ਅੰਦਰ ਜਾ ਵੜੇ। ਤਾਰਾ ਸਿੰਘ ਮੁੜੰਗ ਨੇ ਕੇਵਲ ੨੫ ਸਾਥੀਆਂ ਸਮੇਤ ਲਾਹੌਰ ਕਿਲੇ ਤੇ ਜਾ ਚੜੇ ਤੇ ਕਾਬਲੀ ਮਲ ਦੇ ਜੁਆਈ ਜਗਨ ਨਾਥ ਨੂੰ ਪਕੜ ਲਿਆ। ਕਾਬਲੀ ਮਲ ਦੇ ਭਤੀਜੇ ਅਮੀਰ ਸਿੰਘ ਨੇ ਵੀ ਟਾਕਰਾ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਵੀ ਪਕੜਿਆ ਗਿਆ।

ਦੂਜੇ ਦਿਨ ਸਰਦਾਰ ਸੋਭਾ ਸਿੰਘ ਕਨ੍ਹਈਆ ਨੇ ਸ਼ਹਿਰ ਦੇ ਕਾਫੀ ਹਿੱਸੇ ਤੇ ਕਬਜ਼ਾ ਕਰ ਲਿਆ। ਸਾਰਾ ਲਾਹੌਰ ਸਿਖਾਂ ਦੇ ਕਬਜ਼ੇ ਵਿਚ ਸੀ। ਪਹਿਲਾਂ ਲਾਹੌਰ ਤੇ ਫਿਰ ਸਾਰਾ ਪੰਜਾਬ ਹੀ ਸਿੱਖਾਂ ਦੇ ਕਬਜ਼ੇ ਵਿਚ ਆ ਗਿਆ।

ਅਬਦਾਲੀ ਦਾ ਅੱਠਵਾਂ ਤੇ ਆਖਰੀ ਹਮਲਾ : ਅਬਦਾਲੀ ਨੇ ਜਦ ਪੰਜਾਬ ਨੂੰ ਅਫਗਾਨ ਸਾਮਰਾਜ ਨਾਲੋਂ ਟੁੱਟਦਾ ਤੇ ਫਿਰ ਸਿੱਖਾਂ ਦੇ ਹੱਥਾਂ ਵਿਚ ਜਾਂਦਾ ਡਿਠਾ ਤਾਂ ਉਸ ਨੇ ਨਵੰਬਰ ੧੭੬੬ ਨੂੰ ਸ਼ਾਹ ਵਲੀ ਖਾਨ ਦੇ ਸ਼ਬਦਾਂ ਅਨੁਸਾਰ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਪੰਜਾਬ ਤੇ ਹਮਲਾ ਕੀਤਾ।

ਜਥੇਦਾਰ ਬਾਲਮ ਸਿੰਘ ਦੀ ਸ਼ਹੀਦੀ : ਇਸ ਵਾਰੀ ਸਿਖ ਉਸ ਦਾ ਆਉਣਾ ਸੁਣ ਕੇ ਪਹਾੜੀਆਂ ਜਾਂ ਜੰਗਲਾਂ ਵਲ ਨ ਨੱਸੇ ਸਗੋਂ ਅੰਮ੍ਰਿਤਸਰ ਇਕੱਠੇ ਹੋਏ ਤੇ ਤਿੰਨ ਜਥੇ ਬਣਾਏ। ਅਬਦਾਲੀ ਨੂੰ ਸਿੰਧ ਪਾਰ ਕਰਦਿਆਂ ਹੀ ਜਥੇਦਾਰ ਬਾਲਮ ਸਿੰਘ ਨੇ ਅਠ ਹਜ਼ਾਰ ਸਿੰਘਾਂ ਦੇ ਨਾਲ ਹਮਲਾ ਬੋਲ ਦਿੱਤਾ। ਪਿਛੋਂ ਸਹਾਇਤਾ ਨਾ ਪੁੱਜਣ ਕਰਕੇ ਬਾਲਮ ਸਿੰਘ ਸ਼ਹੀਦ ਤਾਂ ਹੋ ਗਏ ਪਰ ਅਬਦਾਲੀ ਨੂੰ ਪਤਾ ਲਗ ਗਿਆ ਕਿ ਹੁਣ ਚੱਪੇ ਚੱਪੇ ਤੇ ਟਾਕਰਾ ਹੋਣ ਦੀ ਸੰਭਾਵਨਾ ਹੈ।

ਅਬਦਾਲੀ ਨੇ ਗੁਜਰਾਤ, ਸਿਆਲਕੋਟ, ਪਸਰੂਰ ਦੇ ਜ਼ਿਮੀਂਦਾਰਾਂ ਤੇ ਦੋਸ਼ ਲਗਾਇਆ ਕਿ ਉਹ ਸਿੱਖਾਂ ਨੂੰ ਪਨਾਹਵਾਂ ਦਿੰਦੇ ਹਨ। ਸੋ ਉਨ੍ਹਾਂ ਨੂੰ ਹੁਕਮ ਭੇਜਿਆ ਗਿਆ ਕਿ ਜਿਥੇ ਵੀ ਕੋਈ ਸਿਖ

ਮਿਲੇ ਉਨ੍ਹਾਂ ਦੇ ਹਵਾਲੇ ਕੀਤਾ ਜਾਏ ।

ਦੂਜੀ ਰਣਨੀਤੀ ਉਸ ਇਹ ਬਣਾਈ ਕਿ ਸਿੱਖਾਂ ਵਿਚ ਪਾਟਕ ਪਾਈ ਜਾਏ । ਉਸ ਸਰਦਾਰ ਜੱਸਾ ਸਿੰਘ ਨੂੰ ਜ਼ਗੀਰ ਦੀ ਪੇਸ਼ਕਸ਼ ਕੀਤੀ । ਅਬਦਾਲੀ ਆਪਣਾ ਨੱਕ ਨਮੂਜ ਬਚਾ ਕੇ ਸਦੀਵੀ ਤੌਰ ਤੇ ਪੰਜਾਬ ਤੋਂ ਦੂਰ ਹਟਣਾ ਚਾਹੁੰਦਾ ਸੀ । ਸਰਦਾਰ ਜੱਸਾ ਸਿੰਘ ਨੇ ਮੂੰਹ ਤੋੜ ਉਤਰ ਦਿੱਤਾ । ਬੀਰਾਂ ਨੂੰ ਜਾਗੀਰਾ ਨਹੀਂ ਭਟਮਾ ਸਕਦੀਆਂ ।

ਅੰਮ੍ਰਿਤਸਰ ਤੇ ਹਮਲਾ : ਸਰਦਾਰ ਜਸਾ ਸਿੰਘ ਆਹਲੂਵਾਲੀਆ ਨੂੰ ਨ ਵਸ ਆਉਂਦਾ ਦੇਖ ਕੇ ਅਬਦਾਲੀ ਨੇ ਅੰਮ੍ਰਿਤਮਰ ਤੇ ਫਿਰ ਹਮਲਾ ਕਰਵਾਇਆ । ਜਹਾਨ ਖਾਨ ਨੂੰ ਭਾਵੇਂ ਹਾਰ ਹੋਈ ਪਰ ਅੰਮ੍ਰਿਤਸਰ ਇਕ ਵਾਰੀ ਫ਼ਿਰ ਗਿਰਾਇਆ ਗਿਆ । ੪੦੦੦ ਦੇ ਕਰੀਬ ਸਿੰਘ ਸ਼ਹੀਦ ਹੋ ਗਏ । ਸਿੱਖਾਂ ਵੀ ਪੈਰ ਪੱਕੇ ਰੱਖੇ ਪਰ ਇਹ ਵਿਚਾਰ ਬਣੀ ਕਿ ਲਾਹੌਰ ਵਲ ਵਧਿਆ ਜਾਏ ਤਾਂ ਕਿ ਅਬਦਾਲੀ ਨੂੰ ਰਾਹ ਵਿਚ ਰੋਕ ਪਾਈ ਜਾਏ । ਅਬਦਾਲੀ ਵੀ ਦੇਖ ਲਿਆ ਕਿ ਨਰਮ ਨੀਤੀ ਹੀ ਠੀਕ ਰਵੇਗੀ । ਨਾਲੇ ਲਾਹੌਰ ਦੇ ਲੋਕਾਂ ਨੇ ਅਬਦਾਲੀ ਨੂੰ ਦਸਿਆ ਕਿ ਲਹਿਣਾ ਸਿੰਘ ਦੀ ਅਗਵਾਈ ਹੇਠਾਂ ਲਾਹੌਰ ਦਾ ਪ੍ਰਬੰਧ ਪੱਖਪਾਤ ਤੋਂ ਰਹਿਤ ਸੀ । ਉਸ ਨੇ ਭਾਈ ਲਹਿਣਾ ਸਿੰਘ ਨੂੰ ਪਰਵਾਨਾ, ਧੁੱਸਾ ਤੇ ਕਾਬਲ ਦੇ ਮੇਵੇ ਭੇਜੇ । ਸਰਦਾਰ ਲਹਿਣਾ ਸਿੰਘ ਨੇ ਅਗੋਂ ਉਤਰ ਦਿੱਤਾ ਕਿ ਪਾਤਸ਼ਾਹੀ ਤਾਂ ਸਿੰਘਾਂ ਨੂੰ ਧੁਰ ਦਰਗਾਹੋਂ ਮਿਲੀ ਹੈ ਤੇ :

"ਸਿੰਘ ਹੋਇ ਰਾਖੈ ਕਿਮਕਾਨ,
ਐਰੇ ਗੈਰੇ ਕਾ ਮੰਗੈ ਫਰਮਾਨ ।"

ਧੁਸਾ ਦੀ ਥਾਂ ਉਨ੍ਹਾਂ ਭੂਰਾ ਭੇਜਿਆ ਤੇ ਮੇਵਿਆਂ ਦੀ ਥਾਂ ਪਿੰਡ ਦੇ ਗੋਂਗਲੂ ਭੇਜੇ ਤੇ ਲਿਖਿਆ ਕਿ ਸਾਨੂੰ ਇਹ ਹੀ ਸੋਭਦੇ ਹਨ ।

ਅਬਦਾਲੀ ਨੇ ਫਿਰ ਆਪਣੇ ਸਾਥੀਆਂ, ਸ਼ਾਹ ਵਲੀ ਖਾਨ, ਜਹਾਨ ਖਾਨ, ਸ਼ਾਹ ਪਸੰਦ ਖਾਨ ਤੇ ਫੈਜ਼ ਤਾਲਿਬ ਖਾਨ, ਨਸੀਰ ਖਾਨ ਬਲੋਚ ਦੇ ਕਹਿਣ ਤੇ ੧੫ ਜਨਵਰੀ ੧੭੬੭ ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਝੰਡਾ ਸਿਘ ਤੇ ਖੁਸ਼ਹਾਲ ਸਿੰਘ ਨੂੰ ਲਿਖਿਆ ਕਿ ਜਾਂ ਤਾਂ ਉਹ ਸਾਹਮਣੇ ਆ ਕੇ ਲੜਣ ਜਾਂ ਉਸ ਦੀ ਫ਼ੌਜ ਵਿਚ ਸ਼ਾਮਲ ਹੋ ਜਾਣ । ਇਸੇ ਤਰ੍ਹਾਂ ਚੰਬਾ ਦੇ ਰਾਜਾ, ਅਦੀਨਾ ਬੇਗ ਦੀ ਸੰਤਾਨ ਦੇ ਕਈ ਮੁਖੀਆਂ ਨੇ ਸਿਖਾਂ ਪਾਸ ਵਕੀਲ ਭੇਜੇ ਕਿ ਉਹ ਅਬਦਾਲੀ ਨਾਲ ਸੁਲਹ ਕਰ ਲੈਣ ਪਰ ਸਿਖਾਂ ਦੇ ਜਥੇਦਾਰਾਂ ਕਿਹਾ ਕਿ ਪੰਜਾਬ ਉਨ੍ਹਾਂ ਦਾ ਹੈ, ਤੇ ਹੋਰ ਕਿਸੇ ਦਾ ਅਧਿਕਾਰ ਹੈ ਨਹੀਂ ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜ਼ਖਮੀ ਹੋਣਾ : ਅੰਮ੍ਰਿਤਸਰ ਦੀ ਜੰਗ ਵਿਚ ਸਰਦਾਰ ਜੱਸਾ ਸਿੰਘ ਵੀ ਜ਼ਖਮੀ ਹੋ ਗਏ ਸਨ । ਉਨ੍ਹਾਂ ਇਕ ਪਿੰਡ ਵਿਚ ਟਿਕਾਣਾ ਰਖਿਆ ਪਰ ਪਿੰਡ ਦੇ ਲੋਕੀ ਅਬਦਾਲੀ ਤੋਂ ਡਰ ਰਹੇ ਸਨ ਸੋ ਸਰਦਾਰ ਜਸਾ ਸਿੰਘ ਨੇ ਲਖੀ ਜੰਗਲ ਜਾਣਾ ਹੀ ਠੀਕ ਜਾਣਿਆ ਤੇ ਜਥੇਦਾਰੀ ਸਰਦਾਰ ਗੁਜਰ ਸਿੰਘ ਭੰਗੀ ਤੇ ਸਰਦਾਰ ਸ਼ਾਮ ਸਿੰਘ ਨਾਰੋਕੇ ਨੂੰ ਦੇ ਗਏ । ਅਬਦਾਲੀ ਵੀ ਅੰਮ੍ਰਿਤਸਰ ਤੋਂ ਦਿਲੀ ਵਲ ਟੁਰ ਪਿਆ ।

ਅਬਦਾਲੀ ਸਰਹੰਦ ਵਿਖੇ : ਅਜੇ ਅਬਦਾਲੀ ਦਿਲੀ ਵਲ ਵਧਿਆ ਹੀ ਸੀ ਕਿ ਉਸ ਨੂੰ ਪਿੱਛੇ ਮੁੜਨਾ ਪਿਆ ਕਿਉਂਕਿ ਭਾਈ ਗੁਜਰ ਸਿੰਘ ਜੀ ਦੀ ਅਗਵਾਈ ਹੇਠਾਂ ਨਸੀਹ ਖਾਨ ਨੂੰ ਹਾਰ ਦਿੱਤੀ ਗਈ । ਬਲੋਚ ਸਿਖਾਂ ਦੇ ਹੱਲੇ ਦਾ ਟਾਕਰਾ ਨ ਕਰ ਸਕੇ । ਕਾਬਲ ਤੋਂ ੩੦੦ ਊਠਾਂ ਤੇ ਆ ਰਿਹਾ ਮਾਲ ਵੀ ਸਿਖਾਂ ਲੁੱਟ ਲਿਆ । ਅਬਦਾਲੀ ਵਾਪਸ ਮੁੜਿਆ ਪਰ ਸਿੰਘ ਤਾਂ ਸਿਆਲਕੋਟ ਤੇ ਜੰਮੂ ਜਾ ਚੁੱਕੇ ਸਨ ।

ਲਾਹੌਰ ਤੋਂ ਅਬਦਾਲੀ ਫਿਰ ਦਿਲੀ ਵਲ ਚਲਿਆ । ਨਜੀਬ-ਉਦ-ਦਉਲਾ ਅਸਮਈਲ

ਅਬਾਦ ਮਿਲਿਆ। ਅਬਦਾਲੀ ਨੇ ਦਿਲੀ ਜਾਣਾ ਨ ਠੀਕ ਜਾਣ ਟਿਕਾਣਾ ਸਰਹੰਦ ਹੀ ਕੀਤਾ। ਸਿੱਖਾਂ ਦੀ ਪਕੜ ਧਕੜ ਜਾਰੀ ਰਖੀ। ਜਹਾਨ ਖਾਨ ਦੇ ਪੁਤਰ ਜ਼ਬੈਤਾ ਖਾਨ ਨੂੰ ਇਕ ਦਸਤੇ ਦਾ ਇੰਚਾਰਜ ਬਣਾ ਕੇ ਸਿੱਖਾਂ ਦਾ ਪਿੱਛਾ ਕਰਨ ਲਈ ਨਿਯਤ ਕੀਤਾ। ਪਰ ਸਿਖ ਹੁਣ ਕਿਸੇ ਦਾ ਪਿਛਾ ਕੀਤਿਆਂ ਨਹੀਂ ਸਨ ਹਟਦੇ ਤੇ ਨਾ ਟਾਕਰੇ ਤੋਂ ਘਬਰਾਉਂਦੇ ਸਨ। ਅਬਦਾਲੀ ਨੇ ਆਲਾ ਸਿੰਘ ਦੇ ਪੋਤਰੇ ਸਰਦਾਰ ਅਮਰ ਸਿੰਘ ਨੂੰ ਰਾਜ-ਏ-ਰਾਜਗਾਨ ਦਾ ਖਿਤਾਬ ਦੇ ਕੇ ਆਪਣੇ ਵਲ ਦਾ ਕਰਨਾ ਚਾਹਿਆ। ਅਬਦਾਲੀ ਮਾਰਨ ਨਾਲੋਂ ਹੁਣ ਸਿਖਾਂ ਨੂੰ ਪਾੜਣ ਵਿਚ ਲਗਾ ਹੋਇਆ ਸੀ। ਪਰ ਇਸ ਵਿਚ ਵੀ ਉਹ ਸਫਲ ਨ ਹੋ ਸਕਿਆ।

ਘਬਰਾਹਟ ਤੇ ਅਬਦਾਲੀ ਦੀ ਵਾਪਸੀ : ਫ਼ੌਜਾਂ ਅਬਦਾਲੀ ਦੇ ਨਿੱਤ ਚੜ੍ਹਦੇ ਸੂਰਜ ਨਿਤ ਨਵੇਂ ਹੁਕਮਾਂ ਤੇ ਸਿਖਾਂ ਦੇ ਹਮਲਿਆਂ ਤੋਂ ਘਬਰਾ ਗਈਆਂ ਸਨ। ਫ਼ੌਜਾਂ ਵਿਚ ਥਕਾਵਟ ਵੀ ਸੀ ਤੇ ਨਾਲ ਗੁੱਸਾ ਵੀ। ਅਫਗਾਨਾਂ ਨੂੰ ਹੁਣ ਲੁੱਟ ਦਾ ਮਾਲ ਵੀ ਨਹੀਂ ਸੀ ਮਿਲ ਰਿਹਾ ਸੋ ਫ਼ੌਜਾਂ ਉਸ ਤੋਂ ਪੁਛੇ ਬਗੈਰ ਹੀ ਵਾਪਸ ਮੁੜਨ ਲਗ ਪਈਆਂ। ਉਸ ਦੇ ਧੰਨ ਮਾਲ ਤੇ ਇਹ ਕਾਰੀ ਚੋਟ ਸੀ। ਇਸ ਵਾਰੀ ਉਹ ਕਾਬਲ ਤੋਂ ਇਸ ਲਈ ਆਇਆ ਸੀ ਕਿ ਪਕੇ ਤੌਰ ਤੇ ਸਿੱਖਾਂ ਨੂੰ ਰੋਕ ਪਾ ਕੇ ਹੀ ਮੁੜੇਗਾ। ਪਰ ਆਪਣੀਆਂ ਫ਼ੌਜਾਂ ਦੀ ਹੀ ਬੇਦਿਲੀ ਨੇ ਉਸ ਨੂੰ ਵਾਪਸ ਮੁੜਨ ਤੇ ਮਜ਼ਬੂਰ ਕਰ ਦਿੱਤਾ। ਅਬਦਾਲੀ ਨੂੰ ਆਪਣਾ ਬੁਢੇਪਾ ਵੀ ਦਿਸ ਰਿਹਾ ਸੀ। ਅਬਦਾਲੀ ਇਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਉਹ ਮੁੜ ਪੰਜਾਬ ਨਹੀਂ ਆ ਸਕੇਗਾ। ਇਸੇ ਲਈ ਉਸ ਸਿਖਾਂ ਨਾਲ ਸਮਝੌਤੇ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ। ਉਹ ਵੀ ਜਾਣ ਗਿਆ ਸੀ ਕਿ ਪੰਜਾਬ ਹੁਣ ਅਫ਼ਗਾਨ ਸਾਮਰਾਜ ਦਾ ਹਿੱਸਾ ਨਹੀਂ ਰਹਿ ਸਕਦਾ। ਮਾਝਾ ਉਸ ਆਪਣੇ ਅਧਿਕਾਰੀਆਂ ਨੂੰ ਵੰਡ ਦਿੱਤਾ ਅਤੇ ਸਿੱਖਾਂ ਦੇ ਟਾਕਰੇ ਤੋਂ ਡਰ ਕੇ ਉਹ ਹੁਣ ਚਨਾਬ ਦੇ ਰਾਹ ਨਾ ਗਿਆ ਸਗੋਂ ਮੁਲਤਾਨ ਤੋਂ ਕਾਬਲ ਹੋ ਗਿਆ। **ਇਸ ਤੋਂ ਵੱਡੀ ਸਿੱਖ ਦੀ ਜਿੱਤ ਕੀ ਹੋ ਸਕਦੀ ਸੀ ਕਿ ਉਹ ਅਬਦਾਲੀ ਜੋ ਹਨੇਰੀ ਵਾਂਙ ਪੰਜਾਬ ਤੇ ਹਮਲਾ ਕਰਦਾ ਸੀ,ਹਵਾ ਦੇ ਬੁਲੇ ਵਾਂਙ ਲੁਕ ਕੇ ਜਾ ਰਿਹਾ ਸੀ। ਜੋ ਬਾਜ਼ ਵਾਂਙ ਝਪੱਟਦਾ ਸੀ, ਉਹ ਕਬੂਤਰ ਵਾਂਙ ਅੱਖਾਂ ਮੀਟ ਜਾਨ ਬਚਾ ਕੇ ਘਰ ਆਲ੍ਹਣੇ ਵਿਚ ਜਾਣਾ ਚਾਹੁੰਦਾ ਸੀ। ਜਿਸ ਦੀ ਧਮਕ ਤੋਂ ਦਿਲੀ ਦਹਿਲਦੀ ਸੀ ਉਹ ਪੰਜਾਬ ਵਿਚ ਪੈਰ ਰੱਖਣ ਜੋਗਾ ਨਹੀਂ ਸੀ। ਇਹ ਸੀ ਪੰਜਾਬ ਦੀ ਬੀਰ ਪ੍ਰੰਪਰਾ ਦਾ ਸਿਖਰ ਜੋ ਵਿਕਾਸ ਕਰਕੇ ਇਥੋਂ ਤਕ ਪੁਜ ਗਿਆ ਸੀ।**

ਸੰਪੂਰਨ ਪੰਜਾਬ ਤੇ ਕਬਜ਼ਾ ਅਤੇ ਦਬਦਬਾ : ਅਬਦਾਲੀ ਦਾ ਕਾਬਲ ਵਲ ਮੁੜਨਾ ਹੀ ਸੀ ਕਿ ਸਿਖਾਂ ਲਾਹੌਰ ਤੇ ਕਬਜ਼ਾ ਕਰ ਲਿਆ। ਸਤਲੁਜ ਪਾਰ ਵੀ ਸਿਖਾਂ ਨੇ ਆਪਣੇ ਅਧਿਕਾਰ ਜਮਾ ਲਏ। ਹੁਣ ਕੋਈ ਤਾਕਤ ਸਿੱਖਾਂ ਦੇ ਟਾਕਰੇ ਵਿਚ ਨਹੀਂ ਸੀ। ਸਤ ਸਾਲ ਦੀ ਲਗਾਤਾਰ ਜਦੋ-ਜਹਿਦ ਪਿਛੋਂ ਸਿੱਖਾਂ ਨੂੰ ਪੰਜਾਬ ਵਿਚ ਐਸਾ ਵਾਤਾਵਰਨ ਮਿਲਿਆ ਜਿਥੇ ਸਿਖੀ ਵੱਧ ਫੁਲ ਸਕਦੀ ਸੀ। ਮੁੱਗਲ ਸ਼ਕਤੀ ਦਿਲੀ ਦੇ ਲਾਲ ਕਿਲ੍ਹੇ ਦੀਆਂ ਦੀਵਾਰਾਂ ਤਕ ਹੀ ਸੀਮਤ ਸੀ। ਪੰਜਾਬ ਵਿਚ ਕੋਈ ਸਿਰ ਕੱਢ ਫ਼ੌਜਦਾਰ ਜਾਂ ਨਵਾਬ ਨਹੀਂ ਸੀ ਰਿਹਾ। ਅਫਗਾਨ ਸਿਰ ਭੰਨਾ ਕੇ ਕਾਬਲ ਜਾ ਬੈਠੇ ਸਨ। ਭਾਵੇਂ ਸਿੰਧ ਸਾਗਰ ਤੇ ਚੱਜ ਦੁਆਬ ਅਫਗਾਨ ਆਪਣੇ ਕਬਜ਼ੇ ਰੱਖਣ ਲਈ ਸਿਰ ਤੋੜ ਕੋਸ਼ਿਸ਼ ਕਰ ਰਹੇ ਸਨ ਪਰ ਉਹ ਵੀ ਆਉਂਦੇ ਸਾਲਾਂ ਵਿਚ ਉਨ੍ਹਾਂ ਦੇ ਕਬਜ਼ੇ ਵਿਚ ਨਹੀਂ ਰਹਿਣੇ ਸਨ। ਸਰਦਾਰ ਚੜ੍ਹਤ ਸਿੰਘ ਸੁਕਰਚਕੀਆ ਦੀ ਤਲਵਾਰ ਅਟਕ ਨੂੰ ਛੂੰਹਦੀ ਸੀ ਤੇ ਘੋੜੇ ਸਿੰਧ ਦਰਿਆ ਪਾਣੀ ਪੀਂਦੇ ਸਨ। ਸਰਦਾਰਾਂ ਨੇ ਸਚ ਮੁਚ ਹੀ ਹੰਨੇ ਹੰਨੇ ਮੀਰੀ ਬਣਾ ਲਈ। ਕੰਨਿਘਮ ਤੇ ਮੈਲਕਮ ਨੇ ਲਿਖਿਆ ਹੈ ਕਿ ਸਿੱਖਾਂ ਦਾ ਇਤਨਾ ਦੱਬਦਬਾ ਸੀ ਕਿ ਜਿੱਥੇ

ਕੋਈ ਸਿੱਖ ਸਰਦਾਰ ਕੋਈ ਨਿਸ਼ਾਨੀ ਛੱਡ ਜਾਂਦਾ ਸੀ, ਉਸ ਦਾ ਅਧਿਕਾਰ ਗਿਣਿਆ ਜਾਂਦਾ ਸੀ। ਇਕ ਵਾਰੀ ਇਕ ਸਿੰਘ ਨੇ ਆਪਣੇ ਤਨ ਦੇ ਬਸਤ੍ਰ ਜਦ ਪਿੰਡਾਂ ਵਿਚ ਰੱਖਣੇ ਸ਼ੁਰੂ ਕੀਤੇ ਤਾਂ ਆਖਿਰ ਉਸ ਕੋਲ ਤਨ ਢੱਕਣ ਲਈ ਵੀ ਕੁਝ ਨ ਰਿਹਾ। ਫੋਰਸਟਰ ਨੇ ਵੀ ਡਿਠਾ ਕਿ ਸ੍ਰੀ ਨਗਰ (ਗੜ੍ਹਵਾਲ) ਦੇ ਅਸਥਾਨ ਤੇ ਦੋ ਸਿੰਘ ਘੋੜਿਆਂ ਤੇ ਚੜ੍ਹਕੇ ਆਏ ਤੇ ਉਨ੍ਹਾਂ ਦਾ ਇਤਨਾ ਸਤਿਕਾਰ ਹੋਇਆ ਕਿ ਫਾਰਸਟਰ ਆਪੂੰ ਹੈਰਾਨ ਹੋਇਆ। ਉਸ ਅਰਦਾਸ ਕਰਦੇ ਲਿਖਿਆ ਕਿ ਦਾਤਾ ਕਰੇ ਦੋ ਕੁ ਦਿਨ ਸਿਖ ਦੀ ਰੂਹ ਉਸ ਵਿਚ ਵੀ ਪ੍ਰਵੇਸ਼ ਕਰ ਜਾਏ ਤਾਕਿ ਸਨਮਾਨ ਖੱਟ ਅਤੇ ਆਦਰ ਪਾ ਸਕੇ। ੨੨ ਫਰਵਰੀ ੧੭੯੩ ਦੀ ਡਾਇਰੀ ਲਿਖਦੇ ਹੋਏ ਫਾਰਸਟਰ ਲਿਖਦਾ ਹੈ, "ਮੈਂ ਦੋ ਸਿਖ ਘੋੜ ਸਵਾਰ ਦੇਖੇ ਜੋ ਆਪਣੇ ਇਲਾਕਿਆਂ ਵਿਚੋਂ ਗੜ੍ਹਾਵਲ ਦੀ ਰਿਆਸਤ ਦੇ ਰਾਜ ਕੋਲੋਂ ਸ੍ਰੀ ਨਗਰ ਵਿਚ ਖਿਰਾਜ ਉਘਰਾਹੁਣ ਲਈ ਅਏ ਸਨ। ਜਿਤਨਾ ਉਨ੍ਹਾਂ ਦਾ ਸਤਿਕਾਰ ਤੇ ਆਉਭਗਤ ਹੋਈ ਤੇ ਜਿਸ ਸ਼ਾਨਦਾਰ ਢੰਗ ਨਾਲ ਉਨ੍ਹਾਂ ਵੀ ਵਰਤਾਓ ਕੀਤਾ ਉਸ ਨੂੰ ਦੇਖ ਕੇ ਮੈਂ ਵਾਰ ਵਾਰ ਇਹ ਚਾਹੁੰਦਾ ਸਾਂ ਕਿ ਕੁਝ ਹਫਤਿਆਂ ਲਈ ਮੇਰੀ ਰੂਹ ਕਿਸੇ ਸਿਖ ਦੇ ਸ਼ਰੀਰ ਵਿਚ ਚਲੀ ਜਾਏ ਕਿਉਂਕਿ ਐਨਾ ਸੁੰਦਰ ਤੇ ਸੋਹਣਾ ਉਹ ਬਹਾਦਰ ਸਿਖ ਵਰਤਾਓ ਕਰਦੇ ਸਨ।"

ਅਗਲੇ ਸਾਲਾਂ ਵਿਚ ਬੇਸ਼ਕ ਤੈਮੂਰ ਤੇ ਸ਼ਾਹ ਜ਼ਮਾਨ ਦੇ ਹਮਲੇ ਜ਼ਰੂਰ ਹੋਏ ਪਰ ਤੈਮੂਰ ਦਾ ਕੋਈ ਹਮਲਾ ਪੰਜਾਬ ਤੇ ਨ ਹੋਇਆ ਸਗੋਂ ਉਸ ਨੂੰ ਜਦ ਹਮਲਾ ਕਰਨ ਲਈ ਕਿਹਾ ਗਇਆ ਤਾਂ ਉਸ ਲਿਖਆ, "ਮੇਰੇ ਪਿਉ ਨੇ ਕੀ ਖੱਟਿਆ ਸਿਖਾਂ ਤੇ ਹਮਲਾ ਕਰ ਕਰ ਕੇ"; ਗੱਲ ਉਸ ਦੀ ਸਚੀ ਸੀ। ਲਗਾਤਾਰ ਹਮਲਿਆਂ ਨਾਲ ਕਾਬਲ ਕਮਜ਼ੋਰ ਹੋਇਆ ਤੇ ਹਰਮੰਦਰ ਦੀ ਉਹ ਇੱਟ ਜੋ ਅਬਦਾਲੀ ਦੇ ਨੱਕ ਨੂੰ ਵੱਜੀ ਸੀ, ਉਸ ਦੀ ਜਾਨ ਲੈਣ ਦਾ ਕਾਰਣ ਬਣੀ। ਪਿਛੋਂ ਸ਼ਾਹ ਜਮਾਨ ਨੇ ਵੀ ਕੁਝ ਹਮਲੇ ਕੀਤੇ ਪਰ ਕਿਸੇ ਵਿਚ ਵੀ ਉਸ ਨੂੰ ਸਫਲਤਾ ਨਾ ਮਿਲੀ। ਜਦ ੧੭੯੯ ਦੀ ਜੁਲਾਈ ਨੂੰ ਜਮਾਨ ਨੇ ਕਿਲ੍ਹੇ ਅੰਦਰ ਬੜਾ ਬੋਲ ਬੋਲਦੇ ਕਿਹਾ ਕਿ ਸਿਖਾਂ ਦੀ ਕੀ ਮਜ਼ਾਲ ਹੈ ਕਿ ਉਹ ਉਸ ਦੇ ਟਾਕਰੇ ਵਿਚ ਟਿਕ ਸਕਣ; ਉਹ ਤਾਂ ਦੁਰਾਨੀਆਂ ਦੇ ਘੋੜਿਆਂ ਦੇ ਸੁਮਾਂ ਦੀ ਧੂੜ ਉੱਡਦੀ ਦੇਖਕੇ ਨੀ ਦੂਰ ਭੱਜ ਨਿਕਲਦੇ ਹਨ ਤਾਂ (ਮਹਾਰਾਜਾ) ਰਣਜੀਤ ਸਿੰਘ ਨੇ ੧੭ ਸਾਲ ਦੀ ਉਮਰ ਵਿਚ ਆਪਣੇ ਸਾਥੀਆਂ ਨੂੰ ਵੰਗਾਰ ਪਾਕੇ ਕਿਹਾ" ਖਾਲਸਾ ਜੀ ਸ਼ਾਹ ਜਮਾਨ ਨੂੰ ਭੁਲੇਖਾ ਪੈ ਗਿਆ ਹੈ। ਉਹ ਸਮਝਣ ਲਗ ਪਇਆ ਹੈ ਕਿ ਖਾਲਸਾ ਡਰ ਗਿਆ ਹੈ। ਹੁਣ ਸੁਆਦ ਇਸੇ ਵਿਚ ਹੈ ਕਿ ਅਸੀਂ ਉਸ ਦੇ ਹੰਕਾਰ ਨੂੰ ਤੋੜੀਏ ਤੇ ਖਾਲਸਾ ਦੀ ਪ੍ਰਮੁਖਤਾ ਦਾ ਨਗਾਰਾ ਲਾਹੌਰ ਜਾ ਕੇ ਵਜਾਈਏ।" ਸ਼ਾਹ ਜਮਾਨ ਨੂੰ ਸੁਪਨੇ ਵਿਚ ਵੀ ਇਹ ਖਿਆਲ ਨਹੀਂ ਸੀ ਕਿ ਖਾਲਸਾ ਬਿਨਾ ਟਾਕਰੇ ਦੇ ਹੀ ਲਾਹੌਰ ਕਿਲ੍ਹੇ ਤਕ ਪੁਜ ਜਾਇਗਾ। ਤੇ ਉਹ ਵੀ ਐਨ ਕਿਲੇ ਦੇ ਹੇਠਾਂ। ਰਣਜੀਤ ਸਿੰਘ ਨੇ ਸ਼ਾਹ ਜਮਾਨ ਨੂੰ ਵੰਗਾਰ ਪਾਂਦੇ ਕਿਹਾ, "ਓ, ਅਹਿਮਦ ਸ਼ਾਹ ਦੇ ਪੋਤਰੇ ਆ ਕੇ (ਸਰਦਾਰ) ਚੜ੍ਹਤ ਸਿੰਘ ਦੇ ਪੋਤਰੇ ਨਾਲ ਦੋ ਤਿੰਨ ਬਹਾਦਰੀ ਦੇ ਹੱਥ ਕਰ ਦੇਖ" ਜਦ ਅੰਦਰੋ ਕੋਈ ਆਵਾਜ਼ ਨ ਆਈ ਤਾਂ ਫਿਰ ਰਣਜੀਤ ਸਿੰਘ ਨੇ ਲਲਕਾਰ ਕਿਹਾ ਕਿ ਫੜਾਂ ਤਾਂ ਬੜੀਆਂ ਮਾਰਦਾ ਸੈਂ। ਹੁਣ ਮੂੰਹ ਵੀ ਨਹੀਂ ਦਿਖਾਉਂਦਾ ਜਾਂ ਤਾਂ ਇਥੋਂ ਚੁਪ ਕਰਕੇ ਟੁਰ ਜਾ ਤੇ ਜੇ ਤੇਰੇ ਦਿਲ ਕੋਈ ਗੁਮਾਨ ਈ ਤਾਂ ਦੋ ਹੱਥ ਕਰ ਵੇਖਾਂ।" ਸ਼ਾਹ ਜਮਾਨ ਵਿਚ ਕਿਥੇ ਸ਼ਕਤੀ ਸੀ ਕਿ ਸਿਖਾਂ ਨਾਲ ਦੋ ਹੱਥ ਕਰੇ। ਉਹ ਵਾਪਸ ਮੁੜ ਗਇਆ ਤੇ ਮੁੜ ਪੰਜਾਬ ਆਇਆ ਜ਼ਰੂਰ ਪਰ ਹੱਥ ਵਿਚ ਸੋਟੀ ਫੜ, ਅੰਨ੍ਹਾ ਹੋਇਆ, ਮਹਾਰਾਜਾ ਰਣਜੀਤ ਸਿੰਘ ਕੋਲੋਂ ਪਨਾਹ ਲੈਣ ਲਈ।

ਹਿੰਦੁਸਤਾਨ ਨੂੰ ਸਿੱਖਾਂ ਵਲੋਂ ਤੋਹਫਾ: ਬਸ, ਸਿੱਖਾਂ ਨੇ ਜੋ ਗੁਰਮਤਾ ੧੭੪੮ ਨੂੰ

ਅੰਮ੍ਰਿਤਸਰ ਕੀਤਾ ਸੀ ਉਸ ਦੀ ਪੂਰਤੀ ਕਰ ਲਈ। ਇਹ ਸਾਬਤ ਕਰ ਦਿੱਤਾ ਕਿ ਪੰਜਾਬ ਨ ਹਿੰਦੂ ਨ ਮੁਸਲਮਾਨ, ਪੰਜਾਬ ਸਾਰਾ ਜੀਉਂਦਾ ਗੁਰਾਂ ਦੇ ਨਾਮ ਤੇ। ਉਹ ਸਭ ਸੁਪਨੇ ਸਿੰਘਾਂ ਚੂਰ ਚੂਰ ਕਰ ਦਿੱਤੇ ਜੋ ਅਫਗਾਨਾਂ, ਮਰਹਟਿਆਂ ਜਾਂ ਮੁੱਗਲਾਂ ਪੰਜਾਬ ਸੰਬੰਧੀ ਲਏ ਸਨ। ਕਰਨਲ ਪੋਲੀਆਰ ਨੇ ਠੀਕ ਲਿਖਆ ਹੈ ਕਿ ਪੰਜਾਬ ਸਿਖਾਂ ਵਲੋਂ ਹਿੰਦੁਸਤਾਨ ਨੂੰ ਤੋਹਫਾ ਹੈ ਅਤੇ ਉਹ ਤੋਹਫਾ ਸਿਖਾਂ ਨੇ ਜਾਨਾਂ ਹੂਲਕੇ, ਚਰਖੜੀਆਂ ਚੜ੍ਹਕੇ, ਘਲੂਘਾਰੇ ਸਾਹਰ ਕੇ ਭੇਟ ਕੀਤਾ। ਕਿਸੇ ਅਫਗਾਨ ਦੀ ਪੰਜਾਬ ਨਾਲ ਮਿਲਾਉਣ ਦੀ ਜੁਅਰਤ ਨ ਹੋ ਸਕੀ। ਹਰੀ ਰਾਮ ਗੁਪਤਾ ਨੇ ਇਸ ਨੂੰ ਇਕ ਕਰਾਮਾਤ ਕਿਹਾ ਹੈ। ਕਰਾਮਤਾ ਦੇ ਨਾਲ ਨਾਲ ਇਹ ਹੋਰਉ ਗੰਗ ਵਗਾਉਣ (ਉਲਟੀ ਗੰਗਾ) ਵਾਲਾ ਕਰਮ ਵੀ ਸੀ। ਅਗੇ ਹਮਲੇ ਅਫਗਾਨਾਸਤਾਨ ਵਲੋਂ ਹਿੰਦੁਸਤਾਨ ਤੇ ਹੁੰਦੇ ਸਨ, ਹੁਣ ਅਗਲੇ ਇਤਿਹਾਸ ਵਿਚ ਪੰਜਾਬ ਅਫਗਾਨਸਤਾਨ ਤੇ ਹਮਲਾਵਾਰ ਹੋਏਗਾ। ਅਠਾਰਵੀਂ ਸਦੀ ਦੇ ਸੂਰਮਿਆਂ ਨੇ ਐਸੀ ਉਲਟੀ ਗੰਗਾ ਵਗਾਈ ਜੋ ਹੁਣ ਤਕ ਚਲ ਰਹੀ ਹੈ।

ਦਿਲੀ ਤਕ ਨਿਵਾਇਆ : ਇਧਰ ਪੰਜਾਬ ਵਿਚ ਸਿੱਖਾਂ ਦਾ ਦਬਦਬਾ ਵੱਧਿਆ ਉਧਰ 'ਦਲੀ ਤਕ ਸਤਲੁਜ ਤੋਂ ਪਾਰ ਰਹੁਬ ਜਮਾਇਆ। ਇਥੋਂ ਤਕ ਜਿਸ ਗੁਲਾਮ ਕਾਦਰ ਰੁਹੇਲੇ ਕੋਲੋਂ ਦਿਲੀ ਥਰ ਥਰ ਕੰਬਦੀ ਸੀ ਤੇ ਜਿਸ ਨੇ ਸ਼ਾਹ ਅਲਾਮ ਦੀਆਂ ਬੇਗਮਾਂ ਦਾ ਨਾਚ ਆਪਣੇ ਸਾਮ੍ਹਣੇ ਕਰਵਾਇਆ ਸੀ, ਉਸ ਨੇ ਤੇ ਉਸ ਦੇ ਪਿਤਾ ਜ਼ਾਬਤਖਾਨ ਨੇ ੧੭੭੭ ਵਿਚ ਅੰਮ੍ਰਿਤ ਛਕੇ ਸਿਖੀ ਧਾਰਣ ਕੀਤੀ। ਜ਼ਾਬਤਾ ਖਾਨ ਦਾ ਨਾਂ ਧਰਮ ਸਿੰਘ ਹੋਇਆ। ਅਤੇ ਗੁਲਾਮ ਕਾਦਰ ਦਾ ਨਾਂ ਕਰਮ ਸਿੰਘ। ਜ਼ਾਬਤਾ ਖਾਨ ਨੇ ਗੋਸ ਗੜ੍ਹ ਦੇ ਕਿਲ੍ਹੇ ਦਾ ਨਾਂ ਵੀ ਸ਼ਰਧਾ ਨਾਲ 'ਗੁਰੂ ਗੜ' ਰੱਖ ਦਿਤਾ ਸੀ। ਲੋਕਾਂ ਵਿਚ ਇਹ ਅਖਾਣ ਵੀ ਪ੍ਰਚਲਤ ਸੀ :

"ਐਸਾ ਏਕ ਗੁਰੂ ਕਾ ਚੇਲਾ
ਆਧਾ ਸਿੱਖ ਆਧਾ ਰੁਹੇਲਾ।"

ਕਬਜ਼ੇ ਤੇ ਅਧਿਕਾਰ :—

ਰਾਜਾ ਅਮਰ ਸਿੰਘ ਪਟਿਆਲਾ ਨੇ ਮਲੇਰ ਕੋਟਲਾ ਤੋਂ ਲੈ ਕੇ ਅੰਬਾਲਾ ਤਕ ਅਧਿਕਾਰ ਕੀਤਾ। ਸਿਵਾਲਕ ਦੀਆਂ ਪਹਾੜੀਆਂ, ਲਖੀ ਜੰਗਲ ਤੇ ਹਿਸਾਰ, ਹਾਂਸੀ ਤਕ ਉਸੇ ਦਾ ਸਿਕਾ ਚਲਦਾ ਸੀ।

ਨੋਧ ਸਿੰਘ ਨਿਸ਼ਾਨਵਾਲੀਆ ਨੇ ਲੁਧਿਆਣੇ ਦੇ ਇਲਾਕੇ ਖੇੜੀ ਤੇ ਅਧਿਕਾਰ ਪੱਕਾ ਕਰ ਲਿਆ ਸੀ।

ਧਰਮ ਸਿੰਘ ਡਲੇਵਾਲੀਆ ਜੋ ਤਾਰਾ ਸਿੰਘ ਘੈਬਾਦੇ ਚਾਚੇ ਪੁਤ ਭਰਾ ਸੀ ਨੇ ਲੁਧਿਆਣੇ ਲਾਗੇ ਹੀ ਧਰਮ ਸਿਘ ਵਾਲਾ ਨਗਰ ਵਸਾਕੇ ਇਲਾਕੇ ਕੋਲੋਂ ਕਰ ਵਸੂਲ ਕਰਨ ਲਗ ਪਿਆ ਸੀ।

ਸਾਧੂ ਸਿੰਘ ਬਾਜਵਾ ਨੇ ਮਾਛੀ ਵਾੜਾ ਤੇ ਕਬਜ਼ਾ ਕਰ ਲਿਆ ਸੀ।

ਰਾਇ ਸਿੰਘ ਕੰਗ ਨੇ ਖੰਨਾ ਸਮਰਾਲਾ ਤਹਿਸੀਲ ਤੇ ਅਧਿਕਾਰ ਕੀਤਾ।

ਰਾਇ ਸਿੰਘ ਕਰੋੜ ਸਿੰਘੀਆਂ ਭਾਈ ਮਹਿਤਾਬ ਸਿੰਘ ਮੀਰਾ ਕੋਟ ਦੇ ਸਪੁਤਰ ਨੇ ਸਮਰਾਲਾ ਦੀ ਤਹਿਸੀਲ ਦੇ ਕਈ ਪਿੰਡਾਂ ਤੇ ਕਬਜ਼ਾ ਕਰ ਲਿਆ ਸੀ। ਪ੍ਰਸਿੱਧ ਇਤਿਹਾਸਕਾਰ ਪੰਥ ਪ੍ਰਕਾਸ਼ ਦੇ ਲਿਖਾਰੀ ਭਾਈ ਰਤਨ ਸਿੰਘ ਭੰਗੂ ਇਨ੍ਹਾਂ ਦੇ ਹੀ ਪੁਤਰ ਸਨ।

ਕੋਰ ਸਿੰਘ ਡਲੇਵਾਲੀਆ ਨੇ ਲੋਹੀਆਂ ਤੇ ਕਬਜ਼ਾ ਕਰ ਲਿਆ।

ਤਾਰਾ ਸਿੰਘ ਕਕੜ ਨੇ ਫਿਲੌਰ, ਨੂਰ ਪੁਰ, ਸਿਆਲਾ, ਕੋਰਾਲਾ ਸਤਲੁਜ ਦੇ ਕਿਨਾਰੇ ਉਨ੍ਹਾਂ ਪਾਸ ਸਨ। **ਸੋਧਾ ਸਿੰਘ ਡਲੇਵਾਲੀਆ** ਪਾਸ ਖੰਨਾ ਦੇ ਕੁਝ ਇਲਾਕੇ ਸਨ। **ਦਸੌਂਧਾ**

ਸਿੰਘ ਨਿਸ਼ਾਨ ਵਾਲਾ (ਪੁਤਰ ਚੌਧਰੀ ਸਾਹਿਬ ਰਾਇ) ਮਨੂਸੂਰ, ਹੇਠਾਂ ਸਿੰਘਾਂ ਵਾਲਾ,ਸਾਹਨੇਵਾਲ ਸਰਾਇ ਲਸ਼ਕਰੀ ਖਾਨ, ਦੋਰਾਹ, ਸੋਤੀ, ਅਮਲੋਹ, ਜ਼ੀਰਾ, ਲਿਧਰ ਤੇ ਅੰਬਾਲਾ ਸਨ ।

ਜੈ ਸਿੰਘ ਨਿਸ਼ਾਨ ਵਾਲੀਆ : ਲਿਧਰਾਂ ਤੇ ਖਰੜ ਦੇ ਕਈ ਪਿੰਡ ।

ਨਾਹਰ ਸਿੰਘ ਤੇ ਸੁਰਜਨ ਸਿੰਘ ਨੇ ਅਨੰਦ ਪੁਰ ਆਪਣੀ ਹਕੂਮਤ ਬਣਾ ਲਈ ਸੀ।

ਖੁਸ਼ਹਾਲ ਸਿੰਘ ਸਿੰਘਾ ਪੁਰੀਆ : ਨਵਾਬ ਕਪੂਰ ਸਿੰਘ ਦੇ ਭਤੀਜੇ ਨੇ ਬਨੂੜ, ਮਨੌਲੀ, ਘਨੌਲੀ, ਭਰਤ ਗੜ੍ਹ, ਕੰਡੋਲਾ, ਬੰਗਾ ਤੇ ਭਰੇਲੀ ਅਧਿਕਾਰ ਵਿਚ ਕਰ ਲਏ ਸ ।

ਜੈ ਸਿੰਘ, ਰਾਮ ਸਿੰਘ, ਸਰਧਾ ਸਿੰਘ, ਸਾਹਿਬ ਸਿੰਘ, ਬਖਤ ਸਿੰਘ, ਕੰਵਰ ਸਿੰਘ : ਮਥਨ ਸਿੰਘ ਨੇ ਘਮਾਉ ਦੇ ੫੫ ਪਿੰਡਾਂ ਤੇ, ਕਰਮ ਸਿੰਘ ਸ਼ਹੀਦ ਨੇ ਸ਼ਹਿਜ਼ਾਦ ਪੁਰ, ਕੇਸਰੀ, ਰਹੀਆ, ਦਮਦਮਾ ਸਾਹਿਬ ਚਰੋਲ ਤੇ ਅਧਿਕਾਰ ਪੱਕੇ ਕਰ ਲਏ ।

ਦੇਸੂ ਸਿੰਘ ਡਲੇਵਾਲੀਆ : ਮੁਸਤਫਾਬਾਦ, ਜਗਾਧਰੀ, ਅਰਨੌਲੀ, ਸਿਧੂਵਾਲ, ਬੰਗਰ, ਆਮਲੂ, ਆਪਣੇ ਕਬਜ਼ੇ ਕਰ ਲਏ ।

ਰਾਇ ਸਿੰਘ ਭੰਗੀ ਦੇ ਚਾਰ ਪੁਤਰਾਂ ਬਾਅ ਸਿੰਘ, ਬਾਜ਼ ਸਿੰਘ, ਰਾਇ ਸਿਘ ਤੇ ਪਰਜਾ ਸਿੰਘ ਨੇ ਬੂੜੀਆ ਤੇ ਜਗਾਧਰੀ ਦੇ ਬਾਕੀ ਇਲਾਕੇ ਕਬਜ਼ੇ ਕਰ ਲਏ ।

ਜੋਧ ਸਿੰਘ ਕਰੋੜ ਸਿੰਘੀਆ ਨੇ ਕਲਸੀਆਂ ਦੀ ਰਿਆਸਤ ਕਬਜ਼ੇ ਵਿਚ ਲੈ ਲਈ ।

ਦੀਵਾਨ ਸਿੰਘ ਲੂੰਡਾ ਨੇ ਸਿੰਕਦਰਾ, ਸਰਨ, ਅਕਾਲ ਗੜ੍ਹ, ਬੰਗੜ ਤੇ ਅਬਾਲਾ ਦੇ ਜ਼ਿਲ੍ਹਾ ਕੋਲੋਂ ਈਨ ਮਨਵਾਈ ।

ਕਰਮ ਸਿੰਘ ਨਿਰਮਲਾ : ਮਾਰਕੰਡੇ ਦੀ ਬੇਟ ਤੇ ਅਧਿਕਾਰ ਕੀਤਾ । ਨੋਧ ਸਿੰਘ ਕਰੋੜ ਸਿੰਘ ਨੇ ਲੇਧਾ ਪਰਗਨਾ ਤੇ ਅਧਿਕਾਰ ਕੀਤਾ ।

ਸਾਹਿਬ ਸਿੰਘ ਤੇ ਗੁਰਦਿਤ ਸਿੰਘ ਡਲੇਵਾਲੀਆ ਨੇ ਲਾਡਵਾ, ਇੰਦਰੀ, ਬਬਈਂ, ਸਾਮਗੜ, ਕਰਨਾਲ ਦੇ ਲਾਗੇ ੧੭੭ ਪਿੰਡ ਕਬਜ਼ੇ ਕਰ ਲਏ ।

ਦੁਲਚਾ ਸਿੰਘ ਕਰੋੜ ਸਿਘੀਆ ਨੇ ਗਦੇਰ ਦੇ ਦਾਮਲਾ ਤੇ ਕਬਜ਼ਾ ਕਰ ਲਿਆ, ਸਾਵਨ ਸਿੰਘ, ਦਸੋਧਾ ਸਿੰਘ ਤੇ ਸੰਗਤ ਸਿੰਘ ਨੇ ਸੋਂਤ ਤੇ ।

ਗੁਜਰ ਸਿੰਘ ਭੰਗੀ ਨੇ ਆਪਣੇ ਭਰਾਵਾਂ ਨਾਲ ਰਲ ਫੀਰੋਜ਼ਪੁਰ ਤੇ ਕਬਜ਼ਾ ਕੀਤਾ ।

ਮੁਲਤਾਨ ਸਿੰਘ : ਤੇ ਗੁਰਬਖਸ਼ ਸਿੰਘ (ਗੁਜਰ ਸਿੰਘ ਦੇ ਭਤੀਜੇ) ਨੇ ਖਾਈ, ਵਾਂ ਤੇ ਬਜੀਦ ਪੁਰ ਤੇ ਅਧਿਕਾਰ ਕੀਤਾ ।

ਮਿਹਰ ਸਿੰਘ ਨਿਸ਼ਾਨ ਵਾਲਾ ਜੀਰਾ, ਤਹਿਸੀਲ ਦੇ ਕਈ ਪਿੰਡ ਅਧਿਕਾਰ ਵਿਚ ਕੀਤੇ । ਪੰਜਾਬ ਸਿੰਘ ਨੇ ਸਾਢੋਰਾ ਤੇ ਕਬਜ਼ਾ ਕੀਤਾ ।

ਸਰਦਾਰ ਬਘੇਲ ਸਿੰਘ : ਇਨ੍ਹਾਂ ਸਾਰਿਆਂ ਨਾਲੋਂ ਵਧ ਜਿਸ ਵਿਅਕਤੀ ਦਾ ਨਾਂ ਦਿਲੀ ਦੀ ਜਿੱਤ ਕਰਕੇ ਪ੍ਰਸਿਧ ਹੋਆ ਉਹ ਸਰਦਾਰ ਬਘੇਲ ਸਿੰਘ ਕਰੋੜ ਸਿੰਘੀਆ ਸਨ । ਸਰਦਾਰ ਬਘੇਲ ਸਿੰਘ ਜਥੇਦਾਰ ਕਰੋੜ ਸਿੰਘ ਪਿੱਛੋਂ ੧੭੬੧ ਵਿਚ ਜੱਥੇ ਦੇ ਜੱਥੇਦਾਰ ਬਣੇ ਸਨ । ਆਪ ਜੀ ਨੇ ਖੁਰੰਦੀਨਾ, ਕਿਨੌੜੀ, ਜਮੀਆਤ ਗੜ੍ਹ ਤੇ ਡਲੌਡੀ ਜ਼ਿਲ੍ਹਾ ਕਰਨਾਲ ਤੇ ਕਬਜ਼ਾ ਕੀਤਾ ।

੨. ਸ਼ਹਿਰ ਦੀ ਕੋਤਵਾਲੀ ਤੇ ਚੁੰਗੀ ਵਸੂਲ ਕਰਨ ਦਾ ਅਧਿਕਾਰ ਸਰਦਾਰ ਬਘੇਲ ਸਿੰਘ ਦੇ ਹਵਾਲੇ ਕਰ ਦਿੱਤਾ ਜਾਏ।

੩. ਜਦ ਤਕ ਗੁਰਦੁਆਰਿਆਂ ਦੀ ਸੇਵਾ ਪੂਰਨ ਨ ਹੋ ਜਾਏ ਸਰਦਾਰ ਬਘੇਲ ਸਿੰਘ ੪੦੦੦ ਸਵਾਰ ਆਪਣੇ ਨਾਲ ਰੱਖਣਗੇ।

ਸਰਦਾਰ ਬਘੇਲ ਸਿੰਘ ਸੱਭ ਤੋਂ ਪਹਿਲਾਂ ਤੇਲੀਵਾੜਾ ਵਿਚ ਮਾਤਾ ਸੁੰਦਰੀ ਤੇ ਮਾਤਾ ਸਹਿਬ ਦੇਵਾ ਦੇ ਟਿਕਣ ਵਾਲੇ ਅਸਥਾਨ ਤੇ ਗੁਰਦੁਆਰਾ ਬਣਵਾਇਆ। ਫਿਰ ਮੁਹੱਲਾ ਜੈਪੁਰ ਵਿਚ ਬੰਗਲਾ ਸਾਹਿਬ ਦੇ ਨਾਮ ਤੇ ਗੁਰਦੁਆਰਾ ਬਣਾਇਆ। ਜਿਥੇ ਗੁਰੂ ਹਰਿਕ੍ਰਿਸ਼ਨ ਦੀ ਪਾਵਨ ਦੇਹ ਦਾ ਸਸਕਾਰ ਕੀਤਾ ਗਿਆ ਸੀ ਅਤੇ ਜਿਥੇ ਮਾਤਾ ਸੁੰਦਰੀ ਤੇ ਸਾਹਿਬ ਦੇਵਾਂ ਜੀ ਦੇ ਅੰਗੀਠੇ ਸਨ ਗੁਰਦੁਆਰੇ ਬਣਵਾਏ।' ਉਸ ਥਾਂ ਤੇ ਵੀ ਗੁਰਦੁਆਰਾ ਰਕਾਬ ਗੰਜ ਸਰਦਾਰ ਬਘੇਲ ਸਿੰਘ ਨੇ ਬਣਾਇਆ ਜਿਥੇ ਲਖੀ ਨਾਮ ਦੇ ਸਿਖ ਨੇ ਗੁਰੂ ਤੇਗ ਬਹਾਦਰ ਜੀ ਦੇ ਧੜ ਨੂੰ ਰਖ ਕੇ ਘਰ ਸਮੇਤ ਅੱਗ ਲਗਾ ਦਿੱਤੀ ਸੀ।

ਸੱਭ ਤੋਂ ਮਸ਼ਕਲ ਕੰਮ ਉਸ ਥਾਂ ਦਾ ਲਭਣਾ ਸੀ ਜਿਥੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਸਰੀਰ ਨਾਲੋਂ ਜੁਦਾ ਹੋਇਆ ਸੀ। ਭਾਲ ਕਰਦਿਆਂ ਉਸ ਮਾਸ਼ਕੀ ਦੀ ਘਰ ਵਾਲੀ ਮਿਲ ਗਈ ਜਿਸ ਨੇ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਵੇਲੇ ਪਾਣੀ ਪਾ ਕੇ ਥਾਂ ਧੋਤਾ ਸੀ। ਉਸ ਬਢੀ ਔਰਤ ਨੇ ਦਸਿਆ ਕਿ ਬੋਹੜ ਦੇ ਬ੍ਰਿਛ ਪਾਸ ਜਿਥੇ ਮਸੀਤ ਬਣੀ ਹੋਈ ਹੈ, ਉਥੇ ਸਾਕਾ ਹੋਇਆ ਸੀ। ਸਰਦਾਰ ਬਘੇਲ ਸਿੰਘ ਜੀ ਨੇ ਉਸ ਥਾਂ ਤੇ ਇਕ ਨਿਕਾ ਜਿਹਾ ਥੜਾ ਬਣਵਾ ਦਿੱਤਾ। ਥੜਾ ਉਸਰਿਆ ਦੇਖ ਕੁਝ ਮੁਸਲਮਾਨ ਟਾਕਰੇ ਤੇ ਆ ਗਏ। ਇਕ ਛੋਟੀ ਜਹੀ ਝੜਪ ਹੋਣ ਦੇ ਪਿਛੋਂ ਵਜ਼ੀਰ ਆਜ਼ਮ ਆਇਆ ਪਰ ਸਰਦਾਰ ਬਘੇਲ ਸਿੰਘ ਨੇ ਸਾਫ਼ ਕਹਿ ਦਿੱਤਾ ਕਿ ਇਸ ਥਾਂ ਤੇ ਅਧਿਕਾਰ ਕੀਤੇ ਬਗੈਰ ਖਾਲਸਾ ਚੁੱਪ ਨਹੀਂ ਹੋਣ ਲੱਗਾ। ਵਜ਼ੀਰ ਨੇ ਸਿਆਣਪ ਵਰਤਦਿਆਂ ਥੋੜ੍ਹੀ ਥੋੜ੍ਹੀ ਥਾਂ ਦੋਵੇਂ ਪਾਸਿਆਂ ਤੋਂ ਛੁਡਵਾ ਲਈ ਤੇ ਥੜਾ ਕਾਇਮ ਰਖਿਆ। ਉਸ ਬਦਲੇ ਸਿੰਘਾਂ ਨੂੰ ਕੁਝ ਜ਼ਮੀਨ ਬਾਜ਼ਾਰ ਤੇ ਕੋਤਵਾਲੀ ਵਲ ਛੱਡ ਕੇ ਇਕ ਬਾਰਾਂਦਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵਾਸਤੇ ਬਣਾ ਦਿੱਤੀ। ਉਸੇ ਥਾਂ ਦਾ ਨਾਂ ਸੀਸ ਗੰਜ ਰਖਿਆ ਗਿਆ। ਇਕ ਸਿਖ ਸੇਵਾ ਸੰਭਾਲ ਵੀ ਲਈ ਨਿਯਤ ਕਰ ਦਿੱਤਾ।

੧੯੫੭ ਦੇ ਗਦਰ ਪਿਛੋਂ ਉਸੇ ਹੀ ਥਾਂ ਨੂੰ ਰਾਜਾ ਸਰੂਪ ਸਿੰਘ ਜੀਂਦ ਵਾਲੇ ਨੇ ਹੋਰ ਥਾਂ ਲੈ ਕੇ ਗੁਰਦੁਆਰੇ ਨੂੰ ਵਧਾਇਆ। ਮੁਸਲਮਾਨਾਂ ਕਈ ਕੋਸ਼ਿਸ਼ਾਂ ਕੀਤੀਆਂ ਕਿ ਉਹ ਥਾਂ ਸਿੱਖਾਂ ਨੂੰ ਨਾ ਮਿਲੇ ਪਰ ਰਾਜਾ ਰਘਬੀਰ ਸਿੰਘ ਜੀਂਦ ਵਾਲੇ ਨੇ ਵਲਾਇਤਾਂ ਤੋਂ ਮਨਜ਼ੂਰੀ ਲੈ ਕੇ ਹੁਣ ਵਾਲੀ ਥਾਂ ਸੀਸ ਗੰਜ ਉਸਾਰ ਦਿੱਤਾ।[1]

ਸਾਰੇ ਗੁਰਦੁਆਰਿਆਂ ਦੀ ਉਸਾਰੀ ਕਰਵਾਕੇ ਸਰਦਾਰ ਬਘੇਲ ਸਿੰਘ ਜੀ ਵਾਪਸ ਛਡੋਲੀ ਆਏ। ਬਾਦਸ਼ਾਹ ਨੇ ਉਨ੍ਹਾਂ ਨੂੰ ਹਾਥੀ, ਸੋਨੇ ਦੀ ਇਕ ਜ਼ੰਜੀਰ, ਪੰਜ ਘੋੜੇ ਤੇ ਹੋਰ ਬਹੁਤ ਸਾਰੇ ਤੋਹਫੇ ਦੇ ਕੇ ਵਿਦਾ ਕੀਤਾ। ਬਾਦਸ਼ਾਹ ਨੇ ਪੁਛਿਆ ਵੀ ਕਿ ਸਿੰਘਾਂ ਦੇ ਇਤਨੇ ਵੱਖ ਵੱਖ ਜੱਥੇ ਹਨ, ਝਗੜੇ ਵੀ ਹੁੰਦੇ ਹਨ ਪਰ ਫਿਰ ਇਕੱਠੇ ਕਿਵੇਂ ਹੋ ਜਾਂਦੇ ਹਨ। ਉਤਰ ਦੇਂਦੇ ਸਰਦਾਰ ਬਘੇਲ ਸਿੰਘ ਨੇ

---

੧. ੧੯੬੯ ਨੂੰ ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਤੇ ਕੋਤਵਾਲੀ ਦਾ ਬਹੁਤਾ ਹਿੱਸਾ ਗੁਰਦੁਆਰਾ ਸੀਸ ਗੰਜ ਦੇ ਨਾਂ ਲਗਵਾ ਦਿੱਤਾ ਗਿਆ ਹੈ।

ਤੇ ਆਪਣਾ ਨਿਵਾਸ ਅਧਿਕਾਰ ਡਲੌਡੀ ਹੀ ਬਣਾਇਆ ।

ਲਾਲ ਕਿਲ੍ਹੇ ਅਤੇ ਦਿਲੀ ਤੇ ਅਧਿਕਾਰ : ਸਰਦਾਰ ਬਘੇਲ ਸਿੰਘ ਨੇ ੩੦ ਹਜ਼ਾਰ ਸਿਘਾਂ ਦਾ ਦਲ ਬਣਾ ਲਿਆ ਤੇ ਪੂਰਬ ਵਲ ਮਾਰਾਂ ਕਰਦੇ ਰਹੇ ਜਲਾਲਾਬਾਦ ਦੇ ਹਾਕਮ ਮੁਹੰਮਦ ਖਾਨ ਦੇ ਬਾਰੇ ਜਦ ਸੁਣਿਆ ਕਿ ਇਸ ਨੇ ਬ੍ਰਹਮਣੀ ਦੀ ਲੜਕੀ ਨੂੰ ਧੱਕੇ ਨਾਲ ਆਪਣੇ ਘਰ ਪਾ ਲਿਆ ਹੈ ਤਾਂ ਉਸ ਨੂੰ ਜਾ ਕੇ ਸਜ਼ਾ ਦਿਤੀ ਤੇ ਲੜਕੀ ਮੋੜ ਕੇ ਲਿਆਂਦੀ। ਇਸ ਦਲ ਨੇ ਅਲੀਗੜ੍ਹ, ਖੁਰਜਾ, ਚੰਦੋਸੀ, ਹਾਥਰਸ ਤੇ ਇਟਾਵਾਂ ਨੂੰ ਜਾ ਘੇਰਿਆ । ਉਥੋਂ ਦੇ ਨਵਾਬ ਈਸ ਖਾਂ ਨੇ ਟਾਕਰੇ ਕੀਤੇ ਪਰ ਹਾਰ ਕੇ ਭੱਜ ਗਿਆ। ਜਿਸ ਦੇ ਫਲ ਸਰੂਪ ਸਿੰਘਾਂ ਪਾਸ ਮੁਰਾਦਾਬਾਦ, ਅਨੂਪ ਸ਼ਹਿਰ, ਬਲੰਦ ਸ਼ਹਿਰ ਵੀ ਆਏ ।

ਸਰਦਾਰ ਬਘੇਲ ਸਿੰਘ ਉੱਧਰ ਅਟਾਵਾ ਤਕ ਮਾਰਾਂ ਮਾਰ ਆਏ ਤਾਂ ਇਧਰ ਦੁਆਬ ਬਿਸਤ ਜਲੰਧਰ ਵਿਚ ਮੁਹੰਮਦ ਖਾਨ ਨੂੰ ਹਾਰ ਦੇ ਕੇ ਨੂਰ ਮਹਲ ਤਕ ਖਾਲਸਈ ਸਿਕਾ ਚਲਾਇਆ। ਰਾਜਾ ਅਮਰ ਸਿੰਘ ਨੇ ਇਸ ਦੇ ਇਲਾਕੇ ਦੱਖਲ ਦੇਣਾ ਚਾਹਿਆ । ਦੋਵਾਂ ਫ਼ੌਜਾਂ ਦਾ ਘੁੜਾਮ ਦੇ ਮਕਾਮ ਤੇ ਸਾਹਮਣੇ ਹੋ ਗਿਆ । ਪਰ ਛੇਤੀ ਹੀ ਸੁਲਾਹ ਹੋ ਗਈ ਤੇ ਰਾਜਾ ਅਮਰ ਸ਼ਿੰਘ ਨੇ ਆਪਣੇ ਲੜਕੇ ਸਾਹਿਬ ਸਿੰਘ ਨੂੰ ਇਨ੍ਹਾਂ ਸਰਦਾਰ ਬਘੇਲ ਸਿੰਘ ਪਾਸੋਂ ਅੰਮ੍ਰਿਤ ਛਕਾਇਆ । ਸਰਦਾਰ ਬਘੇਲ ਸਿੰਘ ਦੀ ਮਰਜ਼ੀ ਉਲਟ ਹੁਣ ਕੋਈ ਦਿਲੀਉਂ ਪੰਜਾਬ ਵਲ ਨਹੀਂ ਸੀ ਆ ਸਕਦਾ। ਕਹਿੰਦੇ ਹਨ ਕਿ ਉਹ ਐਸੇ ਨੀਤੀ ਵਾਨ ਸਨ ਕਿ ਸਾਰਿਆਂ ਨੂੰ ਉਨ੍ਹਾਂ ਦੀ ਹੀ ਗੱਲ ਮੰਨਣੀ ਪੈਂਦੀ ਸੀ। ਇਸ ਦੀਆਂ ਕਈ ਇਕ ਉਦਾਹਰਣਾਂ ਹਨ ।

੧੭੮੦ ਈਸਵੀ ਵਿਚ ਜਦ ਦਿਲੀ ਦੇ ਵਜ਼ੀਰ ਅਬਦੁਲਾ ਖਾਨ ਨੇ ਸਹਿਜ਼ਾਦਾ ਫਰਜੰਦ ਨੂੰ ਪਟਿਆਲਾ ਦੇ ਅਮਰ ਸਿੰਘ ਵਿਰੁਧ ਭੇਜਿਆ ਤਾਂ ਇਨ੍ਹਾਂ ਉਸ ਨੂੰ ਆਪਣੇ ਇਲਾਕੇ ਵਿਚੋਂ ਲੰਘਣ ਦਿੱਤਾ। ਜਦ ਉਸ ਦੀਆਂ ਫੌਜਾਂ ਪਟਿਆਲਾ ਪੁਜੀਆਂ ਤਾਂ ਸਰਦਾਰ ਬਘੇਲ ਸਿੰਘ ਉਸ ਨੂੰ ਸੋਧਣ ਲਈ ਪਟਿਆਲਾ ਟੁਰ ਪਏ ਅਤੇ ਸਹਿਜ਼ਾਦੇ ਕੋਲੋਂ ਈਨ ਮੰਨਵਾਈ।

ਇਸੇ ਤਰ੍ਹਾਂ ਜਦ ਰਾਨਾ ਰਾਉ ਮਰਹਟਾ ਨੇ ੧੭੮੯ ਈ: ਵਿਚ ਪੰਜਾਬ ਤੇ ਅੱਖ ਕੀਤੀ ਤਾਂ ਵੀ ਉਨ੍ਹਾਂ ਘੇਰੇ ਵਿਚ ਲੈ ਕੇ ਮਰਹਟਿਆਂ ਦੇ ਆਗੂ ਕੋਲੋਂ ਈਨ ਮੰਨਵਾਈ । ਸਰਦਾਰ ਬਘੇਲ ਸਿੰਘ ਨੇ ਚੰਗੀ ਤਰ੍ਹਾਂ ਦੇਖ ਲਿਆ ਸੀ ਕਿ ਦਿਲੀ ਤੇ ਮੁੱਗਲਾਂ ਦੀ ਨਾਮ ਮਾਤ੍ਰ ਹੀ ਹਕੂਮਤ ਹੈ ਸੋ ਉਨ੍ਹਾਂ ਪੰਜਾਬ ਦੇ ਸਾਰੇ ਜਥੇਦਾਰਾਂ ਨੂੰ ੧੭੮੯ ਵਿਚ ਲਿਖਿਆ ਕਿ ਸਾਰ ਜਥੇਦਾਰ ਕੁਝ ਚੋਣਵੇਂ ਸਿਘ ਭੇਜਣ ਤਾਂ ਕਿ ਦਿਲੀ ਤੇ ਕਬਜ਼ਾ ਕਰ ਲਿਆ ਜਾਏ। ਇਸ ਤਰ੍ਹਾਂ ੪੦ ਹਜ਼ਾਰ ਦੇ ਕਰੀਬ ਖਾਲਸੇ ਦਾ ਲਸ਼ਕਰ ਉਨ੍ਹਾਂ ਪਾਸ ਇਕਤ੍ਰ ਹੋ ਗਿਆ ।

੧੭੯੦ ਦੇ ਚੜ੍ਹਦੇ ਸਾਲ ਨੂੰ ਸਿੰਘ ਮਜਨੂੰ ਟਿਲਾ ਤੇ ਜਾ ਪੁਜੇ । ਅਜਮੇਰੀ ਦਰਵਾਜ਼ੇ ਵਲੋਂ ਸ਼ਹਿਰ ਅੰਦਰ ਦਾਖਲ ਹੋ ਕੇ ਆਪਣਾ ਪਹਰਾ ਪੱਕਾ ਕਰ ਲਿਆ । ਉਥੋਂ ਕਟੜਾ ਨੀਲਾ ਤੇ ਮੁੱਗਲ ਮਹੱਲੇ ਤੇ ਹੱਲਾ ਬੋਲਿਆ ਤੇ ਸ਼ਹਿਰ ਦੇ ਲੋਕੀ ਨੱਸ ਉਠੇ । ਲਾਲ ਕਿਲ੍ਹਾ ਹੁਣ ਸਿੱਖਾਂ ਦੇ ਪੈਰਾਂ ਹੇਠਾਂ ਸੀ। ਬਾਦਸ਼ਾਹ ਸ਼ਾਹ ਆਲਮ ਨੇ ਵਜ਼ੀਰ ਆਜ਼ਮ ਗੌਹਰ ਨੂੰ ਭੇਜਿਆ ਕਿ ਜਿਵੇਂ ਵੀ ਹੋ ਸਕੇ ਸਿਖਾਂ ਨਾਲ ਸੁਲਾਹ ਕੀਤੀ ਜਾਏ । ਸਰਦਾਰ ਬਘੇਲ ਸਿੰਘ ਅਤੇ ਵਜ਼ੀਰ ਆਜ਼ਮ ਵਿਚਕਾਰ ਇਹ ਨਿਰਣਾ ਹੋਇਆ ਕਿ :

੧. ਖਾਲਸੇ ਨੂੰ ਤਿੰਨ ਲੱਖ ਰੁਪੈ ਹਰਜਾਨੇ ਦੇ ਤੌਰ ਤੇ ਦਿੱਤਾ ਜਾਏ ।

ਕਿਹਾ ਕਿ ਰਾਇ ਦਾ ਅੱਡਰਾ ਪਣ ਹੋਣਾ ਸੁਭਾਵਕ ਗੱਲ ਹੈ। ਸਿੱਖ ਭਾਵੇਂ ਕਿਤਨੇ ਵੀ ਜੱਥੇ ਬਣਾਕੇ ਰਹਿਣ ਫਿਰ ਵੀ ਉਹ ਖਾਲਸਾ ਹੈ ਤੇ ਦੁਸ਼ਮਣ ਦੇ ਟਾਕਰੇ ਲਈ ਇਕ ਹੈ। ਘਰ ਵਿਚ ਅੱਡ ਅੱਡ ਹੋ ਸਕਦੇ ਹਨ ਪਰ ਜਦ ਕੌਮ ਦਾ ਸਵਾਲ ਆਵੇ ਤਦ ਇਹ ਅੱਡਰਾਪਣ ਭੁੱਲ ਕੇ ਇਕ ਦੂਜੇ ਨਾਲੋਂ ਅਗੇ ਵੱਧਕੇ ਜਾਨ ਦੇਣ ਨੂੰ ਤਿਆਰ ਹਨ। ਇਹ ਸੀ ਬੀਰ ਪ੍ਰੰਪਰਾ ਦਾ ਦੂਜਾ ਪੱਖ।

ਜਦ ਤਕ (੧੮੦੨ ਈ:) ਸਰਦਾਰ ਬਘੇਲ ਸਿੰਘ ਜੀ ਜੀਉਂਦੇ ਰਹੇ ਸ਼ਹਿਰ ਦਿਲੀ ਦੀ ਚੁੰਗੀ ਦਾ ਚੌਖਾ ਹਿੱਸਾ ਉਨ੍ਹਾਂ ਨੂੰ ਘਰ ਬੈਠਿਆਂ ਉਨ੍ਹਾਂ ਦੇ ਪਾਸ ਪੁੱਜਦਾ ਰਿਹਾ।

ਯਹ ਬਾਰਹ ਸਦੀ ਨਬੇੜ ਕਰ ਗੁਰ ਫਤੇ ਬੁਲਾਏ।
ਤਬ ਸਭ ਦੁਸ਼ਟ ਸਹਜੇ ਖਪੇ ਛਲ ਕਪਟ ਉਡਾਏ।
ਇਉਂ ਹਰਿ ਅਕਾਲ ਕੇ ਹੁਕਮ ਸੋਂ ਰਣ ਜੁਧ ਮਚਾਏ।
ਤਬ ਕੂਕੇ ਸਿੰਘ ਭੁਜੰਗੀਏ ਦਲ ਕਟਕ ਉਡਾਏ।
ਇਉਂ ਫਤੇ ਭਈ ਜਗਜੀਤ ਕਰ ਸਚ ਤਖਤ ਰਚਾਏ।
ਬਹੁ ਦੀਆ ਦਿਲਾਸਾ ਜਗਤ ਕੋ ਹਰਿ ਭਗਤ ਦ੍ਰਿੜ੍ਹਾਏ।
ਤਬ ਸਭ ਪ੍ਰਿਥਵੀ ਸੁਖੀਆ ਭਈ ਦੁਖ ਦਰਦ ਗਵਾਏ।

(ਭਾਈ ਗੁਰਦਾਸ ਜੀ (ਦੂਜੇ)

———